


ਓਸ਼ੋ

ਗੋਰਖ ਬਾਣੀ

ਹਸੱਦੇ ਖੇਡਦੇ ਕਰੋ ਧਿਆਨ

ਗੋਰਖ ਇਕ ਸ਼੍ਰੰਖਲਾ ਦੀ ਪਹਿਲੀ ਕੜੀ ਹਨ। ਉਨ੍ਹਾਂ ਤੋਂ ਇਕ ਨਵੇਂ ਢੰਗ ਦੇ ਧਰਮ ਦਾ ਜਨਮ ਹੋਇਆ। ਅਵਿਰਭਾਵ (ਪਰਕਾਸ਼) ਹੋਇਆ। ਗੋਰਖ ਤੋਂ ਬਿਨਾਂ ਨਾ ਤਾਂ ਕਬੀਰ ਹੋ ਸਕਦੇ ਹਨ, ਨਾ ਨਾਨਕ ਹੋ ਸਕਦੇ ਹਨ, ਨਾ ਦਾਦੂ, ਨਾ ਵਾਜ਼ਿਦ, ਨਾ ਫ਼ਰੀਦ, ਨਾ ਮੀਰਾ, ਗੋਰਖ ਤੋਂ ਬਿਨਾਂ ਇਹ ਕੋਈ ਵੀ ਨਹੀਂ ਹੋ ਸਕਣਗੇ ਇਨ੍ਹਾਂ ਸਭ ਦੇ ਮੌਲਿਕ ਆਧਾਰ ਗੋਰਖ ਵਿਚ ਹਨ। ਫਿਰ ਮੰਦਰ ਬਹੁਤ ਉੱਚਾ ਉਠਿਆ। ਮੰਦਰ ਉੱਤੇ ਬੜੇ ਸਵਰਣ- ਕਲਸ਼ ਚੜ੍ਹੇ ...। ਪਰ ਨੀਂਹ ਦਾ ਪਥੱਰ, ਨੀਂਹ ਦਾ ਪਥੱਰ ਹੈ। ਹੋਰ, ਸਵਰਣ-ਕਲਸ਼ ਦੂਰੋਂ ਵਿਖਾਈ ਦਿੰਦੇ ਹੋਣ, ਪਰ ਨੀਂਹ ਦੇ ਪਥੱਰ ਤੋਂ ਜ਼ਿਆਦਾ ਕੀਮਤੀ ਨਹੀਂ ਹੋ ਸਕਦੇ। ਹੋਰ, ਨੀਂਹ ਦੇ ਪਥੱਰ ਤਾਂ ਕਿਸੇ ਨੂੰ ਵਿਖਾਈ ਵੀ ਨਹੀਂ ਦਿੰਦੇ, ਪਰ ਨੀਂਹ ਉਨ੍ਹਾਂ ਹੀ ਪਥੱਰਾਂ ਉੱਤੇ ਟਿਕੀ ਹੁੰਦੀ ਹੈ ਸਾਰੇ ਪ੍ਰਬੰਧ, ਸਾਰੇ ਇੰਤਜ਼ਾਮ, ਸਾਰੇ ਦਰਵਾਜ਼ੇ ਸਾਰੇ ਸ਼ਿਖਰ...। ਸ਼ਿਖਰਾਂ ਦੀ ਪੂਜਾ ਹੁੰਦੀ ਹੈ, ਬੁਨਿਆਦ ਦੇ ਪਥੱਰਾਂ ਨੂੰ ਤਾਂ ਲੋਕ ਭੁੱਲ ਹੀ ਜਾਂਦੇ ਹਨ । ਇਵੇਂ ਹੀ ਗੋਰਖ ਵੀ ਭੁੱਲਾ ਦਿੱਤੇ ਹਨ।

ਭਾਰਤ ਦੀ ਸਾਰੀ ਸੰਤ-ਪਰੰਪਰਾ ਗੋਰਖ ਦੀ ਕਰਜ਼ਾਈ ਹੈ। ਜਿਵੇਂ ਪਤੰਜਲਿ ਤੋਂ ਬਿਨਾਂ ਭਾਰਤ ਵਿਚ ਯੋਗ ਦੀ ਕੋਈ ਸੰਭਾਵਨਾ ਨਹੀਂ ਰਹਿ ਜਾਏਗੀ; ਜਿਵੇਂ ਬੁੱਧ ਦੇ ਬਿਨਾਂ ਧਿਆਨ ਦੀ ਆਧਾਰਸ਼ਿਲਾ ਉਖੜ ਜਾਏਗੀ; ਜਿਵੇਂ ਕ੍ਰਿਸ਼ਨ ਦੇ ਬਿਨਾਂ ਪ੍ਰੇਮ ਦੀ ਪ੍ਰਗਟਾਅ ਨੂੰ ਮਾਰਗ ਨਾ ਮਿਲੇਗਾ—ਇਸੇ ਤਰ੍ਹਾਂ ਗੋਰਖ ਦੇ ਬਿਨਾਂ ਉਸ ਪਰਮ ਸਤਯ ਨੂੰ ਪਾਉਣ ਲਈ ਵਿਧੀਆਂ ਦੀ ਜੋ ਤਲਾਸ਼ ਸ਼ੁਰੂ ਹੋਈ, ਸਾਧਨਾ ਦੀ ਜੋ ਵਿਅਵਸਥਾ (ਪ੍ਰਬੰਧ) ਬਣੀ ਉਹ ਨਾ ਬਣ ਸਕਦੀ ਸੀ। ਗੋਰਖ ਨੇ ਜਿੰਨਾ ਅਵਿਸ਼ਕਾਰ ਕੀਤਾ ਮਨੁੱਖ ਦੇ ਅੰਦਰ ਅੰਤਰ-ਖੋਜ ਲਈ, ਓਨਾਂ ਸ਼ਾਇਦ ਕਿਸੇ ਨੇ ਵੀ ਨਹੀਂ ਕੀਤਾ ਹੈ। ਉਨ੍ਹਾਂ ਨੇ ਇੰਨੀਆਂ ਵਿਧੀਆਂ ਦਿੱਤੀਆਂ ਕਿ ਜੇਕਰ ਵਿਧੀਆਂ ਦੇ ਹਿਸਾਬ ਨਾਲ ਸੋਚਿਆ ਜਾਏ ਤਾਂ ਗੋਰਖ ਸਭ ਤੋਂ ਵੱਡੇ ਅਵਿਸ਼ਕਾਰਕ ਹਨ।

ਹਸੱਦੇ ਖੇਡਦੇ ਕਰੋ ਧਿਆਨ

ਓਸ਼ੋ ਦੇ ਗੋਰਖ ਵਾਣੀ ਉਤੇ ਹਿੰਦੀ ਭਾਸ਼ਾ ਵਿਚ ਦਿੱਤੇ ਗਏ 20 ਪ੍ਰਵਚਨਾਂ ਦੀ ਕਿਤਾਬ
'ਮਰੌ ਵੇ ਜੋਗੀ ਮਰੌ' ਦੇ ਪਹਿਲੇ 10 ਪ੍ਰਵਚਨ ਇਸ ਕਿਤਾਬ ਵਿਚ ਹਨ।



ਅਨੁਵਾਦਕ : ਮਾ ਆਨੰਦ ਭਾਰਤੀ

ਸੰਪਾਦਨ : ਮਾ ਪ੍ਰੇਮ ਭਾਰਤੀ
ਕਲਾ-ਸੱਜਾ : ਵਿਧੀ ਵਸ਼ਿਸ਼ਠ

Published by:
NATIONAL BOOKSHOP
Pleasure Garden Market, Chandni Chowk, Delhi-110006
Ph.: 011-23264342, 64529291 e-mail: nbs_bookshop@rediffmail.com

MAITREY PUBLICATIONS
C-5/44, Safdarjung Development Area,
New Delhi-110016 Ph.: 65694868

ਪਹਿਲੀ ਵਾਰ : 2009

ISBN 978-81-7116-486-2

PRICE : 300.00

ਪ੍ਰਕਾਸ਼ਕ
ਨੈਸ਼ਨਲ ਬੁਕ ਸ਼ਾਪ ਪਲੱਟੀਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110006 ਫ਼ੋਨ : 011-23264342, 64529291

ਪ੍ਰਿੰਟਰ
ਬੀ. ਕੇ. ਆਫਸੈੱਟ ਦਿੱਲੀ-110032

ਭੂਮਿਕਾ

ਮਰੋ ਵੇ ਜੋਗੀ ਮਰੋ, ਮਰੋ ਮਰਣ ਹੈ ਮੀਠਾ।
ਤਿਸ ਮਰਣੀ ਮਰੋ ਜਿਸ ਮਰਣੀ ਮਰਿ ਗੋਰਸ਼ ਦੀਠਾ।

ਮੈਂ ਸਨਿਆਸ ਨੂੰ ਇੱਕ ਨਵਾਂ ਅਰਥ ਦੇ ਰਿਹਾ ਹਾਂ।

ਪੁਰਾਣਾ ਸਨਿਆਸ ਇੱਕ ਰੰਗ ਦਾ ਸੀ। ਉਸ ਵਿਚ ਇੰਦ੍ਰਧਨੁਸ਼ ਦੇ ਸਾਰੇ ਰੰਗ ਨਹੀਂ ਸਨ। ਅਤੇ ਇਸ ਲਈ ਪੁਰਾਣਾ ਸਨਿਆਸੀ ਉਦਾਸ ਵਿਖਾਈ ਦਿੰਦਾ ਸੀ। ਨੱਚ ਨਹੀਂ ਸਕਦਾ ਸੀ। ਨਚੱਣ ਲਈ ਉਸ ਦੇ ਕੋਲ ਮੋਰਮੁਕਟ ਸੀ ਹੀ ਨਹੀਂ, ਬੰਸਰੀ (ਬੰਸੀ) ਵੀ ਉਸ ਦੇ ਕੋਲ ਨਹੀਂ ਸੀ। ਉਸ ਦੇ ਜੀਵਨ ਤੋਂ ਗੀਤ ਵੀ ਪੈਦਾ ਨਹੀਂ ਹੁੰਦਾ ਸੀ। ਇੱਕ ਗਹਨ (ਡੂੰਘੀ) ਉਦਾਸੀ ਸੀ। ਉੱਬ !

ਮੈਂ ਚਾਹੁੰਦਾ ਹਾਂ ਕਿ ਤੁਹਾਡਾ ਜੀਵਨ ਸਮਰੱਧ ਹੋਵੇ। ਉਸ ਵਿਚ ਸਾਰੇ ਸਵਰ ਹੋਣ। ਪੂਰੀ ਸਰਗਮ ਹੋਵੇ ਤੁਹਾਡਾ ਜੀਵਨ; ਉਸ ਵਿਚ ਸਤਾਂ ਸਵਰਾਂ ਦਾ ਸਮਾਵੇਸ਼ (ਇਕੱਠ) ਹੋਵੇ, ਅਤੇ ਤੁਹਾਡੇ ਜੀਵਨ ਵਿਚ ਇੱਕ ਸੰਗੀਤ ਹੋਵੇ, ਜੋ ਸਮਰੱਧ ਹੈ। ਤੁਹਾਡਾ ਜੀਵਨ ਅਜਿਹਾ ਹੋਵੇ ਜਿਸ ਵਿਚ ਸੰਸਾਰ ਨੂੰ ਛੱਡਿਆ ਨਹੀਂ ਗਿਆ ਹੈ, ਆਤਮਸਾਤ ਕੀਤਾ ਗਿਆ ਹੈ। ਨਿਸ਼ਚਿਤ ਹੀ, ਮੈਂ ਤੁਹਾਨੂੰ ਇੱਕ ਵੱਡੀ ਚੁਨੌਤੀ ਦੇ ਰਿਹਾ ਹਾਂ। ਅਤੇ ਮਨ, ਇੰਨੇ ਵੱਡੇ ਵਿਸਤਾਰ ਨੂੰ ਲੈਣ ਲਈ ਤਿਆਰ ਨਹੀਂ ਹੁੰਦਾ। ਕਿਉਂਕਿ ਇੰਨੇ ਵੱਡੇ ਵਿਸਤਾਰ ਵਿਚ ਮਨ ਦੀ ਮੌਤ ਹੋ ਜਾਂਦੀ ਹੈ। ਹੁਣ ਸਾਗਰ ਜੇਕਰ ਬੂੰਦ ਉੱਤੇ ਡਿੱਗ ਪਏਗਾ, ਤਾਂ ਬੂੰਦ ਮਰ ਹੀ ਜਾਏਗੀ ਨ! ਅਤੇ ਮੈਂ ਇਹ ਹੀ ਕਹਿ ਰਿਹਾ ਹਾਂ ਕਿ ਪੂਰੇ ਸਾਗਰ ਨੂੰ ਉਤਰ ਆਣ ਦਿਓ। ਪੂਰਾ ਸਾਗਰ ਤੁਹਾਡੇ ਵਿਚ ਉਤਰਨ ਲਈ ਰਾਜ਼ੀ ਹੈ। ਜੋ ਮਿਟਦਾ ਹੈ, ਮਿੱਟ ਜਾਣ ਦਿਓ। ਜੋ ਡੁੱਬਣਾ ਹੈ, ਡੁੱਬ ਜਾਣ ਦਿਓ, ਕਿਉਂਕਿ ਜਾਨਣਾ: ਉਹ ਤੁਸੀਂ ਨਹੀਂ ਹੋ; ਜੋ ਨਹੀਂ ਮਿੱਟ ਸਕਦਾ ਉਹ ਹੀ ਤੁਸੀਂ ਹੋ।

ਇਸ ਲਈ ਤਾਂ ਗੋਰਖ ਪੁਕਾਰ ਪੁਕਾਰ ਕੇ ਕਹਿ ਰਹੇ ਹਨ:

ਮਰੋ ਵੇ ਜੋਗੀ ਮਰੋ! ਕਿਉਂ? ਮੌਤ ਦਾ ਅਜਿਹਾ ਆਗ੍ਰਹ ਕਿਉਂ? ਇਸ ਲਈ ਕਿ ਗੋਰਖ ਜਾਣਦੇ ਹਨ ਕਿ ਜੋ ਮਰੇਗਾ, ਉਹ ਤੁਸੀਂ ਨਹੀਂ ਹੋ। ਮਰ ਮਰ ਕੇ ਵੀ ਜੋ ਨਹੀਂ ਮਰੇਗਾ, ਉਹ ਹੀ ਤੁਸੀਂ ਹੋ।

ਗੋਰਖ ਕਹਿੰਦੇ ਹਨ : ਮੈਂ ਮਰਿਆ ਤੇ ਮੈਂ ਵੇਖਿਆ! ਸਮੇਂ (ਵਕਤ) ਵਿਚ ਮਰ ਗਿਆ, ਸ਼ਾਸ਼ਵਤ (ਸਦਾ ਰਹਿਣ ਵਾਲਾ) ਵਿਚ ਜਨਮ ਹੋਇਆ। ਰੂਪ-ਰੰਗ, ਨਾਮ-ਧਾਮ ਪਤਾ-ਠਿਕਾਣਾ, ਸਾਰਿਆਂ ਉਮੀਦਾਂ ਮਰ ਗਇਆਂ, ਤਾਂ ਉਸ ਦਾ ਪਤਾ ਚਲਿਆ ਜੋ ਮੈਂ ਵਸਤੁਤ: (ਆਖ਼ਰਕਾਰ) ਸੀ; ਜੋ ਸਦਾ ਤੋਂ ਸੀ; ਜਿਸ ਦਾ ਨ ਕਦੇ ਜਨਮ ਹੁੰਦਾ ਹੈ ਅਤੇ ਨ ਕਦੇ ਮੌਤ ਹੁੰਦੀ ਹੈ!

ਓਸ਼ੋ



ਗੁਰੂ ਗੋਰਖਨਾਥ

ਤਤਕਰਾ



ਬਸਤੀ ਨ ਸੁਨਯੰ ਸੁਨਯੰ ਨ ਬਸਤੀ ਅਗਮ ਅਗੋਚਰ ਐਸਾ।
ਗਗਨ ਸਿਸ਼ਰ ਮਹਿੰ ਬਾਲਕ ਬੋਲੇ ਤਾਕਾ ਨਾਂਵ ਧਰਹੁਗੇ ਕੈਸਾ॥
ਹੰਸਿਬਾ ਖੇਲਿਬਾ ਧਰਿਬਾ ਧਿਆਨੰ। ਅਹਨਿਸਿ ਕਥਿਬਾ ਬ੍ਰਹਮ ਗਿਆਨੰ।
ਹੰਸੈ ਖ਼ੇਲੈ ਨ ਕਰੈ ਮਨ ਭੰਗ। ਤੇ ਨਿਹਚਲ ਸਦਾ ਨਾਥ ਕੇ ਸੰਗ॥
ਅਹਨਿਸਿ ਮਨ ਲੈ ਉਨਮਨ ਰਹੈ, ਗਮ ਕੀ ਛਾਂਡਿ ਅਗ ਕੀ ਕਹੈ।
ਛਾਂੜੇ ਆਸਾ ਰਹੈ ਨਿਰਾਸ, ਕਹੈ ਬ੍ਰਹਮ ਹੂੰ ਤਾਕਾ ਦਾਸ॥
ਅਰਧੈ ਜਾਤਾ ਉਰਧੈ ਧਰੈ, ਕਾਮ ਦਗਧ ਜੋ ਜੋਗੀ ਕਰੈ।
ਤਜੈ ਅਲਯੰਗਨ ਕਾਟੈ ਮਾਯਾ, ਤਾਕਾ ਬਿਸਨੁ ਪਸ਼ਾਲੇ ਪਾਯਾ॥
ਮਰੌ ਵੇ ਜੋਗੀ ਮਰੌ, ਮਰੌ ਮਰਨ ਹੈ ਮੀਠਾ।
ਤਿਸ ਮਰਣੀ ਮਰੌ ਜਿਸ, ਮਰਣੀ ਗੋਰਸ਼ ਮਰਿ ਦੀਠਾ॥

ਮਹਾਂਕਵੀ ਸੁਮਿਤ੍ਰਾਨੰਦਨ ਪੰਤ ਨੇ ਮੇਰੇ ਕੋਲੋਂ ਇੱਕ ਵਾਰ ਪੁੱਛਿਆ ਕਿ ਭਾਰਤ ਦੇ ਧਰਮ ਦੇ ਆਕਾਸ਼ ਵਿਚ ਉਹ ਕਿਹੜੇ ਬਾਰਾਂ ਲੋਗ ਹਨ—ਮੇਰੀ ਦ੍ਰਿਸ਼ਟੀ ਵਿਚ—ਜੋ ਸਭ ਤੋਂ ਚਮਕਦੇ ਹੋਏ ਸਿਤਾਰੇ ਹਨ ?

ਮੈਂ ਉਨ੍ਹਾਂ ਨੂੰ ਇਹ ਸੂਚੀ ਦਿੱਤੀ : ਕਰਿਸ਼ਨ, ਪਤੰਜਲਿ, ਬੁੱਧ, ਮਹਾਵੀਰ, ਨਾਗਾਰਜੁਨ, ਸ਼ੰਕਰ, ਗੋਰਖ, ਕਬੀਰ, ਨਾਨਕ, ਮੀਰਾ, ਰਾਮਕ੍ਰਿਸ਼ਨ, ਕ੍ਰਿਸ਼ਨਮੂਰਤੀ। ਸੁਮਿਤ੍ਰਾਨੰਦਨ ਪੰਤ ਨੇ ਅੱਖਾਂ ਬੰਦ ਕਰ ਲਈਆਂ, ਸੋਚ ਵਿਚ ਪੈ ਗਏ ...।

ਸੂਚੀ ਬਨਾਉਣੀ ਆਸਾਨ ਵੀ ਨਹੀਂ ਹੈ, ਕਿਉਂਕਿ ਭਾਰਤ ਦਾ ਆਕਾਸ਼ ਬਹੁਤ ਸਾਰੇ ਨਛੱਤ੍ਰਾਂ ਨਾਲ ਭਰਿਆ ਹੈ !

ਕਿਸ ਨੂੰ ਛੱਡੋ, ਕਿਸ ਨੂੰ ਗਿਣੋ? ... ਉਹ ਪਿਆਰੇ ਵਿਅਕਤੀ ਸਨ—ਅਤਿ ਕੋਮਲ, ਮਿੱਠੇਪਨ ਨਾਲ ਭਰੇ ਹੋਏ ਇਸਤ੍ਰੈਣ ...। ਵ੍ਰਿੱਧਾਵਸਥਾ (ਬੁਢਾਪੇ ਦੀ ਉਮਰ) ਤੱਕ ਵੀ ਉਨ੍ਹਾਂ ਦੇ ਚੇਹਰੇ ਉੱਤੇ ਉਸੇ ਤਰ੍ਹਾਂ ਦੀ ਤਾਜ਼ਗੀ ਬਣੀ ਰਹੀ ਜਿਸ ਤਰ੍ਹਾਂ ਦੀ ਬਣੀ ਰਹਿਣੀ ਚਾਹੀਦੀ ਹੈ। ਉਹ ਸੁੰਦਰ ਤੋਂ ਸੁੰਦਰਤਮ ਹੁੰਦੇ ਗਏ ਸਨ ...। ਮੈਂ ਉਨ੍ਹਾਂ ਦੇ ਚੇਹਰੇ ਤੇ ਆਉਂਦੇ-ਜਾਂਦੇ ਭਾਵ ਪੜ੍ਹਨ ਲਗਾ। ਉਨ੍ਹਾਂ ਨੂੰ ਅੜਚਨ ਵੀ ਹੋਈ ਸੀ। ਕੁਝ ਨਾਉਂ ਜੋ ਸਵਭਾਵਤ: (ਖ਼ਾਸਕਰ) ਹੋਣੇ ਚਾਹੀਦੇ ਸਨ, ਨਹੀਂ ਸਨ। ਰਾਮ ਦਾ ਨਾਉਂ ਨਹੀਂ ਸੀ ਉਨ੍ਹਾਂ ਨੇ ਅੱਖਾਂ ਖੋਲ੍ਹੀਆਂ ਅਤੇ ਮੈਨੂੰ ਆਖਿਆ : ਰਾਮ ਦਾ ਨਾਉਂ ਛੱਡ ਦਿੱਤਾ ਹੈ ਤੁਸੀਂ !

ਮੈਂ ਆਖਿਆ : ਮੈਨੂੰ ਬਾਰਾਂ ਦੀ ਹੀ ਸੁਵਿਧਾ ਹੋਵੇ ਚੁਨਣ ਦੀ, ਤਾਂ ਬਹੁਤ ਨਾਉਂ ਛੱਡਣੇ ਪਏ। ਫ਼ਿਰ ਮੈਂ ਬਾਰਾਂ ਨਾਉਂ ਅਜਿਹੇ ਚੁਣੇ ਹਨ ਜਿਨ੍ਹਾਂ ਦੀ ਕੁਝ ਮੌਲਿਕ ਦੇਣ ਹੈ। ਰਾਮ ਦੀ ਕੋਈ ਮੌਲਿਕ ਦੇਣ ਨਹੀਂ ਹੈ, ਕ੍ਰਿਸ਼ਨ ਦੀ ਮੌਲਿਕ ਦੇਣ ਹੈ। ਇਸ ਲਈ ਹਿੰਦੂਆਂ ਨੇ ਵੀ ਰਾਮ ਨੂੰ ਪੂਰਨ ਅਵਤਾਰ ਨਹੀਂ ਕਿਹਾ।

ਉਨ੍ਹਾਂ ਨੇ ਫ਼ਿਰ ਮੈਨੂੰ ਕਿਹਾ : ਤਾਂ ਫ਼ਿਰ ਅਜਿਹਾ ਕਰੋ, ਸਤ (7) ਨਾਉਂ ਮੈਨੂੰ ਦਿਓ। ਹੁਣ ਗੱਲ ਹੋਰ ਵੀ ਕਠਿਨ ਹੋ ਗਈ ਸੀ। ਮੈਂ ਉਨ੍ਹਾਂ ਨੂੰ ਸਤ ਨਾਉਂ ਦਿੱਤੇ : ਕ੍ਰਿਸ਼ਨ, ਪਤੰਜਲਿ, ਬੁੱਧ, ਮਹਾਵੀਰ, ਸ਼ੰਕਰ, ਗੋਰਖ, ਕਬੀਰ। ਉਨ੍ਹਾਂ ਨੇ ਕਿਹਾ : ਤੁਸੀਂ ਜੋ ਪੰਜ ਛੱਡੇ ਹੁਣ ਕਿਸ ਆਧਾਰ ਉੱਤੇ ਛੱਡੇ ਹਨ ?

ਮੈਂ ਆਖਿਆ : ਨਾਗਾਰਜੁਨ ਬੁੱਧ ਵਿਚ ਸਮਾਏ ਹੋਏ ਹਨ। ਜੋ ਬੁੱਧ ਵਿਚ ਬੀਜ-ਰੂਪ ਸੀ, ਉਸੇ ਨੂੰ ਨਾਗਾਰਜੁਨ ਨੇ ਪ੍ਰਗਟ ਕੀਤਾ ਹੈ।

ਨਾਗਾਰਜੁਨ ਛੱਡੇ ਜਾ ਸਕਦੇ ਹਨ। ਹੋਰ ਜਦ ਬਚਾਉਣ ਦੀ ਗੱਲ ਹੋਵੇ ਤਾਂ ਬ੍ਰਿੱਛ (ਦਰਖ਼ੱਤ) ਛੱਡੇ ਜਾ ਸਕਦੇ ਹਨ, ਬੀਜ ਨਹੀਂ ਛੱਡੇ ਜਾ ਸਕਦੇ, ਕਿਉਂਕਿ ਬੀਜਾਂ ਤੋਂ ਫ਼ਿਰ ਦਰਖ਼ੱਤ ਹੋ ਜਾਣਗੇ, ਨਵੇਂ ਬ੍ਰਿੱਛ ਹੋ ਜਾਣਗੇ।

ਜਿੱਥੇ ਬੁੱਧ ਪੈਦਾ ਹੋਣਗੇ ਉੱਥੇ ਸੈਂਕੜੋਂ ਨਾਗਾਰਜੁਨ ਪੈਦਾ ਹੋ ਜਾਣਗੇ, ਪਰ ਕੋਈ ਨਾਗਾਰਜੁਨ ਬੁੱਧ ਨੂੰ ਪੈਦਾ ਨਹੀਂ ਕਰ ਸਕਦਾ। ਬੁੱਧ ਤਾਂ ਗੰਗੋਤ੍ਰੀ ਹਨ, ਨਾਗਾਰਜੁਨ ਤਾਂ ਫ਼ਿਰ ਗੰਗਾ ਦੇ ਰਸਤੇ ਉੱਤੇ ਆਏ ਹੋਏ ਇੱਕ ਤੀਰਥ-ਸਥਾਨ ਹਨ—ਪਿਆਰੇ! ਪਰ ਜੇਕਰ ਛੱਡਣਾ ਹੋਵੇ ਤਾਂ ਤੀਰਥ-ਸਥਾਨ ਛੱਡੇ ਜਾ ਸਕਦੇ ਹਨ, ਗੰਗੋਤ੍ਰੀ ਨਹੀਂ ਛੱਡੀ ਜਾ ਸਕਦੀ।

ਇਸੇ ਤਰ੍ਹਾਂ ਹੀ ਕ੍ਰਿਸ਼ਨਮੂਰਤੀ ਵੀ ਬੁੱਧ ਵਿਚ ਸਮਾਂ ਜਾਂਦੇ ਹਨ। ਕ੍ਰਿਸ਼ਨਮੂਰਤੀ ਬੁੱਧ ਦਾ

ਨਵੀਨਤਮ ਸੰਸਕਰਣ ਹਨ—ਨੂਤਨਤਮ; ਅੱਜ ਦੀ ਭਾਸ਼ਾ ਵਿਚ। ਪਰ ਭਾਸ਼ਾ ਦਾ ਹੀ ਭੇਦ ਹੈ। ਬੁੱਧ ਦਾ ਜੋ ਪਰਮ ਸੂਤਰ ਸੀ—ਅੱਪ ਦੀਪੋ ਭੱਵ—ਕ੍ਰਿਸ਼ਨਮੂਰਤੀ ਬਸ ਉਸੇ ਦੀ ਹੀ ਵਿਆਖਿਆ ਹਨ। ਇੱਕ ਸੂਤਰ ਦੀ ਵਿਆਖਿਆ—ਗਹਣ, ਗੰਭੀਰ, ਅਤਿ ਵਿਸਤੀਰਣ (ਬਹੁਤ ਵੱਡਾ) ਅਤਿ ਮਹਤੱਵਪੂਰਣ! ਪਰ ਆਪਣੇ ਦੀਪਕ ਸ੍ਵੈ ਬਨੋ, ਅੱਪ ਦੀਪੋ ਭੱਵ—ਇਸ ਦੀ ਹੀ ਵਿਆਖਿਆ ਹੈ। ਇਹ ਬੁੱਧ ਦਾ ਅੰਤਿਮ ਵਚਨ ਸੀ ਇਸ ਧਰਤੀ ਉੱਤੇ।

ਸ਼ਰੀਰ ਛਡੱਣ ਤੋਂ ਪਹਿਲਾਂ ਇਹ ਉਨ੍ਹਾਂ ਨੇ ਸਾਰ-ਸੂਤਰ ਕਿਹਾ ਸੀ।

ਜਿਵੇਂ ਸਾਰੇ ਜੀਵਨ ਦੀ ਸੰਪਦਾ ਨੂੰ, ਸਾਰੇ ਜੀਵਨ ਦੇ ਅਨੁਭਵ ਨੂੰ ਇਸ ਇੱਕ ਨਿੱਕੇ ਜਿਹੇ ਸੂਤਰ ਵਿਚ ਸਮਾ ਦਿੱਤਾ ਸੀ।

ਰਾਮਕ੍ਰਿਸ਼ਨ, ਕ੍ਰਿਸ਼ਨ ਵਿਚ ਸਰਲਤਾ ਨਾਲ ਲੀਨ ਹੋ ਜਾਂਦੇ ਹਨ। ਮੀਰਾ, ਨਾਨਕ, ਕਬੀਰ ਵਿਚ ਲੀਨ ਹੋ ਜਾਂਦੇ ਹਨ ; ਜਿਵੇਂ ਕਬੀਰ ਦੀਆਂ ਹੀ ਸ਼ਾਖਾਵਾਂ ਹਨ। ਜਿਸ ਤਰ੍ਹਾਂ ਕਬੀਰ ਵਿਚ ਜੋ ਇਕੱਠਾ ਸੀ, ਉਹ ਅੱਧਾ ਨਾਨਕ ਵਿਚ ਪ੍ਰਗਟ ਹੋਇਆ ਹੈ ਅਤੇ ਅੱਧਾ ਮੀਰਾ ਵਿਚ। ਨਾਨਕ ਵਿਚ ਕਬੀਰ ਦਾ ਪੁਰਸ਼-ਰੂਪ ਪ੍ਰਗਟ ਹੋਇਆ ਹੈ। ਇਸ ਲਈ ਸਿੱਖ ਧਰਮ ਜੇਕਰ ਛੱਤ੍ਰੀ ਦਾ ਧਰਮ ਹੋ ਗਿਆ, ਯੋਧਾ ਦਾ, ਤਾਂ ਅਸ਼ਚਰਜ ਨਹੀਂ ਹੈ। ਮੀਰਾ ਵਿਚ ਕਬੀਰ ਦਾ ਇਸਤ੍ਰੈਣ ਰੂਪ ਪ੍ਰਗਟ ਹੋਇਆ ਹੈ—ਇਸ ਲਈ ਸਾਰਾ ਮਿੱਠਾਪਣ, ਸਾਰੀ ਸੁਗੰਧ, ਸਾਰਾ ਸੁਵਾਸ (ਖ਼ੁਸ਼ਬੂ) ਸਾਰਾ ਸੰਗੀਤ ਮੀਰਾ ਦੇ ਪੈਰਾਂ ਵਿਚ ਘੁੰਗਰੂ ਬਣ ਕੇ ਵਜਿਆ ਹੈ। ਮੀਰਾ ਦੇ ਇਕਤਾਰੇ ਉੱਤੇ ਕਬੀਰ ਦੀ ਨਾਰੀ ਗਾਈ ਹੈ; ਨਾਨਕ ਵਿਚ ਕਬੀਰ ਦਾ ਪੁਰਸ਼ ਬੋਲਿਆ ਹੈ।

ਦੋਵੇਂ ਕਬੀਰ ਵਿਚ ਸਮਾਹਿਤ ਹੋ ਜਾਂਦੇ ਹਨ।

ਇਸ ਤਰ੍ਹਾਂ ਮੈਂ ਕਿਹਾ : ਮੈਂ ਇਹ ਸਤਾਂ ਦੀ ਸੂਚੀ ਬਣਾਈ। ਹੁਣ ਉਨ੍ਹਾਂ ਦੀ ਉਤਸੁਕਤਾ ਬਹੁਤ ਵੱਧ ਗਈ ਸੀ। ਉਨ੍ਹਾਂ ਨੇ ਕਿਹਾ : ਤੇ ਜੇਕਰ ਪੰਜ ਦੀ ਸੂਚੀ ਬਨਾਉਣੀ ਪਏ? ਤਾਂ ਮੈਂ ਆਖਿਆ : ਕੰਮ ਮੇਰੇ ਲਈ ਕਠਿਨ ਹੁੰਦਾ ਜਾਏਗਾ।

ਮੈਂ ਇਹ ਸੂਚੀ ਉਨ੍ਹਾਂ ਨੂੰ ਦਿੱਤੀ : ਕ੍ਰਿਸ਼ਨ, ਪਤੰਜਲਿ, ਬੁੱਧ, ਮਹਾਵੀਰ, ਗੋਰਖ।

...ਕਿਉਂਕਿ ਕਬੀਰ ਨੂੰ ਗੋਰਖ ਵਿਚ ਲੀਨ ਕੀਤਾ ਜਾ ਸਕਦਾ ਹੈ। ਗੋਰਖ ਮੂਲ ਹਨ। ਗੋਰਖ ਨੂੰ ਨਹੀਂ ਛੱਡਿਆ ਜਾ ਸਕਦਾ ਅਤੇ ਸੰਕਰ ਤਾਂ ਕ੍ਰਿਸ਼ਨ ਵਿਚ ਸਰਲਤਾ ਨਾਲ ਲੀਨ ਹੋ ਜਾਂਦੇ ਹਨ। ਕ੍ਰਿਸ਼ਨ ਦੇ ਹੀ ਇੱਕ ਅੰਗ ਦੀ ਵਿਆਖਿਆ ਹੈ, ਕ੍ਰਿਸ਼ਨ ਦੇ ਹੀ ਇੱਕ ਅੰਗ ਦਾ ਦਾਰਸ਼ਨਿਕ ਵਿਵੇਚਨ (ਵਚਨਾਂ ਦਾ ਸੰਗ੍ਰਹਿ) ਹੈ।

ਤਦ ਤਾਂ ਉਹ ਬੋਲੇ : ਬਸ ਇੱਕ ਵਾਰ ਹੋਰ...। ਜੇਕਰ ਚਾਰ ਹੀ ਰਖੱਣੇ ਹੋਣ ?

ਤਾਂ ਮੈਂ ਉਨ੍ਹਾਂ ਨੂੰ ਸੂਚੀ ਦਿੱਤੀ : ਕ੍ਰਿਸ਼ਨ, ਪਤੰਜਲਿ, ਬੁੱਧ, ਗੋਰਖ। ਕਿਉਂਕਿ ਮਹਾਵੀਰ ਬੁੱਧ ਤੋਂ ਬਹੁਤ ਭਿੰਨ ਨਹੀਂ ਹਨ, ਥੋੜ੍ਹੇ ਹੀ ਭਿੰਨ (ਵਖੱਰੇ) ਹਨ। ਜ਼ਰਾ ਕੁ ਜਿੰਨਾ ਹੀ ਭੇਦ ਹੈ; ਉਹ ਵੀ ਅਭਿਵਅਕਤੀ (ਪ੍ਰਗਟ ਹੋਣਾ) ਦਾ ਭੇਦ ਹੈ। ਬੁੱਧ ਦੀ ਮਹਿਮਾਂ ਵਿਚ ਮਹਾਵੀਰ ਦੀ ਮਹਿਮਾਂ ਲੀਨ ਹੋ ਸਕਦੀ ਹੈ।

ਉਹ ਕਹਿਣ ਲਗੇ : ਬਸ ਇੱਕ ਵਾਰ ਹੋਰ ...।

ਤੁਸੀਂ ਤਿੰਨ (3) ਵਿਅਕਤੀ ਚੁਣੋ : ਮੈਂ ਕਿਹਾ : ਹੁਣ ਅਸੰਭਵ ਹੈ (ਨਾਮੁਮਕਿਨ ਹੈ)

ਹੁਣ ਇਨ੍ਹਾਂ ਚੋਹਾਂ ਵਿਚੋਂ ਮੈਂ ਕਿਸੇ ਨੂੰ ਵੀ ਛੱਡ ਨਹੀਂ ਸਕਾਂਗਾ। ਫਿਰ ਮੈਂ ਉਨ੍ਹਾਂ ਨੂੰ ਕਿਹਾ : ਜਿਵੇਂ ਚਾਰ ਦਿਸ਼ਾਵਾਂ ਹਨ, ਇਸੇ ਤਰ੍ਹਾਂ ਇਹ ਚਾਰ ਵਿਅਕਤਿਤਵ (ਪਰਸਨੈਲਟੀ) ਹਨ। ਜਿਵੇਂ ਕਾਲ ਅਤੇ ਛੇਤਰ ਦੇ ਚਾਰ ਆਯਾਮ (ਨੀਯਮ) ਹਨ, ਇਸੇ ਤਰ੍ਹਾਂ ਇਹ ਚਾਰ ਆਯਾਮ ਹਨ। ਜਿਵੇਂ ਪਰਮਾਤਮਾ ਦੀਆਂ ਅਸੀਂ ਚਾਰ ਭੁਜਾਵਾਂ (ਬਾਹਾਂ) ਸੋਚੀਆਂ ਹਨ। ਇਸੇ ਤਰ੍ਹਾਂ ਇਹ ਚਾਰ ਭੁਜਾਵਾਂ ਹਨ। ਇੰਜ ਤਾਂ ਇੱਕ ਹੀ ਹੈ, ਪਰ ਉਸ ਇੱਕ ਦੀਆਂ ਚਾਰ ਭੁਜਾਵਾਂ ਹਨ। ਹੁਣ ਇਨ੍ਹਾਂ ਵਿਚੋਂ ਕੁਝ ਛਡੱਣਾ ਤਾਂ ਹੱਥ ਕਟੱਣ ਜਿਹਾ ਹੋਵੇਗਾ। ਇਹ ਮੈਂ ਨਹੀਂ ਕਰ ਸਕਾਂਗਾ। ਹੁਣ ਤੱਕ ਤਾਂ ਤੁਹਾਡੀ ਗੱਲ ਮੰਨ ਕੇ ਟੁਰਦਾ ਰਿਹਾ, ਗਿਣਤੀ ਘੱਟ ਕਰਦਾ ਚਲਾ ਗਿਆ। ਕਿਉਂਕਿ ਹੁਣ ਤੱਕ ਜੋ ਵਖੱਰਾ ਕਰਨਾ ਪਿਆ ਉਹ ਵਸਤੂ (ਕਪੜੇ) ਸਨ ; ਹੁਣ ਅੰਗ ਵਢਣੇ ਪੈਣਗੇ।

ਅੰਗ-ਅੰਗ ਮੈਂ ਨਹੀਂ ਕਰ ਸਕਾਂਗਾ। ਅਜਿਹੀ ਹਿੰਸਾ ਤੁਸੀਂ ਨ ਕਰਵਾਓ।

ਉਹ ਕਹਿਣ ਲੱਗੇ : ਕੁਝ ਸਵਾਲ ਉਠ ਖਲੋਤੇ : ਇੱਕ ਤਾਂ ਇਹ ਕਿ ਤੁਸੀਂ ਮਹਾਵੀਰ ਨੂੰ ਛੱਡ ਸਕੇ ਗੋਰਖ ਨੂੰ ਨਹੀਂ ?

ਗੋਰਖ ਨੂੰ ਨਹੀਂ ਛੱਡ ਸਕਦਾ ਕਿਉਂਕਿ ਗੋਰਖ ਦੇ ਨਾਲ ਇਸ ਦੇਸ਼ ਵਿਚ ਇੱਕ ਨਵਾਂ ਹੀ ਸੂਤਰਪਾਤ (ਨੀਂਵ ਪੈਣੀ) ਹੋਇਆ, ਮਹਾਵੀਰ ਤੋਂ ਕੋਈ ਨਵਾਂ ਸੂਤਰਪਾਤ ਨਹੀਂ ਹੋਇਆ। ਉਹ ਅਪੂਰਵ (ਉੱਤਮ) ਪੁਰਸ਼ ਹਨ; ਪਰ ਜੋ ਸਦੀਆਂ ਤੋਂ ਕਿਹਾ ਗਿਆ ਸੀ, ਉਨ੍ਹਾਂ ਤੋਂ ਪਹਿਲਾਂ ਜੋ ਤੇਈ (23) ਤੀਰਥੰਕਰ ਕਹਿ ਚੁੱਕੇ ਸਨ, ਉਸ ਦੀ ਹੀ ਪੁਨਰੁਕਤੀ (ਦੁਹਰਾਅ) ਹੈ। ਉਹ ਕਿਸੇ ਯਾਤ੍ਰਾ ਦੀ ਸ਼ੁਰੂਆਤ ਨਹੀਂ ਹਨ। ਉਹ ਕਿਸੇ ਨਵੀਂ ਸ਼੍ਰੰਖਲਾ (ਜ਼ੰਜੀਰ) ਦੀ ਪਹਿਲੀ ਕੜੀ ਨਹੀਂ ਹਨ, ਸਗੋਂ ਆਖ਼ਰੀ ਕੜੀ ਹਨ।

ਗੋਰਖ ਇੱਕ ਸ਼੍ਰੰਖਲਾ ਦੀ ਪਹਿਲੀ ਕੜੀ ਹਨ। ਉਨ੍ਹਾਂ ਤੋਂ ਇੱਕ ਨਵੇਂ ਪ੍ਰਕਾਰ (ਢੰਗ) ਦੇ ਧਰਮ ਦਾ ਜਨਮ ਹੋਇਆ। ਅਵਿਰਭਾਵ (ਪਰਕਾਸ਼) ਹੋਇਆ। ਗੋਰਖ ਤੋਂ ਬਿਨਾਂ ਨ ਤਾਂ ਕਬੀਰ ਹੋ ਸਕਦੇ ਹਨ, ਨ ਨਾਨਕ ਹੋ ਸਕਦੇ ਹਨ, ਨ ਦਾਦੂ, ਨ ਵਾਜ਼ਿਦ, ਨ ਫ਼ਰੀਦ, ਨ ਮੀਰਾ- ਗੋਰਖ ਤੋਂ ਬਿਨਾਂ ਇਹ ਕੋਈ ਵੀ ਨਹੀਂ ਹੋ ਸਕਣਗੇ, ਇਨ੍ਹਾਂ ਸਭ ਦੇ ਮੌਲਿਕ ਆਧਾਰ ਗੋਰਖ ਵਿਚ ਹਨ। ਫ਼ਿਰ ਮੰਦਰ ਬਹੁਤ ਉੱਚਾ ਉਠਿਆ। ਮੰਦਰ ਉੱਤੇ ਬੜੇ ਸਵਰਣ- ਕਲਸ਼ ਚੜ੍ਹੇ ...। ਪਰ ਨੀਂਹ ਦਾ ਪਥੱਰ, ਨੀਂਹ ਦਾ ਪਥੱਰ ਹੈ। ਹੋਰ, ਸਵਰਨਕਲਸ਼ ਦੂਰੋਂ ਵਿਖਾਈ ਦਿੰਦੇ ਹੋਣ, ਪਰ ਨੀਂਹ ਦੇ ਪਥੱਰ ਤੋਂ ਜ਼ਿਆਦਾ ਕੀਮਤੀ ਨਹੀਂ ਹੋ ਸਕਦੇ। ਹੋਰ, ਨੀਂਹ ਦੇ ਪਥੱਰ ਤਾਂ ਕਿਸੇ ਨੂੰ ਵਿਖਾਈ ਵੀ ਨਹੀਂ ਦਿੰਦੇ, ਪਰ ਨੀਂਹ ਉਨ੍ਹਾਂ ਹੀ ਪਥੱਰਾਂ ਉੱਤੇ ਟਿਕੀ ਹੁੰਦੀ ਹੈ, ਸਾਰੀ ਵਿਅਵਸਥਾ (ਪ੍ਰਬੰਧ- ਇੰਤਜ਼ਾਮ), ਸਾਰੀਆਂ ਭਿਤੀਆਂ (ਦਰਵਾਜ਼ੇ) ਸਾਰੇ ਸ਼ਿਖਰ...। ਸ਼ਿਖਰਾਂ ਦੀ ਪੂਜਾ ਹੁੰਦੀ ਹੈ, ਬੁਨਿਆਦ ਦੇ ਪਥੱਰਾਂ ਨੂੰ ਤਾਂ ਲੋਗ ਭੁੱਲ ਹੀ ਜਾਂਦੇ ਹਨ । ਇਵੇਂ ਹੀ ਗੋਰਖ ਵੀ ਭੁੱਲਾ ਦਿੱਤੇ ਗਏ ਹਨ।

ਪਰ ਭਾਰਤ ਦੀ ਸਾਰੀ ਸੰਤ-ਪਰੰਪਰਾ ਗੋਰਖ ਦੀ ਰਿਣੀ (ਕਰਜ਼ਾਈ) ਹੈ। ਜਿਵੇਂ ਪਤੰਜਲਿ ਤੋਂ ਬਿਨਾਂ ਭਾਰਤ ਵਿਚ ਯੋਗ ਦੀ ਕੋਈ ਸੰਭਾਵਨਾ ਨਹੀਂ ਰਹਿ ਜਾਏਗੀ; ਜਿਵੇਂ ਬੁੱਧ ਦੇ ਬਿਨਾਂ ਧਿਆਨ ਦੀ ਆਧਾਰਸ਼ਿਲਾ ਉਖੜ ਜਾਏਗੀ; ਜਿਵੇਂ ਕ੍ਰਿਸ਼ਨ ਦੇ ਬਿਨਾਂ ਪ੍ਰੇਮ ਦੀ ਅਭਿਵਅਕਤੀ (ਪ੍ਰਗਟਾਅ) ਨੂੰ ਮਾਰਗ ਨ ਮਿਲੇਗਾ—ਇਸੇ ਤਰ੍ਹਾਂ ਗੋਰਖ ਦੇ ਬਿਨਾਂ ਉਸ

ਪਰਮ ਸਤਯ ਨੂੰ ਪਾਉਂਣ ਲਈ ਵਿਧੀਆਂ ਦੀ ਜੋ ਤਲਾਸ਼ ਸ਼ੁਰੂ ਹੋਈ, ਸਾਧਨਾ ਦੀ ਜੋ ਵਿਅਵਸਥਾ (ਪ੍ਰਬੰਧ) ਬਣੀ, ਉਹ ਨ ਬਣ ਸਕਦੀ ਸੀ। ਗੋਰਖ ਨੇ ਜਿੰਨਾ ਅਵਿਸ਼ਕਾਰ ਕੀਤਾ ਮਨੁੱਖ ਦੇ ਅੰਦਰ ਅੰਤਰ-ਖੋਜ ਲਈ, ਓਨਾਂ ਸ਼ਾਇਦ ਕਿਸੇ ਨੇ ਵੀ ਨਹੀਂ ਕੀਤਾ ਹੈ। ਉਨ੍ਹਾਂ ਨੇ ਇੰਨੀਆਂ ਵਿਧੀਆਂ ਦਿੱਤੀਆਂ ਕਿ ਜੇਕਰ ਵਿਧੀਆਂ ਦੇ ਹਿਸਾਬ ਨਾਲ ਸੋਚਿਆ ਜਾਏ ਤਾਂ ਗੋਰਖ ਸਭ ਤੋਂ ਵੱਡੇ ਅਵਿਸ਼ਕਾਰਕ (ਕਾਢਾਂ ਕਢਣ ਵਾਲੇ) ਹਨ। ਇੰਨੇ ਦੁਆਰ ਤੋੜੇ ਮਨੁੱਖ ਦੇ ਅੰਤਰਤਮ ਵਿਚ ਜਾਣ ਲਈ, ਇੰਨੇ ਦਰਵਾਜ਼ੇ ਤੋੜੇ ਕਿ ਲੋਕ ਦਰਵਾਜ਼ਿਆਂ ਵਿਚ ਉਲਝ ਗਏ। ਇਸ ਲਈ ਸਾਡੇ ਕੋਲ ਇੱਕ ਅਖੱਰ ਚਲ ਪਿਆ ਹੈ—ਗੋਰਖ ਨੂੰ ਤਾਂ ਲੋਕ ਭੁੱਲ ਗਏ—ਗੋਰਖਧੰਦਾ ਅਖੱਰ ਚਲ ਪਿਆ ਹੈ।

ਉਨ੍ਹਾਂ ਨੇ ਇੰਨੀਆਂ ਵਿਧੀਆਂ ਦਿੱਤੀਆਂ ਕਿ ਲੋਕ ਉਲਝ ਗਏ, ਕਿ ਕਿਹੜੀ ਠੀਕ, ਕਿਹੜੀ ਗਲਤ, ਕਿਹੜੀ ਕਰੀਏ, ਕਿਹੜੀ ਛੱਡੀਏ.....? ਉਨ੍ਹਾਂ ਨੇ ਇੰਨੇ ਰਸਤੇ ਦਿੱਤੇ ਕਿ ਲੋਕ ਹੱਕੇ-ਬੱਕੇ, ਰਹਿ ਗਏ, ਇਸ ਲਈ ਗੋਰਖਧੰਦਾ ਅਖੱਰ ਬਣ ਗਿਆ। ਹੁਣ ਕੋਈ ਕਿਸੇ ਚੀਜ਼ ਵਿਚ ਉਲਝਿਆ ਹੋਵੇ ਤਾਂ ਅਸੀਂ ਆਖਦੇ ਹਾਂ, ਕਿ ਗੋਰਖਧੰਦੇ ਵਿਚ ਉਲਝਿਆ ਹੋਇਆ ਹੈਂ!

ਗੋਰਖ ਦੇ ਕੋਲ ਅਪੂਰਵ ਵਿਅਕਤਿੱਤਵ (ਉੱਤਮ ਪਰਸਨੈਲਟੀ) ਸੀ, ਜਿਵੇਂ ਅਲਬਰਟ ਆਈਂਸਟੀਨ ਦੇ ਕੋਲ ਵਿਅਕਤਿੱਤਵ ਸੀ। ਜਗਤ ਦੇ ਸੱਚ ਨੂੰ ਲਭੱਣ ਲਈ, ਜੋ ਪੈਨੇ ਤੋਂ ਪੈਨੇ (ਮਹੀਨ ਤੋਂ ਮਹੀਨ) ਉਪਾਇ ਅਲਬਰਟ ਆਈਂਸਟੀਨ ਦੇ ਗਿਆ, ਉਸ ਤੋਂ ਪਹਿਲਾਂ ਕਿਸੇ ਨੇ ਵੀ ਨਹੀਂ ਦਿੱਤੇ ਸਨ। ਹਾਂ ਹੁਣ ਉਸ ਦਾ ਵਿਕਾਸ (ਵੱਧਾਓ) ਹੋ ਸਕੇਗਾ, ਹੁਣ ਉਨ੍ਹਾਂ ਤੇ ਹੋਰ ਧਾਰ ਰੱਖੀ ਜਾ ਸਕੇਗੀ।

ਪਰ ਜੋ ਪਹਿਲਾ ਕੰਮ ਸੀ ਉਹ ਆਈਂਸਟੀਨ ਨੇ ਕੀਤਾ ਹੈ।

ਜੋ ਪਿੱਛੇ ਆਉਂਣਗੇ ਉਹ ਨੰਬਰ ਦੋ ਹੋਣਗੇ। ਉਹ ਹੁਣ ਪ੍ਰਥਮ (ਪਹਿਲੇ) ਨਹੀਂ ਹੋ ਸਕਦੇ ਰਾਹ ਪਹਿਲੀ ਤਾਂ ਆਈਂਸਟੀਨ ਨੇ ਤੋੜੀ, ਹੁਣ ਇਸ ਰਾਹ ਨੂੰ ਪੱਕਾ ਕਰਨ ਵਾਲੇ, ਮਜ਼ਬੂਤ ਕਰਨ ਵਾਲੇ, ਮੀਲ ਦੇ ਪਥੱਰ ਲਗਾਉਂਣ ਵਾਲੇ, ਸੁੰਦਰ ਬਨਾਉਂਣ ਵਾਲੇ, ਸੁਗਮ ਬਨਾਉਂਣ ਵਾਲੇ ਬਹੁਤ ਲੋਗ ਆਉਂਣਗੇ। ਪਰ ਆਈਂਸਟੀਨ ਦੀ ਥਾਂ ਕੋਈ ਵੀ ਨਹੀਂ ਲੈ ਸਕਦਾ। ਅਜਿਹੀ ਹੀ ਘਟਨਾ ਅੰਤਰਜਗਤ ਵਿਚ ਗੋਰਖ ਦੇ ਨਾਲ ਘੱਟੀ।

ਪਰ ਗੋਰਖ ਨੂੰ ਲੋਕ ਭੁੱਲ ਕਿਉਂ ਗਏ ? ਮੀਲ ਦੇ ਪਥੱਰ ਚੇਤੇ ਰਹਿ ਜਾਂਦੇ ਹਨ, ਰਾਹ ਤੋੜਨ ਵਾਲੇ ਭੁੱਲ ਜਾਂਦੇ ਹਨ। ਰਾਹ ਨੂੰ ਸਜਾਉਂਣ ਵਾਲੇ ਚੇਤੇ ਰਹਿ ਜਾਂਦੇ ਹਨ, ਰਾਹ ਨੂੰ ਪਹਿਲੀ ਵਾਰੀ ਤੋੜਨ ਵਾਲੇ ਭੁੱਲ ਜਾਂਦੇ ਹਨ, ਭੁੱਲ ਜਾਂਦੇ ਹਨ ਇਸ ਲਈ ਕਿ ਜੋ ਪਿੱਛੋਂ ਆਉਂਦੇ ਹਨ ਉਨ੍ਹਾਂ ਨੂੰ ਸੁਵਿਧਾ (ਸੌਖ) ਹੁੰਦੀ ਹੈ ਸਵਾਰਨੇ ਦੀ। ਜੋ ਪਹਿਲਾਂ ਆਉਂਦਾ ਹੈ, ਉਹ ਤਾਂ ਅਨਘੜ ਹੁੰਦਾ ਹੈ, ਕੱਚਾ ਹੁੰਦਾ ਹੈ।

ਗੋਰਖ ਜਿਵੇਂ ਖਦਾਨ ਤੋਂ ਨਿਕਲੇ ਹੀਰੇ ਹਨ। ਜੇਕਰ ਗੋਰਖ ਅਤੇ ਕਬੀਰ ਬੈਠੇ ਹੋਣ ਤਾਂ ਤੁਸੀਂ ਕਬੀਰ ਤੋਂ ਪਰਭਾਵਿਤ ਹੋਵੋਂਗੇ, ਗੋਰਖ ਤੋਂ ਨਹੀਂ। ਕਿਉਂਕਿ ਗੋਰਖ ਤਾਂ ਖਦਾਨ ਤੋਂ ਨਿਕਲੇ ਹੀਰੇ ਹਨ; ਅਤੇ ਕਬੀਰ—ਜਿਨ੍ਹਾਂ ਤੇ ਜੌਹਰੀਆਂ ਨੇ ਖ਼ੂਬ ਮੇਹਨਤ ਕੀਤੀ, ਜਿਨ੍ਹਾਂ ਤੇ ਖ਼ੂਬ ਛੈਣੀ ਚਲੀ ਹੈ, ਜਿਨ੍ਹਾਂ ਨੂੰ ਖ਼ੂਬ ਨਿਖਾਰ ਦਿੱਤਾ ਗਿਆ ਹੈ।

ਇਹ ਤਾਂ ਤੁਹਾਨੂੰ ਪਤਾ ਹੈ ਨ ਕਿ ਕੋਹਿਨੂਰ ਹੀਰਾ ਜਦ ਪਹਿਲੀ ਵਾਰ ਜਿਸ ਆਦਮੀ ਨੂੰ ਮਿਲਿਆ ਸੀ, ਉਸ ਨੂੰ ਪਤਾ ਵੀ ਨਹੀਂ ਕਿ ਕੋਹਿਨੂਰ ਹੈ। ਉਸ ਨੇ ਤਾਂ ਬੱਚਿਆਂ ਨੂੰ ਖੇਡਣ ਲਈ ਦੇ ਦਿੱਤਾ ਸੀ, ਸਮਝ ਕੇ ਕਿ ਕੋਈ ਰੰਗੀਨ ਪਥੱਰ ਹੈ। ਗਰੀਬ ਆਦਮੀ ਸੀ। ਉਸ ਦੇ ਖੇਤ ਵਿਚੋਂ ਵਗੱਦੀ ਹੋਈ ਇੱਕ ਨਿੱਕੀ-ਜਿਹੀ ਨਦੀ ਦੀ ਧਾਰ ਵਿਚੋਂ ਕੋਹਿਨੂਰ ਮਿਲਿਆ ਸੀ। ਮਹੀਨਿਆਂ ਉਸ ਦੇ ਘਰ ਪਿਆ ਰਿਹਾ, ਕੋਹਿਨੂਰ ਨਾਲ ਬੱਚੇ ਖੇਡਦੇ ਰਹੇ, ਸੁਟਦੇ ਰਹੇ ਇਸ ਕੋਨੇ ਤੋਂ ਉਸ ਕੋਨੇ, ਵੇਹੜੇ ਵਿਚ ਪਿਆ ਰਿਹਾ ..।

ਉਹ ਪਛਾਣ ਨ ਸਕੇ ਕੋਹਿਨੂਰ ਨੂੰ। ਕੋਹਿਨੂਰ ਦਾ ਤਿੰਨ ਗੁਣਾ ਵਜ਼ਨ ਸੀ, ਅੱਜ ਦੇ ਕੋਹਿਨੂਰ ਤੋਂ। ਫ਼ਿਰ ਉਸ ਉੱਤੇ ਧਾਰ ਰੱਖੀ ਗਈ, ਨਿਖਾਰਿਆ ਗਿਆ, ਕਟਿਆ ਵਢਿਆ ਗਿਆ, ਉਸ ਦੇ ਪਹਿਲੂ ਉਭਾਰੇ ਗਏ। ਅੱਜ ਸਿਰਫ਼ ਇੱਕ ਤਿਹਾਈ ਵਜ਼ਨ ਬਚਿਆ ਹੈ, ਪਰ ਕੀਮਤ ਕਰੋੜਾਂ ਗੁਣਾ ਜ਼ਿਆਦਾ ਹੋ ਗਈ। ਵਜ਼ਨ ਘੱਟ ਹੁੰਦਾ ਗਿਆ, ਕੀਮਤ ਵੱਧਦੀ ਗਈ, ਕਿਉਂਕਿ ਨਿਖਾਰ ਆਉਂਦਾ ਗਿਆ—ਹੋਰ, ਹੋਰ ਨਿਖਾਰ ...।

ਕਬੀਰ ਅਤੇ ਗੋਰਖ ਇਕੱਠੇ ਬੈਠੇ ਹੋਣ, ਤਾਂ ਤੁਸੀਂ ਗੋਰਖ ਨੂੰ ਸ਼ਾਇਦ ਪਛਾਣੋ ਹੀ ਨ ; ਕਿਉਂਕਿ ਗੋਰਖ ਤਾਂ ਅੱਜੇ ਗੋਲਕੁੰਡਾ ਦੀ ਖਦਾਨ ਤੋਂ ਨਿਕਲੇ ਕੋਹਿਨੂਰ ਹੀਰੇ ਹਨ। ਕਬੀਰ ਉੱਤੇ ਬਹੁਤ ਧਾਰ ਰੱਖੀ ਜਾ ਚੁੱਕੀ, ਜੌਹਰੀ ਮੇਹਨਤ ਕਰ ਚੁੱਕੇ। ... ਕਬੀਰ ਤੁਹਾਨੂੰ ਪਛਾਣ ਵਿਚ ਆ ਜਾਣਗੇ। ਇਸ ਲਈ ਗੋਰਖ ਦਾ ਨਾਉਂ ਭੁੱਲ ਗਿਆ ਹੈ।

ਬੁਨਿਆਦ ਦੇ ਪੱਥੱਰ ਭੁੱਲ ਜਾਂਦੇ ਹਨ।

ਗੋਰਖ ਦੇ ਵਚਨ ਸੁਣ ਕੇ ਤੁਸੀਂ ਬਹੁਤ ਚੌਂਕੋਂਗੇ। ਥੋੜ੍ਹੀ ਧਾਰ ਰਖੱਣੀ ਪਏਗੀ; ਅਨਘੜ ਹਨ। ਉਹ ਹੀ ਧਾਰ ਰਖੱਣ ਦਾ ਕੰਮ ਮੈਂ ਇੱਥੇ ਕਰ ਰਿਹਾ ਹਾਂ। ਜ਼ਰਾ ਤੁਹਾਨੂੰ ਪਛਾਣ ਆਉਂਣ ਲਗੇਗੀ, ਤੁਸੀਂ ਚਮਤਕ੍ਰਿਤ ਹੋਵੋਗੇ। ਜੋ ਵੀ ਸਾਰਥਕ ਹੈ, ਗੋਰਖ ਨੇ ਕਹਿ ਦਿੱਤਾ ਹੈ। ਜੋ ਵੀ ਮੁਲਵਾਨ ਹੈ ਕਹਿ ਦਿੱਤਾ ਹੈ।

ਤਾਂ ਮੈਂ ਸੁਮਿਤ੍ਰਾਨੰਦਨ ਪੰਤ ਨੂੰ ਕਿਹਾ ਕਿ ਗੋਰਖ ਨੂੰ ਨਹੀਂ ਛੱਡ ਸਕਾਂਗਾ। ਇਸ ਲਈ ਚਾਰ ਤੋਂ ਹੋਰ ਸੰਖਿਆ (ਗਿਣਤੀ) ਘੱਟ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਸੋਚਿਆ ਹੋਵੇਗਾ ਸਵਭਾਵਤ : (ਕੁਦਰਤਨ) ਕਿ ਮੈਂ ਗੋਰਖ ਨੂੰ ਛੱਡਾਂਗਾ, ਮਹਾਵੀਰ ਨੂੰ ਬਚਾਵਾਂਗਾ। ਮਹਾਵੀਰ ਕੋਹਿਨੂਰ ਹਨ, ਅੱਜੇ ਕੱਚੇ ਹੀਰੇ ਨਹੀਂ ਹਨ ਖਦਾਨ ਤੋਂ ਨਿਕਲੇ।

ਇੱਕ ਪੂਰੀ ਪਰੰਪਰਾ ਹੈ ਤੇਈ ਤੀਰਥੰਕਰਾਂ ਦੀ, ਹਜ਼ਾਰਾਂ ਸਾਲਾਂ ਦੀ, ਜਿਸ ਉੱਤੇ ਧਾਰ ਰੱਖੀ ਗਈ ਹੈ, ਤੇਜ਼ ਕੀਤੇ ਗਏ ਹਨ—ਖ਼ੂਬ ਉਜਾਗਰ ਹੋ ਗਏ ਹਨ !

ਤੁਸੀਂ ਵੇਖਦੇ ਹੋ, ਚੌਵੀਸਵੇਂ ਤੀਰਥੰਕਰ ਹਨ ਮਹਾਵੀਰ ; ਬਾਕੀ ਤੇਈਸ ਦੇ ਨਾਮ ਲੋਕਾਂ ਨੂੰ ਭੁੱਲ ਗਏ ਜਿਹੜੇ ਜੈਨ ਨਹੀਂ ਹਨ ਉਹ ਤਾਂ ਤੇਈ ਦੇ ਨਾਉਂ ਗਿਣਾ ਵੀ ਨਹੀਂ ਸਕਣਗੇ। ਅਤੇ ਜੋ ਜੈਨ ਹਨ ਉਹ ਹੀ ਤੇਈਸ ਦਾ ਨਾਮ ਕ੍ਰਮਬਧ (ਇੱਕ ਤੋਂ ਬਾਅਦ ਇੱਕ) ਰੂਪ ਨਾਲ ਨ ਗਿਣਾ ਸਕਣਗੇ, ਉਨ੍ਹਾਂ ਕੋਲੋਂ ਵੀ ਭੁੱਲ-ਚੁੱਕ ਹੋ ਜਾਏਗੀ। ਮਹਾਵੀਰ ਤਾਂ ਅੰਤਿਮ ਹਨ—ਮੰਦਰ ਦਾ ਕਲਸ਼! ਮੰਦਰ ਦੇ ਕਲਸ਼ ਚੇਤੇ ਰਹਿ ਜਾਂਦੇ ਹਨ। ਫ਼ਿਰ ਉਨ੍ਹਾਂ ਦੀ ਚਰਚਾ ਹੁੰਦੀ ਰਹਿੰਦੀ ਹੈ। ਬੁਨਿਆਦ ਦੇ ਪਥੱਰਾਂ ਦੀ ਕੌਣ ਚਰਚਾ ਕਰਦਾ ਹੈ।

ਅੱਜ ਅਸੀਂ ਬੁਨਿਆਦ ਦੇ ਇੱਕ ਪੱਥਰ ਦੀ ਗੱਲ ਸ਼ੁਰੂ ਕਰਦੇ ਹਾਂ। ਇਸ ਉੱਤੇ ਪੂਰਾ ਭਵਨ ਖਲੋਤਾ ਹੈ, ਭਾਰਤ ਦੇ ਸੰਤ-ਸਾਹਿਤ ਦਾ !

ਇਸ ਇੱਕ ਵਿਅਕਤੀ ਉੱਤੇ ਸਭ ਦਾਰੋਮਦਾਰ ਹੈ।

ਇਸ ਨੇ ਸਭ ਕਹਿ ਦਿੱਤਾ ਹੈ ਜੋ ਹੌਲੀ-ਹੌਲੀ ਬਹੁਤ ਰੰਗੀਨ ਹੋ ਜਾਵੇਗਾ, ਬਹੁਤ ਸੁੰਦਰ ਹੋ ਜਾਏਗਾ ; ਜਿਸ ਉੱਤੇ ਲੋਕ ਸਦੀਆਂ ਤੱਕ ਸਾਧਨਾ ਕਰਨਗੇ, ਧਿਆਨ ਕਰਨਗੇ; ਜਿਸ ਰਾਹੀਂ ਨ ਮਲੂਮ ਕਿੰਨੇ ਸਿੱਧ-ਪੁਰਸ਼ ਪੈਦਾ ਹੋਣਗੇ।

ਮਰੌ ਵੇ ਜੋਗੀ ਮਰੌ !... ਅਜਿਹਾ ਅਨੋਖਾ ਵਚਨ ਹੈ !

ਕਹਿੰਦੇ ਹਨ : ਮਰ ਜਾਓ, ਮਿੱਟ ਜਾਓ, ਬਿਲਕੁੱਲ ਮਿੱਟ ਜਾਓ।

ਮਰੌ ਵੇ ਜੋਗੀ ਮਰੌ, ਮਰੌ ਮਰਨ ਹੈ ਮੀਠਾ।

ਕਿਉਂਕਿ ਮੌਤ ਤੋਂ ਜ਼ਿਆਦਾ ਮਿੱਠੀ ਹੋਰ ਕੋਈ ਚੀਜ਼ ਇਸ ਜਗਤ ਵਿਚ ਨਹੀਂ ਹੈ।

ਤਿਸ ਮਰਣੀ ਮਰੌ ...। ਅਤੇ ਅਜਿਹੀ ਮੌਤ ਮਰੋ, ਜਿਸ ਮਰਣੀ ਗੋਰਸ਼ ਮਰਿ ਦੀਠਾ।

ਜਿਸ ਤਰ੍ਹਾਂ ਨਾਲ ਮਰਕੇ ਗੋਰਖ ਨੂੰ ਦਰਸ਼ਨ ਉਪਲਬੱਧ ਹੋਇਆ, ਇਸੇ ਤਰ੍ਹਾਂ ਹੀ ਤੁਸੀਂ ਵੀ ਮਰ ਜਾਓ ਅਤੇ ਦਰਸ਼ਨ ਨੂੰ ਉਪਲਬੱਧ ਹੋ ਜਾਓ।

ਇੱਕ ਮ੍ਰਿਤਯੂ ਹੈ ਜਿਸ ਤੋਂ ਅਸੀਂ ਪਰਿਚਿਤ (ਵਾਕਿਫ਼) ਹਾਂ; ਜਿਸ ਵਿਚ ਦੇਹ ਮਰਦੀ ਹੈ, ਪਰ ਸਾਡਾ ਅਹੰਕਾਰ ਅਤੇ ਸਾਡਾ ਮਨ ਜੀਉਂਦਾ ਰਹਿ ਜਾਂਦਾ ਹੈ। ਉਹ ਹੀ ਅਹੰਕਾਰ ਨਵੇਂ ਗਰਭ ਲੈਂਦਾ ਹੈ। ਉਹ ਹੀ ਅਹੰਕਾਰ ਨਵੀਆਂ ਵਾਸ਼ਨਾਵਾਂ ਨਾਲ ਪੀੜਤ ਹੋਇਆ ਫ਼ਿਰ ਯਾਤ੍ਰਾ ਉੱਤੇ ਨਿਕਲ ਜਾਂਦਾ ਹੈ। ਇੱਕ ਦੇਹ ਤੋਂ ਛੁਟਿਆ ਨਹੀਂ ਕਿ ਦੂਜੀ ਦੇਹ ਲਈ ਉਤਾਵਲਾ ਹੋ ਜਾਂਦਾ ਹੈ। ਤਾਂ ਇਹ ਮੌਤ ਤਾਂ ਵਾਸਤਵਿਕ (ਅਸਲੀ) ਮੌਤ ਨਹੀਂ ਹੈ।

ਮੈਂ ਸੁਣਿਆ ਹੈ, ਇੱਕ ਆਦਮੀ ਨੇ ਗੋਰਖ ਨੂੰ ਆਖਿਆ ਕਿ ਮੈਂ ਆਤਮਹਤਿਆ ਕਰਨ ਦੀ ਸੋਚ ਰਿਹਾ ਹਾਂ। ਗੋਰਖ ਨੇ ਕਿਹਾ :-ਜਾਓ ਅਤੇ ਕਰੋ ਪਰ ਮੈਂ ਤੈਨੂੰ ਆਖਦਾ ਹਾਂ ਤੂੰ ਕਰਕੇ ਬਹੁਤ ਚੌਂਕੇਂਗਾ।

ਉਸ ਆਦਮੀ ਨੇ ਕਿਹਾ : ਮਤਲਬ? ਮੈਂ ਆਇਆ ਸੀ ਕਿ ਤੁਸੀਂ ਸਮਝਾਓਗੇ ਕਿ ਨ ਕਰ। ਮੈਂ ਹੋਰਨਾਂ ਸਾਧੂਆਂ ਦੇ ਕੋਲ ਵੀ ਗਿਆ। ਸਭ ਨੇ ਸਮਝਾਇਆ ਕਿ ਭਾਈ, ਅਜਿਹਾ ਨ ਕਰ, ਆਤਮਹਤਿਆ ਵੱਡਾ ਪਾਪ ਹੈ।

ਗੋਰਖ ਨੇ ਕਿਹਾ : ਪਾਗਲ ਹੋਇਆ ਹੈਂ, ਆਤਮਹਤਿਆ ਕੋਈ ਕਰ ਹੀ ਨਹੀਂ ਸਕਦਾ। ਕੋਈ ਮਰ ਹੀ ਨਹੀਂ ਸਕਦਾ। ਮਰਨਾ ਸੰਭਵ ਨਹੀਂ ਹੈ। ਮੈਂ ਤੈਨੂੰ ਕਹਿ ਦਿੰਦਾ ਹਾਂ, ਕਰੋ, ਕਰਕੇ ਬਹੁਤ ਚੌਂਕੋਗੇ (ਹੈਰਾਨ ਹੋਵੋਗੇ) ਕਰਕੇ ਪਾਓਗੇ ਕਿ ਦੇਹ ਤਾਂ ਛੁਟ ਗਈ, ਮੈਂ ਤਾਂ ਉਹੋ-ਜਿਹੇ ਦਾ ਉਹੋ-ਜਿਹਾ ਹਾਂ! ਅਤੇ ਜੇਕਰ ਅਸਲੀ ਆਤਮਹਤਿਆ ਕਰਨੀ ਹੋਵੇ ਤਾਂ ਮੇਰੇ ਕੋਲ ਰੁੱਕ ਜਾ। ਨਿੱਕੀ-ਮੋਟੀ ਖੇਡ ਕਰਨੀ ਹੈ ਤਾਂ ਤੇਰੀ ਮਰਜ਼ੀ—ਕੁੱਦ ਜਾ ਕਿਸੇ ਪਹਾੜੀ ਤੋਂ, ਲਾ ਲੈ ਗਰਦਨ ਵਿਚ ਫਾਂਸੀ। ਅਸਲੀ ਮਰਨਾ ਹੋਵੇ ਤਾਂ ਰੁੱਕ ਜਾ ਮੇਰੇ ਕੋਲ।

ਮੈਂ ਤੈਨੂੰ ਉਹ ਕਲਾ ਦੇਵਾਂਗਾ ਜਿਸ ਨਾਲ ਮਹਾਂਮ੍ਰਿਤਯੂ ਘੱਟਦੀ ਹੈ, ਫ਼ਿਰ ਦੋਬਾਰਾ ਆਉਣਾ ਨਹੀਂ ਹੋ ਸਕੇਗਾ।

ਪਰ ਉਹ ਮਹਾਂਮ੍ਰਿਤਯੂ ਵੀ ਸਿਰਫ਼ ਸਾਨੂੰ ਮਹਾਂਮ੍ਰਿਤਯੂ ਮਾਲੂਮ ਹੁੰਦੀ ਹੈ, ਇਸ ਲਈ ਉਸ ਨੂੰ ਮਿੱਠਾ ਕਹਿ ਰਹੇ ਹਨ।

ਮਰੋ ਵੇ ਜੋਗੀ ਮਰੋ, ਮਰੋ ਮਰਨ ਹੈ ਮੀਠਾ।
ਤਿਸ ਮਰਣੀ ਮਰੋ ਜਿਸ ਮਰਣੀ ਗੋਰਸ਼ ਮਰਿ ਦੀਠਾ॥

ਅਜਿਹੀ ਮ੍ਰਿਤਯੂ ਤੁਹਾਨੂੰ ਸਿਖਾਉਂਦਾ ਹਾਂ, ਗੋਰਖ ਕਹਿੰਦੇ ਹਨ, ਜਿਸ ਮ੍ਰਿਤਯੂ ਤੋਂ ਲੰਘ ਕੇ ਮੈਂ ਜਾਗਿਆ। ਸੌ ਜਾਣ ਦੀ ਮ੍ਰਿਤਯੂ ਹੋਈ ਹੈ, ਮੇਰੀ ਨਹੀਂ। ਅਹੰਕਾਰ ਮਰਿਆ, ਮੈਂ ਨਹੀਂ। ਦਵੈਤ ਮਰਿਆ, ਮੈਂ ਨਹੀਂ। ਦਵੈਤ (ਦੋ ਹੋਣਾ) ਮਰਿਆ ਤਾਂ ਅਦਵੈਤ (ਇੱਕ ਹੋਣਾ) ਦਾ ਜਨਮ ਹੋਇਆ। ਸਮਾਂ ਮਰਿਆ ਤਾਂ ਸ਼ਾਸਵਤੱਾ (ਸਦਾ ਰਹਿਣ ਵਾਲੀ ਜੋਤ) ਮਿਲੀ। ਉਹ ਜਿਹੜਾ ਸ਼ੂਦਰ—ਸੀਮਿਤ ਜੀਵਨ ਸੀ, ਟੁੱਟਿਆ ਤਾਂ ਬੂੰਦ ਸਾਗਰ ਹੋ ਗਈ। ਹਾਂ, ਨਿਸ਼ਚਿਤ ਹੀ ਜਦ ਬੂੰਦ ਸਾਗਰ ਵਿਚ ਡਿਗਦੀ ਹੈ ਤਾਂ ਇੱਕ ਅਰਥ ਵਿਚ ਮਰ ਜਾਂਦੀ ਹੈ, ਬੂੰਦ ਦੇ ਵਾਂਗ ਮਰ ਜਾਂਦੀ ਹੈ ਅਤੇ ਇੱਕ ਅਰਥ ਵਿਚ ਪਹਿਲੀ ਵਾਰ ਮਹਾਂ ਜੀਵਨ ਉਪਲਬੱਧ ਹੁੰਦਾ ਹੈ--ਸਾਗਰ ਦੇ ਵਾਂਗ ਜੀਉਂਦੀ ਹੈ !

ਰਹੀਮ ਦਾ ਵਚਨ ਹੈ : ਬਿੰਦੁ ਭੀ ਸਿੰਧੁ ਸਮਾਨ, ਕੋ ਅਚਰਜ ਕਾਸੋਂ ਕਹੇਂ,
ਹੇਰਨਹਾਰ ਹੈਰਾਨ, ਰਹਿਮਨ ਅਪਨੇ ਆਪਨੇ !

ਰਹੀਮ ਕਹਿੰਦੇ ਹਨ, ਬਿੰਦੂ ਵੀ ਸਿੰਧੂ ਦੇ ਸਮਾਨ ਹੈ। ਕੋ ਅਚਰਜ ਕਾਸੋਂ ਕਹੇਂ ! ਕਿਸ ਨੂੰ ਕਹੀਏ ਕੌਣ ਮੰਨੇਗਾ ! ਗੱਲ ਇੰਨੀ ਵਿਸਮਯਕਾਰੀ (ਹੈਰਾਨ ਕਰਨ ਵਾਲੀ) ਹੈ, ਕੌਣ ਸਵੀਕਾਰ ਕਰੇਗਾ, ਕਿ ਬੂੰਦ ਅਤੇ ਸਿੰਧੂ ਦੇ ਸਮਾਨ (ਬਰਾਬਰ) ਹੈ! ਕਿ ਬੂੰਦ ਸਾਗਰ ਹੈ। ਕਿ ਅਣੂ ਵਿਚ ਪਰਮਾਤਮਾ ਵਿਰਾਜਮਾਨ ਹੈ! ਕਿ ਸ਼ੂਦਰ ਇੱਥੇ ਕੁਝ ਵੀ ਨਹੀਂ ਹੈ !

ਕਿ ਸਭਨਾਂ ਵਿਚ ਸਮਰਾਟ ਸਮਾਵਿਸ਼ਟ (ਸਮਾਇਆ ਹੋਇਆ) ਹੈ !

ਬਿੰਦੂ ਵੀ ਸਿੰਧੂ ਸਮਾਨ, ਕੋ ਅਚਰਜ ਕਾਸੋਂ ਕਹੇਂ। ਅਜਿਹੇ ਅਚਰਜ (ਅਚੰਭਾ) ਦੀ ਗੱਲ ਹੈ, ਕਿਸੇ ਨੂੰ ਆਖੋ, ਕੋਈ ਮੰਨਦਾ ਨਹੀਂ। ਅਚਰਜ ਦੀ ਗੱਲ ਅਜਿਹੀ ਹੈ, ਜਦ ਪਹਿਲੀ ਵਾਰ ਖ਼ੁਦ ਵੀ ਜਾਣਿਆ ਸੀ ਤਾਂ ਮੰਨਣ ਦਾ ਮਨ ਨਹੀਂ ਹੋਇਆ ਸੀ!

ਹੇਰਨ ਹਾਰ ਹੈਰਾਨ...। ਜਦ ਪਹਿਲੀ ਵਾਰ ਖ਼ੁਦ ਦੇਖਿਆ ਸੀ ਤਾਂ ਮੈਂ ਖ਼ੁਦ ਹੀ ਹੈਰਾਨ ਰਹਿ ਗਿਆ ਸੀ। ਹੇਰਨ ਹਾਰ ਹੈਰਾਨ, ਰਹਿਮਨ ਅਪਨੇ ਆਪਨੇ।

ਵੇਖਦਾ ਸੀ ਖ਼ੁਦ ਨੂੰ ਅਤੇ ਹੈਰਾਨ ਹੁੰਦਾ ਸੀ। ਕਿਉਂਕਿ ਮੈਂ ਤਾਂ ਸਦਾ ਜਾਣਿਆ ਸੀ ਕਿ ਸ਼ੂਦਰ ਹਾਂ। ਪਰ ਸ੍ਵੈ ਦਾ ਵਿਰਾਟ ਤਦ ਹੀ ਅਨੁਭਵ ਵਿਚ ਆਉਂਦਾ ਹੈ ਜਦ ਸ਼ੂਦਰ ਦੀਆਂ ਸੀਮਾਵਾਂ (ਕਿਨਾਰੇ) ਕੋਈ ਤੋੜ ਦਿੰਦਾ ਹੈ; ਸ਼ੂਦਰ ਦਾ ਅਤੀਕ੍ਰਮਣ ਕਰਦਾ ਹੈ ਜਦ ਕੋਈ।

ਅਹੰਕਾਰ ਹੋ ਕੇ ਤੁਸੀਂ ਕੁਝ ਕਮਾਇਆ ਨਹੀਂ, ਗੁਆਇਆ ਹੈ। ਅਹੰਕਾਰ ਨਿਰਮਿਤ ਕਰਕੇ (ਪੈਦਾ ਕਰਕੇ) ਤੁਸੀਂ ਕੁਝ ਪਾਇਆ ਨਹੀਂ, ਸਭ ਗੁਆਇਆ ਹੈ। ਬੂੰਦ ਰਹਿ ਗਏ ਹੋ, ਬਹੁਤ ਨਿੱਕੀ ਬੂੰਦ ਰਹਿ ਗਏ ਹੋ। ਜਿੰਨੇ ਆਕੜਦੇ ਹੋ ਉਨੇ ਛੋਟੇ ਹੁੰਦੇ ਜਾਂਦੇ ਹੋ। ਆਕੜਨਾ ਹੋਰ-ਹੋਰ ਅਹੰਕਾਰ ਨੂੰ ਮਜ਼ਬੂਤ ਕਰਦਾ ਹੈ। ਜਿੰਨੇ ਗਲੋਂਗੇ ਉਨੇ ਵੱਡੇ ਹੋ ਜਾਓਗੇ ਜਿੰਨੇ ਪਿਘਲੋਗੇ ਉਨੇ ਵੱਡੇ ਹੋ ਜਾਓਗੇ। ਜੇਕਰ ਬਿਲਕੁੱਲ ਪਿਘਲ ਜਾਓ, ਵਾਸ਼ਪੀਭੂਤ (ਪਿਘਲਣਾ) ਹੋ ਜਾਓ ਤਾਂ ਸਾਰਾ ਆਕਾਸ਼ ਤੁਹਾਡਾ ਹੈ। ਡਿੱਗੋ ਸਾਗਰ ਵਿਚ ਤਾਂ ਤੁਸੀਂ ਸਾਗਰ ਹੋ ਜਾਓ। ਉਠੋ ਆਕਾਸ਼ ਵਿਚ ਵਾਸ਼ਪੀਭੂਤ ਹੋ ਕੇ, ਤਾਂ ਤੁਸੀਂ ਆਕਾਸ਼ ਹੋ ਜਾਓ। ਤੁਹਾਡਾ ਹੋਣਾ ਅਤੇ ਪਰਮਾਤਮਾ ਦਾ ਹੋਣਾ ਇੱਕ ਹੀ ਹੈ।

ਬਿੰਦੂ ਭੀ ਸਿੰਧੂ ਸਮਾਨ, ਕੋ ਅਚਰਜ ਕਾ ਸੋਂ ਕਹੇਂ। ਲੇਕਿਨ ਜਦ ਪਹਿਲੀ ਵਾਰ ਤੁਹਾਨੂੰ ਵੀ ਅਨੁਭਵ ਹੋਏਗਾ, ਤੁਸੀਂ ਵੀ ਇੱਕਦਮ ਗੁੰਗੇ ਹੋ ਜਾਓਗੇ ... ਗੂੰਗੇ ਕੇਰੀ ਸਰਕਰਾ ... ਅਨੁਭਵ ਤਾਂ ਹੋਣ ਲਗੇਗਾ, ਸਵਾਦ ਤਾਂ ਆਉਣ ਲਗੇਗਾ, ਅਮ੍ਰਿਤ ਤਾਂ ਅੰਦਰ ਝਰਨ ਲਗੇਗਾ ਕੰਠ ਵਿਚ, ਪਰ ਕਹਿਣ ਲਈ ਅਖੱਰ ਨਹੀਂ ਮਿਲਣਗੇ। ਕੋ ਅਚਰਜ ਕਾਸੋਂ ਕਹੇਂ ! ਜਿਨ੍ਹਾਂ ਨੇ ਹਿੰਮਤ ਕਰਕੇ ਕਿਹਾ ਅਹਿਮ ਬ੍ਰਹਮਾਸਮਿ, (ਮੈਂ ਬ੍ਰਹਮ ਹਾਂ) ਸੋਚਦੇ ਹੋ ਕੋਈ ਮੰਨਦਾ ਹੈ ?

ਮਨਸੂਰ ਨੇ ਕਿਹਾ : ਅਨਲਹੱਕ, ਕਿ ਮੈਂ ਪਰਮਾਤਮਾ ਹਾਂ। ਸੂਲੀ ਉੱਤੇ ਚਾੜ੍ਹ ਦਿੱਤਾ ਲੋਕਾਂ ਨੇ। ਜੀਸਸ ਨੂੰ ਮਾਰ ਸੁਟਿਆ, ਕਿਉਂਕਿ ਜੀਸਸ ਨੇ ਕਿਹਾ ਕਿ ਉਹ ਜਿਹੜਾ ਆਕਾਸ਼ ਵਿਚ ਹੈ ਮੇਰਾ ਪਿਓ ਅਤੇ ਮੈਂ, ਅਸੀਂ ਦੋਵੇਂ ਇੱਕ ਹੀ ਹਾਂ। ਪਿਓ ਅਤੇ ਪੁੱਤਰ ਦੋ ਨਹੀਂ ਹਨ। ਯਹੂਦੀ ਮਾਫ਼ ਨ ਕਰ ਸਕੇ। ਜਦ ਵੀ ਕਿਸੇ ਨੇ ਘੋਸ਼ਣਾ (ਐਲਾਨ) ਕੀਤੀ ਹੈ ਭਗਵੱਤਾ ਦੀ, ਤਦ ਹੀ ਲੋਕ ਮਾਫ਼ ਨਹੀਂ ਕਰ ਸਕੇ। ਗੱਲ ਹੀ ਅਜਿਹੀ ਹੈ। ਕੋ ਅਚਰਜ ਕਾਸੋਂ ਕਹੇਂ ! ਕਿਸ ਨੂੰ ਕਹਿਣ ਜਾਓ ? ਜਿਸ ਨੂੰ ਕਹੋਗੇ ਉਹ ਹੀ ਇਨਕਾਰ ਕਰਨ ਲਗੇਗਾ। ਕੱਲ੍ਹ ਗੁਰੂਕੁਲ ਕਾਂਗੜੀ ਦੇ ਭੂਤਪੂਰਵ ਉਪਕੁਲਪਤਿ ਸਤਯਵ੍ਰਤ ਦਾ ਆਸ਼੍ਰਮ ਵਿਚ ਆਉਣਾ ਹੋਇਆ। ਦਰਸ਼ਨ ਉਨ੍ਹਾਂ ਨੂੰ ਆਸ਼੍ਰਮ ਵਿਖਾਉਣ ਲੈ ਗਈ। ਸਤਯਵ੍ਰਤ ਨੇ ਉਪਨਿਸ਼ਧ ਉੱਤੇ ਕਿਤਾਬਾਂ ਲਿਖੀਆਂ ਹਨ। ਵੇਦਾਂ ਦੇ ਗਿਆਤਾ (ਜਾਣਕਾਰ) ਹਨ। ਇਸ ਦੇਸ਼ ਵਿਚ ਕੁਝ ਥੋੜ੍ਹੇ ਹੀ ਲੋਗ ਵੇਦ ਨੂੰ ਇੰਨੀ ਗਹਿਰਾਈ ਨਾਲ ਜਾਣਦੇ ਹੋਣਗੇ ਜਿੰਨੀ ਸਤਯਵ੍ਰਤ ਜਾਣਦੇ ਹਨ। ਉਨ੍ਹਾਂ ਦੇ ਵਕਤਵੱਯ (ਵਾਕ), ਉਨ੍ਹਾਂ ਦੇ ਵਿਚਾਰ ਮੈਂ ਪੜ੍ਹੇ ਹਨ, ਪਰ ਉਨ੍ਹਾਂ ਦਾ ਵੀ ਸਵਾਲ ਦਰਸ਼ਨ ਅੱਗੇ ਇਹ ਹੀ ਸੀ ਕਿ ਤੁਸੀਂ ਆਪਣੇ ਗੁਰੂ ਨੂੰ ਭਗਵਾਨ ਕਿਉਂ ਕਹਿੰਦੇ ਹੋ? ਉਨ੍ਹਾਂ ਦਾ ਵੀ ...!

ਅਜਿਹੇ ਸਾਡੇ ਪੰਡਤ ਵਿਚ ਅਤੇ ਅਗਿਆਨੀ ਵਿਚ ਜ਼ਰਾ ਵੀ ਭੇਦ (ਫ਼ਰਕ) ਨਹੀਂ ਹੈ। ਦਰਸ਼ਨ ਨੇ ਠੀਕ ਜਵਾਬ ਦਿੱਤਾ ਉਨ੍ਹਾਂ ਨੂੰ। ਦਰਸ਼ਨ ਨੇ ਕਿਹਾ : ਭਗਵਾਨ ਤਾਂ ਤੁਸੀਂ ਵੀ ਹੋ, ਪਰ ਆਪ ਨੂੰ ਇਸ ਦਾ ਸਮਰਣ (ਚੇਤਾ) ਨਹੀਂ ਹੈ ਅਤੇ ਉਨ੍ਹਾਂ ਨੂੰ ਸਮਰਣ ਆ ਗਿਆ ਹੈ। ਮੂੰਹ ਤੋੜ ਜਵਾਬ ਸੀ, ਦੋ ਟੂਕ ਜਵਾਬ ਸੀ ! ਹੋਰ, ਪੰਡਤ ਜਦ ਕੋਈ ਇਸ ਆਸ਼੍ਰਮ ਵਿਚ ਆਏ ਤਾਂ ਧਿਆਨ ਰਖੱਣਾ, ਅਜਿਹਾ ਹੀ ਠੀਕ-ਠੀਕ ਜਵਾਬ ਦੇਣਾ। ਉਪਨਿਸ਼ੱਦ ਉੱਤੇ ਕਿਤਾਬਾਂ ਲਿਖੀਆਂ ਹਨ ਸਤਯਵ੍ਰਤ ਨੇ ਜ਼ਰੂਰ, ਅਹਿਮ ਬ੍ਰਹਮਾਸਮਿ ਅਖੱਰ ਦੇ ਨੇੜੇ ਆਏ ਹੋਣਗੇ ; ਅਜਿਹਾ ਕੌਣ ਹੈ ਜੋ ਨਹੀਂ ਆਇਆ ਹੈ! ਜ਼ਰੂਰ ਇਹ ਮਹਾਂਵਾਕਯ ਸੋਚਿਆ ਹੋਇਆ, ਵਿਚਾਰਿਆ ਹੋਇਆ: 'ਤੱਤਵਮਸਿ ਸ਼ਵੇਤਕੇਤੂ!' ਹੇ ਸ਼ਵੇਤਕੇਤੂ ਤੂੰ ਉਹ ਹੀ ਹੈ। ਅਤੇ ਇਸ ਉੱਤੇ ਵਿਵੇਚਨ (ਵਿਚਾਰਣਾ) ਵੀ ਕੀਤਾ ਹੋਵੇਗਾ।

ਇਸ ਉੱਤੇ ਵਿਆਖਿਆਨ (ਪ੍ਰਵਚਨ) ਵੀ ਦਿੱਤੇ ਹੋਣਗੇ। ਪਰ ਇਹ ਗੱਲ ਉਪੱਰ-ਉਪੱਰ ਲੰਘ ਗਈ। ਇਨ੍ਹਾਂ ਨਾਲੋਂ ਤਾਂ ਸਿੱਧੀ-ਸਾਦੀ ਦਰਸ਼ਨ ਵਿਚ ਜ਼ਿਆਦਾ ਗਹਿਰੀ ਉਤਰ ਗਈ। ਇਹ ਪੰਡਤ ਹੀ ਰਿਹਾ, ਥੋਥਾ, ਕਚਰੇ ਵਰਗਾ।

ਇਸ ਦਾ ਕੋਈ ਮੁੱਲ ਨਹੀਂ; ਦੋ ਕੌਡੀਆਂ ਇਸ ਦਾ ਮੁੱਲ ਨਹੀਂ ਹੈ। ਉਪਨਿਸ਼ੱਦ ਕਹਿੰਦੇ ਹਨ ਕਿ ਤੁਸੀਂ ਉਹ ਹੀ ਹੋ। ਹੋਰ, ਉਪਨਿਸ਼ੱਦ ਕਹਿੰਦੇ ਹਨ : ਮੈਂ ਬ੍ਰਹਮ ਹਾਂ। ਫ਼ਿਰ ਵੀ ਤੁਸੀਂ ਪੁੱਛੀ ਚਲੇ ਜਾਂਦੇ ਹੋ ਕਿ ਕਿਉਂ ਕਿਸੇ ਨੂੰ ਭਗਵਾਨ ਕਹੀਏ ?

ਮੈਂ ਤੁਹਾਨੂੰ ਪੁੱਛਦਾ ਹਾਂ, ਅਜਿਹਾ ਕੌਣ ਹੈ ਜਿਸ ਨੂੰ ਭਗਵਾਨ ਨ ਕਹੀਏ ?

ਰਾਮਕ੍ਰਿਸ਼ਨ ਤੋਂ ਕਿਸੇ ਨੇ ਪੁੱਛਿਆ : ਭਗਵਾਨ ਕਿੱਥੇ ਹੈ ?

ਤਾਂ ਰਾਮਕ੍ਰਿਸ਼ਨ ਨੇ ਕਿਹਾ : ਇਹ ਨ ਪੁੱਛੋ, ਇਹ ਪੁੱਛੋ ਕਿ ਕਿੱਥੇ ਨਹੀਂ ਹੈ ?

ਨਾਨਕ ਨੂੰ ਕਾਹਬੇ ਦੇ ਪ੍ਰੋਹਿਤ (ਮੌਲਵੀ) ਨੇ ਕਿਹਾ : ਪੈਰ ਹਟਾ ਲਓ ਕਾਹਬੇ ਦੇ ਵਲੋਂ। ਸ਼ਰਮ ਨਹੀਂ ਆਉਂਦੀ ਸਾਧੂ ਹੋ ਕੇ ਪਵਿੱਤ੍ਰ ਮੰਦਰ ਦੇ ਵਲ ਪੈਰ ਕੀਤੇ ਹਨ ? ਨਾਨਕ ਨੇ ਕਿਹਾ : ਤੁਸੀਂ ਮੇਰੇ ਪੈਰ ਉਸ ਪਾਸੇ ਹੱਟਾ ਦਿਓ ਜਿਸ ਪਾਸੇ ਪਵਿੱਤ੍ਰ ਪਰਮਾਤਮਾ ਨ ਹੋਵੇ ! ਮੈਂ ਕੀ ਕਰਾਂ ਕਿੱਥੇ ਪੈਰ ਰੱਖਾਂ ? ਕਿਸੇ ਪਾਸੇ ਤਾਂ ਪੈਰ ਰੱਖਾਂਗਾ, ਪਰ ਉਹ ਤਾਂ ਸਭ ਪਾਸੇ ਮੌਜੂਦ ਹੈ। ਸਭ ਦਿਸ਼ਾਵਾਂ ਨੂੰ ਉਸ ਨੇ ਘੇਰਿਆ ਹੋਇਆ ਹੈ। ਪਰ ਮੈਨੂੰ ਚਿੰਤਾ ਨਹੀਂ ਹੁੰਦੀ, ਨਾਨਕ ਨੇ ਕਿਹਾ, ਕਿਉਂਕਿ ਉਹ ਹੀ ਬਾਹਰ ਹੈ ਉਹ ਹੀ ਅੰਦਰ ਹੈ। ਉਸ ਦਾ ਹੀ ਪਥੱਰ ਹੈ, ਉਸ ਦੇ ਹੀ ਪੈਰ ਹਨ। ਮੈਂ ਵੀ ਕੀ ਕਰਾਂ ? ਮੈਂ ਵਿਚਾਲੇ ਕੌਣ ਹਾਂ ?

ਦਰਸ਼ਨ ਨੇ ਠੀਕ ਕਿਹਾ ਕਿ ਜਾਗ ਜਾਓਗੇ ਤਾਂ ਤੁਹਾਨੂੰ ਵੀ ਪਤਾ ਚਲੇਗਾ ਕਿ ਭਗਵਾਨ ਹੀ ਵਿਰਾਜਮਾਨ ਹੈ। ਇਨ੍ਹਾਂ ਗੱਲਾਂ ਤੋਂ ਹੀ ਮੈਂ ਹੈਰਾਨ ਹੁੰਦਾ ਹਾਂ ਕਿ ਜਿਨ੍ਹਾਂ ਨੂੰ ਅਸੀਂ ਤਥਾਕਥਿਤ ਗਿਆਨੀ ਕਹਿੰਦੇ ਹਾਂ ... ਅਤੇ ਇਹ ਹੀ ਗਿਆਨੀ ਲੋਕਾਂ ਨੂੰ ਚੱਲਾਉਂਦੇ ਹਨ! ਅੰਨ੍ਹਾਂ-ਅੰਨ੍ਹਾਂ ਠੇਲਿਆ, ਦੋਨੋਂ ਕੂਪ ਪਤੰਤ। ਵਡੀਆਂ-ਵਡੀਆਂ ਉਪਾਧੀਆਂ ਹਨ—ਸਤਯਵ੍ਰਤ ਸਿੱਧਾਂਤਾਲੰਕਾਰ—ਸਿੱਧਾਂਤ ਦੇ ਜਾਨਣ ਵਾਲੇ !

ਸਿੱਧੀ ਦੇ ਬਿਨਾਂ ਕੋਈ ਸਿੱਧਾਂਤ ਨੂੰ ਨਹੀਂ ਜਾਣਦਾ। ਸ਼ਾਸਤ੍ਰ ਪੜ੍ਹਕੇ ਕੋਈ ਸਿੱਧਾਂਤ ਨਹੀਂ ਜਾਣੇ ਜਾਂਦੇ—ਸ੍ਵੈ ਵਿਚ ਉਤਰ ਕੇ ਜਾਣੇ ਜਾਂਦੇ ਹਨ।

ਬਿੰਦੂ ਭੀ ਸਿੰਧੂ ਸਮਾਨ, ਕੋ ਅਚਰਜ ਕਾਸੋਂ ਕਹੋਂ।
ਹੇਰਨਹਾਰ ਹੈਰਾਨ, ਰਹਿਮਨ ਅਪਣੇ ਆਪਣੇ।

ਰਹੀਮ ਕਹਿੰਦੇ ਹਨ : ਆਪਣੇ ਅੰਦਰ ਦੇਖਿਆ ਤਾਂ ਮੈਂ ਖ਼ੁਦ ਹੀ ਹੈਰਾਨ ਰਹਿ ਗਿਆ ਹਾਂ ; ਚਕਿੱਤ—ਅਵਾਕ! ਖ਼ੁਦ ਹੀ ਭਰੋਸਾ ਨਹੀਂ ਆ ਰਿਹਾ ਕਿ ਮੈਂ ਅਤੇ ਪਰਮਾਤਮਾ! ਇਹ ਜੋ ਉੱਠ ਰਹੀ ਹੈ ਵਾਣੀ ਅੰਦਰੋਂ, ਅਨਲਹੱਕ ਦਾ ਨਾਦ ਉਠ ਰਿਹਾ ਹੈ, ਇਹ ਜੋ ਅਹੰ ਬ੍ਰਹਮਾਸਮਿ ਦੀ ਗੂੰਜ ਆ ਰਹੀ ਹੈ, ਇਹ ਜੋ 'ਓਂਕਾਰ' ਜੱਗ ਰਿਹਾ ਹੈ—ਮੈਨੂੰ ਹੀ ਭਰੋਸਾ ਨਹੀਂ ਆਉਂਦਾ ਕਿ ਮੈਂ, ਰਹੀਮ ਮੈਂ, ਮੇਰੇ ਵਰਗਾ ਸ਼ੂਦਰ ਸਾਧਾਰਣ ਆਦਮੀ ... ਮੈਂ ਅਤੇ ਭਗਵਾਨ! ਬਿੰਦੂ ਭੀ ਸਿੰਧੂ ਸਮਾਨ! ਹੁਣ ਮੈਂ ਕਿਸ ਨੂੰ ਕਹਾਂ, ਖ਼ੁਦ ਹੀ ਭਰੋਸਾ ਨਹੀਂ ਆਉਂਦਾ ਤਾਂ ਕਿਸ ਨੂੰ ਕਹਾਂ? ਇਸ ਦਾ ਹੀ ਭਰੋਸਾ ਤੁਹਾਨੂੰ ਦਿਲਾਉਂਣ ਲਈ ਇੱਥੇ ਮੈਂ ਬੈਠਾ ਹਾਂ। ਇਹ ਭਰੋਸਾ ਆ ਜਾਏ ਤਾਂ ਸਮਝਣਾ ਸਤਸੰਗ ਹੋਇਆ। ਮੇਰੇ ਕੋਲ ਬੈਠ ਕੇ ਸਿੱਧਾਂਤ-ਅਲੰਕਾਰ ਨ ਬਣ ਜਾਣਾ। ਸਿੱਧ ਬਣੋ, ਇਸ ਤੋਂ ਘੱਟ ਵਿਚ ਤਾਂ ਕੁਝ ਵੀ ਨਹੀਂ ਹੋਵੇਗਾ। ਇਸ ਤੋਂ ਘੱਟ ਦਾ ਕੋਈ ਮੁੱਲ ਨਹੀਂ ਹੈ। ਮਰਨ ਦੀ ਕਲਾ ਸਿੱਖੋ।

ਮਰੋ ਹੇ ਜੋਗੀ ਮਰੋ! ਬੂੰਦ ਦੀ ਤਰ੍ਹਾਂ ਮਰੋ ਤੇ ਸਮੁੰਦਰ ਦੇ ਵਾਂਗ ਹੋ ਜਾਓ। ਮ੍ਰਤਯੂ ਦੀ ਕਲਾ ਹੀ ਮਹਾਂਜੀਵਨ ਨੂੰ ਪਾਉਂਣ ਦੀ ਕਲਾ ਹੈ।

ਬਸਤੀ ਨ ਸੁਨਯੰ ਸੁਨਯੰ ਨ ਬਸਤੀ ਅਗਮ ਅਗੋਚਰ ਐਸਾ ।
ਗਗਨ ਸਿਸ਼ਰ ਮਹਿੰ ਬਾਲਕ ਬੋਲੇ ਤਾਕਾ ਨਾਂਵ ਧਰਹੁਗੇ ਕੈਸਾ ॥

ਬਸਤੀ ਨ ਸੁਨਯੰ ... ਨ ਤਾਂ ਅਸੀਂ ਕਹਿ ਸਕਦੇ ਹਾਂ ਪਰਮਾਤਮਾ ਹੈ ਅਤੇ ਨ ਕਹਿ ਸਕਦੇ ਹਾਂ ਨਹੀਂ ਹੈ। ਸੋਚਣਾ—ਵਿਚਾਰਨਾ। ਪਰਮਾਤਮਾ ਨਹੀਂ ਅਤੇ ਹੈ, ਦੋਹਾਂ ਦਾ ਜੋੜ ਹੈ, ਇਸ ਲਈ ਦੋਹਾਂ ਦੇ ਪਾਰ ਹੈ। ਨ ਤਾਂ ਆਸਤੱਕ ਜਾਣਦਾ ਹੈ ਉਸ ਨੂੰ, ਨ ਨਾਸਤੱਕ ਜਾਣਦਾ ਹੈ ਉਸ ਨੂੰ। ਨ ਤਾਂ ਆਸਤੱਕ ਧਾਰਮਕ ਹੈ, ਨ ਨਾਸਤੱਕ। ਅਗਰਚੇ: ਨਾਸਤੱਕ ਤਾਂ ਧਾਰਮਕ ਹੈ ਹੀ ਨਹੀਂ; ਤੁਸੀਂ ਜਿਸ ਨੂੰ ਆਸਤੱਕ ਕਹਿੰਦੇ ਹੋ ਉਹ ਵੀ ਧਾਰਮਕ ਨਹੀਂ ਹੈ। ਤੁਹਾਡੇ ਆਸਤੱਕ ਅਤੇ ਨਾਸਤੱਕ ਦੋਵੇਂ ਇੱਕ ਹੀ ਸਿੱਕੇ ਦੇ ਦੋ ਪਹਿਲੂ (ਪਾਸੇ) ਹਨ। ਆਸਤੱਕ ਕਹਿੰਦਾ ਹੈ—ਹੈ; ਨਾਸਤੱਕ ਕਹਿੰਦਾ ਹੈ—ਨਹੀਂ ਹੈ। ਦੋਹਾਂ ਨੇ ਅੱਧਾ-ਅੱਧਾ ਚੁਣਿਆ ਹੈ। ਪਰਮਾਤਮਾ ਹੈ ਅਤੇ ਨਹੀਂ ਹੈ। ਦੋਵੇਂ ਨਾਲ-ਨਾਲ, ਇਕੱਠੇ, ਯੁਗ ਪਤ। ਉਸ ਦੇ ਹੋਣ ਦਾ ਢੰਗ, ਨਹੀਂ ਹੋਣ ਦਾ ਢੰਗ ਹੈ। ਉਸ ਦੀ ਪੂਰਣਤਾ ਸ਼ੂਨਯ ਦੀ ਪੂਰਣਤਾ ਹੈ। ਉਸ ਦੀ ਉਪਸਥਿਤੀ (ਹੋਂਦ) ਅਨਉਪਸਥਿਤੀ ਵਰਗੀ ਹੈ। ਪਰਮਾਤਮਾ ਵਿਚ ਸਾਰੇ ਵਿਰੋਧ, ਸਾਰੇ ਵਿਰੋਧਾਭਾਸ ਸਮਾਹਿਤ (ਸ਼ਾਮਿਲ) ਹੁੰਦੇ ਹਨ।

ਅਤੇ ਇਹ ਸਭ ਤੋਂ ਬੁਨਿਆਦੀ ਵਿਰੋਧ ਹੈ : ਹੈ ਜਾਂ ਨਹੀਂ ? ਜੇਕਰ ਕਹੋ ਹੈ, ਤਾਂ ਅੱਧਾ ਹੀ ਰਹਿ ਜਾਏਗਾ। ਫ਼ਿਰ ਜ਼ਦ ਚੀਜ਼ਾਂ ਨਹੀਂ ਰਹਿ ਜਾਂਦੀਆਂ ਤਾਂ ਕਿੱਥੇ ਜਾਂਦੀਆਂ ਹਨ? ਨਹੀਂ ਹੋ ਕੇ ਵੀ ਤਾਂ ਕਿਤੇ ਹੁੰਦੀਆਂ ਹੋਣਗੀਆਂ। ਨਹੀਂ ਹੋ ਕੇ ਵੀ ਤਾਂ ਕਿਤੇ ਬਣੀਆਂ ਰਹਿੰਦੀਆਂ ਹੋਣਗੀਆਂ।

ਇੱਕ ਦਰਖ਼ੱਤ ਹੈ, ਵੱਡਾ ਦਰਖ਼ੱਤ ਹੈ। ਉਸ ਉੱਤੇ ਇੱਕ ਬੀਜ ਲਗਾ ਹੈ। ਦਰਖ਼ੱਤ ਮਰ ਜਾਏਗਾ, ਹੁਣ ਤੁਸੀਂ ਬੀਜ ਨੂੰ ਬੀ ਦਿਓ ਫ਼ਿਰ ਦਰਖ਼ੱਤ ਹੋ ਜਾਏਗਾ। ਬੀ ਕੀ ਸੀ ? ਦਰਖ਼ੱਤ ਦਾ ਨ ਹੋਣਾ ਸੀ, ਦਰਖ਼ੱਤ ਦਾ ਨਹੀਂ ਰੂਪ ਸੀ। ਜੇਕਰ ਤੁਸੀਂ ਬੀ ਨੂੰ ਤੋੜਦੇ ਅਤੇ ਲਭੱਦੇ ਤਾਂ ਦਰਖ਼ੱਤ ਤੁਹਾਨੂੰ ਮਿਲਣ ਵਾਲਾ ਨਹੀਂ ਸੀ। ਤੁਸੀਂ ਕਿੰਨੀ ਹੀ ਖੋਜ ਕਰੋ, ਬੀ ਵਿਚ ਦਰਖ਼ੱਤ ਨਹੀਂ ਲੱਭੇਗਾ, ਦਰਖ਼ੱਤ ਕਿੱਥੇ ਗਿਆ ? ਲੇਕਿਨ ਕਿਸੇ ਨ ਕਿਸੇ ਅਰਥ ਵਿਚ ਬੀ ਵਿਚ ਦਰਖ਼ੱਤ ਲੁੱਕਿਆ ਹੈ।

ਹੁਣ ਬਗ਼ੈਰ-ਪ੍ਰਗਟਾਵ ਹੋ ਕੇ ਲੁੱਕਿਆ ਹੈ। ਤਦ ਉਹ ਉਪਸਥਿਤ ਹੋ ਕੇ ਪ੍ਰਗਟ ਹੋਇਆ ਸੀ। ਹੁਣ ਅਨਉਪਸਥਿਤ ਹੋ ਕੇ ਲੁੱਕਿਆ ਹੈ। ਬੀਜ ਨੂੰ ਫ਼ਿਰ ਬੀ ਦਿਓ ਧਰਤੀ ਵਿਚ, ਫ਼ਿਰ ਸਮਯਕ ਸੁਵਿਧਾ (ਚੰਗੀ ਤਰ੍ਹਾਂ ਦੇਖ-ਰੇਖ) ਜੁਟਾ ਦਿਓ, ਫ਼ਿਰ ਦਰਖ਼ੱਤ ਹੋ ਜਾਏਗਾ। ਅਤੇ ਧਿਆਨ ਰਖੱਣਾ, ਜਦ ਦਰਖ਼ੱਤ ਹੋਇਆ, ਤਾਂ ਬੀ ਗੁਆਚ ਜਾਏਗਾ; ਦੋਵੇਂ ਇੱਕਠੇ ਨਹੀਂ ਹੋਣਗੇ। ਦਰਖ਼ੱਤ ਮੁਕਦਾ ਹੈ, ਬੀ ਹੋ ਜਾਂਦਾ ਹੈ, ਬੀ ਮੁਕਦਾ ਹੈ ਦਰਖ਼ੱਤ ਹੋ ਜਾਂਦਾ ਹੈ। ਇਹ ਇੱਕ ਹੀ ਸਿੱਕੇ ਦੇ ਦੋ ਪਹਿਲੂ ਹਨ। ਤੁਸੀਂ ਦੋਵੇਂ ਪਹਿਲੂ ਇਕੱਠੇ ਨਹੀਂ ਵੇਖ ਸਕਦੇ, ਜਾ ਕਿ ਵੇਖ ਸਕਦੇ ਹੋ? ਤੁਸੀਂ ਕੋਸ਼ਿਸ਼ ਕਰਨਾ, ਸਿੱਕਾ ਤਾਂ ਨਿੱਕੀ-ਜਿਹੀ ਚੀਜ਼ ਹੈ ਹਥ ਵਿਚ ਰੱਖਿਆ ਜਾ ਸਕਦਾ ਹੈ। ਦੋਵੇਂ ਪਹਿਲੂ ਪੂਰੇ ਇਕੱਠੇ ਵੇਖਣ ਦੀ ਕੋਸ਼ਿਸ਼ ਕਰਨਾ। ਤੁਸੀਂ ਮੁਸ਼ਕਿਲ ਵਿਚ ਪੈ ਜਾਓਗੇ।

ਜਦ ਇੱਕ ਪਾਸਾ ਵੇਖੋਗੇ, ਦੂਜਾ ਨਹੀਂ ਵਿਖਾਈ ਦੇਵੇਗਾ। ਜਦ ਦੂਜਾ ਵੇਖੋਗੇ, ਪਹਿਲਾ ਗੁਆਚ ਜਾਏਗਾ। ਲੇਕਿਨ ਪਹਿਲੇ ਦੇ ਗੁੰਮ ਹੋ ਜਾਣ ਨਾਲ ਕੀ ਤੁਸੀਂ ਆਖੋਗੇ ਕਿ ਦੂਜਾ ਨਹੀਂ ਹੈ?

ਸ੍ਰਸ਼ਟਿ ਵੀ ਪਰਮਾਤਮਾ ਦਾ ਰੂਪ ਹੈ, ਪ੍ਰਲਯ ਵੀ। ਉਸ ਦਾ ਇੱਕ ਰੂਪ ਹੈ, ਜ਼ਾਹਿਰ ਹੋਣਾ ਅਤੇ ਜ਼ਾਹਿਰ ਨ ਹੋਣਾ, ਇੱਕ ਰੂਪ ਹੈ। ਜਦ ਤੁਸੀਂ ਤਾਰ ਛੇੜ ਦਿੰਦੇ ਹੋ ਵੀਣਾ ਦੇ ਸੰਗੀਤ ਜਗਦਾ ਹੈ।

ਹੁਣੇ-ਹੁਣੇ ਕਿੱਥੇ ਸੀ, ਛਣ-ਭਰ ਪਹਿਲਾਂ ਕਿੱਥੇ ਸੀ? ਸ਼ੂਨਯ ਵਿਚ ਸੀ। ਸੀ ਤਾਂ ਜ਼ਰੂਰ; ਨ ਹੁੰਦਾ ਤਾਂ ਪੈਦਾ ਨਹੀਂ ਹੋ ਸਕਦਾ ਸੀ। ਲੁੱਕਿਆ ਪਿਆ ਸੀ, ਕਿਸੇ ਗਹਿਰੀ ਗੁਫ਼ਾ ਵਿਚ। ਤੁਸੀਂ ਤਾਰ ਕੀ ਛੇੜੇ, ਪੁਕਾਰ ਦੇ ਦਿੱਤੀ। ਤੁਸੀਂ ਤਾਰ ਛੇੜ ਕੇ ਪ੍ਰੇਰਨਾ ਦੇ ਦਿੱਤੀ। ਗੀਤ ਤਾਂ ਸੁੱਤਾ ਪਿਆ ਸੀ, ਜਾਗ ਉਠਿਆ। ਸੰਗੀਤਕਾਰ ਸਵੱਰ ਪੈਦਾ ਨਹੀਂ ਕਰਦਾ, ਸਿਰਫ਼ ਜਗਾਉਂਦਾ ਹੈ—ਸੁੱਤੇ ਨੂੰ ਜਗਾਉਂਦਾ ਹੈ। ਕੌਣ ਸਵਰ ਪੈਦਾ ਕਰੇਗਾ ? ਸਵਰ ਪੈਦਾ ਕਰਨ ਦਾ ਕੋਈ ਉਪਾਇ ਨਹੀਂ ਹੈ।

ਇਸ ਜਗਤ ਵਿਚ ਨ ਤਾਂ ਕੋਈ ਚੀਜ਼ ਬਣਾਈ ਜਾ ਸਕਦੀ ਹੈ ਅਤੇ ਨ ਮਿਟਾਈ ਜਾ ਸਕਦੀ ਹੈ। ਹੁਣ ਤਾਂ ਵਿਗਿਆਨ ਵੀ ਇਸ ਗੱਲ ਨਾਲ ਸਹਿਮਤ ਹੈ। ਤੁਸੀਂ ਰੇਤ ਦੇ ਇੱਕ ਨਿੱਕੇ-ਜਿਹੇ ਕਣ ਨੂੰ ਵੀ ਮਿਟਾ ਨਹੀਂ ਸਕਦੇ ਅਤੇ ਨ ਬਣਾ ਸਕਦੇ ਹੋ। ਨ ਕੁਝ ਬਣਾਇਆ ਜਾ ਸਕਦਾ ਹੈ, ਨ ਕੁਝ ਘਟਾਇਆ ਜਾ ਸਕਦਾ ਹੈ। ਜਗਤ ਓਨਾ ਹੀ ਹੈ ਜਿੰਨਾ ਹੈ, ਲੇਕਿਨ ਫ਼ਿਰ ਵੀ ਚੀਜ਼ਾਂ ਬਣਦੀਆਂ ਅਤੇ ਮਿਟਦੀਆਂ ਹਨ। ਤਾਂ ਇਸ ਦਾ ਅਰਥ ਹੋਇਆ, ਜਿਸ ਤਰ੍ਹਾਂ ਪਰਦੇ ਦੇ ਪਿੱਛੇ ਚਲੇ ਜਾਂਦੇ ਹਨ—ਰਾਮਲੀਲ੍ਹਾ ਦੇ ਖੇਡ ਕਰਨ ਵਾਲੇ ਲੋਗ, ਫ਼ਿਰ ਪਰਦੇ ਤੋਂ ਬਾਹਰ ਆ ਜਾਂਦੇ ਹਨ। ਪਰਦਾ ਉਠਿਆ, ਅਤੇ ਪਰਦਾ ਡਿਗਿਆ। ਬ੍ਰਿੱਛ ਪਰਦੇ ਦੀ ਓਟ ਚੱਲਾ ਗਿਆ, ਬੀ ਹੋ ਗਿਆ।

ਪਰਦਾ ਉਠਿਆ ਬੀ ਫ਼ਿਰ ਬ੍ਰਿੱਛ ਹੋ ਗਿਆ।

ਜਦ ਤੁਸੀਂ ਇੱਕ ਵਿਅਕਤੀ ਨੂੰ ਮਰਦੇ ਵੇਖਦੇ ਹੋ ਤਾਂ ਤੁਸੀਂ ਕੀ ਵੇਖ ਰਹੇ ਹੋ? ਪਰਮਾਤਮਾ ਦਾ 'ਨਹੀਂ ਰੂਪ' ਹੁਣ ਸੀ, ਹੁਣੇ ਨਹੀਂ ਹੈ। ਸੋ ਜੋ ਸੀ ਉਹ ਹੀ ਨਹੀਂ ਹੋ ਜਾਂਦਾ ਹੈ, ਅਤੇ ਜੋ 'ਨਹੀਂ' ਹੈ ਉਹ ਹੀ ਫ਼ਿਰ 'ਹੈ' ਹੋ ਜਾਏਗਾ। ਆਸਤੱਕ ਵੀ ਅੱਧੇ ਨੂੰ ਚੁਣਦਾ ਹੈ। ਨਾਸਤੱਕ ਵੀ ਅੱਧੇ ਨੂੰ ਚੁਣਦਾ ਹੈ। ਦੋਹਾਂ ਵਿਚ ਕੁਝ ਫ਼ਰਕ ਨਹੀਂ। ਤਰਾਜ਼ੂ (ਤਕੜੀ) ਦੇ ਇੱਕ-ਇੱਕ ਪਲੜੇ ਨੂੰ ਚੁਣ ਲਿਆ ਹੈ ਦੋਹਾਂ ਨੇ। ਦੋਹਾਂ ਨੇ ਤਕੜੀ ਤੋੜ ਦਿੱਤੀ ਹੈ। ਤਕੜੀ ਦੇ ਦੋਵੇਂ ਪਲੜੇ ਚਾਹੀਦੇ ਹਨ। ਤਕੜੀ ਦੋਹਾਂ ਪਲੜਿਆਂ ਦਾ ਜੋੜ ਹੈ ਅਤੇ ਜੋੜ ਤੋਂ ਕੁਝ ਜ਼ਿਆਦਾ ਵੀ।

ਪਰਮਾਤਮਾ ਹੈ ਅਤੇ ਨਹੀਂ ਦਾ ਜੋੜ ਹੈ ਅਤੇ ਦੋਨਾਂ ਤੋਂ ਕੁਝ ਜ਼ਿਆਦਾ ਵੀ। ਆਸਤੱਕ ਵੀ ਭੈ-ਭੀਤ ਹੈ, ਨਾਸਤੱਕ ਵੀ ਭੈ-ਭੀਤ ਹੈ। ਤੁਸੀਂ ਆਸਤੱਕ ਅਤੇ ਨਾਸਤੱਕ ਦੇ ਭੈਅ ਨੂੰ ਜੇਕਰ ਸਮਝੋਗੇ ਤਾਂ ਤੁਹਾਨੂੰ ਇੱਕ ਵੱਡੀ ਹੈਰਾਨੀ ਦੀ ਗੱਲ ਪਤਾ ਚਲੇਗੀ ਕਿ ਦੋਹਾਂ ਵਿਚ ਜ਼ਰਾ-ਕੁ ਵੀ ਭੇਦ ਨਹੀਂ ਹੈ; ਦੋਹਾਂ ਦੀ ਬੁਨਿਆਦੀ ਆਧਾਰ ਸ਼ਿਲਾ ਭੈਅ ਹੈ। ਆਸਤੱਕ ਭੈ-ਭੀਤ ਹੈ ਕਿ ਪਤਾ ਨਹੀਂ ਮਰਨ ਦੇ ਬਾਦ ਕੀ ਹੋਵੇ ਪਤਾ ਨਹੀਂ ਜਨਮ ਤੋਂ ਪਹਿਲਾਂ ਕੀ ਸੀ! ਪਤਾ ਨਹੀਂ, ਇਕੱਲਾ ਰਹਿ ਜਾਵਾਂਗਾ, ਪਤਨੀ ਛੁਟ ਜਾਏਗੀ, ਮਿੱਤ੍ਰ ਛੁਟ ਜਾਣਗੇ, ਪਿਤਾ ਛੁਟ ਜਾਏਗਾ, ਮਾਂ ਛੁਟ ਜਾਏਗੀ, ਪਰਿਵਾਰ ਛੁਟ ਜਾਏਗਾ। ਸਭ ਵਸਾਇਆ ਸੀ; ਸਭ ਛੁਟ ਜਾਵੇਗਾ! ਇਕੱਲਾ ਰਹਿ ਜਾਵਾਂਗਾ ਨਿਰਜਨ ਦੀ ਯਾਤ੍ਰਾ ਉੱਤੇ। ਕੌਣ ਮੇਰਾ ਸੰਗੀ,

ਕੌਣ ਮੇਰਾ ਸਾਥੀ! ਪਰਮਾਤਮਾ ਨੂੰ ਮੰਨ ਲਵੇ, ਉਸ ਦਾ ਭਰੋਸਾ ਸਾਥ ਦੇਵੇਗਾ। ਉਹ ਤਾਂ ਨਾਲ ਹੋਵੇਗਾ! ਆਸਤੱਕ ਵੀ ਡਰ ਦੇ ਕਾਰਣ ਪਰਮਾਤਮਾ ਨੂੰ ਮੰਨ ਰਿਹਾ ਹੈ। ਮੰਦਰ-ਮਸਜਿਦਾਂ ਵਿਚ ਜੋ ਲੋਗ ਝੁਕੇ ਹਨ ਘੁਟਨਿਆਂ ਦੇ ਬਲ ਅਤੇ ਪ੍ਰਾਰਥਨਾ ਕਰ ਰਹੇ ਹਨ, ਉਨ੍ਹਾਂ ਦੀਆਂ ਪ੍ਰਾਰਥਨਾਵਾਂ ਭੈਅ ਚੋਂ ਨਿਕਲ ਰਹੀਆਂ ਹਨ। ਅਤੇ ਜਦ ਵੀ ਪ੍ਰਾਰਥਨਾ ਭੈਅ ਤੋਂ ਨਿਕਲਦੀ ਹੈ, ਗੰਦੀ ਹੋ ਜਾਂਦੀ ਹੈ। ਤੁਹਾਡੀ ਪ੍ਰਾਰਥਨਾ ਦੇ ਕਾਰਣ ਮੰਦਰ ਵੀ ਗੰਦੇ ਹੋ ਗਏ ਹਨ। ਤੁਹਾਡੀਆਂ ਪ੍ਰਾਰਥਨਾਵਾਂ ਦੀ ਗੰਦਗੀ ਦੇ ਕਾਰਣ ਮੰਦਰ ਵੀ ਰਾਜਨੀਤੀ ਦੇ ਅੱਡੇ ਹੋ ਗਏ ਹਨ। ਉੱਥੇ ਵੀ ਲੜਾਈ-ਝਗੜਾ ਹੈ, ਹਿੰਸਾ-ਵੈਮਨੱਸਯ ਹੈ, ਪ੍ਰਤਿਸਪ੍ਰਧਾ (ਈਰਖਾ) ਹੈ। ਮੰਦਰ ਅਤੇ ਮਸਜਿਦ ਸਿਵਾਇ ਲੜਵਾਨ ਦੇ ਹੋਰ ਕੋਈ ਕੰਮ ਕਰਦੇ ਹੀ ਨਹੀਂ ਹਨ।

ਆਸਤੱਕ ਭੈ-ਭੀਤ ਹੈ। ਨਾਸਤੱਕ ਵੀ, ਮੈਂ ਕਹਿੰਦਾ ਹਾਂ, ਭੈ-ਭੀਤ ਹੈ, ਸੋ ਤੁਸੀਂ ਥੋੜ੍ਹਾ ਚੌਂਕੋਗੇ। ਕਿਉਂਕਿ ਆਮ ਤੌਰ ਤੇ ਤਾਂ ਲੋਗ ਸੋਚਦੇ ਹਨ, ਕਿ ਨਾਸਤੱਕ ਭੈ-ਭੀਤ ਹੁੰਦਾ ਤਾਂ ਪਰਮਾਤਮਾ ਨੂੰ ਮੰਨ ਲੈਂਦਾ। ਲੋਕ ਕੋਸ਼ਿਸ਼ ਕਰਕੇ ਹਾਰ ਚੁੱਕੇ ਹਨ ਉਸ ਨੂੰ ਡੌਰਾ-ਡੌਰਾ ਕੇ, ਉਸ ਨੂੰ ਡੌਰਾਉਂਦੇ ਹਨ ਨਰਕ ਕੋਲੋਂ। ਉੱਥੋਂ ਦੇ ਵੱਡੇ-ਵੱਡੇ ਦ੍ਰਿਸ਼ਯ (ਨਜ਼ਾਰਾ) ਖਿਚਦੇ ਹਨ—ਬਹੁਤ ਵਿਹੰਗਮ ਦ੍ਰਸ਼ਯ। (ਵੱਡੇ ਪੰਛੀਆਂ ਦੇ ਨਜ਼ਾਰੇ) ਬਿਲਕੁੱਲ ਤਸਵੀਰ ਖੜ੍ਹੀ ਕਰ ਦਿੰਦੇ ਹਨ ਨਰਕ ਦੀ—ਅੱਗ ਦੀਆਂ ਲਪਟਾਂ, ਤਪਦੇ ਹੋਏ ਕੜਾਹੇ, ਵੀਭੱਸਤ ਸ਼ੈਤਾਨ (ਡੌਰਾਵਣੇ ਸ਼ੈਤਾਨ)! ਸਤਾਉਣਗੇ ਬੁਰੀ ਤਰ੍ਹਾਂ, ਮਾਰਨਗੇ ਬੁਰੀ ਤਰ੍ਹਾਂ, ਅੱਗ ਵਿਚ ਸਾੜਨਗੇ ਬੁਰੀ ਤਰ੍ਹਾਂ। ਇੰਨਾ ਡੌਰਵਾਉਂਦੇ ਹਨ, ਫ਼ਿਰ ਵੀ ਨਾਸਤੱਕ ਮੰਨਦਾ ਨਹੀਂ ਹੈ ਈਸ਼ਵਰ ਨੂੰ, ਤਾਂ ਲੋਕ ਸੋਚਦੇ ਹਨ ਸ਼ਾਇਦ ਨਾਸਤੱਕ ਬਹੁਤ ਨਿਡੌਰ ਹੈ। ਗੱਲ ਗਲਤ ਹੈ। ਜਿਹੜੇ ਮਨਸ (ਮਨੁੱਖ) ਦੀ ਖੋਜ ਵਿਚ ਡੂੰਘੇ ਜਾਣਗੇ ਉਹ ਪਾਉਣਗੇ ਕਿ ਨਾਸਤੱਕ ਵੀ ਈਸ਼ਵਰ ਨੂੰ ਇਸ ਲਈ ਇਨਕਾਰ ਕਰ ਰਿਹਾ ਹੈ ਕਿ ਉਹ ਭੈ-ਭੀਤ ਹੈ। ਉਸ ਦੀ ਨਾਂਹ ਭੈਅ ਤੋਂ ਹੀ ਨਿਕਲ ਰਹੀ ਹੈ। ਜੇਕਰ ਈਸ਼ਵਰ ਹੈ ਤਾਂ ਉਹ ਡੌਰਦਾ ਹੈ। ਤਾਂ ਫ਼ਿਰ ਨਰਕ ਵੀ ਹੋਵੇਗਾ। ਤਾਂ ਫ਼ਿਰ ਸੁਵਰਗ ਵੀ ਹੋਵੇਗਾ। ਤਾਂ ਫ਼ਿਰ ਪਾਪ ਵੀ ਹੋਵੇਗਾ, ਪੁੰਨ ਵੀ ਹੋਵੇਗਾ।

ਜੇਕਰ ਈਸ਼ਵਰ ਹੈ ਤਾਂ ਕਿਸੇ ਦਿਨ ਜਵਾਬ ਵੀ ਦੇਣਾ ਹੋਇਗਾ।

ਜੇਕਰ ਈਸ਼ਵਰ ਹੈ ਤਾਂ ਫ਼ਿਰ ਕੋਈ ਅੱਖ ਸਾਨੂੰ ਵੇਖ ਰਹੀ ਹੈ, ਕੋਈ ਸਾਨੂੰ ਪਰਖ ਰਿਹਾ ਹੈ; ਕਿਤੇ ਸਾਡੇ ਜੀਵਨ ਦਾ ਲੇਖਾ-ਜੋਖਾ ਰੱਖਿਆ ਜਾ ਰਿਹਾ ਹੈ ਅਤੇ ਅਸੀਂ ਕਿਸੇ ਦੇ ਸਾਹਮਣੇ ਉੱਤਰਦਾਈ (ਜਵਾਬ ਦੇਣ ਵਾਲੇ) ਹਾਂ ਅਤੇ ਅਸੀਂ ਇਵੇਂ ਹੀ ਬਚ ਨਹੀਂ ਨਿਕਲਾਂਗੇ

ਜੇਕਰ ਈਸ਼ਵਰ ਹੈ ਤਾਂ ਫ਼ਿਰ ਸਾਨੂੰ ਆਪਣੇ ਆਪ ਨੂੰ ਬਦਲਣਾ ਪਵੇਗਾ।

ਫ਼ਿਰ ਸਾਨੂੰ ਇਸ ਢੰਗ ਨਾਲ ਜੀਉਣਾ ਹੋਏਗਾ ਕਿ ਅਸੀਂ ਉਸ ਦੇ ਸਾਹਮਣੇ ਸਿਰ ਚੁੱਕ ਕੇ ਖਲ੍ਹੋ ਸਕੀਏ।

ਹੋਰ, ਜੇਕਰ ਈਸ਼ਵਰ ਹੈ ਤਾਂ ਇੱਕ ਹੋਰ ਘਬਰਾਹਟ ਪਕੜਦੀ ਹੈ, ਨਾਸਤੱਕ ਨੂੰ। ਜੇਕਰ ਈਸ਼ਵਰ ਹੈ ਤਾਂ ਮੈਨੂੰ ਉਸ ਨੂੰ ਲਭਣਾ ਵੀ ਹੋਇਗਾ, ਜੀਵਨ ਦਾਅ ਉੱਤੇ ਲਗਾਣਾ ਹੋਇਗਾ। ਇਹ ਸਸਤਾ ਸੌਦਾ ਨਹੀਂ ਹੈ। ਚੰਗਾ ਇਹ ਹੀ ਹੋਵੇ, ਕਿ ਈਸ਼ਵਰ ਨ ਹੋਵੇ, ਤਾਂ ਛੁਟਕਾਰਾ ਹੋਇਆ। ਈਸ਼ਵਰ ਦੇ ਨਾਲ ਹੀ ਛੁਟਕਾਰਾ ਹੋ ਗਿਆ—ਸਵਰਗ ਤੋਂ ਵੀ, ਨਰਕ ਤੋਂ ਵੀ।

ਨ ਨਰਕ ਦਾ ਡੌਰ ਰਿਹਾ ਨ ਸਵਰਗ ਖੁੱਸਣ ਦਾ ਡੌਰ ਰਿਹਾ। ਨ ਇਹ ਭੈਅ ਕਿਹਾ ਕਿ

ਜੋ ਮੰਦਰ ਵਿਚ ਪੂਜਾ ਕਰ ਰਹੇ ਹਨ ਇਹ ਸਵਰਗ ਚੱਲੇ ਜਾਣਗੇ ਹੈ ਹੀ ਨਹੀਂ; ਕੌਣ ਸਵਰਗ ਗਿਆ ਹੈ, ਕੌਣ ਜਾਏਗਾ, ਕਿੱਥੇ ਜਾਏਗਾ! ਆਦਮੀ ਬਚਦਾ ਹੀ ਨਹੀਂ ਮਰਨ ਦੇ ਬਾਅਦ; ਇਸ ਲਈ ਕਜਿਹਾ ਪੁੰਨ ਕਜਿਹਾ ਪਾਪ!

ਚਾਰਵਾਕਾਂ ਨੇ, ਜੋ ਨਾਸਤੱਕ ਪਰੰਪਰਾ ਦੇ ਮੂਲਸ਼ਰੋਤ (ਮੁਢਲੇ ਸ਼ੁਰੂਆਤੀ) ਹਨ, ਉਨ੍ਹਾਂ ਨੇ ਕਿਹਾ : ਫ਼ਿਕਰ ਨ ਕਰੋ, 'ਰਿਣੰ ਕ੍ਰਤਵਾ ਘ੍ਰਿਤ ਪਿਬੇਤ'। ਪੀਓ, ਜੇਕਰ ਉਧਾਰ ਲੈ ਕੇ ਵੀ ਘਿਓ ਪੀਣਾ ਪਵੇ ਤਾਂ ਪੀਓ, ਬੇ-ਫ਼ਿਕਰੀ ਨਾਲ ਪੀਓ। ਚੁਕਾਣੇ ਦੀ ਚਿੰਤਾ ਹੀ ਨ ਕਰੋ। ਕੌਣ ਲੈਣਾ, ਕੌਣ ਦੇਣਾ! ਮਰ ਗਏ ਸਭ ਪਿਆ ਰਹਿ ਜਾਏਗਾ—ਤੁਹਾਡਾ ਵੀ ਅਤੇ ਉਸ ਦਾ ਵੀ। ਅਤੇ ਪਿੱਛੇ ਕੁਝ ਬਚਦਾ ਹੀ ਨਹੀਂ ਹੈ। ਜਦ ਕੋਈ ਬਚਦਾ ਹੀ ਨਹੀਂ ਹੈ ਤਾਂ ਡੱਰ ਕਜਿਹਾ? ਫ਼ਿਰ ਪਾਪ ਕਰਨਾ ਹੈ ਪਾਪ ਕਰੋ, ਬੁਰਾ ਕਰਨਾ ਹੈ ਬੁਰਾ ਕਰੋ, ਜਿਵੇਂ ਜਿਉਂਣਾ ਹੋਵੇ ਮੌਜ ਨਾਲ ਜੀਓ। ਦੋ ਦਿਨਾਂ ਦੀ ਜ਼ਿੰਦਗੀ ਹੈ, ਠਾਠ ਨਾਲ ਜੀਓ, ਫ਼ਿਕਰ ਛੱਡੋ। ਦੂਜੇ ਨੂੰ ਸੱਟ ਵੀ ਵਜਦੀ ਹੋਵੇ, ਦੂਜੇ ਦੀ ਹਿੰਸਾ ਵੀ ਹੁੰਦੀ ਹੋਵੇ ਤਾਂ ਚਿੰਤਾ ਨ ਕਰੋ। ਕਜਿਹੀ ਹਿੰਸਾ, ਕਜਿਹੀ ਸੱਟ! ਸਭ ਪ੍ਰੋਹਿਤਾਂ ਦਾ ਜਾਲ ਹੈ, ਤੁਹਾਨੂੰ ਡੱਰਾਉਂਣ ਲਈ। ਪਰ, ਜੇਕਰ ਅਸੀਂ ਚਾਰਵਾਕ ਚਿੱਤ ਦੇ ਅੰਦਰ ਵੀ ਪ੍ਰਵੇਸ਼ ਕਰੀਏ ਤਾਂ ਉਹ ਹੀ ਡੱਰ ਹੈ।

ਉਹ ਪਰਮਾਤਮਾ ਨੂੰ ਇਨਕਾਰ ਕਰ ਰਿਹਾ ਹੈ, ਡੱਰ ਦੇ ਕਾਰਣ। ਤੁਸੀਂ ਖ਼ਿਆਲ ਕੀਤਾ, ਅਨੇਕ ਲੋਗ ਹਨ, ਜਿਹੜੇ ਭੂਤਾਂ-ਪ੍ਰੇਤਾਂ ਨੂੰ ਇਨਕਾਰ ਕਰਦੇ ਹਨ, ਸਿਰਫ਼ ਡੱਰ ਦੇ ਕਾਰਣ! ਤੁਹਾਡਾ ਉਨ੍ਹਾਂ ਨਾਲ ਪਰਿਚਯ (ਵਾਕਫ਼ੀਅਤ) ਹੋਇਗਾ ... ਕਿ ਨਹੀਂ-ਨਹੀਂ ਭੂਤ ਪ੍ਰੇਤ ਨਹੀਂ। ਲੇਕਿਨ ਜਦ ਉਹ ਕਹਿੰਦੇ ਹਨ ਨਹੀਂ-ਨਹੀਂ ਕੋਈ ਭੂਤ-ਪ੍ਰੇਤ ਨਹੀਂ, ਜ਼ਰਾ ਉਨ੍ਹਾਂ ਦੇ ਚੇਹਰੇ ਉੱਤੇ ਗੌਰ ਕਰੋ।

ਇੱਕ ਮਹਿਲਾ (ਔਰਤ) ਮੇਰੇ ਘਰ ਮਹਿਮਾਨ ਹੋਈ। ਉਸ ਨੂੰ ਈਸ਼ਵਰ ਵਿਚ ਭਰੋਸਾ ਨਹੀਂ; ਉਹ ਕਹੇ ਈਸ਼ਵਰ ਹੈ ਹੀ ਨਹੀਂ। ਮੈਂ ਕਿਹਾ, ਛੱਡ ਈਸ਼ਵਰ ਨੂੰ, ਭੂਤਾਂ-ਪ੍ਰੇਤਾਂ ਨੂੰ ਮੰਨਦੀ ਹੈਂ ? ਉਸ ਨੇ ਕਿਹਾ, ਬਿਲਕੁੱਲ ਨਹੀਂ! ਸਭ ਬਕਵਾਸ ਹੈ।

ਮੈਂ ਕਿਹਾ : ਤੂੰ ਠੀਕ ਤਰ੍ਹਾਂ ਸੋਚ ਲੈ। ਕਿਉਂਕਿ ਅੱਜ ਮੈਂ ਹਾਂ, ਤੂੰ ਹੈਂ ਅਤੇ ਇਹ ਘਰ ਹੈ। ਭਗਵਾਨ ਦਾ ਤਾਂ ਮੈਂ ਨਹੀਂ ਕਹਿ ਸਕਦਾ ਕਿ ਤੈਨੂੰ ਪਰਤੱਖ ਕਰਵਾ ਸਕਦਾ ਹਾਂ, ਲੇਕਿਨ ਭੂਤ-ਪ੍ਰੇਤ ਦਾ ਕਰਵਾ ਸਕਦਾ ਹਾਂ।

ਉਸ ਨੇ ਕਿਹਾ, ਤੁਸੀਂ ਵੀ ਕਿੱਥੋਂ ਦੀਆਂ ਗੱਲਾਂ ਕਰ ਰਹੇ ਹੋ, ਭੂਤ-ਪ੍ਰੇਤ ਹੁੰਦੇ ਹੀ ਨਹੀਂ!

ਲੇਕਿਨ ਮੈਂ ਵੇਖਣ ਲਗਾ, ਉਹ ਘਬਰਾਉਂਣ ਲੱਗੀ। ਉਹ ਇਧੱਰ-ਉਧੱਰ ਵੇਖਣ ਲਗੀ। ਰਾਤ ਡੂੰਘੀ ਹੋਣ ਲੱਗੀ। ਮੈਂ ਕਿਹਾ, ਫ਼ਿਰ ਠੀਕ ਹੈ। ਮੈਂ ਤੈਨੂੰ ਦੱਸ ਦਿੰਦਾ ਹਾਂ।

ਉਸ ਨੇ ਕਿਹਾ, ਮੈਂ ਮੰਨਦੀ ਹੀ ਨਹੀਂ, ਤੁਸੀਂ ਕੀ ਮੈਨੂੰ ਦੱਸੋਗੇ? ਮੈਂ ਬਿਲਕੁੱਲ ਨਹੀਂ ਮੰਨਦੀ। ਮੈਂ ਕਿਹਾ, ਮੰਨਣ ਨ ਮੰਨਣ ਦਾ ਸਵਾਲ ਨਹੀਂ ਹੈ। ਇਹ ਘਰ ਜਿਸ ਥਾਂ ਤੇ ਬਣਿਆ ਹੈ, ਇੱਥੇ ਕਦੇ ਇੱਕ ਧੋਬੀ ਰਹਿੰਦਾ ਸੀ। ਪਹਿਲੇ ਮਹਾਂ-ਯੁੱਧ ਦੇ ਸਮੇਂ।

ਉਸ ਦੀ ਨਵੀਂ-ਨਵੀਂ ਸ਼ਾਦੀ ਹੋਈ। ਬਹੁਤ ਪਿਆਰੀ ਵਹੁਟੀ ਘਰ ਆਈ। ਹੋਰ ਸਭ ਤਾਂ ਸੁੰਦਰ ਸੀ ਵਹੁਟੀ ਦਾ, ਇੱਕ ਖ਼ਰਾਬੀ ਸੀ ਕਿ ਕਾਣੀ ਸੀ। ਗੋਰੀ ਸੀ ਬਹੁਤ, ਸਾਰੇ ਅੰਗ ਸੁਡੌਲ ਸਨ, ਬਸ, ਇੱਕ ਅੱਖ ਨਹੀਂ ਸੀ।

ਉਸ ਦੀ ਤਸਵੀਰ ਮੈਂ ਖਿੱਚੀ। ... ਧੋਬੀ ਨੂੰ ਯੁੱਧ ਵਿਚ ਜਾਣਾ ਪਿਆ। ਪਹਿਲੇ ਹੀ ਮਹਾਂਯੁਧ ਵਿਚ ਭਰਤੀ ਕਰ ਲਿਆ ਗਿਆ। ਚਿੱਠੀਆਂ ਆਉਂਦੀਆਂ ਰਹੀਆਂ—ਹੁਣ ਆਉਂਦਾ ਹਾਂ, ਕੱਲ੍ਹ ਆਉਂਦਾ ਹਾਂ। ਅਤੇ ਧੋਬਣ ਉਡੀਕ ਕਰਦੀ ਰਹੀ, ਕਰਦੀ ਰਹੀ, ਕਰਦੀ ਰਹੀ ! ਉਹ ਕਦੇ ਆਇਆ ਨਹੀਂ। ਉਹ ਮਾਰਿਆ ਗਿਆ ਲੜਾਈ ਵਿਚ। ਧੋਬਣ ਉਸ ਦੀ ਉਡੀਕ ਕਰਦੀ-ਕਰਦੀ ਮਰ ਗਈ ਅਤੇ ਪ੍ਰੇਤ ਹੋ ਗਈ

ਅਤੇ ਹੁਣ ਵੀ ਇਸ ਮਕਾਨ ਵਿਚ ਰਹਿੰਦੀ ਹੈ ਅਤੇ ਉਡੀਕ ਕਰਦੀ ਹੈ ਕਿ ਸ਼ਾਇਦ ਧੋਬੀ ਪਰਤ ਆਵੇ। ਇੱਕ ਹੀ ਉਸਦੀ ਅੱਖ ਹੈ, ਗੋਰੀ ਚਿੱਟੀ ਔਰਤ ਹੈ, ਕਾਲੇ-ਲੰਮੇ ਵਾਲ ਹਨ। ਲਾਲ ਰੰਗ ਦੀ ਸਾੜ੍ਹੀ ਪਹਿਨਦੀ ਹੈ।

ਉਹ ਮੈਨੂੰ ਆਖੇ ! ਮੈਂ ਮੰਨਦੀ ਹੀ ਨਹੀਂ। ਪਰ ਮੈਂ ਵੇਖਣ ਲਗਾ ਕਿ ਉਹ ਘਬਰਾ ਕੇ ਇਧੱਰ-ਉਧੱਰ ਵੇਖਣ ਲੱਗੀ। ਮੈਂ ਕਿਹਾ, ਮੈਂ ਤੈਨੂੰ ਇਸ ਲਈ ਕਹਿ ਰਿਹਾ ਹਾਂ, ਕਿ ਤੂੰ ਪਹਿਲੀ ਵਾਰ ਨਵੀਂ ਇਸ ਘਰ ਵਿਚ ਰੁੱਕ ਰਹੀ ਹੈਂ ਅੱਜ ਰਾਤ। ਇਸ ਘਰ ਵਿਚ ਜਦ ਵੀ ਕੋਈ ਨਵਾਂ ਆਦਮੀ ਠਹਿਰਦਾ ਹੈ ਤਾਂ ਉਹ ਧੋਬਣ ਰਾਤ ਨੂੰ ਆ ਕੇ ਉਸ ਦੀ ਚਾਦਰ ਉਲਾਰ ਕੇ ਵੇਖਦੀ ਹੈ ਕਿ ਕਿੱਤੇ ਧੋਬੀ ਵਾਪਸ ਤਾਂ ਨਹੀਂ ਆਇਆ? ਤਾਂ ਉਸ ਦੇ ਚੇਹਰੇ ਉੱਤੇ ਪੀਲਾਪਨ ਆਉਂਣ ਲੱਗਾ। ਉਸ ਨੇ ਕਿਹਾ, ਤੁਸੀਂ ਕੀ ਗੱਲਾਂ ਕਰਨ ਲਗੇ? ਤੁਹਾਡੇ ਵਰਗਾ ਬੁੱਧੀਮਾਨ ਆਦਮੀ ਭੂਤਾਂ-ਪ੍ਰੇਤਾਂ ਵਿਚ ਮਾਨਤਾ ਰਖੱਦਾ ਹੈ।

ਮੈਂ ਕਿਹਾ : ਮੰਨਣ ਦਾ ਸਵਾਲ ਹੀ ਨਹੀਂ ਹੈ, ਲੇਕਿਨ ਤੈਨੂੰ ਚਿਤਾਉਂਣਾ ਵੀ ਜ਼ਰੂਰੀ ਹੈ, ਨਹੀਂ ਤਾਂ ਡੱਰ ਜਾਏਂਗੀ ਜ਼ਿਆਦਾ। ਹੁਣ ਤੈਨੂੰ ਮੈਂ ਦੱਸ ਦਿੱਤਾ ਹੈ, ਜੇਕਰ ਕੋਈ ਕਾਣੀ ਜ਼ਨਾਨੀ, ਗੋਰੀ-ਚਿੱਟੀ, ਲਾਲ ਸਾੜ੍ਹੀ ਵਿਚ ਤੇਰੀ ਚਾਦਰ ਹਟਾ ਦੇਵੇ ਤਾਂ ਤੂੰ ਘਬਰਾਈਂ ਨ, ਉਹ ਨੁਕਸਾਨ ਕਦੇ ਕਿਸੇ ਦਾ ਨਹੀਂ ਕਰਦੀ, ਚਾਦਰ ਪਟਕ ਕੇ ਪੈਰ ਪਟਕਦੀ ਵਾਪਸ ਚਲੀ ਜਾਂਦੀ ਹੈ। ਅਤੇ ਇੱਕ ਨਿਸ਼ਾਨੀ ਉਸ ਦੀ ਮੈਂ ਹੋਰ ਦੱਸ ਦਿਆਂ।

ਜਿਨ੍ਹਾਂ ਦੇ ਘਰ ਮੈਂ ਉਨ੍ਹਾਂ ਦਿਨਾਂ ਵਿਚ ਮਹਿਮਾਨ ਸੀ ਉਨ੍ਹਾਂ ਨੂੰ ਰਾਤ ਦੰਦ ਕਰੀਚਣ ਦੀ ਆਦਤ ਹੈ। ਰਾਤ ਨੂੰ ਉਹ ਕੋਈ ਪੰਜ-ਦਸ ਵਾਰੀ ਦੰਦ ਕਰੀਚਣ ਲਗਦੇ ਸਨ। ਤਾਂ ਮੈਂ ਕਿਹਾ, ਉਸ ਔਰਤ ਦੀ ਇੱਕ ਆਦਤ ਹੋਰ ਤੈਨੂੰ ਦੱਸ ਦਿਆਂ, ਜਦ ਉਹ ਆਉਂਦੀ ਹੈ, ਕਮਰੇ ਵਿਚ ਤਾਂ ਦੰਦ ਕਰੀਚਦੀ ਹੋਈ ਆਉਂਦੀ ਹੈ। ਕੁਦਰਤੀ ਹੈ : ਕਿੰਨੀ ਉਡੀਕ ਕਰੇ? ਜ਼ਮਾਨੇ ਬੀਤ ਗਏ। ਉਸ ਔਰਤ ਦਾ ਪ੍ਰੇਮ ਹੈ, ਕ੍ਰੋਧ ਨਾਲ ਭਰੀ ਆਉਂਦੀ ਹੈ। ਧੋਬੀ ਧੋਖਾ ਦੇ ਗਿਆ, ਹੁਣ ਤੱਕ ਨਹੀਂ ਆਇਆ। ਤਾਂ ਉਹ ਦੰਦ ਕਰੀਚਦੀ ਹੈ, ਤੈਨੂੰ ਦੰਦ ਕਰੀਚਣ ਦੀ ਆਵਾਜ਼ ਸੁਣਾਈ ਦੇਵੇਗੀ ਪਹਿਲਾਂ।

ਉਸ ਨੇ ਆਖਿਆ : ਤੁਸੀਂ ਕੀ ਗੱਲਾਂ ਕਰ ਰਹੇ ਹੋ ? ਮੈਂ ਮੰਨਦੀ ਹੀ ਨਹੀਂ। ਤੁਸੀਂ ਬੰਦ ਕਰੋ ਇਹ ਗੱਲਬਾਤ। ਤੁਸੀਂ ਵਿਅੱਰਥ (ਫ਼ਾਲਤੂ) ਮੈਨੂੰ ਡੱਰਾ ਰਹੇ ਹੋ।

ਮੈਂ ਕਿਹਾ, ਤੂੰ ਜੇਕਰ ਮੰਨਦੀ ਹੀ ਨਹੀਂ ਤਾਂ ਡੱਰਨ ਦਾ ਕੋਈ ਸਵਾਲ ਹੀ ਨਹੀਂ। ਅਜਿਹੀ ਗੱਲਬਾਤ ਚਲਦੀ ਰਹੀ ਅਤੇ ਰਾਤ ਦੇ ਬਾਰਾਂ ਵਜ ਗਏ। ਤਦ ਮੈਂ ਉਸ ਨੂੰ ਆਖਿਆ, ਹੁਣ ਤੂੰ ਜਾਹ, ਕਮਰੇ ਵਿਚ ਸੌਂ ਜਾ। ਉਹ ਕਮਰੇ ਵਿਚ ਗਈ। ਸੰਜੋਗ ਦੀ ਗੱਲ ਉਹ ਕਮਰੇ ਵਿਚ ਲੰਮੀ ਪਈ ਕਿ ਉਨ੍ਹਾਂ ਸੱਜਣ ਨੇ ਦੰਦ ਕਰੀਚੇ, ਉਹ ਨਾਲ ਦੇ ਕਮਰੇ ਵਿਚ

ਸੁਤੇ ਪਏ ਸੀ। ਮੈਨੂੰ ਪੱਕਾ ਭਰੋਸਾ ਹੀ ਸੀ, ਉਨ੍ਹਾਂ ਉੱਤੇ ਆਸ਼ਵਾਸ਼ਨ (ਭਰੋਸਾ) ਕੀਤਾ ਜਾ ਸਕਦਾ ਹੈ। ਦਸ ਵਾਰੀ ਤਾਂ ਦੰਦ ਕਰੀਚਦੇ ਹੀ ਹਨ ਰਾਤ ਵਿਚ ਘਟੋ-ਘੱਟ। ਉਹ ਕਰੀਚਣਗੇ ਕਦੇ ਨ ਕਦੇ। ਉਹ ਜਾ ਕੇ ਬਿਸਤਰੇ ਉੱਤੇ ਬੈਠੀ, ਬੱਤੀ ਬੁਝਾਈ ਅਤੇ ਉਨ੍ਹਾਂ ਨੇ ਦੰਦ ਕਰੀਚੇ। ਚੀਖ ਮਾਰ ਦਿੱਤੀ ਉਸ ਨੇ। ਮੈਂ ਦੌੜਦਾ ਹੋਇਆ ਪੁਜਿਆ, ਬੱਤੀ ਜਗਾਈ, ਉਹ ਤਾਂ ਬੇਹੋਸ਼ ਪਈ ਹੈ ਅਤੇ ਕੋਨੇ ਦੇ ਵਲ ਮੈਨੂੰ ਦੱਸ ਰਹੀ ਹੈ—ਉਹ ਖਲੋਤੀ ਹੈ ! ਉਸ ਨੂੰ ਮੈਂ ਲਖ ਸਮਝਾਇਆ ਕਿ ਕੋਈ ਭੂਤ-ਪ੍ਰੇਤ ਨਹੀਂ ਹੁੰਦਾ। ਉਸ ਨੇ ਕਿਹਾ, ਹੁਣ ਮੈਂ ਮੰਨ ਹੀ ਨਹੀਂ ਸਕਦੀ, ਹੁੰਦੇ ਕਿਵੇਂ ਨਹੀਂ ? ਉਹ ਸਾਹਮਣੇ ਖਲੋਤੀ ਹੈ ...।

ਅਤੇ ਜੋ ਤੁਸੀਂ ਆਖਿਆ ਸੀ—ਇੱਕ ਅੱਖ, ਗੋਰਾ-ਚਿੱਟਾ ਰੂਪ, ਕਾਲੇ ਵਾਲ, ਲਾਲ ਸਾੜ੍ਹੀ ਅਤੇ ਦੰਦ ਕਰੀਚਦੀ ਰਹੀ ਹੈ ...। ਰਾਤ ਭਰ ਪ੍ਰੇਸ਼ਾਨ ਹੋਣਾ ਪਿਆ ਮੈਨੂੰ।

ਕਿਉਂਕਿ ਉਹ ਨ ਸੌਂਵੇਂ ਨ ਸੌਣ ਦੇਵੇ। ਉਹ ਕਹੇ : ਹੁਣ ਮੈਂ ਸੌਂ ਹੀ ਨਹੀਂ ਸਕਦੀ। ਹੁਣ ਮੈਂ ਸੁੱਤੀ ਕਿ ਉਹ ਫ਼ਿਰ ਆਵੇਗੀ।

ਅਤੇ ਤੁਸੀਂ ਕਹਿੰਦੇ ਹੋ ਚਾਦਰ ਚੁੱਕੇਗੀ, ਇੰਨੀ ਨੇੜੇ ਆ ਜਾਏਗੀ ?

ਮੈਂ ਉਸ ਨੂੰ ਆਖਾਂ, ਕਿ ਕਿੱਤੇ ਭੂਤ-ਪ੍ਰੇਤ ਹੁੰਦੇ ਹਨ ? ਸਭ ਕਲਪਨਾ ਵਿਚ, ਮੈਂ ਤਾਂ ਕਹਾਣੀ ਸੁਣਾ ਰਿਹਾ ਸੀ ਤੈਨੂੰ ਸਿਰਫ਼। ਉਸ ਨੂੰ ਤਾਂ ਰਾਤ ਬੁਖ਼ਾਰ ਚੱੜ੍ਹ ਗਿਆ ! ਰਾਤ ਨੂੰ ਡਾਕਟਰ ਬੁਲਾਉਂਣਾ ਪਿਆ। ਜਿਨ੍ਹਾਂ ਦੇ ਘਰ ਮੈਂ ਪਰਾਹੁਣਾ ਸੀ ਉਹ ਕਹਿਣ ਲੱਗੇ ਤੁਸੀਂ ਵੀ ਫ਼ਿਜੂਲ ਦੇ ਝਗੜੇ ਖੜੇ ਕਰ ਲੈਂਦੇ ਹੋ। ਉਹ ਮਹਿਲਾ ਦੂਜੇ ਦਿਨ ਸਵੇਰੇ ਚਲੀ ਗਈ। ਫ਼ਿਰ ਕਦੇ ਨਹੀਂ ਆਈ। ਉਸ ਨੂੰ ਮੈਂ ਕਈ ਵਾਰੀ ਖ਼ਬਰ ਭਿਜਵਾਈ ਕਿ ਭਈ, ਕਦੇ ਤਾਂ ਆਓ। ਉਹ ਕਹੇ ਕਿ ਉਸ ਘਰ ਵਿਚ ਪੈਰ ਨਹੀਂ ਰੱਖ ਸਕਦੀ ਹਾਂ। ਮੈਂ ਉਸ ਨੂੰ ਸਮਝਾਵਾਂ ਕਿ ਕਿੱਤੇ ਭੂਤ-ਪ੍ਰੇਤ ਹੁੰਦੇ ਹਨ: ਉਹ ਕਹੇ ਤੁਸੀਂ ਛੱਡੋ ਇਹ ਗੱਲ, ਕਿਸ ਨੂੰ ਸਮਝਾ ਰਹੇ ਹੋ ? ਮੈਨੂੰ ਖ਼ੁਦ ਹੀ ਅਨੁਭਵ ਹੋ ਗਿਆ।

ਖ਼ਿਆਲ ਕਰਨਾ, ਅਕਸਰ ਅਜਿਹਾ ਹੋ ਜਾਂਦਾ ਹੈ ਕਿ ਤੁਸੀਂ ਜਿਸ ਚੀਜ਼ ਤੋਂ ਡੱਰਦੇ ਹੋ, ਉਸ ਨੂੰ ਨਕਾਰਦੇ ਹੋ। ਨਕਾਰਦੇ ਇਸ ਲਈ ਹੋ ਤਾਂ ਕਿ ਮੈਨੂੰ ਇਹ ਵੀ ਯਾਦ ਨ ਰਹੇ ਕਿ ਮੈਂ ਡੱਰਦਾ ਹਾਂ। ਹੈ ਨਹੀਂ ਤਾਂ ਡੱਰਨਾ ਕੀ ਹੈ ?

ਆਸਤੱਕ ਅਤੇ ਨਾਸਤਿਕ ਵਿਚ ਜ਼ਰਾ ਵੀ ਭੇਦ ਨਹੀਂ ਹੈ। ਇੱਕ ਵਿਧਾਯਕ (positive) ਰੂਪ ਨਾਲ ਭੈ-ਭੀਤ ਹੈ, ਇੱਕ ਨਕਾਰਾਤਮਕ ਰੂਪ ਨਾਲ ਭੈ-ਭੀਤ ਹੈ, ਬਸ। ਕਰਜ਼ ਅਤੇ ਧਨ ਦਾ ਫ਼ਰਕ ਹੈ, ਪਰ ਭੈਅ ਦੋਨਾਂ ਦਾ ਹੈ। ਨਾਸਤੱਕ ਡੱਰ ਦੇ ਕਾਰਨ ਕਹਿ ਰਿਹਾ ਹੈ ਈਸ਼ਵਰ ਨਹੀਂ ਹੈ। ਕਿਉਂਕਿ ਈਸ਼ਵਰ ਨੂੰ ਮੰਨਣਾ ਤਾਂ ਫ਼ਿਰ ਉਸ ਦੇ ਪਿੱਛੇ ਹੋਰ ਬਹੁਤ ਕੁਝ ਮੰਨਣਾ ਪੈਂਦਾ ਹੈ। ਜੋ ਉਸ ਨੂੰ ਕੰਬਾਉਂਦਾ ਹੈ।

ਆਸਤੱਕ ਕਹਿ ਰਿਹਾ ਹੈ ਈਸ਼ਵਰ ਹੈ ; ਵਿਧਾਯਕ ਰੂਪ ਨਾਲ ਭੈ-ਭੀਤ ਹੈ। ਉਹ ਕਹਿ ਰਿਹਾ ਹੈ ਜੇਕਰ ਮੈਂ ਉਸ ਨੂੰ ਨ ਮੰਨਾ, ਉਸ ਦੀ ਉਸਤਤ ਨ ਕਰਾਂ, ਪ੍ਰਾਰਥਨਾ ਪੂਜਾ ਨ ਕਰਾਂ, ਉਸ ਨੂੰ ਮਨਾਵਾਂ ਨ ਤਾਂ ਸਤਾਇਆ ਜਾਵਾਂਗਾ।

ਧਾਰਮਕ ਵਿਅਕਤੀ ਕਹਿੰਦਾ ਹੈ : ਈਸ਼ਵਰ ਦੇ ਦੋਵੇਂ ਰੂਪ ਹਨ। ਈਸ਼ਵਰ ਆਸਤੱਕ ਅਤੇ ਨਾਸਤੱਕ ਦੋਹਾਂ ਦੀਆਂ ਧਾਰਨਾਵਾਂ ਅਤੇ ਵਿਸ਼ਵਾਸਾਂ ਦੇ ਪਾਰ ਹੈ ...।

ਬਸਤੀ ਨਾ ਸੁਨਯੰ ...। ਨ ਤਾਂ ਉਹ ਹੈ ਅਜਿਹਾ ਕਹਿ ਸਕਦੇ ; ਨ ਕਹਿ ਸਕਦੇ ਕਿ ਨਹੀਂ ਹੈ।

ਸੁਨਯੰ ਨਾ ਬਸਤੀ ... ਨ ਕਹਿ ਸਕਦੇ ਕਿ ਸੂਨਯ ਹੈ ਨ ਕਹਿ ਸਕਦੇ ਕਿ ਪੂਰਣ ਹੈ।

ਅਗਮ ਅਗੋਚਰ ਐਸਾ ... ਅਜਿਹਾ ਅਗਮਯ (ਅਚਲ) ਹੈ। ਸਾਡਾ ਕੋਈ ਅਖੱਰ ਉਸ ਨੂੰ ਨਾਪ ਨਹੀਂ ਸਕਦਾ। ਸਾਡੇ ਅਖੱਰ ਨਿੱਕੀਆਂ-ਨਿੱਕੀਆਂ ਚਾਹ ਦੀਆਂ ਚਮਚੀਆਂ ਹਨ ਜਿੰਨ੍ਹਾ ਵਿਚ ਸਾਗਰ ਨੂੰ ਨਹੀਂ ਭਰਿਆ ਜਾ ਸਕਦਾ ਅਤੇ ਨ ਸਾਗਰ ਨੂੰ ਨਾਪਿਆ ਜਾ ਸਕਦਾ ਹੈ। ਸਾਡੇ ਸਾਰੇ ਮਾਪ ਛੋਟੇ-ਛੋਟੇ ਹਨ। ਸਾਡੇ ਹਥ ਬਹੁਤ ਨਿੱਕੇ ਹਨ। ਸਾਡੀ ਸਾਮਰਥ ਬਹੁਤ ਨਿੱਕੀ ਹੈ। ਉਸ ਦਾ ਵਿਸਤਾਰ ਅਨੰਤ ਹੈ। ਉਹ ਅਸੀਮ ਹੈ।

ਅਗਮ ਅਗੋਚਰ ਐਸਾ ...।

ਰਹਿਮਨ ਬਾਤ ਅਗਮਯ ਕੀ, ਕਹਨਿ ਸੁਨਨਿ ਕੀ ਨਾਂਹਿ ।
ਜੇ ਜਾਨਤਿ ਤੇ ਕਹਤਿ ਨਾਂਹਿ, ਕਹਤ ਤੇ ਜਾਨਤਿ ਨਾਂਹਿ ॥
ਰਹਿਮਨ ਬਾਤ ਅਗਮਯ ਕੀ ।

ਉਹ ਇੰਨਾ ਅਗਮਯ ਹੈ। ਅਗਮਯ ਅਖੱਰ ਦਾ ਅਰਥ ਸਮਝਣਾ। ਅਗਮਯ ਦਾ ਅਰਥ ਹੁੰਦਾ ਹੈ : ਜਿਸ ਦੀ ਅਸੀਂ ਥਾਹ ਨ ਪਾ ਸਕੀਏ, ਅਥਾਹ। ਲਖ ਉਪਾਅ ਕਰੀਏ ਪਰ ਥਾਹ ਨ ਪਾ ਸਕੀਏ। ਕਿਉਂਕਿ ਉਸ ਦੀ ਥਾਹ ਹੈ ਹੀ ਨਹੀਂ। ਅਤੇ ਜੋ ਉਸ ਦੀ ਥਾਹ ਲੈਣ ਗਏ ਹਨ, ਉਹ ਹੌਲੀ-ਹੌਲੀ ਉਸੇ ਵਿਚ ਲੀਨ ਹੋ ਗਏ ਹਨ। ਕਹਿੰਦੇ ਹਨ ਦੋ ਨਮਕ ਦੇ ਪੁਤਲੇ ਇੱਕ ਵਾਰ ਸਾਗਰ ਦੀ ਥਾਹ ਲੈਣ ਗਏ ਸਨ। ਛਾਲ ਮਾਰ ਦਿੱਤੀ ਸਾਗਰ ਵਿਚ। ਭੀੜ ਇਕੱਠੀ ਹੋ ਗਈ ਸੀ। ਮੇਲਾ ਭਰਿਆ ਸੀ ਸਾਗਰ ਦੇ ਤੱਟ (ਕੰਢੇ ਤੇ) ਉੱਤੇ, ਸਾਰੇ ਲੋਕ ਆ ਗਏ ਸਨ। ਫ਼ਿਰ ਦਿਨਾਂ ਤੱਕ ਉਡੀਕ ਹੁੰਦੀ ਰਹੀ; ਫ਼ਿਰ ਮੇਲਾ ਹੌਲੀ-ਹੌਲੀ ਉਜੜ ਵੀ ਗਿਆ, ਉਹ ਪੁਤਲੇ ਨ ਪਰਤੇ ਸੋ ਨ ਪਰਤੇ। ਨਮਕ ਦੇ ਪੁਤਲਿਆਂ ਨੂੰ ਥਾਹ ਵੀ ਨਹੀਂ ਮਿਲੀ ਅਤੇ ਖ਼ੁਦ ਵੀ ਮਿੱਟ ਗਏ।

ਹੈਰਤ ਹੈਰਤ ਹੇ ਸਖੀ, ਰਹਾ ਕਬੀਰ ਹਿਰਾਈ। ਗਏ ਸਨ ਲਭੱਣ, ਗੁਆਚ ਗਏ। ਨਮਕ ਦੇ ਪੁਤਲੇ ਸਾਗਰ ਦੀ ਖੋਜ ਵਿਚ ਜਾਣਗੇ, ਕਦ ਤੱਕ ਬਚਣਗੇ ? ਗੱਲ੍ਹ ਗਏ ਹੋਣਗੇ। ਸਾਗਰ ਦੇ ਹੀ ਹਿੱਸੇ ਸਨ, ਇਸ ਲਈ ਨਮਕ ਦੇ ਪੁਤਲੇ ਦਾ ਖ਼ਿਆਲ ਹੈ। ਅਸੀਂ ਵੀ ਨਮਕ ਦੇ ਪੁਤਲੇ ਹਾਂ, ਉਹ ਸਾਗਰ ਹੈ; ਉਸ ਨੂੰ ਲਭੱਣ ਜਾਵਾਂਗੇ, ਗੁਆਚ ਜਾਵਾਂਗੇ।

ਅਗਮਯ ਦਾ ਅਰਥ ਹੁੰਦਾ ਹੈ; ਸਿਰਫ਼ ਅਗਿਆਤ ਨਹੀਂ ਕਿਉਂਕਿ ਅਗਿਆਤ ਉਹ ਹੈ ਜਿਹੜਾ ਕਦੇ ਗਿਆਤ ਹੋ ਜਾਏਗਾ। ਅੱਜ ਜੋ ਗਿਆਤ ਹੋ ਗਿਆ ਹੈ, ਕਦੇ ਅਗਿਆਤ ਸੀ। ਚੰਦ੍ਰਮਾਂ ਤੇ ਆਦਮੀ ਨਹੀਂ ਟੁਰਿਆ ਸੀ, ਹੁਣ ਆਦਮੀ ਨੇ ਟੁਰ ਲਿਆ। ਅੱਜੇ ਤੱਕ ਚੰਦ੍ਰਮਾਂ ਅਗਿਆਤ ਸੀ, ਹੁਣ ਗਿਆਤ ਹੋ ਗਿਆ। ਸਾਨੂੰ ਅਣੂ ਦਾ ਰਹਸਯ (ਰਾਜ਼) ਪਤਾ ਨਹੀਂ ਸੀ, ਹੁਣ ਪਤਾ ਹੋ ਗਿਆ।

ਪਰਮਾਤਮਾ ਅਗਿਆਤ ਨਹੀਂ ਹੈ; ਇਹ ਹੀ ਧਰਮ ਅਤੇ ਵਿਗਿਆਨ ਦਾ ਭੇਦ ਹੈ। ਧਰਮ ਕਹਿੰਦਾ ਹੈ : ਜਗਤ ਵਿਚ ਤਿੰਨ ਤਰ੍ਹਾਂ ਦੀਆਂ ਗੱਲਾਂ ਹਨ—ਗਿਆਤ, ਜੋ ਜਾਣ ਲਿਆ ਗਿਆ; ਅਗਿਆਤ ਜੋ ਜਾਣ ਲਿਆ ਜਾਏਗਾ : ਅਗੇਯ, ਜੋ ਨ ਜਾਣਿਆ ਗਿਆ ਹੈ

ਅਤੇ ਨ ਜਾਣਿਆ ਜਾਏਗਾ। ਵਿਗਿਆਨ ਕਹਿੰਦਾ ਹੈ : ਜਗਤ ਵਿਚ ਸਿਰਫ਼ ਦੋ ਹੀ ਚੀਜ਼ਾਂ ਹਨ—ਗਿਆਤ ਅਤੇ ਅਗਿਆਤ। ਵਿਗਿਆਨ ਦੋ ਹਿੱਸਿਆਂ ਵਿਚ ਵੰਡਦਾ ਹੈ ਜਗਤ ਨੂੰ—ਜੋ ਜਾਣ ਲਿਆ ਗਿਆ ਅਤੇ ਜੋ ਜਾਣ ਲਿਆ ਜਾਏਗਾ। ਬਸ ਉਸ ਅਗੇਯ ਸ਼ਬਦ ਵਿਚ ਹੀ ਧਰਮ ਦਾ ਸਾਰਾ ਸਾਰ ਲੁਕਿਆ ਹੈ। ਕੁਝ ਅਜਿਹਾ ਵੀ ਹੈ ਜੋ ਨ ਜਾਣਿਆ ਗਿਆ ਅਤੇ ਨ ਜਾਣਿਆ ਜਾਏਗਾ। ਕਿਉਂਕਿ ਉਸ ਦਾ ਰਾਜ਼ ਇਹ ਹੈ ਕਿ ਉਸ ਨੂੰ ਲਭੱਣ ਵਾਲਾ ਗੁਆਚ ਜਾਂਦਾ ਹੈ ਉਸੇ ਵਿਚ।

ਰਹਿਮਨ ਬਾਤ ਅਗਮਯ ਕੀ, ਕਹਨਿ ਸੁਨਨਿ ਕੀ ਨਾਂਹਿ। ਅਤੇ ਜਦ ਲਭੱਣ ਵਾਲਾ ਹੀ ਗੁਆਚ ਗਿਆ ਤਾਂ ਕੌਣ ਕਹੇ, ਕੀ ਕਹੇ, ਕਿਵੇਂ ਕਹੇ ? ਸਭ ਸ਼ਬਦ ਬਹੁਤ ਨਿੱਕੇ ਹਨ, ਔਛੇ ਹਨ। ਤੁਸੀਂ ਜੀਵਨ ਵਿਚ ਵੀ ਅਨੁਭਵ ਕਰਦੇ ਹੋ ਤਾਂ ਪਾਓਗੇ, ਉਠੇ ਸਵੇਰੇ-ਸਵੇਰੇ ਬਗੀਚੇ ਵਿਚ ਸੂਰਜ ਚੜ੍ਹਨ ਲੱਗਾ, ਦਰਖ਼ੱਤ ਜਾਗਣ ਲਗੇ। ਧਰਤੀ ਦੀ ਸੌਂਧੀ-ਸੌਂਧੀ ਸੁਗੰਧ ਉਠਣ ਲੱਗੀ। ਹੁਣੇ-ਹੁਣੇ ਮੀਂਹ ਵਰ੍ਹਿਆ ਹੋਵੇਗਾ। ਘਾਹ ਤੇ ਪੱਤਿਆਂ ਉੱਤੇ ਔਸ ਦੀਆਂ ਬੂੰਦਾਂ ਮੋਤੀਆਂ ਵਾਂਗੂੰ ਚਮਕਣ ਲਗੀਆਂ। ਪੰਛੀ ਗੀਤ ਗਾਉਂਣ ਲਗੇ। ਕੋਈ ਮੋਰ ਨਚਿਆ। ਕੋਈ ਕੋਇਲ ਕੂਕੀ। ਫੁੱਲ ਖਿੜੇ, ਕਮਲਾਂ ਨੇ ਆਪਣੀਆਂ ਪੰਖੜੀਆਂ ਖੋਲ੍ਹ ਦਿੱਤੀਆਂ। ਇਹ ਸਭ ਤੁਸੀਂ ਵੇਖ ਰਹੇ ਹੋ। ਇਹ ਅਗੋਚਰ ਵੀ ਨਹੀਂ ਹੈ, ਗੋਚਰ ਹੈ। ਇਹ ਅਗਿਆਤ ਵੀ ਨਹੀਂ ਹੈ ਤੁਹਾਨੂੰ, ਗਿਆਤ ਹੈ। ਇਹ ਸਾਰੀ ਸੁੰਦਰਤਾ ਤੁਸੀਂ ਅਨੁਭਵ ਕਰ ਰਹੇ ਹੋ। ਤੁਹਾਨੂੰ ਕੋਈ ਪੁੱਛੇ, ਕਹਿ ਦਿਓ ਇੱਕ ਅਖੱਰ ਵਿਚ। ਕੀ ਕਹੋਗੇ? ਇੰਨਾ ਹੀ ਕਹੋਗੇ—ਸੁੰਦਰ ਸੀ, ਬਹੁਤ ਸੋਹਣਾ ਸੀ। ਪਰ ਇਹ ਵੀ ਕੋਈ ਕਹਿਣਾ ਹੈ? ਇਸ 'ਬਹੁਤ ਸੁੰਦਰ' ਵਿਚ ਨ ਤਾਂ ਸੂਰਜ ਦੀ ਕੋਈ ਕਿਰਣ ਹੈ, ਨ ਮਿੱਟੀ ਦੀ ਸੌਂਧੀ ਸੁਗੰਧ ਹੈ, ਨ ਕਮਲ ਦੀਆਂ ਖਿੜੀਆਂ ਹੋਈਆਂ ਪੰਖੜੀਆਂ ਹਨ, ਨ ਪੰਛੀਆਂ ਦੇ ਗੀਤ ਹਨ, ਨ ਸ਼ਬਨਮ ਦੇ ਮੋਤੀ ਹਨ, ਨ ਦਰਖ਼ੱਤਾਂ ਦੀ ਹਰਿਆਲੀ ਹੈ, ਨ ਮੁਕਤ ਆਕਾਸ਼ ਹੈ। ਕੁਝ ਵੀ ਤਾਂ ਨਹੀਂ। ਬਹੁਤ ਸੁੰਦਰ ਵਿਚ ਕੀ ਹੈ? ਕੁਝ ਵੀ ਤਾਂ ਨਹੀਂ। ਵਰਣਮਾਲਾ ਦੇ ਥੋੜ੍ਹੇ ਜਿਹੇ ਅਖੱਰ ਹਨ।

ਅਜਿਹਾ ਹੀ ਸਮਝੋ, ਜਿਵੇਂ ਦੀਵਾ ਅਖੱਰ ਲਿਖ ਕੇ ਅਤੇ ਕੰਧ ਉੱਤੇ ਟੰਗ ਦਿਓ ਤਾਂ ਰਾਤ ਕੋਈ ਪਰਕਾਸ਼ ਥੋੜ੍ਹੇ ਹੀ ਹੋ ਜਾਏਗਾ; ਹਨੇਰੀ ਰਾਤ ਹੈ, ਸੋ ਹਨੇਰੀ ਹੀ ਰਹੇਗੀ। ਦੀਵੇ ਦੀਆਂ ਗੱਲਾਂ ਨਾਲ ਰੌਸ਼ਨੀ ਤਾਂ ਨਹੀਂ ਹੁੰਦੀ।

ਪਿਕਾਸੋ ਨੂੰ ਇੱਕ ਮਹਿਲਾ (ਔਰਤ) ਨੇ ਕਿਹਾ ਕਿ ਕੱਲ੍ਹ ਤੁਹਾਡੀ ਆਪਣੀ ਹੀ ਬਣਾਈ ਹੋਈ ਤੁਹਾਡੀ ਆਪਣੀ ਤਸਵੀਰ, ਸੇਲਫ਼ ਪੋਰਟ੍ਰੇਟ, ਮੈਂ ਇੱਕ ਮਿੱਤਰ ਦੇ ਘਰ ਵੇਖਿਆ। ਇੰਨਾ ਸੁੰਦਰ, ਇੰਨਾ ਪਿਆਰਾ ਕਿ ਮੈਂ ਆਪਣੇ ਆਪ ਨੂੰ ਰੋਕ ਨ ਸਕੀ ; ਮੈਂ ਉਸ ਨੂੰ ਚੁੰਮ ਲਿਆ। ਪਿਕਾਸੋ ਨੇ ਕਿਹਾ। ਫ਼ਿਰ ਕੀ ਹੋਇਆ ? ਉਸ ਤਸਵੀਰ ਨੇ ਤੈਨੂੰ ਚੁੰਮਿਆ ਜਾਂ ਨਹੀਂ ? ਉਸ ਇਸਤ੍ਰੀ ਨੇ ਕਿਹਾ : ਤੁਸੀਂ ਵੀ ਕੀ ਗੱਲਾਂ ਕਰਦੇ ਹੋ। ਨਹੀਂ ਚੁੰਮਿਆ। ਤਾਂ ਪਿਕਾਸੋ ਨੇ ਕਿਹਾ : ਫ਼ਿਰ ਉਹ ਮੇਰੀ ਤਸਵੀਰ ਨਹੀਂ ਹੋਏਗੀ।

ਮੁੱਲਾ ਨਸਰੁਦੀਨ ਨੂੰ ਉਸ ਦੇ ਗੁਆਂਢੀ ਨੇ ਕਿਹਾ ਕਿ ਆਪਣੇ ਸਾਹਿਬਜ਼ਾਦੇ ਨੂੰ ਸੰਭਾਲੋ ਹੁਣ ਤੋਂ ਲੁੱਚਾ ਹੈ। ਕੱਲ੍ਹ ਮੇਰੀ ਪਤਨੀ ਨੂੰ ਪਥੱਰ ਮਾਰਿਆ।

ਮੁੱਲਾ ਨੇ ਪੁੱਛਿਆ, ਲਗਿਆ ? ਉਸ ਨੇ ਕਿਹਾ ਕਿ ਨਹੀਂ। ਤਾਂ ਉਸ ਨੇ ਕਿਹਾ: ਉਹ

ਕਿਸੇ ਹੋਰ ਦੇ ਸਾਹਿਬਜ਼ਾਦੇ ਹੋਣਗੇ। ਮੇਰੇ ਸਾਹਿਬਜ਼ਾਦੇ ਦਾ ਨਿਸ਼ਾਨਾ ਤਾਂ ਲਗਦਾ ਹੀ ਹੈ। ਉਹ ਕਿਸੇ ਹੋਰ ਦਾ ਹੋਏਗਾ। ਤੁਸੀਂ ਗਲਤੀ ਸਮਝੇ ? ਅਜਿਹਾ ਹੀ ਪਿਕਾਸੋ ਨੇ ਕਿਹਾ ਕਿ ਫਿਰ ਉਹ ਮੇਰੀ ਤਸਵੀਰ ਨਹੀਂ ਹੋਏਗੀ। ਮੈਂ ਤਾਂ ਨਹੀਂ ਸਾਂ ਉਹ। ਚੁੰਮੀ ਦਾ ਉੱਤਰ ਹੀ ਨ ਆਇਆ ਤਾਂ ਕੀ ਖ਼ਾਸ ਗੱਲ ਬਣੀ। ਜਵਾਬ ਵਾਪਸੀ ਆਣਾ ਚਾਹੀਦਾ ਸੀ।

ਤਸਵੀਰਾਂ ਤੋਂ ਵਾਪਸੀ ਜਵਾਬ ਨਹੀਂ ਆਉਂਦੇ। ਇਸ ਲਈ ਤਸਵੀਰਾਂ ਵੀ ਛੋਟੀਆਂ ਪੈ ਜਾਂਦੀਆਂ ਹਨ, ਸਾਡੇ ਅੱਖਰ ਵੀ, ਸ਼ਾਸਤ੍ਰ ਵੀ ਛੋਟੇ ਪੈ ਜਾਂਦੇ ਹਨ। ਇਸ ਜਗਤ ਵਿਚ ਜੋ ਅਸੀਂ ਜਾਣਦੇ ਹਾਂ ਉਹ ਵੀ ਕਿਹਾ ਨਹੀਂ ਜਾ ਸਕਦਾ .....।

ਕਿਸੇ ਮਾਂ ਨੇ ਆਪਣੇ ਪੁੱਤਰ ਨੂੰ ਪਿਆਰ ਕੀਤਾ । ਕਿਵੇਂ ਕਹੋ, ਪ੍ਰੇਮ ਅੱਖਰ ਵਿਚ ਕੀ ਹੈ ? ਕੋਈ ਵੀ ਦੋਹਰਾਉਂਦਾ ਹੈ। ਕਹੋ ਕਿ ਮੈਨੂੰ ਆਪਣੇ ਪੁੱਤਰ ਨਾਲ ਬਹੁਤ ਪ੍ਰੇਮ ਹੈ, ਜਾਂ ਆਪਣੀ ਪਤਨੀ ਨਾਲ ਬਹੁਤ ਪ੍ਰੇਮ ਹੈ। ਕੀ ਮਤਲਬ ? ਇੱਥੇ ਤਾਂ ਲੋਕ ਹਨ ਜਿਹੜੇ ਕਹਿੰਦੇ ਹਨ, ਆਈਸਕਰੀਮ ਨਾਲ ਪ੍ਰੇਮ ਹੈ। ਕੋਈ ਕਹਿੰਦਾ ਹੈ ਮੈਨੂੰ ਮੇਰੀ ਕਾਰ ਨਾਲ ਬਹੁਤ ਪ੍ਰੇਮ ਹੈ। ਜਿੱਥੇ ਆਈਸਕਰੀਮ ਅਤੇ ਕਾਰਾਂ ਨਾਲ ਪ੍ਰੇਮ ਚਲ ਰਿਹਾ ਹੈ ; ਪ੍ਰੇਮ ਅੱਖਰ ਦਾ ਅਰਥ ਕੀ ਰਹਿ ਗਿਆ। ਜਦ ਤੁਸੀਂ ਕਹਿੰਦੇ ਹੋ ਮੈਨੂੰ ਆਪਣੀ ਪਤਨੀ ਨਾਲ ਬਹੁਤ ਪ੍ਰੇਮ ਹੈ, ਤੁਹਾਡੀ ਪਤਨੀ ਹੈ ਜਾਂ ਆਈਸ ਕਰੀਮ ? ਪ੍ਰੇਮ ਦਾ ਅਰਥ ਕੀ ਹੈ?

ਸਾਡੇ ਅੱਖਰ ਨਿੱਕੇ ਹਨ, ਉਨ੍ਹਾਂ ਨਿੱਕੇ ਅੱਖਰਾਂ ਦਾ ਅਸੀਂ ਸਭ ਤਰ੍ਹਾਂ ਉਪਯੋਗ (ਵਰਤੋਂ) ਕਰਦੇ ਹਾਂ। ਸੀਮਾਂ (ਹੱਦ) ਹੈ ਉਨ੍ਹਾਂ ਦੀ। ਜਗਤ ਵਿਚ ਜੋ ਅਨੁਭਵ ਵਿਚ ਆਉਂਦਾ ਹੈ, ਉਹ ਵੀ ਉਨ੍ਹਾਂ ਵਿਚ ਨਹੀਂ ਸਮਾਉਂਦਾ, ਤਾਂ ਉਹ ਜੋ ਪਰਮ ਅਨੁਭਵ ਹੈ, ਆਤਯੰਤਿਕ ਅਨੁਭਵ ਹੈ—ਜਿੱਥੇ ਸਭ ਵਿਚਾਰ ਸ਼ੂਨਯ ਹੋ ਜਾਂਦੇ ਹਨ, ਸ਼ਾਂਤ ਹੋ ਜਾਂਦੇ ਹਨ, ਜਿੱਥੇ ਵਿਅਕਤੀ ਭਾਸ਼ਾ ਦੇ ਪਾਰ ਨਿਕਲ ਜਾਂਦਾ ਹੈ, ਜਿੱਥੇ ਤਰਕ-ਜਾਲ ਪਿੱਛੇ ਛੁਟ ਜਾਂਦੇ ਹਨ, ਜਿੱਥੇ ਨਿਰ-ਵਿਚਾਰ ਹੁੰਦਾ ਹੈ—ਉਸ ਵਿਚ ਉਸ ਦੀ ਪ੍ਰਤੀਤਿ (ਇਲਮ) ਹੁੰਦੀ ਹੈ, ਉਸ ਨੂੰ ਕਹਿ ਨ ਸਕੋਗੇ।

ਜੋ ਜਾਨਤਿ ਤੇ ਕਹਤਿ ਨਾਂਹਿ... ਇਸ ਲਈ ਜਿਨ੍ਹਾਂ ਨੇ ਜਾਣਿਆ ਹੈ, ਉਹ ਨਹੀਂ ਕਹਿ ਪਾਏ। ਅੱਜ ਤੱਕ ਕੋਈ ਵੀ ਨਹੀਂ ਕਹਿ ਪਾਇਆ। ਤੁਸੀਂ ਸੋਚਦੇ ਹੋ ਮੈਂ ਤੁਹਾਨੂੰ ਰੋਜ਼ ਆਖਦਾ ਹਾਂ, ਕਹਿ ਪਾਉਂਦਾ ਹਾਂ ? ਨਹੀਂ, ਹੋਰ ਸਭ ਕਹਿ ਲੈਂਦਾ ਹਾਂ, ਪਰ ਉਹ ਅਗਮਯ (ਅਣਕਿਹਾ) ਹੀ ਰਹਿ ਜਾਂਦਾ ਹੈ। ਉਸ ਦੇ ਨੇੜੇ-ਤੇੜੇ ਬਹੁਤ ਕੁਝ ਕਹਿ ਲੈਂਦਾ ਹਾਂ, ਲੇਕਿਨ ਕੋਈ ਤੀਰ ਅੱਖਰ ਦਾ ਉਸ ਨਿਸ਼ਾਨੇ ਉੱਤੇ ਨਹੀਂ ਲਗਦਾ। ਹੋਰ ਸਭ ਕਿਹਾ ਜਾ ਸਕਦਾ ਹੈ, ਲੇਕਿਨ ਸਭ ਕਹਿਣਾ ਇਸ਼ਾਰਿਆਂ ਤੋਂ ਬਹੁਤਾ ਨਹੀਂ ਹੈ।

ਜੋ ਮੈਂ ਕਹਿੰਦਾ ਹਾਂ, ਉਸ ਨੂੰ ਨ ਫੜ ਲੈਣਾ। ਜੋ ਕਹਿੰਦਾ ਹਾਂ ਉਹ ਤਾਂ ਅਜਿਹਾ ਹੀ ਹੈ ਜਿਵੇਂ ਮੀਲ ਦਾ ਪਥੱਰ ਅਤੇ ਉਸ ਉੱਤੇ ਤੀਰ ਦਾ ਨਿਸ਼ਾਨ ਲਗਾ ਹੈ ਕਿ ਦਿੱਲੀ ਸੌ ਮੀਲ ਦੂਰ ਹੈ। ਉਸੇ ਨੂੰ ਫੜ ਕੇ ਨ ਬੈਠ ਜਾਣਾ ਕਿ ਆ ਗਏ ਦਿੱਲੀ। ਮੈਂ ਜੋ ਕਹਿੰਦਾ ਹਾਂ ਉਹ ਤਾਂ ਇਵੇਂ ਹੀ ਹੈ ਜਿਵੇਂ ਕੋਈ ਉਂਗਲੀ ਨਾਲ ਚੰਨ ਵਿਖਾਏ। ਉਂਗਲੀ ਨੂੰ ਨ ਪੂਜਣ ਲਗਣਾ। ਸਾਰੇ ਸ਼ਾਸਤ੍ਰ ਚੰਨ ਨੂੰ ਵਿਖਾਇਆਂ ਗਈਆਂ ਉਂਗਲੀਆਂ ਹਨ। ਚੰਨ ਨੂੰ ਕੋਈ ਉਂਗਲੀ ਪ੍ਰਗਟ ਨਹੀਂ ਕਰਦੀ। ਲੇਕਿਨ ਜੋ ਸਮਝਦਾਰ ਹਨ, ਉਹ ਇਸ਼ਾਰਿਆਂ ਨੂੰ ਫੜ ਲੈਂਦੇ ਹਨ।

ਸਮਝਦਾਰ ਨੂੰ ਇਸ਼ਾਰਾ ਕਾਫ਼ੀ।

ਬੁੱਧ ਦੇ ਕੋਲ ਇੱਕ ਆਦਮੀ ਆਇਆ। ਉਸ ਨੇ ਕਿਹਾ : ਜੋ ਨਹੀਂ ਕਿਹਾ ਜਾ ਸਕਦਾ, ਉਹ ਹੀ ਸੁਨਣ ਆਇਆ ਹਾਂ। ਬੁੱਧ ਨੇ ਅੱਖਾਂ ਬੰਦ ਕਰ ਲਈਆਂ। ਬੁੱਧ ਨੂੰ ਅੱਖਾਂ ਬੰਦ ਕੀਤਿਆਂ ਵੇਖ ਕੇ ਉਹ ਆਦਮੀ ਵੀ ਅੱਖਾਂ ਬੰਦ ਕਰਕੇ ਬੈਠ ਗਿਆ। ਆਨੰਦ ਕੋਲ ਹੀ ਬੈਠਾ ਸੀ—ਬੁੱਧ ਦਾ ਅਨੁਚਰ, ਸਦਾ ਦਾ ਸੇਵਕ—ਸਜਗ ਹੋ ਗਿਆ ਕਿ ਮਾਮਲਾ ਕੀ ਹੈ? ਝਪਕੀ ਖਾ ਰਿਹਾ ਹੋਵੇਗਾ, ਬੈਠਾ-ਬੈਠਾ ਕਰੇਗਾ ਕੀ। ਜਮਹਾਈ ਲੈ ਰਿਹਾ ਹੋਵੇਗਾ। ਵੇਖਾਂ ਕਿ ਮਾਮਲਾ ਕੀ ਹੈ? ਇਸ ਆਦਮੀ ਨੇ ਕਿਹਾ, ਜੋ ਨਹੀਂ ਕਿਹਾ ਜਾ ਸਕਦਾ ਉਹ ਹੀ ਸੁਨਣ ਆਇਆ ਹਾਂ।

ਅਤੇ ਬੁੱਧ ਅੱਖਾਂ ਬੰਦ ਕਰਕੇ ਚੁਪ ਵੀ ਹੋ ਗਏ ਤੇ ਓਹ ਵੀ ਅੱਖਾਂ ਬੰਦ ਕਰਕੇ ਬੈਠ ਗਿਆ। ਦੋਵੇਂ ਕਿਸੇ ਮਸਤੀ ਵਿਚ ਗੁਆਚ ਗਏ। ਕਿੱਤੇ ਦੂਰ ... ਸੁਨਯ ਵਿਚ ਦੋਹਾਂ ਦਾ ਜਿਵੇਂ ਮਿਲਨ ਹੋਣ ਲਗਾ। ਆਨੰਦ ਵੇਖ ਰਿਹਾ ਹੈ, ਕੁਝ ਹੋ ਜ਼ਰੂਰ ਰਿਹਾ ਹੈ; ਪਰ ਅਖੱਰ ਨਹੀਂ ਕਹੇ ਜਾ ਰਹੇ ਹਨ—ਨ ਇਧੱਰੋਂ ਨ ਉਧੱਰੋਂ। ਨ ਹੀ ਹੋਠਾਂ ਨਾਲ ਬਣ ਰਹੇ ਹਨ ਅਖੱਰ, ਨ ਕੰਨਾਂ ਤੱਕ ਜਾ ਰਹੇ ਹਨ ਅਖੱਰ; ਪਰ ਕੁਝ ਹੋ ਜ਼ਰੂਰ ਰਿਹਾ ਹੈ। ਕੁਝ ਅਦਰੱਸ਼ਯ ਉਪਸਥਿਤੀ ਉਸ ਨੂੰ ਅਨੁਭਵ ਹੋਈ। ਜਿਵੇਂ ਕਿਸੇ ਇੱਕ ਹੀ ਆਭਾ-ਮੰਡਲ (ਚੋਗਾ) ਵਿਚ ਡੁੱਬ ਗਏ। ਅਤੇ ਉਹ ਆਦਮੀ ਅੱਧੀ ਘੜੀ ਬਾਅਦ ਉਠਿਆ। ਉਸ ਦੀਆਂ ਅੱਖਾਂ ਚੋਂ ਆਨੰਦ ਦੇ ਅਥਰੂ ਵੱਗ ਰਹੇ ਸਨ।

ਝੁਕਿਆ ਬੁੱਧ ਦੇ ਚਰਨਾਂ ਵਿਚ, ਪ੍ਰਣਾਮ ਕੀਤਾ ਅਤੇ ਕਿਹਾ : ਧੰਨਭਾਗ ਮੇਰੇ! ਬਸ ਅਜਿਹੇ ਹੀ ਆਦਮੀ ਦੀ ਤਲਾਸ਼ ਵਿਚ ਸੀ ਜੋ ਬਿਨਾਂ ਕਹੇ ਕਹਿ ਦੇਵੇ। ਅਤੇ ਤੁਸੀਂ ਖ਼ੂਬ ਸੋਹਣੀ ਤਰ੍ਹਾਂ ਕਹਿ ਦਿੱਤਾ। ਮੈਂ ਤ੍ਰਿਪਤ ਹੋ ਕੇ ਜਾ ਰਿਹਾ ਹਾਂ।

ਉਹ ਆਦਮੀ ਰੋਂਦਾ ਆਨੰਦ ਮਗਨ, ਬੁੱਧ ਕੋਲੋਂ ਵਿਦਾ ਹੋਇਆ। ਉਸ ਦੇ ਵਿਦਾ ਹੁੰਦੇ ਹੀ ਆਨੰਦ ਨੇ ਪੁੱਛਿਆ ਕਿ ਮਾਮਲਾ ਕੀ ਹੈ? ਨ ਤੁਸੀਂ ਕੁਝ ਬੋਲੇ ਨ ਉਸ ਨੇ ਕੁਝ ਸੁਣਿਆ। ਅਤੇ ਜਦ ਉਹ ਜਾਣ ਲਗਾ ਅਤੇ ਉਸ ਨੇ ਤੁਹਾਡੇ ਪੈਰ ਛੂੰਹੇ ਤਾਂ ਤੁਸੀਂ ਇੰਨੀ ਨਿਮਰਤਾ ਨਾਲ ਉਸ ਨੂੰ ਅਸੀਸਾਂ ਦਿੱਤੀਆਂ, ਉਸ ਦੇ ਸਿਰ ਉੱਤੇ ਹਥ ਰੱਖਿਆ, ਅਜਿਹਾ ਤੁਸੀਂ ਸ਼ਾਇਦ ਹੀ ਕਦੇ ਕਿਸੇ ਦੇ ਸਿਰ ਉੱਤੇ ਹਥ ਰੱਖਦੇ ਹੋ ! ਗੱਲ ਕੀ ਹੈ, ਇਸ ਦੀ ਗੁਣਵੱਤਾ ਕੀ ਸੀ?

ਬੁੱਧ ਨੇ ਕਿਹਾ : ਆਨੰਦ! ਤੂੰ ਜਾਣਦਾ ਹੈਂ ਜਦ ਤੂੰ ਜਵਾਨ ਸੀ, ਅਸੀਂ ਸਾਰੇ ਜਵਾਨ ਸੀ (ਸਕੇ ਭਰਾ ਸਨ, ਤਾਏ, ਚਾਚੇ ਦੇ ਪੁਤੱਰ ਸਨ—ਬੁੱਧ ਤੇ ਆਨੰਦ—ਇੱਕ ਹੀ ਰਾਜ-ਘਰਾਣੇ ਵਿਚ ਪਲੇ ਸਨ, ਇੱਕਠੇ ਹੀ ਵੱਡੇ ਹੋਏ ਸਨ) ਤਾਂ ਤੈਨੂੰ ਘੋੜਿਆਂ ਨਾਲ ਬਹੁਤ ਪ੍ਰੇਮ ਸੀ। ਤੂੰ ਜਾਣਦਾ ਹੈਂ ਨ, ਕੁਝ ਘੋੜੇ ਹੁੰਦੇ ਹਨ ਕਿ ਉਨ੍ਹਾਂ ਨੂੰ ਮਾਰੋ ਤਾਂ ਵੀ ਠਿਠਕ ਜਾਂਦੇ ਹਨ, ਮਾਰਦੇ ਜਾਓ ਫ਼ਿਰ ਵੀ ਨਹੀਂ ਹਟਦੇ। ਬਹੁਤ ਜ਼ਿੱਦੀ ਹੁੰਦੇ ਹਨ। ਫ਼ਿਰ ਕੁਝ ਘੋੜੇ ਹੁੰਦੇ ਹਨ, ਉਨ੍ਹਾਂ ਨੂੰ ਜ਼ਰਾ ਕੁ ਜਿੰਨੀ ਸੱਟ ਮਾਰੋ ਕਿ ਟੁਰ ਪੈਂਦੇ ਹਨ। ਫ਼ਿਰ ਕੁਝ ਘੋੜੇ ਹੁੰਦੇ ਹਨ, ਉਨ੍ਹਾਂ ਨੂੰ ਸੱਟ ਨਹੀਂ ਮਾਰਨੀ ਪੈਂਦੀ, ਸਿਰਫ਼ ਛਾਂਟਾ ਫ਼ਟਕਾਰੋ, ਆਵਾਜ਼ ਕਰ ਦਿਓ, ਮਾਰੋ ਨ ਅਤੇ ਟੁੱਰ ਪੈਂਦੇ ਹਨ। ਹੋਰ ਵੀ ਕੁਝ ਘੋੜੇ ਹੁੰਦੇ ਹਨ, ਤੂੰ ਜਾਣਦਾ ਹੈਂ ਭਲੀ-ਭਾਂਤ, ਜਿਨ੍ਹਾਂ ਨੂੰ ਛਾਂਟੇ ਦੀ ਆਵਾਜ਼ ਕਰਨਾ ਵੀ ਅਪਮਾਨ-ਜਨਕ ਮਲੂਮ ਹੁੰਦਾ ਹੈ, ਜਿਹੜੇ ਸਿਰਫ਼ ਛਾਂਟੇ ਦੀ ਛਾਂ ਵੇਖ

ਕੇ ਹੀ ਟੁਰਦੇ ਹਨ। ਇਹ ਉਨ੍ਹਾਂ ਹੀ ਘੋੜਿਆਂ ਵਿਚੋਂ ਇੱਕ ਸੀ। ਛਾਂਟੇ ਦੀ ਛਾਂ। ਮੈਂ ਉਸ ਨੂੰ ਕੁਝ ਕਿਹਾ ਨਹੀਂ, ਮੈਂ ਸਿਰਫ਼ ਆਪਣੀ ਸੂਨਯਤਾ ਵਿਚ ਲੀਨ ਹੋ ਗਿਆ।

ਇਸ ਨੂੰ ਬਸ ਮੇਰੀ ਛਾਂ ਦਿੱਖ ਗਈ, ਸਤਸੰਗ ਹੋ ਗਿਆ। ਇਸ ਦਾ ਨਾਉਂ ਸਤਸੰਗ।

ਹੋਰ, ਅਜਿਹਾ ਨਹੀਂ ਹੈ ਕਿ ਬੁੱਧ ਬੋਲਦੇ ਨਹੀਂ ਹਨ। ਜੋ ਬੋਲਣਾ ਹੀ ਸਮਝ ਸਕਦੇ ਹਨ ਉਨ੍ਹਾਂ ਨਾਲ ਬੋਲਦੇ ਹਨ। ਜੋ ਹੌਲੀ-ਹੌਲੀ ਨ ਬੋਲਣ ਨੂੰ ਸਮਝਣ ਲਗਦੇ ਹਨ ਉਨ੍ਹਾਂ ਨਾਲ ਨਹੀਂ ਵੀ ਬੋਲਦੇ। ਬੋਲਣਾ 'ਨਹੀਂ ਬੋਲਣ' ਦੀ ਤਿਆਰੀ ਹੈ।

ਸਤਸੰਗ ਦੇ ਦੋ ਰੂਪ ਹਨ। ਇੱਕ—ਜਦ ਗੁਰੂ ਬੋਲਦਾ ਹੈ, ਕਿਉਂਕਿ ਅੱਜੇ ਤੁਸੀਂ ਬੋਲਣਾ ਹੀ ਸਮਝ ਸਕੋਗੇ, ਬੋਲਣਾ ਵੀ ਸਮਝ ਜਾਓ ਤਾਂ ਬਹੁਤ। ਫ਼ਿਰ ਦੂਜੀ ਘੜੀ ਆਉਂਦੀ ਹੈ—ਪਰਮ ਘੜੀ—ਜਦ ਬੋਲਣ ਦਾ ਕੋਈ ਸਵਾਲ ਨਹੀਂ ਰਹਿ ਜਾਂਦਾ; ਜਦ ਗੁਰੂ ਬੈਠਦਾ ਹੈ, ਤੁਸੀਂ ਕੋਲ ਬੈਠੇ ਹੁੰਦੇ ਹੋ। ਇਸ ਘੜੀ ਨੂੰ ਪੁਰਾਣੇ ਦਿਨਾਂ ਵਿਚ ਉਪਨਿਸ਼ੱਦ ਕਹਿੰਦੇ ਸਨ—ਗੁਰੂ ਦੇ ਕੋਲ ਬੈਠਣਾ! ਇਸੇ ਕੋਲ ਬੈਠਣ ਵਿਚ ਸਾਡੇ ਉਪਨਿਸ਼ੱਦ ਪੈਦਾ ਹੋਏ ਹਨ; ਉਨ੍ਹਾਂ ਦਾ ਨਾਮ ਵੀ ਉਪਨਿਸ਼ੱਦ ਪੈ ਗਿਆ!

ਗੁਰੂ ਦੇ ਕੋਲ ਬੈਠ-ਬੈਠ ਕੇ ਜੋ ਸੰਗੀਤ ਸੁਣਿਆ ਗਿਆ ਸੀ, ਉਸ ਨੂੰ ਹੀ ਸੰਗ੍ਰਹੀਤ (ਇਕੱਠਾ) ਕੀਤਾ ਗਿਆ ਹੈ, ਉਨ੍ਹਾਂ ਤੋਂ ਹੀ ਉਪਨਿਸ਼ੱਦ ਬਣੇ। ਉਪਨਿਸ਼ੱਦ ਦਾ ਮਤਲਬ ਹੁੰਦਾ ਹੈ, ਕੋਲ ਬੈਠਣਾ, ਸਤਸੰਗ !

ਨਹੀਂ; ਜੋ ਜਾਨਤਿ ਤੇ ਕਹਤਿ ਨੰਹਿ, ਕਹਤ ਤੇ ਜਾਨਤਿ ਨਾਂਹਿ। ਇਸ ਲਈ ਜੋ ਕਹਿੰਦਾ ਹੋਵੇ ਕਿ ਮੈਂ ਤੁਹਾਨੂੰ ਈਸ਼ਵਰ ਜਣਾ ਦਿਆਂਗਾ, ਸਾਵਧਾਨ ਹੋ ਜਾਣਾ। ਤੁਹਾਨੂੰ ਧੋਖਾ ਦਿੱਤਾ ਜਾਵੇਗਾ। ਤੁਹਾਨੂੰ ਸ਼ਬਦ ਪਕੜਾ ਦਿੱਤੇ ਜਾਣਗੇ। ਜੋ ਕਹਿੰਦਾ ਹੋਵੇ ਕਿ ਮੈਂ ਜਾਣ ਲਿਆ ਹੈ ਉਸ ਨੂੰ, ਉਸ ਦਾ ਦਾਵਾ ਘਾਤਕ ਸਿੱਧ ਹੋਵੇਗਾ। ਉਸ ਨੂੰ ਜਾਣਿਆ ਨਹੀਂ ਜਾਂਦਾ। ਜਿਹੜਾ ਉਸ ਨੂੰ ਜਾਣਦਾ ਹੈ ਉਹ ਉਹੀ ਹੋ ਜਾਂਦਾ ਹੈ। ਜੋ ਉਸ ਨੂੰ ਜਾਣਦਾ ਹੈ ਉਸ ਵਿਚ ਅਤੇ ਜੋ ਜਾਣਿਆ ਜਾਂਦਾ ਹੈ ਉਸ ਵਿਚ, ਭੇਦ ਨਹੀਂ ਰਹਿ ਜਾਂਦਾ। ਉੱਥੇ ਗਿਆਨ, ਗਿਆਤਾ ਅਤੇ ਗੇਯ ਅਜਿਹੇ ਖੰਡ (ਹਿੱਸੇ) ਨਹੀਂ ਹੁੰਦੇ। ਉੱਥੇ ਗਿਆਤਾ ਗੇਯ ਵਿਚ ਲੀਨ ਹੋ ਜਾਂਦਾ ਹੈ। ਉੱਥੇ ਗੇਯ ਗਿਆਤਾ ਵਿਚ ਲੀਨ ਹੋ ਜਾਂਦਾ ਹੈ। ਇਸ ਲਈ ਉਸ ਨੂੰ ਅਗਮਯ ਕਹਿੰਦੇ ਹਨ। ਉਸ ਦੀ ਫ਼ਿਰ ਥਾਹ ਨਹੀਂ ਲਭੇਂਦੀ। ਥਾਹ ਲੈਣ ਵਾਲਾ ਹੀ ਗੁਆਚ ਗਿਆ।

ਹੇਰਤ ਹੇਰਤ ਹੇ ਸਖੀ, ਰਹਾ ਕਬੀਰ ਹਿਰਾਇ

ਬਸਤੀ ਨ ਸੂਨਯ ਸੂਨਯ ਨ ਬਸਤੀ ਅਗਮ ਅਗੋਚਰ ਐਸਾ।
ਗਗਨ ਸਿਸ਼ਰ ਮਹਿਂ ਬਾਲਕ ਬੋਲੇ ਤਾਕਾ ਨਾਂਵ ਧਰਹੁਗੇ ਕੈਸਾ॥

ਅਤੇ ਜਦ ਕੋਈ ਇਸ ਅਗਮਯ ਵਿਚ ਉਤਰਨ ਦਾ ਸਾਹਸ ਇਕੱਠਾ ਕਰ ਲੈਂਦਾ ਹੈ। ਉਸੇ ਸਾਹਸ ਦਾ ਨਾਮ ਹੈ :

ਮਰੋ ਵੇ ਜੋਗੀ ਮਰੋ, ਮਰੋ ਮਰਣ ਹੈ ਮੀਠਾ।
ਤਿਸ ਮਰਣੀ ਮਰੋ, ਜਿਸ ਮਰਣੀ ਗੋਰਸ਼ ਮਰਿ ਦੀਠਾ॥

ਮਿੱਟ ਜਾਓ, ਮਰ ਜਾਓ ਤਾਂ ਵਿਖਾਈ ਪਵੇ, ਤਾਂ ਮਿਲਨ ਹੋਵੇ! ਗੁਆਚ ਜਾਓ ਤਾਂ ਖੋਜ

ਪੂਰੀ ਹੋ ਜਾਏ। ਤਾਂ ਉਸ ਦੇ ਅੰਦਰ ਮਸਤੱਕ ਦੀ ਇੱਕ ਅਭਿਵਯੰਜਨਾ (ਸਪਸ਼ੱਟ ਕਰਨ ਦਾ ਭਾਵ) ਹੁੰਦੀ ਹੈ।

ਗਗਨ ਸਿਸ਼ਰ ਮਹਿਂ ਬਾਲਕ ਬੋਲੇ ...। ਉਸ ਦੇ ਸਹਸਤ੍ਰਾਰ ਵਿਚ ਉਸ ਦੇ ਮਸਤੱਕ ਵਿਚ ਸ਼ੂਨਯ ਪੈਦਾ ਹੋ ਜਾਂਦਾ ਹੈ। ਜਦ ਸਾਰੇ ਵਿਚਾਰ ਵਿਦਾ ਹੋ ਜਾਂਦੇ ਹਨ; ਜਦ ਅਹੰਕਾਰ ਵਿਦਾ ਹੋ ਜਾਂਦਾ ਹੈ; ਜਦ ਮੈਂ ਹਾਂ ਅਜਿਹਾ ਭਾਵ ਵੀ ਨਹੀਂ ਰਹਿ ਜਾਂਦਾ, ਜਦ ਉੱਥੇ ਸਿਰਫ਼ ਹੁੰਦਾ ਹੈ—ਮੌਨ, ਸ਼ਾਂਤ, ਸ਼ੂਨਯ—ਉਸਨੂੰ ਸਮਾਧੀ ਕਹਿੰਦੇ ਹਨ।

ਜਦ ਸਮਾਧੀ ਫ਼ੁੱਲ ਜਾਂਦੀ ਹੈ! ਜਦ ਤੁਸੀਂ ਜਾਗਰੂਕ ਹੁੰਦੇ ਹੋ; ਲੇਕਿਨ ਕੋਈ ਚਿੱਤ ਵਿਚ ਵਿਚਾਰ ਦੀ ਧਾਰਾ ਨਹੀਂ ਵਗੱਦੀ। ਵਿਚਾਰ ਦਾ ਮਾਰਗ ਸ਼ੂਨਯ ਹੋ ਗਿਆ, ਸ਼ਾਂਤ ਹੋ ਗਿਆ, ਕੋਈ ਯਾਤ੍ਰੀ ਨਹੀਂ ਤੁਰਦੇ—ਨਿਰਵਿਚਾਰ, ਨਿਰਵਿਸ਼ਯ ਚਿੱਤ ਹੋ ਗਿਆ। ਤੁਸੀਂ ਸਿਰਫ਼ ਸ਼ੁੱਧ ਦਰਪਣ (ਸ਼ੀਸ਼ਾ) ਰਹਿ ਗਏ, ਜਿਸ ਵਿਚ ਹੁਣ ਕੋਈ ਛਾਂ ਨਹੀਂ ਬਣਦੀ, ਕੋਈ ਪ੍ਰਤਿਬਿੰਬ (ਪਰਛਾਵਾਂ) ਨਹੀਂ ਬਣਦਾ।

ਇਸ ਅਵਸਥਾ ਵਿਚ ਤੁਹਾਡੇ ਅੰਦਰ ਦਾ ਕਮਲ ਖਿੜਦਾ ਹੈ, ਤੁਹਾਡੇ ਮਸਤੱਕ ਵਿਚ ਸ਼ੂਨਯ ਦਾ ਜਨਮ ਹੁੰਦਾ ਹੈ। ਉੱਥੇ ਕੋਈ ਚੀਜ਼ ਭਰਨ ਵਾਲੀ ਨਹੀਂ ਰਹਿ ਜਾਂਦੀ। ਤੁਸੀਂ ਸਿਰਫ਼ ਇੱਕ ਖ਼ਾਲੀ, ਪਵਿਤ੍ਰ ਰਿਕਤਤਾ (ਖ਼ਾਲੀਪਨ) ਮਾਤਰ ਰਹਿ ਜਾਂਦੇ ਹੋ।

ਗਗਨ ਸਿਸ਼ਰ ਮਹਿਂ ਬਾਲਕ ਬੋਲੇ ... ਅਤੇ ਤਦ ਉਸ ਦੀ ਨਿਰਦੋਸ਼ ਆਵਾਜ਼, ਜਿਵੇਂ ਨਿੱਕੇ ਬੱਚੇ ਦੀ ਕਿਲਕਾਰੀ ! ਜਿਵੇਂ ਹੁਣੇ-ਹੁਣੇ ਪੈਦਾ ਹੋਇ ਬੱਚੇ ਦੀ ਆਵਾਜ਼! ਨਵੀਂ-ਨਵੀਂ, ਤਾਜ਼ੀ-ਤਾਜ਼ੀ ਸਦ-ਸ਼ਨਾਨ, ਨ੍ਹਾਤੀ-ਧੋਤੀ ਕੁਆਰੀ ਆਵਾਜ਼ ਸੁਣਾਈ ਪੈਂਦੀ ਹੈ। ਉਸ ਦਾ ਨਾਦ ਅਨੁਭਵ ਹੁੰਦਾ ਹੈ।

ਅਜਿਹੀ ਹੀ ਅਵਸਥਾ ਵਿਚ ਮੁਹੰਮਦ ਨੇ ਕੁਰਾਨ ਨੂੰ ਸੁਣਿਆ। ਅਜਿਹੀ ਹੀ ਅਵਸਥਾ ਵਿਚ ਰਿਸ਼ੀਆਂ ਨੇ ਵੇਦ ਸੁਣੇ। ਅਜਿਹੀ ਹੀ ਅਵਸਥਾ ਵਿਚ ਜਗਤ ਦੇ ਸਾਰੇ ਮਹਤੱਵਪੂਰਣ ਸ਼ਾਸਤ੍ਰਾਂ ਦਾ ਜਨਮ ਹੋਇਆ ਹੈ। ਉਹ ਸਾਰੇ ਅਪੌਰੁਸ਼ੇਯ (ਆਦਮੀ ਤੋਂ ਬਗੈਰ) ਹਨ।

ਪੁਰਸ਼ ਨੇ ਉਨ੍ਹਾਂ ਦਾ ਨਿਰਮਾਣ ਨਹੀਂ ਕੀਤਾ ਹੈ; ਆਦਮੀ ਦੇ ਹਥ ਉਨ੍ਹਾਂ ਵਿਚ ਨਹੀਂ ਲੱਗੇ ਹਨ। ਪਰਮਾਤਮਾ ਵੱਗਿਆ ਹੈ; ਆਦਮੀ ਤਾਂ ਸਿਰਫ਼ ਰਾਹ ਬਣਿਆ ਹੈ।

ਗਗਨ ਸਿਸ਼ਰ ਮਹਿਂ ਬਾਲਕ ਬੋਲੇ, ਤਾਕਾ ਨਾਂਵ ਧਰਹੁਗੇ ਕੈਸਾ।

ਅਤੇ ਉਹ ਨਿਰਦੋਸ਼ ਸਵਰ ਜਦ ਅੰਦਰ ਉਠਦਾ ਹੈ ਤਾਂ ਉਸ ਨੂੰ ਕੋਈ ਨਾਮ ਨਹੀਂ ਦਿੱਤਾ ਜਾ ਸਕਦਾ। ਉਹ ਅਨਾਮ ਹੈ। ਉਸ ਦਾ ਕੋਈ ਵਿਸ਼ੇਸ਼ਣ ਵੀ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਸਭ ਵਿਸ਼ੇਸ਼ਣ ਸੀਮਾਂ (ਹੱਦ) ਬੰਨ੍ਹ ਦੇਣਗੇ ਅਤੇ ਉਹ ਅਸੀਮ ਹੈ, ਉਹ ਅਨੰਤ ਹੈ। ਬਿੰਦੂ, ਸਿੰਧੂ ਹੋ ਗਿਆ। ਬੂੰਦ ਉੱਡ ਗਈ ਆਕਾਸ਼ ਹੋ ਗਈ; ਹੁਣ ਕੌਣ ਬੋਲੇ, ਕੀ ਬੋਲੇ? ਉੱਥੋਂ ਜਦ ਕੋਈ ਪਰਤਦਾ ਹੈ ਤਾਂ ਗੂੰਗਾ ਹੋ ਜਾਂਦਾ ਹੈ। ਬੋਲਦਾ ਹੈ ਬਹੁਤ, ਹੋਰ-ਹੋਰ ਗੱਲਾਂ ਕਰਦਾ ਹੈ। ਕਿਵੇਂ ਉੱਚੇ ਤੱਕ ਪੁੱਜੇ, ਇਹ ਬੋਲਦਾ ਹੈ; ਕਿਸ ਮਾਰਗ ਤੋਂ ਪੁੱਜੇ, ਇਹ ਬੋਲਦਾ ਹੈ; ਕਿਸ ਵਿਧੀ-ਵਿਧਾਨ ਨਾਲ ਪੁੱਜੋਗੇ, ਇਹ ਬੋਲਦਾ ਹੈ।

ਲੇਕਿਨ ਉੱਥੇ ਕੀ ਹੋਇਆ, ਇਸ ਸਬੰਧ ਵਿਚ ਬਿਲਕੁੱਲ ਚੁਪ ਰਹਿ ਜਾਂਦਾ ਹੈ; ਕਹਿੰਦਾ ਹੈ, ਤੁਸੀਂ ਹੀ ਟੁੱਰੋ, ਤੁਸੀਂ ਹੀ ਵੇਖੋ। ਝਰੋਖਾ ਕਿਵੇਂ ਖੋਲ੍ਹੋਗੇ ਇਹ ਵਿਧੀ ਦੱਸ ਦਿੰਦਾ ਹਾਂ।

ਕੁੰਜੀ ਕਿਹੜੀ ਲਗਾਓਗੇ ਜਿਸ ਨਾਲ ਜੰਦਰਾ ਖੁੱਲ੍ਹ ਜਾਏ, ਇਹ ਦੱਸ ਦਿੰਦਾ ਹਾਂ। ਲੇਕਿਨ ਜੋ ਦਰਸ਼ਨ ਹੋਇਗਾ ਉਹ ਤਾਂ ਤੁਸੀਂ ਜਾਓਗੇ ਤਦ ਹੀ ਹੋਵੇਗਾ! ਉਸ ਦਰਸ਼ਨ ਨੂੰ ਉਧਾਰ ਕੋਈ ਕਿਸੇ ਨੂੰ ਦੇ ਨਹੀਂ ਸਕਦਾ।

ਹੰਸਿਬਾ ਖੇਲਿਬਾ ਧਰਿਬਾ ਧਿਆਨੰ...! ਲੇਕਿਨ ਜਿਸ ਨੂੰ ਇਹ ਅਨੁਭਵ ਹੋ ਗਿਆ ਹੈ, ਉਸ ਦੇ ਜੀਵਨ ਵਿਚ ਤੁਹਾਨੂੰ ਕੁਝ ਚੀਜ਼ਾਂ ਵਿਖਾਈ ਦੇਣ ਲਗਣਗੀਆਂ। ਬਹੁਤ ਪਿਆਰੇ ਵਚਨ ਹਨ । ਬਹੁਤ ਡੂੰਘੇ ਵਚਨ ਹਨ !

ਹੰਸਿਬਾ ਖੇਲਿਬਾ ਧਰਿਬਾ ਧਿਆਨੰ ...। ਉਸ ਨੂੰ ਤੁਸੀਂ ਵੇਖੋਂਗੇ ਹਸਦੇ ਹੋਏ, ਖੇਡਦੇ ਹੋਏ ਜੀਵਨ ਉਸ ਲਈ ਲੀਲ੍ਹਾ ਹੋ ਗਿਆ। ਉਸ ਨੂੰ ਤੁਸੀਂ ਗੰਭੀਰ ਨਹੀਂ ਪਾਓਗੇ। ਇਹ ਕਸੌਟੀ ਹੈ ਸਤਿਗੁਰੂ ਦੀ। ਉਸ ਨੂੰ ਤੁਸੀਂ ਗੰਭੀਰ ਅਤੇ ਉਦਾਸ ਨਹੀਂ ਪਾਓਗੇ। ਤੁਸੀਂ ਉਸ ਨੂੰ ਹਸਦਾ ਹੋਇਆ ਪਾਓਗੇ। ਹੰਸਿਬਾ ਖੇਲਿਬਾ ਧਰਿਬਾ ਧਿਆਨੰ ...।

ਉਸ ਲਈ ਸਭ ਹੰਸੀ-ਖੇਡ ਹੈ, ਸਭ ਲੀਲ੍ਹਾ ਹੈ। ਇਸ ਲਈ ਅਸੀਂ ਕ੍ਰਿਸ਼ਨ ਨੂੰ ਪੂਰਣ ਅਵਤਾਰ ਕਿਹਾ। ਰਾਮ ਗੰਭੀਰ ਹਨ, ਛੋਟੀ-ਛੋਟੀ ਗੱਲ ਦਾ ਹਿਸਾਬ ਰਖੱਦੇ ਹਨ, ਨੀਯਮ, ਮਰਯਾਦਾ ਨਾਲ ਚਲਦੇ ਹਨ—ਮਰਯਾਦਾ ਪਰਸ਼ੋਤਮ ਹਨ। ਕ੍ਰਿਸ਼ਨ ਬਗੈਰ ਮਰਯਾਦਾ ਤੋਂ ਹਨ—ਨ ਕੋਈ ਨਿਯਮ ਹੈ ਨ ਕੋਈ ਮਰਯਾਦਾ ਹੈ। ਕ੍ਰਿਸ਼ਨ ਲਈ ਜੀਵਨ ਲੀਲ੍ਹਾ ਹੈ।

ਜੀਵਨ ਇੱਕ ਖੇਡ ਹੈ। ਇਸ ਨੂੰ ਖੇਡ ਤੋਂ ਜ਼ਿਆਦਾ ਨ ਲੈਣਾ, ਖਿਡਾਰੀ ਤੋਂ ਜ਼ਿਆਦਾ ਲਿਆ ਕਿ ਬਸ ਉਲਝੇ। ਨਾਟਕ ਸਮਝੋ, ਅਭਿਨਯ ਸਮਝੋ। ਅਭਿਨਯ ਵਿਚ ਕੋਈ ਪਰੇਸ਼ਾਨ ਥੋੜ੍ਹੇ ਹੀ ਹੁੰਦਾ ਹੈ। ਜੋ ਅਭਿਨਯ ਮਿਲ ਗਿਆ ਹੈ ਉਸੇ ਨੂੰ ਮਸਤੀ ਨਾਲ ਕਰ ਦਿੰਦਾ ਹੈ। ਰਾਵਣ ਵੀ ਬਨਣਾ ਪੈਂਦਾ ਹੈ ਰਾਮਲੀਲ੍ਹਾ ਵਿਚ ਕਿਸੇ ਨੂੰ, ਤਾਂ ਕੁਝ ਪਰੇਸ਼ਾਨ ਥੋੜ੍ਹੇ ਹੀ ਹੁੰਦਾ ਹੈ, ਕੋਈ ਦਿਲ ਹੀ ਦਿਲ ਵਿਚ ਰੋਂਦਾ ਥੋੜ੍ਹੇ ਹੀ ਹੈ ਕਿ ਹਾਏ, ਮੈਂ ਕਿਹੋ ਜਿਹਾ ਅਭਾਗਾ ਹਾਂ ਕਿ ਮੈਨੂੰ ਰਾਵਣ ਬਨਣਾ ਪਿਆ! ਪਰਦਾ ਹਟਦੇ ਹੀ ਰਾਮ ਅਤੇ ਰਾਵਣ ਸਭ ਬਰਾਬਰ ਹੋ ਜਾਂਦੇ ਹਨ। ਜਿੱਥੇ ਇੱਕ ਦੂਜੇ ਦੀ ਜਾਨ ਲੈਣ ਲਈ ਉਤਾਰੂ ਸਨ, ਪਰਦੇ ਦੇ ਪਿੱਛੇ ਜਾ ਕੇ ਵੇਖਣਾ, ਬੈਠੇ ਚਾਹ ਪੀ ਰਹੇ ਹਨ, ਗਪ-ਸ਼ਪ ਕਰ ਰਹੇ ਹਨ। ਸੀਤਾ ਜੀ ਦੋਹਾਂ ਦੇ ਵਿਚਕਾਰ ਬੈਠੀ ਹੈ। ਨ ਕੋਈ ਚੁਰਾਉਂਣ ਦਾ ਸਵਾਲ ਹੈ, ਨ ਕੋਈ ਬਚਾਉਂਣ ਦਾ ਸਵਾਲ ਹੈ।

ਜੀਵਨ ਇੱਕ ਅਭਿਨਯ ਹੈ; ਲੇਕਿਨ ਉਸੇ ਲਈ ਪੂਰਣ ਅਭਿਨਯ ਹੋ ਪਾਉਂਦਾ ਹੈ ਜਿਹੜਾ ਪੂਰਣ ਸ਼ੂਨਯ ਨੂੰ ਉਪਲਬੱਧ ਹੋ ਜਾਂਦਾ ਹੈ। ਹੰਸਿਬਾ ਖੇਲਿਬਾ ਧਰਿਬਾ ਧਿਆਨੰ...। ਫ਼ਿਰ ਤਾਂ ਧਿਆਨ ਵੀ ਖੇਡ ਹੀ ਹੈ, ਹਾਸਾ ਹੀ ਹੈ। ਮੈਨੂੰ ਲੋਕ ਪੁੱਛਦੇ ਹਨ ਕਿ ਇਹ ਤੁਹਾਡਾ ਆਸ਼੍ਰਮ ਕਿਹੋ ਜਿਹਾ ਹੈ ! ਇੱਥੇ ਲੋਕ ਹਸੱਦੇ ਹਨ, ਨਚੱਦੇ ਹਨ, ਖੇਡਦੇ ਹਨ, ਕੁਦੱਦੇ ਹਨ। ਹੋਰ ਕਿਹੋ-ਜਿਹਾ ਆਸ਼੍ਰਮ ਹੋ ਸਕਦਾ ਹੈ ? ...

ਹੰਸਿਬਾ ਖੇਲਿਬਾ ਧਰਿਬਾ ਧਿਆਨੰ ...। ਅਹਨਿਸਿ ਕਥਿਬਾ ਬ੍ਰਹਮਗਿਆਨੰ।

ਅਤੇ ਫ਼ਿਰ ਤਾਂ ਉਹ ਜੋ ਵੀ ਬੋਲਦਾ ਹੈ ਉਹ ਹੀ ਬ੍ਰਹਮਗਿਆਨ ਹੈ। ਅਹਨਿਸਿ। ਜਿਵੇਂ ਬੋਲਦਾ ਹੈ, ਜਿਵੇਂ ਉਠਦਾ ਹੈ...। ਚੁਪ ਰਹਿ ਜਾਓ ਤਾਂ ਚੁਪ ਰਹਿਣ ਵਿਚ ਬ੍ਰਹਮਗਿਆਨ ਹੈ, ਬੋਲੇ ਤਾਂ ਬੋਲਣ ਵਿਚ ਬ੍ਰਹਮਗਿਆਨ ਹੈ, ਨੱਚੇ ਤਾਂ ਨਚੱਣ ਵਿਚ ਬ੍ਰਹਮਗਿਆਨ ਹੈ, ਅਤੇ ਸ਼ਾਂਤ ਬੈਠ ਜਾਓ ਤਾਂ ਸ਼ਾਂਤ ਬੈਠ ਜਾਣ ਵਿਚ ਬ੍ਰਹਮਗਿਆਨ ਹੈ। ਉਸ ਦਾ ਸਾਰਾ ਵਿਅਕਤਿੱਤਵ

(ਹੋਂਦ) ਬ੍ਰਹਮ ਨੂੰ ਸਮਰਪਿਤ ਹੋ ਗਿਆ, ਸਮਗਰ ਨੂੰ ਸਮਰਪਿਤ ਹੋ ਗਿਆ। ਹੁਣ ਉਹ ਵਿਅਕਤੀ ਵਖੱਰਾ ਨਹੀਂ ਹੈ। ਇਸ ਲਈ ਤਾਂ ਉਹ ਹਸੱਦਾ ਹੈ, ਖੇਡਦਾ ਹੈ। ਹੁਣ ਪਰਮਾਤਮਾ ਦੀ ਲੀਲ੍ਹਾ ਦਾ ਅੰਗ ਹੋ ਗਿਆ ਹੈ।

ਹੰਸੈ ਸ਼ੇਲੈ ਨ ਕਰੈ ਮਨ ਭੰਗ। ਇਸ ਲਈ ਹੱਸੋ ਅਤੇ ਖੇਡੋ, ਤੇ ਮਨ ਨੂੰ ਵਿਅਰਥ ਗੰਭੀਰ ਕਰਕੇ ਦੁਖੀ ਅਤੇ ਪਰੇਸ਼ਾਨ ਨ ਹੋ ਜਾਓ। ਮਨ-ਭੰਗ ਨ ਕਰੋ।

ਲੇਕਿਨ ਤੁਸੀਂ ਵੇਖਦੇ ਹੋ, ਕੁਝ ਲੋਗ ਸੰਸਾਰਿਕ ਅਰਥਾਂ ਵਿਚ ਬਹੁਤ ਪਰੇਸ਼ਾਨ ਹਨ ਅਤੇ ਕੁਝ ਲੋਕ ਧਾਰਮੱਕ ਅਰਥਾਂ ਵਿਚ ਬਹੁਤ ਪਰੇਸ਼ਾਨ ਹਨ। ਦੋਹਾਂ ਦਾ ਮਨ ਭੰਗ ਹੋ ਰਿਹਾ ਹੈ। ਇੱਕ ਧਨ ਦੇ ਪਿੱਛੇ ਭਜਦਾ ਜਾ ਰਿਹਾ ਹੈ, ਉਸ ਦਾ ਮਨ ਭੰਗ ਹੋਇਆ; ਇੱਕ ਧਨ ਤੋਂ ਘਬਰਾ ਕੇ ਭਜਿਆ ਜਾ ਰਿਹਾ ਹੈ, ਉਸ ਦਾ ਮਨ ਭੰਗ ਹੋ ਗਿਆ। ਇੱਕ ਕਹਿੰਦਾ ਹੈ ਕਿ ਜਿੰਨੀਆਂ ਬਹੁਤੀਆਂ ਇਸਤ੍ਰੀਆਂ ਮੈਨੂੰ ਮਿਲ ਜਾਣ ਓਨਾ ਹੀ ਅੱਛਾ ਅਤੇ ਇੱਕ ਕਹਿੰਦਾ ਹੈ ਕਿੱਤੇ ਇਸਤ੍ਰੀ ਨ ਵਿਖਾਈ ਪੈ ਜਾਏ, ਨਹੀਂ ਤਾਂ ਸਭ ਗੜਬੜ ਹੋ ਜਾਏਗਾ। ਪਰ ਇਨ੍ਹਾਂ ਦੋਹਾਂ ਦੇ ਮਨ ਭੰਗ ਹਨ, ਇਨ੍ਹਾਂ ਦੋਹਾਂ ਨੂੰ ਹਸੱਣਾ-ਖੇਡਣਾ ਨਹੀਂ ਆਇਆ ਹੈ। ਇਨ੍ਹਾਂ ਨੂੰ ਜ਼ਿੰਦਗੀ ਵਿਚ ਲੀਲ੍ਹਾ ਦੀ ਕਲਾ ਨਹੀਂ ਆਈ। ਇਹ ਬਹੁਤ ਗੰਭੀਰ ਹਨ, ਇਹ ਬਹੁਤ ਹੀ ਅਤਿਗੰਭੀਰ ਹਨ। ਇਨ੍ਹਾਂ ਦੀ ਗੰਭੀਰਤਾ ਇਨ੍ਹਾਂ ਦੀ ਬੀਮਾਰੀ ਹੈ।

ਹੰਸਿਬਾ ਖੇਲਿਬਾ ਧਰਿਬਾ ਧਿਆਨੰ।
ਅਹਨਿਸਿ ਕਥਿਬਾ ਬ੍ਰਹਮਗਿਆਨੰ।
ਹੰਸੈ ਸ਼ੇਲੈ ਨ ਕਰੈ ਮਨ ਭੰਗ ...।

ਇਸ ਲਈ ਕਹਿੰਦੇ ਹਨ ਹੱਸੋ, ਖੇਡੋ, ਮਨ ਨੂੰ ਭੰਗ ਨ ਕਰੋ।

ਤੇ ਨਿਹਚਲ ਸਦਾ ਨਾਥ ਕੇ ਸੰਗ।

ਤਾਂ ਇਸੇ ਹਾਸੇ-ਖੇਡ ਵਿਚ ਡੁੱਬੇ-ਡੁੱਬੇ, ਇਸੇ ਮੌਜ ਵਿਚ, ਲੀਲ੍ਹਾ ਵਿਚ ਪਗੇ-ਪਗੇ (ਟੁਰਦੇ-ਟੁਰਦੇ) ਨਾਥ ਦੇ ਸਦਾ ਸੰਗ ਹੋ ਜਾਓਗੇ। ਤੇ ਨਿਹਚਲ ਸਦਾ ਨਾਥ ਕੈ ਸੰਗ। ਹਰ-ਪਲ ਫ਼ਿਰ ਤੁਹਾਡਾ ਤੇ ਪਰਮਾਤਮਾ ਦਾ ਸੰਗ ਰਹੇਗਾ। ਸੰਗ (ਸਾਥ) ਕਹਿਣਾ ਵੀ ਸ਼ਾਇਦ ਠੀਕ ਨਹੀਂ ਹੈ, ਤੁਸੀਂ ਇੱਕ ਹੀ ਹੋ ਗਏ ਹੋ। ਉਹ ਹੀ ਅਰਥ ਹੈ : ਨਿਹਚਲ ਸਦਾ ਨਾਥ ਕੇ ਸੰਗ। ਇੱਕ ਪਲ ਲਈ ਵੀ ਸਾਥ ਨਹੀਂ ਛੁਟਦਾ। ਸਾਥ ਸਾਤਤਯ (ਸਦਾ ਰਹਿਣ ਵਾਲਾ) ਬਣ ਗਿਆ।

ਅਹਨਿਸਿ ਮਨ ਲੈ ਉਨਮਨ ਰਹੈ ...।

ਪ੍ਰਤਿਪਲ ਉਠਦੇ-ਬੈਠਦੇ, ਜਾਗਦੇ-ਸੌਂਦੇ ਇੱਕ ਹੀ ਖ਼ਿਆਲ ਰਹੇ ! ਮਨ ਲੈ ਉਨਮਨ ਰਹੈ। ਮਨ ਨੂੰ ਅਮਨ ਬਨਾਉਣਾ ਹੈ। ਜਿਸ ਨੂੰ ਝੇਨ ਫ਼ਕੀਰ ਕਹਿੰਦੇ ਹਨ—ਨੋ ਮਾਈਂਡ, ਉਨਮਨ। ਚਿੱਤ ਨੂੰ ਸ਼ੂਨਯ ਕਰ ਦੇਣਾ ਹੈ।

ਮਨ ਕੀ ਹੈ ? ਅਤੀਤ ਦੇ ਵਿਚਾਰ, ਭਵਿੱਖ ਦੀਆਂ ਯੋਜਨਾਵਾਂ—ਇਹ ਹੀ ਮਨ ਹੈ।

ਜੋ ਹੋ ਚੁੱਕਿਆ ਉਸ ਦਾ ਸ਼ੋਰਗੁਲ ! (ਰੌਲਾ-ਰੱਪਾ) ਜੋ ਹੋਣਾ ਚਾਹੀਦਾ, ਉਸ ਦੀਆਂ ਅਪੇਕਸ਼ਾਵਾਂ (ਇੱਛਾਵਾਂ)—ਇਹ ਹੀ ਮਨ ਹੈ। ਨ ਅਤੀਤ ਰਹਿ ਜਾਏ, ਨ ਭਵਿੱਖ ਰਹਿ ਜਾਏ। ਫ਼ਿਰ ਕੀ ਹੈ?

ਵਰਤਮਾਨ ਹੈ : ਹੰਸਿਬਾ ਖੇਲਿਬਾ ਧਰਿਬਾ ਧਿਆਨੰ ...। ਫਿਰ ਤਾਂ ਇਹ ਸ਼ੁੱਧ ਵਰਤਮਾਨ ਰਹਿ ਜਾਂਦਾ ਹੈ, ਜਿਸ ਵਿਚ ਵਿਚਾਰ ਦੀ ਕੋਈ ਛਾਂ ਵੀ ਨਹੀਂ ਪੈਂਦੀ। ਹੋਰ ਅਤੀਤ ਹੈ ਨਹੀਂ, ਉਸੇ ਵਿਚ ਤੁਸੀਂ ਉਲਝੇ ਹੋ। ਤੇ ਭਵਿੱਖ ਅਜੇ ਹੋਇਆ ਨਹੀਂ, ਉਸ ਵਿਚ ਤੁਸੀਂ ਉਲਝੇ ਹੋ। ਕੁਝ ਲੋਗ ਅਤੀਤ-ਉਨਮੁਖ ਹਨ, ਉਨ੍ਹਾਂ ਦੀਆਂ ਅੱਖਾਂ ਪਿੱਛੇ ਗਡੀਆਂ ਹਨ ਅਤੇ ਕੁਝ ਲੋਕ ਭਵਿਖ-ਉਨਮੁਖ ਹਨ, ਉਨ੍ਹਾਂ ਦੀਆਂ ਅੱਖਾਂ ਅਗੇ ਗਡੀਆਂ ਹਨ, ਅਤੇ ਦੋਵੇਂ ਵਾਂਜੇ ਰਹਿ ਜਾਂਦੇ ਹਨ ਉਸ ਤੋਂ 'ਜੋ ਹੈ'। ਅਤੇ 'ਜੋ ਹੈ' ਹੁਣੇ ਇਸ ਛਣ ... ਉਹ ਹੀ ਪਰਮਾਤਮਾ ਦਾ ਰੂਪ ਹੈ। ਇਸੇ ਛਣ ਜੀਓ, ਪਲ-ਪਲ ਜੀਓ! ਫਿਰ ਕਿਹੋ ਜਿਹੀ ਉਦਾਸੀ ?

ਤੁਸੀਂ ਕਦੇ ਇੱਕ ਗੱਲ ਤੇ ਖ਼ਿਆਲ ਕੀਤਾ ਹੈ, ਵਰਤਮਾਨ ਵਿਚ ਸਦਾ ਰਸ ਹੈ ਅਤੇ ਵਰਤਮਾਨ ਵਿਚ ਸਦਾ ਆਨੰਦ ਹੈ। ਜਦ ਤੁਸੀਂ ਕਦੇ ਦੁਖੀ ਹੋਵੋ ਤਾਂ ਥੋੜ੍ਹਾ ਸੋਚਣਾ, ਦੁਖ ਜਾਂ ਤਾਂ ਅਤੀਤ ਦੇ ਸਬੰਧ ਵਿਚ ਹੁੰਦਾ ਹੈ ਜਾਂ ਭਵਿੱਖ ਦੇ ਸਬੰਧ ਵਿਚ। ਜਾਂ ਤਾਂ ਤੁਸੀਂ ਜਿਸ ਤਰ੍ਹਾਂ ਤੁਸੀਂ ਕਰਨਾ ਚਾਹੁੰਦੇ ਸੀ ਨਹੀਂ ਕਰ ਸਕੇ, ਅਤੀਤ ਵਿਚ ਉਸ ਦਾ ਦੁਖ ਹੁੰਦਾ ਹੈ; ਜਾਂ ਭਵਿੱਖ ਵਿਚ ਜਿਹੋ-ਜਿਹਾ ਤੁਸੀਂ ਕਰਨਾ ਚਾਹੁੰਦੇ ਹੋ ਉਹੋ-ਜਿਹਾ ਕਰ ਸਕੋਗੇ ਜਾਂ ਨਹੀਂ ਕਰ ਸਕੋਗੇ, ਉਸ ਦੇ ਸਬੰਧ ਵਿਚ ਚਿੰਤਾ ਅਤੇ ਪੀੜਾ ਹੁੰਦੀ ਹੈ।

ਕਦੇ ਤੁਸੀਂ ਇਸ ਉੱਤੇ ਖ਼ਿਆਲ ਕੀਤਾ, ਇਸ ਨਿੱਕੇ-ਜਿਹੇ ਸਤਯ ਨੂੰ ਕਦੇ ਵੇਖਿਆ ਹੈ ਕਿ ਵਰਤਮਾਨ ਵਿਚ ਕੋਈ ਦੁਖ ਨਹੀਂ ਹੈ, ਕੋਈ ਚਿੰਤਾ ਨਹੀਂ ਹੈ? ਇਸ ਲਈ ਵਰਤਮਾਨ ਮਨ ਨੂੰ ਭੰਗ ਨਹੀਂ ਕਰਦਾ, ਚਿੰਤਾ ਮਨ ਨੂੰ ਭੰਗ ਕਰਦੀ ਹੈ। ਵਰਤਮਾਨ ਵਿਚ ਦੁਖ ਹੁੰਦਾ ਹੀ ਨਹੀਂ। ਵਰਤਮਾਨ ਦੁਖ ਨੂੰ ਜਾਣਦਾ ਹੀ ਨਹੀਂ। ਵਰਤਮਾਨ ਤਾਂ ਇੰਨਾ ਨਿੱਕਾ ਛਿਣ ਹੈ ਕਿ ਉਸ ਵਿਚ ਦੁਖ ਸਮਾ ਹੀ ਨਹੀਂ ਸਕਦਾ। ਵਰਤਮਾਨ ਵਿਚ ਸਵਰਗ ਹੀ ਸਮਾ ਸਕਦਾ ਹੈ, ਨਰਕ ਨਹੀਂ ਸਮਾ ਸਕਦਾ। ਨਰਕ ਦਾ ਵੱਡਾ ਵਿਸਤਾਰ (ਫ਼ੈਲਾਅ) ਹੈ। ਵਰਤਮਾਨ ਵਿਚ ਤਾਂ ਸਿਰਫ਼ ਸ਼ਾਂਤੀ ਹੋ ਸਕਦੀ ਹੈ, ਸੁਖ ਹੋ ਸਕਦਾ ਹੈ, ਸਮਾਧੀ ਹੋ ਸਕਦੀ ਹੈ।

ਅਹਿਨਿਸਿ ਮਨ ਲੈ ਉਨਮਨ ਰਹੇ ...।

ਤਾਂ ਮਨ ਨੂੰ ਉਨਮਨ ਕਰ ਦੋ, ਮਨ ਨੂੰ ਪੂੰਜ ਸੁੱਟੋ। ਮਤਲਬ ਹੋਇਆ ! ਅਤੀਤ ਅਤੇ ਭਵਿੱਖ ਨੂੰ ਸੋਚੋ ਨ।

ਇਹ ਘੜੀ ਜੋ ਆਈ ਹੈ, ਹੁਣੇ ਹੀ ਥੋੜ੍ਹਾ ਇਸ ਦਾ ਸਵਾਦ ਲਵੋ। ਇਹ ਜੋ ਪਲ ਹੈ ... ਇਹ ਦੂਰ ਟ੍ਰੇਨ ਦੇ ਲੰਘਣ ਦੀ ਆਵਾਜ਼, ਸੰਨਾਟੇ ਵਿਚ ਬੈਠੇ ਹੋਏ ਲੋਗ, ਪ੍ਰੇਮ-ਪਗੇ, ਮੇਰੀ ਗੱਲ ਨੂੰ ਸੁਣਦੇ ਹੋਏ, ਮੇਰੇ ਵਲ ਅਪਲਕ (ਬਗ਼ੈਰ ਪਲਕ ਝਪਕੇ) ਵੇਖਦੇ ਹੋਏ ਤੁਸੀਂ, ਦਰਖ਼ੱਤਾਂ ਤੇ ਪੈਂਦੀ ਹੋਈ ਧੁੱਪ, ਹਵਾ ਦੇ ਬੁੱਲੇ—ਹੁਣ ਕਿੱਥੇ ਦੁਖ, ਕਿਹੋ ਜਿਹਾ ਦੁਖ? ਇਸ ਘੜੀ (ਛੱਣ) ਵਿਚ ਸਭ ਸੁਖ ਹੈ। ਇਸ ਸੁਖ ਨੂੰ ਗਹਿਰਾਓ। ਇਸ ਸੁਖ ਨੂੰ ਪੀਓ। ਇਹ ਹੀ ਮਦਿਰਾ (ਸ਼ਰਾਬ) ਹੈ, ਜੋ ਢਾਲਣੀ ਹੈ। ਇਹ ਹੀ ਮਧੂਸ਼ਾਲਾ ਹੈ, ਜਿਸ ਦੇ ਅੰਗ ਹੋ ਜਾਣਾ ਹੈ। ਇੱਕ ਪਲ ਤੋਂ ਜ਼ਿਆਦਾ ਤਾਂ ਕਦੇ ਕੁਝ ਮਿਲਦਾ ਨਹੀਂ, ਦੋ ਛਿਣ ਤਾਂ ਇਕੱਠੇ ਮਿਲਦੇ ਨਹੀਂ। ਬਸ ਇੱਕ ਛਿਣ ਨੂੰ ਜੀਓ।

ਜੀਸਸ ਨੇ ਆਪਣੇ ਸ਼ਿਸ਼ਯਾਂ (ਚੇਲੇ) ਨੂੰ ਕਿਹਾ ਹੈ : ਵੇਖਦੇ ਹੋ ਖੇਤ ਵਿਚ ਉੱਗੇ ਹੋਏ ਲਿੱਲੀ ਦੇ ਫੁੱਲਾਂ ਨੂੰ, ਇਨ੍ਹਾਂ ਦੀ ਖ਼ੂਬਸੂਰਤੀ ਕੀ, ਇਨ੍ਹਾਂ ਦੀ ਸੁੰਦਰਤਾ ਦਾ ਰਾਜ਼ ਕੀ? ਗਰੀਬ ਲਿੱਲੀ

ਦੇ ਫੁੱਲ...ਇਨ੍ਹਾਂ ਦੀ ਸੁੰਦਰਤਾ ਦਾ ਰਹਸਯ ਕੀ ਹੈ, ਇਨ੍ਹਾਂ ਵਿਚ ਸੁਗੰਧ ਕਿੱਥੋਂ ਉਠਦੀ ਹੈ ?

ਅਤੇ ਮੈਂ ਤੁਹਾਨੂੰ ਆਖਦਾ ਹਾਂ—ਜੀਸਸ ਨੇ ਕਿਹਾ—ਕਿ ਸਮ੍ਰਾਟ ਸੋਲੋਮਨ ਵੀ ਆਪਣੇ ਪਰਮ ਵੈਭਵ (ਸ਼ਿਖਰ) ਵਿਚ ਇੰਨਾ ਸੋਹਣਾ ਨਹੀਂ ਸੀ, ਜਿੰਨੇ ਇਹ ਲਿੱਲੀ ਦੇ ਫੁੱਲ ...! ਰਾਜ਼ ਕੀ ਹੈ ਇਨ੍ਹਾਂ ਦੀ ਸੁੰਦਰਤਾ ਦਾ? ਇਨ੍ਹਾਂ ਦੀ ਸੁੰਦਰਤਾ ਦਾ ਰਾਜ਼ ਇੱਕ ਹੈ, ਜੋ ਗਿਆ, ਗਿਆ। ਜੋ ਆਇਆ ਨਹੀਂ, ਆਇਆ ਨਹੀਂ। ਇਨ੍ਹਾਂ ਨੂੰ ਨ ਬੀਤੇ ਕੱਲ੍ਹ ਦੀ ਚਿੰਤਾ ਹੈ, ਨ ਆਉਣ ਵਾਲੇ ਕੱਲ੍ਹ ਦੀ ਚਿੰਤਾ ਹੈ। ਇਹ ਬਸ ਇੱਥੇ ਹੀ ਹਨ।

ਇਸ ਲਈ ਜੀਸਸ ਨੇ ਆਪਣੇ ਸ਼ਿਸ਼ਯਾਂ ਨੂੰ ਕਿਹਾ : ਕੱਲ੍ਹ ਦੀ ਨ ਸੋਚੋ। ਸਾਰੀ ਸੋਚ ਕੱਲ੍ਹ ਦੀ ਹੈ। ਇਸ ਛਣ ਵਿਚ ਕੋਈ ਸੋਚ ਨਹੀਂ ਹੁੰਦੀ। ਅਤੇ ਜਿੱਥੇ ਸੋਚ ਨਹੀਂ ਹੈ। ਜਿੱਥੇ ਵਿਚਾਰ ਨਹੀਂ ਹੈ, ਜਿੱਥੇ ਚਿੰਤਾ ਨਹੀਂ ਹੈ, ਉੱਥੇ ਮਨ ਨਹੀਂ ਹੈ ਅਤੇ ਜਿੱਥੇ ਮਨ ਨਹੀਂ ਹੈ, ਉੱਥੇ ਪਰਮਾਤਮਾ ਹੈ। ਮਨ ਮਰ ਜਾਏ ਤਾਂ ਪਰਮਾਤਮਾ ਦਾ ਅਨੁਭਵ ਹੋ ਜਾਏ।

ਮਰੋ ਹੇ ਜੋਗੀ ਮਰੋ ! ਛਾਂਡੈ ਆਸਾ ਰਹੈ ਨਿਰਾਸ।

ਆਸ ਕਰਦੇ ਹੋ, ਉਸੇ ਨਾਲ ਹੀ ਮਨ ਪੈਦਾ ਹੁੰਦਾ ਹੈ। ਮਨ ਹੈ ਹੋਰ-ਹੋਰ ਦੀ ਮੰਗ। ਮਨ ਕਹਿੰਦਾ ਹੈ : ਹੋਰ, ਹੋਰ ...। ਜੋ ਵੀ ਦੇ ਦਿਓ, ਉਹ ਹੀ ਘੱਟ ਹੈ, ਹੋਰ ਚਾਹੀਦਾ ...। ਇਹ ਹੋਰ ਦੀ ਬੀਮਾਰੀ ਅਜਿਹੀ ਪੁਰਾਣੀ ਬੀਮਾਰੀ ਹੈ ਕਿ ਕਿੰਨਾ ਵੀ ਦਿੰਦੇ ਚਲੇ ਜਾਓ, ਮਨ ਆਪਣੀ ਆਦਤ ਤੋਂ ਪੁਰਾਣਾ ਹੈ, ਮੰਗਦਾ ਹੀ ਚਲਾ ਜਾਏਗਾ। ਦਸ ਹਜ਼ਾਰ ਹੈ, ਦਸ ਲਖ ਮੰਗੇਗਾ; ਦਸ ਲਖ ਦਿਓ, ਦਸ ਕਰੋੜ ਮੰਗੇਗਾ। ਮੰਗਦਾ ਹੀ ਰਹੇਗਾ। ਅਜਿਹਾ ਕੋਈ ਪਲ ਨਹੀਂ ਆਉਣ ਦੇਵੇਗਾ, ਜਿੱਥੇ ਮਨ ਤੁਹਾਨੂੰ ਆਖ ਦੇਵੇ ਕਿ ਬਸ ...। ਬਸ ਆਉਂਦਾ ਹੀ ਨਹੀਂ, ਪੂਰਣ ਵਿਰਾਮ (।) ਲਗਦਾ ਹੀ ਨਹੀਂ।

ਇਸ ਲਈ ਮਨ ਦੌੜਾਈ ਰਖਦਾ ਹੈ। ਸਿਕੰਦਰਾਂ ਨੂੰ ਦੌੜਾਈ ਰਖਦਾ ਹੈ। ਸਭ ਭਜਦੇ ਚਲੇ ਜਾਂਦੇ ਹਨ, ਸਭ ਦੌੜਦੇ ਚਲੇ ਜਾਂਦੇ ਹਨ—ਭਜਦੇ-ਭਜਦੇ ਹੀ ਮਰ ਜਾਂਦੇ ਹਨ। ਪੰਘੂੜੇ ਤੋਂ ਲੈ ਕੇ ਕਬਰ ਤੱਕ ਸਿਵਾਏ ਇਸ ਮਹੱਤਵ-ਆਕਾਂਕਸ਼ਾ(ਇੱਛਾ) ਦੀ ਦੌੜ ਦੇ ਹੋਰ ਤੁਸੀਂ ਕੀ ਹੋ? ਇਸ ਦੌੜ ਤੋਂ ਹਾਸਿਲ ਕੀ, ਇਸ ਤੋਂ ਕਦੋਂ, ਕਿਸੇ ਨੂੰ ਕੁਝ ਮਿਲਿਆ ਹੈ?

ਛਾਂਡੈ ਆਸਾ ਰਹੈ ਨਿਰਾਸਾ। ਫ਼ਰਕ ਸਮਝ ਲੈਣਾ, ਨਿਰਾਸ਼ ਸ਼ਬਦ ਦਾ ਇਹ ਅਰਥ ਨਹੀਂ ਹੈ ਜੋ ਤੁਸੀਂ ਕਰਨ ਲੱਗੇ ਹੋ ਹੁਣ। ਨਿਰਾਸ਼ ਕਹਿੰਦੇ ਹਨ ਉਸ ਆਦਮੀ ਨੂੰ ਜੋ ਬੈਠਾ ਹੈ ਉਦਾਸ, ਉਸ ਨੂੰ ਅਸੀਂ ਨਿਰਾਸ਼ ਕਹਿਣ ਲਗੇ ਹਾਂ। ਸ਼ਬਦ ਨੂੰ ਅਸੀਂ ਖ਼ਰਾਬ ਕਰ ਦਿੱਤਾ ਹੈ। ਨਿਰਾਸ਼ ਦਾ ਸਿਰਫ਼ ਇੰਨਾ ਹੀ ਅਰਥ ਹੁੰਦਾ ਹੈ : ਜਿਸ ਨੇ ਸਭ ਆਸ਼ਾਵਾਂ ਛੱਡ ਦਿੱਤੀਆਂ। ਅਤੇ ਜਿਸ ਨੇ ਸਭ ਆਸਾਂ ਛੱਡ ਦਿੱਤੀਆਂ, ਉਹ ਸਾਡੇ ਆਧੁਨਿਕ ਅਰਥ ਵਿਚ ਨਿਰਾਸ਼ ਹੋ ਹੀ ਨਹੀਂ ਸਕਦਾ। ਨਿਰਾਸ਼ ਤਾਂ ਉਹ ਹੀ ਹੁੰਦਾ ਹੈ, ਜਿਸ ਦੀ ਆਸ ਹੁੰਦੀ ਹੈ ਅਤੇ ਆਸ ਪੂਰੀ ਨਹੀਂ ਹੁੰਦੀ। ਤਦ ਨਿਰਾਸ਼ਾ ਹੁੰਦੀ ਹੈ।

ਜੋ ਆਧੁਨਿਕ (ਨਵੀਨ) ਅਰਥ ਹੈ ਨਿਰਾਸ਼ਾ ਦਾ, ਉਹ ਸਮਝ ਲਵੋ ਠੀਕ ਤਰ੍ਹਾਂ। ਆਧੁਨਿਕ ਅਰਥ ਹੈ ਤੁਸੀਂ ਆਸ ਕੀਤੀ ਉਹ ਪੂਰੀ ਨਹੀਂ ਹੋਈ—ਤਾਂ ਨਿਰਾਸ਼ਾ ... ਬੈਠੇ ਹੋ ਉਦਾਸ ...। ਚਾਹਿਆ ਸੀ ਕਿ ਮਿਲ ਜਾਏ ਲਾਟਰੀ ਅਤੇ ਫ਼ਿਰ ਨਹੀਂ ਮਿਲੀ।

ਮੁੱਲਾ ਨਸਰੁਦੀਨ ਇੱਕ ਦਿਨ ਉਦਾਸ ਬੈਠਾ ਸੀ। ਗੁਆਂਢੀ ਨੇ ਪੁੱਛਿਆ ਕਿ ਬਹੁਤ

ਉਦਾਸ ਦਿਸ ਹੋ ਰਹੇ ਹੋ, ਤੈਨੂੰ ਤਾਂ ਖ਼ੁਸ਼ ਹੋਣਾ ਚਾਹੀਦਾ ਹੈ। ਮੈਂ ਸੁਣਿਆ ਹੈ ਕਿ ਤੇਰਾ ਚਾਚਾ ਪਿੱਛਲੇ ਹਫ਼ਤੇ ਮਰ ਗਿਆ ਅਤੇ ਪੰਜਾਹ ਹਜ਼ਾਰ ਰੁਪਏ ਤੇਰੇ ਨਾਮ ਛੱਡ ਗਿਆ, ਤੈਨੂੰ ਤਾਂ ਖ਼ੁਸ਼ ਹੋਣਾ ਚਾਹੀਦਾ।

ਨਸਰੁਦੀਨ ਨੇ ਕਿਹਾ : ਹਾਂ ਖ਼ੁਸ਼ ਹੋਇਆ ਸੀ, ਪਰ ਹੁਣ ਨਹੀਂ ਹਾਂ ਖ਼ੁਸ਼। ਪਿੱਛਲੇ ਹਫ਼ਤੇ ਚਾਚਾ ਜੀ ਮਰ ਗਏ ਸਨ, ਪੰਜਾਹ ਹਜ਼ਾਰ ਛੱਡ ਗਏ ਸੀ; ਉਸ ਤੋਂ ਪਿੱਛਲੇ ਹਫ਼ਤੇ ਮਾਮਾ ਜੀ ਮਰ ਗਏ ਸੀ, ਉਹ ਇੱਕ ਲਖ ਰੁਪਏ ਛੱਡ ਗਏ ਸਨ ਅਤੇ ਹੁਣ ਇੱਕ ਹਫ਼ਤਾ ਪੂਰਾ ਹੋਣ ਨੂੰ ਆਇਆ, ਅਜੇ ਤੱਕ ਕੋਈ ਨਹੀਂ ਮਰਿਆ ... ਕਿ ਖ਼ਾਕ ... ਚਿੱਤ ਬਹੁਤ ਨਿਰਾਸ਼ ਹੈ। ਹਫ਼ਤਾ ਪੂਰਾ ਹੋਣ ਨੂੰ ਆਇਆ, ਇਹ ਸ਼ਨੀਚਰਵਾਰ ਆ ਗਿਆ, ਇਹ ਐਤਵਾਰ ਆਇਆ ਜਾਂਦਾ ਹੈ, ਅੱਜੇ ਤੱਕ ਕੋਈ ਨਹੀਂ ਮਰਿਆ।

ਹੱਸੋ ਨ, ਮਨ ਦੀ ਇਹ ਹੀ ਪ੍ਰਕ੍ਰਿਆ ਹੈ। ਜਿੰਨਾਂ ਦਿਓ ਓਨਾ ਹੀ ਭਿਖਮੰਗਾ ਹੁੰਦਾ ਚੱਲਾ ਜਾਂਦਾ ਹੈ। ਜਿੰਨਾ ਮਿਲੇ ਓਨਾ ਹੀ ਦੀਨ-ਦਰਿਦ੍ਰ ਹੋ ਜਾਂਦਾ ਹੈ।

ਵੱਡੇ-ਵੱਡੇ ਸਮ੍ਰਾਟ ਵੀ ਹਥ ਪਸਾਰੇ ਖਲੋਤੇ ਹਨ—ਹੋਰ ਮਿਲ ਜਾਏ ...।

ਪੁਰਾਣਾ ਜੋ ਅਰਥ ਹੈ 'ਨਿਰਾਸ਼' ਦਾ, ਬਹੁਤ ਗੰਭੀਰ ਹੈ, ਬਹੁਤ ਡੂੰਘਾ ਹੈ ਅਤੇ ਬਹੁਤ ਅਰਥਪੂਰਣ ਹੈ। ਉਸ ਦਾ ਅਰਥ ਹੈ : ਆਸ਼ਾ ਗਈ, ਉਸਦੀ ਨਿਰਾਸ਼ਾ ਵੀ ਗਈ। ਨ ਆਸ਼ਾ ਬਚੀ ਨ ਨਿਰਾਸ਼ਾ ਬਚੀ, ਉਸ ਅਵਸਥਾ ਨੂੰ ਨਿਰਾਸ਼ਾ ਕਹਿੰਦੇ ਸਨ। ਨਿਰ+ਆਸ। ਆਸ਼ਾ ਨਹੀਂ। ਉਸੇ ਦੇ ਨਾਲ ਤਾਂ ਨਿਰਾਸ਼ਾ ਵੀ ਗਈ। ਜਿਸ ਨੂੰ ਸਫਲਤਾ ਦੀ ਆਕਾਂਕਸ਼ਾ (ਇੱਛਾ) ਨਹੀਂ ਉਸ ਨੂੰ ਵਿਫ਼ਲ ਕਿਵੇਂ ਕਰੋਗੇ? ਹੋਰ, ਜਿਸ ਦੀ ਕੋਈ ਆਸ਼ਾ ਨਹੀਂ ਹੈ ਉਸ ਨੂੰ ਨਿਰਾਸ਼ ਕਿਵੇਂ ਕਰੋਗੇ?

ਲਾਓਤਸੁ ਨੇ ਕਿਹਾ ਹੈ : ਮੈਨੂੰ ਕੋਈ ਹਰਾ ਨਹੀਂ ਸਕਦਾ, ਕਿਉਂਕਿ ਮੇਰੇ ਮਨ ਵਿਚ ਜਿੱਤਣ ਦੀ ਕੋਈ ਇੱਛਾ ਨਹੀਂ ਹੈ। ਆਓ ਕੋਈ ਮੈਨੂੰ ਹਰਾਓ। ਕੋਈ ਮੈਨੂੰ ਹਰਾ ਨਹੀਂ ਸਕਦਾ, ਕਿਉਂਕਿ ਮੈਂ ਜਿਤਣਾ ਹੀ ਨਹੀਂ ਚਾਹੁੰਦਾ।ਜੇਕਰ ਤੁਸੀਂ ਲਾਓਤਸੁ ਉੱਤੇ ਹਮਲਾ ਕਰੋਗੇ, ਉਹ ਚਾਰੇ ਖਾਨੇ ਚਿੱਤ ਲੰਮਾ ਪੈ ਜਾਵੇਗਾ ਅਤੇ ਕਹੇਗਾ : ਭਾਈ, ਬੈਠੋ, ਉੱਪਰ ਬੈਠ ਜਾਓ। ਥੋੜ੍ਹਾ ਮਜ਼ਾ ਲੈ ਲਓ, ਲੰਗੋਟਾ ਘੁਮਾਓ ਆਪਣੇ ਘਰ ਜਾਓ। ਮੈਨੂੰ ਕੋਈ ਇੱਛਾ ਹੀ ਨਹੀਂ ਹੈ ਜਿੱਤਣ ਦੀ, ਇਸ ਲਈ ਮੈਨੂੰ ਹਰਾਓਗੇ ਕਿਵੇਂ ? ਉਸੇ ਨੂੰ ਹਰਾ ਸਕਦੇ ਹੋ ਜਿਹੜਾ ਜਿੱਤਣ ਦਾ ਇਛੁੱਕ ਹੋਵੇ। ਹੋਰ ਉਹ ਹੀ ਨਿਰਾਸ਼ਾ ਨੂੰ ਉਤਪਨ (ਪੈਦਾ) ਕਰਦਾ ਹੈ, ਜੋ ਆਸ਼ਾ ਨਾਲ ਭਰਿਆ ਸੀ। ਪੁਰਾਣਾ ਨਿਰਾਸ਼ ਦਾ ਅਰਥ ਬਹੁਤ ਕੀਮਤੀ ਹੈ। ਆਸ਼ਾ-ਨਿਰਾਸ਼ਾ ਦੋਹਾਂ ਦੀ ਸ਼ੂਨਯਤਾ ਜਿਥੇ ਹੈ, ਉਸ ਨੂੰ ਨਿਰਾਸ਼ ਕਹਿੰਦੇ ਹਨ। ਅਤੇ ਇਹ ਹੋਣਾ ਹੀ ਚਾਹੀਦਾ ਹੈ। ਜੇਕਰ ਤੁਹਾਡਾ ਅਰਥ ਨਿਰਾਸ਼ਾ ਚਾਹੁੰਦਾ ਤਾਂ ਫ਼ਿਰ...

ਹੰਸਿਬਾ ਖੇਲਿਬਾ ਧਰਿਬਾ ਧਿਆਨੰ, ਹੰਸੈ ਸ਼ੇਲੈ ਨ ਕਰੈ ਮਨ ਭੰਗ ...

ਫ਼ਿਰ ਇਸ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਨਹੀਂ; ਨਿਰਾਸ਼ ਦਾ ਅਰਥ ਹੈ : ਅਸੀਂ ਸਾਰੀਆਂ ਆਸ਼ਾਂ ਛੱਡ ਦਿੱਤੀਆਂ। ਹੁਣ ਅਸੀਂ ਮੰਗਦੇ ਹੀ ਨਹੀਂ, ਅਸੀਂ ਭਿਖਮੰਗੇ ਨਹੀਂ ਰਹੇ। ਹੁਣ ਭਵਿੱਖ ਕੋਲੋਂ ਸਾਡੀ ਕੋਈ ਉਪੇਕਸ਼ਾ (ਇੱਛਾ-ਮੰਗ) ਨਹੀਂ ਹੈ; ਜੋ ਹੋਏਗਾ, ਹੋਏਗਾ, ਜੋ ਨਹੀਂ ਹੋਇਗਾ ਨਹੀਂ ਹੋਇਗਾ। ਜੋ ਹੋਏਗਾ ਅਸੀਂ ਉਸ ਵਿਚ ਮਸਤ ਹਾਂ।

ਜੋ ਹੈ, ਅਸੀਂ ਉਸ ਵਿਚ ਆਨੰਦਿਤ ਹਾਂ। ਜਿਹੋ-ਜਿਹਾ ਹੈ, ਉਸ ਤੋਂ ਸਾਨੂੰ ਰੱਤੀ-ਭਰ ਭਿੰਨ ਦੀ ਕੋਈ ਇੱਛਾ ਨਹੀਂ ਹੈ। ਉਸ ਨੇ ਹੁਣ ਤੱਕ ਦਿੱਤਾ ਹੈ, ਦਿੰਦਾ ਰਹੇਗਾ; ਹਰ ਘੜੀ ਅਸੀਂ ਆਨੰਦ ਨਾਲ ਜੀਵੇ ਹਾਂ।

ਹੋਰ ਇੱਕ ਬਹੁਤ ਮਜ਼ੇ ਦੀ ਗੱਲ ਹੈ ਕਿ ਜੋ ਜਿੰਨਾ ਆਨੰਦ ਨਾਲ ਜੀਉਂਦਾ ਹੈ ਓਨਾ ਜ਼ਿਆਦਾ ਆਨੰਦ ਉਸ ਨੂੰ ਮਿਲਦਾ ਹੈ।

ਜੋ ਜਿੰਨਾ ਜ਼ਿਆਦਾ ਦੁਖੀ ਜੀਉਂਦਾ ਹੈ, ਓਨਾ ਜ਼ਿਆਦਾ ਦੁਖ ਉਸ ਨੂੰ ਮਿਲਦਾ ਹੈ। ਕਿਉਂਕਿ ਅਸੀਂ ਜੋ ਆਪਣੇ ਪ੍ਰਾਣਾਂ ਵਿਚ ਪੈਦਾ ਕਰਦੇ ਹਾਂ, ਉਹ ਹੀ ਆਕ੍ਰਸ਼ਿਤ (ਖਿਚਾਵ) ਹੋਣ ਲਗਦਾ ਹੈ ਸਾਡੇ ਵੱਲ। ਅਸੀਂ ਚੁੰਬਕ ਬਣ ਜਾਂਦੇ ਹਾਂ।

ਜੀਸਸ ਦਾ ਪ੍ਰਸਿੱਧ ਵਚਨ ਹੈ ਕਿ ਜਿਨ੍ਹਾਂ ਦੇ ਕੋਲ ਹੈ ਉਨ੍ਹਾਂ ਨੂੰ ਹੋਰ ਦਿੱਤਾ ਜਾਏਗਾ ਅਤੇ ਜਿਨ੍ਹਾਂ ਦੇ ਕੋਲ ਨਹੀਂ ਹੈ ਉਨ੍ਹਾਂ ਤੋਂ ਉਹ ਵੀ ਖੋਹ ਲਿਆ ਜਾਏਗਾ ਜੋ ਉਨ੍ਹਾਂ ਦੇ ਕੋਲ ਹੈ। ਬਹੁਤ ਕਠੋਰ (ਕਰੜਾ) ਵਚਨ ਹੈ। ਲਗਦਾ ਹੈ ਇਹ ਤਾਂ ਬਹੁਤ ਅਨਿਆਏਪੂਰਣ ਗੱਲ ਹੋ ਗਈ ਇਹ ਤਾਂ, ਕਿ ਜਿਨ੍ਹਾਂ ਦੇ ਕੋਲ ਹੈ ਉਨ੍ਹਾਂ ਨੂੰ ਹੋਰ ਦਿੱਤਾ ਜਾਏਗਾ ਅਤੇ ਜਿਨ੍ਹਾਂ ਦੇ ਕੋਲ ਨਹੀਂ ਹੈ ਉਨ੍ਹਾਂ ਤੋਂ ਉਹ ਵੀ ਖੋਹ ਲਿਆ ਜਾਏਗਾ ਜੋ ਹੈ। ਨਹੀਂ; ਲੇਕਿਨ ਜੀਸਸ ਦੇ ਵਚਨ ਵਿਚ ਜ਼ਰਾ ਵੀ ਅਨਿਆਏ ਨਹੀਂ ਹੈ। ਇਹ ਜੀਵਨ ਦਾ ਸਿੱਧਾ-ਸਾਦਾ ਨਿਯਮ ਹੈ। ਇਹ ਹੀ ਘੱਟ ਰਿਹਾ ਹੈ। ਜੇਕਰ ਤੁਸੀਂ ਆਨੰਦਿਤ ਹੋ, ਤੁਸੀਂ ਹੋਰ ਵੀ ਆਨੰਦਿਤ ਹੋ ਜਾਓਗੇ। ਤੁਸੀਂ ਜੇਕਰ ਹੱਸ ਸਕਦੇ ਹੋ, ਤੁਹਾਡੇ ਹਾਸੇ ਵਿਚ ਹੋਰ ਚਾਰ ਚੰਨ ਜੁੜਦੇ ਜਾਣਗੇ। ਤੁਸੀਂ ਜੇਕਰ ਨੱਚ ਸਕਦੇ ਹੋ, ਤੁਹਾਡੇ ਨਾਚ ਵਿਚ ਹੋਰ ਛੰਦਬਧਤਾ ਆ ਜਾਵੇਗੀ। ਤੁਸੀਂ ਜੇਕਰ ਗਾ ਸਕਦੇ ਹੋ, ਆਕਾਸ਼ ਤੁਹਾਡੇ ਨਾਲ ਗਾਵੇਗਾ, ਪਹਾੜਾਂ ਦੀਆਂ ਕਤਾਰਾਂ ਤੱਕ ਤੁਹਾਡੇ ਨਾਲ ਗਾਉਣਗੀਆਂ, ਚੰਨ-ਤਾਰੇ ਤੁਹਾਡੇ ਨਾਲ ਗਾਉਣਗੇ।

ਅਤੇ ਤੁਸੀਂ ਜੇਕਰ ਰੋਣ ਲੱਗੇ, ਅਤੇ ਤੁਸੀਂ ਜੇਕਰ ਬੇਚੈਨ ਹੋਣ ਲੱਗੇ ਤਾਂ ਚੌਹਾਂ ਪਾਸਿਆਂ ਤੋਂ ਬੇਚੈਨੀਆਂ ਤੁਹਾਡੇ ਵਲ ਆਉਣ ਲੱਗਣਗੀਆਂ।

ਤੁਸੀਂ ਜੋ ਹੋ, ਉਸੇ ਨੂੰ ਤੁਸੀਂ ਆਕ੍ਰਸ਼ਿਤ ਕਰਦੇ ਹੋ। ਇਹ ਜੀਵਨ ਦਾ ਪਰਮ ਨਿਯਮ ਹੈ। ਤੁਸੀਂ ਜਿਹੋ-ਜਿਹੇ ਹੋ ਉਹ ਹੀ ਤੁਹਾਡੇ ਕੋਲ ਆਉਂਦਾ ਹੈ। ਇਸ ਲਈ ਸੁਖੀ ਆਦਮੀ ਹੋਰ ਸੁਖੀ ਹੁੰਦਾ ਜਾਂਦਾ ਹੈ। ਸ਼ਾਂਤ ਆਦਮੀ ਹੋਰ ਸ਼ਾਂਤ ਹੁੰਦਾ ਜਾਂਦਾ ਹੈ। ਅਸ਼ਾਂਤ ਆਦਮੀ ਹੋਰ ਅਸ਼ਾਂਤ ਹੁੰਦਾ ਜਾਂਦਾ ਹੈ। ਦੁਖੀ ਆਦਮੀ ਹੋਰ ਦੁਖੀ ਹੁੰਦਾ ਜਾਂਦਾ ਹੈ। ਤੁਹਾਡਾ ਅਭਿਆਸ ਵੱਧਦਾ ਜਾਂਦਾ ਹੈ। ਦੁਖੀ ਆਦਮੀ ਦੁਖ ਦਾ ਅਭਿਆਸ ਕਰ ਰਿਹਾ ਹੈ।

ਮੁੱਲਾ ਨਸਰੁਦੀਨ ਆਪਣੇ ਡਾਕਟਰ ਦੇ ਕੋਲ ਗਿਆ, ਸਵੇਰੇ-ਸਵੇਰੇ ਖੰਘਦਾ-ਖੰਘਾਰਦਾ...। ਡਾਕਟਰ ਨੇ ਕਿਹਾ ਨਸਰੁਦੀਨ ਕੀ ਹਾਲਤ ਹੈ, ਖੰਘ ਕੁਝ ਠੀਕ ਮਲੂਮ ਹੁੰਦੀ ਹੈ ? ਉਸ ਨੇ ਕਿਹਾ : ਠੀਕ ਕਿਉਂ ਨਹੀਂ ਹੋਵੇਗੀ, ਤਿੰਨ ਹਫ਼ਤਿਆਂ ਤੋਂ ਅਭਿਆਸ ਕਰ ਰਿਹਾ ਹਾਂ। ਠੀਕ ਕਿਉਂ ਨਹੀਂ ਹੋਵੇਗੀ ! ਰਾਤ-ਭਰ ਅਭਿਆਸ ਕੀਤਾ ਹੈ, ਲਯਬਧਤਾ (ਇਕਸੁਰਤਾ) ਆਈ ਜਾ ਰਹੀ ਹੈ। ਸਾਜ਼ ਬੈਠਦਾ ਜਾ ਰਿਹਾ ਹੈ। ਚੰਗੀ ਕਿਉਂ ਨਹੀਂ ਹੋਵੇਗੀ?

ਲੋਗ ਦੁਖ ਵਿਚ ਵੀ ਕੁਸ਼ਲ ਹੋ ਜਾਂਦੇ ਹਨ, ਖ਼ਿਆਲ ਰਖੱਣਾ। ਮੈਂ ਜਾਣਦਾ ਹਾਂ ਹਜ਼ਾਰਾਂ

ਲੋਕਾਂ ਨੂੰ, ਦੁਖ ਵਿਚ ਕੁਸ਼ਲ (ਚਤੁਰ) ਹੋ ਗਏ ਹਨ। ਦੁਖ ਦੇ ਕਲਾਕਾਰ ਹਨ ਉਹ। ਜਿੱਥੇ ਦੁਖ ਨ ਵੀ ਹੋਵੇ ਉੱਥੇ ਦੁਖ ਪੈਦਾ ਕਰ ਲੈਂਦੇ ਹਨ। ਉਨ੍ਹਾਂ ਦੀ ਕੁਸ਼ਲਤਾ (ਚਤੁਰਾਈ) ਅਜਿਹੀ ਹੈ, ਉਨ੍ਹਾਂ ਦੀ ਪ੍ਰਵੀਣਤਾ ਅਜਿਹੀ ਕਿ ਜਿੱਥੇ ਨ ਵੀ ਹੋਵੇ ਕੰਡਾ ਉੱਥੇ ਵੀ ਕੰਡਾ ਖੋਭ ਲੈਂਦੇ ਹਨ। ਉਨ੍ਹਾਂ ਲਈ ਫੁੱਲ ਵੀ ਕੰਡੇ ਹੋ ਜਾਂਦੇ ਹਨ। ਹੁਣ ਇੱਥੇ ਤਾਂ ਮਸਤੀ ਦਾ ਆਲਮ ਹੈ, ਇੱਥੇ ਆ ਕੇ ਲੋਗ ਦੁਖੀ ਹੋ ਜਾਂਦੇ ਹਨ। ਇਹ ਵੇਖਕੇ ਦੁਖੀ ਹੋ ਜਾਂਦੇ ਹਨ, ਕਿ ਦੂਜੇ ਇੰਨੇ ਮਸਤ ਕਿਉਂ ਹਨ? ਗੱਲ ਕੀ ਹੈ? ਇਹ ਕਿਹੋ ਜਿਹਾ ਧਰਮ? ਧਰਮ ਤੋਂ ਉਨ੍ਹਾਂ ਦਾ ਮਤਲਬ ਹੈ—ਬੈਠੇ ਹਨ ਆਪਣੀ-ਆਪਣੀ ਕਬਰ ਉੱਤੇ... ਇੱਕ ਪੈਰ ਕਬਰ ਵਿਚ ਰੱਖ ਕੇ, ਇੱਕ ਹਥ ਮਾਲਾ ਲਈ, ਮੁਰਦੇ ਠੁੰਠ, ਸਭ ਪੱਤੇ ਝੜ ਗਏ...। ਨ ਕੋਈ ਫੁੱਲ ਲਗਦਾ ਹੈ, ਨ ਕੋਈ ਪੰਛੀ ਬੋਲਦਾ ਹੈ, ਤਦ ਉਹ ਕਹਿੰਦੇ ਹਨ : ਆਹਾ! ਇਹ ਹੈ ਧਰਮ। ਮਹਾਤਮਾ ਬਹੁਤ ਪਹੁੰਚੇ ਹੋਏ ਹਨ! ਤੁਸੀਂ ਦੁਖੀ ਹੋ ਗਏ ਹੋ, ਤੁਸੀਂ ਦੁਖ ਦੀ ਹੀ ਭਾਸ਼ਾ ਸਮਝ ਸਕਦੇ ਹੋ ਹੁਣ, ਤੁਸੀਂ ਦੁਖ ਨੂੰ ਹੀ ਪਛਾਣ ਸਕਦੇ ਹੋ। ਤੁਹਾਡੀ ਦੁਖ ਦੇ ਸੰਬੰਧ ਵਿਚ ਇੰਨੀ ਕੁਸ਼ਲਤਾ ਹੋ ਗਈ ਹੈ ਕਿ ਦੁਖੀ ਨਾਲ ਹੀ ਤੁਹਾਡਾ ਸੰਬੰਧ ਜੁੜ ਪਾਉਂਦਾ ਹੈ। ਤਾਂ ਜਿੰਨਾ ਕੋਈ ਮਹਾਤਮਾ ਆਪਣੇ-ਆਪ ਨੂੰ ਸਤਾਏ, ਗਲਾਏ, ਪਰੇਸ਼ਾਨ ਕਰੇ ਓਨੀ ਹੀ ਭੀੜ ਉਸ ਦੇ ਕੋਲ ਇਕੱਠੀ ਹੋਣ ਲਗਦੀ ਹੈ।

ਮੈਨੂੰ ਲੋਗ ਪੁੱਛਦੇ ਹਨ ਕਿ ਤੁਹਾਡੇ ਕੋਲ ਭਾਰਤ ਦੇ ਲੋਗ ਘੱਟ ਕਿਉਂ ਆ ਰਹੇ ਹਨ? ਉਸ ਦਾ ਕਾਰਣ ਹੈ : ਭਾਰਤ ਦੁਖ ਵਿਚ ਨਿਸ਼ਣਾਤ (ਨਿਪੁੰਨ) ਹੋ ਗਿਆ ਹੈ। ਹਜ਼ਾਰਾਂ ਸਾਲਾਂ ਵਿਚ ਇਸ ਨੇ ਸ੍ਵੈ ਨੂੰ ਕਸ਼ਟ ਦੇਣ ਦੀ ਕਲਾ ਵਿਚ ਖ਼ੂਬ ਕੁਸ਼ਲਤਾ ਪਾ ਲਈ ਹੈ। ਕੰਡੇ ਵਿਛਾਉਂਦੇ ਹਨ ਲੋਕ, ਉਨ੍ਹਾਂ ਉੱਤੇ ਸੌਂਦੇ ਹਨ; ਜਿਵੇਂ ਕਿ ਬਿਨਾਂ ਕੰਡਿਆਂ ਦੇ ਉਨ੍ਹਾਂ ਨੂੰ ਨੀਂਦ ਨਹੀਂ ਆਏਗੀ। ਉਵੇਂ ਹੀ ਅੱਗ ਵਰ੍ਹ ਰਹੀ ਹੈ, ਉਹ ਹੋਰ ਧੂਣੀ ਲਾ ਕੇ ਬੈਠੇ ਹਨ। ਸ਼ਰੀਰ ਉਵੇਂ ਹੀ ਮਿੱਟੀ ਹੁੰਦਾ ਜਾ ਰਿਹਾ ਹੈ, ਉਸ ਉੱਤੇ ਹੋਰ ਸੁਆਹ ਥੋਪਦੇ ਹਨ। ਇਸ ਦੇਸ਼ ਨੇ ਬਹੁਤ ਦੁਖ ਦਾ ਅਭਿਆਸ ਕਰ ਲਿਆ ਹੈ। ਮੇਰਾ ਸੰਦੇਸ਼ ਸੁਖ ਦਾ ਹੈ।

ਹੰਸਿਬਾ ਖੇਲਿਬਾ ਧਰਿਬਾ ਧਿਆਨੰ ...। ਇਸ ਲਈ ਉਨ੍ਹਾਂ ਨੂੰ ਗੱਲ ਰੁਚਦੀ ਨਹੀਂ ਹੈ। ਉਨ੍ਹਾਂ ਨੂੰ ਬਹੁਤ ਅੜਚਨ (ਗੁੰਝਲ) ਹੁੰਦੀ ਹੈ, ਉਨ੍ਹਾਂ ਨੂੰ ਇਹ ਸਵੀਕਾਰ ਹੀ ਨਹੀਂ ਹੋ ਪਾਉਂਦਾ ਕਿ ਨਾਚ ਅਤੇ ਧਿਆਨ ਦਾ ਕੋਈ ਆਪਸੀ ਸੰਬੰਧ ਹੋ ਸਕਦਾ ਹੈ, ਕਿ ਸੰਗੀਤ ਦਾ ਅਤੇ ਧਿਆਨ ਨਾਲ ਕੋਈ ਸੰਬੰਧ ਹੋ ਸਕਦਾ ਹੈ। ਉਨ੍ਹਾਂ ਨੂੰ ਇਹ ਗੱਲ ਸਮਝ ਵਿਚ ਨਹੀਂ ਆਉਂਦੀ। ਅਤੇ ਜ਼ਰੂਰੀ ਹੈ, ਤਦ ਉਹ ਮੇਰੇ ਲਈ ਕ੍ਰੋਧ ਨਾਲ ਭਰ ਜਾਂਦੇ ਹਨ। ਇਸ ਅਪੂਰਵ ਸਥਲ (ਥਾਂ) ਲਈ ਉਨ੍ਹਾਂ ਦੇ ਮਨ ਵਿਚ ਸਿਵਾਏ ਦਵੇਸ਼ ਅਤੇ ਦੁਸ਼ਮਣੀ ਦੇ ਕੁਝ ਵੀ ਪੈਦਾ ਨਹੀਂ ਹੁੰਦਾ। ਉਨ੍ਹਾਂ ਨੇ ਆਪਣੇ ਦੁਖ ਨੂੰ ਖ਼ੂਬ ਮਜ਼ਬੂਤੀ ਨਾਲ ਫੜਿਆ ਹੈ।

ਉਹ ਦੁਖ ਨੂੰ ਛਡੱਣ ਲਈ ਰਾਜ਼ੀ ਨਹੀਂ ਹਨ। ਅਤੇ ਜਦ ਤੱਕ ਇਸ ਦੇਸ਼ ਵਿਚੋਂ ਇਹ ਦੁਖ ਦੀ ਆਦਤ ਨਹੀਂ ਟੁੱਟੇਗੀ ਤਦ ਤੱਕ ਇਸ ਦੇਸ਼ ਦੇ ਸੌਭਾਗਯ ਦਾ ਉਦਯ (ਉਜਾਲਾ) ਹੋਣ ਵਾਲਾ ਨਹੀਂ।

ਹੋਰ ਮੈਂ ਤੁਹਾਨੂੰ ਆਖਦਾ ਹਾਂ ਕਿ ਧਰਮ ਦਾ ਇਹ ਆਦੇਸ਼ ਨਹੀਂ ਕਿ ਤੁਸੀਂ ਦੁਖੀ ਹੋ ਜਾਓ। ਧਰਮ ਆਨੰਦ ਦੀ ਖੋਜ ਹੈ। ਤਦੇ ਤਾਂ ਅਸੀਂ ਪਰਮਾਤਮਾ ਨੂੰ ਸੱਚਦਾਨੰਦ ਕਿਹਾ

ਹੈ। ਧਰਮ ਪਰਮ ਆਨੰਦ ਦੀ ਖੋਜ ਹੈ ਅਤੇ ਇਸ ਜਗਤ ਦੇ ਆਨੰਦ, ਨਿੱਕੇ-ਨਿੱਕੇ ਆਨੰਦ, ਉਸ ਮੰਦਰ ਦੀ ਸੀੜ੍ਹੀ (ਪੌੜੀ) ਬਣਾ ਲੈਣੇ ਹਨ। ਇਸ ਜਗਤ ਦੇ ਸੁੱਖਾਂ ਨੂੰ ਛੱਡ ਕੇ ਸੱਚਦਾਨੰਦ ਮਿਲੇਗਾ ਇਹ ਗੱਲ ਗਲਤ ਹੈ। ਕਿਉਂਕਿ ਜੋ ਇਸ ਜਗਤ ਦੇ ਆਨੰਦ ਲੈਣ ਲਈ ਵੀ ਰਾਜ਼ੀ ਨਹੀਂ ਹੈ ਉਹ ਪਰਮਾਤਮਾ ਨੂੰ ਝਲਣ ਦਾ ਸਾਹਸ ਕਿਵੇਂ ਇਕੱਠਾ ਕਰ ਲਏਗਾ? ਜਿਹੜਾ ਨਿੱਕੇ-ਨਿੱਕੇ ਸੁਖ ਨਹੀਂ ਲੈ ਸਕਦਾ, ਉਹ ਉਸ ਵੱਡੇ ਸੁੱਖ ਨੂੰ ਕਿਵੇਂ ਝੱਲ ਸਕੇਗਾ? ਜਿਹੜਾ ਚੁਲੀ ਭਰ ਕੇ ਪਾਣੀ ਨਹੀਂ ਪੀ ਸਕਦਾ, ਜਦ ਸਾਗਰ ਉਸਦੇ ਕੰਠ ਵਿਚ ਉਤਰੇਗਾ ਤਾਂ ਕਿਵੇਂ ਪੀ ਸਕੇਗਾ? ਨਹੀਂ; ਉਹ ਡੁੱਬ ਜਾਏਗਾ, ਮਰ ਜਾਏਗਾ।

ਮੇਰੇ ਹਿਸਾਬ ਵਿਚ ਇਹ ਸੰਸਾਰ ਪਾਠਸ਼ਾਲਾ ਹੈ। ਇੱਥੇ ਸਾਨੂੰ ਛੋਟੇ-ਛੋਟੇ ਪਾਠ ਪੜ੍ਹਾਏ ਜਾ ਰਹੇ ਹਨ...। ਵੇਖੋ ਫੁੱਲਾਂ ਨੂੰ, ਖਿੜੋ ਫੁੱਲਾਂ ਵਰਗੇ, ਵੇਖੋ ਇੰਦਰਧਨੁਸ਼ਾਂ ਨੂੰ, ਰੰਗੋ ਆਪਣੇ ਜੀਵਨ ਨੂੰ ਇੰਦਰਧਨੁਸ਼ਾਂ ਵਰਗਾ।

ਸੁਣੋ ਸੰਗੀਤ, ਬਣੋ ਸੰਗੀਤ। ਉਠਣ ਦਿਓ ਗੀਤ ਤੁਹਾਡਾ ਵੀ।

ਪੰਛੀਆਂ ਵਿਚ ਤੁਸੀਂ ਕੋਈ ਮਹਾਤਮਾ ਵੇਖਿਆ ਹੈ? ਕਿ ਬੈਠੇ ਹੋਣ ਧੂਣੀ ਰਮਾ ਕੇ, ਸੁਆਹ ਧੋਪ ਕੇ...ਰੋ ਰਹੇ ਹੋਣ, ਤ੍ਰਿਸ਼ੂਲ ਗੱਡੇ ਹਨ, ਕਿ ਉਪਵਾਸ (ਵਰਤ) ਕਰ ਰਹੇ ਹਨ। ਤੁਸੀਂ ਕੋਈ ਦਰਖ਼ੱਤ ਵੇਖਿਆ ਹੈ ਜਿਸ ਨੂੰ ਤੁਸੀਂ ਮਹਾਤਮਾ ਕਹਿ ਸਕੋ ? ਦਰਖ਼ੱਤ ਨੇ ਫੈਲਾਈਆਂ ਹਨ ਆਪਣੀਆਂ ਜੜ੍ਹਾਂ ਜ਼ਮੀਨ ਵਿਚ, ਪੀ ਰਿਹਾ ਹੈ ਰਸ ; ਖਿੜਾਏ ਹਨ ਫੁੱਲ, ਕਰ ਰਿਹਾ ਹੈ ਗੁਫ਼ਤਗੂ (ਗੱਲਬਾਤ) ਚੰਨ-ਤਾਰਿਆਂ ਨਾਲ। ਮਨੁੱਖ ਨੂੰ ਛੱਡ ਕੇ ਤੁਹਾਨੂੰ ਕਿੱਤੇ ਮਹਾਤਮਾ ਮਿਲਦੇ ਹਨ ? ਮਨੁੱਖ ਨੂੰ ਛੱਡ ਕੇ ਤੁਹਾਨੂੰ ਕਿੱਤੇ ਦੁਖ ਮਿਲਦਾ ਹੈ? ਜ਼ਰਾ ਸੋਚੋ ਤਾਂ, ਕੁਦਰਤ ਜੋ ਕਿ ਮਨੁੱਖ ਦੇ ਪਿੱਛੇ ਹੈ, ਪਸ਼ੂ-ਪੰਛੀ ਅਤੇ ਪੌਦੇ ਵੀ ਤੁਹਾਡੇ ਕੋਲੋਂ ਜ਼ਿਆਦਾ ਸੁਖੀ ਹਨ। ਤੁਹਾਨੂੰ ਕੀ ਹੋ ਗਿਆ ਹੈ ? ਤੁਹਾਨੂੰ ਕਿਹੜੀ ਪਲੇਗ ਲਗ ਗਈ? ਤੁਹਾਡੇ ਚਿੱਤ ਉੱਤੇ ਰੋਗੀ ਲੋਗ ਸਵਾਰ ਹੋ ਗਏ ਹਨ। ਤੁਹਾਡੇ ਚਿੱਤ ਉੱਤੇ ਪਾਗਲ ਲੋਕਾਂ ਨੇ ਸਾਮਰਾਜ ਕਾਇਮ ਕਰ ਲਿਆ ਹੈ। ਜੋ ਸੁਖੀ ਨਹੀਂ ਹੋ ਸਕਦੇ, ਉਨ੍ਹਾਂ ਦੇ ਦੁਖ ਦੀ ਮਹਿਮਾਂ ਗਾਈ ਹੈ। ਜਿਹੜੇ ਸੁਖ ਦੀ ਕਲਾ ਨਹੀਂ ਜਾਣਦੇ, ਅਜਿਹੇ ਹੀਣ ਲੋਗ ਦੁਖ ਦਾ ਗੁਣਗਾਨ ਕਰਦੇ ਰਹੇ ਹਨ।

ਅਤੇ ਉਨ੍ਹਾਂ ਨੇ ਇਹ ਗੱਲ ਤਰਕਪੂਰਵਕ ਤੁਹਾਡੇ ਚਿੱਤ ਵਿਚ ਬਿਠਾ ਦਿੱਤੀ ਹੈ ਕਿ ਤੁਸੀਂ ਦੁਖੀ ਹੋਵੋਗੇ ਤਾਂ ਪਰਮਾਤਮਾ ਦੇ ਪਿਆਰੇ ਹੋਵੋਗੇ।

ਗੋਰਖ ਕੁਝ ਹੋਰ ਕਹਿੰਦੇ ਹਨ, ਮੈਂ ਕੁਝ ਹੋਰ ਕਹਿੰਦਾ ਹਾਂ :

ਹੰਸਿਬਾ ਖੇਲਿਬਾ ਧਰਿਬਾ ਧਿਆਨੰ,
ਅਹਨਿਸਿ ਕਥਿਬਾ ਬ੍ਰਹਮਗਿਆਨੰ।

ਫਿਰ ਤੁਹਾਡਾ ਉਠਣਾ-ਬੈਠਣਾ, ਸੁਵਾਸ ਲੈਣਾ ਸਭ ਤੁਹਾਡੇ ਬ੍ਰਹਮਗਿਆਨ ਦੀ ਅਭਿਵਅਕਤੀ (ਪ੍ਰਗਟਾਵਾ) ਹੋ ਜਾਏਗੀ।

ਹੰਸੈ ਸ਼ੇਲੈ ਨਾ ਕਰੈ ਮਨ ਭੰਗ। ਤੇ ਨਿਹਚਲ ਸਦਾ ਨਾਥ ਕੈ ਸੰਗ॥

ਫਿਰ ਜੁੜ ਜਾਏਗਾ ਸਤਸੰਗ। ਫਿਰ ਪ੍ਰਭੂ ਦੇ ਨਾਲ ਹੀ ਹੋ।

ਫਿਰ ਉਹ ਤੁਹਾਡੇ ਨਾਲ ਹੈ। ਫਿਰ ਭੇਦ ਨਹੀਂ ਹੈ।

ਛਾਂਡੇ ਆਸਾ ਰਹੈ ਨਿਰਾਸ, ਕਹੈ ਬ੍ਰਹਮ ਹੂੰ ਤਾਕਾ ਦਾਸ॥

ਔਰ ਆਦਮੀਆਂ ਦੀ ਤਾਂ ਕੀ ਗੱਲ, ਉਹ ਜਿਹੜਾ ਬ੍ਰਹਮ ਹੈ, ਉਹ ਵੀ ਆਕੇ ਤੁਹਾਡੇ ਆਨੰਦ ਨਾਲ ਭਰੇ ਹੋਏ ਜੀਵਨ ਨੂੰ ਨਮਸਕਾਰ ਕਰੇਗਾ, ਕਹੇਗਾ; ਕਹੈ ਬ੍ਰਹਮ ਹੂੰ ਤਾਕਾ ਦਾਸ। ਦੇਵਤੇ ਵੀ ਉਸ ਦੀ ਸਤੁਤਿ ਕਰਦੇ ਹਨ ਜੋ ਮਨੁੱਖ ਆਨੰਦ-ਮਗਨ ਹੋ ਜਾਂਦਾ ਹੈ। ਦੇਵਤਾ ਵੀ ਉਸ ਲਈ ਈਰਸ਼ਾ ਨਾਲ ਭਰਦੇ ਹਨ। ਹੁਣ ਤਾਂ ਤੁਹਾਡੀ ਦਸ਼ਾ ਅਜਿਹੀ ਹੋ ਗਈ ਕਿ ਨਰਕ ਵਿਚ ਜੋ ਨਰਕ-ਵਾਸੀ ਹਨ ਉਹ ਵੀ ਤੁਹਾਡੇ ਉਪੱਰ ਦਯਾ ਕਰਦੇ ਹੋਣਗੇ। ਉਹ ਵੀ ਸੋਚਦੇ ਹੋਣਗੇ ਕਿ ਕਿੱਤੇ ਕੋਈ ਸਾਡੇ ਕੋਲੋਂ ਪਾਪ ਨ ਹੋ ਜਾਏ, ਨਹੀਂ ਤਾਂ ਧਰਤੀ ਤੇ ਪੈਦਾ ਹੋਣਾ ਪਏ—ਅਤੇ ਖਾਸਕਰ ਪੁੰਨ-ਭੂਮੀ ਭਾਰਤ ਵਿਚ। ਕੋਈ ਪਾਪ ਨ ਹੋ ਜਾਏ ਨਰਕ ਵਿਚ, ਨਹੀਂ ਤਾਂ ਪੁੰਨ-ਭੂਮੀ ਭਾਰਤ ਵਿਚ ਭੇਜੇ ਜਾਵਾਂਗੇ। ਅਜਿਹੀਆਂ ਨਰਕ ਵਿਚ ਅਫ਼ਵਾਹਾਂ ਉਡੀਆਂ ਹਨ। ਇੱਕ ਜ਼ਮਾਨਾ ਸੀ ਕਿ ਅਸੀਂ ਅਜਿਹੀਆਂ ਕਥਾਵਾਂ ਲਿਖੀਆਂ ਸਨ ਕਿ ਜਦ ਬੁੱਧ ਨੂੰ ਗਿਆਨ ਹੋਇਆ ਤਾਂ ਦੇਵਤਾ ਉਤਰੇ ਆਕਾਸ਼ ਤੋਂ, ਉਨ੍ਹਾਂ ਦੇ ਚਰਨਾਂ ਵਿਚ ਸਿਰ ਝੁਕਾਉਣ ਲਈ।

ਜਦ ਮਹਾਵੀਰ ਜਾਗੇ ਤਾਂ ਫ਼ੁੱਲ ਵਰ੍ਹੇ ਆਕਾਸ਼ ਤੋਂ, ਦੇਵਤਾ ਆਏ ਸੁਨਣ ਲਈ। ਕਿਉਂਕਿ ਜਦ ਕੋਈ ਵਿਅਕਤੀ ਪਰਮ ਆਨੰਦ ਨੂੰ ਉਪਲਬੱਧ ਹੋਵੇਗਾ ਤਾਂ ਦੇਵਤਿਆਂ ਨੂੰ ਵੀ ਈਰਸ਼ਾ ਹੋਵੇਗੀ, ਕਿਉਂਕਿ ਦੇਵਤੇ ਅੱਜੇ ਪਰਮ ਆਨੰਦ ਨੂੰ ਉਪਲਬੱਧ ਨਹੀਂ ਹਨ। ਪੁੰਨ ਦਾ ਫ਼ੱਲ ਭੋਗ ਰਹੇ ਹਨ; ਫ਼ੱਲ ਮੁੱਕ ਜਾਏਗਾ ਕੱਲ੍ਹ, ਵਾਪਸ ਪਰਤਕੇ ਆਉਣਾ ਪਏਗਾ। ਉਨ੍ਹਾਂ ਦਾ ਸੁਖ ਕਿੰਨਾ ਹੀ ਲੰਮਾ ਹੋਵੇ, ਅਸਥਾਈ (ਨ ਰਹਿਣ ਵਾਲਾ) ਹੈ। ਸ਼ਾਸ਼ਵਤ (ਸਦਾ ਰਹਿਣ ਵਾਲਾ) ਸੁਖ ਤਾਂ ਉਹ ਹੀ ਜਾਣਦਾ ਹੈ ਜੋ ਨਾਥ ਦੇ ਸਦਾ ਸੰਗ ਹੋ ਗਿਆ। ਅੱਜੇ ਉਹ ਸਦਾ ਸੰਗ ਨਹੀਂ ਹਨ।

ਅਰਧੈ ਜਾਤਾ ਉਰਧੈ ਧਰੈ, ਕਾਮ ਦਗਧ ਜੋ ਜੋਗੀ ਕਰੈ।

ਬਹੁਤ ਕੀਮਤੀ ਸੂਤਰ ਹੈ! ਅਰਧੈ ਜਾਤਾ ਉਰਧੈ ਧਰੈ, ਕਾਮ ਦਗਧ ਜੋ ਜੋਗੀ ਕਰੈ। ਉਸ ਯੋਗੀ ਦਾ ਕਾਮ ਦਗਧ (ਜਲ ਜਾਣਾ) ਹੋ ਜਾਂਦਾ ਹੈ—ਜੋ ਆਪਣੇ ਆਨੰਦ ਨੂੰ ਹੇਠਾਂ ਨਹੀਂ ਜਾਣ ਦਿੰਦਾ, ਉਪੱਰ ਲੈ ਜਾਂਦਾ ਹੈ। ਅਰਧੈ ਜਾਤਾ ਉਰਧੈ ਧਰੈ! ਜੋ ਹੇਠਾਂ ਵਲ ਵੱਗ ਰਿਹਾ ਹੈ ਉਸੇ ਰਸ ਨੂੰ ਉਪੱਰਲੇ ਪਾਸੇ ਉਠਾਉਂਣ ਲਗਦਾ ਹੈ। ਤਿੰਨ ਅਖੱਰ ਸਮਝ ਲੈਣਾ। ਇੱਕ ਹੈ : ਕਾਮ। ਕਾਮ ਹੈ : ਸੁਖ ਹੇਠਾਂ ਵਲ ਵਗੱਦਾ ਹੋਇਆ। ਦੂਜਾ ਅਖੱਰ ਹੈ : ਪ੍ਰੇਮ। ਪ੍ਰੇਮ ਹੈ : ਸੁਖ ਵਿਚਕਾਰ ਅਟਕਿਆ ਹੋਇਆ; ਨ ਹੇਠਾਂ ਜਾ ਰਿਹਾ ਹੈ ਨ ਉਪੱਰ ਜਾ ਰਿਹਾ ਹੈ। ਅਤੇ ਤੀਜਾ ਅਖੱਰ ਹੈ : ਪ੍ਰਾਰਥਨਾ। ਪ੍ਰਾਰਥਨਾ ਹੈ : ਸੁਖ ਉਪੱਰ ਜਾਂਦਾ ਹੋਇਆ। ਊਰਜਾ ਉਹ ਹੀ ਹੈ। ਕਾਮ ਵਿਚ ਉਹ ਹੀ ਊਰਜਾ ਹੇਠਾਂ ਵਲ ਜਾਂਦੀ ਹੈ, ਪ੍ਰੇਮ ਵਿਚ ਉਹ ਹੀ ਊਰਜਾ ਵਿਚਕਾਰ ਥਿੱਰ ਹੋ ਜਾਂਦੀ ਹੈ, ਪ੍ਰਾਰਥਨਾ ਵਿਚ ਉਹ ਹੀ ਊਰਜਾ ਪੰਖ ਖੋਲ੍ਹ ਦਿੰਦੀ ਹੈ, ਆਕਾਸ਼ ਦੇ ਵੱਲ ਉਡਣ ਲਗਦੀ ਹੈ। ਇਸ ਲਈ ਮੈਂ ਕਿਹਾ ਹੈ, ਸੰਭੋਗ ਅਤੇ ਸਮਾਧੀ ਸੰਯੁਕਤ (ਇਕੱਠੇ ਜੁੜੇ ਹੋਏ) ਹਨ, ਇੱਕ ਹੀ ਊਰਜਾ ਹੈ, ਇੱਕ ਹੀ ਸੀੜ੍ਹੀ ਹੈ। ਹੇਠਾਂ ਵਲ ਜਾਓ ਤਾਂ ਸੰਭੋਗ, ਉਪੱਰਲੇ ਪਾਸੇ ਜਾਓ ਤਾਂ ਸਮਾਧੀ; ਅਤੇ ਦੋਹਾਂ ਦੇ ਵਿਚਾਲੇ ਪ੍ਰੇਮ ਹੈ। ਪ੍ਰੇਮ ਦੁਆਰ ਹੈ। ਪ੍ਰੇਮ ਦੋਹਾਂ ਦਾ ਦੁਆਰ ਹੈ। ਪ੍ਰੇਮ ਸੰਭੋਗ ਦਾ ਵੀ ਦੁਆਰ ਹੈ। ਜੇਕਰ ਤੁਹਾਡੀ

ਊਰਜਾ ਹੇਠਾਂ ਵਲ ਜਾ ਰਹੀ ਹੈ ਤਾਂ ਪ੍ਰੇਮ ਸੰਭੋਗ ਦਾ ਦੁਆਰ ਬਣ ਜਾਏਗਾ ਅਤੇ ਜੇਕਰ ਤੁਹਾਡੀ ਊਰਜਾ ਉਪੱਰਲੇ ਪਾਸੇ ਜਾ ਰਹੀ ਹੈ ਤਾਂ ਪ੍ਰੇਮ ਸਮਾਧੀ ਦਾ ਦੁਆਰ ਬਣ ਜਾਏਗਾ। ਪ੍ਰੇਮ ਬਹੁਤ ਅਦਭੁਤ (ਅਨੋਖਾ) ਹੈ, ਸੇਤੂ ਹੈ, ਕਿਉਂਕਿ ਵਿਚਕਾਰ ਹੈ।

ਅਰਧੈ ਜਾਤਾ ਉਰਧੈ ਧਰੈ ... ਉਹ ਜਿਹੜੀ ਹੇਠਾਂ ਵਲ ਊਰਜਾ ਵੱਗ ਰਹੀ ਹੈ ਕਾਮਵਾਸਨਾ ਵਿਚ ... ਹੁਣ ਹੌਲੀ-ਹੌਲੀ ਜਾਗੋ, ਉਸੇ ਊਰਜਾ ਨੂੰ ਉਪੱਰਲੇ ਪਾਸੇ ਲੈ ਚਲਣਾ ਹੈ। ਅਤੇ ਜਿਸ ਊਰਜਾ ਨੂੰ ਉਪੱਰ ਲੈ ਜਾਣਾ ਹੋਵੇ ਉਸ ਨਾਲ ਲੜਨਾ ਨਹੀਂ। ਕਿਉਂਕਿ ਜਿਸ ਨਾਲ ਤੁਸੀਂ ਲੜੇ, ਉਸ ਨਾਲੋਂ ਸੰਬੰਧ ਛੂਟ ਜਾਂਦਾ ਹੈ। ਜਿਸ ਨਾਲ ਤੁਸੀਂ ਲੜੇ ਤੁਸੀਂ ਭੈ-ਭੀਤ ਹੋ ਜਾਂਦੇ ਹੋ। ਜਿਸ ਨਾਲ ਤੁਸੀਂ ਲੜੇ ਉਸ ਦਾ ਤੁਸੀਂ ਦਮਨ ਕਰ ਦਿੰਦੇ ਹੋ, ਅਤੇ ਜਿਸ ਦਾ ਦਮਨ ਹੋ ਜਾਂਦਾ ਹੈ ਉਸਦਾ ਉਰਧਗਮਨ (ਉਪੱਰ ਉਠਣਾ) ਨਹੀਂ ਹੋ ਸਕਦਾ।

ਇਸ ਲਈ ਗੋਰਖ ਨੇ ਅਤੇ ਗੋਰਖ ਦੇ ਪਿੱਛੇ ਟੁਰਨ ਵਾਲੇ ਨਾਥ-ਪੰਥੀਆਂ ਨੇ ਕਾਮਵਾਸਨਾ ਦਾ ਦਮਨ ਨਹੀਂ ਕਿਹਾ—ਕਾਮ-ਵਾਸਨਾ ਦਾ ਉਰਧਗਮਨ। ਭੇਦ ਸਮਝ ਲੈਣਾ। ਤੁਹਾਡੇ ਤਥਾ-ਕਥਿਤ ਧਾਰਮਕ ਗੁਰੂ ਕਾਮਵਾਸਨਾ ਦਾ ਦਮਨ (ਦਬ ਦੇਣਾ) ਸਿਖਾਉਂਦੇ ਹਨ—ਦਬਾ ਦਿਓ ...।

ਦਬਾਉਂਣ ਨਾਲ ਕੀ ਹੋਏਗਾ? ਕਾਮਵਾਸਨਾ ਨੂੰ ਨਿਖਾਰਨਾ ਹੈ, ਦਬਾਉਂਣਾ ਨਹੀਂ। ਕਾਮਵਾਸਨਾ ਹੀਰਾ ਹੈ ਚਿਕੱੜ ਵਿਚ ਪਿਆ। ਚਿਕੱੜ ਧੋ ਸੁਟਣੀ ਹੈ, ਲੇਕਿਨ ਹੀਰਾ ਥੋੜ੍ਹੇ ਹੀ ਸੁੱਟ ਦੇਣਾ ਹੈ। ਚਿਕੱੜ ਦੇ ਕਾਰਨ ਹੀਰਾ ਨ ਸੁੱਟ ਦੇਣਾ, ਨਹੀਂ ਤਾਂ ਪਿੱਛੋਂ ਬਹੁਤ ਪਛਤਾਓਗੇ। ਇਹ ਹੀ ਹਾਲਤ ਤੁਹਾਡੇ ਸਾਧੂਆਂ ਦੀ ਹੈ। ਉਨ੍ਹਾਂ ਦੀ ਹਾਲਤ ਤੁਹਾਡੇ ਤੋਂ ਬਦਤੱਰ (ਬੁਰੀ) ਹੋ ਗਈ ਹੈ। ਤੁਹਾਨੂੰ ਹੀਰਾ ਨਹੀਂ ਮਿਲਿਆ ਕਿਉਂਕਿ ਤੁਹਾਡਾ ਹੀਰਾ ਚਿਕੱੜ ਵਿਚ ਪਿਆ ਹੈ। ਉਨ੍ਹਾਂ ਨੇ ਚਿਕੱੜ ਛੱਡ ਦਿੱਤਾ ਨਾਲ ਹੀ ਹੀਰਾ ਵੀ ਛੁਟ ਗਿਆ। ਧੋਬੀ ਦੇ ਗਧੇ ਹੋ ਗਏ ਹਨ, ਨ ਘਰ ਦੇ ਨ ਘਾਟ ਦੇ। ਦੁਬਿਧਾ ਵਿਚ ਦੋਈ ਗਏ, ਮਾਇਆ ਮਿਲੀ ਨ ਰਾਮ। ਸਮਾਧੀ ਦਾ ਕੁਝ ਪਤਾ ਨਹੀਂ ਚਲ ਰਿਹਾ ਹੈ, ਸੰਭੋਗ ਨਾਲ ਜੋ ਥੋੜ੍ਹੇ ਬਹੁਤੇ ਸੁਖ ਦੀ ਕਦੇ ਝਲਕ, ਕਿਰਣ ਮਿਲਦੀ ਸੀ ਉਹ ਵੀ ਦੂਰ ਹੋ ਗਈ। ਇਸ ਲਈ ਚੌਵੀ ਘੰਟੇ ਚਿੱਤ ਉਨ੍ਹਾਂ ਦਾ ਰੋਗੀ ਹੈ। ਕਿੱਤੇ ਵੀ ਜੱੜ੍ਹਾਂ ਨ ਰਹੀਆਂ। ਧਰਤੀ ਤੋਂ ਜੱੜ੍ਹਾਂ ਉਖਾੜ ਲਈਆਂ ਅਤੇ ਆਕਾਸ਼ ਵਿਚ ਜੱੜ੍ਹਾਂ ਜਮਾਉਂਣ ਦਾ ਰਾਜ ਨਹੀਂ ਆਇਆ। ਰਾਜ਼ ਇਸ ਗੱਲ ਵਿਚ ਹੈ : ਹੀਰੇ ਨੂੰ ਨਿਖਾਰਨਾ ਹੈ, ਸਾਫ਼ ਕਰਨਾ ਹੈ। ਚਿਕੱੜ ਨੂੰ ਧੋ ਸੁਟਣਾ ਹੈ। ਚਿਕੱੜ ਵਿਚ ਕਮਲ ਹੋ ਜਾਂਦਾ ਹੈ, ਤਾਂ ਚਿਕੱੜ ਤੋਂ ਘਬਰਾਓ ਨ। ਇਸ੍ ਲਈ ਕਮਲ ਦਾ ਇੱਕ ਨਾਮ ਹੈ—ਪੰਕਜ। ਪੰਕਜ ਦਾ ਅਰਥ ਹੁੰਦਾ ਹੈ : ਪੰਕ ਤੋਂ ਜੋ ਹੋ ਜਾਏ। ਚਿਕੱੜ ਤੋਂ ਜੋ ਹੋ ਜਾਏ। ਚਿਕੱੜ ਤੋਂ ਕਮਲ ਹੋ ਜਾਂਦਾ ਹੈ। ਇੰਨਾ ਕੀਮਤੀ, ਇੰਨਾ ਪਿਆਰਾ ਰੂਪ, ਇੰਨੀ ਸੁੰਦਰਤਾ ਪ੍ਰਗਟ ਹੋ ਜਾਂਦੀ ਹੈ। ਕਾਮ ਦੀ ਚਿਕੱੜ ਵਿਚ ਰਾਮ ਦਾ ਕਮਲ ਲੁੱਕਿਆ ਹੈ।

ਅਰਧੈ ਜਾਤਾ ਉਰਧੈ ਧਰੈ ...। ਇਸ ਲਈ ਜਾਗੋ, ਸਮਝੋ, ਕਾਮ ਦੀ ਊਰਜਾ ਨੂੰ ਪਛਾਣੋ, ਉਸ ਦੇ ਸ਼ਾਖਸੀ ਬਣੋਂ। ਲੜੋ ਨ। ਦੁਸ਼ਮਣੀ ਨਹੀਂ, ਮੈਤ੍ਰੀ (ਮਿਤਰਤਾ) ਕਰੋ। ਮਿਤੱਰ ਨੂੰ ਹੀ ਫ਼ੁਸਲਾਇਆ ਜਾ ਸਕਦਾ ਹੈ ਉਪੱਰ ਜਾਣ ਲਈ। ਹਥ ਵਿਚ ਹਥ ਲਓ ਕਾਮ-ਊਰਜਾ ਦਾ, ਤਾਂਕਿ ਹੌਲੀ-ਹੌਲੀ ਤੁਸੀਂ ਉਸ ਨੂੰ ਪ੍ਰੇਮ ਵਿਚ ਰੂਪਾਂਤਰਿਤ (ਬਦਲਨਾ)

ਕਰੋ। ਪਹਿਲਾਂ ਤਾਂ ਕਾਮ ਨੂੰ ਪ੍ਰੇਮ ਵਿਚ ਰੁਪਾਂਤਰਿਤ ਕਰਨਾ ਹੋਏਗਾ, ਫਿਰ ਪ੍ਰੇਮ ਨੂੰ ਪ੍ਰਾਰਥਨਾ ਵਿਚ। ਇਸ ਤਰ੍ਹਾਂ ਇਹ ਤਿੰਨ ਪੌੜੀਆਂ (ਸੀੜ੍ਹੀਆਂ) ਪੂਰਨ ਹੋ ਜਾਣ ਤਾਂ ਤੁਹਾਡੇ ਅੰਦਰ ਸਹਸਤ੍ਰਾਰ ਖੁੱਲ੍ਹੇ, ਸ਼ੂਨਯ ਗਗਨ ਵਿਚ ਉਸ ਬਾਲਕ ਦਾ ਜਨਮ ਹੋਵੇ।

ਖ਼ਿਆਲ ਰਖੱਣਾ, ਕਾਮ ਤੋਂ ਹੀ ਬੱਚਿਆਂ ਦਾ ਜਨਮ ਹੁੰਦਾ ਹੈ, ਸੰਭੋਗ ਤੋਂ ਹੀ ਬੱਚੇ ਪੈਦਾ ਹੁੰਦੇ ਹਨ ਅਤੇ ਸਮਾਧੀ ਤੋਂ ਵੀ ਬਾਲਕ ਦਾ ਜਨਮ ਹੁੰਦਾ ਹੈ। ਉਹ ਬਾਲਕ ਤੁਹਾਡੀ ਅੰਤਰ-ਆਤਮਾ ਹੈ। ਉਹ ਬਾਲਕ ਤੁਹਾਡਾ ਸ਼ਾਨਦਾਰ ਰੂਪ ਹੈ, ਦਿਵਯ (ਦੇਵਤਿਆਂ ਵਰਗਾ) ਰੂਪ ਹੈ। ਜਿਸ ਤਰ੍ਹਾਂ ਤੁਹਾਡੇ ਅੰਦਰ ਕ੍ਰਿਸ਼ਨ ਦਾ ਜਨਮ ਹੋਇਆ, ਕ੍ਰਿਸ਼ਨ ਅਸ਼ਟਮੀ ਆ ਗਈ! ਤੁਹਾਡੇ ਅੰਦਰ ਬਾਲਕ ਕ੍ਰਿਸ਼ਨ ਜਨਮਿਆ।

ਗਗਨ ਸਿਸ਼ਰ ਮਹਿੰ ਬਾਲਕ ਬੋਲੇ,
ਤਾਕਾ ਨਾਂਵ ਧਰਹੁਗੇ ਕੈਸਾ।
ਅਰਧੈ ਜਾਤਾ ਉਰਧੈ ਧਰੈ,
ਕਾਮ ਦਗਧ ਜੇ ਜੋਗੀ ਕਰੈ।

ਅਤੇ ਉਹ ਹੀ ਯੋਗੀ ਕਾਮ ਨੂੰ ਦਗਧ ਕਰ ਪਾਏਗਾ ਜੋ ਹੇਠਾਂ ਜਾਂਦੀ ਊਰਜਾ ਨੂੰ ਉਪੱਰਲੇ ਪਾਸੇ ਇਕੱਠਾ ਕਰ ਲੈਂਦਾ ਹੈ। ਲੜਨ ਦੀ ਗੱਲ ਨਹੀਂ ਹੈ।

ਤਜੈ ਅਲਯੰਗਨ ਕਾਟੈ ਮਾਯਾ।

ਜੋ ਸ਼ੂਦਰ ਹੈ, ਨੀਵਾਂ ਹੈ, ਜੋ ਤੁਹਾਡੇ ਤੋਂ ਬਾਹਰ ਹੈ, ਉਸ ਨਾਲੋਂ ਹੌਲੀ-ਹੌਲੀ ਆਪਣਾ ਆਲਿੰਗਨ (ਜੱਫੀ ਪਾਣਾ) ਛੱਡੋ। ਹੌਲੀ-ਹੌਲੀ ਉਸ ਵਿਚ ਅਰਥ ਹੈ, ਇਹ ਗੱਲ ਛੱਡੋ; ਉਸ ਵਿਚ ਅਰਥ ਹੈ ਨਹੀਂ। ਅਰਥ ਤੁਹਾਡੇ ਅੰਦਰ ਲੁੱਕਿਆ ਹੈ।

ਤਜੈ ਅਲਯੰਗਨ ਕਾਟੈ ਮਾਯਾ। ਮਮਤਾ, ਮੋਹ, ਲੋਭ ਹੌਲੀ-ਹੌਲੀ ਛੱਡੋ। ਕਿਉਂਕਿ ਤੁਸੀਂ ਜਿਸ ਚੀਜ਼ ਨੂੰ ਬਾਹਰ ਫੜਿਆ ਹੈ ਉਹ ਤਾਂ ਮੌਤ ਖੋਹ ਲਵੇਗੀ। ਉਸ ਨੂੰ ਮੌਤ ਦੇ ਖੋਹ ਲੈਣ ਤੋਂ ਪਹਿਲਾਂ ਛੱਡ ਦਿਓ ਤਾਂ ਤੁਹਾਡਾ ਬਹੁਤ ਪੁਰਸਕਾਰ (ਇਨਾਮ) ਹੈ, ਤੁਸੀਂ ਫਿਰ ਧੰਨਭਾਗੀ ਹੋ। ਕਿਉਂਕਿ ਜੋ ਮੌਤ ਤੋਂ ਪਹਿਲਾਂ ਹੀ ਚੀਜ਼ਾਂ ਨੂੰ ਛੱਡ ਦਿੰਦਾ ਹੈ, ਉਸ ਦੀ ਫਿਰ ਮੌਤ ਨਹੀਂ ਆਉਂਦੀ। ਫਿਰ ਉਸ ਦੇ ਕੋਲ ਕੁਝ ਬਚਦਾ ਹੀ ਨਹੀਂ, ਜੋ ਮੌਤ ਖੋਹ ਲੈ ਜਾਵੇ, ਉਸ ਨੇ ਖ਼ੁਦ ਹੀ ਛੱਡ ਦਿੱਤਾ। ਇਸੇ ਦਾ ਨਾਮ ਸੰਨਿਆਸ ਹੈ। ਹੋਰ, ਛਡੱਣ ਦਾ ਅਰਥ ਭਜੱਣਾ ਨਹੀਂ ਹੈ। ਜੋ ਭਜੱਦਾ ਹੈ ਉਹ ਤਾਂ ਫੜੀ ਬੈਠਾ ਹੈ। ਇਸ ਲਈ ਭਜੱਦਾ ਹੈ, ਨਹੀਂ ਤਾਂ ਭਜੇਗਾ ਕਿਉਂ? ਜੇਕਰ ਕੋਈ ਪਤਨੀ ਨੂੰ ਛੱਡ ਕੇ ਜੰਗਲ ਵਲ ਭਜੱਦਾ ਹੈ, ਉਸ ਦਾ ਮਤਲਬ ਪਤਨੀ ਨੂੰ ਫੜੀ ਬੈਠਾ ਹੈ; ਨਹੀਂ ਤਾਂ ਡੱਰ ਕੀ ਹੈ, ਭੈਅ ਕੀ ਹੈ ?

ਮੈਂ ਆਪਣੇ ਸੰਨਿਆਸੀ ਨੂੰ ਕਹਿੰਦਾ ਹਾਂ; ਜਿਥੇ ਹੋ ਉੱਥੇ ਹੀ ਛੱਡਿਆ ਜਾ ਸਕਦਾ ਹੈ। ਭਜੱਣ ਦੀ ਗੱਲ ਤਾਂ ਭੁੱਲ-ਭਰੀ ਹੈ। ਭਜੱਣਾ ਕਾਇਰਤਾ ਹੈ। ਛਡੱਣਾ ਭਜੱਣ ਨਾਲ ਨਹੀਂ ਹੁੰਦਾ, ਛਡੱਣਾ ਜਾਗਣੇ ਨਾਲ ਹੁੰਦਾ ਹੈ। ਸਿਰਫ਼ ਜਾਗ ਕੇ ਵੇਖੋ। ਹੌਲੀ-ਹੌਲੀ ਹੋਸ਼ ਸੰਭਾਲੋ। ਅਤੇ ਤੁਸੀਂ ਪਾਓਗੇ ਉਸ ਹੋਸ਼ ਦੇ ਪਰਕਾਸ਼ ਵਿਚ ਜੋ ਫ਼ਾਲਤੂ ਹੈ, ਫ਼ਾਲਤੂ ਵਿਖਾਈ ਪੈ ਜਾਏਗਾ। ਤੇ ਜੋ ਵਿਅਰਥ ਵਿਖਾਈ ਪੈ ਗਿਆ ਉਸ ਨੂੰ ਤੁਸੀਂ ਮੁੱਠ ਵਿਚ ਬੰਨ੍ਹ ਕੇ ਨਹੀਂ ਰੱਖ ਸਕੋਗੇ, ਉਸ ਨਾਲੋਂ ਜੱਫੀ (ਆਲਿੰਗਨ) ਛੁਟ ਜਾਏਗੀ।

ਤਜੈ ਅਲਪੰਗਨ ਕਾਟੈ ਮਾਯਾ,

ਤਾਕਾ ਬਿਸਨੁ ਪਸ਼ਾਲੈ ਪਾਯਾ।

ਉਸ ਦੇ ਪੈਰ ਦਬਾਉਂਣ ਵਿਸ਼ਨੂੰ ਆ ਜਾਂਦੇ ਹਨ। ਹਿੰਮਤ ਦੇ ਵਚਨ ਹਨ। ਜਿਸ ਨੇ ਕਹੇ ਹੋਣਗੇ, ਜ਼ਰੂਰ ਹਿੰਮਤਵਾਰ ਆਦਮੀ ਸੀ। ਇਸ ਲਈ ਗੋਰਖ ਨੂੰ ਮੈਂ ਨਹੀਂ ਛੱਡ ਪਾਉਂਦਾ। ਚਾਰਾਂ ਵਿਚ ਗਿਣਤੀ ਮੈਨੂੰ ਕਰਨੀ ਪੈਂਦੀ ਹੈ। ਵਿਸ਼ਨੂੰ ਕੋਲੋਂ ਪੈਰ ਦਬਵਾ ਦੇਵੇ ਜਿਹੜਾ ਲੋਕਾਂ ਦੇ, ਉਸ ਦੀ ਕੁਝ ਤਾਂ ਹਿੰਮਤ ਹੈ, ਕੁਝ ਤਾਂ ਸਾਹਸ ਹੈ !

ਕੋਈ ਸਾਧਾਰਣ ਆਦਮੀ ਨਹੀਂ ਹੈ।

ਮਰੌ ਵੇ ਜੋਗੀ ਮਰੌ, ਮਰੌ ਮਰਨ ਹੈ ਮੀਠਾ।

ਤਿਸ ਮਰਣੀ ਮਰੌ ਜਿਸ ਮਰਣੀ ਗੋਰਸ਼ ਮਰਿ ਦੀਠਾ॥

ਪ੍ਰੇਮ ਵਿਚ ਮਰਨਾ ਹੁੰਦਾ ਹੈ, ਪ੍ਰੇਮ ਮੌਤ ਹੈ। ਅਤੇ ਜੋ ਮਰਦਾ ਹੈ ਉਹ ਹੀ ਪਾਂਦਾ ਹੈ—ਸ਼ਾਸ਼ਵਤ ਨੂੰ, ਅੰਮ੍ਰਿਤ ਨੂੰ।

ਯਹ ਨ ਰਹੀਮ ਸਰਾਹਿਯੇ, ਲੇਨ-ਦੇਨ ਕੀ ਪ੍ਰੀਤਿ

ਪ੍ਰਾਨਨ ਬਾਜੀ ਰਾਖਿਯੇ, ਹਾਰ ਹੋਯ ਕੇ ਜੀਤ॥

ਯਹ ਨ ਰਹੀਮ ਸਰਾਹਿਯੇ ਦੇਨ-ਲੇਨ ਕੀ ਪ੍ਰੀਤਿ

ਪ੍ਰਾਨਨ ਬਾਜੀ ਰਾਖਿਯੇ, ਹਾਰ ਹੋਯ ਕੇ ਜੀਤ॥

ਜਿੱਤੋ ਕਿ ਹਾਰੋ, ਪ੍ਰਾਣ ਬਾਜ਼ੀ ਉੱਤੇ ਲਗਾਉਣੇ ਹੋਣਗੇ, ਤਾਂ ਹੀ ...। ਇਹ ਪ੍ਰੇਮ ਕੋਈ ਲੈਣ-ਦੇਣ ਦਾ ਮਾਮਲਾ ਨਹੀਂ ਹੈ। ਇਹ ਕੋਈ ਵਿਉਪਾਰ ਨਹੀਂ ਹੈ। ਤੁਸੀਂ ਆਪਣਾ ਪੂਰਾ ਦਾਅ ਤੇ ਲਾ ਦਿੰਦੇ ਹੋ। ਇਹ ਜੂਏ ਦਾ ਦਾਅ ਹੈ।

ਰਹਿਮਨ ਮੈਨ ਤੁਰੰਗ ਚੜਿ,

ਚਲਿਬੋ ਪਾਵਕ ਮਾਹਿੰ।

ਪ੍ਰੇਮ-ਪੰਥ ਐਸੋ ਕਠਿਨ,

ਸਬ ਕੋਉ ਨਿਬਹਤ ਨਾਹਿੰ॥

ਰਹੀਮ ਨੇ ਕਿਹਾ : ਰਹਿਮਨ ਮੈਨ ਤੁਰੰਗ ਚੜਿ ..। ਜਿਵੇਂ ਕੋਈ ਮੋਮ ਦਾ ਘੋੜਾ ਬਣਾ ਲਵੇ, ਮੋਮ ਦੇ ਘੋੜੇ ਉੱਤੇ ਬੈਠ ਕੇ ਅੱਗ ਵਿਚੋਂ ਦੀ ਲੰਘੇ।

ਰਹਿਮਨ ਮੈਨ ਤੁਰੰਗ ਚੜਿ, ਚਲਿਬੋ ਪਾਵਕ ਮਾਹਿੰ।

ਮੋਮ ਦੇ ਘੋੜੇ ਉੱਤੇ ਬੈਠ ਕੇ ਅੱਗ ਵਿਚੋਂ ਨਿਕਲਣਾ ਜਿੰਨਾ ਔਖਾ ਹੈ ...। ਇੱਕ ਤਾਂ ਮੋਮ ਦਾ ਘੋੜਾ ਅਤੇ ਫ਼ਿਰ ਅੱਗ ... ਨਿਕਲ ਕਿੱਥੋਂ ਪਾਓਗੇ, ਨਿਕਲ ਕਿਵੇਂ ਪਾਓਗੇ? ਘੋੜਾ ਤਾਂ ਗੱਲ ਹੀ ਜਾਏਗਾ

ਰਹਿਮਨ ਮੈਨ ਤੁਰੰਗ ਚੜਿ, ਚਲਿਬੋ ਪਾਵਕ ਮਾਹਿੰ।

ਪ੍ਰੇਮ-ਪੰਥ ਐਸੋ ਕਠਿਨ, ਸਬ ਕੋਉ ਨਿਬਹਤ ਨਾਹਿੰ॥

ਅਜਿਹਾ ਹੈ ਪ੍ਰੇਮ ਦਾ ਪੰਥ, ਅਜਿਹਾ ਕਠਿਨ (ਔਖਾ) ਹੈ ; ਕਿਉਂਕਿ ਜੋ ਮਰਨ ਲਈ ਰਾਜ਼ੀ ਹਨ, ਉਹ ਹੀ ਕੇਵਲ ਪ੍ਰੇਮ ਵਿਚ ਪ੍ਰਵੇਸ਼ ਕਰ ਸਕਦੇ ਹਨ।

ਮਰੌ ਵੇ ਜੋਗੀ ਮਰੌ, ਮਰੌ ਮਰਨ ਹੈ ਮੀਠਾ।

ਲੇਕਿਨ ਬਹੁਤ ਮਿਠਾਸ ਹੈ ਇਸ ਮਰਨੇ ਵਿਚ ...। ਜੋ ਧਿਆਨ ਦੀ ਮੌਤ ਮਰ ਜਾਏ, ਉਸ ਤੋਂ ਜ਼ਿਆਦਾ ਹੋਰ ਅਮ੍ਰਿਤਪੂਰਨ ਕੋਈ ਅਨੁਭਵ ਨਹੀਂ ਹੈ। ਕਿਉਂਕਿ ਉਸ ਮੌਤ ਵਿਚ ਮਰ ਕੇ ਹੀ ਪਤਾ ਚਲਦਾ ਹੈ ਕਿ ਓਏ, ਜੋ ਮਰਿਆ ਉਹ ਮੈਂ ਸੀ ਹੀ ਨਹੀਂ। ਅਤੇ ਜੋ ਬਚ ਗਿਆ ਹੈ ਮਰਨ ਦੇ ਬਾਅਦ, ਉਹ ਹੀ ਮੈਂ ਹਾਂ। ਸਾਰ-ਸਾਰ ਬਚ ਰਹਿੰਦਾ ਹੈ, ਅਸਾਰ-ਅਸਾਰ ਸੜ ਕੇ ਸੁਆਹ ਹੋ ਜਾਂਦਾ ਹੈ। ਮੈਂ ਵੀ ਮ੍ਰਿਤਯੂ ਸਿਖਾਉਂਦਾ ਹਾਂ।

ਮਰੌ ਵੇ ਜੋਗੀ ਮਰੌ, ਮਰੌ ਮਰਨ ਹੈ ਮੀਠਾ।
ਤਿਸ ਮਰਣੀ ਮਰੌ ਜਿਸ ਮਰਣੀ ਗੋਰਸ਼ ਮਰਿ ਦੀਠਾ॥


ਗੋਰਖ ਕਹਿੰਦੇ ਹਨ; ਮੈਂ ਮਰ ਕੇ ਉਸ ਨੂੰ ਵੇਖਿਆ, ਤੁਸੀਂ ਵੀ ਮਰ ਜਾਓ। ਮਿੱਟ ਜਾਓ। ਸਿੱਖ ਲਵੋ ਮਰਨ ਦੀ ਇਹ ਕਲਾ। ਮਿਟੋਗੇ ਤਾਂ ਉਸ ਨੂੰ ਪਾ ਸਕੋਗੇ। ਜੋ ਮਿਟਦਾ ਹੈ, ਉਹ ਹੀ ਪਾਉਂਦਾ ਹੈ। ਇਸ ਤੋਂ ਘੱਟ ਵਿਚ ਜਿਸ ਨੇ ਸੌਦਾ ਕਰਨਾ ਚਾਹਿਆ, ਉਹ ਸਿਰਫ਼ ਆਪਣੇ-ਆਪ ਨੂੰ ਧੋਖਾ ਦੇ ਰਿਹਾ ਹੈ।

ਇਹੋ ਜਿਹੀ ਇੱਕ ਅਪੂਰਵ ਯਾਤ੍ਰਾ ਅਸੀਂ ਅੱਜ ਸ਼ੁਰੂ ਕਰਦੇ ਹਾਂ। ਗੋਰਖ ਦੀ ਬਾਣੀ ਮਨੁੱਖ ਜਾਤੀ ਦੇ ਇਤਿਹਾਸ ਵਿਚ ਜੋ ਥੋੜ੍ਹੀਆਂ ਜਿਹੀਆਂ ਅਪੂਰਵ ਬਾਣੀਆਂ ਹਨ, ਉਨ੍ਹਾਂ ਵਿਚੋਂ ਇੱਕ ਹੈ। ਗੁਣਨਾ, ਸਮਝਣਾ, ਸੁਝਣਾ, ਬੂਝਣ, ਜੀਣਾ ...। ਅਤੇ ਇਹ ਸੂਤਰ ਤੁਹਾਡੇ ਅੰਦਰ ਗੂੰਜਦੇ ਰਹਿ ਜਾਣ ...।

ਹੰਸਿਬਾ ਖੇਲਿਬਾ ਧਰਿਬਾ ਧਿਆਨੰ ।
ਅਹਨਿਸਿ ਕਥਿਬਾ ਬ੍ਰਹਮਗਿਆਨੰ ।
ਹੰਸੈ ਸ਼ੇਲੈ ਨ ਕਰੈ ਮਨ ਭੰਗ ।
ਤੇ ਨਿਹਚਲ ਸਦਾ ਨਾਥ ਕੇ ਸੰਗ ।
ਮਰੌ ਵੇ ਜੋਗੀ ਮਰੌ, ਮਰੌ ਮਰਨ ਹੈ ਮੀਠਾ ।
ਤਿਸ ਮਰਣੀ ਮਰੌ ਜਿਸ ਮਰਣੀ ਗੋਰਸ਼ ਮਰਿ ਦੀਠਾ ॥

ਅੱਜ ਇੰਨਾ ਹੀ।





ਦੂਜਾ ਪ੍ਰਵਚਨ

ਅਗਿਆਤ ਦੀ ਪੁਕਾਰ



ਹਰ ਵਾਰ ਇੱਥੇ ਆਉਂਦੀ ਹਾਂ ਤਾਂ ਬਿਨਾਂ ਸੰਨਿਆਸ ਲਏ ਚਲੀ ਜਾਂਦੀ ਹਾਂ। ਸੰਨਿਆਸ ਦਾ ਭਾਵ ਤਾਂ ਕਈ ਵਾਰੀ ਮਨ ਵਿਚ ਉਠਦਾ ਹੈ, ਲੇਕਿਨ ਲੈਣ ਦਾ ਸਾਹਸ (ਹੌਂਸਲਾ) ਨਹੀਂ ਜੁਟਾ (ਇਕੱਠਾ) ਪਾਉਂਦੀ ਹਾਂ। ਮੈਂ ਡੱਰ ਜਾਂਦੀ ਹਾਂ। ਸੋਚਦੀ ਹਾਂ : ਕੀ ਇਸ ਮਾਰਗ (ਰਸਤਾ) ਉੱਤੇ ਮੈਂ ਆਨੰਦ ਨਾਲ ਟੁੱਰ ਸਕਾਂਗੀ, ਜਾਂ ਰਸਤਾ ਅੱਧਾ ਛੱਡ ਕੇ ਵਾਪਸ ਪਰਤ ਆਉਂਣਾ ਪਵੇਗਾ ? ਛੱਡ ਦਿੰਦੀ ਹਾਂ ਸੰਨਿਆਸ ਦਾ ਭਾਵ ਤਾਂ ਇਸ ਦੁਨੀਆਂ ਵਿਚ ਜਿੱਥੇ ਮੈਂ ਹੁਣ ਤੱਕ ਟੁੱਰ ਰਹੀ ਹਾਂ, ਟੁਰਨਾ ਨਿਰਰਥਕ (ਬਿਨਾਂ ਅਰਥ) ਮਲੂਮ ਹੁੰਦਾ ਹੈ। ਮੈਂ ਕੀ ਕਰਾਂ ? ਰਾਹ ਵਿਖਾਉਂਣ ਦੀ ਕਿਰਪਾ ਕਰੋ ?

- - -

ਤੰਤਰ, ਵਾਮ ਮਾਰਗ, ਅਘੋਰ ਪੰਥ, ਨਾਥ ਪੰਥ ਵਰਗੇ ਨਾਵਾਂ ਤੋਂ ਲੋਕ ਕਿਉਂ ਡੱਰਦੇ ਹਨ ? ਇਨ੍ਹਾਂ ਮਾਰਗਾਂ (ਰਾਹਾਂ) ਦਾ ਸਹੀ ਵਿਸ਼ਲੇਸ਼ਣ (ਅਨੇਲੇਸਿਸ) ਅਤੇ ਸਮਯਕ ਅਭਿਆਸ ਨਾਲ ਕੀ ਅਜਿਹੀ ਸੰਭਾਵਨਾ ਨਹੀਂ ਹੈ ਕਿ ਲੋਕ ਫਿਰ ਤੋਂ ਨਵੇਂ ਆਯਾਮ (ਵਿਸਤਾਰ-ਨਿਯਮ) ਨਾਲ ਇਨ੍ਹਾਂ ਨੂੰ ਸਮਝਣ ਅਤੇ ਇਨ੍ਹਾਂ ਦੀ ਨਿੰਦਾ ਅਤੇ ਉਪੇਕਸ਼ਾ ਨ ਕਰਨ ?

- - -

ਸਮਾਧੀ ਦਾ ਪਹਿਲਾ ਅਨੁਭਵ ਕਿਹੋ-ਜਿਹਾ ਹੁੰਦਾ ਹੈ ?

- - -

ਪਿਆਰੇ ਪ੍ਰਭੂ, ਪ੍ਰਸ਼ਨੋਂ ਕੇ ਅੰਬਾਰ ਲਗੇ ਹੈਂ ਉੱਤਰ ਚੁਪ ਹੈ;
ਕੌਨ ਸਹੇਜੇ ਇਨ ਕਾਂਟੋਂ ਕੋ, ਬਗੀਆ ਚੁਪ ਹੈ, ਮਾਲੀ ਚੁਪ ਹੈਂ
ਪ੍ਰਸ਼ਨ ਸਵੰਯ ਮੇਂ ਰਹਤਾ ਚੁਪ ਹੈਂ, ਦਿਨਕਰ ਚੁਪ ਹੈ, ਰਾਤੇਂ ਚੁਪ ਹੈਂ
ਉਠੀ ਬਦਰਿਆ ਕਾਰੀ-ਕਾਰੀ, ਲਗਾ ਅੰਧੇਰਾ ਬਿਲਕੁੱਲ ਘੁੱਪ ਹੈ
ਪ੍ਰਭੂ, ਇਸ ਹਾਲਤ ਦਾ ਨਿਵਾਰਨ ਕਰਨ ਦੀ ਮੇਹਰਬਾਨੀ ਕਰੋ।

- - -

ਪ੍ਰਾਰਥਨਾ ਕੀ ਹੈ ?

ਪਹਿਲਾ ਸਵਾਲ : ਹਰ ਵਾਰ ਇੱਥੇ ਆਉਂਦੀ ਹਾਂ ਤਾਂ ਬਿਨਾਂ ਸੰਨਿਆਸ ਲਏ ਚਲੀ ਜਾਂਦੀ ਹਾਂ। ਸੰਨਿਆਸ ਦਾ ਭਾਵ ਤਾਂ ਕਈ ਵਾਰੀ ਮਨ ਵਿਚ ਉਠਦਾ ਹੈ, ਲੇਕਿਨ ਲੈਣ ਦਾ ਸਾਹਸ (ਹੌਂਸਲਾ) ਨਹੀਂ ਜੁਟਾ (ਇਕੱਠਾ) ਪਾਉਂਦੀ ਹਾਂ। ਮੈਂ ਡਰ ਜਾਂਦੀ ਹਾਂ। ਸੋਚਦੀ ਹਾਂ : ਕੀ ਇਸ ਮਾਰਗ (ਰਸਤਾ) ਉੱਤੇ ਮੈਂ ਆਨੰਦ ਨਾਲ ਟੁਰ ਸਕਾਂਗੀ, ਜਾਂ ਰਸਤਾ ਅੱਧਾ ਛੱਡ ਕੇ ਵਾਪਸ ਪਰਤ ਆਉਣਾ ਪਵੇਗਾ? ਛੱਡ ਦਿੰਦੀ ਹਾਂ ਸੰਨਿਆਸ ਦਾ ਭਾਵ ਤਾਂ ਇਸ ਦੁਨੀਆਂ ਵਿਚ ਜਿਥੇ ਮੈਂ ਹੁਣ ਤੱਕ ਟੁਰ ਰਹੀ ਹਾਂ, ਟੁਰਨਾ ਨਿਰਰਥਕ (ਬਿਨਾਂ ਅਰਥ) ਮਲੂਮ ਹੁੰਦਾ ਹੈ।

ਮੈਂ ਕੀ ਕਰਾਂ ? ਰਾਹ ਵਿਖਾਉਣ ਦੀ ਕਿਰਪਾ ਕਰੋ ?

ਚੰਦ੍ਰਰੇਖਾ ! ਨਵੇਂ ਦਾ ਸਦਾ ਹੀ ਭੈਅ ਲਗਦਾ ਹੈ। ਜਾਣਿਆ-ਪਛਾਣਿਆ ਦੁਖਦ (ਦੁਖ ਭਰਿਆ) ਵੀ ਹੋਵੇ ਤਾਂ ਵੀ ਪਰਿਚਿਤ ਹੈ, ਭੈ ਨਹੀਂ ਲਗਦਾ। ਗਿਆਤ (ਜਾਣਿਆ ਪਛਾਣਿਆ) ਆਨੰਦ ਨ ਵੀ ਦੇ ਰਿਹਾ ਹੋਵੇ ਤਾਂ ਵੀ ਸੁਰਖਿਆ ਮਾਲੂਮ ਹੁੰਦੀ ਹੈ; ਜਾਣਿਆ-ਪਛਾਣਿਆ ਹੈ। ਅਨਜਾਣ ਵਿਚ ਉਤਰਨਾ, ਪਰਿਚਿਤ ਵਿਚ ਉਤਰਨਾ ... ਭੈਅ ਬਿਲਕੁੱਲ ਸੁਭਾਵਿੱਕ ਹੈ। ਇਸ ਲਈ ਭੈਅ ਦੀ ਸਮਸਿਆ ਨ ਬਣਾਓ।

ਜਦ ਵੀ ਕੋਈ ਵਿਅਕਤੀ ਕਿਸੇ ਨਵੇਂ ਰਾਹ ਉੱਤੇ ਕਦਮ ਵਧਾਉਂਦਾ ਹੈ ਤਾਂ ਝਿਜਕਦਾ ਹੈ। ਲੇਕਿਨ ਨਵੇਂ ਉੱਤੇ ਕਦਮ ਵਧਾਉਣ ਨਾਲ ਹੀ ਵਿਕਾਸ (ਬੜ੍ਹੋਤਰੀ) ਹੈ। ਜੋ ਪੁਰਾਣੇ ਵਰਤੁਲ (ਦਾਇਰੇ) ਵਿਚ ਹੀ ਘੁੰਮਦਾ ਰਹਿੰਦਾ ਹੈ, ਕੋਹਲੂ ਦਾ ਬੈਲ ਹੋ ਜਾਂਦਾ ਹੈ। ਸਦਾ ਵਿਚਾਰਨ ਜੋਗ ਇਹ ਹੈ ਕਿ ਜਿਸ ਢੰਗ ਨਾਲ ਮੈਂ ਜੀ ਰਿਹਾ ਹਾਂ ਉਸ ਢੰਗ ਨਾਲ ਜੀਉਣ ਵਿਚ ਆਨੰਦ ਉਪਲਬੱਧ ਹੋ ਰਿਹਾ ਹੈ? ਜੇਕਰ ਨਹੀਂ ਹੋ ਰਿਹਾ ਹੈ ਉਪਲਬੱਧ ਤਾਂ ਜੋਖਮ ਉਠਾਉਣੀ ਚਾਹੀਦੀ ਹੈ। ਨਵੇਂ ਰਸਤੇ, ਨਵੇਂ ਜੀਵਨ ਦੀ ਪਧੱਤੀ (ਢੰਗ) ਨਵੀਂ ਖੋਜ ਕਰਨੀ ਹੀ ਹੋਇਗੀ। ਇੰਨਾ ਤਾਂ ਤਥ ਹੈ ਕਿ ਤੁਹਾਡੇ ਕੋਲ ਗੁਆਉਣ ਲਈ ਕੁਝ ਵੀ ਨਹੀਂ ਹੈ। ਪੁਰਾਣੇ ਜੀਵਨ ਤੋਂ ਆਨੰਦ ਤਾਂ ਮਿਲਿਆ ਨਹੀਂ; ਮਿਲ ਜਾਂਦਾ ਤਾਂ ਨਵੇਂ ਦੀ ਕੋਈ ਜ਼ਰੂਰਤ ਵੀ ਨਹੀਂ ਸੀ। ਪੁਰਾਣਾ ਤਾਂ ਹੋ ਗਿਆ, ਇੱਕ ਗੱਲ ਨਿਸ਼ਚਿਤ ਹੈ ; ਨਵਾਂ ਸਾਰਥਕ (ਸਫ਼ਲ) ਵੀ ਨਿਕਲ ਸਕਦਾ ਹੈ। ਵਿਅਰਥ ਵੀ ਨਿਕਲ ਸਕਦਾ ਹੈ। ਪਰ ਨਵੇਂ ਵਿਚ ਘਟੋ-ਘੱਟ ਇੱਕ ਸੰਭਾਵਨਾ (ਉਮੀਦ) ਹੈ ਸਾਰਥਕ ਹੋਣ ਦੀ। ਪੁਰਾਣਾ ਤਾਂ ਨਿਰੁੱਤ ਚੁਕਿਆ: ਉਸ ਨੂੰ ਤਾਂ ਵੇਖ ਲਿਆ, ਸਮਝ ਲਿਆ, ਜੀ ਲਿਆ, ਨਹੀਂ ਕੁਝ ਪਾਇਆ। ਜਿਵੇਂ ਕੋਈ ਰੇਤ ਵਿਚੋਂ ਤੇਲ ਨਿਚੋੜਦਾ ਰਿਹਾ ਹੋਵੇ ...। ਹੁਣ ਕਦ ਤੱਕ ਰੇਤ ਦੇ ਨਾਲ ਸਿਰ ਮਾਰਨਾ ਹੈ?

ਮੈਂ ਨਹੀਂ ਕਹਿੰਦਾ ਕਿ ਨਵੇਂ ਨਾਲ ਆਨੰਦ ਮਿਲ ਹੀ ਜਾਇਗਾ: ਕਿਉਂਕਿ ਆਨੰਦ ਮਾਰਗ ਉੱਤੇ ਘੱਟ ਨਿਰਭਰ ਹੁੰਦਾ ਹੈ, ਮਾਰਗੀ (ਰਾਹੀ) ਉੱਤੇ ਜ਼ਿਆਦਾ ਨਿਰਭਰ ਹੁੰਦਾ ਹੈ; ਪੱਥ ਉੱਤੇ ਘੱਟ ਨਿਰਭਰ ਹੁੰਦਾ ਹੈ, ਪਥਿੱਕ ਉੱਤੇ ਜ਼ਿਆਦਾ ਨਿਰਭਰ ਹੁੰਦਾ ਹੈ। ਇਸ ਲਈ ਅਸਲੀ ਬਦਲਾਹਟ ਪੱਥ ਦੀ ਨਹੀਂ ਹੁੰਦੀ, ਅਸਲੀ ਬਦਲਾਹਟ ਤਾਂ ਪਥਿਕ ਦੀ ਹੁੰਦੀ ਹੈ। ਪਰ ਪੱਥ ਦੀ ਬਦਲਾਹਟ ਨਾਲ ਸ਼ੁਰੂਆਤ ਹੁੰਦੀ ਹੈ। ਤੁਸੀਂ ਬਾਹਰ ਹੋ, ਇਸ ਲਈ ਬਾਹਰੋਂ ਹੀ ਬਦਲਾਅ ਸ਼ੁਰੂ ਕਰਨਾ ਹੋਇਗਾ। ਬਾਹਰੋਂ ਬਦਲਣ ਦੀ ਹਿੰਮਤ ਇਕੱਠੀ ਕਰੋ ਤਾਂ ਅੰਦਰ

ਬਦਲਣ ਦੀ ਹਿੰਮਤ ਵੀ ਸੰਘਣੀ ਹੋਵੇਗੀ। ਹੋਰ ਜੇਕਰ ਥੋੜ੍ਹੀਆਂ ਬੂੰਦਾਂ ਪੈਣ ਲਗੀਆਂ ਆਨੰਦ ਦੀਆਂ, ਤਾਂ ਉਮੰਗ ਅਤੇ ਉਤਸ਼ਾਹ ਨਾਲ ਨਵੇਂ ਦਾ ਅਨਵੇਸ਼ਣ (ਤਲਾਸ਼) ਸ਼ੁਰੂ ਹੋ ਜਾਏਗਾ।

ਪਰ ਇੱਕ ਗੱਲ ਤਾਂ ਤੈਅ ਹੈ ਕਿ ਤੁਹਾਡੇ ਕੋਲ ਗੁਆਉਣ ਲਈ ਕੁਝ ਵੀ ਨਹੀਂ ਹੈ। ਇਸ ਲਈ ਫ਼ਾਲਤੂ ਚਿੰਤਾ ਨ ਕਰੋ। ਮਿਲਿਆ ਕੀ ਹੈ ਪੁਰਾਣੇ ਨੂੰ ਫੜੀ ਰਖੱਣ ਵਿਚ? ਤਾਂ ਗੁਆਚ ਵੀ ਕੁਝ ਨਹੀਂ ਜਾਏਗਾ । ਹੋਰ ਜਦ ਗੁਆਉਂਣ ਲਈ ਕੁਝ ਨਹੀਂ ਹੈ ਤਾਂ ਡੱਰ ਕੀ ਹੈ? ਜਾਂ ਤਾਂ ਕੁਝ ਮਿਲੇਗਾ ; ਜ਼ਿਆਦਾ ਤੋਂ ਜ਼ਿਆਦਾ ਇਹ ਹੀ ਹੋਏਗਾ ਕਿ ਨਵੇਂ ਤੋਂ ਵੀ ਨਹੀਂ ਮਿਲੇਗਾ। ਤਾਂ ਫ਼ਿਰ ਹੋਰ ਨਵੇਂ ਨੂੰ ਲੱਭਾਂਗੇ।

ਹਮੇਸ਼ਾ ਧਿਆਨ ਇਸ ਦਾ ਕਰੋ ਕਿ ਜਿਸ ਢੰਗ ਨਾਲ ਅਸੀਂ ਜੀਉਂਦੇ ਰਹੇ ਹਾਂ ਜੋ ਅਸੀਂ ਹੁਣ ਤੱਕ ਸੋਚਿਆ ਹੈ, ਵਿਚਾਰਿਆ ਹੈ, ਉਸ ਤੋਂ ਕੁਝ ਮਿਲਿਆ ਹੈ ਜਾਂ ਨਹੀਂ? ਵਿਚਾਰ ਉਸ ਦਾ ਕਰੋ, ਭਵਿੱਖ ਦਾ ਵਿਚਾਰ ਨ ਕਰੋ ਕਿ ਕੀ ਮਿਲੇਗਾ ਕੀ ਨਹੀਂ ਮਿਲੇਗਾ, ਕਿਉਂਕਿ ਭਵਿੱਖ ਤਾਂ ਅਗਿਆਤ (ਅਨਜਾਣ) ਹੈ। ਸੰਨਿਆਸ ਤਾਂ ਅਪਰਿਚਿਤ ਹੈ। ਪ੍ਰਯੋਗ ਵਿਚ ਉਤਰਨ ਨਾਲ ਹੀ ਪਤਾ ਲਗੇਗਾ। ਸਵਾਦ ਲਓਗੇ ਤਾਂ ਹੀ ਪਤਾ ਚਲੇਗਾ। ਸਵਾਦ ਤੋਂ ਪਹਿਲਾਂ ਕਿਵੇਂ ਤੈਅ ਕਰੋਗੇ ਕਿ ਸਵਾਦਿਸ਼ਟ ਹੈ ਚੀਜ਼ ਜਾਂ ਨਹੀਂ ? ਕਿਸੇ ਉੱਤੇ ਭਰੋਸਾ ਕਰਨਾ ਹੋਵੇਗਾ—ਕਿਸੇ ਨੇ ਜਿਸ ਨੇ ਸਵਾਦ ਲਿਆ ਹੋਵੇ।

ਇੱਥੇ ਤੂੰ ਆਉਂਦੀ ਹੈਂ ਚੰਦ੍ਰਰੇਖਾ। ਮੈਂ ਸਵਾਦ ਲਿਆ ਹੈ। ਮੈਂ ਤੈਨੂੰ ਕਹਿੰਦਾ ਹਾਂ: ਆਓ, ਵੱਧੋ। ਹੋਰ ਇੱਥੇ ਬਹੁਤ ਹਨ ਜੋ ਮਸਤ ਹੋ ਰਹੇ ਹਨ, ਡੁੱਬ ਰਹੇ ਹਨ। ਉਨ੍ਹਾਂ ਦੀ ਮਸਤੀ ਅਤੇ ਡੁੱਬਕੀ ਵੇਖ ਕੇ ਹੀ ਤਾਂ ਤੇਰੇ ਮਨ ਵਿਚ ਸੰਨਿਆਸ ਦਾ ਭਾਵ ਉਠਦਾ ਹੈ, ਨਹੀਂ ਤਾਂ ਸੰਨਿਆਸ ਦਾ ਭਾਵ ਕਿਉਂ ਉਠੇ? ਤੁਹਾਡਾ ਹ੍ਰਿਦਯ ਅੰਦੋਲਿਤ ਹੋ ਰਿਹਾ ਹੈ, ਸਿਰਫ਼ ਤੁਹਾਡਾ ਮਸਤੱਕ ਬਾਧਾ ਪਾ ਰਿਹਾ ਹੈ।

ਮਸਤੱਕ ਸਦਾ ਹੀ ਰੂੜ੍ਹੀਵਾਦੀ ਹੈ। ਹ੍ਰਿਦਾ ਸਦਾ ਹੀ ਨਵੇਂ ਦੇ ਨਾਲ ਜਾਣ ਲਈ ਆਤੁਰ (ਉਤਸ਼ਾਹਿਤ) ਹੁੰਦਾ ਹੈ। ਅਤੇ ਮਸਤੱਕ ਸਦਾ ਪੁਰਾਣੇ ਦੇ ਨਾਲ ਬੱਧਾ ਰਹਿਣ ਲਈ ਤਿਆਰ...। ਮਸਤੱਕ ਦੇ ਕੋਲ ਅਤੀਤ ਤੋਂ ਇਲਾਵਾ ਕੁਝ ਵੀ ਨਹੀਂ ਹੈ। ਮਸਤੱਕ ਦੇ ਕੋਲ ਜੋ ਵੀ ਹੈ, ਸਮ੍ਰਿਤਿ (ਯਾਦਾਸ਼ਤ) ਦੀ ਸੰਪਦਾ (ਪੂੰਜੀ) ਹੈ। ਉਹ ਸਭ ਅਤੀਤ ਹੈ। ਮਸਤੱਕ ਦਾ ਭਵਿੱਖ ਹੁੰਦਾ ਹੀ ਨਹੀਂ। ਕੋਈ ਵੀ ਚੀਜ਼ ਮਸਤੱਕ ਦਾ ਹਿੱਸਾ ਬਣਦੀ ਹੈ, ਜਦ ਅਤੀਤ ਹੋ ਜਾਂਦੀ ਹੈ। ਜਦ ਤੁਹਾਨੂੰ ਅਨੁਭਵ ਹੋ ਜਾਂਦਾ ਹੈ, ਤਦ ਮਸਤੱਕ ਦਾ ਹਿੱਸਾ ਬਣਦਾ ਹੈ। ਮਸਤੱਕ ਜੀਉਂਦਾ ਹੈ ਅਤੀਤ ਵਿਚ, ਮੁਰਦਾ ਹੋਣ ਵਿਚ, ਇਸ ਲਈ ਮਸਤੱਕ ਡੱਰਦਾ ਹੈ ਭਵਿੱਖ ਵਿਚ ਜਾਣ ਵਿਚ, ਹ੍ਰਿਦਾ ਸਦਾ ਤੋਂ ਉਠਾ ਲੈਣਾ ਚਾਹੁੰਦਾ ਹੈ ਕਦਮ। ਮਸਤੱਕ ਚਲਾਕੀਆਂ ਵਰਤ ਰਿਹਾ ਹੈ। ਮਸਤੱਕ ਕਹਿੰਦਾ ਹੈ: ਠਹਿਰੋ, ਸੋਚੋ, ਪਹਿਲਾਂ ਨਿਰਣਾ (ਫ਼ੈਸਲਾ) ਕਰੋ; ਕਿੱਤੇ ਅਜਿਹਾ ਨ ਹੋਵੇ ਕਿ ਜਾਓ ਵੀ ਨਵੇਂ ਪੱਥ (ਰਸਤੇ) ਉਪੱਰ ਅਤੇ ਕੁਝ ਨ ਮਿਲੇ! ਕਿੱਤੇ ਅਜਿਹਾ ਨ ਹੋਵੇ ਕਿ ਵਿਚਕਾਰੋਂ ਹੀ ਪਰਤ ਆਉਂਣਾ ਪਵੇ !

ਕਿੱਤੇ ਅਜਿਹਾ ਨ ਹੋਵੇ ਕਿ ਜੀਵਨ ਦੀ ਪਧੱਤੀ (ਰਾਹ) ਬਦਲੋਂ, ਇੰਨੀ ਮੇਹਨਤ ਕਰੋ ਅਤੇ ਮੇਹਨਤ ਦੇ ਅਨੁਕੂਲ (ਅਨੁਸਾਰ) ਪੁਰਸਕਾਰ ਨ ਹੋਵੇ।...ਤਾਂ ਥੋੜ੍ਹਾ ਸੋਚੋ, ਗਣਿਤ ਬਿਠਾਓ, ਹਿਸਾਬ ਲਗਾਓ।

ਲੇਕਿਨ ਮਸਤੱਕ ਦੀ ਸੁਣੀ ਜੇਕਰ ਤਾਂ ਕਦੇ ਕਦਮ ਉਠ ਨਹੀਂ ਸਕੇਗਾ।

ਥੋੜ੍ਹਾ ਸੋਚੋ, ਨਿੱਕਾ ਬੱਚਾ ਮਾਂ ਦੇ ਢਿੱਡ ਵਿਚ ਹੈ ਅੱਜੇ। ਜਨਮ ਹੋਣ ਦੇ ਨੇੜੇ ਹੈ। ਜੇਕਰ ਮਸਤੱਕ ਹੋਵੇ, ਜੇਕਰ ਬੁੱਧੀ ਪੈਦਾ ਹੋ ਗਈ ਹੋਵੇ ਤਾਂ ਬੁੱਧੀ ਕਹੇਗੀ: ਕਿੱਥੇ ਜਾਂਦੇ ਹੋ? ਜੀਵਨ ਦੀ ਇਹ ਪ੍ਰਕ੍ਰਿਆ ਇਹ ਢੰਗ, ਇਹ ਗਰਭ ਵਿਚ ਰਹਿਣਾ ਕਿੰਨਾ ਸੁਖਦਾਇਕ ਹੈ! ਕੋਈ ਝੰਜਟ ਨਹੀਂ, ਕੋਈ ਚਿੰਤਾ ਨਹੀਂ, ਕੋਈ ਜ਼ਿੰਮੇਵਾਰੀ ਨਹੀਂ, ਚੌਵੀ ਘੰਟੇ ਸੁੱਤੇ ਰਹੋ। ਕਿੱਥੇ ਜਾਂਦੇ ਹੋ? ਪਤਾ ਨਹੀਂ ਬਾਹਰ ਕੀ ਹੋਏਗਾ—ਕਿਹੜੀਆਂ ਮੁਸੀਬਤਾਂ ਆਉਂਣ, ਕਿਹੜੀਆਂ ਚੁਣੌਤੀਆਂ ਆਉਂਣ। ਜੇਕਰ ਬੱਚੇ ਦੇ ਕੋਲ ਥੋੜ੍ਹਾ ਗਣਿਤ ਹੋਵੇ, ਤਰਕ ਹੋਵੇ, ਤਾਂ ਕੋਈ ਬੱਚਾ ਮਾਂ ਦੇ ਗਰਭ ਤੋਂ ਪੈਦਾ ਹੀ ਨ ਹੋਵੇ। ਲੇਕਿਨ ਗਣਿਤ ਨਹੀਂ ਹੁੰਦਾ, ਗਣਿਤ ਬਾਅਦ ਵਿਚ ਆਉਂਦਾ ਹੈ—ਸੌਭਾਗ ਦੀ ਗੱਲ। ਤਰਕ ਬਾਦ ਵਿਚ ਆਉਂਦਾ ਹੈ। ਬੱਚੇ ਦੇ ਕੋਲ ਤਾਂ ਸਿਰਫ਼ ਹ੍ਰਿਦਯ ਹੁੰਦਾ ਹੈ—ਨਵੇਂ ਲਈ ਆਤੁਰ, ਉਤਸੁਕ।

ਜੇਕਰ ਅਸੀਂ ਬੁੱਧੀ ਦੀ ਗੱਲ ਮੰਨ ਕੇ ਟੁਰੀਏ ਤਾਂ ਧਰਤੀ ਜਰਾਜੀਰਣ (ਚੀਥੜੇ-ਚੀਥੜੇ ਪੁਰਾਣਾ) ਨਾਲ ਭਰ ਜਾਂਦੀ ਹੈ। ਇਸ ਦੇਸ਼ ਵਿਚ ਅਜਿਹਾ ਹੀ ਹੋਇਆ ਹੈ, ਲੋਗਾਂ ਨੇ ਬਹੁਤ ਜ਼ਿਆਦਾ ਬੁਧੀਮੱਤਾ ਨਾਲ ਆਪਣੇ ਗਠਬੰਧਨ ਬਣਾ ਲਏ ਹਨ। ਇਸ ਲਈ ਇਹ ਦੇਸ਼ ਜਰਾਜੀਰਣ (ਬੁੱਢਾ) ਹੋ ਗਿਆ ਹੈ। ਇਸ ਦੇਸ਼ ਵਿਚ ਜੁਆਨੀ ਨਹੀਂ ਰਹੀ। ਇਹ ਖੰਡਰਾਂ ਵਿਚ ਜੀ ਰਿਹਾ ਹੈ। ਇਹ ਹੁਣ ਵੀ ਅਤੀਤ ਦੇ ਹੀ ਗੁਣਗਾਣ ਕਰਦਾ ਹੈ। ਇਸ ਦੇ ਕੋਲ ਕੋਈ ਉਮੰਗ ਨਹੀਂ ਹੈ ਨਵੇਂ ਲਈ। ਇਹ ਡਿੱਗ ਪਏ ਪੀਲੇ ਪਤਿਆਂ ਦੀ ਪ੍ਰਸੰਸ਼ਾ (ਤਾਰੀਫ਼) ਕਰਦਾ ਹੈ; ਨਵੀਆਂ ਜੋ ਕੋਂਪਲਾਂ ਖਿੜਦੀਆਂ ਹਨ ਉਨ੍ਹਾਂ ਦੇ ਵਲ ਪਿੱਠ ਫ਼ੇਰ ਲੈਂਦਾ ਹੈ। ਇਹ ਪੂਜਦਾ ਹੈ ਪਥੱਰਾਂ ਨੂੰ, ਜੱੜ੍ਹਾਂ ਨੂੰ, ਅਤੀਤ ਦੀਆਂ ਲਕੀਰਾਂ ਨੂੰ। ਇਹ ਲਕੀਰ ਦਾ ਫ਼ਕੀਰ ਹੋ ਗਿਆ ਹੈ। ਅਤੇ ਅਜਿਹਾ ਹੀ ਸਾਰੇ ਲੋਕਾਂ ਦਾ ਚਿੱਤ ਹੋ ਗਿਆ ਹੈ।

ਹਿੰਮਤ ਇਕੱਠੀ ਕਰਨੀ ਪਏਗੀ।

ਹੋਰ ਮੈਂ ਤੈਨੂੰ ਇੰਨਾ ਕਹਿੰਦਾ ਹਾਂ ਕਿ ਨਵੇਂ ਦੇ ਨਾਲ ਹਾਰਨ ਵਿਚ ਵੀ ਜਿੱਤ ਹੈ, ਪੁਰਾਣੇ ਦੇ ਨਾਲ ਜਿਤੱਣ ਵਿਚ ਵੀ ਜਿੱਤ ਨਹੀਂ। ਪੁਰਾਣੇ ਦੇ ਨਾਲ ਸੁਖ ਵੀ ਮਿਲੇ ਤਾਂ ਜਿਆਦਾ ਤੋਂ ਜ਼ਿਆਦਾ ਉਸ ਦਾ ਅਰਥ ਸੁਵਿਧਾ (ਸੌਖ) ਹੁੰਦਾ ਹੈ। ਨਵੇਂ ਦੇ ਨਾਲ ਦੁਖ ਵੀ ਮਿਲੇ ਤਾਂ ਵੀ ਵਿਕਾਸ ਹੁੰਦਾ ਹੈ। ਨਵੇਂ ਦੇ ਨਾਲ ਪਾਇਆ ਗਿਆ ਦੁਖ ਹੀ ਤਪਸਿਆ ਹੈ; ਉਸ ਨੂੰ ਹੀ ਮੈਂ ਤਪਸਿਆ ਕਹਿੰਦਾ ਹਾਂ। ਧੂਣ ਲਾ ਕੇ, ਸ਼ਰੀਰ ਤੇ ਸੁਆਹ ਮੱਲ ਕੇ ਬੈਠ ਗਏ, ਜਾਂ ਕੰਡਿਆਂ ਦੀ ਸੇਜ ਬਣਾ ਕੇ ਲੰਮੇ ਪੈ ਗਏ, ਜਾਂ ਉਪਵਾਸ ਕੀਤਾ, ਇਨ੍ਹਾਂ ਸਭਨਾਂ ਨੂੰ ਮੈਂ ਤਪਸਿਆ ਨਹੀਂ ਕਹਿੰਦਾ; ਇਨ੍ਹਾਂ ਸਭਨਾਂ ਨੂੰ ਤਾਂ ਮੈਂ ਰੋਗੀ ਚਿੱਤ ਦੀ ਮੂੜ੍ਹਤਾ ਕਹਿੰਦਾ ਹਾਂ।

ਤਪਸਿਆ ਤਾਂ ਇੱਕ ਹੈ—ਨਵੇਂ ਦੇ ਨਾਲ ਜਾਣ ਦਾ ਸਾਹਸ, ਅਗਿਆਤ (ਅਨਜਾਣ) ਵਿਚ ਉਤਰਨ ਦੀ ਹਿੰਮਤ ! ਜਿਵੇਂ ਨਿੱਕਾ ਬੱਚਾ ਮਾਂ ਦੇ ਗਰਭ ਨੂੰ ਛੱਡਦਾ ਹੈ।

ਹੁਣੇ ਦੋ ਦਿਨ ਪਹਿਲਾਂ, ਨੇੜੇ ਹੀ ਇੱਕ ਦਰਖ਼ੱਤ ਉੱਤੇ, ਇੱਕ ਚਿੜੀ ਆਪਣੇ ਬੱਚਿਆਂ ਨੂੰ ਵੱਡਾ ਕਰ ਰਹੀ ਸੀ। ਰੋਜ਼-ਰੋਜ਼ ਬੱਚੇ ਵੱਡੇ ਹੁੰਦੇ ਚਲੇ ਗਏ। ਦੋ ਦਿਨ ਪਹਿਲਾਂ, ਪਹਿਲੀ ਵਾਰ ਘੋਂਸਲੇ (ਆਲ੍ਹਣਾ) ਤੋਂ ਬਾਹਰ ਨਿਕਲੇ। ਜਦ ਉਹ ਪਹਿਲੀ ਵਾਰ ਆਲ੍ਹਣੇ ਤੋਂ ਬਾਹਰ

ਨਿਕਲੇ ਤਾਂ ਮੈਂ ਉਨ੍ਹਾਂ ਦੇ ਕੋਲ ਖਲੋਤਾ ਸੀ। ਦੋਵੇਂ ਬੱਚੇ ਬੈਠ ਗਏ ਡਾਲ ਉੱਤੇ—ਬਹੁਤ ਅਸ਼ਚਰਜਤਾ ਦੇ ਆਲਮ ਵਿਚ, ਪਰ ਤੋਲਦੇ ਹੋਏ, ਸੋਚਦੇ ਵਿਚਾਰਦੇ, ਅੱਗੇ ਕਦਮ ਵਧਾਉਣਾ ਕਿ ਨਹੀਂ! ਅੱਜੇ ਤੱਕ ਆਲ੍ਹਣੇ ਤੋਂ ਬਾਹਰ ਨਹੀਂ ਆਏ ਸਨ ਤੇ ਉਨ੍ਹਾਂ ਦੀ ਮਾਂ ਦੂਰ ਦਰਖ਼ੱਤ ਉੱਤੇ ਬੈਠ ਕੇ ਪੁਕਾਰ ਦੇ ਰਹੀ ਹੈ, (ਚੂੰ ਚੂੰ ਦੀ ਵਾਜ) ਗੁਹਾਰ ਦੇ ਰਹੀ ਹੈ। ਇਹ ਹੀ ਢੰਗ ਹੈ ਬੱਚਿਆਂ ਨੂੰ ਬੁਲਾਉਣ ਦਾ। ... ਪੁਕਾਰ ਰਹੀ ਹੈ, ਆਵਾਜ਼ ਦੇ ਰਹੀ ਹੈ। ਉਸ ਦੀ ਆਵਾਜ਼ ਸੁਣ ਕੇ ਉਹ ਫੜ-ਫੜਾਉਂਦੇ ਹਨ। ਪਰ ਮੋਹ ਘੌਂਸਲੇ ਦਾ, ਸੁਰਖਿਆ ...। ਅਤੇ ਪਹਿਲਾਂ ਕਦੇ ਖੰਭ ਤਾਂ ਖੋਲ੍ਹੇ ਨਹੀਂ ... ਤਾਂ ਖੰਭਾਂ ਨੂੰ ਖੋਲ੍ਹਣਾ ਜਾਂ ਨਹੀਂ, ਉਡ ਸਕਾਂਗੇ ਅਸੀਂ ਜਾਂ ਨਹੀਂ ? ਉਨ੍ਹਾਂ ਦੀ ਦੁਵਿਧਾ ਵੇਖ ਕੇ ਨਵੇਂ-ਨਵੇਂ ਸੰਨਿਆਸ ਲੈਂਦੇ ਵਿਅਕਤੀਆਂ ਦੀ ਦੁਵਿਧਾ (ਦੋਚਿੱਤਾ ਮਨ) ਮੈਨੂੰ ਸਮਝ ਆਈ। ਇਸੇ ਤਰ੍ਹਾਂ ਹੀ ਪਰ ਤੋਲਦੇ ਹਨ, ਸੋਚਦੇ ਹਨ, ਘਬਰਾਉਂਦੇ ਹਨ, ਪਿੱਛੇ ਪਰਤ ਕੇ ਵੇਖਦੇ ਹਨ। ਲੇਕਿਨ ਕਦ ਤੱਕ ? ਮਾਂ ਸੀ ਕਿ ਪੁਕਾਰਦੀ ਹੀ ਗਈ, ਆਵਾਜ਼ਾਂ ਦਿੰਦੀ ਹੀ ਗਈ, ਟੇਰ ਉੱਤੇ ਟੇਰ ...। ਕੋਈ ਅੱਧਾ ਘੰਟਾ ਲਗਿਆ। ਹੌਲੀ-ਹੌਲੀ ਖੰਭ ਫੜ-ਫੜਾਏ, ਥੋੜ੍ਹੇ ਦੂਰ ਹਟੇ ਆਲ੍ਹਣੇ ਤੋਂ ...। ਉਸੇ ਦਰਖ਼ੱਤ ਦੀਆਂ ਦੂਜੀਆਂ ਟਾਹਣੀਆਂ ਤੇ ਬੈਠੇ। ਥੋੜ੍ਹਾ ਭਰੋਸਾ ਵੱਧਿਆ, ਥੋੜ੍ਹੇ ਖੰਭ ਮਾਰੇ ਹਵਾ ਵਿਚ, ਫਿਰ ਪਰਤ ਆਏ। ਥੋੜ੍ਹਾ ਹੋਰ ਭਰੋਸਾ ਵੱਧਿਆ, ਫਿਰ ਉੱਡ ਗਏ ...। ਤਦੋਂ ਤੋਂ ਪਤਾ ਨਹੀਂ ਹੈ। ਦੋ ਦਿਨਾਂ ਤੋਂ ਮੈਂ ਵੇਖ ਰਿਹਾ ਹਾਂ ਰੋਜ਼, ਫਿਰ ਨਹੀਂ ਪਰਤੇ। ਹੁਣ ਕੀ ਪਰਤਣਾ? ਪਿਆ ਰਹਿ ਗਿਆ ਹੈ ਆਲ੍ਹਣਾ, ਪਏ ਰਹਿ ਗਏ ਹਨ ਉਸ ਵਿਚ ਦੋ ਆਂਡੇ ਟੁੱਟੇ-ਫੁੱਟੇ। ਪੰਛੀ ਵੀ ਹਿੰਮਤ ਇਕੱਠੀ ਕਰ ਲੈਂਦੇ ਹਨ ਆਕਾਸ਼ ਵਿਚ ਉਡੱਣ ਦੀ, ਜਿਹੜੇ ਕਦੇ ਨਹੀਂ ਉੱਡੇ ਅਤੇ ਮਨੁੱਖ ਹੋ ਕੇ ਵੀ ਅਸੀਂ ਹਿੰਮਤ ਇਕੱਠੀ ਨਹੀਂ ਕਰ ਪਾਂਦੇ !

ਮੈਂ ਤੁਹਾਨੂੰ ਪੁਕਾਰ ਦੇ ਰਿਹਾ ਹਾਂ ਦੂਰ ਦਰਖ਼ੱਤ ਉੱਤੋਂ, ਟੇਰ ਦੇ ਰਿਹਾ ਹਾਂ। ਇਹ ਰੋਜ਼ ਟੇਰ ਚਲ ਰਹੀ ਹੈ। ਤੂੰ ਆਖਦੀ ਹੈਂ : ਹਰ ਵਾਰ ਇੱਥੇ ਆਉਂਦੀ ਹਾਂ ਤਾਂ ਬਿਨਾਂ ਸੰਨਿਆਸ ਲਏ ਚਲੀ ਜਾਂਦੀ ਹਾਂ। ਸੰਨਿਆਸ ਦਾ ਭਾਵ ਤਾਂ ਕਈ ਵਾਰ ਮਨ 'ਚ ਉਠਦਾ ਹੈ, ਲੇਕਿਨ ਲੈਣ ਦਾ ਸਾਹਸ ਨਹੀਂ ਜੁਟਾ ਪਾਉਂਦੀ।

ਚੰਦ੍ਰਰੇਖਾ; ਥੋੜ੍ਹੇ ਪਰ ਫੜ-ਫੜਾਓ, ਥੋੜ੍ਹਾ ਨਵੇਂ ਦੀ ਪੁਲੱਕ ਨਾਲ ਭਰੋ, ਥੋੜ੍ਹੀ ਹਿੰਮਤ ਇਕੱਠੀ ਕਰੋ। ਖੰਭ ਤੁਹਾਡੇ ਕੋਲ ਹਨ। ਮੈਂ ਤੁਹਾਨੂੰ ਆਕਾਸ਼ ਤੋਂ ਬੁਲਾਉਂਦਾ ਹਾਂ। ਮੈਂ ਤੁਹਾਨੂੰ ਦੂਰ ਦਾ ਨਿਮੰਤ੍ਰਣ (ਸੱਦਾ) ਦੇ ਰਿਹਾ ਹਾਂ। ਅਜਿਹਾ ਨਹੀਂ ਕਿ ਤੁਹਾਡੇ ਕੋਲ ਖੰਭ ਨਹੀਂ, ਓਨੇ ਹੀ ਖੰਭ ਹਨ ਜਿੰਨੇ ਮੇਰੇ ਕੋਲ, ਸਿਰਫ਼ ਭਰੋਸਾ ਨਹੀਂ ਹੈ।

ਅਤੇ ਭਰੋਸਾ ਆਵੇ ਕਿਵੇਂ? ਉੱਡੋ ਤਾਂ ਆਵੇ। ਇੰਨਾ ਕਹਿ ਸਕਦਾ ਹਾਂ ਕਿ ਨਵੇਂ ਦੇ ਨਾਲ ਮਿਲਿਆ ਦੁਖ ਵੀ ਬਹੁਤ ਪ੍ਰੀਤਿਕਰ ਹੈ। ਨਵੇਂ ਦੇ ਵਿਚ ਥੋੜ੍ਹਾ ਦੁਖ ਤਾਂ ਮਿਲੇਗਾ।

ਕੀ ਤੁਸੀਂ ਸੋਚਦੇ ਹੋ, ਉਹ ਜਿਹੜੇ ਬੱਚੇ ਹਨ ਪੰਛੀਆਂ ਦੇ, ਉੱਡੇ ਤਾਂ ਪੀੜਾ ਨਹੀਂ ਹੋਈ ਹੋਵੇਗੀ? ਹਵਾ ਦੇ ਬੁੱਲ੍ਹੇ ...। ਰਾਤ ਨੂੰ ਮੀਂਹ ਪਿਆ ... ਕਿਸੇ ਦਰਖ਼ੱਤ ਉੱਤੇ ਬੈਠੇ ਹੋਣਗੇ ਬਿਨਾਂ ਆਲ੍ਹਣੇ ਤੋਂ ਹੁਣ। ਖੰਭ ਭਿੱਜ ਗਏ ਹੋਣਗੇ। ਠਿਠਰਦੇ ਹੋਣਗੇ ਠੰਡ ਵਿਚ ...।

ਮਨ ਵਿਚ ਖ਼ਿਆਲ ਵੀ ਆਉਂਦਾ ਹੋਵੇਗਾ ਆਪਣਾ ਆਲ੍ਹਣਾ ਚੰਗਾ ਸੀ, ਇਹ ਕਿਹੜੀ ਝੰਜਟ ਵਿਚ ਪੈ ਗਏ? ਲੇਕਿਨ ਫਿਰ ਵੀ ਆਕਾਸ਼ ਵਿਚ ਉਡੱਣ ਦਾ ਆਨੰਦ, ਅਜਿਹਾ ਹੈ ਕਿ

ਇਹ ਸਭ ਕੀਮਤਾਂ ਚੁਕਾਈਆਂ ਜਾ ਸਕਦੀਆਂ ਹਨ। ਚੁਕਾਉਂਣੀਆਂ ਹੀ ਪੈਂਦੀਆਂ ਹਨ ਅਤੇ ਜੋ ਚੁਕਾਉਂਦਾ ਹੈ ! ਕੀਮਤ, ਉਹ ਹੀ ਪਾਉਂਦਾ ਹੈ।

ਗੰਧ ਸੇ ਬੋਝਿਲ ਪਵਨ ਹੈ,
ਔਰ ਫ਼ਿਰ ਚੰਚਲ ਚਰਣ ਹੈਂ।
ਕੌਨ ਸਾ ਮੌਸਮ ਲਗਾ ਹੈ ?
ਦਰਦ ਭੀ ਲਗਤਾ ਸਗਾ ਹੈ ॥
ਅਨਮਿਲੀ ਸਵਰ ਲਹਿਰੋਂ ਕੇ ਗੀਤ ਜਾਦੂ ਡਾਲਤੇ ਹੈਂ।
ਸ਼ਾਰਦੀ ਮੇਘੋਂ ਤਲੇ ਮੈਦਾਨ ਫ਼ੂਲ ਉਛਾਲਤੇ ਹੈਂ।

ਆਜ ਤੋ ਵਸ਼ ਮੇਂ ਨ ਮਨ ਹੈ,
ਗੀਤ ਸੇ ਭੀਗਾ ਗਗਨ ਹੈ।
ਪ੍ਰਾਣ ਕੋ ਕਿਸ ਨੇ ਠਗਾ ਹੈ ?
ਦਰਦ ਭੀ ਲਗਤਾ ਸਗਾ ਹੈ ॥
ਓ ਉਦਾਸੀ ਕੀ ਕਿਰਣ ! ਭਟਕੀ ਹੁਈ ਕਿਯਾ ਕਹ ਰਹੀ ਤੂ ?
ਧੁੰਧਲਕੇ ਕੇ ਪਾਰ ਯੂੰ ਨਿਸਾਰ ਹੀ ਕਿਯੋਂ ਬਹ ਰਹੀ ਤੂ ?

ਪ੍ਰੀਤ ਕਾ ਕੋਈ ਵਚਨ ਹੈ,
ਨਿਤ ਨਿਭਾਨਾ ਪ੍ਰਣਯ ਪ੍ਰਣ ਹੈ।
ਨਯਨ ਮੇਂ ਸਪਨਾ ਜਗਾ ਹੈ,
ਦਰਦ ਭੀ ਲਗਤਾ ਸਗਾ ਹੈ ॥
ਪੂਰਣ ਯੋਵਨ-ਭਾਰ ਖੇਤੋਂ ਮੇਂ ਲਚਕਤੀ ਸਾਨਧਯ-ਵੇਲਾ ।
ਬਾਂਸੁਰੀ ਕੇ ਸਵਰ ਸਰੀਖਾ ਏਕ ਮੇਰਾ ਸਵਰ ਅਕੇਲਾ ॥

ਟੇਰਤਾ ਮਾਨੋ ਵਿਜਨ ਹੈ,
ਔਰ ਤਨ ਮਨ ਮੇਂ ਚੁਭਨ ਹੈ ।
ਕੌਨ-ਸਾ ਮੌਸਮ ਲਗਾ ਹੈ ?
ਦਰਦ ਭੀ ਲਗਤਾ ਸਗਾ ਹੈ ॥

ਨਵੇਂ ਦੇ ਨਾਲ ਦਰਦ ਵੀ ਬਹੁਤ ਸਗਾ ਹੈ। ਪੁਰਾਣੇ ਦੇ ਨਾਲ ਸੁਵਿਧਾ ਵੀ ਸਿਰਫ਼ ਧੀਮੀ-ਧੀਮੀ ਆਤਮਹਤਿਆ ਹੈ, ਹੋਰ ਕੁਝ ਵੀ ਨਹੀਂ।

ਕੀ ਹੈ ਛਡਣ ਲਈ, ਕੀ ਮਿੱਟ ਜਾਏਗਾ? ਪਾਇਆ ਹੀ ਕੁਝ ਨਹੀਂ ਤਾਂ ਛੁਟੇਗਾ ਕੀ? ਇਸ ਲਈ ਖੋਜੋ। ਅਤੇ ਤਦ ਤੱਕ ਖੋਜਦੇ ਹੀ ਰਹੋ ਜਦ ਤੱਕ ਮਿਲ ਨ ਜਾਏ । ਤਦ

ਤੱਕ ਕਦਮ ਨ ਰੁਕਣ, ਤਦ ਤੱਕ ਖੰਭ ਬੰਦ ਨ ਹੋਣ । ਚਾਹੇ ਕਿੰਨਾ ਹੀ ਭੈਅ ਲਗੇ, ਪਰ ਤੌਲਣੇ ਹੀ ਹੋਣਗੇ, ਆਕਾਸ਼ ਵਿਚ ਉਡਣਾ ਹੀ ਹੋਵੇਗਾ। ਹੋਰ ਚੁਨੌਤੀ ਜਗ ਗਈ ਹੈ; ਕਦ ਤੱਕ ਝੁਠਲਾਏਗੀ, ਕਦ ਤੱਕ ਪਰਤ-ਪਰਤ ਕੇ ਜਾਏਗੀ? ਇਹ ਪਰਤ ਜਾਣਾ ਆਦਤ ਨ ਬਣ ਜਾਵੇ। ਇਹ ਪਰਤ ਜਾਣਾ ਵੀ ਲਕੀਰ ਨ ਬਣ ਜਾਏ। ਇਸ ਤੋਂ ਪਹਿਲਾਂ ਕਿ ਇਹ ਆਦਤ ਬਣ ਜਾਏ, ਕੁਝ ਕਰੋ, ਕੁਝ ਜਗੋ, ਕੁਝ ਸਾਹਸ ਇਕੱਠਾ ਕਰੋ।

ਪਾਰ ਕਰਨਾ ਚਾਹਤੇ ਹੋ ਇਸ ਗਰਜਤੇ ਸਿੰਧੂ ਕੋ ਯਦਿ,
ਪ੍ਰਾਣ ਲੇਕਰ ਆਜ ਲਹਰੋਂ ਮੇਂ ਉਤਰਨਾ ਹੀ ਪੜੇਗਾ ॥

ਯੇ ਤਰਗੇਂ ਦੂਰ ਸੇ ਚਲ ਕਰ ਤੁਮਹਾਰੇ ਪਾਸ ਆਤੀਂ।
ਉਸ ਨਏ ਜਗ ਕੇ ਸੰਦੇਸ਼ ਅਪਨੇ ਸਾਥ ਲਾਤੀਂ ॥
ਕੂਲ ਪਰ ਬੈਠੇ ਮਨਨ ਕਰਤੇ ਰਹੋਗੇ ਔਰ ਕਬ ਤਕ ?
ਹੋ ਮੁਖਰ ਉਸ ਪਾਰ ਵੀਣਾਯੇਂ ਮਧੁਰ ਤੁਮਕੋ ਬੁਲਾਤੀਂ।
ਚਾਹਤੇ ਯਦਿ ਤੁਮ ਨਯਾ ਜੀਵਨ, ਨਯਾ ਯੌਵਨ, ਨਯਾ ਮਨ।
ਆਜ ਬਾਹੋਂ ਮੇਂ ਉਮੜਤਾ ਸਿੰਧੂ ਭਰਨਾ ਹੀ ਪੜੇਗਾ ॥

ਤੁਮ ਨਯਾ ਵਿਸ਼ਵਾਸ ਲੇਕਰ ਪਗ ਬੜ੍ਹਾਓ ਆਜ ਅਪਨਾ।
ਤੁਮ ਨਯਾ ਇਤਿਹਾਸ ਲੇਕਰ ਦ੍ਰਗ ਉਠਾਓ ਆਜ ਅਪਨਾ ॥
ਛੂਟ ਜਾਨੇ ਦੋ ਬਹੁਤ ਪੀਛੇ ਪੁਰਾਨੇ ਇਸ ਗਗਨ ਕੋ।
ਤੁਮ ਨਯਾ ਆਕਾਸ਼ ਲੇਕਰ ਜਗ ਸਜਾਓ ਅਪਨਾ ॥
ਪ੍ਰਾਣ ਮੇਂ ਯਦਿ ਹੋ ਰਹੇ ਮੁਖਰਿਤ ਨਯੇ ਨਿਰਮਾਣ ਕੇ ਸਵਰ
ਆਜ ਕਣ-ਕਣ ਕਾ ਨਯਾ ਸ਼੍ਰਿੰਗਾਰ ਕਰਨਾ ਹੀ ਪੜੇਗਾ।

ਯਹ ਪ੍ਰਲਯ ਕੀ ਪੀਰ ਹੀ ਨਵ-ਸ੍ਰਿਸ਼ਠ ਕਾ ਮਧੁਗਾਨ ਹੋਗੀ।
ਯਹ ਤਿਮਿਰਤਾ ਹੀ ਨਿਸ਼ਾ ਕੀ ਸੂਰਯ ਕਾ ਵਰਦਾਨ ਹੋਗੀ।
ਇਸ ਪੁਰਾਤਨ ਜਰਜਰਿਤ ਯੁਗ-ਮੂਰਤੀ ਕੋ ਅਬ ਟੂਟਨੇ ਦੋ।
ਜਿਸ ਸ਼ਿਲਾ ਪਰ ਹਾਥ ਰੱਖ ਦੋਗੇ ਵਹੀ ਭਗਵਾਨ ਹੋਗੀ।
ਤੁਮ ਹਿਮਾਲਯ ਕੇ ਸਵਜਨ ਹੋ ਸਿੰਧੂ ਕੀ ਗਹਰਾਈ ਕਯਾ।
ਆਜ ਪੰਖੋਂ ਮੇਂ ਅਸੀਮਿਤ ਵਯੋਮ ਭਰਨਾ ਹੀ ਪੜੇਗਾ।
ਪਾਰ ਕਰਨਾ ਚਾਹਤੇ ਹੋ ਇਸ ਗਰਜਤੇ ਸਿੰਧੂ ਕੋ ਯਦਿ।
ਪ੍ਰਾਣ ਲੇਕਰ ਆਜ ਲਹਰੋਂ ਮੇਂ ਉਤਰਨਾ ਹੀ ਪੜੇਗਾ॥

ਉਤਰੋ ! ਡੁੱਬਣ ਦਾ ਭੈਅ ਲਗਦਾ ਹੈ ਤਾਂ ਵੀ ਉਤਰੋ। ਸਭ ਨਵੇਂ ਤੈਰਨਾ ਸਿਖਣ

ਵਾਲਿਆਂ ਨੂੰ ਡੁੱਬਣ ਦਾ ਭੈਅ ਲਗਦਾ ਹੈ। ਜਿਹੜਾ ਡੁੱਬਣ ਦੇ ਭੈਅ ਨਾਲ ਰੁੱਕ ਹੀ ਗਿਆ ਹੈ ਕੰਢੇ ਤੇ, ਉਹ ਤਾਂ ਜਾਣ ਹੀ ਨਹੀਂ ਪਾਏਗਾ ਆਨੰਦ ਤੈਰਨ ਦਾ ਅਤੇ ਤਰਨੇ ਦਾ। ਅਤੇ ਦੂਰ ਹੈ ਕੰਢਾ ਦੂਜਾ ਅਤੇ ਉਹ ਹੀ ਹੈ ਮੰਜ਼ਿਲ। ਜਾਣਾ ਹੈ ਪਾਰ, ਤਾਂ ਹੀ ਪਰਮਾਤਮਾ ਮਿਲੇ।

ਸੰਨਿਆਸ ਤਾਂ ਕੇਵਲ ਇੱਕ ਨਿੱਕੀ ਜਿਹੀ ਬੇੜੀ ਹੈ—ਉਸ ਪਾਰ ਜਾਣ ਲਈ ! ਮੰਨਿਆ, ਦੂਰ ਧੁੰਦ ਵਿਚ ਲੁੱਕਿਆ ਉਸ ਪਾਰ ਦਾ ਕੰਢਾ ਵਿਖਾਈ ਤਾਂ ਪੈਂਦਾ ਨਹੀਂ।

ਇਸ ਲਈ ਕਿਸੇ ਅੱਖ ਵਾਲੇ ਨਾਲ ਸੰਬੰਧ ਜੋੜ੍ਹਨਾ ਹੁੰਦਾ ਹੈ। ਇਸੇ ਲਈ ਅੱਖਾਂ ਵਾਲਿਆਂ ਦੇ ਕੋਲ ਉਠਣਾ-ਬੈਠਣਾ ਹੁੰਦਾ ਹੈ; ਤਾਂਕਿ ਤੁਹਾਡੇ ਅੰਦਰ ਵੀ ਸੁੱਤੇ ਹੋਏ ਸਵਰ ਹੌਲੀ-ਹੌਲੀ ਸਬਲ (ਜਾਗਣ) ਹੋ ਜਾਣ। ਤੁਹਾਡੀ ਵੀਣਾ ਉੱਤੇ ਵੀ ਸੱਟ ਵਜੇ!

ਚੰਦ੍ਰਰੇਖਾ, ਇਸ ਲਈ ਤੂੰ ਆਉਂਦੀ ਰਹੀਂ। ਇਸ ਆਉਂਣ ਦਾ ਕੁਝ ਮਤਲਬ ਨਹੀਂ ਰਹਿ ਜਾਏਗਾ ਜੇਕਰ ਇਸ ਰਸ ਵਿਚ ਨ ਡੁੱਬੀ। ਤਾਂ ਫ਼ਿਰ ਅਜਿਹਾ ਹੀ ਹੋਵੇਗਾ, ਸਰੋਵਰ ਤੱਕ ਆਏ ਅਤੇ ਪਿਆਸੇ ਹੀ ਪਰਤਦੇ ਰਹੇ। ਸਰੋਵਰ ਤੱਕ ਆਉਂਣ ਨਾਲ ਤ੍ਰੇਹ ਨਹੀਂ ਬੁਝਦੀ—ਅੰਜੁਲੀ (ਬੁੱਕ) ਬਨਾਉਂਣੀ ਹੋਵੇਗੀ, ਝੁਕਣਾ ਹੋਵੇਗਾ, ਜਲ ਭਰਨਾ ਹੋਵੇਗਾ, ਗਲੇ ਵਿਚ ਉਤਾਰਨਾ ਹੋਵੇਗਾ, ਤਾਂ ਪ੍ਰਾਣ ਤ੍ਰਿਪਤ ਹੁੰਦੇ ਹਨ।

ਸੰਨਿਆਸ ਝੁਕਣ ਦੀ ਪ੍ਰਕ੍ਰਿਯਾ ਹੈ—ਅੰਜੁਲੀ (ਬੁੱਕ) ਬਨਾਉਂਣ ਦੀ।

ਦੂਜਾ ਸਵਾਲ : ਤੰਤਰ, ਵਾਮ ਮਾਰਗ, ਅਘੋਰ ਪੰਥ, ਨਾਥ ਪੰਥ ਵਰਗੇ ਨਾਵਾਂ ਤੋਂ ਲੋਕ ਕਿਉਂ ਡਰਦੇ ਹਨ? ਇਨ੍ਹਾਂ ਰਾਹਾਂ ਦਾ ਸਹੀ ਵਿਸ਼ਲੇਸ਼ਣ (ਅਨੇਲੇਸਿਸ) ਅਤੇ ਸਮਜਕ ਅਭਿਆਸ ਨਾਲ ਕੀ ਅਜਿਹੀ ਸੰਭਾਵਨਾ ਨਹੀਂ ਹੈ ਕਿ ਲੋਗ ਫ਼ਿਰ ਤੋਂ ਨਵੇਂ ਆਯਾਮ (ਵਿਸਤਾਰ-ਨਿਜਮ) ਨਾਲ ਇਨ੍ਹਾਂ ਨੂੰ ਸਮਝਣ ਅਤੇ ਇਨ੍ਹਾਂ ਦੀ ਨਿੰਦਾ ਅਤੇ ਉਪੇਕਸ਼ਾ ਨ ਕਰਨ?

ਤਰੂ ਨੇ ਪੁੱਛਿਆ ਹੈ। ਅਤੇ ਇੱਕ ਨਹੀਂ ਚੌਦਾਂ ਸਵਾਲ ਪੁੱਛੇ ਹਨ। ਮੈਨੂੰ ਵੀ ਗਿਣਤੀ ਕਰਨੀ ਪਈ। ਅਜਿਹਾ ਉਸ ਨੇ ਕਦੇ ਕੀਤਾ ਨਹੀਂ। ਗੋਰਖ ਨਾਲ ਕੁਝ ਸੰਬੰਧ ਰਿਹਾ ਹੈ ... ਕੋਈ ਸੁੱਤੀ ਸਮ੍ਰਿਤਿ ਜਗ ਗਈ, ਕੋਈ ਝਰਨਾ ਫ਼ੁੱਟ ਪਿਆ।

ਇੱਥੇ ਕੋਈ ਵੀ ਨਵਾਂ ਨਹੀਂ ਹੈ, ਸਭ ਹੀ ਪੁਰਾਣੇ ਹਨ। ਪਤਾ ਨਹੀਂ ਕਿੰਨੇ ਪੱਥਾਂ ਤੇ ਟੁਰੇ ਹਨ। ਪਤਾ ਨਹੀਂ ਕਿਨ੍ਹਾਂ-ਕਿਨ੍ਹਾਂ ਸਤਿਗੁਰੂਆਂ ਨਾਲ ਰਹੇ ਹਨ। ਮੇਰੇ ਕੋਲ ਆ ਜਾਣਾ ਤੁਹਾਡਾ ਆਕਸਮਿਕ (ਇਵੇਂ ਹੀ ਅਚਾਨਕ) ਨਹੀਂ ਹੈ। ਟੁਰਦੇ ਰਹੇ ਹੋ, ਖੋਜਦੇ ਰਹੇ ਹੋ। ਉਹ ਹੀ ਤਲਾਸ਼ ਤੁਹਾਨੂੰ ਇੱਥੇ ਲੈ ਆਈ ਹੈ। ਜੋ ਨਹੀਂ ਟੁਰੇ ਹਨ ਕਦੇ, ਜਿਨ੍ਹਾਂ ਨੇ ਕਦੇ ਲਭਿਆ ਨਹੀਂ ਹੈ, ਉਨ੍ਹਾਂ ਨਾਲ ਮੇਰਾ ਸੰਬੰਧ ਵੀ ਬਹੁਤ ਮੁਸ਼ਕਿਲ ਨਾਲ ਬਣ ਪਾਉਂਦਾ ਹੈ। ਉਹ ਆ ਵੀ ਜਾਂਦੇ ਹਨ ਤਾਂ ਛਿਟਕ (ਛੁਟ ਜਾਣਾ) ਜਾਂਦੇ ਹਨ। ਆਕਸਮਿਕ ਹੁੰਦਾ ਹੈ ਉਨ੍ਹਾਂ ਦਾ ਆਉਂਣਾ। ਉਨ੍ਹਾਂ ਦੇ ਆਉਂਣ ਦੇ ਪਿੱਛੇ ਕੁਝ ਆਧਾਰਸ਼ਿਲਾ ਨਹੀਂ ਹੁੰਦੀ। ਜੋ ਮੇਰੇ ਕੋਲ ਆ ਕੇ ਟਿਕ ਜਾਂਦੇ ਹਨ, ਰੁੱਕ ਜਾਂਦੇ ਹਨ ... ਅਤੇ ਤਰੂ ਆਈ ਹੈ ਸੋ ਟਿਕ ਹੀ ਗਈ ਹੈ ... ਉਸ ਦਾ ਅਰਥ ਇਹ ਹੀ ਹੈ। ਉਨ੍ਹਾਂ ਦੇ ਪ੍ਰਾਣਾਂ ਦੀ ਕੋਈ ਡੂੰਘੀ ਤ੍ਰਿਸ਼ਨਾ ਤ੍ਰਿਪਤ ਹੋ ਰਹੀ

ਹੈ। ਬਹੁਤ-ਬਹੁਤ ਦਰਵਾਜ਼ਿਆਂ ਤੋਂ ਜੋ ਖੋਜਿਆ ਹੈ ਅਤੇ ਨਹੀਂ ਮਿਲ ਪਾਇਆ ਹੈ, ਉਸਦੀ ਝਲਕ ਮਿਲਣ ਲਗੀ ਹੈ, ਮੰਜ਼ਿਲ ਨੇੜੇ ਆ ਰਹੀ ਹੈ।

ਗੋਰਖ ਨਾਲ ਕੁਝ ਸੰਬੰਧ ਰਿਹਾ ਹੋਵੇਗਾ ਤਰੂ, ਕੁਝ ਰਿਸ਼ਤਾ ਰਿਹਾ ਹੋਵੇਗਾ। ਜਿਵੇਂ ਕੋਈ ਪੁਰਾਣਾ ਸੁੱਤਾ ਹੋਇਆ ਗੀਤ ਫੁੱਟ ਪਿਆ ਹੋਵੇ। ਇਸ ਤਰ੍ਹਾਂ ਉਸ ਕੋਲੋਂ ਸਵਾਲ ਫੁੱਟੇ ਹਨ ਅਤੇ ਸਾਰੇ ਸਵਾਲ ਸਾਰਥਕ ਹਨ। ਕੋਈ ਵੀ ਸਵਾਲ ਬੋਧਿਕ (ਬੁੱਧੀ ਤੋਂ ਉਪਜਿਆ) ਨਹੀਂ ਹੈ, ਪੁੱਛਣ ਲਈ ਨਹੀਂ ਪੁੱਛਿਆ ਗਿਆ ਹੈ, ਉਠਿਆ ਹੈ। ਪੁੱਛਣਾ ਚਾਹੀਦਾ, ਇਸ ਲਈ ਕੋਈ ਸੋਚ-ਸੋਚ ਕੇ ਨਹੀਂ ਪੁੱਛਿਆ ਹੈ। ਪੁੱਛਣ ਤੋਂ ਨਹੀਂ ਰੁੱਕ ਸਕੀ ਹੈ।

ਫਿਰ ਖ਼ੁਦ ਵੀ ਡੱਰ ਗਈ ਹੋਵੇਗੀ ਕਿ ਹੁਣ ਚੌਦ੍ਹਾਂ ਸਵਾਲ ਲਿਖੇ ਹਨ, ਤਾਂ ਫਿਰ ਮਾਫ਼ੀ ਵੀ ਮੰਗੀ ਹੈ ਕਿ ਮੇਰੇ ਉੱਤੇ ਨਾਰਾਜ਼ ਨ ਹੋਣਾ। ਇੰਨੇ ਸਵਾਲ ... ਜਿਵੇਂ ਬੇ-ਬਸ ਸੀ। ਪੁੱਛਣਾ ਹੀ ਪਿਆ। ਨ ਪੁੱਛਿਆ ਤਾਂ ਠੀਕ ਨਹੀਂ ਲਗੇਗਾ।

ਉਨ੍ਹਾਂ ਹੀ ਚੌਦ੍ਹਾਂ ਸਵਾਲਾਂ ਵਿਚੋਂ ਇੱਕ ਸਵਾਲ ਇਹ ਹੈ : ਤੰਤ੍ਰ-ਵਾਮ-ਮਾਰਗ, ਅਘੋਰ ਪੰਥ, ਨਾਥ ਪੰਥ ਵਰਗੇ ਨਾਵਾਂ ਤੋਂ ਲੋਗ ਕਿਉਂ ਡੱਰਦੇ ਹਨ?

ਪਹਿਲੀ ਗੱਲ, ਇਹ ਸਾਰੇ ਨਾਮ ਤੰਤਰ ਦੇ ਹੀ ਨਾਮ ਹਨ। ਤੰਤਰ ਦਾ ਹੀ ਇੱਕ ਨਾਮ ਵਾਮ ਮਾਰਗ ਹੈ। ਵਾਮ ਮਾਰਗ ਦਾ ਅਰਥ ਹੁੰਦਾ ਹੈ ਬਾਏਂ (ਖੱਬੇ) ਹਥ ਦਾ ਰਸਤਾ। ਤੁਹਾਡੇ ਕੋਲ ਦੋ ਹਥ ਹਨ। ਇੱਕ ਸੱਜਾ ਹਥ ਹੈ, ਇੱਕ ਖੱਬਾ ਹਥ ਹੈ। ਇਹ ਦੋ ਹਥ ਬਸ ਦੋ ਹਥ ਹੀ ਨਹੀਂ ਹਨ, ਇਨ੍ਹਾਂ ਦੇ ਪਿੱਛੇ ਬਹੁਤ ਰਾਜ਼ ਲੁੱਕੇ ਹਨ। ਤੁਹਾਡਾ ਸੱਜਾ ਹਥ ਤੁਹਾਡੇ ਖੱਬੇ ਮਸਤੱਕ ਦੇ ਖੰਡ (ਹਿੱਸਾ) ਨਾਲ ਜੁੜਿਆ ਹੈ। ਉਲਟਾ ਤੁਹਾਡਾ ਮਸਤੱਕ ਦੋ ਹਿੱਸਿਆਂ ਵਿਚ ਬਣਿਆ ਹੈ। ਹੁਣ ਤਾਂ ਵਿਗਿਆਨ ਨੇ ਇਸ ਉੱਤੇ ਬਹੁਤ ਖੋਜ ਕੀਤੀ ਹੈ ਅਤੇ ਉਸ ਖੋਜ ਨੇ ਬਹੁਤ ਰਹਸੱਯ (ਰਾਜ਼) ਪ੍ਰਗਟ ਕੀਤੇ ਹਨ। ਤੁਹਾਡਾ ਸੱਜਾ ਮਸਤੱਕ ਜੋ ਕਿ ਖੱਬੇ ਹਥ ਨਾਲ ਜੁੜਿਆ ਹੈ, ਕਾਵਯ (ਕਵਿਤਾ) ਦਾ ਸਰੋਤ (ਝਰਨਾ) ਹੈ—ਅਨੁਭੂਤੀ ਦਾ, ਭਾਵ ਦਾ, ਕਲਾ ਦਾ, ਪ੍ਰਗਿਆ (ਗਿਆਨ) ਦਾ, ਆਨੰਦ, ਮਸਤੀ, ਨ੍ਰਤਯ (ਨਾਚ) ਸੰਗੀਤ, ਉਤਸਵ, ਕਲਪਣਾ। ਜੋ ਵੀ ਮਧੁਰ ਹੈ, ਜੋ ਵੀ ਇਸਤ੍ਰੈਣ ਹੈ, ਜੋ ਵੀ ਸੁੰਦਰ ਹੈ, ਉਸ ਸਭ ਦਾ ਜਨਮ ਤੁਹਾਡੇ ਸੱਜੇ ਮਸਤੱਕ ਵਿਚ ਹੁੰਦਾ ਹੈ। ਉਸ ਸੱਜੇ ਮਸਤੱਕ ਦਾ ਪ੍ਰਤੀਕ ਹੈ ਖੱਬਾ ਹਥ।

ਤੁਹਾਡਾ ਸੱਜਾ ਹਥ ਜੁੜਿਆ ਹੈ ਖੱਬੇ ਮਸਤੱਕ ਨਾਲ। ਖੱਬੇ ਮਸਤੱਕ ਵਿਚ ਪੈਦਾ ਹੁੰਦਾ ਹੈ ! ਤਰਕ, ਗਣਿਤ, ਕਰਮਠਤਾ, ਕਾਰਯਕੁਸ਼ਲਤਾ, ਚਾਲਾਕੀ, ਰਾਜਨੀਤੀ, ਕੂਟਨੀਤੀ, ਸੰਸਾਰ, ਗਦਯ, ਵਿਗਿਆਨ, ਹਿਸਾਬ-ਕਿਤਾਬ; ਉਪਯੋਗਤਾ, ਬਾਜ਼ਾਰ—ਇਨ੍ਹਾਂ ਸਭ ਦਾ ਸੰਬੰਧ ਖੱਬੇ ਮਸਤੱਕ ਵਿਚ ਹੈ। ਸੰਸਾਰ ਸਦਾ ਤੋਂ ਸੱਜੇ ਹਥ ਉੱਤੇ ਜ਼ੋਰ ਦਿੰਦਾ ਰਿਹਾ ਹੈ, ਕਿਉਂਕਿ ਸੱਜੇ ਹਥ ਵਿਚ ਉਪਯੋਗਤਾ ਹੈ, ਹਿਸਾਬ-ਕਿਤਾਬ ਹੈ, ਗਣਿਤ ਹੈ, ਤਰਕ ਹੈ, ਬਾਜ਼ਾਰ ਹੈ, ਦੁਕਾਨ ਹੈ, ਵਿਓਪਾਰ ਹੈ। ਖੱਬਾ ਹਥ ਖ਼ਤਰਨਾਕ ਮਾਲੂਮ ਹੁੰਦਾ ਰਿਹਾ ਹੈ, ਸਦਾ ਤੋਂ ਖ਼ਤਰਨਾਕ ਮਾਲੂਮ ਹੁੰਦਾ ਰਿਹਾ ਹੈ, ਕਵੀ ਦਾ ਕੀ ਭਰੋਸਾ, ਗਣਿਤਗਜੀ (ਹਿਸਾਬੀ-ਕਿਤਾਬੀ) ਦਾ ਭਰੋਸਾ ਕੀਤਾ ਜਾ ਸਕਦਾ ਹੈ। ਨਰਤੱਕ ਦਾ ਕੀ ਭਰੋਸਾ। ਵਿਗਿਆਨਿਕ ਦਾ ਭਰੋਸਾ ਕੀਤਾ ਜਾ ਸਕਦਾ ਹੈ। ਫਿਰ ਵਿਗਿਆਨ ਦਾ ਉਪਯੋਗ ਹੈ, ਨਾਚ ਦੀ ਕੀ ਵਰਤੋਂ ਹੈ? ਨਾਚ ਤਾਂ ਹੈ, ਸਵਾਨਤਾ: ਸੁਖਾਏ (ਖ਼ੁਦ ਨੂੰ ਸੁਖ ਦੇਣ ਵਾਲਾ)। ਇਹ ਜੋ ਖੱਬਾ ਹਥ ਹੈ

ਇਹ ਤੁਹਾਡੇ ਅੰਦਰ ਸਵਾਨਤਾ: ਸੁਖਾਏ ਦਾ ਪ੍ਰਤੀਕ ਹੈ। ਇਸ ਦਾ ਕੋਈ ਲਕਸ਼ (ਨਿਸ਼ਾਨਾ) ਨਹੀਂ ਹੈ। ਇਸ ਦੀ ਕੋਈ ਦਿਸ਼ਾ ਨਹੀਂ ਹੈ। ਇਹ ਕਿੱਤੇ ਜਾ ਨਹੀਂ ਰਿਹਾ ਹੈ। ਇਹ ਤਾਂ ਇਸੇ ਘੜੀ ਵਿਚ ਆਨੰਦ, ਮਸਤ, ਮੁਗਧ ਹੋ ਕੇ ਜੀਊਣ ਦੀ ਕਲਾ ਹੈ।

ਕਵਿਤਾ ਦਾ ਕੀ ਮੁੱਲ ਹੈ? ਨ ਤਾਂ ਢਿੱਡ ਭਰ ਸਕਦਾ ਹੈ, ਨ ਤਨ ਢੱਕ ਸਕਦਾ ਹੈ, ਨ ਛੱਪਰ ਬਣ ਸਕਦਾ ਹੈ। ਸੋ ਕਵੀਆਂ ਨੂੰ ਅਸੀਂ ਥੋੜ੍ਹਾ-ਬਹੁਤ ਸਨਮਾਨ ਦਿੱਤਾ ਹੈ ਇੱਕ ਅਨੁਪਾਤ (ਤੋਲ) ਵਿਚ ਜਿਵੇਂ ਸਜਾਵਟ ਦੀ ਤਰ੍ਹਾਂ, ਲੇਕਿਨ ਗੈਰ ਜ਼ਰੂਰੀ। ਇੱਕ ਅੱਧ ਆਦਮੀ ਕਵੀ ਹੋ ਜਾਏ ਇਸ ਸਮਾਜ ਵਿਚ, ਅਸੀਂ ਬਰਦਾਸ਼ਤ ਕਰ ਲੈਂਦੇ ਹਾਂ : ਲੇਕਿਨ ਅਸੀਂ ਕਵੀਆਂ ਦੀ ਜਮਾਤ ਬਰਦਾਸ਼ਤ ਨਹੀਂ ਕਰਾਂਗੇ, ਕਿਉਂਕਿ ਕਵੀ ਕਿਸੇ ਕੰਮ ਦਾ ਮਲੂਮ ਨਹੀਂ ਹੁੰਦਾ। ਉਸ ਦੀ ਉਪਯੋਗਤਾ (ਵਰਤੋਂ) ਕੀ ਹੈ ?

ਕਿਸੇ ਨੇ ਪਿਕਾਸੋ ਨੂੰ ਪੁੱਛਿਆ ਕਿ ਤੇਰੇ ਚਿੱਤਰਾਂ (ਤਸਵੀਰਾਂ) ਦੀ ਉਪਯੋਗਤਾ ਕੀ ਹੈ? ਉਸ ਨੇ ਸਿਰ ਪਿੱਟ ਲਿਆ। ਉਸ ਨੇ ਕਿਹਾ, ਫ਼ੁੱਲਾਂ ਤੋਂ ਨਹੀਂ ਪੁੱਛਦੇ ਕਿ ਤੁਹਾਡੀ ਉਪਯੋਗਤਾ ਕੀ ਹੈ; ਕੋਇਲ ਗੀਤ ਗਾਉਂਦੀ ਹੈ ਉਸ ਤੋਂ ਨਹੀਂ ਪੁੱਛਦੇ ਕਿ ਤੇਰੀ ਉਪਯੋਗਤਾ ਕੀ ਹੈ ; ਆਕਾਸ਼ ਤਾਰਿਆਂ ਨਾਲ ਭਰ ਜਾਂਦਾ ਹੈ ਤਦ ਨਹੀਂ ਪੁੱਛਦੇ ਕਿ ਤੁਹਾਡੀ ਉਪਯੋਗਤਾ ਕੀ ਹੈ ! ਮੈਨੂੰ ਹੀ ਕਿਉਂ ਪੁੱਛਦੇ ਹੋ ?

ਇਹ ਕਵੀ ਅਤੇ ਚਿੱਤਰਕਾਰ ਤੇ ਮੂਰਤੀਕਾਰ, ਸੰਗੀਤਕਾਰ ਸਦਾ ਤੋਂ ਕਹਿੰਦੇ ਰਹੇ ਹਨ—ਸਾਡੀ ਕੋਈ ਉਪਯੋਗਤਾ ਨਹੀਂ ਹੈ। ਲੇਕਿਨ ਜੀਵਨ ਉਪਯੋਗਤਾ ਉੱਤੇ ਹੀ ਸਮਾਪਤ ਨਹੀਂ ਹੁੰਦਾ। ਜੀਸਸ ਦਾ ਵਚਨ ਯਾਦ ਕਰੋ : ਮੈਨ ਕੈਨ ਨਾਟ ਲਿਵ ਬਾਏ ਬਰੈਡ ਅਲੋਨ। ਆਦਮੀ ਇਕੱਲੀ ਰੋਟੀ ਨਾਲ ਹੀ ਤਾਂ ਨਹੀਂ ਜੀ ਸਕਦਾ, ਕੁਝ ਹੋਰ ਵੀ ਚਾਹੀਦਾ ਹੈ। ਰੋਟੀ ਨਾਲੋਂ ਕੁਝ ਜ਼ਿਆਦਾ ਚਾਹੀਦਾ ਹੈ। ਰੋਟੀ ਜ਼ਰੂਰੀ ਹੈ, ਪਰ ਕਾਫ਼ੀ ਨਹੀਂ; ਆਵਸ਼ਕ ਹੈ, ਮਗਰ ਪਰਿਆਪਤ ਨਹੀਂ। ਰੋਟੀ ਤੋਂ ਕਵਿਤਾ ਨਹੀਂ ਹੋ ਸਕਦੀ, ਇਹ ਸੱਚ ਹੈ; ਪਰ ਜੇਕਰ ਕਵਿਤਾ ਤੋਂ ਬਿਨਾਂ ਰੋਟੀ ਹੋਵੇ ਤਾਂ ਜੀਵਨ ਹੋਇਆ ਨ ਹੋਇਆ ਬਰਾਬਰ ਹੈ। ਰੋਜ਼ ਢਿੱਡ ਭਰ ਲਿਆ, ਜੀ ਲਏ ਅਤੇ ਮਰ ਗਏ। ਜੇਕਰ ਜੀਵਨ ਵਿਚ ਕਾਵਯ ਨ ਜਗਿਆ, ਗੀਤ ਨ ਉਠਿਆ, ਵੀਣਾ ਨ ਵਜੀ, ਬੰਸਰੀ ਉੱਤੇ ਸੰਗੀਤ ਨ ਖਿੜਿਆ ਤਾਂ ਕੀ ਲਾਭ ਹੈ?

ਸਵਾਨਤਾ: ਸੁਖਾਏ ਰਘੁਨਾਥ ਗਾਥਾ। ਜੋ ਸਵਾਨਤ-ਸੁਖ ਨਾਲ ਭਰਿਆ ਹੈ ਉਹ ਹੀ ਉਸ ਪਰਮ ਪਿਆਰੇ ਦੇ ਭਾਵ ਨਾਲ ਵੀ ਭਰਦਾ ਹੈ।

ਇਸ ਲਈ ਖੱਬਾ ਹਥ ਸਦਾ ਤੋਂ ਖ਼ਤਰੇ ਦਾ ਸੂਚਕ ਰਿਹਾ ਹੈ। ਇਸ ਲਈ ਜਿਨ੍ਹਾਂ ਤੋਂ ਵੀ ਅਸੀਂ ਡੱਰਦੇ ਹਾਂ ਉਨ੍ਹਾਂ ਨੂੰ ਵਾਮ ਮਾਰਗੀ ਕਹਿੰਦੇ ਹਾਂ। ਜਿਨ੍ਹਾਂ ਕੋਲੋਂ ਅਸੀਂ ਭੈ-ਭੀਤ ਹੁੰਦੇ ਹਾਂ, ਉਨ੍ਹਾਂ ਨੂੰ ਅਸੀਂ ਵਾਮ ਮਾਰਗੀ ਕਹਿੰਦੇ ਹਾਂ। ਤੁਹਾਨੂੰ ਹਜ਼ਾਰਾਂ ਲੋਕ ਮਿਲ ਜਾਣਗੇ ਜੋ ਮੈਨੂੰ ਵਾਮ ਮਾਰਗੀ ਆਖਦੇ ਹਨ। ਠੀਕ ਹੀ ਕਹਿੰਦੇ ਹਨ। ਮੈਂ ਵਾਮ ਮਾਰਗੀ ਹਾਂ, ਕਿਉਂਕਿ ਮੈਂ ਤੁਹਾਨੂੰ ਸਵਾਨਤ: ਸੁਖਾਏ (ਆਪਣਾ ਸੁਖ) ਦੀ ਕਲਾ ਸਿੱਖਾ ਰਿਹਾ ਹਾਂ। ਹਿਸਾਬ-ਕਿਤਾਬ ਹੀ ਸਭ ਕੁਝ ਨਹੀਂ ਹੈ, ਹਿਸਾਬ-ਕਿਤਾਬ ਦੇ ਬਾਹਰ ਵੀ ਇੱਕ ਜਗਤ ਹੈ ਅਤੇ ਉਹ ਹੀ ਜਗਤ ਤ੍ਰਿਪਤੀ ਦੇਣ ਵਾਲਾ ਹੈ, ਉਸੇ ਜਗਤ ਵਿਚ ਪਰਿਤੋਸ਼ (ਸੰਤੋਖ) ਹੈ। ਉਸੇ ਜਗਤ ਵਿਚ ਪ੍ਰਕਾਸ਼ ਹੈ।

ਜ਼ਰੂਰਤਾਂ ਪੂਰੀਆਂ ਹੋਣੀਆਂ ਚਾਹੀਦੀਆਂ, ਠੀਕ ਹੈ। ਫ਼ਿਰ ਕੀ ਕਰੋਗੇ? ਜ਼ਰੂਰਤਾਂ ਪੂਰੀਆਂ ਹੋ ਜਾਣਗੀਆਂ, ਫ਼ਿਰ ਕੀ ਕਰੋਗੇ। ਅੱਜ ਪੱਛਮ ਵਿਚ ਇਹ ਹੀ ਅੜਚਨ (ਗੁੰਝਲ) ਆ ਗਈ ਹੈ, ਜ਼ਰੂਰਤਾਂ ਪੂਰੀਆਂ ਹੋ ਗਈਆਂ। ਜੋ ਬਾਹਰ ਦੀਆਂ ਜ਼ਰੂਰਤਾਂ ਸਨ, ਪੱਛਮ ਨੇ ਪੂਰੀਆਂ ਕਰ ਲਈਆਂ। ਸਮਝਣਾ ਕਠਿਨਾਈ (ਔਖਾਪਨ)। ਜ਼ਰੂਰਤਾਂ ਪੂਰੀਆਂ ਕਰਨ ਲਈ ਖੱਬੇ ਹਥ ਨਾਲ ਜੁੜੇ ਹੋਏ ਸੱਜੇ ਮਸਤੱਕ ਦਾ ਕੋਈ ਉਪਯੋਗ ਨਹੀਂ ਕੀਤਾ। ਇਸ ਲਈ ਪੱਛਮ ਨੇ ਧਰਮ ਨੂੰ ਨਾਂਹ ਕਰ ਦਿੱਤੀ। ਕਾਵਯ ਨੂੰ ਇਨਕਾਰ ਕਰ ਦਿੱਤਾ, ਸੰਗੀਤ ਨੂੰ ਇਨਕਾਰ ਕਰ ਦਿੱਤਾ—ਰਹਸਯ ਦੀ ਸਾਰੀ ਵਿਧਾ (ਵਿਧੀ-ਪਰਕਾਰ) ਇਨਕਾਰ ਕਰ ਦਿੱਤੀ। ਠੀਕ ਗਣਿਤ, ਵਿਗਿਆਨ, ਪਦਾਰਥ, ਠੋਸ ਜਿਸ ਦਾ ਪਰਮਾਣ ਹੈ ਉਸ ਉੱਤੇ ਹੀ ਪੱਛਮ ਜੀ ਰਿਹਾ ਹੈ। ਤਿੰਨ ਸੌ ਸਾਲਾਂ ਦੇ ਲਗਾਤਾਰ ਪ੍ਰਯੋਗ ਨੇ, ਸੱਜੇ ਹਥ ਦੇ ਪ੍ਰਯੋਗ ਨੇ, ਪੱਛਮ ਨੂੰ ਸਮਰਥ ਬਣਾ ਦਿੱਤਾ ਹੈ। ਧਨ ਹੈ, ਦੌਲਤ ਹੈ, ਮਕਾਨ ਹੈ, ਸੁੰਦਰ ਰਸਤੇ ਹਨ, ਸੁਆਦਲੇ ਭੋਜਨ ਹਨ ਭਰ ਪੇਟ ਭੋਜਨ ਹਨ, ਸਭ ਕੁਝ ਜ਼ਰੂਰਤ ਤੋਂ ਵੱਧ ਹੈ। ਇੱਕ ਸੰਪੰਨਤਾ ਦਾ ਯੁੱਗ ਪੱਛਮ ਵਿਚ ਆ ਗਿਆ ਹੈ।

ਲੇਕਿਨ ਤਿੰਨ ਸੌ ਸਾਲ ਲਗਾਤਾਰ, ਉਹ ਜਿਹੜਾ ਸੁਵਾਨਤਾ-ਸੁਖਾਏ ਦਾ ਸ਼ਰੋਤ ਹੈ, ਉਸ ਨੂੰ ਇਨਕਾਰ ਕਰਕੇ ਆਇਆ। ਸੋ ਪੱਛਮ ਸੰਪੰਨ ਹੋ ਗਿਆ, ਲੇਕਿਨ ਹੁਣ ਕੀ ਕਰੇ? ਕਿਉਂਕਿ ਉਸ ਦੇ ਕੋਲ ਸਿਰਫ਼ ਸੁਖ ਨੂੰ ਭੋਗਣ ਦੀ ਕਲਾ ਹੀ ਨਹੀਂ ਬਚੀ।

ਪੱਛਮ ਹੱਕਾ-ਬੱਕਾ (ਕਿੰਕਰਤਵੱਜ ਵਿਮੂੜ) ਰਹਿ ਗਿਆ ਹੈ। ਹੁਣ ਕਿੱਥੇ ਜਾਏ, ਹੁਣ ਕੀ ਕਰੇ ? ਕੰਮ ਦਾ ਜਗਤ ਜੋ ਹੋ ਸਕਦਾ ਸੀ ਹੋ ਚੁਕਿਆ।

ਪੱਛਮ ਦੇ ਅੰਦਰ ਬਹੁਤ ਬੇਚੈਨੀ ਹੈ। ਰਵੀਵਾਰ (ਐਤਵਾਰ) ਦੇ ਦਿਨ ਵੀ ਪੱਛਮੀ ਮਨੁੱਖ ਛੁੱਟੀ ਨਹੀਂ ਮਨਾ ਸਕਦਾ। ਛੁੱਟੀ ਮਨਾਉਂਣ ਦੀ ਆਦਤ ਹੀ ਭੁੱਲ ਗਈ। ਕੰਮ ਅਤੇ ਕੰਮ ਤੇ ਕੰਮ ...। ਕੰਮ ਉੱਤੇ ਇੰਨਾ ਜ਼ੋਰ ਦਿੱਤਾ ਹੈ ਕਿ ਕੰਮ ਨੂੰ ਭਗਵਾਨ ਬਣਾ ਦਿੱਤਾ। ਤਾਂ ਲੀਲ੍ਹਾ ਦੀ ਕਲਾ ਭੁੱਲ ਗਈ। ਬੈਠ ਕੇ ਹਸੱਣ-ਬੋਲਣ ਕਿ ਵੀਣਾ ਵਜਾਉਂਣ, ਕਿ ਬਾਗ ਵਿਚ ਘਾਹ ਉਗਾਉਂਣ, ਕਿ ਮਸਤ ਹੋ ਕੇ ਲੰਮੇ ਪੈ ਜਾਣ ਤਾਰਿਆਂ ਦੀ ਛਾਵੇਂ, ਕਿ ਨੌਕਾ-ਵਿਹਾਰ (ਬੇੜੀ ਚਲਾਉਂਣੀ) ਕਰਨ ...। ਨਹੀਂ ਇਹ ਸਾਰੀ ਗੱਲ ਅਰਥਹੀਣ ਹੈ। ਕਿਉਂਕਿ ਤਿੰਨ ਸੌ ਸਾਲ ਇੱਕ ਹੀ ਗੱਲ ਦੋਹਰਾਈ ਅਤੇ ਸਿਖਾਈ ਗਈ ਹੈ। ਸਕੂਲ ਤੋਂ ਲੈ ਕੇ ਕਾਲਜ, ਯੂਨੀਵਰਸਿਟੀ ਤੱਕ ਕਿ ਕੰਮ ਦਾ ਮੁੱਲ ਹੈ। ਤਾਂ ਅੱਜ ਜੇਕਰ ਕੋਈ ਆਦਮੀ ਆਪਣੀ ਬੇੜੀ ਉੱਤੇ ਲੰਮਾ ਪਿਆ ਹੋਇਆ ਆਕਾਸ਼ ਦੇ ਤਾਰਿਆਂ ਦੇ ਹੇਠਾਂ ਤਿਰ ਰਿਹਾ ਹੈ—ਝੀਲ ਵਿਚ, ਤਾਂ ਉਸ ਨੂੰ ਲਗਦਾ ਹੈ ਕਿ ਮੈਂ ਕੋਈ ਪਾਪ ਕਰ ਰਿਹਾ ਹਾਂ; ਕਿਉਂਕਿ ਕੰਮ ਪੁੰਨ ਹੈ, ਮੈਂ ਪਾਪ ਕਰ ਰਿਹਾ ਹਾਂ। ਇੱਕ ਅਪਰਾਧ ਭਾਵ ਪੈਦਾ ਹੋ ਗਿਆ ਹੈ—ਸੁਖ ਦੀ ਘੜੀ ਵਿਚ। ਜਦ ਵੀ ਤੁਸੀਂ ਸੁਖੀ ਹੁੰਦੇ ਹੋ ਤੁਹਾਨੂੰ ਲਗਦਾ ਹੈ ਕਿ ਕੁਝ ਤੁਸੀਂ ਗਲਤੀ ਕਰ ਰਹੇ ਹੋ, ਕੁਝ ਭੁੱਲ ਕਰ ਰਹੇ ਹੋ। ਕੀ ਕਰ ਰਹੇ ਹੋ ! ਗੀਤ ਗੁਣਗੁਣਾ ਰਹੇ ਹੋ ! ਕੰਠ ਵਿਚ ਹੀ ਦਬਾ ਦੇਣਾ ਚਾਹੁੰਦੇ ਹੋ ਗੀਤ ਨੂੰ। ਇਸ ਨਾਲ ਕੀ ਹੋਏਗਾ? ਤਰਕ ਉਠ ਆਉਂਦੇ ਹਨ, ਗਣਿਤ ਖੜਾ ਹੋ ਜਾਂਦਾ ਹੈ—ਇਸ ਨਾਲ ਕੀ ਹੋਏਗਾ, ਇਸ ਤੋਂ ਕੀ ਲਾਭ ਹੈ ?

ਕਿਉਂ ਇਹ ਬੰਸਰੀ ਵਜਾ ਰਹੇ ਹੋ, ਕੁਝ ਕੰਮ ਕਰੋ !

ਮੇਰੇ ਕੋਲ ਲੋਗ ਆਉਂਦੇ ਹਨ, ਉਹ ਕਹਿੰਦੇ ਹਨ : ਤੁਸੀਂ ਲੋਗਾਂ ਨੂੰ ਧਿਆਨ ਸਿਖਾਉਂਦੇ ਹੋ । ਧਿਆਨ ਨਾਲ ਕੀ ਹੋਵੇਗਾ ? ਕੁਝ ਕੰਮ ਸਿਖਾਓ।

ਕੰਮ ਦੀ ਉਪਯੋਗਤਾ ਹੈ। ਮੈਂ ਨਹੀਂ ਕਹਿੰਦਾ ਕਿ ਕੰਮ ਛੱਡ ਦਿਓ, ਪਰ ਮੈਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਕੰਮ ਦੀ ਉਪਯੋਗਤਾ ਇਹ ਹੀ ਹੈ ਕਿ ਬਿਨਾਂ ਕੰਮ ਦੀਆਂ ਘੜੀਆਂ ਵਿਚ ਆਨੰਦਿਤ ਹੋ ਸਕੋ।

ਕੰਮ ਦੀ ਵਰਤੋਂ ਇਹ ਹੀ ਹੈ ਕਿ ਤੁਸੀਂ ਨਿਸ਼ਕਾਮ ਹੋ ਸਕੋ।

ਛੇ ਦਿਨ ਤੁਸੀਂ ਜੋ ਬਾਜ਼ਾਰ ਵਿਚ ਮੇਹਨਤ ਕਰਦੇ ਹੋ ਉਹ ਇਸ ਲਈ ਤਾਂ ਕਿ ਸਤਵੇਂ ਦਿਨ ਪੈਰ ਪਸਾਰੋ, ਧੁੱਪ ਵਿਚ ਲੰਮੇ ਪਵੋ, ਕਿ ਦਰਖ਼ੱਤ ਦੀ ਛਾਂ ਹੇਠਾਂ ਬੈਠੋ, ਕਿ ਫੁੱਲਾਂ ਨਾਲ ਗੱਲਾਂ ਕਰੋ, ਕਿ ਚੰਨ ਤਾਰਿਆਂ ਨਾਲ ਗੁਫ਼ਤਗੂ ਹੋਵੇ, ਕਿ ਮਸਤੀ ਦੇ ਗੀਤ ਗਾਓ, ਕਿ ਪੈਰਾਂ 'ਚ ਘੁੰਗਰੂ ਬੰਨ੍ਹੋ ਅਤੇ ਨੱਚੋ। ਇਹ ਲਕਸ਼ (ਨਿਸ਼ਾਨਾ) ਸੀ ਛੇ ਦਿਨ ਮੇਹਨਤ ਕਰਨ ਦਾ। ਅਤੇ ਜਦ ਪੰਜ ਦਿਨ ਮੇਹਨਤ ਕਰਨ ਨਾਲ ਕੰਮ ਚਲ ਜਾਏ ਤਾਂ ਪੰਜ ਦਿਨ ਮੇਹਨਤ ਕਰਨਾ, ਦੋ ਦਿਨ ਨੱਚਣਾ । ਜਦ ਚਾਰ ਦਿਨ ਮੇਹਨਤ ਕਰਨ ਨਾਲ ਕੰਮ ਚਲ ਜਾਏ ਤਾਂ ਤਿੰਨ ਦਿਨ.. ਇਸ ਤਰ੍ਹਾਂ ਘਟਾਉਂਦੇ ਜਾਣਾ।

ਕੰਮ ਨੂੰ ਤਾਂ ਘਟਾਉਂਦੇ ਜਾਣਾ, ਵਿਸ਼ਰਾਮ ਨੂੰ ਵੱਧਾਉਂਦੇ ਜਾਣਾ ਹੈ।

ਵਿਸ਼ਰਾਮ ਲਕਸ਼ ਹੈ।

ਜਿਨ੍ਹਾਂ ਦੇ ਜੀਵਨ ਵਿਚ ਵਿਸ਼ਰਾਮ ਨਹੀਂ ਹੈ, ਧਿਆਨ ਨਹੀਂ ਹੈ, ਉਨ੍ਹਾਂ ਦੇ ਜੀਵਨ ਵਿਚ ਪਾਗਲਪਨ ਆਉਣਾ ਸ਼ੁਰੂ ਹੋ ਜਾਂਦਾ ਹੈ; ਜਿਵੇਂ ਹੀ ਕੰਮ ਪੂਰਾ ਹੋਇਆ, ਉਨ੍ਹਾਂ ਦੀ ਸਮਝ ਵਿਚ ਨਹੀਂ ਆਉਂਦਾ ਕੀ ਕਰਨ? ਜੇਕਰ ਪੱਛਮ ਵਿਚ ਬਹੁਤ ਲੋਕ ਪਾਗਲ ਹੋ ਰਹੇ ਹਨ ਤਾਂ ਉਸ ਦਾ ਕਾਰਣ ਹੈ ਕੰਮ ਦੇ ਦਿਨ ਤਾਂ ਖ਼ਤਮ ਹੋ ਗਏ, ਕੰਮ ਪੂਰਾ ਹੋ ਗਿਆ, ਕੰਮ ਨੂੰ ਹੀ ਜੀਵਨ ਸਮਝਿਆ, ਹੁਣ ਜੀਵਨ ਸਮਝ ਵਿਚ ਨਹੀਂ ਆਉਂਦਾ ਕਿ ਹੋਰ ਜੀਵਨ ਕੀ ਹੋ ਸਕਦਾ ਹੈ? ਬਹੁਤ ਲੋਗ ਆਤਮ-ਹਤਿਆ ਕਰ ਰਹੇ ਹਨ; ਉਸ ਦਾ ਕਾਰਣ ਵੀ ਉਹ ਹੀ ਹੈ। ਕੀ ਸਾਰ ਹੈ ਹੁਣ ਜੀਉਂਣ ਦਾ? ਹੁਣ ਧਨ ਨੂੰ ਜੋੜ-ਜੋੜ ਕੇ ਇਕੱਠਾ ਕਰ ਲਿਆ, ਹੁਣ ਕਿੰਨਾ ਜੋੜਦੇ ਜਾਣ? ਇਹ ਭੁੱਲ ਹੀ ਗਏ ਕਿ ਧਨ ਕਿਸ ਵਾਸਤੇ ਜੋੜਦੇ ਸੀ? ਧਨ ਜੋੜਦੇ ਸੀ ਤਾਂ ਕਿ ਕਿਸੇ ਛਿਣ ਵਿਸ਼ਰਾਮ ਨਾਲ ਬੈਠਾਂਗੇ, ਕੋਈ ਚਿੰਤਾ ਨਹੀਂ ਹੋਵੇਗੀ। ਉਹ ਤਾਂ ਭੁੱਲ ਹੀ ਗਏ, ਕਿਉਂਕਿ ਧਨ ਜੋੜਨ ਵਿਚ ਮਸਤੱਕ ਦੇ ਇੱਕ ਹਿੱਸੇ ਦਾ ਉਪਯੋਗ ਕੀਤਾ। ਉਹ ਹਿੱਸਾ ਤਾਂ ਸਕਰਿਯ (ਚਾਲੂ) ਹੋ ਗਿਆ। ਅਤੇ ਜਿਸ ਹਿੱਸੇ ਦੀ ਵਰਤੋਂ ਨਹੀਂ ਕੀਤੀ, ਉਹ ਹੌਲੀ-ਹੌਲੀ ਬਿਲਕੁੱਲ ਮਿੱਟੀ-ਘੱਟੇ ਨਾਲ ਭਰ ਗਿਆ ਹੈ।

ਵਾਮ ਮਾਰਗ ਦਾ ਅਰਥ ਹੁੰਦਾ ਹੈ: ਜੀਵਨ ਦਾ ਲਕਸ਼ ਕੰਮ ਨਹੀਂ ਹੈ, ਵਿਸ਼ਰਾਮ ਹੈ। ਜੀਵਨ ਦਾ ਲਕਸ਼ ਧਨ ਨਹੀਂ ਹੈ, ਧਿਆਨ ਹੈ। ਜੀਵਨ ਦਾ ਲਕਸ਼ ਗਣਿਤ ਨਹੀਂ ਹੈ, ਕਾਵਯ ਹੈ। ਜੀਵਨ ਦਾ ਚਰਮ ਸ਼ਿਖਰ ਵਿਗਿਆਨ ਤੋਂ ਉਪਲਬੱਧ ਨਹੀਂ ਹੋਵੇਗਾ, ਧਰਮ ਤੋਂ ਉਪਲਬੱਧ ਹੋਵੇਗਾ।

ਸਦਾ ਤੋਂ 'ਵਾਮ ਮਾਰਗ' ਨਿੰਦਾ ਦਾ ਸ਼ਬਦ ਰਿਹਾ। ਅਤੇ ਅਤੀਤ ਵਿਚ ਤਾਂ ਸਵਭਾਵਤਾ: ਕਾਰਣ ਵੀ ਸਨ। ਕਿਉਂਕਿ ਜਿੰਨੇ ਤੁਸੀਂ ਪਿੱਛੇ ਜਾਓਗੇ ਉਨੀ ਹੀ ਦੁਨੀਆਂ ਦੀਨ ਸੀ, ਦਰਿਦ੍ਰ

ਸੀ। ਸਾਧਨ (ਯਤਨ) ਨਹੀਂ ਸਨ। ਉਨ੍ਹਾਂ ਦੀਨ-ਦਰਿਦ੍ਰਤਾ ਦੇ ਦਿਨਾਂ ਵਿਚ ਜੇਕਰ ਲੋਕਾਂ ਨੇ ਕੰਮ ਨੂੰ ਬਹੁਤ ਕੀਮਤੀ ਬਣਾ ਦਿੱਤਾ, ਬਹੁਤ ਮੁੱਲ ਦਿੱਤਾ, ਸਵਭਾਵਿਕ ਮਾਲੂਮ ਹੁੰਦਾ ਹੈ। ਅਤੇ ਜਿਨ੍ਹਾਂ ਲੋਗਾਂ ਨੇ ਕੰਮ ਦੀ ਥਾਂ ਵਿਸ਼ਰਾਮ ਨੂੰ ਮੁੱਲ ਦਿੱਤਾ, ਉਨ੍ਹਾਂ ਨਾਲ ਜੇਕਰ ਸਮਾਜ ਨੇ ਵਿਰੋਧ ਕੀਤਾ ਤਾਂ ਕੁਝ ਅਸ਼ਚਰਜ ਨਹੀਂ ਹੈ। ਪਰ ਪੁਰਾਣੀ ਆਦਤ ਹੁਣ ਵੀ ਗ੍ਰੰਥੀ (ਗੰਢ) ਦੀ ਤਰ੍ਹਾਂ ਬਣੀ ਰਹ ਗਈ ਹੈ। ਹੁਣ ਵੀ ਸਾਡੇ ਅੰਦਰ ਭੈਅ ਹੈ।

ਫਿਰ, ਜੋ ਗਣਿਤ, ਹਿਸਾਬ-ਕਿਤਾਬ ਵਾਲਾ ਮਨ ਹੈ, ਉਹ ਸਦਾ ਤੋਂ ਉਨ੍ਹਾਂ ਸਾਰੀਆਂ ਚੀਜ਼ਾਂ ਦਾ ਵਿਰੋਧੀ ਰਿਹਾ ਹੈ, ਜਿਨ੍ਹਾਂ ਨਾਲ ਤੁਹਾਡੇ ਅੰਦਰ ਸੁਖ ਉਤਪੰਨ (ਪੈਦਾ) ਹੁੰਦਾ ਹੈ। ਉਹ ਸੁਆਦ ਦਾ ਵਿਰੋਧੀ ਹੈ, ਤਾਂ ਉਹ ਅਸਵਾਦ ਦਾ ਵਰਤ ਸਧਵਾਉਂਦਾ ਹੈ; ਖ਼ੂਬਸੂਰਤੀ ਦਾ ਵਿਰੋਧੀ ਹੈ, ਤਾਂ ਉਹ ਕਰੂਪਤਾ ਨੂੰ ਅਧਿਆਤਮਿਕ ਬਣਾ ਲੈਂਦਾ ਹੈ; ਉਹ ਸਵਾਸਥ (ਤੰਦਰੁਸਤੀ) ਦਾ ਵੀ ਵਿਰੋਧੀ ਹੈ, ਕਿਉਂਕਿ ਤੰਦਰੁਸਤੀ ਵੀ ਸ਼ਰੀਰਕ ਸੁਖ ਹੈ।

ਜਰਮਨੀ ਦੇ ਇੱਕ ਪ੍ਰਸਿੱਧ ਵਿਚਾਰਕ ਕਾਂਉਟ ਕੇਸਰਲਿੰਗ ਨੇ ਭਾਰਤ ਦੀ ਯਾਤਰਾ ਤੋਂ ਬਾਅਦ ਆਪਣੀ ਡਾਇਰੀ ਵਿਚ ਲਿਖਿਆ ਕਿ ਭਾਰਤ ਜਾ ਕੇ ਮੈਨੂੰ ਇਹ ਅਨੁਭਵ ਹੋਇਆ ਕਿ ਬੀਮਾਰੀ ਵਿਚ ਇੱਕ ਆਧਆਤਮਿਕਤਾ ਹੈ, ਤੰਦਰੁਸਤੀ ਵਿਚ ਇੱਕ ਤਰ੍ਹਾਂ ਦੀ ਨਾਸਤਿੱਕਤਾ ਹੈ। ਕਿਉਂਕਿ ਤੰਦਰੁਸਤੀ ਸ਼ਰੀਰ ਦੀ ਹੁੰਦੀ ਹੈ।

ਇਸ ਲਈ ਅਧਿਆਤਮਿਕ ਵਿਅਕਤੀ ਨੂੰ ਤੰਦਰੁਸਤੀ ਦਾ ਰਸ ਨਹੀਂ ਲੈਣਾ ਚਾਹੀਦਾ। ਉਹ ਤਾਂ ਦੇਹ ਦਾ ਦੁਸ਼ਮਣ ਹੈ। ਇਸ ਲਈ ਪ੍ਰੇਮ ਦਾ ਦੁਸ਼ਮਣ ਹੋ ਗਿਆ ਸੰਸਾਰ, ਕਿਉਂਕਿ ਪ੍ਰੇਮ ਬਹੁਤ ਸੁਖ ਹੈ। ਸਾਰੀਆਂ ਚੀਜ਼ਾਂ ਨਾਲ ਦੁਸ਼ਮਣੀ ਸਾਧ ਲਈ (ਕਰ ਲਈ)।

ਵਾਮ ਮਾਰਗ ਨੇ ਇਸ ਦਾ ਵਿਪਰੀਤ (ਉਲਟ) ਸੰਦੇਸ਼ ਦਿੱਤਾ ਹੈ। ਵਾਮ ਮਾਰਗ ਕਹਿੰਦਾ ਹੈ ਪ੍ਰੇਮ ਪ੍ਰਾਰਥਨਾ ਹੈ ਅਤੇ ਪ੍ਰੇਮ ਪਰਮਾਤਮਾ ਹੈ। ਅਤੇ ਵਾਮ ਮਾਰਗ ਕਹਿੰਦਾ ਹੈ : ਕੁਝ ਵੀ ਛੱਡਣਾ ਨਹੀਂ ਹੈ, ਕਿਉਂਕਿ ਜੋ ਵੀ ਪਰਮਾਤਮਾ ਨੇ ਦਿੱਤਾ ਹੈ ਉਸ ਦੀ ਉਪਯੋਗਤਾ ਹੈ; ਉਸ ਦਾ ਉਪਯੋਗ ਕਰੋ ਅਤੇ ਉਸ ਨੂੰ ਸੀੜ੍ਹੀ ਬਣਾਓ। ਉਸ ਨੂੰ ਪਰਮਾਤਮਾ ਦੇ ਮੰਦਰ ਦੀ ਸੀੜ੍ਹੀ (ਪੌੜੀ) ਵਿਚ ਰੁਪਾਂਤਰਿਤ (ਪਲਟਣਾ) ਕਰੋ। ਪਥੱਰ ਨ ਸਮਝੋ ਮਾਰਗ ਦੇ, ਅਵਰੋਧ ਨ ਸਮਝੋ; ਪੌੜੀਆਂ ਬਣਾਓ, ਉਪੱਰ ਉਠੋ। ਕਾਮ ਵਾਸਨਾ ਦੀ ਵੀ ਸੀੜ੍ਹੀ ਬਣਾਓ, ਉਸ ਦਾ ਵੀ ਵਿਰੋਧ ਨ ਕਰੋ।

ਵਾਮ ਮਾਰਗ ਦਾ ਅਨੋਖਾ ਸੰਦੇਸ਼ ਹੈ ਕਿ ਜੇਕਰ ਤੁਸੀਂ ਬੁੱਧੀਮਾਨ ਹੋ ਤਾਂ ਤੁਸੀਂ ਜ਼ਹਿਰ ਦੀ ਅਜਿਹੀ ਵਰਤੋਂ ਕਰੋਗੇ ਕਿ ਉਹ ਔਸ਼ਧਿ (ਦਵਾਈ) ਹੋ ਜਾਏ; ਜੇਕਰ ਤੁਸੀਂ ਬੁਧੂ ਹੋ ਤਾਂ ਤੁਸੀਂ ਦਵਾਈ ਨੂੰ ਵੀ ਜ਼ਹਿਰ ਬਣਾ ਲਓਗੇ। ਇਹ ਬੁਨਿਆਦੀ ਸੂਤਰ ਹੈ ਵਾਮ ਮਾਰਗ ਦਾ ਕਿ ਬੁੱਧੀਮਾਨ ਜ਼ਹਿਰ ਨੂੰ ਵੀ ਔਸ਼ਧਿ ਬਣਾ ਲੈਂਦਾ ਹੈ। ਇਹ ਹੀ ਤਾਂ ਬੁੱਧੀਮਾਨੀ ਹੈ। ਭਗੌੜੇ ਕਾਇਰ ਹੁੰਦੇ ਹਨ, ਬੁੱਧੀਮਾਨ ਨਹੀਂ ਹੁੰਦੇ। ਵਾਮ ਮਾਰਗ ਭਗੌੜਾ ਨਹੀਂ ਹੈ।

ਇਸ ਸੰਸਾਰ ਵਿਚ ਹੁਣ ਤੱਕ ਭਗੌੜਿਆਂ ਦੀ ਬਹੁਤ ਪ੍ਰਤਿਸ਼ਠਾ (ਪ੍ਰਸੰਸਾ) ਰਹੀ ਹੈ। ਉਸ ਦਾ ਕਾਰਣ, ਕਿਉਂਕਿ ਭਗੌੜਿਆਂ ਨੂੰ ਵੇਖ ਕੇ ਤੁਹਾਨੂੰ ਇਹ ਸਮਝ ਵਿਚ ਆਉਣ ਲਗਦਾ ਹੈ ਕਿ ਉਹ ਸਾਡੇ ਨਾਲੋਂ ਵਿਸਿਸ਼ਟ (ਉੱਤਮ) ਹਨ। ਤੁਸੀਂ ਧਨ ਦੇ ਪਿੱਛੇ ਪਾਗਲ ਹੋ ਅਤੇ ਇੱਕ ਆਦਮੀ ਨੇ ਲੱਤ ਮਾਰ ਦਿੱਤੀ ਧਨ ਨੂੰ ਅਤੇ ਜੰਗਲ ਚਲਾ ਗਿਆ, ਤੁਸੀਂ

ਤਤਛਣ (ਝੱਟ-ਪੱਟ) ਪ੍ਰਭਾਵਿਤ ਹੋ ਜਾਂਦੇ ਹੋ। ਤੁਸੀਂ ਪ੍ਰਭਾਵਿਤ ਇਸ ਲਈ ਹੋ ਜਾਂਦੇ ਹੋ ਕਿ ਮੇਰਾ ਇੰਨਾ ਧਨ ਵਿਚ ਮੋਹ ਹੈ ਅਤੇ ਇਸ ਆਦਮੀ ਵਿਚ ਜ਼ਰੂਰ ਕੁਝ ਮਹਿਮਾਂ ਹੈ, (ਖ਼ਾਸੀਅਤ ਹੈ) ਇਸ ਨੇ ਲਤ ਮਾਰ ਦਿੱਤੀ। ਇਸ ਲਈ ਤੁਸੀਂ ਮਹਾਵੀਰ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੇ ਹੋ ਬਜਾਇ ਜਨਕ ਦੇ। ਜਨਕ ਦਾ ਨਾਂਅ ਕੁਝ ਜ਼ਿਆਦਾ ਸੁਣਿਆ ਨਹੀਂ ਜਾਂਦਾ। ਤੁਸੀਂ ਬੁੱਧ ਕੋਲੋਂ ਜ਼ਿਆਦਾ ਪ੍ਰਭਾਵਤ ਹੋ ਜਾਂਦੇ ਹੋ, ਕਿਉਂਕਿ ਉਹ ਰਾਜ-ਮਹਲ ਛੱਡ ਕੇ ਜਾਂਦੇ ਹਨ। ਤੁਸੀਂ ਕ੍ਰਿਸ਼ਨ ਦੀ ਜੇਕਰ ਪਰਸੰਸਾ (ਤਾਰੀਫ਼) ਵੀ ਕਰਦੇ ਹੋ ਤਾਂ ਥੋੜ੍ਹੇ ਦਬੇ-ਦਬੇ ਕੰਠ ਨਾਲ, ਥੋੜ੍ਹੇ ਡੌਰੇ-ਡੌਰੇ, ਥੋੜ੍ਹੇ ਭੈ-ਭੀਤ।

ਜੇਕਰ ਲੋਕ ਤਾਰੀਫ਼ ਵੀ ਕਰਦੇ ਹਨ ਤਾਂ ਗੀਤਾ ਵਾਲੇ ਕ੍ਰਿਸ਼ਨ ਦੀ ਕਰਦੇ ਹਨ; ਪੂਰੇ ਕ੍ਰਿਸ਼ਨ ਨੂੰ ਸਵੀਕਾਰ ਕਰਨ ਦੀ ਹਿੰਮਤ ਬਹੁਤ ਥੋੜ੍ਹੇ ਲੋਗਾਂ ਵਿਚ ਹੈ। ਕਿਉਂਕਿ ਕ੍ਰਿਸ਼ਨ ਤਾਂ ਤੁਹਾਡੇ ਵਰਗੇ ਹੀ ਮਾਲੂਮ ਹੁੰਦੇ ਹਨ, ਸਗੋਂ ਤੁਹਾਡੇ ਤੋਂ ਵੀ ਅੱਗੇ ਵੱਧੇ ਹੋਏ। ਤੁਸੀਂ ਕਿਸੇ ਤਰ੍ਹਾਂ ਆਪਣੇ ਆਪ ਨੂੰ ਸਮਝਾ ਲੈਂਦੇ ਹੋ ਕਿ ਚਲੋ ਉਹ ਭਗਵਾਨ ਸਨ, ਤਾਂ ਕੀ ਹੋਇਆ, ਨੱਚੇ ਹੋਣਗੇ ਗੋਪੀਆਂ ਦੇ ਨਾਲ; ਪਰ ਇਹ ਆਦਮੀ ਲਈ ਸ਼ੋਭਾ ਨਹੀਂ ਦਿੰਦਾ।

ਤੁਸੀਂ ਸ਼ਾਇਦ ਕ੍ਰਿਸ਼ਨ ਨੂੰ ਭਗਵਾਨ ਕਹਿ ਕੇ ਬਚ ਜਾਣਾ ਚਾਹੁੰਦੇ ਹੋ। ਤੁਸੀਂ ਇੱਕ ਬਹਾਨਾ ਲਭਦੇ ਹੋ। ਤੁਹਾਡਾ ਚਿੱਤ ਤਾਂ ਗੜਬੜ ਹੋਣ ਲਗਦਾ ਹੈ। ਤੁਹਾਨੂੰ ਬੇਚੈਨੀ ਹੋਣ ਲਗਦੀ ਹੈ।

ਮੈਂ ਇੱਕ ਘਰ ਵਿਚ ਮੇਹਮਾਨ ਸੀ—ਇੱਕ ਹਿੰਦੂ ਪਰਿਵਾਰ ਵਿਚ। ਸੰਭ੍ਰਾਤ (ਪੜ੍ਹਿਆ ਲਿਖਿਆ) ਪਰਿਵਾਰ ਹੈ, ਕੁਲੀਨ ਪਰਿਵਾਰ ਹੈ। ਕੋਈ ਦਸ-ਬਾਰਾਂ ਸਾਲ ਪਹਿਲਾਂ ਦੀ ਗੱਲ ਹੈ। ਮੇਰੀ ਕਿਤਾਬ 'ਸੰਭੋਗ ਤੋਂ ਸਮਾਧੀ ਦੇ ਵਲ' ਛਪੀ ਸੀ। ਉਹ ਬਹੁਤ ਬੇਚੈਨ ਸਨ। ਉਨ੍ਹਾਂ ਨੇ ਮੈਨੂੰ ਕਿਹਾ ਕਿ ਤੁਸੀਂ ਨਾਮ ਘਟੋ-ਘੱਟ ਕੋਈ ਹੋਰ ਰੱਖ ਦਿੰਦੇ। ਕਿਉਂਕਿ ਕਿਤਾਬ ਨੂੰ ਜਦ ਕੋਈ ਪੜ੍ਹੇਗਾ ਤਦ ਜਾਣੇਗਾ ਕਿ ਕੀ ਹੈ ਉਸ ਵਿਚ, ਪਰ ਇਹ ਨਾਮ ਬਹੁਤ ਖ਼ਤਰਨਾਕ ਹੈ; ਤੁਸੀਂ ਨਾਮ ਕੁਝ ਹੋਰ ਰੱਖ ਦਿੰਦੇ। ਫ਼ਿਰ ਜੋ ਪਹਿਲਾ ਸੰਸਕਰਣ ਸੀ, ਉਸ ਉੱਤੇ ਖਜੁਰਾਹੋ ਦੀਆਂ ਮੂਰਤੀਆਂ ਦਾ ਚਿਤ੍ਰ ਛਪਿਆ ਸੀ ਕਵਰ ਉੱਤੇ। ਉਹ ਕਹਿਣ ਲਗੇ ਇਹ ਵੀ ਤੁਹਾਨੂੰ ਕੀ ਸੁਝਿਆ! ਜੇਕਰ ਨਾਮ ਵੀ ਇਹ ਸੀ ਤਾਂ ਵੀ ਜੇਕਰ ਬੁੱਧ ਨੂੰ ਧਿਆਨ ਦੀ ਅਵਸਥਾ ਵਿਚ ਬੈਠਾ ਹੋਇਆ ਦੱਸਿਆ ਹੁੰਦਾ ਕਵਰ ਉੱਤੇ, ਤਾਂ ਵੀ ਚਲ ਜਾਂਦਾ...ਖਜੁਰਾਹੋ ਦੀਆਂ ਮੂਰਤੀਆਂ! ਕਿਤਾਬ ਤਾਂ ਕੋਈ ਪਿੱਛੋਂ ਪੜ੍ਹੇਗਾ, ਇਹ ਸਭ ਵੇਖਦੇ ਤਾਂ ਬਹੁਤ ਬੇਚੈਨੀ ਹੋ ਜਾਏਗੀ।

ਮੈਂ ਉਨ੍ਹਾਂ ਦੇ ਬੈਠਕ ਖ਼ਾਨੇ ਵਿਚ ਬੈਠਾ ਸੀ, ਮੈਂ ਕਿਹਾ ਦੀਵਾਰ (ਕੰਧ) ਉੱਤੇ ਵੇਖੋ ...। ਉੱਥੇ ਇੱਕ ਵੱਡੀ ਤਸਵੀਰ ਟੰਗੀ ਹੋਈ ਸੀ ਕ੍ਰਿਸ਼ਨ ਦੀ, ਜਿਸ ਵਿਚ ਉਨ੍ਹਾਂ ਨੇ ਕਪੜੇ ਚੁਰਾ ਲਏ ਹਨ ਨੰਗੀਆਂ ਇਸਤ੍ਰੀਆਂ ਦੇ, ਜੋ ਨਦੀ ਵਿਚ ਨਹਾ ਰਹੀਆਂ ਹਨ ਅਤੇ ਦਰਖ਼ੱਤ ਤੇ ਚੱੜ੍ਹ ਕੇ ਬੈਠੇ ਹਨ। ਮੈਂ ਕਿਹਾ : ਇਸ ਨੂੰ ਤੁਸੀਂ ਬੈਠਕਖ਼ਾਨੇ ਵਿਚ ਲਗਾ ਰੱਖਿਆ ਹੈ ?

ਉਨ੍ਹਾਂ ਨੇ ਉਪੱਰ ਵੇਖਿਆ, ਇੱਕ ਪਲ ਲਈ ਤਾਂ ਠਿਠਕ ਗਏ। ਸ਼ਾਇਦ ਉਨ੍ਹਾਂ ਨੇ ਇਸ ਤਰ੍ਹਾਂ ਤਾਂ ਕਦੇ ਸੋਚਿਆ ਵੀ ਨਹੀਂ ਸੀ। ਉਨ੍ਹਾਂ ਨੇ ਕਿਹਾ, ਤੁਸੀਂ ਠੀਕ ਕਹਿੰਦੇ ਹੋ। ਇਹ ਲਗੀ ਹੈ ਤਸਵੀਰ, ਇਹ ਪਿਤਾ ਜੀ ਦੇ ਜ਼ਮਾਨੇ ਤੋਂ ਲਗੀ ਹੈ। ਅਤੇ ਕਦੇ-ਕਦੇ ਮੈਨੂੰ ਸੰਕੋਚ ਹੁੰਦਾ ਵੀ ਹੈ, ਲੇਕਿਨ ਇਸ ਉੱਤੇ ਕੋਈ ਧਿਆਨ ਦਿੰਦਾ ਵੀ ਨਹੀਂ; ਕਿਉਂਕਿ ਇਹ ਭਗਵਾਨ ਹਨ; ਠੀਕ ਕਰ ਰਹੇ ਹਨ।

ਇਸ ਨੂੰ ਅਸੀਂ ਸਵੀਕਾਰ ਕਰ ਲਿਆ ਹੈ। ਲੇਕਿਨ ਦੋਬਾਰਾ ਜਦ ਮੈਂ ਉਨ੍ਹਾਂ ਦੇ ਘਰ ਗਿਆ, ਤਸਵੀਰ ਉੱਥੋਂ ਉਤਾਰ ਦਿੱਤੀ ਗਈ ਸੀ। ਮੈਂ ਉਨ੍ਹਾਂ ਨੂੰ ਪੁੱਛਿਆ, ਕੀ ਹੋਇਆ? ਤਾਂ ਉਨ੍ਹਾਂ ਨੇ ਕਿਹਾ ਕਿ ਨਹੀਂ, ਜਿਸ ਦਿਨ ਤੋਂ ਤੁਸੀਂ ਇਸ਼ਾਰਾ ਕੀਤਾ ਹੈ, ਮੈਂ ਸਚੇਤ ਹੋ ਗਿਆ। ਫ਼ਿਰ ਮੈਨੂੰ ਬਹੁਤ ਬੇਚੈਨੀ ਹੋਣ ਲਗੀ। ਫ਼ਿਰ ਮੈਂ ਕਿਹਾ ਕਿ ਇਸ ਤਸਵੀਰ ਨੂੰ ਇੱਥੋਂ ਹਟਾ ਹੀ ਦੇਣਾ ਉਚਿਤ ਹੈ। ਸੋ ਤਸਵੀਰ ਹਟਾ ਦਿੱਤੀ।

ਤੁਹਾਡਾ ਕ੍ਰਿਸ਼ਨ ਲਈ ਸਵੀਕਾਰ ਵੀ ਅਧੂਰਾ-ਅਧੂਰਾ ਹੈ। ਤੁਸੀਂ ਕ੍ਰਿਸ਼ਨ ਵਿਚੋਂ ਵੀ ਬਹੁਤ ਸਾਰੀਆਂ ਗੱਲਾਂ ਕੱਟ-ਵੱਢ ਕੇ ਪਾਉਣੀਆਂ ਚਾਹੋਗੇ। ਤੁਸੀਂ ਕ੍ਰਿਸ਼ਨ ਵਿਚ ਸੰਸ਼ੋਧਨ (ਸੁਧਾਰ) ਕਰਨ ਲਈ ਸਦਾ ਤਤਪਰ (ਤਿਆਰ) ਹੋ। ਕ੍ਰਿਸ਼ਨ ਨੂੰ ਲੋਕ ਆਪਣੇ-ਆਪਣੇ ਹਿਸਾਬ ਨਾਲ ਮੰਨਦੇ ਹਨ, ਜਿੰਨਾ ਮੰਨ ਸਕਦੇ ਹਨ ਉਨਾਂ ਮੰਨ ਲੈਂਦੇ ਹਨ, ਬਾਕੀ ਛੱਡ ਦਿੰਦੇ ਹਨ। ਕੀ ਅੜਚਨ ਹੈ? ਅੜਚਨ ਇਹ ਹੀ ਹੈ ਕਿ ਮਹਾਵੀਰ ਤਾਂ ਤੁਹਾਨੂੰ ਸਾਫ਼ ਆਪਣੇ ਤੋਂ ਵਿਪਰੀਤ (ਉਲਟ) ਜਾਂਦੇ ਮਲੂਮ ਹੁੰਦੇ ਹਨ; ਤੁਸੀਂ ਸਤਿਕਾਰ ਦੇ ਸਕਦੇ ਹੋ, ਕਿਉਂਕਿ ਤੁਹਾਨੂੰ ਪਤਾ ਹੈ ਆਪਣੇ ਲੋਭ ਦਾ, ਆਪਣੇ ਕਾਮ ਦਾ, ਆਪਣੇ ਕ੍ਰੋਧ ਦਾ, ਆਪਣੀ ਲਿਪਤਤਾ ਦਾ ਪਤਾ ਹੈ। ਅਤੇ ਇਹ ਉਸ ਨੂੰ ਛੱਡ ਕੇ ਜਾ ਰਹੇ ਹਨ। ਵਿਸ਼ਿਸ਼ਟ (ਉੱਤਮ) ਹਨ, ਹੁਣ ਕੋਈ ਪਰਮਾਣ ਦੀ ਜ਼ਰੂਰਤ ਨਹੀਂ ਹੈ। ਲੇਕਿਨ ਕ੍ਰਿਸ਼ਨ? ਇਹ ਉੱਥੇ ਹੀ ਖਲੋਤੇ ਹਨ, ਉਸੇ ਸੰਸਾਰ ਵਿਚ ਜਿੱਥੇ ਤੁਸੀਂ ਖਲੋਤੇ ਹੋ।

ਕ੍ਰਿਸ਼ਨ ਨੂੰ ਪਛਾਨਣ ਲਈ ਬਹੁਤ ਗਹਿਰੀਆਂ ਅੱਖਾਂ ਚਾਹੀਦੀਆਂ ਹਨ! ਮਹਾਵੀਰ ਨੂੰ ਪਛਾਨਣਾ ਅੰਨ੍ਹੇ ਦੇ ਵੀ ਬਸ ਦੀ ਗੱਲ ਹੈ, ਕੋਈ ਅੜਚਨ ਨਹੀਂ। ਅੰਨ੍ਹਾ ਵੀ ਪਛਾਣ ਲਵੇਗਾ ਕਿ ਠੀਕ, ਸਭ ਛੱਡ ਕੇ ਚਲੇ ਗਏ। ਲੇਕਿਨ ਕ੍ਰਿਸ਼ਨ ਨੂੰ ਪਛਾਨਣ ਲਈ ਤਾਂ ਜਦ ਤੱਕ ਅੰਦਰਲੀ ਅੱਖ ਨ ਖੁਲ੍ਹੀ ਹੋਵੇ, ਤਦ ਤੱਕ ਪਛਾਣ ਮੁਸ਼ਕਿਲ ਹੈ। ਕਿਉਂਕਿ ਉਹ ਉੱਥੇ ਹੀ ਖਲੋਤੇ ਹਨ, ਭੇਦ ਤਾਂ ਕੁਝ ਵੀ ਨਹੀਂ ਹੈ। ਉਪੱਰੋਂ ਭੇਦ ਨਹੀਂ ਹੈ ਅੰਦਰੋਂ ਭੇਦ ਹੈ। ਤਾਂ ਜਦ ਤੱਕ ਅੰਦਰ ਵੇਖਣ ਦੀ ਛਮਤਾ (ਤਾਕਤ) ਨ ਹੋਵੇ, ਤਦ ਤੱਕ ਤੁਸੀਂ ਕ੍ਰਿਸ਼ਨ ਨੂੰ ਨਹੀਂ ਸਮਝ ਪਾਓਗੇ।

ਕ੍ਰਿਸ਼ਨ ਵਾਮ ਮਾਰਗੀ ਹਨ। ਇਸ ਲਈ ਜੈਨੀਆਂ ਨੇ ਕ੍ਰਿਸ਼ਨ ਨੂੰ ਨਰਕ ਵਿਚ ਸੁਟਿਆ ਹੈ। ਆਪਣੇ ਪੁਰਾਣਾਂ (ਸ਼ਾਸਤ੍ਰਾਂ) ਵਿਚ ਨਰਕ ਵਿਚ ਰੱਖਿਆ ਹੈ। ਵਾਮ ਮਾਰਗੀ ਹਨ। ਹੋਰ ਕੀ ਵਾਮ ਮਾਰਗ ਹੋਇਗਾ? ਜੀਵਨ ਦਾ ਸਹਜ ਸਵੀਕਾਰ, ਉਤਸ਼ਾਹ ਪੂਰਵਕ ਸਵੀਕਾਰ, ਸਵਾਗਤ ਪੂਰਣ ਸਵੀਕਾਰ...। ਜੀਵਨ ਨੂੰ ਉਸ ਦੀ ਸਮਗਰ ਵਿਧਾ (ਪੂਰਣ ਵਿਧੀਆਂ) ਵਿਚ ਜੀਉਂਣ ਦੀ ਛਮਤਾ (ਤਾਕਤ), ਸਾਹਸ ...। ਜੀਵਨ ਵਿਚ ਕੁਝ ਵੀ ਬੁਰਾ ਨਹੀਂ ਹੈ। ਜੇਕਰ ਕੰਡੇ ਵੀ ਹਨ ਤਾਂ ਫ਼ੁੱਲ ਦੀ ਸੁਰਖਿਆ ਲਈ ਤਤਪਰ (ਤਿਆਰ) ਹਨ, ਇਸ ਲਈ ਹਨ। ਜੀਵਨ ਵਿਚ ਜੋ ਵੀ ਹੈ ਸੁੰਦਰ ਹੈ। ਹੋਰ ਜੇਕਰ ਕਿਸੇ ਚੀਜ਼ ਦੀ ਖ਼ੂਬਸੂਰਤੀ ਸਾਨੂੰ ਵਿਖਾਈ ਨਹੀਂ ਦੇਂਦੀ ਹੈ ਤਾਂ ਸਾਡੀ ਹੀ ਕਿੱਤੇ ਭੁੱਲ-ਚੁੱਕ ਹੋ ਰਹੀ ਹੈ। ਪਰਮਾਤਮਾ ਅਸੁੰਦਰ ਬਣਾ ਕਿਵੇਂ ਸਕਦਾ ਹੈ? ਪਰਮਾਤਮਾ ਹੀ ਪ੍ਰਗਟ ਹੋਇਆ ਹੈ ਸਾਰੇ ਰੂਪਾਂ ਵਿਚ। ਕਾਮ ਵਿਚ ਵੀ ਰਾਮ ਹੀ ਲੁੱਕਿਆ ਹੈ। ਇੰਨਾਂ ਹੌਂਸਲਾ ਬਹੁਤ ਘੱਟ ਲੋਗ ਇਕੱਠਾ ਕਰ ਸਕਦੇ ਹਨ। ਇੰਨੀ ਦ੍ਰਿਸ਼ਟੀ ਵੀ ਨਹੀਂ ਹੁੰਦੀ।

ਇਸ ਲਈ ਤਰੂ ! ਤੰਤਰ, ਵਾਮ ਮਾਰਗ, ਅਘੋਰ ਪੰਥ, ਨਾਥ ਪੰਥ ਜਿਹੇ ਨਾਵਾਂ ਤੋਂ ਲੋਗ

ਡੱਰਨ ਲਗੇ। ਇਸ ਲਈ। ਕਿਉਂਕਿ ਇਹ ਤੁਹਾਡੀ ਜਮੀ-ਜਮਾਈ ਪੁਰਾਣੀ ਧਾਰਨਾਂ ਨੂੰ ਛਿੰਨ-ਭਿੰਨ ਕਰ ਦਿੰਦੇ ਹਨ। ਇਹ ਪਿਆਰੇ ਨਾਮ ਗਾਲ੍ਹੀਆਂ ਬਣ ਗਏ। ਕਿਸੇ ਨੂੰ ਵਾਮ ਮਾਰਗੀ ਲੋਗ ਕਹਿ ਦਿੰਦੇ ਹਨ, ਬਸ ਖ਼ਤਮ ਹੋ ਗਿਆ ਮਾਮਲਾ। ਫ਼ੱਲਾਂ ਆਦਮੀ ਵਾਮ ਮਾਰਗੀ ਹੈ—ਮਤਲਬ ਤੁਸੀਂ ਉਸ ਦਾ ਖੰਡਨ ਕਰ ਦਿੱਤਾ, ਹੁਣ ਹੋਰ ਖੰਡਨ ਕਰਨ ਦੀ ਜ਼ਰੂਰਤ ਨਹੀਂ ਹੈ। ਹੁਣ ਉਹ ਕੀ ਕਹਿੰਦਾ ਹੈ, ਕਿਉਂ ਕਹਿੰਦਾ ਹੈ, ਇਸ ਤਰਕ ਅਤੇ ਵਿਸਤਾਰ ਵਿਚ ਜਾਣ ਦਾ ਮਤਲਬ ਨਹੀਂ ਹੈ। ਵਾਮ ਮਾਰਗ ਦਾ ਲੇਬਲ ਲਾ ਦਿੱਤਾ, ਹੁਣ ਉਹ ਆਦਮੀ ਖ਼ਤਮ ਹੋ ਗਿਆ। ਅਘੋਰ ਪੰਥ! ਅਘੋਰ ਜਿਹਾ ਪਿਆਰਾ ਸ਼ਬਦ ਗਾਲ੍ਹੀ ਬਣ ਗਿਆ! ਕਿਸੇ ਨੂੰ ਅਘੋਰੀ ਕਹਿ ਦਿਓ ਉਹ ਲੜਨ ਲਈ ਤਿਆਰ ਹੋ ਜਾਂਦਾ ਹੈ। ਲੋਕ ਅਘੋਰੀ ਕਹਿੰਦੇ ਹੀ ਹਨ ਕਿਸੇ ਨੂੰ ਤਦ, ਜਦ ਉਨ੍ਹਾਂ ਨੂੰ ਗਾਲ੍ਹੀਆਂ ਕਢਣੀਆਂ ਹੁੰਦੀਆਂ ਹਨ।

ਅਘੋਰ ਸ਼ਬਦ ਦਾ ਅਰਥ ਸਮਝਦੇ ਹੋ? ਅਘੋਰ ਦਾ ਅਰਥ ਹੁੰਦਾ ਹੈ—ਸਰਲ। ਕਿਸੇ ਨੂੰ 'ਘੋਰੀ' ਕਹੋ ਤਾਂ ਗਾਲ੍ਹੀ ਹੋ ਸਕਦੀ ਹੈ। ਘੋਰ ਦਾ ਅਰਥ ਹੁੰਦਾ ਹੈ ਜਟਿਲ। ਕਹਿੰਦੇ ਹਨ ਨ ਘੋਰ-ਘਮਾਸਾਨ। ਖ਼ੂਬ ਭਿਅੰਕਰ ਯੁੱਧ ਹੋਇਆ, ਤਾਂ ਉਸ ਨੂੰ ਕਹਿੰਦੇ ਹਨ, ਘੋਰ- ਘਮਾਸਾਨ—ਜਟਿਲ, ਉਲਝਿਆ ਹੋਇਆ, ਤਾਂ ਘੋਰ...। ਅਘੋਰ ਦਾ ਅਰਥ ਹੁੰਦਾ ਹੈ ਸਰਲ, ਬੱਚੇ ਵਰਗਾ ਨਿਰਦੋਸ਼। ਲੇਕਿਨ ਲੋਗ 'ਅਘੋਰੀ' ਗਾਲ੍ਹੀਆਂ ਕਢਣਾ ਚਾਹੁੰਦੇ ਹਨ ਤਦ ਕਹਿੰਦੇ ਹਨ। ਲੋਗ ਕਹਿੰਦੇ ਹਨ ਮੁਰਾਰਜੀ ਦੇਸਾਈ—ਅਘੋਰੀ, ਕਿਉਂਕਿ ਜੀਵਨ-ਜਲ (ਆਪਣਾ ਮੂਤਰ) ਪੀਂਦੇ ਹਨ—ਅਘੋਰੀ! ਉਨ੍ਹਾਂ ਦਾ ਮਤਲਬ ਇਹ ਹੈ ਕਿ ਗਾਲ੍ਹ ਕਢ ਰਹੇ ਹਨ ਉਹ। ਅਘੋਰ ਤਾਂ ਸਿਰਫ਼ ਥੋੜ੍ਹੇ ਜਿਹੇ ਬੁੱਧਾਂ ਲਈ ਉਪਯੋਗ ਵਿਚ ਲਿਆਇਆ ਜਾ ਸਕਦਾ ਹੈ। ਗੌਤਮ ਬੁੱਧ—ਅਘੋਰੀ, ਕ੍ਰਿਸ਼ਨ—ਅਘੋਰੀ, ਕ੍ਰਾਇਸਟ—ਅਘੋਰੀ, ਲਾਉਤਸੁ—ਅਘੋਰੀ। ਅਜਿਹੇ ਲੋਗਾਂ ਲਈ ਹੀ ਸਿਰਫ਼ ਵਰਤੋਂ ਵਿਚ ਲਿਆਇਆ ਜਾ ਸਕਦਾ ਹੈ। ਗੋਰਖ—ਅਘੋਰੀ। ਸਰਲ, ਨਿਰਦੋਸ਼, ਸਿੱਧੇ-ਸਾਦੇ ...। ਇੰਨੇ ਸਰਲ ਕਿ ਗਣਿਤ ਜੀਵਨ ਵਿਚ ਹੈ ਹੀ ਨਹੀਂ। ਹਿਸਾਬ-ਕਿਤਾਬ ਲਗਾਉਂਣ ਦਾ ਭਾਵ ਹੀ ਚਲਾ ਗਿਆ ਹੈ।

ਤੁਸੀਂ ਤਾਂ ਜਿਸ ਨੂੰ ਧਾਰਮਿਕ ਕਹਿੰਦੇ ਹੋ, ਉਹ ਵੀ ਹਿਸਾਬ-ਕਿਤਾਬ ਲਾਉਂਦਾ ਹੈ। ਉਹ ਵੇਖਦਾ ਹੈ ਕਿ ਇੰਨੇ ਉਪਵਾਸ (ਵਰਤ) ਕਰਾਂ ਤਾਂ ਸਵਰਗ ਮਿਲੇਗਾ, ਇੰਨੇ ਵਰਤ ਰਖਾਂ ਤਾਂ ਸਵਰਗ ਮਿਲੇਗਾ, ਇੰਨਾ ਦਾਨ ਕਰਾਂ ਤਾਂ ਸਵਰਗ ਮਿਲੇਗਾ। ਇਹ ਸਭ ਹਿਸਾਬ-ਕਿਤਾਬ ਹੈ। ਇਸ ਦਾਨ ਵਿਚ ਵੀ ਬਾਜ਼ਾਰ ਹੈ। ਇਸ ਦਾਨ ਵਿਚ ਵੀ ਵਿਉਪਾਰ ਹੈ, ਸੌਦਾ ਹੈ। ਇਸ ਪੁੰਨ ਵਿਚ ਵੀ ਲੁੱਕਿਆ ਹੋਇਆ ਪਾਪ ਹੈ। ਅਘੋਰੀ ਦਾ ਅਰਥ ਹੁੰਦਾ ਹੈ : ਸਰਲ, ਸਿੱਧਾ—ਜਿਸ ਦੇ ਜੀਵਨ ਵਿਚੋਂ ਹਿਸਾਬ-ਕਿਤਾਬ ਸਮਾਪਤ ਹੀ ਹੋ ਗਿਆ। ਜਿਹੜਾ ਬੱਚੇ ਦੇ ਵਾਂਗ ਜੀਉਂਦਾ ਹੈ। ਇਹ ਤਾਂ ਪਰਮ ਅਵਸਥਾ ਹੈ, ਪਰਮਹੰਸ ਅਵਸਥਾ ਹੈ—ਅਘੋਰ। ਪਰ ਇਹ ਗਾਲ੍ਹੀਆਂ ਬਣ ਗਈਆਂ ਮੰਦੇ ਭਾਗਾਂ ਨਾਲ।

ਨਾਥ ਪੰਥ ... ਗੋਰਖਨਾਥ ਅਤੇ ਉਨ੍ਹਾਂ ਦੇ ਗੁਰੂ ਮਛਿੰਦਰ ਨਾਥ ਦੇ ਕਾਰਣ ਤੰਤਰ ਦੀ ਇਹ ਸ਼ਾਖਾ ਨਾਥ ਪੰਥ ਕਹਿਲਾਉਂਣ ਲਗੀ। ਭਾਵ ਬਹੁਤ ਪਿਆਰਾ ਹੈ।

ਨਾਥ ਦਾ ਅਰਥ ਹੁੰਦਾ ਹੈ : ਮਾਲਿਕ ! ਜਿਸ ਨੂੰ ਸੂਫ਼ੀ ਕਹਿੰਦੇ ਹਨ—'ਯਾ ਮਾਲਿਕ'। ਸਭ ਉਸ ਦਾ ਹੈ, ਮਾਲਿਕ ਦਾ ਹੈ ! ਅਸੀਂ ਵੀ ਮਾਲਿਕ ਦੇ, ਸੰਸਾਰ ਵੀ ਉਸ ਦਾ ਹੈ, ਸਭ

ਉਸ ਦਾ ਹੈ। ਜਿਵੇਂ ਉਸ ਦੀ ਮਰਜ਼ੀ ਉਵੇਂ ਜੀਆਂਗੇ। ਜਿਹੋ-ਜਿਹਾ ਜੀਉਂਦਾ ਰੱਖੇਗਾ ਉਹੋ-ਜਿਹਾ ਜੀਆਂਗੇ। ਅਸੀਂ ਆਪਣੇ ਸੰਕਲਪ ਨੂੰ ਥੋਪਾਂਗੇ ਨਹੀਂ। ਅਸੀਂ ਚੇਸ਼ਟਾ (ਕੋਸ਼ਿਸ਼) ਨਾਲ ਨਹੀਂ ਜੀਆਂਗੇ। ਅਸੀਂ ਅਜਿਹੇ ਬਹਾਂਗੇ ਜਿਵੇਂ ਕੋਈ ਨਦੀ ਦੀ ਧਾਰ ਵਿਚ ਰੁੜ੍ਹ ਜਾਏ ਅਸੀਂ ਤੈਰਾਂਗੇ ਨਹੀਂ। ਇਹ ਭਾਵ ਹੈ। ਉਸ ਮਾਲਿਕ ਦੇ ਰਹਿੰਦੇ ਅਸੀਂ ਆਪਣਾ ਸੰਕਲਪ (ਮਨ ਦਾ ਫੁਰਨਾ ਜਾਂ ਖ਼ਿਆਲ) ਕਿਉਂ ਵਿਚਾਲੇ ਲਿਆਈਏ? ਸਾਡਾ ਸੰਕਲਪ ਆਇਆ, ਕਿ ਅਹੰਕਾਰ ਆਇਆ, ਅਹੰਕਾਰ ਆਇਆ ਕਿ ਅਸੀਂ ਭਟਕੇ। ... ਤਾਂ ਅਸੀਂ ਤਾਂ ਬਿਨਾਂ ਅਹੰਕਾਰ ਦੇ ਜੀਆਂਗੇ, ਉਸਦੀ ਜਿਵੇਂ ਮਰਜ਼ੀ ...।

ਜਿਵੇਂ ਸੁੱਕਾ ਪੱਤਾ ਹਵਾ ਵਿਚ ਉਡਦਾ ਹੈ, ਪੱਛਮ ਜਾਵੇ ਕਿ ਪੂਰਬ, ਦੱਖਣ ਜਾਏ ਕਿ ਉੱਤਰ, ਉਸ ਨੂੰ ਕੋਈ ਚਿੰਤਾ ਨਹੀਂ, ਹਵਾ ਜਿੱਥੇ ਲੈ ਜਾਏ। ਲੜਦਾ ਨਹੀਂ ਪ੍ਰਤਿਰੋਧ (ਸ਼ਿਕਾਇਤ) ਨਹੀਂ ਕਰਦਾ, ਸੰਘਰਸ਼ ਨਹੀਂ ਕਰਦਾ ਕਿ ਮੈਂ ਤਾਂ ਪੱਛਮ ਜਾਵਾਂਗਾ, ਕਿ ਮੈਨੂੰ ਪੂਰਬ ਨਹੀਂ ਜਾਣਾ, ਮੈਨੂੰ ਕਿਉਂ ਪੂਰਬ ਲਈ ਜਾ ਰਹੇ ਹੋ ? ਨਹੀਂ, ਪੱਤੇ ਦੀ ਕੀ ਮਰਜ਼ੀ? ਅਜਿਹਾ ਜੋ ਹੋ ਜਾਵੇ ਤਾਂ ਸਮਝਣਾ ਕਿ ਨਾਥ ਪੰਥੀ। ਅਜਿਹੇ ਹੀ ਸਨ ਗੋਰਖ।

ਇਸ ਸਹਿਜ ਮਰਜ਼ੀ ਨਾਲ ਰਹੋ। ਇਸ ਸਰਲਤਾ ਨਾਲ ਰਹੋ। ਲੇਕਿਨ ਲੋਗ ਅਹੰਕਾਰ ਨਾਲ ਜੀਉਂਦੇ ਹਨ। ਇਸ ਜਗਤ ਵਿਚ ਬਹੁਤ ਕਰਕੇ ਲੋਕਾਂ ਦੇ ਜੀਵਨ ਦੀ ਭਾਸ਼ਾ ਅਹੰਕਾਰ ਦੀ ਭਾਸ਼ਾ ਹੈ। ਕੁਦਰਤੀ ਹੈ : ਇੰਨੇ ਸਰਲ ਲੋਗ ਉਨ੍ਹਾਂ ਨੂੰ ਬਰਦਾਸ਼ਤ ਨਹੀਂ ਹੋਣਗੇ। ਉਨ੍ਹਾਂ ਨੂੰ ਤਾਂ ਲਗੇਗਾ ਕਿ ਬਹੁਤ ਖ਼ਤਰਾ ਪੈਦਾ ਹੋ ਗਿਆ। ਇੰਨੀ ਸਰਲਤਾ ਨਾਲ ਲੋਗ ਜੀਉਣ ਲਗਣਗੇ। ਉਨ੍ਹਾਂ ਨੂੰ ਲਗਦਾ ਹੈ ਤਾਂ ਫ਼ਿਰ ਨੀਤਿ ਦਾ ਕੀ ਹੋਏਗਾ? ਅਨੀਤਿ ਹੀ ਅਨੀਤਿ ਫ਼ੈਲ ਜਾਏਗੀ। ਜਿਵੇਂ ਹੁਣ ਤੇ ਨੀਤਿ ਹੈ।

ਇਹ ਬਹੁਤ ਮਜ਼ੇ ਦੀਆਂ ਗੱਲਾਂ ਹਨ, ਲੋਗ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ, ਜਿਵੇਂ ਕਿ ਹੁਣ ਨੀਤਿ ਹੈ, ਫ਼ਿਰ ਅਨੀਤਿ ਫ਼ੈਲ ਜਾਏਗੀ। ਕਿੱਥੇ ਹੈ ਨੀਤਿ? ਕਜਿਹੀ ਨੀਤਿ? ਨੀਤਿ ਦੇ ਨਾਉਂ ਉੱਤੇ ਪਾਖੰਡ ਹੈ। ਚੋਖੇ ਮਖੌਟੇ ਲਗਾਈ ਲੋਗ ਬੈਠੇ ਹਨ। ਨੀਤਿ ਕਿੱਥੇ ਹੈ?

ਲੇਕਿਨ ਲੋਗ ਸਮਝਦੇ ਹਨ ਕਿ ਜੇਕਰ ਸਾਰੇ ਲੋਗ ਸਰਲ ਹੋਣ ਲਗੇ, ਸਹਜ ਜੀਉਣ ਲਗੇ ਸੁਭਾਵਿਕ ਹੋਣ ਲਗੇ ਅਤੇ ਕਿਹਾ ਕਿ ਜਿਵੇਂ ਪਰਮਾਤਮਾ ਦੀ ਮਰਜ਼ੀ, ਤਾਂ ਫ਼ਿਰ ਨੀਤਿ ਖੰਡਿਤ ਹੋ ਜਾਏਗੀ।

ਗੱਲ ਪੁੱਠੀ ਹੈ, ਲੋਗ ਸੰਕਲਪ ਨਾਲ ਜੀ-ਜੀ ਕੇ ਅਨੈਤਿਕ ਹੋ ਗਏ ਹਨ। ਮਨੁੱਖ ਤੋਂ ਜ਼ਿਆਦਾ ਅਨੈਤਿਕ ਹੋਰ ਕੌਣ ਹੈ ਇਸ ਧਰਤੀ ਉੱਤੇ ? ਮਨੁੱਖ ਤੋਂ ਜ਼ਿਆਦਾ ਹਿੰਸਕ ਹੋਰ ਕੌਣ ਹੈ ਇਸ ਧਰਤੀ ਉੱਤੇ?

ਮਨੁੱਖ ਤੋਂ ਜ਼ਿਆਦਾ ਹੋਰ ਸੰਘਾਤਕ ਕੌਣ ਹੈ ਇਸ ਧਰਤੀ ਉੱਤੇ ? ਪਸ਼ੂ-ਪੰਛੀ ਘਟੋ-ਘੱਟ ਆਪਣੀ ਜ਼ਾਤ ਦੇ ਲੋਗਾਂ ਨੂੰ ਮਾਰ ਕੇ ਨਹੀਂ ਖਾਂਦੇ। ਕੋਈ ਸ਼ੇਰ-ਸ਼ੇਰ ਨੂੰ ਮਾਰ ਕੇ ਨਹੀਂ ਖਾਂਦਾ। ਕੋਈ ਬਾਜ਼-ਬਾਜ਼ ਉੱਤੇ ਹਮਲਾ ਨਹੀਂ ਕਰਦਾ। ਆਦਮੀ ਇਕੱਲਾ ਪਸ਼ੂ ਹੈ ਇਸ ਪੂਰੀ ਧਰਤੀ ਉੱਤੇ। ਜਿਹੜਾ ਸ੍ਵੈ (ਆਪਣੀ) ਜਾਤਿ ਨਾਲ ਹੀ ਮਾਰ-ਕਾਟ ਕਰਦਾ ਹੈ; ਅਤੇ ਥੋੜ੍ਹੀ ਬਹੁਤ ਨਹੀਂ, ਲੱਖਾਂ, ਕਰੋੜਾਂ ਦੀ। ਹਤਿਆ ਕਰਨ ਵਿਚ ਇੰਨਾਂ ਰਸ। ਹੋਰ ਵੱਡਾ ਮਜ਼ਾ ਹੈ, ਕਿ ਇਸ ਨੂੰ ਵੀ ਨੈਤਿਕ ਜਾਮਾ ਪੁਆ ਦਿੱਤਾ ਜਾਂਦਾ ਹੈ।

ਇਸ ਨੂੰ ਕਹਿੰਦੇ ਹਨ, ਜਿਹਾਦ, ਧਰਮ ਯੁੱਧ ਹੋ ਰਿਹਾ ਹੈ। ਧਰਮ ਯੁੱਧ ਹੋ ਰਿਹਾ ਹੈ ਤਾਂ ਫ਼ਿਰ ਮਾਰੋ। ਫ਼ਿਰ ਕੋਈ ਹਰਜਾ ਨਹੀਂ; ਜਿੰਨੇ ਮਾਰੇ ਉਨਾਂ ਹੀ ਲਾਭ ਹੈ। ਜਿੰਨੇ ਮਾਰੇ ਉਨਾਂ ਹੀ ਸਵਰਗ ਨਿਸ਼ਚਿਤ ਹੈ।

ਲੋਗ ਜਿਹਾਦ ਕਰ ਰਹੇ ਹਨ, ਧਰਮ ਯੁੱਧ ਕਰ ਰਹੇ ਹਨ ਸਦੀਆਂ ਤੋਂ, ਇੱਕ ਦੂਜੇ ਨੂੰ ਵੱਢ ਰਹੇ ਹਨ, ਪਰਮਾਤਮਾ ਦੇ ਨਾਮ ਉੱਤੇ! ਵੱਢਣਾ ਹੈ ਉਨ੍ਹਾਂ ਨੇ ਨਾਮ ਕੋਈ ਵੀ ਹੋਵੇ। ਕਦੇ ਰਾਜਨੀਤੀ ਦੇ ਨਾਮ ਉੱਤੇ, ਕਦੇ ਸ਼ਾਸਤ੍ਰ ਦੇ ਨਾਮ ਉੱਤੇ। ਇਹ ਸਭ ਬਹਾਨੇ ਹਨ, ਕਟਣਾ-ਵੱਢਣਾ ਲਕਸ਼ ਹੈ, ਬਿਨਾਂ ਕਟੇ ਵੱਢੇ ਮਨ ਨਹੀਂ ਮੰਨਦਾ। ਇਹ ਕਿਹੋ-ਜਿਹਾ ਮਨੁੱਖ ਅਸੀਂ ਪੈਦਾ ਕੀਤਾ ਹੈ? ਇਹ ਕਿਹੋ-ਜਿਹਾ ਰੋਗੀ ਚਿਤ ਵਾਲਾ ਮਨੁੱਖ ਅਸੀਂ ਪੈਦਾ ਕੀਤਾ ਹੈ।

ਕਾਮ ਵਾਸਨਾ ਨਾਲ ਸੜ ਰਹੇ ਹਨ ਲੋਗ। ਉਨ੍ਹਾਂ ਦੇ ਅੰਦਰ ਕਾਮ ਵਾਸਨਾ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਭਰਿਆ ਹੈ। ਦਬਾ-ਦਬਾ ਕੇ ਬੈਠ ਗਏ ਹਨ। ਇਸ ਲਈ ਜਦ ਵੀ ਕੋਈ ਕਹਿੰਦਾ ਹੈ ਕਿ ਕਾਮ ਵਾਸਨਾ ਨੂੰ ਸਹਿਜਤਾ ਨਾਲ ਸਵੀਕਾਰ ਕਰੋ, ਉਹ ਹੀ ਪ੍ਰਭੂ ਦੀ ਦੇਣ ਹੈ, ਤਾਂ ਉਨ੍ਹਾਂ ਦੇ ਅੰਦਰ ਬਹੁਤ ਘਬਰਾਹਟ ਹੋ ਜਾਂਦੀ ਹੈ।

ਕਿਉਂਕਿ ਉਹ ਜਾਣਦੇ ਹਨ ਕਿ ਜੇਕਰ ਉਨ੍ਹਾਂ ਨੇ ਸਹਿਜਤਾ ਨਾਲ ਸਵੀਕਾਰ ਕੀਤਾ ਤਾਂ ਸਭ ਗੜਬੜ ਹੋ ਜਾਏਗਾ। ਉਹ ਇੰਨੇ ਦਬਾ ਕੇ ਬੈਠ ਗਏ ਹਨ ਕਿ ਕਰੀਬ-ਕਰੀਬ ਇੱਕ ਜਵਾਲਾਮੁਖੀ ਉਨ੍ਹਾਂ ਦੇ ਹੇਠਾਂ ਭਬਕ ਰਿਹਾ ਹੈ। ਹੁਣ ਉਹ ਸਹਿਜਤਾ ਨਾਲ ਕਿਵੇਂ ਸਵੀਕਾਰ ਕਰਨ?

ਅਜਿਹਾ ਹੀ ਸਮਝੋ ਕਿ ਕੋਈ ਆਦਮੀ ਜ਼ਿੰਦਗੀ-ਭਰ ਵਰਤ ਕਰਦਾ ਰਿਹਾ ਹੈ, ਭੁੱਖਾ ਮਰਦਾ ਰਿਹਾ ਹੈ ਅਤੇ ਤੁਸੀਂ ਉਸ ਨੂੰ ਕਹੋ ਕਿ ਭਾਈ, ਭੁੱਖ ਨੂੰ ਸਹਿਜ ਸਵੀਕਾਰ ਕਰੋ, ਜਦ ਭੁੱਖ ਲਗੇ ਤਾਂ ਭੋਜਨ ਕਰ ਲਓ—ਉਹ ਇੱਕਦਮ ਘਬਰਾ ਜਾਏਗਾ। ਉਹ ਕਹੇਗਾ ਕਿ ਜੇਕਰ ਮੈਂ ਸਹਿਜਤਾ ਨਾਲ ਸਵੀਕਾਰ ਕੀਤਾ ਤਾਂ ਮੈਂ ਚੌਂਕੇ ਤੋਂ ਕਦੇ ਬਾਹਰ ਨਿਕਲਾਂਗਾ ਹੀ ਨਹੀਂ, ਕਿਉਂਕਿ ਮੈਂ ਜਾਣਦਾ ਹਾਂ ਆਪਣੇ-ਆਪ ਨੂੰ ਕਿ ਚੌਵੀ ਘੰਟੇ ਮੈਂ ਭੋਜਨ ਦੀ ਹੀ ਸੋਚਦਾ ਹਾਂ। ਉਪਵਾਸੀ ਆਦਮੀ ਸੋਚਦਾ ਹੀ ਹੈ ਚੌਵੀ ਘੰਟੇ ਭੋਜਨ ਬਾਰੇ।

... ਤਾਂ ਫ਼ਿਰ ਤਾਂ ਮੈਂ ਨਿਕਲ ਹੀ ਨ ਸਕਾਂਗਾ ਚੌਂਕੇ ਵਿਚੋਂ।

ਫ਼ਿਰ ਤਾਂ ਮੈਨੂੰ ਉੱਥੇ ਹੀ ਬੈਠਾ ਰਹਿਣਾ ਪਏਗਾ।

ਹਾਲਾਂ ਕਿ ਤੁਸੀਂ ਹੈਰਾਨ ਹੋਵੋਗੇ ਕਿ ਇਹ ਕੀ ਕਹਿ ਰਹੇ ਹੋ ਤੁਸੀਂ। ਜੋ ਲੋਗ ਭੋਜਨ ਕਰਦੇ ਹਨ ਉਹ ਚੌਂਕੇ ਵਿਚ ਨਹੀਂ ਬੈਠੇ ਰਹਿੰਦੇ ਚੌਵੀ ਘੰਟੇ। ਪਰ ਤੁਸੀਂ ਉਸ ਆਦਮੀ ਦੀ ਗੱਲ ਵੀ ਸਮਝੋ, ਉਹ ਵੀ ਵਿਚਾਰਾ ਠੀਕ ਕਹਿ ਰਿਹਾ ਹੈ। ਉਹ ਚੌਵੀ ਘੰਟੇ ਭੋਜਨ ਦੀ ਹੀ ਸੋਚਦਾ ਹੈ; ਵਰਤ ਕਰਨ ਵਾਲਾ ਸੋਚਦਾ ਹੀ ਭੋਜਨ ਦੀ ਹੈ।

ਇਸ ਲਈ ਮੇਰੇ ਵਰਗੇ ਵਿਅਕਤੀ ਜਦ ਜੀਵਨ ਨੂੰ ਸਰਲ ਕਰਨ ਦੀ ਗੱਲ ਕਰਦੇ ਹਨ ਤਾਂ ਬਹੁਤ ਬੇਚੈਨੀ ਫ਼ੈਲ ਜਾਂਦੀ ਹੈ। ਬਹੁਤ ਘਬਰਾਹਟ ਫ਼ੈਲ ਜਾਂਦੀ ਹੈ। ਕਿਉਂਕਿ ਉਹ ਜਾਣਦੇ ਹਨ, ਜੇਕਰ ਮੈਂ ਜੋ ਕਹਿ ਰਿਹਾ ਹਾਂ ਉਹ ਠੀਕ ਹੈ ਤਾਂ ਉਨ੍ਹਾਂ ਦੇ ਅੰਦਰ ਦੱਬੇ ਹੋਏ ਰੋਗ ਇੱਕਦਮ ਪ੍ਰਗਟ ਹੋ ਜਾਣਗੇ, ਜ਼ਿੰਦਗੀ ਭਰ ਦੱਬੇ ਹੋਏ ਰੋਗ ਇੱਕਦਮ ਪ੍ਰਗਟ ਹੋ ਜਾਣਗੇ ਉਹ ਪਾਗਲ ਹੋ ਜਾਣਗੇ। ਉਹ ਨਹੀਂ ਬਰਦਾਸ਼ਤ ਕਰ ਸਕਣਗੇ। ਇਸ ਘਬਰਾਹਟ ਤੋਂ

ਬਚਣ ਲਈ ਉਹ ਮੇਰੇ ਵਿਪਰੀਤ (ਉਲਟ) ਹੋ ਜਾਂਦੇ ਹਨ, ਮੇਰੇ ਵਿਰੋਧੀ (ਖ਼ਿਲਾਫ਼) ਹੋ ਜਾਂਦੇ ਹਨ। ਮੇਰੇ ਵਿਰੋਧੀ ਹੋਣ ਵਿਚ ਕਾਰਣ ਹੈ। ਮੈਂ ਜੋ ਕਹਿ ਰਿਹਾ ਹਾਂ ਉਸ ਦੀ ਸਚਾਈ ਇੰਨੀ ਖ਼ਤਰਨਾਕ ਉਨ੍ਹਾਂ ਨੂੰ ਮਾਲੂਮ ਹੁੰਦੀ ਹੈ—ਖਤਰਨਾਕ ਇਸ ਲਈ ਨਹੀਂ ਮਾਲੂਮ ਹੁੰਦੀ ਹੈ ਕਿ ਸਚਾਈ ਖ਼ਤਰਨਾਕ ਹੈ; ਖ਼ਤਰਨਾਕ ਇਸ ਲਈ ਮਾਲੂਮ ਹੁੰਦੀ ਹੈ ਕਿ ਹੁਣ ਤੱਕ ਉਹ ਇੰਨੇ ਅਸਤਯ (ਝੂਠਾਪਨ) ਵਿਚ ਜੀਉਂਦੇ ਰਹੇ ਹਨ ਅਤੇ ਹੁਣ ਉਸ ਝੂਠੇਪਨ ਨੂੰ ਛਡਣ ਵਿਚ ਬਹੁਤ ਮੁਸ਼ਕਿਲ ਮਾਲੂਮ ਹੁੰਦੀ ਹੈ। ਅਤੇ ਉਹ ਛੁਟੇਗਾ ਤਾਂ ਜੀਵਨ ਭਰ ਦਾ ਜੋ ਬੰਨ੍ਹ ਬਝਿਆ ਹੋਇਆ ਸੀ, ਉਹ ਟੁੱਟ ਜਾਏਗਾ ...।

ਉਨ੍ਹਾਂ ਦੇ ਜੀਵਨ ਵਿਚ ਸੰਯਮ (ਸੰਜਮ) ਨਹੀਂ ਹੈ। ਸੰਯਮ ਦਾ ਸਿਰਫ਼ ਝੂਠਾ ਆਗ੍ਰਹ (ਹਠ) ਹੈ। ਜੋ ਆਦਮੀ ਸੱਚ-ਮੁਚ ਸੰਯਮੀ ਹੈ, ਜਿਸ ਨੇ ਸੱਚੀ-ਮੁੱਚੀ : ਜਾਗਰਤ ਹੋ ਕੇ ਸਮਯਕ ਰੂਪੇਣ (ਪੂਰੀ ਪੂਰਣਤਾ ਨਾਲ) ਆਪਣੀ ਕਾਮ-ਵਾਸਨਾ ਦਾ ਅਤਿਕ੍ਰਮਣ (ਜ਼ਿਆਦਤੀ) ਕੀਤਾ ਹੈ, ਉਸਨੂੰ ਕੁਝ ਵੀ ਫ਼ਰਕ ਨਹੀਂ ਪਵੇਗਾ। ਉਸ ਨੂੰ ਮੇਰੀ ਗੱਲ ਵਿਚ ਜ਼ਰਾ ਵੀ ਵਿਰੋਧ ਵਿਖਾਈ ਨਹੀਂ ਪਵੇਗਾ। ਜਿਸ ਨੂੰ ਮੇਰੀ ਗੱਲ ਵਿਚ ਵਿਰੋਧ ਵਿਖਾਈ ਪੈਂਦਾ ਹੈ, ਉਹ ਕੇਵਲ ਖ਼ਬਰ ਦੇ ਰਿਹਾ ਹੈ ਆਪਣੇ ਰੋਗੀ ਚਿੱਤ ਦੀ, ਪਰ ਉਹ ਸੋਚਦਾ ਹੈ ਕਿ ਉਹ ਮੇਰੇ ਖ਼ਿਲਾਫ਼ ਕੁਝ ਕਹਿ ਰਿਹਾ ਹੈ।

ਫ੍ਰਾਯਡ ਦੇ ਖਿਲਾਫ਼ ਬਹੁਤ ਪਰਚਾਰ ਹੋਇਆ ਸਾਰੀ ਦੁਨੀਆਂ ਵਿਚ। ਲੇਕਿਨ ਫ੍ਰਾਯਡ ਜੀਵਨ ਦੇ ਸਿਧੇ-ਸਾਦੇ ਸਤਯਾਂ (ਸਚਾਈਆਂ) ਦੀ ਗੱਲ ਕਰ ਰਿਹਾ ਸੀ। ਫ੍ਰਾਯਡ ਵਾਮ ਮਾਰਗੀ ਹੈ। ਫ੍ਰਾਯਡ ਨੇ, ਦੱਬੇ ਹੋਏ ਮਨੋਵੇਗਾਂ (ਹੜ੍ਹਾਂ) ਨੂੰ ਫ਼ਿਰ ਤੋਂ ਗਤੀਮਾਨ ਕਰੋ, ਇਸ ਦਾ ਸੁਨੇਹਾ ਦਿੱਤਾ। ਸਾਰੀ ਦੁਨੀਆਂ ਵਿਚ ਵਿਰੋਧ ਹੋਇਆ, ਸਾਰੇ ਧਰਮਾਂ ਨੇ ਖ਼ਿਲਾਫ਼ਤ ਕੀਤੀ। ਵਿਰੋਧ ਇਸ ਲਈ ਕੀਤਾ ਕਿ ਤੁਹਾਡੇ ਹੇਠਾਂ ਦੀ ਜ਼ਮੀਨ ਖਿਸਕ ਗਈ। ਤੁਸੀਂ ਸਾਰੇ ਗਲਤ ਹੋ ਜਾਓਗੇ। ਜੇਕਰ ਫ੍ਰਾਯਡ ਸਹੀ ਹੈ। ਅਤੇ ਇਹ ਹੀ ਉਚਿਤ ਹੈ ਕਿ ਤੁਸੀਂ ਆਪਣੇ-ਆਪ ਨੂੰ ਹੀ ਸਿੱਧ ਕਰਦੇ ਰਹੋ। ਫ਼ਿਰ ਤੁਹਾਡੀ ਭੀੜ ਹੈ। ਭੀੜ ਤੁਹਾਡੇ ਨਾਲ ਹੈ। ਸਤਯ ਸਦਾ ਇਕੱਲਾ ਹੈ। ਅਸਤਯ ਬਹੁਤ ਪ੍ਰਾਚੀਨ (ਪੁਰਾਣਾ) ਹੈ। ਭੀੜ ਉਸ ਦੇ ਨਾਲ ਰਾਜ਼ੀ ਹੈ। ਭੀੜ ਨੇ ਇੰਨੇ ਦਿਨਾਂ ਤੱਕ ਉਨ੍ਹਾਂ ਦਾ ਸਾਥ ਦਿੱਤਾ ਹੈ। ਭੀੜ ਦੇ ਸਾਰੇ ਨਿਅੱਸਥ-ਸੁਆਰਥ (ਮਤਲਬ ਦੇ ਸੁਆਰਥ) ਦੀ ਵਿਵਸਥਾ ਉਨ੍ਹਾਂ ਨਾਲ ਜੁੜ ਗਈ ਹੈ। ਤੁਸੀਂ ਇੱਕਦਮ ਘਬਰਾ ਜਾਂਦੇ ਹੋ, ਤੁਸੀਂ ਇੱਕਦਮ ਭੈਭੀਤ ਹੋ ਜਾਂਦੇ ਹੋ। ਆਪਣੇ ਭੈਅ ਨਾਲ, ਆਪਣੀ ਘਬਰਾਹਟ ਨਾਲ ਤੁਸੀਂ ਵਿਰੋਧ ਕਰਨ ਲਗ ਜਾਂਦੇ ਹੋ। ਲੇਕਿਨ ਸਚਾਈ ਇਵੇਂ ਹਾਰਦੀ ਨਹੀਂ, ਸਚਾਈ ਵਾਰ-ਵਾਰ ਪਰਤ ਆਉਂਦੀ ਹੈ।

ਵਾਮ ਮਾਰਗ ਪਰਤ-ਪਰਤ ਕੇ ਆਉਂਦਾ ਰਹੇਗਾ। ਤੰਤਰ ਦਾ ਵਾਰ-ਵਾਰ ਐਲਾਨ ਹੋਵੇਗਾ, ਜਦ ਤੱਕ ਕਿ ਮਨੁੱਖ ਸਹਿਜ ਨਹੀਂ ਹੋ ਜਾਂਦਾ। ਜਿਸ ਦਿਨ ਮਨੁੱਖ ਸਹਿਜ ਹੋ ਜਾਏਗਾ, ਉਸ ਦਿਨ ਤੰਤਰ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਏਗੀ। ਤੰਤਰ ਸਿਰਫ਼ ਦਵਾਈ ਹੈ। ਵਾਮ ਮਾਰਗ, ਉਹ ਜਿਹੜੇ ਪੁੱਠੇ ਟੁਰ ਪਏ ਹਨ ਲੋਕ, ਉਨ੍ਹਾਂ ਨੂੰ ਰਸਤੇ ਉੱਤੇ ਲਿਆਉਂਣ ਲਈ ਸਿਰਫ਼ ਇੱਕ ਉਪਾਅ ਹੈ। ਜਿਹੜੇ ਰਾਹ ਉੱਤੇ ਆ ਗਿਆ। ਉਹ ਨ ਤਾਂ ਸੱਜੇ ਦਾ ਹੁੰਦਾ ਹੈ, ਨ ਖੱਬੇ ਦਾ ਹੁੰਦਾ ਹੈ। ਖੱਬਾ-ਸੱਜਾ ਦੋਵੇਂ ਉਸ ਦੇ ਹੁੰਦੇ ਹਨ; ਉਹ ਕਿਸੇ

ਦਾ ਨਹੀਂ ਹੁੰਦਾ। ਉਸ ਦੀ ਅਵਸਥਾ ਅਤਿਕ੍ਰਮਣ ਦੀ ਹੁੰਦੀ ਹੈ; ਉਹ ਦੋਹਾਂ ਦੇ ਪਾਰ ਚਲਾ ਗਿਆ ਹੁੰਦਾ ਹੈ।

ਪੁੱਛਿਆ ਤੂੰ : ਤੰਤਰ, ਵਾਮ ਮਾਰਗ, ਅਘੋਰ ਪੰਥ, ਨਾਥ ਪੰਥ ਵਰਗੇ ਨਾਵਾਂ ਤੋਂ ਲੋਗ ਕਿਉਂ ਡੋਰਦੇ ਹਨ?

ਡੋਰਨ ਦਾ ਕਾਰਣ ਹੈ। ਤੁਸੀਂ ਇੰਨਾ ਬਾਰੂਦ ਲਈ ਬੈਠੇ ਹੋ ਆਪਣੇ ਅੰਦਰ ਕਿ ਜ਼ਰਾ ਕੁ ਜਿੰਨੀ ਚਿੰਗਾਰੀ ਸਤਯ ਦੀ ਜਾਏਗੀ ਕਿ ਵਿਸਫੋਟ ਹੋ ਜਾਏਗਾ। ਤੁਸੀਂ ਚਿੰਗਾਰੀ ਤੋਂ ਡੋਰੋਗੇ ਨਹੀਂ ਤਾਂ ਕੀ ਕਰੋਗੇ? ਜਦ ਤੁਸੀਂ ਆਪਣੇ ਬਾਰੂਦ ਨੂੰ ਗਿਰਾਉਂਣ ਲਈ ਰਾਜ਼ੀ ਹੋ ਜਾਓਗੇ ਤਦ ਤੁਹਾਨੂੰ ਚਿੰਗਾਰੀ ਤੋਂ ਕੋਈ ਭੈਅ ਨਹੀਂ ਰਹਿ ਜਾਏਗਾ। ਤੁਸੀਂ ਡੋਰਦੇ ਉਸੇ ਗੱਲ ਤੋਂ ਹੋ ਜਿਸ ਗੱਲ ਨਾਲ ਤੁਹਾਡੇ ਅੰਦਰ ਬੇਚੈਨੀ ਪੈਦਾ ਹੁੰਦੀ ਹੈ। ਅਤੇ ਸਤਯ ਬਹੁਤ ਬੇਚੈਨ ਕਰਦਾ ਹੈ, ਜੇਕਰ ਅਸਤਯ ਦੇ, ਝੂਠ ਦੇ ਮੁਤਾਬਿਕ ਸੰਬੰਧ ਬਣਾ ਲਏ ਹੋਣ। ਜੇਕਰ ਝੂਠ ਦੇ ਨਾਲ ਲਾਵਾਂ ਲੈ ਲਈਆਂ ਹਨ ਤੇ ਸਚਾਈ ਬਹੁਤ ਬੇਚੈਨ ਕਰਦੀ ਹੈ।

ਮੁੱਲਾ ਨਸਰੁਦੀਨ ਦਾ ਵਿਆਹ ਹੋਇਆ। ਤਾਂ ਜਿਸ ਤਰ੍ਹਾਂ ਦਾ ਮੁਸਲਮਾਨਾਂ ਵਿਚ ਰਿਵਾਜ ਹੈ ... ਸੁਹਾਗਰਾਤ ... ਪਤਨੀ ਨੇ ਮੁੱਲਾ ਦੇ ਸਾਹਮਣੇ ਆਪਣਾ ਘੁੰਡ ਚੁਕਿਆ, ਬੁਰਕਾ ਉਠਾਇਆ। ਮੁੱਲਾ ਨੇ ਪਹਿਲੀ ਵਾਰ ਪਤਨੀ ਵੇਖੀ, ਪਹਿਲਾਂ ਤਾਂ ਵੇਖੀ ਨਹੀਂ ਸੀ। ਇੱਕਦਮ ਨਿਰਾਸ ਹੋ ਕੇ ਰਹਿ ਗਿਆ। ਇਸ ਤੋਂ ਬਹੁਤੀ ਬਦ-ਸ਼ਕਲ ਇਸਤ੍ਰੀ ਉਸਨੇ ਜੀਵਨ ਵਿਚ ਨਹੀਂ ਵੇਖੀ ਸੀ। ਰਿਵਾਜ ਦੇ ਮੁਤਾਬਿਕ ਪਤਨੀ ਨੇ ਪੁੱਛਿਆ ਕਿ ਮੈਂ ਕਿਸ-ਕਿਸ ਦੇ ਸਾਹਮਣੇ ਬੁਰਕਾ ਚੁੱਕ ਸਕਦੀ ਹਾਂ ?

ਤਾਂ ਮੁੱਲਾ ਨੇ ਕਿਹਾ : ਤੂੰ ਕਿਸੇ ਦੇ ਵੀ ਸਾਹਮਣੇ ਚੁੱਕ, ਬਸ ਮੇਰੇ ਸਾਹਮਣੇ ਨ ਚੁੱਕੀਂ। ਦੁਨੀਆਂ ਭਰ ਦੇ ਸਾਹਮਣੇ ਚੁੱਕੇ, ਤੂੰ ਜਿਸ-ਜਿਸ ਦੇ ਸਾਹਮਣੇ ਚੁਕਣਾ ਚਾਹੇਂ ਚੁੱਕ, ਸਿਰਫ਼ ਮੇਰੇ ਸਾਹਮਣੇ ਨ ਚੁੱਕੀਂ। ਹੁਣ ਇਹ ਬੁਰਕਾ ਪਿਆ ਹੀ ਰਹੇ ਤਾਂ ਠੀਕ।

ਇਹ ਜੋ ਕਰੂਪਤਾ ਹੈ, ਇਸ ਤੋਂ ਘਬਰਾਹਟ ਪੈਦਾ ਹੁੰਦੀ ਹੈ। ਤੁਸੀਂ ਆਪਣੇ ਉੱਤੇ ਬੁਰਕਾ ਪਾਇਆ ਹੈ, ਤੁਸੀਂ ਚੁਕਦੇ ਨਹੀਂ। ਜਿਹੜਾ ਵੀ ਤੁਹਾਡੇ ਬੁਰਕੇ ਨੂੰ ਚੁੱਕ ਦਿੰਦਾ ਹੈ, ਤੁਹਾਡੀ ਗੰਦਗੀ ਵਿਖਾ ਦਿੰਦਾ ਹੈ, ਉਸ ਦੇ ਨਾਲ ਹੀ ਤੁਸੀਂ ਨਾਰਾਜ਼ ਹੋ ਜਾਂਦੇ ਹੋ। ਜੋ ਵੀ ਤੁਹਾਡੇ ਅੰਦਰਲਾ ਕੂੜਾ-ਕਬਾੜ ਵਿਖਾ ਦਿੰਦਾ ਹੈ, ਉਸੇ ਨਾਲ ਤੁਸੀਂ ਗੁੱਸੇ ਹੋ ਜਾਂਦੇ ਹੋ। ਹੋਰ ਸਤਗੁਰੂ ਨੇ ਤਾਂ ਵਿਖਾਉਂਣਾ ਹੀ ਹੋਇਗਾ ਤੁਹਾਡੇ ਅੰਦਰ ਦਾ ਕੂੜਾ-ਕਰਕਟ, ਕਿਉਂਕਿ ਵੇਖੋਗੇ ਨਹੀਂ ਤਾਂ ਉਸ ਤੋਂ ਮੁਕਤ ਕਿਵੇਂ ਹੋਵੋਗੇ? ਤੁਹਾਡੇ ਅੰਦਰਲੀ ਵਿਅਰਥਤਾ ਜੋ ਤੁਸੀਂ ਇਕੱਠੀ ਕਰਕੇ ਬੈਠੇ ਹੋ, ਜਿਸਦੀ ਛਾਤੀ ਉੱਤੇ ਸਵਾਰ ਹੋ, ਜੇਕਰ ਉਸ ਤੋਂ ਤੁਹਾਡਾ ਛੁਟਕਾਰਾ ਨਹੀਂ ਹੋਇਗਾ ਤਾਂ ਤੁਸੀਂ ਉਸੇ ਵਿਚ ਡੁੱਬੋਗੇ, ਉਸੇ ਵਿਚ ਡੁੱਬੇ ਰਹੋਗੇ। ਉਹ ਤੁਹਾਨੂੰ ਡੁਬਾਉਂਣ ਦਾ ਕਾਰਣ ਹੋ ਜਾਏਗਾ। ਤੁਸੀਂ ਛਾਤੀ ਉੱਤੇ ਪਥੱਰ ਬੰਨ੍ਹ ਰੱਖੇ ਹਨ, ਉਨ੍ਹਾਂ ਪਥੱਰਾਂ ਨੂੰ ਹਟਾਉਂਣਾ ਹੀ ਹੋਇਗਾ। ਹਾਲਾਂਕਿ ਤੁਸੀਂ ਸੋਚਦੇ ਹੋ ਕਿ ਪਾਰਸ ਪਥੱਰ ਹਨ।

ਉਹ ਹੀ ਤੁਹਾਨੂੰ ਡੁੱਬੋ ਰਹੇ ਹਨ।

ਜਦ ਵੀ ਸਤਯ ਦੀ ਨਵੀਨ (ਨਵੀਂ) ਉਦਘੋਸ਼ਣਾ ਹੁੰਦੀ ਹੈ ਤਾਂ ਅਸਤਯ ਨੇ ਜੋ ਇੰਨੇ ਜਾਲ ਫ਼ੈਲਾ ਰੱਖੇ ਹਨ, ਸਬ ਪਾਸੇ ਬੇਚੈਨੀ ਦੀ ਲਹਿਰ ਹੋ ਜਾਂਦੀ ਹੈ। ਸਤਯ ਦੀ ਗਰਦਨ

ਕਟ ਦਿਓ, ਸਤਯ ਨੂੰ ਜ਼ਹਿਰ ਪਿਲਾ ਦਿਓ, ਸਤਯ ਦੀ ਵਾਣੀ ਬੰਦ ਕਰ ਦਿਓ, ਇਸ ਦੀਆਂ ਸਭ ਤਰ੍ਹਾਂ ਦੀਆਂ ਚੇਸ਼ਟਾਵਾਂ (ਕੋਸ਼ਿਸ਼ਾਂ) ਸ਼ੁਰੂ ਹੋ ਜਾਂਦੀਆਂ ਹਨ। ਅਤੇ ਇਸ ਵਿਚ ਨਾਰਾਜ਼ ਹੋਣ ਦੀ ਕੋਈ ਗੱਲ ਨਹੀਂ ਹੈ। ਇਹ ਬਿਲਕੁੱਲ ਸੁਭਾਵਿਕ ਹੈ। ਕਰੁਣਾ ਦੀ ਹੀ ਗੱਲ ਹੈ, ਦਯਾ ਦੀ ਹੀ ਗੱਲ ਹੈ।

ਬੁੱਧ ਨੇ ਆਪਣੇ ਸ਼ਿਸ਼ਿਆਂ ਨੂੰ ਕਿਹਾ ਸੀ ਕਿ ਤੁਸੀਂ ਜਿਨ੍ਹਾਂ ਲੋਗਾਂ ਨੂੰ ਸਮਝਾਉਂਣ ਜਾਓਗੇ ਉਹ ਹੀ ਤੁਹਾਨੂੰ ਮਾਰਨਗੇ। ਤੁਸੀਂ ਅਨੁਕੰਪਾ (ਸ਼ਰਧਾ) ਨਾਲ ਸਤਯ ਦੇਣ ਜਾਓਗੇ, ਉਹ ਹੀ ਤੁਹਾਡੇ ਉੱਤੇ ਪਥੱਰ ਸੁਟਣਗੇ। ਤਾਂ ਨਾਰਾਜ਼ ਨ ਹੋਣਾ। ਉਨ੍ਹਾਂ ਦੀ ਵੀ ਮਜਬੂਰੀ ਹੈ, ਉਹ ਵੀ ਕੀ ਕਰਨ? ਸਦੀਆਂ-ਸਦੀਆਂ ਤੱਕ ਜੋ ਉਨ੍ਹਾਂ ਨੇ ਸਤਯ ਮੰਨਿਆ ਸੀ, ਤੁਸੀਂ ਉਸ ਨੂੰ ਤੋੜਣ ਆ ਗਏ। ਤੁਸੀਂ ਉਨ੍ਹਾਂ ਦਾ ਭਵਨ ਹਿਲਾਉਂਣ ਲੱਗੇ। ਇਸੇ ਭਵਨ ਨੂੰ ਉਨ੍ਹਾਂ ਨੇ ਆਪਣੀ ਸੁਰਖਿਆ ਸਮਝਿਆ ਸੀ। ਤੁਸੀਂ ਉਨ੍ਹਾਂ ਦੀਆਂ ਕੰਧਾਂ ਢਾਉਂਣ ਲਗੇ। ਤੁਸੀਂ ਉਨ੍ਹਾਂ ਦੇ ਬੁਰਕੇ ਚੁੱਕ ਕੇ ਕਰੂਪਤਾ ਵਿਖਾਣ ਲਗੇ। ਉਹ ਨਾਰਾਜ਼ ਹੋਣਗੇ।

ਇੱਕ ਸ਼ਿਸ਼ ਜਾਂਦਾ ਸੀ—ਪੂਰਣ—ਯਾਤ੍ਰਾ ਉੱਤੇ, ਬੁੱਧ ਦਾ ਸੰਦੇਸ਼ ਲੈ ਕੇ। ਬੁੱਧ ਨੇ ਪੁੱਛਿਆ, ਤੂੰ ਕਿੱਥੇ ਜਾਏਂਗਾ ? ਬਿਹਾਰ ਦਾ ਇੱਕ ਹਿੱਸਾ ਸੀ 'ਸੂਖਾ' ਉਸਨੇ ਕਿਹਾ ਕਿ 'ਸੂਖਾ' ਹੁਣ ਤੱਕ ਕੋਈ ਭਿਕਸ਼ੂ ਨਹੀਂ ਗਿਆ, ਓਥੇ ਜਾਵਾਂਗਾ। ਬੁੱਧ ਨੇ ਕਿਹਾ, ਓਥੇ ਤੂੰ ਨਾ ਜਾਵੇਂ ਤਾਂ ਅੱਛਾ, ਉਸ ਇਲਾਕੇ ਦੇ ਲੋਗ ਬਹੁਤ ਖ਼ਤਰਨਾਕ ਹਨ, ਇਸ ਲਈ ਹੁਣ ਤੱਕ ਕੋਈ ਭਿਕਸ਼ੂ ਓਥੇ ਨਹੀਂ ਗਿਆ। ਉਹ ਤੈਨੂੰ ਗਾਲ੍ਹਾਂ ਕਢਣਗੇ ਤਾਂ ਤੈਨੂੰ ਕੀ ਲਗੇਗਾ? ਤਾਂ ਪੂਰਣ ਨੇ ਕਿਹਾ : ਉਹ ਮੈਨੂੰ ਗਾਲ੍ਹਾਂ ਕਢਣਗੇ ਤਾਂ ਮੈਂ ਆਪਣੇ-ਆਪ ਨੂੰ ਧੰਨਭਾਗੀ ਸਮਝਾਂਗਾ, ਕਿ ਸਿਰਫ਼ ਗਾਲ੍ਹਾਂ ਕਢਦੇ ਹਨ, ਮਾਰਦੇ ਨਹੀਂ। ਬੁੱਧ ਨੇ ਕਿਹਾ : ਜੇਕਰ ਉਨ੍ਹਾਂ ਨੇ ਤੈਨੂੰ ਮਾਰਿਆ ਤਾਂ ਤੈਨੂੰ ਕੀ ਹੋਏਗਾ ਪੂਰਣ? ਤਾਂ ਪੂਰਣ ਨੇ ਕਿਹਾ, ਮੈਂ ਧੰਨਭਾਗੀ ਸਮਝਾਂਗਾ ਆਪਣੇ ਨੂੰ ਕਿ ਮਾਰਦੇ ਹੀ ਨੇ, ਵਢਦੇ ਤਾਂ ਨਹੀਂ।

ਬੁੱਧ ਨੇ ਕਿਹਾ : ਇੱਕ ਸਵਾਲ ਹੋਰ, ਜੇਕਰ ਉਹ ਮਾਰ ਹੀ ਸੁਟਣ ਤਾਂ ਮਰਦੇ-ਮਰਦੇ ਤੈਨੂੰ ਕੀ ਹੋਵੇਗਾ? ਤਾਂ ਪੂਰਣ ਨੇ ਕਿਹਾ ਕਿ ਹੋਰ ਕੀ ਹੋਵੇਗਾ—ਇਹ ਹੀ ਕਿ ਕਿੰਨੇ ਭਲੇ ਲੋਗ ਹਨ ਕਿ ਉਸ ਦੇਹ ਤੋਂ ਛੁਟਕਾਰਾ ਦਿਲਾ ਦਿੱਤਾ, ਇਸ ਦੇਹ ਵਿਚ ਰਹਿੰਦਾ ਤਾਂ ਸ਼ਾਇਦ ਕੋਈ ਭੁੱਲ-ਚੁੱਕ ਹੋ ਜਾਂਦੀ; ਹੁਣ ਭੁੱਲ-ਚੁੱਕ ਨਹੀਂ ਹੋ ਸਕੇਗੀ। ਉਸ ਦੇਹ ਤੋਂ ਛੁਟਕਾਰਾ ਦਿਲਾ ਦਿੱਤਾ ਜਿਸ ਵਿਚ ਰਹਿੰਦਾ ਤਾਂ ਸ਼ਾਇਦ ਕਿੱਤੇ ਪੈਰ ਗਲਤ ਰਾਹਾਂ ਤੇ ਪੈ ਜਾਂਦੇ, ਕੁਝ ਤੋਂ ਕੁਝ ਹੋ ਜਾਂਦਾ, ਭਟਕ ਜਾਂਦਾ; ਉਸ ਦੇਹ ਤੋਂ ਛੁਟਕਾਰਾ ਦਿਲਾ ਦਿੱਤਾ! ਉਨ੍ਹਾਂ ਲਈ ਅਨੁਕੰਪਾ (ਮੇਹਰਬਾਨੀ) ਨਾਲ ਭਰਿਆ ਮਰਾਂਗਾ। ਉਨ੍ਹਾਂ ਦੇ ਲਈ ਹਿਸਾਨਮੰਦੀ ਨਾਲ ਭਰਿਆ ਹੋਇਆ ਮਰਾਂਗਾ।

ਬੁੱਧ ਨੇ ਕਿਹਾ, ਫ਼ਿਰ ਤੂੰ ਜਾ : ਫ਼ਿਰ ਤੂੰ ਕਿੱਤੇ ਵੀ ਜਾ। ਤੂੰ ਜਿੱਥੇ ਵੀ ਜਾਏਂਗਾ, ਉੱਥੇ ਹੀ ਮਿਤ੍ਰਾਂ ਨੂੰ ਪਾਏਂਗਾ। ਕਿਉਂਕਿ ਤੈਨੂੰ ਹੁਣ ਦੁਸ਼ਮਣ ਵਿਖਾਈ ਨਹੀਂ ਪੈ ਸਕਦਾ। ਨਹੀਂ ਵਿਖਾਈ ਪੈਣ ਨਾਲ ਦੁਸ਼ਮਣ ਨਹੀ ਹੋ ਜਾਂਦਾ ਹੈ, ਅਜਿਹਾ ਨਹੀਂ ਹੈ। ਲੇਕਿਨ ਜਿਸ ਨੂੰ ਦੁਸ਼ਮਣ ਵਿਖਾਈ ਦੇਣਾ ਬੰਦ ਹੋ ਜਾਂਦਾ ਹੈ ਉਹ ਹੀ ਸਤਯ ਦਾ ਐਲਾਨ ਕਰ ਸਕਦਾ ਹੈ। ਦੁਸ਼ਮਣ ਤਾਂ ਹੋਣਗੇ ਪੈਦਾ, ਝੱਟ-ਪੱਟ ਪੈਦਾ ਹੋ ਜਾਣਗੇ।

ਸਤਯ ਦੇ ਦੁਸ਼ਮਣ ਲਗਾਤਾਰ ਪੈਦਾ ਹੁੰਦੇ ਹਨ। ਸਾਡੀ ਇੰਨੀ ਸਮਝ ਕਿੱਥੇ, ਕਿ ਅਸੀਂ ਸਤਯ ਨੂੰ ਪਚਾ ਸਕੀਏ। ਇੰਨੀ ਵੱਡੀ ਛਾਤੀ ਕਿੱਥੇ ਹੈ ਸਾਡੀ ਕਿ ਅਸੀਂ ਸਤਯ ਨੂੰ ਆਪਣੇ ਅੰਦਰ ਜਜ਼ਬ ਕਰ ਲਈਏ, ਆਪਣੇ ਅੰਦਰ ਮੇਹਮਾਨ ਬਣ ਜਾਣ ਦੇਈਏ। ਅਸੀਂ ਮਹਿਮਾਨ ਨਵਾਜ਼ ਬਣੀਏ ਸਤਯ ਦੇ, ਸਤਯ ਮੇਹਮਾਨ ਬਣੇ, ਇਸ ਦੀ ਸਾਡੀ ਪਾਤ੍ਰਤਾ (ਔਕਾਤ) ਕਿੱਥੇ? ਇਸ ਲਈ ਲਗਾਤਾਰ ਇਹ ਹੁੰਦਾ ਰਿਹਾ ਹੈ। ਨਿੰਦਾ ਹੁੰਦੀ ਰਹੀ, ਉਪੇਕਸ਼ਾ ਹੁੰਦੀ ਰਹੀ, ਪਰ ਸਤਯ ਆਪਣੀ ਉਦਘੋਸ਼ਣਾ ਵਾਰ-ਵਾਰ ਕਰਦਾ ਰਿਹਾ ਹੈ।

ਹੋਰ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਸਤਯ ਆਉਂਦਾ ਹੈ ਮਸਤੱਕ ਦੇ ਸੱਜੇ ਹਿੱਸੇ ਤੋਂ ਜੋ ਖੱਬੇ ਹਥ ਨਾਲ ਜੁੜਿਆ ਹੈ। ਹਿਸਾਬ-ਕਿਤਾਬ ਆਉਂਦਾ ਹੈ ਮਸਤੱਕ ਦੇ ਖੱਬੇ ਹਿੱਸੇ ਤੋਂ ਜੋ ਸੱਜੇ ਹਥ ਨਾਲ ਜੁੜਿਆ ਹੈ। ਹਿਸਾਬ-ਕਿਤਾਬ ਵਾਲਾ ਆਦਮੀ ਕਵਿਤਾ ਦੇ ਲਈ ਕਦੇ ਵੀ ਰਾਜ਼ੀ ਨਹੀਂ ਹੁੰਦਾ। ਧਨ-ਦੌਲਤ ਨੂੰ ਮੁੱਲ ਸਮਝਣ ਵਾਲਾ ਵਿਅਕਤੀ, ਧਿਆਨ ਦਾ ਮੁੱਲ ਨਹੀਂ ਸਮਝ ਪਾਉਂਦਾ। ਅਤੇ ਦੁਕਾਨ ਹੀ ਜਿਸ ਲਈ ਸਭ ਕੁਝ ਹੈ, ਉਹ ਮੰਦਰ ਦਾ ਨਹੀਂ ਹੋ ਪਾਉਂਦਾ। ਅਤੇ ਜੇਕਰ ਮੰਦਰ ਵਿਚ ਚਲਾ ਵੀ ਜਾਵੇ ਤਾਂ ਮੰਦਰ ਵੀ ਉਸ ਦੇ ਨਾਲ ਹੀ ਭਰਿਸ਼ਟ ਹੋ ਜਾਂਦਾ ਹੈ।

ਤੀਜਾ ਸਵਾਲ : ਸਮਾਧੀ ਦਾ ਪਹਿਲਾ ਅਨੁਭਵ ਕਿਹੋ-ਜਿਹਾ ਹੁੰਦਾ ਹੈ ?

ਹੋਇਗਾ ਤਾਂ ਹੀ ਜਾਣੋਗੇ। ਕਿਹਾ ਜਾ ਸਕੇ, ਅਜਿਹਾ ਨਹੀਂ ਹੈ। ਕੁਝ-ਕੁਝ ਇਸ਼ਾਰੇ ਕੀਤੇ ਜਾ ਸਕਦੇ ਹਨ। ਜਿਵੇਂ ਹਨੇਰੇ ਵਿਚ ਅਚਾਨਕ ਦੀਵਾ ਜਗ ਜਾਏ, ਅਜਿਹਾ ਹੁੰਦਾ ਹੈ। ਜਾਂ ਜਿਵੇਂ ਬੀਮਾਰ ਮਰ ਰਿਹਾ ਹੋਵੇ ਅਤੇ ਅਚਾਨਕ ਕੋਈ ਦਵਾਈ ਲਗ ਜਾਏ ... ਮਰਦੇ-ਮਰਦੇ ਕੋਈ ਦਵਾਈ ਲਗ ਜਾਏ ਅਤੇ ਜੀਵਨ ਦੀ ਲਹਿਰ, ਜੀਵਨ ਦੀ ਪੁਲਕ ਫ਼ਿਰ ਫ਼ੈਲ ਜਾਏ—ਅਜਿਹਾ ਹੁੰਦਾ ਹੈ। ਜਿਵੇਂ ਕੋਈ ਮੁਰਦਾ ਜੀਉਂਦਾ ਹੋ ਜਾਏ—ਅਜਿਹਾ ਹੁੰਦਾ ਹੈ ਸਮਾਧੀ ਦਾ ਪਹਿਲਾ ਅਨੁਭਵ। ਅਮ੍ਰਿਤ ਦਾ ਅਨੁਭਵ ਹੈ। ਪਰਮ ਸੰਗੀਤ ਦਾ ਅਨੁਭਵ ਹੈ। ਪਰ ਹੋਇਗਾ ਤਦ ਹੀ ਅਨੁਭਵ ਹੋਏਗਾ।

ਅਤੇ ਹੋਏਗਾ ਤਦ ਹੀ ਤੁਸੀਂ ਸਮਝ ਸਕੋਗੇ ; ਮੇਰੇ ਕਹਿਣ ਨਾਲ ਸਮਝ ਵਿਚ ਨਹੀਂ ਆ ਸਕੇਗਾ। ਪ੍ਰੇਮ ਵਿਚ ਜਿਹੋ-ਜਿਹਾ ਹੁੰਦਾ ਹੈ। ਹੁਣ ਕੋਈ ਕਿਸੇ ਨੂੰ ਕਿਵੇਂ ਸਮਝਾਏ? ਜਿਸ ਨੇ ਪ੍ਰੇਮ ਨ ਕੀਤਾ ਹੋਵੇ, ਜਿਸ ਨੇ ਪ੍ਰੇਮ ਜਾਣਿਆ ਨ ਹੋਵੇ, ਉਸ ਦੇ ਸਾਹਮਣੇ ਤੁਸੀਂ ਕਿੰਨਾ ਲਖ ਸਿਰ ਪਟਕੋ, ਕਿੰਨੀ ਵਿਆਖਿਆ ਕਰੋ—ਸੁਣ ਲਵੇਗਾ ਸਭ, ਪਰ ਫ਼ਿਰ ਵੀ ਪੁੱਛੇਗਾ ਕਿ ਮੇਰੀ ਕੁਝ ਸਮਝ ਵਿਚ ਨਹੀਂ ਆਇਆ। ਕੁਝ ਹੋਰ ਥੋੜ੍ਹੀ ਵਿਆਖਿਆ ਕਰੋ।

ਅਜਿਹਾ ਹੀ ਜਿਵੇਂ ਅੰਨ੍ਹੇ ਨੂੰ ਤੁਸੀਂ ਪਰਕਾਸ਼ ਬਾਰੇ ਸਮਝਾਓ, ਜਾਂ ਬੋਲੇ ਨੂੰ ਨਾਦ ਸਮਝਾਓ—ਨਹੀਂ ਸਮਝ ਵਿਚ ਆ ਸਕੇਗਾ। ਜਿਸ ਦੇ ਨਾਸਾਪੁਟ (ਸੁੰਘਨ ਸ਼ਕਤੀ) ਖ਼ਰਾਬ ਹੋ ਗਏ ਹੋਣ ਅਤੇ ਜਿਸ ਨੂੰ ਗੰਧ ਨਹੀਂ ਆਉਂਦੀ, ਉਸ ਨੂੰ ਗੰਧ (ਖ਼ੁਸ਼ਬੂ) ਦਾ ਅਨੁਭਵ ਕਿਵੇਂ ਦੱਸੋਗੇ ? ਅਨੁਭਵ ਕਦੇ ਵੀ ਸ਼ਬਦਾਂ ਵਿਚ ਬੰਨ੍ਹੇ ਨਹੀਂ ਜਾ ਸਕਦੇ। ਲੇਕਿਨ ਕੁਝ ਇਸ਼ਾਰੇ ਕੀਤੇ ਜਾ ਸਕਦੇ ਹਨ।

ਗੀਤ ਪ੍ਰਾਣੋਂ ਮੇਂ ਜਗੇ, ਪਰ ਭਾਵਨਾ ਮੇਂ ਬਹ ਗਏ !
ਏਕ ਥੀ ਮਨ ਕੀ ਕਸਕ,
ਜੋ ਸਾਧਨਾਓਂ ਮੇਂ ਫਲੀ, ਕਲਪਨਾਓਂ ਮੇਂ ਪਲੀ;
ਪੰਥ ਥਾ ਮੁਝਕੋ ਅਪਰਿਚਿਤ, ਮੈਂ ਨਹੀਂ ਅਬ ਤੱਕ ਚਲੀ,
ਪ੍ਰੇਮ ਕੀ ਸੰਕਰੀ ਗਲੀ;
ਬੜ੍ਹ ਗਏ ਪਰਾ, ਕਿੰਤੂ ਸਹਸਾ
ਔਰ ਮਨ ਭੀ ਬੜ੍ਹ ਗਿਆ;
ਲੋਕ-ਲੀਕੋਂ ਕੇ ਸਭੀ ਭ੍ਰਮ, ਏਕ ਪਲ ਮੇਂ ਢਹ ਗਏ !
ਗੀਤ ਪ੍ਰਾਣੋਂ ਮੇਂ ਜਗੇ, ਪਰ ਭਾਵਨਾ ਮੇਂ ਬਹ ਗਏ !

ਵਹ ਮਧੁਰ ਵੇਲਾ ਪ੍ਰਤੀਕਸ਼ਾ ਕੀ ਮਧੁਰ ਅਨੁਹਾਰ ਥੀ,
ਮੈਂ ਚਕਿਤ ਸਾਭਾਰ ਥੀ;
ਕਹ ਨਹੀਂ ਸਕਤੀ ਹ੍ਰਿਦਯ ਕੀ ਜੀਤ ਥੀ, ਯਾ ਹਾਰ ਥੀ,
ਵੇਦਨਾ ਸੁਕੁਮਾਰ ਥੀ;
ਮੌਨ ਤੋ ਵਾਣੀ ਰਹੀ, ਪਰ
ਭੇਦ ਮਨ ਕਾ ਖੁਲ੍ਹ ਗਿਆ;
ਜੋ ਨ ਕਹਨਾ ਚਾਹਤੀ ਥੀ, ਯੇ ਨਯਨ ਸਬ ਕਹ ਗਏ !
ਗੀਤ ਪ੍ਰਾਣੋਂ ਮੇਂ ਜਗੇ, ਪਰ ਭਾਵਨਾ ਮੇਂ ਬਹ ਗਏ !

ਕਲਪਨਾ ਜਿਸ ਕੀ ਸੰਜੋਈ ਸਾਮਨੇ ਹੀ ਪਾ ਗਈ,
ਵਹ ਘੜੀ ਭੀ ਆ ਗਈ;
ਛਵਿ ਅਨੋਖੀ ਥੀ ਹ੍ਰਿਦਯ ਪਰ ਛਾ ਗਈ,
ਮਨ ਭਾ ਗਈ, ਦੇਖਤੇ ਸ਼ਰਮਾ ਗਈ;
ਕਰ ਸਕੀ ਮਨੁਹਾਰ ਭੀ ਕਬ
ਮੈਂ ਸਵੰਯ ਮੇਂ ਖੋ ਗਈ;
ਔਰ ਅਬ ਤੋ ਪ੍ਰਾਣ ਮੇਰੇ ਕੁਛ ਠਗੇ-ਸੇ ਰਹ ਗਏ !
ਗੀਤ ਪ੍ਰਾਣੋਂ ਮੇਂ ਜਗੇ, ਪਰ ਭਾਵਨਾ ਮੇਂ ਬਹ ਗਏ !

ਜਿਵੇਂ ਅਚਾਨਕ ਤੁਹਾਡੇ ਹ੍ਰਿਦਯ ਵਿਚ ਇੱਕ ਗੀਤ ਜਗੇ, ਜਿਵੇਂ ਅਚਾਨਕ, ਬੈਠੇ-ਬਿਠਾਏ ਆਪਣੇ ਆਪ ਤੁਹਾਡੇ ਅੰਦਰ ਇੱਕ ਰਸ ਦਾ ਝਰਨਾ ਫੁੱਟ ਪਵੇ !

ਪੰਥ ਥਾ ਮੁਝ ਕੋ ਅਪਰਿਚਿਤ, ਮੈਂ ਨਹੀਂ ਅਬ ਤੱਕ ਚਲੀ
ਪ੍ਰੇਮ ਕੀ ਸੰਕਰੀ ਗਲੀ !

ਅਤੇ ਅਚਾਨਕ ਪ੍ਰੇਮ ਜਾਗ ਜਾਏ ... ਅਜਿਹਾ ਅਨੁਭਵ ਹੈ ਸਮਾਧੀ ਦਾ ਪਹਿਲਾ ਅਨੁਭਵ। ਜਿਵੇਂ ਪਤਝੜ ਸੀ ਅਤੇ ਅਚਾਨਕ ਬਸੰਤ ਆ ਜਾਏ। ਤੇ ਜਿੱਥੇ ਰੁੱਖੇ-ਸੁੱਕੇ

ਦਰਖ਼ੱਤ ਖਲੋਤੇ ਸਨ, ਹਰੇ ਹੋ ਜਾਣ, ਲਦ ਜਾਣ ਪਤਿਆਂ ਨਾਲ, ਫ਼ੁੱਲ ਖਿੜ ਜਾਣ—ਅਜਿਹਾ ਅਨੁਭਵ ਹੈ ਸਮਾਧੀ ਦਾ ਪਹਿਲਾ।

ਬੜ੍ਹ ਗਏ ਪਗ, ਕਿਨਤੂ ਸਹਸਾ ...

ਹੋਰ ਜਿਸ ਦੇ ਅੰਦਰ ਪ੍ਰੇਮ ਜਾਗਿਆ ਜਾਂ ਜਿਸ ਦੇ ਅੰਦਰ ਪਰਕਾਸ਼ ਜਗਿਆ, ਜਾਂ ਜਿਸ ਨੂੰ ਨਾਦ ਸੁਣਾਈ ਪਿਆ, ਫ਼ਿਰ ਉਸ ਦੇ ਪੈਰ ਸਹਸਾ ਵੱਧ ਜਾਂਦੇ ਹਨ। ਫ਼ਿਰ ਭੈਅ ਨਹੀਂ ਫੜਦਾ। ਜਿਸ ਦੇ ਅੰਦਰ ਪ੍ਰੇਮ ਜਾਗਿਆ, ਉਹ ਸਭ ਭੈ ਛੱਡ ਦਿੰਦਾ ਹੈ। ਇਸ ਲਈ ਤਾਂ ਗਣਿਤ, ਹਿਸਾਬ ਬਿਠਾਉਣ ਵਾਲੇ ਲੋਗ ਕਹਿੰਦੇ ਹਨ ਕਿ ਪ੍ਰੇਮ ਅੰਨ੍ਹਾਂ ਹੁੰਦਾ ਹੈ—ਕਿ ਜਿੱਥੇ ਅੱਖਾਂ ਵਾਲੇ ਜਾਣ ਤੋਂ ਡਰਦੇ ਹਨ, ਉੱਥੇ ਪ੍ਰੇਮੀ ਚਲਾ ਜਾਂਦਾ ਹੈ। ਜਿੱਥੇ ਅੱਖਾਂ ਵਾਲੇ ਕਹਿੰਦੇ ਹਨ ਸਾਵਧਾਨ, ਸਾਵਧਾਨ, ਬਚੋ, ਝੰਜਟ ਵਿਚ ਪਵੋਗੇ—ਉੱਥੇ ਪ੍ਰੇਮੀ ਨੱਚਦਾ ਅਤੇ ਗੀਤ ਗੁਣਗੁਣਾਉਂਦਾ ਪ੍ਰਵੇਸ਼ ਕਰ ਜਾਂਦਾ ਹੈ। ਇਸ ਲਈ ਸਮਝਦਾਰ ਪ੍ਰੇਮੀ ਨੂੰ ਅੰਨ੍ਹਾਂ ਕਹਿੰਦੇ ਹਨ। ਅਸਲੀਅਤ ਉਲਟੀ ਹੀ ਹੈ। ਸਮਝਦਾਰਾਂ ਦੇ ਸਿਵਾਏ ਕੋਈ ਹੋਰ ਅੰਨ੍ਹਾਂ ਨਹੀਂ। ਪ੍ਰੇਮੀ ਦੇ ਕੋਲ ਹੀ ਅੱਖ ਹੁੰਦੀ ਹੈ। ਜੇਕਰ ਪ੍ਰੇਮ ਅੱਖ ਨਹੀਂ ਹੈ ਤਾਂ ਫ਼ਿਰ ਹੋਰ ਅੱਖ ਕਿੱਥੇ ਹੋਵੇਗੀ?

ਪੱਥ ਥਾ ਮੁਝ ਕੋ ਅਪਰਿਚਿਤ, ਮੈਂ ਨਹੀਂ ਅਬ ਤੱਕ ਚਲੀ
ਪ੍ਰੇਮ ਕੀ ਸੰਕਰੀ ਗਲੀ !
ਬੜ੍ਹ ਗਏ ਪਗ, ਕਿਨਤੂ ਸਹਸਾ
ਔਰ ਮਨ ਭੀ ਬੜ੍ਹ ਗਿਆ;
ਲੋਕ-ਲੀਕੋਂ ਕੇ ਸਭੀ ਭ੍ਰਮ, ਏਕ ਪਲ ਮੇਂ ਢਹ ਗਏ !

ਅਜਿਹਾ ਹੈ ਸਮਾਧੀ ਦਾ ਪਹਿਲਾ ਅਨੁਭਵ। ਹੁਣ ਤੱਕ ਦੀਆਂ ਸਾਰੀਆਂ ਧਾਰਨਾਵਾਂ, ਹੁਣ ਤੱਕ ਦੇ ਸਾਰੇ ਪਕਸ਼ਪਾਤ, ਹੁਣ ਤੱਕ ਦੇ ਸਾਰੇ ਸਿੱਧਾਂਤ, ਸ਼ਾਸਤ੍ਰ, ਇਸ ਤਰ੍ਹਾਂ ਵਹਿ ਜਾਣਗੇ, ਜਿਵੇਂ ਬਾਰਸ਼ ਦਾ ਪਹਿਲਾ ਪੂਰ (ਹੜ੍ਹ) ਆਇਆ ਨਦੀ ਵਿਚ ਅਤੇ ਸਾਰਾ ਕੂੜਾ-ਕਬਾੜਾ ਕੰਢਿਆਂ ਦਾ ਲੈ ਗਿਆ ... ਸਭ ਬਹਿ ਗਿਆ।

ਵਹ ਮਧੁਰ ਵੇਲਾ ਪ੍ਰਤੀਕਸ਼ਾ ਕੀ ਮਧੁਰ ਅਨੁਹਾਰ ਥੀ,
ਮੈਂ ਚਕਿਤ ਸਾਭਾਰ ਥੀ;

ਹਾਂ, ਹੈਰਾਨ ਹੋ ਕੇ ਰਹਿ ਜਾਓਗੇ ਖਲੋਤੇ; ਸੋਚ ਨਹੀਂ ਸਕੋਗੇ ਕਿ ਹੋ ਰਿਹਾ ਹੈ। ਵਿਚਾਰ ਬੰਦ ਹੋ ਜਾਣਗੇ ਸੋਚਣ ਦਾ ਮੌਕਾ ਨਹੀਂ ਹੈ। ਸੋਚਣ ਦੇ ਪਾਰ ਕੁਝ ਘੱਟ ਰਿਹਾ ਹੈ।

ਵਹ ਮਧੁਰ ਵੇਲਾ ਪ੍ਰਤੀਕਸ਼ਾ ਕੀ ਮਧੁਰ ਅਨੁਹਾਰ ਥੀ,
ਮੈਂ ਚਕਿਤ ਸਾਭਾਰ ਥੀ
ਕਹ ਨਹੀਂ ਸਕਤੀ ਹ੍ਰਿਦਯ ਕੀ ਜੀਤ ਥੀ, ਯਾ ਹਾਰ ਥੀ,

ਕਹਿਣਾ ਔਖਾ ਹੈ—ਕੌਣ ਜਿਤਿਆ, ਕੌਣ ਹਾਰਿਆ? ਕਿਉਂਕਿ ਉੱਥੇ ਦੋ ਨਹੀਂ ਹਨ, ਇਸ ਲਈ ਜਿੱਤ ਕਹੋ ਤਾਂ ਠੀਕ, ਹਾਰ ਕਹੋ ਤਾਂ ਠੀਕ।

ਇੱਕ ਅਰਥ ਵਿਚ ਹਾਰ ਹੈ, ਕਿਉਂਕਿ ਮਿੱਟ ਗਏ; ਦੂਜੇ ਅਰਥ ਵਿਚ ਜਿੱਤ ਹੈ, ਕਿਉਂਕਿ ਪਰਮਾਤਮਾ ਹੋ ਗਏ। ਇੱਕ ਅਰਥ ਵਿਚ ਹਾਰ ਹੈ ਬੂੰਦ ਦੀ ਕਿ ਬੂੰਦ ਮਿੱਟ ਗਈ, ਦੂਜੇ ਅਰਥ ਵਿਚ ਜਿੱਤ ਹੈ ਕਿ ਬੂੰਦ ਸਾਗਰ ਹੋ ਗਈ।

ਕਹ ਨਹੀਂ ਸਕਤੀ ਹ੍ਰਿਦਯ ਕੀ ਜੀਤ ਥੀ, ਯਾ ਹਾਰ ਥੀ,

ਵੇਦਨਾ ਸੁਕੁਮਾਰ ਥੀ;

ਪਰ ਇੰਨਾ ਪੱਕਾ ਹੈ ਕਿ ਉਹ ਜਿਹੜੀ ਪੀੜ ਸੀ ਬਹੁਤ ਪਿਆਰੀ ਸੀ, ਬਹੁਤ ਮਿੱਠੀ ਸੀ। ਕਿਹਾ ਨਹੀਂ ਗੋਰਖ ਨੇ—ਮਰਣ ਹੈ ਮੀਠਾ! ਤਿਸ ਮਰਣੀ ਮਰੋ ਜਿਸ ਮਰਣੀ ਗੋਰਸ਼ ਮਰਿ ਦੀਠਾ। ਬਹੁਤ ਮਿੱਠੀ ਪ੍ਰੀਤਿ ਹੈ, ਬਹੁਤ ਮਿੱਠੀ ਪ੍ਰੀਤਿਕਰ ਮੌਤ ਹੈ !

ਕਲਪਨਾ ਜਿਸ ਕੀ ਸੰਜੋਈ ਸਾਮਨੇ ਹੀ ਪਾ ਗਈ,

ਸੱਚ ਤਾਂ ਇਹ ਹੈ, ਤੁਸੀਂ ਜਿੰਨੀਆਂ ਕਲਪਨਾਵਾਂ ਇਕੱਠੀਆਂ ਕੀਤੀਆਂ ਹਨ, ਸਭ ਛੋਟੀਆਂ ਪੈ ਜਾਂਦੀਆਂ ਹਨ ਸਤਯ ਦੇ ਸਮੱਕਸ਼ (ਮੂਹਰੇ)। ਤੁਸੀਂ ਜੋ ਮੰਗਿਆ ਸੀ ਉਸ ਤੋਂ ਬਹੁਤ ਜ਼ਿਆਦਾ ਮਿਲਦਾ ਹੈ, ਜਦ ਮਿਲਦਾ ਹੈ; ਛੱਪਰ ਫਾੜ ਕੇ ਮਿਲਦਾ ਹੈ।

ਵਹ ਘੜੀ ਵੀ ਆ ਗਈ

ਜਿਸ ਦਾ ਭਰੋਸਾ ਵੀ ਨਹੀਂ ਹੁੰਦਾ ਸੀ ਕਿ ਆ ਜਏਗੀ; ਘੜੀ ਆਉਂਦੀ ਹੈ।

ਵਹ ਘੜੀ ਭੀ ਆ ਗਈ

ਛਵਿ ਅਨੋਖੀ ਥੀ ਹ੍ਰਿਦਯ ਪਰ ਛਾ ਗਈ, ਮਨ ਭਾ ਗਈ;

ਦੇਖਤੇ ਸਰਮਾ ਗਈ,

ਭਰੋਸਾ ਨਹੀਂ ਆਉਂਦਾ ਕਿ ਮੇਰੀ ਅਜਿਹੀ ਪਾਤ੍ਰਤਾ (ਔਕਾਤ)! ਕਿ ਪਿਆਰਾ ਮਿਲੇਗਾ ਕਿ ਪ੍ਰੀਤਮ ਨਾਲ ਮਿਲਣ ਹੋਵੇਗਾ।

ਕਰ ਸਕੀ ਮਨੁਹਾਰ ਭੀ ਕਬ

ਕਹਿੰਦਿਆਂ ਕੁਝ ਨਹੀਂ ਬਣਿਆ। ਸਵਾਗਤ ਦੇ ਦੋ ਸ਼ਬਦ ਨਹੀਂ ਬੋਲੇ ਜਾ ਸਕੇ ...।

ਮੈਂ ਸਵੰਯ ਮੇਂ ਖੋ ਗਈ,

ਔਰ ਅਬ ਤੋ ਪ੍ਰਾਣ ਮੇਰੇ ਕੁਛ ਠਗੇ ਸੇ ਰਹ ਗਏ !

ਸਮਾਧੀ ਦਾ ਪਹਿਲਾ ਅਨੁਭਵ, ਜਿਵੇਂ ਬਿਲਕੁੱਲ ਠੱਗੇ ਗਏ, ਜਿਵੇਂ ਬਿਲਕੁੱਲ ਲੁੱਟੇ ਗਏ ...। ਹਾਰੇ ਕਿ ਜਿੱਤੇ, ਪਤਾ ਨਹੀਂ; ਇੰਨਾ ਤਾਂ ਪੱਕਾ ਹੈ ਕਿ ਸੀਮਾਵਾਂ (ਕੰਢੇ) ਟੁੱਟ ਗਈਆਂ—ਉਤਰਿਆ ਪੂਰਾ ਆਕਾਸ਼। ਕਬੀਰ ਨੇ ਕਿਹਾ ਹੈ; ਬੂੰਦ ਵਿਚ ਸਮੁੰਦ ਸਮਾਨਾ ...। ਬੂੰਦ ਵਿਚ ਸਮੁੰਦਰ ਸਮਾ ਗਿਆ। ਸੀਮਾਂ ਵਿਚ ਅਸੀਮ ਆ ਗਿਆ, ਦਰੱਸ਼ ਵਿਚ ਅਦਰੱਸ਼ਯ...।

ਜੋ ਗੋਚਰ ਸੀ ਉਸ ਦੇ ਅੰਦਰ ਅਗੋਚਰ ਖੜਾ ਹੋ ਗਿਆ।

ਸਮਾਧੀ ਦਾ ਪਹਿਲਾ ਅਨੁਭਵ ਇਸ ਜਗਤ ਦਾ ਸਭ ਤੋਂ ਵੱਧ ਬਹੁਤ ਕੀਮਤੀ ਅਨੁਭਵ ਹੈ। ਅਤੇ ਫ਼ਿਰ ਅਨੁਭਵ ਉੱਤੇ ਅਨੁਭਵ ਹੈ, ਕਮਲ ਉੱਤੇ ਕਮਲ ਖਿੜਦੇ ਚਲੇ ਜਾਂਦੇ ਹਨ। ਫ਼ਿਰ ਕੋਈ ਅੰਤ ਨਹੀਂ ਹੈ, ਫ਼ਿਰ ਕਤਾਰ ਬੰਨ੍ਹ ਕੇ ਕਮਲ ਖਿੜਦੇ ਚਲੇ ਜਾਂਦੇ ਹਨ। ਫ਼ਿਰ ਅਜਿਹਾ ਕਦੇ ਹੁੰਦਾ ਹੀ ਨਹੀਂ ਕਿ ਸਮਾਧੀ ਦੇ ਅਨੁਭਵ ਘੱਟ ਹੁੰਦੇ ਜਾਣ, ਵੱਧਦੇ ਹੀ ਚਲੇ ਜਾਂਦੇ ਹਨ। ਇਸ ਲਈ ਪਰਮਾਤਮਾ ਨੂੰ ਅਨੰਤ ਕਿਹਾ ਹੈ, ਕਿ ਉਸ ਦਾ ਅਨੁਭਵ ਕਦੇ ਘੱਟਦਾ ਨਹੀਂ ਹੈ, ਮੁਕਦਾ ਨਹੀਂ ਹੈ।

ਜੀਸਸ ਦੇ ਜੀਵਨ ਵਿਚ ਉਲੇਖ ਹੈ ਕਿ ਜਦ ਬਪਤਿਸਮਾ ਵਾਲੇ ਜੌਨ ਨੇ—ਇਹ ਵੀ ਇੱਕ ਅਨੋਖਾ ਆਦਮੀ ਸੀ ਜੌਨ—ਜੀਸਸ ਨੂੰ ਦੀਕਸ਼ਾ ਦਿੱਤੀ। ਜੀਸਸ ਦੇ ਗੁਰੂ ਸਨ

ਜਾੱਨ। ਜੋਰਦਨ ਨਦੀ ਵਿਚ ਜੀਸਸ ਨੂੰ ਲੈ ਜਾ ਕੇ ਜਦ ਉਨ੍ਹਾਂ ਨੇ ਪਾਣੀ ਦੇ ਨਾਲ ਦੀਕਸ਼ਾ ਦਿੱਤੀ ਸੀ ਤਾਂ ਬਹੁਤ ਭੀੜ ਇਕੱਠੀ ਹੋ ਗਈ ਸੀ, ਕਿਉਂਕਿ ਜਾੱਨ ਕਹਿ ਰਿਹਾ ਸੀ ਕਿ ਜਿਸ ਆਦਮੀ ਨੂੰ ਦੀਕਸ਼ਾ ਦੇਣ ਲਈ ਮੈਂ ਰੁਕਿਆ ਹਾਂ, ਉਹ ਆਇਆ, ਹੁਣ ਆਇਆ, ਹੁਣ ਆਇਆ, ਆਉਣ ਹੀ ਵਾਲਾ ਹੈ। ਤਾਂ ਬਹੁਤ ਭੀੜ ਇਕੱਠੀ ਹੋ ਗਈ, ਉਸ ਆਦਮੀ ਨੂੰ ਵੇਖਣ ਲਈ। ਅਤੇ ਜਦ ਜੀਸਸ ਆਏ ਤਾਂ ਜਾੱਨ ਨੇ ਕਿਹਾ, ਆ ਗਿਆ ਇਹ ਆਦਮੀ, ਇਸੇ ਨੂੰ ਦੀਕਸ਼ਾ ਦੇਣ ਲਈ ਮੈਂ ਰੁਕਿਆ ਹੋਇਆ ਸੀ; ਮੇਰਾ ਕੰਮ ਹੁਣ ਪੂਰਾ ਹੋ ਗਿਆ। ਹੁਣ ਇਹ ਸੰਭਾਲੇਗਾ। ਮੈਂ ਬੁੱਢਾ ਵੀ ਹੋ ਚੁਕਿਆ ਹਾਂ।

ਜਦ ਜੀਸਸ ਨੂੰ ਦੀਕਸ਼ਾ ਦਿੱਤੀ ਜੋਰਦਨ ਨਦੀ ਵਿਚ ਤਾਂ ਕਹਾਣੀ ਬਹੁਤ ਪ੍ਰੀਤਿਕਰ ਗੱਲ ਕਹਿੰਦੀ ਹੈ—ਇਹ ਪ੍ਰਤੀਕ ਹਨ—ਕਿ ਇੱਕ ਚਿੱਟਾ ਕਬੂਤਰ ਅਚਾਨਕ ਆਕਾਸ਼ ਤੋਂ ਉਤਰਿਆ ਅਤੇ ਜੀਸਸ ਵਿਚ ਸਮਾ ਗਿਆ...। ਇਹ ਤਾਂ ਪ੍ਰਤੀਕ ਹੈ। ਚਿੱਟਾ ਕਬੂਤਰ ਸ਼ਾਂਤੀ ਦਾ ਪ੍ਰਤੀਕ ਹੈ। ਕੋਈ ਸੱਚੀ-ਮੁੱਚੀ ਕਬੂਤਰ ਆਕਾਸ਼ ਤੋਂ ਉਤਰ ਕੇ ਜੀਸਸ ਵਿਚ ਨਹੀਂ ਸਮਾ ਗਿਆ, ਲੇਕਿਨ ਜ਼ਰੂਰ ਕੋਈ ਸਫ਼ੇਦੀ ਅਚਾਨਕ ਆਕਾਸ਼ ਤੋਂ ਉਤਰਦੀ ਹੋਈ ਅਨੁਭਵ ਹੋਈ ਹੋਵੇਗੀ ਬਹੁਤ ਲੋਕਾਂ ਨੂੰ—ਜਿਸ ਤਰ੍ਹਾਂ ਬਿਜਲੀ ਕੌਂਧ ਗਈ ਹੋਵੇ ...।

ਜਿਨ੍ਹਾਂ ਦੇ ਕੋਲ ਜ਼ਰਾ ਕੁ ਜਿੰਨੀ ਵੀ ਵੇਖਣ ਦੀ ਅੱਖ ਸੀ—ਹੋਰ ਅੱਖਾਂ ਵਾਲੇ ਹੀ ਲੋਗ ਇਕੱਠੇ ਹੋਏ ਹੋਣਗੇ। ਕਿਸ ਨੂੰ ਪਈ ਹੈ, ... ਕਿ ਜਾੱਨ ਜੋਰਦਨ ਨਦੀ ਵਿਚ ਜੀਸਸ ਨੂੰ ਦੀਕਸ਼ਾ ਦੇ ਰਿਹਾ ਹੈ, ਕਿਸ ਨੂੰ ਪਈ ਹੈ? ਪਿਆਸੇ ਇਕੱਠੇ ਹੋਏ ਹੋਣਗੇ। ਜਿਨ੍ਹਾਂ ਨੂੰ ਥੋੜ੍ਹੀਆਂ ਬੂੰਦਾਂ ਲਗ ਗਈਆਂ ਸਨ, ਉਹ ਇਕੱਠੇ ਹੋਏ ਹੋਣਗੇ। ਜਿਨ੍ਹਾਂ ਤੇ ਥੋੜ੍ਹੇ ਰੰਗ ਦੇ ਛਿੱਟੇ ਪੈ ਗਏ ਸਨ, ਉਹ ਇਕੱਠੇ ਹੋਏ ਹੋਣਗੇ। ਜਿਨ੍ਹਾਂ ਉੱਤੇ ਥੋੜ੍ਹੀ 'ਜਾੱਨ' ਦੀ ਗੁਲਾਲ ਪੈ ਗਈ ਸੀ ਉਹ ਇਕੱਠੇ ਹੋਏ ਸਨ। ਵੇਖਿਆ ਹੋਏਗਾ ਇੱਕ ਜੋਤੀ ਪੁੰਜ, ਜਿਵੇਂ ਹੀ ਉਤਰਿਆ ਆਕਾਸ਼ ਤੋਂ ਜੀਸਸ ਵਿਚ ਸਮਾ ਗਿਆ ...।

ਅਤੇ ਜਾੱਨ ਨੇ ਝੱਟ-ਪੱਟ ਕਹਿ ਦਿੱਤਾ ਕਿ ਮੇਰਾ ਕੰਮ ਪੂਰਾ ਹੋ ਗਿਆ। ਜਿਸ ਲਈ ਮੈਂ ਉਡੀਕ ਕਰ ਰਿਹਾ ਸੀ, ਉਹ ਆ ਗਿਆ। ਹੁਣ ਮੈਂ ਵਿਦਾ ਹੋ ਸਕਦਾ ਹਾਂ।

ਇਹ ਸਮਾਧੀ ਦਾ ਪਹਿਲਾ ਅਨੁਭਵ ਸੀ ਜੀਸਸ ਲਈ। ਸਮਾਧੀ ਦਾ ਪਹਿਲਾ ਅਨੁਭਵ ਜਦ ਕਿਸੇ ਨੂੰ ਹੁੰਦਾ ਹੈ ਤਾਂ ਉਸ ਨੂੰ ਤਾਂ ਹੁੰਦਾ ਹੀ ਹੈ, ਉਸ ਦੇ ਆਲੇ-ਦੁਆਲੇ ਵੀ ਭਣਕ ਪੈ ਜਾਂਦੀ ਹੈ। ਕਹਿੰਦੇ ਹਨ ਜਦ ਬੁੱਧ ਨੂੰ ਸਮਾਧੀ ਦਾ ਪਹਿਲਾ ਅਨੁਭਵ ਹੋਇਆ ਤਾਂ ਬੇ-ਮੌਸਮੀ ਫ਼ੁੱਲ ਖਿੜ ਗਏ। ਇਹ ਵੀ ਪ੍ਰਤੀਕ ਹਨ, ਜਿਵੇਂ ਕਬੂਤਰ; ਯਹੂਦੀਆਂ ਦਾ ਪ੍ਰਤੀਕ ਹੈ—ਸ਼ਾਂਤੀ ਦਾ ਪ੍ਰਤੀਕ। ਫ਼ੁੱਲ ਦਾ ਖਿੜ ਜਾਣਾ ਭਾਰਤੀਯ ਪ੍ਰਤੀਕ ਹੈ—ਬੇ-ਮੌਸਮ, ਅਚਾਨਕ...। ਜਦ ਵੀ ਕਿਸੇ ਨੂੰ ਸਮਾਧੀ ਫ਼ਲਦੀ ਹੈ—ਬੇ-ਮੌਸਮ ਦਾ ਫ਼ੁੱਲ ਹੈ ਸਮਾਧੀ; ਕਿਉਂਕਿ ਇਸ ਧਰਤੀ ਉੱਤੇ ਮੌਸਮ ਹੀ ਕਿੱਥੇ ਹੈ ਸਮਾਧੀ ਦੇ ਖਿੜਣ ਲਈ! ਇਸ ਧਰਤੀ ਉੱਤੇ ਸਮਾਧੀ ਨ ਖਿੜੇ, ਇਹ ਤਾਂ ਬਿਲਕੁੱਲ ਆਮ ਗੱਲ ਹੈ; ਸਮਾਧੀ ਖਿੜ੍ਹੇ ਇਹ ਹੀ ਗੈਰ ਜ਼ਰੂਰੀ ਗੱਲ ਹੈ। ਇਹ ਧਰਤੀ ਤਾਂ ਰੇਗਿਸਤਾਨ ਹੈ, ਇੱਥੇ ਹਰਿਆਲੀ ਕਿੱਥੇ, ਰਸਧਾਰ ਕਿੱਥੇ ? ਜਦ ਕਦੇ ਉਤਰ ਆਉਂਦੀ ਹੈ ਤਾਂ ਬੇ-ਮੌਸਮ ਦਾ ਫ਼ੁੱਲ ਹੈ। ਨਹੀਂ ਹੋਣਾ ਸੀ, ਅਤੇ ਹੋਇਆ, ਚਮਤਕਾਰ ਹੈ ! ਸਮਾਧੀ ਚਮਤਕਾਰ ਹੈ।

ਅਨੁਭਵ ਤੁਹਾਨੂੰ ਹੋਵੇਗਾ ਤਾਂ ਹੀ ਜਾਣ ਪਾਓਗੇ। ਜਾਂ ਜਿਨ੍ਹਾਂ ਨੂੰ ਅਨੁਭਵ ਹੋਇਆ ਹੈ ਉਨ੍ਹਾਂ ਦੇ ਕੋਲ ਬੈਠੋ, ਉਠੋ, ਸ਼ਾਇਦ ਕਿਸੇ ਦਿਨ ਚਿੱਟਾ ਕਬੂਤਰ ਉਤਰਦਾ ਵਿਖਾਈ ਪਵੇ, ਜਾਂ ਅਚਾਨਕ ਫੁੱਲ ਖਿੜਦੇ ਵਿਖਾਈ ਪੈ ਜਾਣ।

ਮੇਰੇ ਆਂਗਨ ਸ਼ਵੇਤ ਕਬੂਤਰ !
ਉੜ ਆਯਾ ਊਂਚੀ ਮੁੰਡੇਰ ਸੇ, ਮੇਰੇ ਆਂਗਨ ਸ਼ਵੇਤ ਕਬੂਤਰ !
ਗਰਮੀ ਕੀ ਹਲਕੀ ਸੰਧਯਾ ਯੋਂ—
ਝਾਂਕ ਗਈ ਮੇਰੇ ਆਂਗਨ ਮੇਂ,
ਝਰੀ ਕੇਵੜੇ ਕੀ ਕੁਛ ਬੂੰਦੇਂ
ਕਿਸੀ ਨਵੋੜਾ ਕੇ ਤਨ ਮਨ ਮੇਂ;
ਲਹਰ ਗਈ ਸਤਰੰਗੀ-ਚੂਨਰ, ਜਿਯੋਂ ਤਨਵੀ ਕੇ ਮ੍ਰਦੂਲ ਗਾਤ ਪਰ !
ਉੜ ਆਯਾ ਊਂਚੀ ਮੁੰਡੇਰ ਸੇ, ਮੇਰੇ ਆਂਗਨ ਸ਼ਵੇਤ ਕਬੂਤਰ !

ਮੇਰੇ ਹਾਥ ਰਚੀ ਮੇਂਹਦੀ, ਉਰ—
ਬਗਿਯਾ ਮੇਂ ਬੌਰਾਯਾ ਫਾਗੁਨ;
ਮੇਰੇ ਕਾਨ ਬਜੀ ਬੰਸੀ-ਧੁਨ
ਘਰ ਆਯਾ ਮਨ ਚਾਹਾ ਪਾਹੁਨ;
ਏਕ ਪੁਲਕ ਪ੍ਰਾਣੋਂ ਮੇਂ, ਚਿਤਵਨ ਏਕ ਨਯਨ ਮੇਂ, ਮਧੁਰ-ਮਧੁਰਤਰ !
ਉੜ ਆਯਾ ਊਂਚੀ ਮੁੰਡੇਰ ਸੇ, ਮੇਰੇ ਆਂਗਨ ਸ਼ਵੇਤ ਕਬੂਤਰ !

ਕੋਈ ਸੁੰਦਰ ਸਵਪਨ ਸੁਨਹਲੇ—
ਆਂਚਲ ਮੇਂ ਚੰਦਾ ਬਨ ਆਯਾ,
ਕੋਈ ਭਟਕਾ ਗੀਤ ਉਨੀਂਦਾ,
ਮੇਰੀ ਸਾਂਸੋਂ ਸੇ ਟਕਰਾਯਾ;
ਛਿਟਕ ਗਈ ਹੋਂ ਜੈਸੇ ਜੂਹੀ, ਮਨ ਪ੍ਰਾਣੋਂ ਮੇਂ ਮਹਕ-ਮਹਕ ਕਰ !
ਉੜ ਆਯਾ ਊਂਚੀ ਮੁੰਡੇਰ ਸੇ, ਮੇਰੇ ਆਂਗਨ ਸ਼ਵੇਤ ਕਬੂਤਰ !

ਮੇਰਾ ਚੰਚਲ ਗੀਤ ਕਿਲਕਤਾ
ਘਰ-ਆਂਗਨ ਦੇਹਰੀ-ਦਰਵਾਜੇ।
ਦੀਪ ਜਲਾਤੀ ਸਾਂਝ ਉਤਰਤੀ
ਪ੍ਰਾਣੋਂ ਮੇਂ ਸ਼ਹਨਾਈ ਬਾਜੇ;
ਅਮਰਾਈ ਮੇਂ ਬਿਖਰ ਗਏ ਰੀ, ਫੂਲ ਸਰੀਖੇ ਸਰਸ-ਸਰਸ ਸਵਰ !
ਉੜ ਆਯਾ ਊਂਚੀ ਮੁੰਡੇਰ ਸੇ, ਮੇਰੇ ਆਂਗਨ ਸ਼ਵੇਤ ਕਬੂਤਰ !

ਆਉਂਦਾ ਹੈ ਉਤਰ ਇੱਕ ਸ਼ਵੇਤ (ਚਿੱਟਾ) ਕਬੂਤਰ ਸਮਾਧੀ ਦੇ ਪਹਿਲੇ ਅਨੁਭਵ ਵਿਚ।

ਚੌਹੀ ਪਾਸੀਂ ਫੁੱਲ ਖਿੜ ਜਾਂਦੇ ਹਨ। ਬੰਸੀ ਦੀ ਧੁੰਨ ਬਜ ਉਠਦੀ ਹੈ। ਅੰਦਰ ਕੋਈ ਸ਼ਹਨਾਈ ਬਜਾਉਂਣ ਲਗਦਾ ਹੈ। ਸਾਰੇ ਨਾਦ ਜਾਗਦੇ ਹਨ।

ਮੇਰੇ ਕਾਨ ਬਜੀ ਵੰਸੀ-ਧੁਨ
ਘਰ ਆਯਾ ਮਨ ਚਾਹਾ ਪਾਹੁਨ।

ਆ ਗਿਆ ਮੇਹਮਾਨ ਜਿਸ ਦੀ ਉਡੀਕ ਹੈ—ਅਤਿਥਿ। ਜਾਣਦੇ ਹੋ ਨ, ਇਸ ਦੇਸ਼ ਵਿਚ ਅਸੀਂ ਮੇਹਮਾਨ ਨੂੰ ਅਤਿਥਿ ਇਸ ਲਈ ਕਿਹਾ ਕਿ ਉਹ ਬਿਨਾਂ ਤਾਰੀਖ਼ ਦੱਸੇ ਆਉਂਦਾ ਸੀ। ਪਰਮਾਤਮਾ ਹੀ ਇੱਕ-ਮਾਤਰ ਅਤਿਥਿ ਬਚਿਆ ਹੈ ਹੁਣ ਤਾਂ, ਬਾਕੀ ਸਭ ਅਤਿਥਿ ਤਾਂ ਤਾਰੀਖ਼ ਦੱਸ ਕੇ ਆਉਂਦੇ ਹਨ। ਹੁਣ ਤਾਂ ਪਹਿਲਾਂ ਖ਼ਬਰ ਕਰ ਦਿੰਦੇ ਹਨ ਕਿ ਆ ਰਹੇ ਹਾਂ। ਉਹ ਇਹ ਕਹਿ ਦਿੰਦੇ ਹਨ ਕਿ ਧੱਕਾ ਇੱਕਦਮ ਦੇਣਾ ਠੀਕ ਨਹੀਂ; ਆ ਰਹੇ ਹਾਂ, ਸੰਭਲ ਜਾਓ, ਕਿ ਤਿਆਰ ਕਰ ਲਓ ਆਪਣੇ -ਆਪ ਨੂੰ। ਕਿਉਂਕਿ ਅਤਿਥਿ ਨੂੰ ਵੇਖ ਕੇ ਹੁਣ ਕੋਈ ਖ਼ੁਸ਼ ਤਾਂ ਹੁੰਦਾ ਨਹੀਂ। ਪਹਿਲਾਂ ਤੋਂ ਖ਼ਬਰ ਆ ਜਾਂਦੀ ਹੈ ਤਾਂ ਤਿਆਰੀ ਹੋ ਜਾਂਦੀ ਹੈ, ਗਾਲ੍ਹਾਂ-ਸਾਲ੍ਹਾਂ ਜੋ ਕਢਣੀਆਂ ਹੋਣ ਕੱਢ ਲੈਂਦੇ ਹਨ ਲੋਗ। ਪਤਨੀ ਨੇ ਜੋ ਕਹਿਣਾ ਹੁੰਦਾ ਹੈ ਕਹਿ ਲੈਂਦੀ ਹੈ। ਪਤੀ ਨੇ ਜੋ ਕਹਿਣਾ ਹੁੰਦਾ ਹੈ ਕਹਿ ਲੈਂਦਾ ਹੈ। ਤਦ ਤੱਕ ਆਉਂਦੇ-ਆਉਂਦੇ ਸ਼ਿਸ਼ਟਾਚਾਰ ਵਾਪਿਸ ਪਰਤ ਆਉਂਦਾ ਹੈ।

ਇੱਕਦਮ ਆ ਜਾਓ, ਕੌਣ ਜਾਣੇ ਸੱਚੀਆਂ ਗੱਲਾਂ ਨਿਕਲ ਜਾਣ। ਕਹਿਣਾ ਤਾਂ ਇਹ ਹੀ ਪੈਂਦਾ ਹੈ ਕਿ ਧੰਨਭਾਗ, ਕਿ ਤੁਹਾਨੂੰ ਵੇਖ ਕੇ ਬਹੁਤ ਦਿਲ ਬਾਗ-ਬਾਗ (ਖੁਸ਼) ਹੋ ਰਿਹਾ ਹੈ। ਇਹ ਮਨ ਦੀ ਗੱਲ ਨਹੀਂ ਹੈ। ਮਨ ਦੀ ਗੱਲ ਕੁਝ ਹੋਰ ਹੈ।

ਠੀਕ ਹੀ ਹੈ ਪੱਛਮ ਦਾ ਰਿਵਾਜ਼ ਕਿ ਪਹਿਲਾਂ ਖ਼ਬਰ ਦੇ ਦਿਓ, ਤਾਂ ਕਿ ਲੋਗ ਤਿਆਰੀ ਕਰ ਲੈਣ, ਆਪਣੇ ਦਿਲ ਮਜ਼ਬੂਤ ਕਰ ਲੈਣ।

ਹੁਣ ਤਾਂ ਪਰਮਾਤਮਾ ਹੀ ਇੱਕਮਾਤਰ ਅਤਿਥਿ ਬਚਿਆ ਹੈ—ਤਾਰੀਖ਼ ਨਹੀਂ ਦੱਸਦਾ। ਉਸ ਦੀ ਕੋਈ ਭਵਿਸ਼ਵਾਣੀ ਨਹੀਂ ਹੋ ਸਕਦੀ ਕਿ ਕਦੋਂ ਆਏਗਾ।

ਸਮਾਧੀ ਦਾ ਪਹਿਲਾ ਅਨੁਭਵ ਕਦ ਘੱਟੇਗਾ, ਕੋਈ ਵੀ ਨਹੀਂ ਕਹਿ ਸਕਦਾ। ਅਨਾਯਾਸ (ਅਚਾਨਕ) ਬੇ-ਮੌਸਮ...। ਸੱਚ ਤਾਂ ਇਹ ਹੈ, ਜਦ ਤੁਸੀਂ ਉਡੀਕ ਨਹੀਂ ਕਰ ਰਹੇ ਸੀ, ਬਿਲਕੁੱਲ ਨਹੀਂ ਕਰ ਰਹੇ ਸੀ, ਤਦ ਘੱਟਦਾ ਹੈ। ਕਿਉਂਕਿ ਜਦ ਤੱਕ ਤੁਸੀਂ ਉਡੀਕ ਕਰਦੇ ਹੋ, ਤੁਸੀਂ ਤਣੇ ਹੀ ਰਹਿੰਦੇ ਹੋ, ਤੁਹਾਡੇ ਚਿੱਤ ਵਿਚ ਤਣਾਅ ਰਹਿੰਦਾ ਹੈ। ਤੁਸੀਂ ਰਾਹ ਵੇਖਦੇ ਹੋ ਤਾਂ ਪੂਰੇ ਸੰਲਗਨ (ਮਗਨ-ਇਕੱਠੇ) ਨਹੀਂ ਹੋ ਪਾਉਂਦੇ। ਰਾਹ ਵੇਖਣਾ ਵੀ ਵਿਚਾਰ ਹੈ ਅਤੇ ਵਿਚਾਰ ਬਾਧਾ ਹੈ। ਜਦ ਤੱਕ ਤੁਸੀਂ ਸੋਚਦੇ ਹੋ ਹੁਣ ਹੋ ਜਾਏ ਹੁਣ ਤੱਕ ਹੋਇਆ ਨਹੀਂ—ਤਦ ਤੱਕ ਤਾਂ ਤੁਸੀਂ ਚਿੰਤਾਵਾਂ ਨਾਲ ਘਿਰੇ ਹੋ; ਬਦਲੀਆਂ ਘਿਰੀਆਂ ਹਨ, ਸੂਰਜ ਨਿਕਲੇ ਤਾਂ ਕਿਵੇਂ ਨਿਕਲੇ ? ਆਉਂਦਾ ਹੈ ਆਕਸਮਿਕ, ਅਚਾਨਕ-ਅਚਨਚੇਤ ਜਦ ਤੁਸੀਂ ਸਿਰਫ਼ ਬੈਠੇ ਹੁੰਦੇ ਹੋ.... ਕੁਝ ਵੀ ਨਹੀਂ ਕਰ ਰਹੇ ਹੁੰਦੇ। ਧਿਆਨ ਵੀ ਨਹੀਂ ਕਰ ਰਹੇ ਹੁੰਦੇ —ਸਮਾਧੀ ਦਾ ਪਹਿਲਾ ਅਨੁਭਵ ਤਦ ਹੁੰਦਾ ਹੈ। ਕਿਉਂਕਿ ਜਦ ਤੁਸੀਂ ਧਿਆਨ ਵੀ ਕਰ ਰਹੇ ਹੁੰਦੇ ਹੋ, ਤਦ ਵੀ ਤੁਹਾਡੇ ਮਨ ਵਿਚ ਕਿੱਤੇ ਵਾਸ਼ਨਾ ਸਰਕਦੀ ਰਹਿੰਦੀ ਹੈ—ਸ਼ਾਇਦ

ਹੁਣ ਹੋ ਜਾਏ, ਹੁਣੇ ਹੁੰਦਾ ਹੀ ਹੋਇਗਾ; ਅਜੇ ਤੱਕ ਨਹੀਂ ਹੋਇਆ, ਬਹੁਤ ਦੇਰ ਲਾਈ ! ਸ਼ਿਕਾਇਤਾਂ ਉਠਦੀਆਂ ਰਹਿੰਦੀਆਂ ਹਨ।

ਧਿਆਨ ਕਰਦੇ-ਕਰਦੇ, ਕਰਦੇ-ਕਰਦੇ ਇੱਕ ਦਿਨ ਅਜਿਹੀ ਘੜੀ ਆਉਂਦੀ ਹੈ ਕਿ ਤੁਸੀਂ ਬੈਠੇ ਹੁੰਦੇ ਹੋ, ਧਿਆਨ ਵੀ ਨਹੀਂ ਕਰ ਰਹੇ ਹੁੰਦੇ, ਸ਼ਾਂਤ ਹੁੰਦੇ ਹੋ, ਬਸ ਸਵੌਮਖ ਹੁੰਦੇ ਹੋ, ਮੌਨ ਹੁੰਦੇ ਹੋ—ਅਤੇ ਉਹ ਆ ਗਿਆ!

ਮੇਰੇ ਕਾਨ ਬਜੀ ਵੰਸ਼ੀ-ਧੁਨ
ਘਰ ਆਯਾ ਮਨਚਾਹਾ ਪਾਹੁਨ
ਛਿਟਕ ਗਈ ਹੈ ਜੈਸੇ ਜੂਹੀ, ਮਨ ਪ੍ਰਾਣੋਂ ਮੇਂ ਮਹਿਕ-ਮਹਿਕ ਕਰ !

ਮੇਰਾ ਚੰਚਲ ਗੀਤ ਕਿਲਕਤਾ
ਘਰ ਆਂਗਨ ਦੇਹਰੀ-ਦਰਵਾਜ਼ੇ।
ਦੀਪ ਜਲਾਤੀ ਸਾਂਝ ਉਤਰਤੀ
ਪ੍ਰਾਣੋਂ ਮੇਂ ਸ਼ਹਨਾਈ ਬਾਜੇ
ਅਮਰਾਈ ਮੇਂ ਬਿਖਰ ਗਏ ਰੀ, ਫ਼ੂਲ ਸਰੀਖੇ ਸਰਸ-ਸਰਸ ਸਵੱਰ !

ਘੱਟਦੀ ਹੈ ਘਟਨਾ। ਪਰਿਭਾਸ਼ਾ ਨ ਪੁੱਛੋ, ਰਾਹ ਪੁੱਛੋ। ਪੁੱਛੋ ਕਿ ਕਿਵੇਂ ਘੱਟੇਗੀ, ਇਹ ਨ ਪੁੱਛੋ ਕਿ ਕੀ ਘੱਟਦਾ ਹੈ? ਕਿਉਂਕਿ ਕਿਹਾ ਨਹੀਂ ਜਾ ਸਕਦਾ। ਦਸਣ ਦਾ ਕੋਈ ਉਪਾ ਨਹੀਂ ਹੈ। ਇਹ ਗੱਲ ਕਹਿਣ ਦੀ ਨਹੀਂ ਹੈ, ਇਹ ਗੱਲ ਜਾਨਣ ਦੀ ਹੈ। ਲੇਕਿਨ ਵਿਧੀ ਦੱਸੀ ਜਾ ਸਕਦੀ ਹੈ। ਇਸ਼ਾਰਾ ਕੀਤਾ ਜਾ ਸਕਦਾ ਹੈ—ਇਸ ਤਰ੍ਹਾਂ ਚਲੋ, ਇਸ ਤਰ੍ਹਾਂ ਸੰਭਲੋ। ਚਿੱਤ ਨਿਰਵਿਚਾਰ ਹੋਵੇ, ਸ਼ਾਂਤ ਹੋਵੇ, ਉਮੀਦਾਂ ਤੋਂ ਖ਼ਾਲੀ ਹੋਵੇ, ਵਾਸ਼ਨਾ, ਤਰਿਸ਼ਣਾ ਤੋਂ ਮੁਕਤ ਹੋਵੇ—ਬਸ ਉਸੇ ਘੜੀ-ਪਲ ਵਿਚ। ਜਦ ਵੀ ਅਜਿਹੀ ਬਸੰਤ ਦੀ ਘੜੀ ਤੁਹਾਡੇ ਅੰਦਰ ਸਜ ਜਾਏਗੀ—ਬਜ ਉਠਦੀ ਹੈ ਅੰਦਰਲੀ ਸ਼ਹਨਾਈ; ਖਿੜ ਜਾਂਦੇ ਹਨ ਬੇ ਮੌਸਮ ਫ਼ੁੱਲ ... ਉਤਰ ਆਉਂਦੀ ਹੈ ਕੋਈ ਕਿਰਨ ਆਕਾਸ਼ ਤੋਂ ਅਤੇ ਕਰ ਜਾਂਦੀ ਹੈ, ਤੁਹਾਨੂੰ ਸਦਾ ਲਈ ਕੁਝ ਹੋਰ, ਭਿੰਨ। ਫ਼ਿਰ ਤੁਸੀਂ ਦੋਬਾਰਾ ਉਹ ਹੀ ਨਹੀਂ ਹੋ ਸਕੋਗੇ। ਸਮਾਧੀ ਦਾ ਪਹਿਲਾ ਅਨੁਭਵ—ਅਤੇ ਇਸ਼ਨਾਨ ਹੋ ਗਿਆ! ਸਦੀਆਂ—ਸਦੀਆਂ ਤੋਂ ਤੁਸੀਂ ਗੰਦੇ ਹੋ। ਧੂੜ ਜਮ ਗਈ ਹੈ ਬਹੁਤ, ਲੰਮੀਆਂ ਯਾਤ੍ਰਾਵਾਂ ਕੀਤੀਆਂ ਹਨ। ਸਮਾਧੀ ਦਾ ਪਹਿਲਾ-ਅਨੁਭਵ ਸਾਰੀ ਧੂੜ ਵਹਾ ਲੈ ਜਾਂਦਾ ਹੈ। ਸਾਰੀਆਂ ਧਾਰਣਾਵਾਂ, ਸਾਰੀਆਂ ਧਾਰਣਾਵਾਂ ਦੇ ਜਾਲ—ਸਭ ਸਮਾਪਤ ਹੋ ਜਾਂਦੇ ਹਨ; ਤੁਸੀਂ ਨਿਰਦੋਸ਼ ਹੋ ਜਾਂਦੇ ਹੋ। ਕਿਹਾ ਨਹੀਂ ਗੋਰਖ ਨੇ ਕਿ ਜਿਵੇਂ ਨਿੱਕਾ ਬਾਲਕ ਅੰਦਰ ਜਨਮਦਾ ਹੈ—ਅੰਦਰਲੇ ਸ਼ੂਨਯ ਵਿਚ ਇੱਕ ਬੱਚਾ ਬੋਲ ਉਠੇ ਇੱਕ ਨਵੇਂ ਜੀਵਨ ਦਾ ਅਵਿਰਭਾਵ (ਪਰਕਾਸ਼) ਸਮਾਧੀ ਵਿਚ ਤੁਹਾਡੀ ਮ੍ਰਤਯੂ ਹੋ ਜਾਂਦੀ ਹੈ।

ਮਰੌ ਵੇ ਜੋਗੀ ਮਰੌ ...। ਅਹੰਕਾਰ ਮਰ ਜਾਂਦਾ ਹੈ। ਤੁਸੀਂ ਮਿੱਟ ਜਾਂਦੇ ਹੋ ਅਤੇ ਪਰਮਾਤਮਾ ਹੋ ਜਾਂਦਾ ਹੈ।

ਚੌਥਾ ਸਵਾਲ: ਪਿਆਰੇ ਪ੍ਰਭੂ

ਪ੍ਰਸ਼ਨੋਂ ਕੇ ਅੰਬਾਰ ਲਗੇ ਹੈਂ ਉੱਤਰ ਚੁਪ ਹੈ; ਕੌਨ ਸਹੇਜੇ ਇਨ ਕਾਂਟੋਂ ਕੋ, ਬਗੀਆ ਚੁਪ ਹੈ, ਮਾਲੀ ਚੁਪ ਹੈ। ਪ੍ਰਸ਼ਨ ਸਵੰਯ ਮੇਂ ਰਹਤਾ ਚੁਪ ਹੈ, ਦਿਨਕਰ ਚੁਪ ਹੈ, ਰਾਤੇਂ ਚੁਪ ਹੈ। ਉਠੀ ਬਦਰਿਆ ਕਾਰੀ-ਕਾਰੀ, ਲਗਾ ਅੰਧੇਰਾ ਬਿਲਕੁੱਲ ਘੁੱਪ ਹੈ। ਪ੍ਰਭੂ, ਇਸ ਹਾਲਤ ਦਾ ਨਿਵਾਰਣ ਕਰਨ ਦੀ ਮੇਹਰਬਾਨੀ ਕਰੋ।

ਕੱਨੂਮਲ ! ਜਦ ਤੱਕ ਸਵਾਲ ਹਨ ਤਦ ਤੱਕ ਜਵਾਬ ਚੁਪ ਰਹਿਣਗੇ। ਸਵਾਲਾਂ ਦੇ ਕਾਰਣ ਹੀ ਜਵਾਬ ਚੁਪ ਹਨ। ਸਵਾਲਾਂ ਤੋਂ ਜਵਾਬ ਨਹੀਂ ਮਿਲਦਾ; ਜਦ ਸਵਾਲ ਚਲੇ ਜਾਂਦੇ ਹਨ, ਅਤੇ ਚਿੱਤ ਬਿਨਾਂ ਸਵਾਲਾਂ ਤੋਂ ਹੋ ਜਾਂਦਾ ਹੈ ਤਦ ਜਵਾਬ ਮਿਲਦਾ ਹੈ। ਸਵਾਲਾਂ ਦੀ ਭੀੜ ਵਿਚ ਹੀ ਤਾਂ ਜਵਾਬ ਗੁਆਚ ਗਿਆ ਹੈ।

ਠੀਕ ਕਹਿੰਦਾ ਹੈਂ ਤੂੰ : ਸਵਾਲਾਂ ਦੇ ਅੰਬਾਰ (ਢੇਰ) ਲਗੇ ਹਨ, ਜਵਾਬ ਚੁਪ ਹਨ।

ਜਵਾਬ ਚੁਪ ਰਹਿਣਗੇ ਹੀ। ਸਵਾਲ ਇੰਨਾ ਰੌਲਾ-ਰਪਾ ਪਾ ਰਹੇ ਹਨ। ਜਵਾਬ ਬੋਲਣ ਤਾਂ ਕਿਵੇਂ ਬੋਲਣ ? ਅਤੇ ਖ਼ਿਆਲ ਰਖੱਣਾ, ਸਵਾਲ ਅਨੇਕ ਹੁੰਦੇ ਹਨ, ਜਵਾਬ ਇੱਕ ਹੈ। ਜਵਾਬ ਤਾਂ ਇੱਕ ਵਚਨ ਹੈ, ਸਵਾਲ ਬਹੁਵਚਨ ਹਨ। ਸਵਾਲਾਂ ਦੀ ਭੀੜ ਹੁੰਦੀ ਹੈ। ਜਿਵੇਂ ਬੀਮਾਰਿਆਂ ਤਾਂ ਬਹੁਤ ਹੁੰਦੀਆਂ ਹਨ, ਤੰਦਰੁਸਤੀ ਇੱਕ ਹੁੰਦੀ ਹੈ। ਬਹੁਤ ਤਰ੍ਹਾਂ ਦੀ ਤੰਦਰੁਸਤੀ ਨਹੀਂ ਹੁੰਦੀ। ਤੁਸੀਂ ਕਿਸੇ ਨੂੰ ਕਹੋ ਕਿ ਮੈਂ ਤੰਦਰੁਸਤ ਹਾਂ ਤਾਂ ਉਹ ਇਹ ਨਹੀਂ ਪੁੱਛਦਾ ਕਿ ਕਿਸ ਤਰ੍ਹਾਂ ਦੀ ਤੰਦਰੁਸਤੀ, ਕਿਸ ਭਾਂਤ ਦੀ ਤੰਦਰੁਸਤੀ ਵਿਚ ਹੋ? ਲੇਕਿਨ ਕਿਸੇ ਨੂੰ ਕਹੋ ਕਿ ਮੈਂ ਬੀਮਾਰ ਹਾਂ ਤਾਂ ਝੱਟ-ਪੱਟ ਪੁੱਛਦਾ ਹੈ—ਕਿਹੜੀ ਬੀਮਾਰੀ? ਬੀਮਾਰਿਆਂ ਬਹੁਤ ਹਨ, ਤੰਦਰੁਸਤੀ ਇੱਕ ਹੈ। ਸਵਾਲ ਬਹੁਤ ਹਨ, ਜਵਾਬ ਇੱਕ ਹੈ। ਅਤੇ ਬਹੁਤ ਸਵਾਲਾਂ ਦੇ ਕਾਰਣ ਉਹ ਇੱਕ ਜਵਾਬ ਪਕੜ ਵਿਚ ਨਹੀਂ ਆਉਂਦਾ। ਭੀੜ ਲਗੀ ਹੈ ਸਵਾਲਾਂ ਦੀ, ਸੱਚ ਕਹਿੰਦਾ ਹੈ। ਚੌਹੀਂ-ਪਾਸੀਂ ਸਵਾਲ ਹੀ ਸਵਾਲ ਹਨ... ਸਵਾਲ ਵਿਚੋਂ ਸਵਾਲ ਨਿਕਲਦੇ ਆਉਂਦੇ ਹਨ, ਖੜੇ ਹੁੰਦੇ ਜਾਂਦੇ ਹਨ, ਮਿਟਦੇ ਜਾਂਦੇ ਹਨ, ਨਵੇਂ ਬਣਦੇ ਜਾਂਦੇ ਹਨ। ਤੁਸੀਂ ਇੰਨੇ ਘਿਰੇ ਹੋਏ ਹੋ ਸਵਾਲਾਂ ਨਾਲ ਇਹ ਸੱਚ ਹੈ।

ਪਰ ਇਸੇ ਕਾਰਣ ਜਵਾਬ ਚੁਪ ਹਨ।

ਤੂੰ ਕਹਿੰਦਾ ਹੈਂ : ਸਵਾਲਾਂ ਦੇ ਅੰਬਾਰ ਲਗੇ ਹਨ, ਜਵਾਬ ਚੁਪ ਹਨ।

ਜਵਾਬ ਚੁਪ ਨਹੀਂ ਹਨ; ਜਵਾਬ ਵੀ ਬੋਲ ਰਿਹਾ ਹੈ; ਲੇਕਿਨ ਜਵਾਬ ਇੱਕ ਹੈ ਅਤੇ ਸਵਾਲ ਅਨੇਕ ਹਨ। ਨਕਾਰਖ਼ਾਨੇ ਵਿਚ ਤੂਤੀ ਦੀ ਆਵਾਜ਼ ਜਿਵੇਂ ਗੁੰਮ ਹੋ ਜਾਏ ...।

ਬਾਜ਼ਾਰ ਵਿਚ, ਰੌਲੇ-ਰੱਪੇ ਵਿਚ ਕੋਈ ਹੌਲੀ-ਹੌਲੀ ਸਵਰ (ਸੁਰ) ਵਿਚ ਗੀਤ ਗਾਵੇ, ਜਿਵੇਂ ਗੁਆਚ ਜਾਏ, ਅਜਿਹਾ ਹੀ ਸਭ ਗੁਆਚ ਗਿਆ ਹੈ।

ਜਵਾਬ ਪਾਇਆ ਜਾ ਸਕਦਾ ਹੈ। ਜਵਾਬ ਦੂਰ ਵੀ ਨਹੀਂ ਹੈ। ਜਵਾਬ ਬਹੁਤ ਨੇੜੇ ਹੈ। ਜਵਾਬ ਤੁਸੀਂ ਹੋ। ਜਵਾਬ ਤੁਹਾਡੇ ਕੇਂਦਰ ਵਿਚ ਵਸਿਆ ਹੈ। ਜ਼ਰਾ ਸਵਾਲਾਂ ਨੂੰ ਜਾਣ ਦਿਓ। ਸਵਾਲਾਂ ਨੂੰ ਮੁੱਲ ਨ ਦਿਓ। ਸਵਾਲਾਂ ਨੂੰ ਬਹੁਤ ਜ਼ਿਆਦਾ ਅਰਥ ਵੀ ਨ ਦਿਓ। ਸਵਾਲਾਂ ਤੋਂ ਹੌਲੀ-ਹੌਲੀ ਉਦਾਸੀਨ ਹੋ ਜਾਓ। ਸਵਾਲਾਂ ਨੂੰ ਸਹਯੋਗ ਨ ਦਿਓ, ਸਤਿਕਾਰ ਨ

ਦਿਓ। ਸਵਾਲਾਂ ਦੀ ਉਪੇਕਸ਼ਾ ਕਰੋ। ਸਵਾਲਾਂ ਲਈ ਤਟੱਸਥ (ਥੰਮ ਦੀ ਤਰ੍ਹਾਂ) ਹੋ ਜਾਓ। ਕਿਉਂਕਿ ਜੋ ਸਵਾਲਾਂ ਵਿਚ ਚਲਾ ਗਿਆ। ਉਹ ਦਰਸ਼ਨ ਸ਼ਾਸਤ੍ਰ ਦੇ ਜੰਗਲ ਵਿਚ ਭਟਕ ਜਾਂਦਾ ਹੈ। ਤੁਸੀਂ ਸਵਾਲਾਂ ਨੂੰ ਚਲਣ ਦਿਓ, ਆਣ ਦਿਓ ਜਾਣ ਦਿਓ।

ਇਵੇਂ ਹੀ ਵੇਖੋ ਸਵਾਲਾਂ ਦੀ ਭੀੜ ਨੂੰ, ਜਿਵੇਂ ਤੁਸੀਂ ਰਸਤੇ ਤੇ ਟੁਰਦੇ ਲੋਗਾਂ ਨੂੰ ਵੇਖਦੇ ਹੋ—ਨ ਕੁਝ ਲੈਣਾ, ਨ ਕੁਝ ਦੇਣਾ—ਅਸੰਗ ਭਾਵ ਨਾਲ, ਦੂਰ ਖਲ੍ਹੋਤੇ ...। ਤੁਹਾਡੇ ਅਤੇ ਤੁਹਾਡੇ ਸਵਾਲਾਂ ਦੇ ਵਿਚਕਾਰ ਜਿੰਨੀ ਦੂਰੀ ਵੱਧ ਜਾਏ ਓਨਾ ਹੀ ਹਿਤਕਾਰੀ ਹੈ, ਕਿਉਂਕਿ ਉਸੇ ਅੰਤਰਾਲ ਵਿਚ ਜਵਾਬ ਉਠੇਗਾ।

ਬੁੱਧ ਦੇ ਕੋਲ ਜਦ ਵੀ ਕੋਈ ਜਾਂਦਾ ਸੀ, ਕੋਈ ਸਵਾਲ ਪੁਛਣ, ਤਾਂ ਬੁੱਧ ਕਹਿੰਦੇ, ਰੁੱਕ ਜਾਓ, ਦੋ ਸਾਲ ਠਹਿਰ ਜਾਓ। ਦੋ ਸਾਲ ਚੁਪ ਬੈਠੋ ਮੇਰੇ ਕੋਲ, ਫ਼ਿਰ ਪੁੱਛ ਲੈਣਾ।

ਅਜਿਹਾ ਹੋਇਆ ਇੱਕ ਵੱਡਾ ਦਾਰਸ਼ਨਿਕ ਬੁੱਧ ਦੇ ਕੋਲ ਗਿਆ। ਮੌਲੁੰਕਪੁੱਤ ਉਸਦਾ ਨਾਮ ਸੀ। ਦਾਰਸ਼ਨਿਕ ਸੀ। ਉਸ ਨੇ ਬਹੁਤ ਸਵਾਲਾਂ ਦੇ ਅੰਬਾਰ ਲਾ ਦਿੱਤੇ। ਬੁੱਧ ਨੇ ਸਵਾਲ ਸੁਣੇ ਅਤੇ ਕਿਹਾ ਕਿ ਮੌਲੁੰਕਪੁੱਤ, ਤੂੰ ਸੱਚ-ਮੁੱਚ ਹੀ ਜਵਾਬ ਚਾਹੁੰਦਾ ਹੈਂ?

ਜੇਕਰ ਸੱਚ ਹੀ ਚਾਹੁੰਦਾ ਹੈਂ, ਕੀਮਤ ਅਦਾ ਕਰ ਸਕੇਂਗਾ?

ਮੌਲੁੰਕਪੁੱਤ ਨੇ ਕਿਹਾ : ਜੀਵਨ ਮੇਰਾ ਅੰਤ ਹੋਣ ਦੇ ਨੇੜੇ ਆ ਰਿਹਾ ਹੈ। ਜੀਵਨ ਭਰ ਤੋਂ ਇਹ ਸਵਾਲ ਪੁੱਛ ਰਿਹਾ ਹਾਂ, ਜਵਾਬ ਬਹੁਤ ਮਿਲੇ, ਲੇਕਿਨ ਕੋਈ ਜਵਾਬ, ਜਵਾਬ ਸਾਬਿਤ ਨਹੀਂ ਹੋਇਆ। ਹਰ ਸਵਾਲ ਵਿਚੋਂ ਨਵੇਂ ਸਵਾਲ ਨਿਕਲ ਆਏ ਹਨ, ਕਿਸੇ ਜਵਾਬ ਵਿਚ ਸਮਾਧਾਨ ਨਹੀਂ ਹੋਇਆ ਹੈ। ਤੁਸੀਂ ਕੀ ਕੀਮਤ ਮੰਗਦੇ ਹੋ? ਮੈਂ ਸਭ ਕੀਮਤ ਅਦਾ ਕਰਨ ਲਈ ਤਿਆਰ ਹਾਂ। ਮੈਂ ਇਨ੍ਹਾਂ ਸਵਾਲਾਂ ਦੇ ਹਲ ਚਾਹੁੰਦਾ ਹਾਂ। ਮੈਂ ਇਨ੍ਹਾਂ ਸਵਾਲਾਂ ਦਾ ਸਮਾਧਾਨ ਲੈ ਕੇ ਇਸ ਧਰਤੀ ਤੋਂ ਜਾਣਾ ਚਾਹੁੰਦਾ ਹਾਂ।

ਫ਼ਿਰ ਬੁੱਧ ਨੇ ਕਿਹਾ : ਠੀਕ ਹੈ। ਕਿਉਂਕਿ ਲੋਕ ਜਵਾਬ ਤਾਂ ਮੰਗਦੇ ਹਨ ਪਰ ਕੀਮਤ ਅਦਾ ਕਰਨ ਲਈ ਰਾਜ਼ੀ ਨਹੀਂ ਹੁੰਦੇ; ਇਸ ਲਈ ਮੈਂ ਤੈਨੂੰ ਪੁੱਛਿਆ। ਹੁਣ ਤੂੰ ਦੋ ਸਾਲ ਚੁਪ ਬੈਠ ਜਾ, ਇਹ ਕੀਮਤ ਹੈ। ਤੂੰ ਮੇਰੇ ਕੋਲ ਦੋ ਸਾਲ ਚੁਪ ਬੈਠ, ਬੋਲਣਾ ਹੀ ਨਹੀਂ। ਜਦ ਦੋ ਸਾਲ ਬੀਤ ਜਾਣਗੇ ਮੈਂ ਖ਼ੁਦ ਹੀ ਤੈਨੂੰ ਪੁੱਛਾਂਗਾ ਕਿ ਮੌਲੁੰਕਪੁੱਤ, ਹੁਣ ਪੁੱਛ ਲੈ। ਫ਼ਿਰ ਤੂੰ ਪੁੱਛ ਲੈਣਾ ਜੋ ਪੁੱਛਣਾ ਹੋਵੇ। ਅਤੇ ਯਕੀਨ ਦਿਲਾਉਂਦਾ ਹਾਂ ਕਿ ਸਾਰੇ ਜਵਾਬ ਦੇ ਦਿਆਂਗਾ, ਸਭ ਨਿਰਾਕਰਣ (ਸਮਾਧਾਨ) ਕਰ ਦਿਆਂਗਾ । ਪਰ ਦੋ ਸਾਲ ਬਿਲਕੁੱਲ ਚੁਪ, ਸੰਨਾਟਾ... ਦੋ ਸਾਲ ਗੱਲ ਨ ਉਠਾਈਂ।

ਮੌਲੁੰਕਪੁੱਤ ਸੋਚ ਹੀ ਰਿਹਾ ਸੀ ਕਿ ਹਾਂ ਕਹਾਂ ਕਿ ਨਾਂਹ, ਕਿਉਂਕਿ ਦੋ ਸਾਲ ਲੰਮਾ ਵਕਤ ਹੈ ਅਤੇ ਇਸ ਆਦਮੀ ਦਾ ਕੀ ਭਰੋਸਾ, ਦੋ ਸਾਲਾਂ ਬਾਅਦ ਜਵਾਬ ਦੇਵੇਗਾ ਵੀ ਕਿ ਨਹੀਂ? ਉਸ ਨੇ ਕਿਹਾ, ਤੁਸੀਂ ਪੱਕਾ ਵਿਸ਼ਵਾਸ ਦਿਲਾਉਂਦੇ ਹੋ ਕਿ ਦੋ ਸਾਲ ਬਾਅਦ ਜਵਾਬ ਦੇਓਗੇ? ਬੁੱਧ ਨੇ ਕਿਹਾ : ਬਿਲਕੁੱਲ ਵਿਸ਼ਵਾਸ ਦਿਲਾਉਂਦਾ ਹਾਂ, ਤੂੰ ਪੁੱਛੇਗਾਂ ਤਾਂ ਦਿਆਂਗਾ।

ਤੂੰ ਪੁੱਛੇਂਗਾ ਹੀ ਨਹੀਂ ਤਾਂ ਮੈਂ ਕਿਸ ਨੂੰ ਜਵਾਬ ਦਿਆਂਗਾ? ਤਦੋ ਇੱਕ ਭਿਕਸ਼ੂ ਕੋਲ ਹੀ ਇੱਕ ਦਰਖ਼ੱਤ ਦੇ ਹੇਠਾਂ ਬੈਠਾ ਧਿਆਨ ਕਰ ਰਿਹਾ ਸੀ। ਖਿੜਖਿੜਾ ਕੇ ਹਸਣ ਲਗਾ। ਮੌਲੁਂਗਪੁੱਤ ਨੇ ਪੁੱਛਿਆ : ਇਹ ਭਿਕਸ਼ੂ ਕਿਉਂ ਹੱਸ ਰਿਹਾ ਹੈ? ਬੁੱਧ ਨੇ ਕਿਹਾ, ਤੂੰ ਹੀ ਪੁੱਛ

ਲੈ। ਉਸ ਭਿਕਸ਼ੂ ਨੇ ਕਿਹਾ, ਜੇ ਪੁੱਛਣਾ ਹੈ ਤਾਂ ਹੁਣੇ ਪੁੱਛ ਲੈ। ਇਹ ਹੀ ਧੋਖਾ ਮੇਰੇ ਨਾਲ ਹੋਇਆ। ਮੈਂ ਵੀ ਇਸੇ ਤਰ੍ਹਾਂ ਬੁਧੂ ਬਣਿਆ। ਪਰ ਇਹ ਗੱਲ ਸੱਚ ਕਹਿ ਰਹੇ ਹਨ ਇਹ ਕਿ ਜੇਕਰ ਪੁੱਛੋਗੇ ਤਾਂ ਦੋ ਸਾਲ ਬਾਅਦ ਜਵਾਬ ਦੇਣਗੇ, ਲੇਕਿਨ ਦੋ ਸਾਲਾਂ ਬਾਅਦ ਕੌਣ ਪੁੱਛਦਾ ਹੈ। ਦੋ ਸਾਲਾਂ ਤੋਂ ਮੈਂ ਚੁਪ ਬੈਠਾ ਹਾਂ। ਹੁਣ ਉਹ ਮੇਰੇ ਕੋਲੋਂ ਕੁਰੇਦ-ਕੁਰੇਦ ਕੇ ਪੁੱਛਦੇ ਹਨ, ਕਿ ਪੁੱਛੋ ਭਾਈ, ਪਰ ਦੋ ਸਾਲ ਚੁਪ ਰਹਿਣ ਤੋਂ ਬਾਅਦ ਪੁੱਛਣ ਲਈ ਕੁਝ ਬਚਦਾ ਹੀ ਨਹੀਂ। ਜਵਾਬ ਮਿਲ ਹੀ ਜਾਂਦਾ ਹੈ। ਜੇਕਰ ਪੁੱਛਣਾ ਹੈ ਤਾਂ ਹੁਣੇ ਪੁੱਛ ਲੈ, ਨਹੀਂ ਤਾਂ ਦੋ ਸਾਲ ਬਾਅਦ ਪੁੱਛਣ ਲਈ ਕੁਝ ਨਹੀਂ ਬਚੇਗਾ।

ਅਤੇ ਇਹ ਹੀ ਹੋਇਆ, ਮੌਲੁੰਕਪੁੱਤ ਦੋ ਸਾਲ ਰੁੱਕਿਆ। ਦੋ ਸਾਲ ਪੂਰੇ ਹੋਏ, ਬੁੱਧ ਭੁੱਲੇ ਨਹੀਂ, ਤਿਥਿ, ਤਾਰੀਖ ਸਭ ਯਾਦ ਰੱਖੀ। ਠੀਕ ਦੋ ਸਾਲ ਪੂਰੇ ਹੋਣ ਤੇ, ਮੌਲੁੰਕਪੁੱਤ ਤਾਂ ਭੁੱਲ ਹੀ ਗਿਆ ਸੀ, ਕਿਉਂਕਿ ਜਿਸ ਦੇ ਵਿਚਾਰ ਹੌਲੀ-ਹੌਲੀ ਸ਼ਾਂਤ ਹੋ ਜਾਣ ਉਸ ਨੂੰ ਸਮੇਂ ਦਾ ਬੋਧ (ਗਿਆਨ) ਵੀ ਗੁਆਚ ਜਾਂਦਾ ਹੈ। ਕੀ ਸਮੇਂ ਦਾ ਹਿਸਾਬ ਕਿਹੜਾ ਦਿਨ ਆਇਆ, ਕਿਹੜਾ ਸਾਲ ਆਇਆ, ਕੀ ਹਿਸਾਬ ! ਸਭ ਜਾ ਚੁਕਿਆ ਸੀ, ਸਭ ਬਹਿ ਗਿਆ ਸੀ। ਜਰੂਰਤ ਵੀ ਕੀ ਸੀ! ਬੈਠਣਾ ਸੀ ਬੁੱਧ ਦੇ ਕੋਲ ਤਾਂ ਸ਼ੁਕਰ ਹੋਵੇ ਕਿ ਸ਼ਨੀਚਰ, ਕਿ ਰਵਿ ਹੋਵੇ ਕਿ ਸੋਮ, ਸਭ ਬਰਾਬਰ ਸਨ। ਅਸਾੜ੍ਹ ਹੋਵੇ ਕਿ ਜੇਠ, ਗਰਮੀ ਹੋਵੇ ਕਿ ਸਰਦੀ, ਸਭ ਬਰਾਬਰ ਸੀ। ਅੰਦਰ ਤਾਂ ਇੱਕ ਹੀ ਹਾਸਾ ਸੀ—ਸ਼ਾਂਤੀ ਦਾ, ਮੌਨ ਦਾ। ਦੋ ਸਾਲ ਪੂਰੇ ਹੋ ਗਏ, ਬੁੱਧ ਨੇ ਕਿਹਾ, ਮੌਲੁੰਕਪੁੱਤ ਤੂੰ ਖੜਾ ਹੋ ਜਾ। ਖੜਾ ਹੋ ਗਿਆ ਮੌਲੁੰਕਪੁੱਤ। ਬੁੱਧ ਨੇ ਕਿਹਾ : ਹੁਣ ਤੂੰ ਪੁੱਛ ਲੈ, ਕਿਉਂਕਿ ਮੈਂ ਆਪਣੇ ਵਚਨ ਤੋਂ ਮੁਕਰਦਾ ਨਹੀਂ। ਤੈਨੂੰ ਕੁਝ ਪੁੱਛਣਾ ਹੈ?

ਮੌਲੁੰਕਪੁੱਤ ਹਸਣ ਲਗਾ ਅਤੇ ਉਸ ਨੇ ਕਿਹਾ : ਉਹ ਭਿਕਸ਼ੂ ਠੀਕ ਕਹਿ ਰਿਹਾ ਸੀ।

ਮੇਰੇ ਕੋਲ ਹੁਣ ਪੁੱਛਣ ਲਈ ਕੁਝ ਵੀ ਨਹੀਂ ਹੈ। ਜਵਾਬ ਆ ਹੀ ਗਿਆ। ਤੁਹਾਡੀ ਕਿਰਪਾ ਨਾਲ ਜਵਾਬ ਮਿਲ ਹੀ ਗਿਆ।

ਜਵਾਬ ਦਿੱਤਾ ਨਹੀਂ ਗਿਆ ਅਤੇ ਆ ਗਿਆ ! ਜਵਾਬ ਬਾਹਰੋਂ ਆਉਂਦਾ ਹੀ ਨਹੀਂ, ਜਵਾਬ ਅੰਦਰੋਂ ਆਉਂਦਾ ਹੈ। ਅਜਿਹਾ ਹੀ ਸਮਝੋ। ਜਿਵੇਂ ਕੋਈ ਕੂਆਂ (ਖੂਹ) ਖੋਦਦਾ ਹੈ ਤਾਂ ਪਹਿਲਾਂ ਕੰਕਰ-ਪਥੱਰ ਨਿਕਲਦੇ ਹਨ। ਕੂੜਾ-ਕਰਕਟ ਨਿਕਲਦਾ ਹੈ, ਸੁੱਕੀ ਜ਼ਮੀਨ ਨਿਕਲਦੀ ਹੈ, ਫ਼ਿਰ ਗਿੱਲੀ ਜ਼ਮੀਨ ਆਉਂਦੀ ਹੈ, ਫ਼ਿਰ ਚਿਕੱੜ ਨਿਕਲਦਾ ਹੈ, ਫ਼ਿਰ ਜਲ ਸਰੋਤ (ਪਾਣੀ ਦਾ ਝਰਨਾ) ...। ਪਾਣੀ ਦੇ ਝਰਨੇ ਤਾਂ ਦੱਬੇ ਪਏ ਹਨ। ਤੁਹਾਡੇ ਸਵਾਲਾਂ ਦੀ ਹੀ ਪਰਤ-ਦਰ-ਪਰਤ ਜੰਮ ਗਈ ਹੈ, ਉਸੇ ਦੇ ਹੇਠਾਂ ਜਲ ਸ਼ਰੋਤ ਦਬਿਆ ਪਿਆ ਹੈ। ਖੁਦਾਈ ਕਰੋ, ਇਨ੍ਹਾਂ ਸਵਾਲਾਂ ਨੂੰ ਹੱਟਾਓ। ਅਤੇ ਹਟਾਉਂਣ ਦਾ ਉਪਾ ਇੱਕ ਹੀ ਹੈ : ਜਾਗ ਕੇ ਸਾਕਸ਼ੀ ਭਾਵ ਨਾਲ ਇਨ੍ਹਾਂ ਸਵਾਲਾਂ ਦੇ ਪ੍ਰਵਾਹ ਨੂੰ ਵੇਖਦੇ ਰਹੋ। ਸਿਰਫ਼ ਵੇਖਦੇ ਰਹੋ ਇਸ ਪ੍ਰਵਾਹ ਨੂੰ, ਕੁਝ ਨ ਕਰੋ। ਬੈਠ ਜਾਓ ਰੋਜ਼ ਘੰਟਾ ਦੋ ਘੰਟੇ, ਚਲਣ ਦਿਓ ਪ੍ਰਵਾਹ ਨੂੰ। ਛੇਤੀ ਵੀ ਨ ਕਰਨਾ ਕਿ ਅੱਜ ਹੀ ਬੰਦ ਹੋ ਜਾਏ।

ਇਸ ਲਈ ਬੁੱਧ ਨੇ ਕਿਹਾ, ਦੋ ਸਾਲ। ਕੋਈ ਤਿੰਨ ਮਹੀਨਿਆਂ ਬਾਅਦ ਪਹਿਲੀ ਸਰਸਰਾਹਟ ਸੰਨਾਟੇ ਦੀ ਸ਼ੁਰੂ ਹੁੰਦੀ ਹੈ। ਅਤੇ ਕੋਈ ਦੋ ਸਾਲ ਹੁੰਦੇ-ਹੁੰਦੇ ਅਨੁਭਵ ਪੱਕ

ਜਾਂਦਾ ਹੈ। ਬਸ ਕੋਈ ਇੰਨਾ ਧੀਰਜ ਵੀ ਰੱਖੇ ਕਿ ਦੋ ਘੰਟੇ ਰੋਜ਼ ਬੈਠਦਾ ਰਹੇ, ਕੁਝ ਨ ਕਰੇ ..। ਉਸ ਕੁਝ ਨ ਕਰਨੇ ਵਿਚ ਸਾਰੀ ਕਲਾ ਲੁੱਕੀ ਹੈ।

ਲੋਗ ਪੁੱਛਦੇ ਹਨ : ਬੁੱਧ ਨੂੰ ਪਹਿਲੀ ਸਮਾਧੀ ਕਿਵੇਂ ਘੱਟੀ ? ਬੈਠੇ ਸਨ ਬ੍ਰਿੱਛ ਦੇ ਹੇਠਾਂ, ਕੁਝ ਕਰ ਨਹੀਂ ਰਹੇ ਸਨ, ਤਦ ਘੱਟੀ। ਛੇ ਸਾਲਾਂ ਤੱਕ ਬਹੁਤ ਕੁਝ ਕੀਤਾ—ਬੜੇ ਯਮ, ਵਯਾਯਾਮ, ਪ੍ਰਾਣਾਯਾਮ ਪਤਾ ਨਹੀਂ ਕੀ-ਕੀ ਕੀਤਾ। ਸਭ ਕਰਕੇ ਥਕ ਗਏ ਸਨ, ਉਸ ਰਾਤ ਤਯ ਕਰਕੇ ਸੁੱਤੇ ਕਿ ਹੁਣ ਕੁਝ ਨਹੀਂ ਕਰਨਾ, ਹੋ ਗਿਆ ਬਹੁਤ। ਕਰਨ ਨਾਲ ਵੀ ਕੁਝ ਨਹੀਂ ਹੁੰਦਾ। ਉਸ ਰਾਤ ਕਰਨਾ ਵੀ ਛੱਡ ਦਿੱਤਾ। ਉਸ ਰਾਤ ਬਿਲਕੁੱਲ ਬਿਨਾਂ ਕਰਨ ਦੀ ਅਵਸਥਾ ਵਿਚ ਸੌਂ ਗਏ। ਸ਼ੂਨਯ ਭਾਵ ਸੀ। ਸਵੇਰੇ ਅੱਖ ਖੁੱਲੀ, ਸਮਾਧੀ ਦਰਵਾਜ਼ੇ ਤੇ ਖਲੋਤੀ ਸੀ। ਜਿਸ ਮੇਹਮਾਨ ਦੀ ਉਡੀਕ ਸੀ, ਉਹ ਆ ਗਿਆ। ਆਖ਼ਰੀ ਤਾਰਾ ਡੁੱਬਦਾ ਸੀ ਸਵੇਰ ਹੋਣ ਦਾ ਅਤੇ ਅੰਦਰ ਬੁੱਧ ਦੇ ਆਖ਼ਰੀ ਵਿਚਾਰ ਵੀ ਡੁੱਬ ਗਿਆ ...। ਉਧੱਰ ਆਖ਼ਰੀ ਤਾਰੇ ਤੋਂ ਆਕਾਸ਼ ਖ਼ਾਲੀ ਹੋਇਆ, ਇਧੱਰ ਆਖ਼ਰੀ ਵਿਚਾਰ ਵੀ ਡੁੱਬ ਗਿਆ। ਸਮਾਧੀ ਆ ਗਈ, ਜਵਾਬ ਆ ਗਿਆ। ਇਸ ਲਈ ਤਾਂ ਸਮਾਧੀ ਕਹਿੰਦੇ ਹਨ ਉਸ ਨੂੰ, ਕਿਉਂਕਿ ਉਸ ਵਿਚ ਸਮਾਧਾਨ ਹੈ।

ਸਾਂਝ ਆਈ ਚੁਪ ਹੁਏ ਧਰਤੀ-ਗਗਨ,
ਨਯਨ ਮੇਂ ਗੋਧੂਲਿ ਕੇ ਬਾਦਲ ਉਠੇ
ਬੋਝ ਮੇਂ ਪਲਕੇ ਝੁਪੀਂ ਨਮ ਹੋ ਗਈਂ,
ਸਾਂਝ ਨੇ ਪੂਛਾ, ਉਦਾਸੀ ਕਿਸ ਲਿਏ ?
ਕਿਨਤੂ ਮੇਰੇ ਪਾਸ ਕੁਛ ਉੱਤਰ ਨਹੀਂ ?

ਰਾਤ ਆਈ ਕਾਲਿਮਾ ਘਿਰਤੀ ਗਈ,
ਸ਼ਘਨ ਤਮ ਮੇਂ ਦਵਾਰ ਮਨ ਕੇ ਖੁਲ ਗਏ
ਦਾਹ ਕੀ ਚਿੰਗਾਰੀਆਂ ਹੰਸਨੇ ਲਗੀਂ,
ਰਾਤ ਨੇ ਪੂਛਾ ਜਲਨ ਯਹ ਕਿਸ ਲਿਏ ?
ਕਿਨਤੂ ਮੇਰੇ ਪਾਸ ਕੁਛ ਉੱਤਰ ਨਹੀਂ ?

ਨੀਂਦ ਆਈ ਚੇਤਨਾ ਸਬ ਮੌਨ ਹੈ,
ਦੇਹ ਥਕ ਕਰ ਸੋ ਗਈ, ਪਰ ਪ੍ਰਾਣ ਕੋ
ਸਵਪਨ ਕੀ ਜਾਦੂ ਭਰੀ ਗਲਿਆਂ ਮਿਲੀਂ,
ਨੀਂਦ ਨੇ ਪੂਛਾ, ਭੁਲਾਵੇ ਕਿਸ ਲਿਏ ?
ਕਿਨਤੂ ਮੇਰੇ ਪਾਸ ਕੁਛ ਉੱਤਰ ਨਹੀਂ ?
ਪ੍ਰਸ਼ਨ ਤੋ ਬਿਖਰੇ ਯਹਾਂ ਸਬ ਓਰ ਹੈਂ,
ਕਿਨਤੂ ਮੇਰੇ ਪਾਸ ਕੁਛ ਉੱਤਰ ਨਹੀਂ ?

ਤੁਸੀਂ ਸਵਾਲਾਂ ਨੂੰ ਫੜੋ ਹੀ ਨ, ਜਵਾਬ ਤੁਹਾਨੂੰ ਮਿਲਣਗੇ ਵੀ ਨਹੀਂ। ਕੋਈ ਕਦੇ ਸਵਾਲਾਂ ਦੇ ਸਹਾਰੇ ਚਲ ਕੇ ਜਵਾਬ ਪਾ ਨਹੀਂ ਸਕਿਆ। ਤੁਸੀਂ ਸਵਾਲ ਉਠਣ ਦਿਓ, ਇਹ ਮਨ ਦੀ ਖੁਜਲਾਹਟ ਹੈ। ਖੁਜਲਾਹਟ ਠੀਕ ਸ਼ਬਦ ਹੈ। ਕਦੇ-ਕਦੇ ਖੁਜਲਾਹਟ ਉਠਦੀ ਹੈ, ਤੁਸੀਂ ਖੁਜਾ ਲੈਂਦੇ ਹੋ—ਬਸ ਇਵੇਂ ਹੀ ਮਨ ਦੀ ਖੁਜਲਾਹਟ ਹਨ ਸਵਾਲ। ਖੁਜਾ ਲੈਣ ਨਾਲ ਕੁਝ ਹਲ ਨਹੀਂ ਹੁੰਦਾ, ਪਰ ਜੇ ਨ ਖੁਜਾਓ ਤਾਂ ਵੀ ਬੇਚੈਨੀ ਹੁੰਦੀ ਹੈ। ਖੁਜਾ ਲੈਣ ਨਾਲ ਥੋੜ੍ਹੇ ਜਿਹੇ ਪਲ-ਕੁ ਭਰ ਲਈ ਰਾਹਤ (ਚੈਨ) ਮਿਲਦੀ ਹੈ। ਬਸ ਅਜਿਹੇ ਹੀ ਤੁਹਾਡੇ ਉੱਤਰ ਹਨ। ਇੱਕ ਜਵਾਬ ਫੜ ਲਿਆ, ਥੋੜ੍ਹੀ ਦੇਰ ਰਾਹਤ ਮਿਲਦੀ ਹੈ, ਛੇਤੀ ਹੀ ਉਸ ਜਵਾਬ ਵਿਚੋਂ ਵੀ ਸਵਾਲ ਨਿਕਲ ਆਉਣਗੇ। ਫ਼ਿਰ ਚੈਨ ਗੁਆਚ ਜਾਏਗਾ। ਫ਼ਿਰ ਜਵਾਬ ਦੀ ਤਲਾਸ਼ ਸ਼ੁਰੂ ਹੋ ਜਾਏਗੀ।

ਕੰਨੂਮਲ ਤੂੰ ਠੀਕ ਕਹਿੰਦਾ ਹੈਂ :

ਪ੍ਰਸ਼ਨੋਂ ਕੇ ਅੰਬਾਰ ਲਗੇ ਹੈਂ ਉੱਤਰ ਚੁਪ ਹੈਂ
ਕੌਨ ਸਹੇਜੇ ਇਨ ਕਾਂਟੋਂ ਕੋ
ਬਗੀਆ ਚੁਪ ਹੈ ਮਾਲੀ ਚੁਪ ਹੈ
ਪ੍ਰਸ਼ਨ ਸਵੰਯ ਮੇਂ ਰਹਤਾ ਚੁਪ ਹੈ
ਦਿਨਕਰ ਚੁਪ ਹੈ, ਰਾਤੇਂ ਚੁਪ ਹੈਂ
ਉਠੀ ਬਦਰਿਯਾ ਕਾਰੀ-ਕਾਰੀ
ਲਗਾ ਅੰਧੇਰਾ ਬਿਲਕੁੱਲ ਘੁਪ ਹੈ
ਪ੍ਰਸ਼ਨੋਂ ਕੇ ਅੰਬਾਰ ਲਗੇ ਹੈਂ, ਉੱਤਰ ਚੁਪ ਹੈਂ।

ਜਵਾਬ ਚੁਪ ਰਹਿਣਗੇ। ਜਵਾਬ ਬੋਲਦੇ ਨਹੀਂ। ਤੁਸੀਂ ਬੋਲਣਾ ਜਦ ਬੰਦ ਕਰ ਦਿਓਗੇ, ਤਤਛਣ (ਝੱਟ-ਪੱਟ) ਉਨ੍ਹਾਂ ਨੂੰ ਪਛਾਣ ਲਓਗੇ। ਤੁਹਾਡੀ ਵਾਣੀ ਗੁਆਚ ਜਾਏਗੀ ਅਤੇ ਤੁਸੀਂ ਪਾਓਗੇ—ਸ਼ੂਨਯ ਤੁਹਾਡੇ ਅੰਦਰ ਬੋਲਿਆ। ਮੌਨ ਤੁਹਾਡੇ ਅੰਦਰ ਬੋਲਿਆ। ਉਸ ਮੌਨ ਵਿਚ ਅਚਾਨਕ ਸਮਾਧਾਨ ਹੈ, ਸਭ ਸਵਾਲਾਂ ਦਾ ਜਵਾਬ ਹੈ, ਕਿਉਂਕਿ ਉਸ ਮੌਨ ਵਿਚ ਸ਼ਾਂਤੀ ਹੈ, ਸੁਖ ਹੈ, ਪਰਮ ਆਨੰਦ ਹੈ।

ਤੁਸੀਂ ਇੱਕ ਗੱਲ ਦਾ ਖ਼ਿਆਲ ਕੀਤਾ, ਸਵਾਲ ਉਠਦੇ ਦੁਖ ਦੇ ਕਾਰਣ ਹਨ। ਦੁਖ ਸਵਾਲਾਂ ਦਾ ਜਨਮ ਦਾਤਾ ਹੈ। ਜਿਵੇਂ ਤੁਹਾਡੇ ਸਿਰ ਵਿਚ ਦਰਦ ਹੁੰਦਾ ਹੈ ਤਾਂ ਤੁਸੀਂ ਪੁੱਛਦੇ ਹੋ ਸਿਰ ਵਿਚ ਦਰਦ ਕਿਉਂ ਹੈ·? ਜਦ ਨਹੀਂ ਹੁੰਦਾ ਤਾਂ ਤੁਸੀਂ ਨਹੀਂ ਪੁੱਛਦੇ ਕਿ ਸਿਰ ਵਿਚ ਦਰਦ ਕਿਉਂ ਨਹੀਂ ਹੈ ? ਤੁਹਾਨੂੰ ਜਦ ਬੀਮਾਰੀ ਹੁੰਦੀ ਹੈ ਤਾਂ ਤੁਸੀਂ ਪੁੱਛਦੇ ਹੋ ਡਾਕਟਰ ਕੋਲ ਜਾਂ ਕੇ ਕਿ ਬੀਮਾਰ ਕਿਉਂ ਹਾਂ, ਕਾਰਣ? ਲੇਕਿਨ ਜਦ ਤੁਸੀਂ ਤੰਦਰੁਸਤ ਹੁੰਦੇ ਹੋ ਤਦ ਤੁਸੀਂ ਡਾਕਟਰ ਦੇ ਕੋਲ ਜਾ ਕੇ ਨਹੀਂ ਪੁੱਛਦੇ ਕਿ ਮੈਂ ਤੰਦਰੁਸਤ ਕਿਉਂ ਹਾਂ, ਕਾਰਣ? ਤੰਦਰੁਸਤੀ ਵਿਚ ਕੋਈ ਸਵਾਲ ਨਹੀਂ ਉਠਦਾ, ਬੀਮਾਰੀ ਵਿਚ ਸਵਾਲ ਉਠਦਾ ਹੈ। ਦੁਖ ਵਿਚ ਸਵਾਲਾਂ ਦਾ ਜਨਮ ਹੁੰਦਾ ਹੈ, ਸੁਖ ਵਿਚ ਸਵਾਲ ਮੁੱਕ ਜਾਂਦੇ ਹਨ।

ਤੁਸੀਂ ਜਿਵੇਂ ਹੀ ਆਪਣੇ ਅੰਦਰ ਸ਼ਾਂਤ ਹੋ ਜਾਓਗੇ ਅਤੇ ਥੋੜ੍ਹੇ ਜਿਹੇ ਸੁਖ ਦੀ ਝਲਕ

ਪਾਓਗੇ, ਹੈਰਾਨ ਹੋ ਕੇ ਪਾਓਗੇ, ਸਵਾਲ ਗੁੰਮ ਹੋ ਗਏ ! ਕੌਣ ਪੁੱਛਦਾ ਹੈ, ਕਿਸ ਲਈ ਪੁੱਛਦਾ ਹੈ। ਦਰਦ ਹੀ ਨ ਰਿਹਾ ਤਾਂ ਦਰਦ ਤੋਂ ਜਨਮ ਲੈਣ ਵਾਲੇ ਸਵਾਲ ਕਿਵੇਂ ਬਚ ਸਕਦੇ ਹਨ? ਉਹ ਆਪਣੇ ਆਪ ਸਮਾਪਤ ਹੋ ਜਾਂਦੇ ਹਨ।

ਆਖਰੀ ਸਵਾਲ : ਪ੍ਰਾਰਥਨਾ ਕੀ ਹੈ ?

ਪ੍ਰਾਰਥਨਾ ਅਹੋਭਾਵ ਦੀ ਦਸ਼ਾ ਹੈ, ਪ੍ਰਾਰਥਨਾ ਹੈ ਧੰਨਵਾਦ।

ਪਰਮਾਤਮਾ ਨੇ ਇੰਨਾ ਦਿੱਤਾ ਹੈ ਸਾਨੂੰ ਘਟੋ-ਘੱਟ ਧੰਨਵਾਦ ਤਾਂ ਦੇਈਏ। ਪ੍ਰਾਰਥਨਾ ਹੈ 'ਉਸਦੇ' ਸਵਾਗਤ ਦੀ ਤਿਆਰੀ, ਮਹਿਮਾਨ ਆਇਗਾ, ਮਹਿਮਾਨ ਆਉਂਦਾ ਹੀ ਹੋਇਗਾ। ਘਰ-ਦਰਵਾਜ਼ੇ ਉੱਤੇ ਸੇਹਰੇ ਲਗਾਓ, ਫ਼ੁੱਲਾਂ ਦੀਆਂ ਮਾਲਾਵਾਂ ਗੁੰਦੋ, ਆਰਤੀ ਸਜਾਓ। ਪ੍ਰਾਰਥਨਾ ਸਵਾਗਤ ਦੀ ਤਿਆਰੀ ਹੈ। ਅਤਿਥਿ ਕਦ ਆ ਜਾਇਗਾ, ਪਤਾ ਨਹੀਂ, ਅਸੀਂ ਤਿਆਰ ਤਾਂ ਹੋਈਏ !

ਜਬ ਸੇ ਸੁਨਾ, ਦੁਆਰ ਤੁਮ ਮੇਰੇ ਆਓਗੇ,
ਨਈ-ਨਈ ਨਿਤ ਬੰਦਨਵਾਰ ਬੰਧਾਤੀ ਹੂੰ !

ਪ੍ਰਾਣ ਤੁਮਹਾਰੇ ਸਵਾਗਤ ਮੇਂ ਦੁਆਰ, ਦੇਹਰੀ,
ਅੰਗਨਾ ਦੇਖੋ, ਸਾਰਾ ਸਦਨ ਬੁਹਾਰਾ ਹੈ;
ਕੋਮਲ ਹੈਂ ਪ੍ਰਿਯ ਚਰਣ ਤੁਮਹਾਰੇ ਇਸ ਲਿਏ,
ਪੰਖੁਰਿਯੋਂ ਸੇ ਸਾਰਾ ਪੱਥ ਸੰਵਾਰਾ ਹੈ;
ਜਬ ਸੇ ਸੁਨਾ, ਸਹਨ ਤੱਕ ਤੁਮ ਆ ਜਾਓਗੇ,
ਚੌਕ ਪੂਰਤੀ ਮੰਗਲ ਕਲਸ਼ ਭਰਾਤੀ ਹੂੰ।
ਜਬ ਸੇ ਸੁਨਾ ਦੁਆਰ ਤੁਮ ਮੇਰੇ ਆਓਗੇ,
ਨਈ-ਨਈ ਨਿਤ ਬੰਦਨਵਾਰ ਬੰਧਾਤੀ ਹੂੰ !

ਵੀਰਾਨਾ-ਸਾ ਜੀਵਨ ਸਮਝਾ ਥਾ ਮੈਨੇ,
ਸੋਚਾ ਕੋਈ ਭੀ ਤੋ ਮੇਰਾ ਗੀਤ ਨਹੀਂ ਹੈ;
ਅਨਜਾਨੇ ਅਧਰੋਂ ਪਰ ਸਹਸਾ ਆ ਜਾਏ,
ਐਸਾ ਕੋਈ ਭੀ ਤੋ ਮੇਰਾ ਗੀਤ ਨਹੀਂ ਹੈ !
ਜਬ ਸੇ ਸੁਨਾ, ਗੀਤ ਤੁਮ ਮੇਰੇ ਗਾਓਗੇ,
ਨਏ-ਨਏ ਨਿਤ ਛੰਦ ਬਨਾ ਕਰ ਲਾਤੀ ਹੂੰ !
ਜਬ ਸੇ ਸੁਨਾ ਦੁਆਰ ਤੁਮ ਮੇਰੇ ਆਓਗੇ,
ਨਈ-ਨਈ ਨਿਤ ਬੰਦਨਵਾਰ ਬੰਧਾਤੀ ਹੂੰ !
ਇਨ ਨਯਨੋਂ ਮੇਂ ਨਯੇ ਸਪਨ ਕਾ ਮੇਲਾ ਹੈ,

ਸਤਰੰਗੀ ਯਹ ਚਾਹ ਹ੍ਰਿਦਯ ਮੇਂ ਮੁਸਕਾਤੀ;
ਕੈਸੇ ਕਾਟੂੰ ਪੰਖ ਕਲਪਨਾ ਕੇ ਸੁੰਦਰ,
ਮਨ ਕੀ ਸੋਨ-ਚਿਰੈਯਾ ਦੇਖੋ ਅਕੁਲਾਤੀ;
ਜਬ ਸੇ ਸੁਨਾ ਪ੍ਰਾਣ ਪਰ ਮੇਰੇ ਛਾਓਗੇ,
ਨਏ-ਨਏ ਨਿਤ ਮਾਦਕ ਸਪਨ ਸਜਾਤੀ ਹੂੰ !
ਜਬ ਸੇ ਸੁਨਾ ਦੁਆਰ ਤੁਮ ਮੇਰੇ ਆਓਗੇ,
ਨਈ-ਨਈ ਨਿਤ ਬੰਦਨਵਾਰ ਬੰਧਾਤੀ ਹੂੰ !

ਚੌਰਾਹੇ ਪਰ ਖੜੀ ਹੁਈ ਹੂੰ ਸੋਚ ਯਹੀ,
ਪਤਾ ਨਹੀਂ ਤੁਮ ਕਿਸ ਪੱਥ ਪਰ ਹੋ ਕਰ ਆਓ
ਮੈਂ ਦੀਵਾਨੀ ਬਨੀ ਤੁਮਹਾਰੀ, ਜਗ ਕਹਤਾ,
ਸਾਂਵਰਿਯਾ ਇਸ ਪਾਗਲਪਨ ਕੋ ਦੁਲਰਾਓ,
ਜਬ ਸੇ ਸੁਨਾ, ਅਜਾਨਾ ਪੱਥ ਅਪਨਾਓਗੇ,
ਡਗਰ-ਡਗਰ ਪਰ ਦੀਪਕ ਰੋਜ ਜਲਾਤੀ ਹੂੰ !
ਜਬ ਸੇ ਸੁਨਾ, ਦੁਆਰ ਪਰ ਮੇਰੇ ਆਓਗੇ,
ਨਈ-ਨਈ ਨਿਤ ਬੰਦਨਵਾਰ ਬੰਧਾਤੀ ਹੂੰ !

ਕਦ ਆ ਜਾਏ ਅਤਿਥਿ, ਕਿਸ ਮਾਰਗ ਤੋਂ ਆ ਜਾਏ, ਕਿਸ ਦੁਆਰ ਤੋਂ ਆ ਜਾਏ, ਇਸਦੀ ਤਿਆਰੀ ਦਾ ਨਾਮ ਪ੍ਰਾਰਥਨਾ ਹੈ। ਪ੍ਰਾਰਥਨਾ ਇੱਕ ਸਵਾਗਤ ਦੀ ਭਾਵ-ਦਸ਼ਾ ਹੈ।

ਉਪਚਾਰਿਕ (ਲੋਕਾਚਾਰ ਵਾਲੀ) ਪ੍ਰਾਰਥਨਾ ਵਿਚ ਨ ਪੈਣਾ, ਸਹਜ ਹੋਵੇ ਪ੍ਰਾਰਥਨਾ, ਸਰਲ ਹੋਵੇ, ਤੁਹਾਡੇ ਹ੍ਰਿਦਯ ਤੋਂ ਉਠੀ ਹੋਵੇ, ਤਾਂ ਹੀ ਸਾਰਥੱਕ ਹੈ। ਸ਼ਾਸਤ੍ਰੀਯੇ (ਸ਼ਾਸਤ੍ਰਾਂ ਦੀ ਉਪਜ) ਨ ਹੋਵੇ, ਹਾਰਦਿਕ (ਦਿਲੋਂ) ਹੋਵੇ। ਫ਼ਿਰ ਚਾਹੇ ਤੁਤਲਾਉਂਣ ਵਰਗੀ ਹੀ ਕਿਉਂ ਨ ਹੋਵੇ ...।

ਤੁਸੀਂ ਵੇਖਿਆ, ਛੋਟਾ ਬੱਚਾ ਜਦ ਪਹਿਲੀ ਵਾਰ ਤੁਤਲਾਉਂਣ ਲਗਦਾ ਹੈ ਤਾਂ ਉਸ ਦਾ ਤੁਤਲਾਉਂਣਾ ਵੀ ਕਿੰਨਾ ਪਿਆਰਾ ਲਗਦਾ ਹੈ।

ਫ਼ਿਰ ਬਾਅਦ ਵਿਚ ਜਦ ਠੀਕ-ਠੀਕ ਬੋਲਣ ਲਗੇਗਾ, ਪੂਰਣਤਾ ਨਾਲ ਬੋਲਣ ਲਗੇਗਾ ਤਾਂ ਸ਼ਾਇਦ ਕੋਈ ਉਸ ਦੀ ਫ਼ਿਕ੍ਰ ਵੀ ਨਹੀਂ ਲਵੇਗਾ।

ਲੇਕਿਨ ਤੁਤਲਾਉਂਣਾ ਇੰਨਾ ਪਿਆਰਾ ਲਗਦਾ ਹੈ ਕਿ ਮਾਂ ਮਗਨ ਹੋ ਜਾਂਦੀ ਹੈ, ਆਂਢ-ਗੁਆਂਢ ਦੇ ਲੋਕਾਂ ਨੂੰ ਬੁਲਾਉਂਦੀ ਹੈ ਕਿ ਵੇਖੋ! ਅੱਜੇ ਦਸਣ ਜਿਹਾ ਕੁਝ ਵੀ ਨਹੀਂ ਹੈ। ਫ਼ਿਰ ਜਦ ਬੋਲਣ ਲਗੇਗਾ ਤਾਂ ਕੋਈ ਫ਼ਿਕਰ ਨਹੀਂ ਕਰੇਗਾ। ਪ੍ਰਾਰਥਨਾ ਸ਼ੁਰੂ ਵਿਚ ਤੁਤਲਾਉਂਣ ਵਰਗੀ ਹੈ।

ਅਤੇ ਜੋ ਪ੍ਰਾਰਥਨਾ ਤੁਤਲਾਉਂਦੀ ਹੈ, ਉਹ ਹੀ ਪਰਮਾਤਮਾ ਤੱਕ ਪੁਜੇਂਦੀ ਹੈ, ਖ਼ਿਆਲ ਰਖੱਣਾ। ਹਾਰਦਿਕ ਹੋਵੇ, ਸਹਜ ਹੋਵੇ, ਤੁਹਾਡੀ ਹੋਵੇ।

ਆਜ ਮੈਂ ਕਿਸ ਕਾ ਸਾਥ ਗਹੂੰ ?
ਗਗਨ ਮੇਂ ਲੇਤੀ ਘਟਾ ਹਿਲੋਰ,
ਕਲਪਨਾ ਨਾਚੇ ਬਨ ਕਰ ਮੋਰ, ਭਾਵਨਾ ਖੀਂਚੇ ਅਪਨੀ ਔਰ,
ਕਹੋ ਮੈਂ ਕਿਸ ਕੇ ਸਾਥ ਬਹੂੰ ? ਆਜ ਤਿਰਤੀ ਅਧਰੋਂ ਪਰ ਪਿਆਸ,
ਹ੍ਰਿਦਯ ਭੀ ਬੈਠਾ ਮੌਨ, ਉਦਾਸ ਸ਼ਵਾਸ ਮੇਂ ਉਦਵੇਲਿਤ ਉੱਛਵਾਸ,
ਵੇਦਨਾ ਸੇ ਮ੍ਰਿਯਮਾਣ ਰਹੂੰ ?


ਨਯਨ ਕੀ ਭਾਸ਼ਾ ਹੈ ਅਨਜਾਨ,
ਵਿਹਗ ਸੇ ਉੜਤੇ ਮੇਰੇ ਗਾਨ
ਬੜੇ ਹੀ ਅਸਮੰਜਸ ਮੇਂ ਪ੍ਰਾਣ, ਵਿਵਸ਼ਤਾ ਕਾ ਅਨੁਪਾਤ ਸਹੂੰ ?
ਸਾਂਝ ਕੀ ਬੇਲਾ ਬਹੁਤ ਅਧੀਰ, ਥਿਰਕਤਾ ਫ਼ਿਰਤਾ ਮੰਦ ਸਮੀਰ,
ਘੁਟਨ ਭਰ-ਭਰ ਜਾਤੀ ਹੈ ਪੀਰ, ਕਸਕਤੀ ਕਿਸਸੇ ਬਾਤ ਕਹੂੰ ?
ਆਜ ਮੈਂ ਕਿਸ ਕਾ ਸਾਥ ਗਹੂੰ ? ਕਹੋ, ਮੈਂ ਕਿਸ ਕੇ ਸਾਥ ਬਹੂੰ ?

ਪ੍ਰਾਰਥਨਾ ਇਸ ਤਰ੍ਹਾਂ ਦਾ ਨਿਵੇਦਨ ਹੈ। ਪ੍ਰੇਮ ਦੀ ਗੱਲ ਹੈ ਆਕਾਸ਼ ਦੇ ਨਾਲ ...। ਦੂਜੇ ਪਾਸਿਓਂ ਕੋਈ ਜਵਾਬ ਨਹੀਂ ਆਉਂਦਾ। ਇਸ ਲਈ ਜੋ ਜਵਾਬ ਦੀ ਉਡੀਕ ਕਰੇਗਾ, ਉਸਦੀ ਪ੍ਰਾਰਥਨਾ ਛੇਤੀ ਹੀ ਬੰਦ ਹੋ ਜਾਏਗੀ। ਜਵਾਬ ਦੀ ਉਡੀਕ ਹੀ ਨ ਕਰਨਾ, ਤੁਸੀਂ ਆਪਣਾ ਨਿਵੇਦਨ ਜਾਰੀ ਰਖੱਣਾ। ਤੁਸੀਂ ਇਸ ਦੀ ਫ਼ਿਕਰ ਹੀ ਨ ਲੈਣਾ ਕਿ ਉਹ ਜਵਾਬ ਦਿੰਦਾ ਹੈ ਜਾਂ ਨਹੀਂ, ਉਸ ਤੱਕ ਗੱਲ ਪੁਜੱਦੀ ਹੈ ਜਾਂ ਨਹੀਂ, ਇਨ੍ਹਾਂ ਸਭ ਦੀ ਚਿੰਤਾ ਨ ਲੈਣਾ।

ਤੁਸੀਂ ਇਸ ਦੀ ਕੋਸ਼ਿਸ਼ ਹੀ ਨ ਕਰਨਾ ਕਿ ਮੇਰੀ ਪ੍ਰਾਰਥਨਾ ਪਰਮਾਤਮਾ ਨੂ ਬਦਲੇ ਤੁਸੀਂ ਇੰਨੀ ਹੀ ਫ਼ਿਕਰ ਕਰਨਾ ਕਿ ਮੇਰੀ ਪ੍ਰਾਰਥਨਾ ਗਹਿਰੀ ਹੁੰਦੀ ਜਾਏ, ਡੂੰਘੀ ਹੁੰਦੀ ਜਾਏ ਮੇਰੀ ਪ੍ਰਾਰਥਨਾ ਮੇਰੇ ਅਥਰੂਆਂ ਨਾਲ ਭਿੱਜੇ, ਮੇਰੇ ਆਨੰਦ ਨਾਲ ਭਿੱਜੇ। ਮੇਰੀ ਪ੍ਰਾਰਥਨਾ ਉੱਤੇ ਮੇਰੀ ਮੁਸਕਰਾਹਟ ਦੀ ਛਾਪ ਹੋਵੇ ਅਤੇ ਮੇਰੀ ਪ੍ਰਾਰਥਨਾ ਉੱਤੇ ਮੇਰੇ ਪ੍ਰਾਣਾਂ ਦੇ ਦਸਖ਼ੱਤ ਹੋਣ—ਬਸ ਇਸ ਦੀ ਫ਼ਿਕਰ ਕਰਨਾ। ਤੇ ਫ਼ਿਰ ਇੱਕ ਦਿਨ ਅਚਾਨਕ ਪ੍ਰਾਰਥਨਾ ਪੁੱਜ ਜਾਂਦੀ ਹੈ। ਤੁਹਾਡੀ ਤੁਤਲਾਹਟ ਸੁਣ ਲਈ ਗਈ। ਅਤੇ ਉਸੇ ਘੜੀ ਤੁਹਾਡੇ ਸ਼ੂਨਯ ਦੇ ਮੰਦਰ ਵਿਚ ਉਸ ਬਾਲਕ ਦਾ ਜਨਮ ਹੋ ਜਾਂਦਾ ਹੈ। ਉਹ ਨਿਰਦੋਸ਼ ਚੇਤਨਾ ਪ੍ਰਵੇਸ਼ ਕਰ ਜਾਂਦੀ ਹੈ। ਉਤਰਿਆ ਚਿੱਟਾ ਕਬੂਤਰ, ਸਮਾਧੀ ਦੀ ਪਹਿਲੀ ਝਲਕ ਆਈ।... ਆਏਗੀ, ਨਿਸ਼ਚਿਤ ਹੀ ਆਏਗੀ।

ਜੀਸਸ ਨੇ ਕਿਹਾ ਹੈ, ਜੋ ਮੈਨੂੰ ਹੋਇਆ ਹੈ, ਤੁਹਾਨੂੰ ਵੀ ਹੋ ਸਕਦਾ ਹੈ। ਉਹ ਹੀ ਮੈਂ ਤੁਹਾਨੂੰ ਆਖਦਾ ਹਾਂ : ਜੋ ਮੈਨੂੰ ਹੋਇਆ, ਉਹ ਤੁਹਾਨੂੰ ਵੀ ਹੋ ਸਕਦਾ ਹੈ। ਜੋ ਇੱਕ ਮਨੁੱਖ ਨੂੰ ਹੋਇਆ, ਉਹ ਸਭਾਂ ਦਾ ਜਨਮ ਸਿੱਧ ਅਧਿਕਾਰ ਹੈ।

ਅੱਜ ਇੰਨਾ ਹੀ।



ਤੀਜਾ ਪ੍ਰਵਚਨ

ਸਹਜੈ ਰਹਿਬਾ



ਹਬਕਿ ਨ ਬੋਲਿਬਾ, ਠਬਕਿ ਨ ਚਾਲਿਬਾ, ਧੀਰੇ ਧਰਿਬਾ ਪਾਂਵ।
ਗਰਬ ਨ ਕਰਿਬਾ, ਸਹਜੇ ਰਹਿਬਾ, ਭਣਤ ਗੋਰਸ਼ ਰਾਂਵ॥
ਸਵਾਮੀ ਬਣਸੰਡਿ ਜਾਊਂ ਤੋ ਸ਼ੁਧਯਾ ਬਯਾਪੈ, ਨਗ੍ਰੀ ਜਾਊਂ ਤ ਮਾਯਾ।
ਭਰਿ ਭਰਿ ਸਾਂਊਂ ਤ ਬਿੰਦ ਬਿਯਾਪੈ, ਕਯੋਂ ਸੀਝਤਿ ਜਲ ਬਯੰਦ ਕੀ ਕਾਯਾ॥
ਧਾਯੇ ਨ ਸ਼ਾਇਬਾ, ਭੂਖੇ ਨ ਮਰਿਬਾ, ਅਹਨਿਸਿ ਲੇਬਾ-ਬ੍ਰਹਮ-ਅਗਨਿ ਕਾ ਭੇਂਵਂ।
ਹਠ ਨ ਕਰਿਬਾ ਪੜਯਾ ਨ ਰਹਿਬਾ ਯੂੰ ਬੋਲਿਆ ਗੋਰਸ਼ ਦੇਵਂ॥
ਅਤਿ ਅਹਾਰ ਯੰਦ੍ਰੀ ਬਲ ਕਰੈ, ਨਾਸੈ ਗਯਾਨੰ ਮੈਥੁਨ ਚਿੱਤ ਧਰੈ।
ਬਯਾਪੈ ਨਯੰਦ੍ਰਾ ਝਾਂਪੈ ਕਾਲ, ਤਾਕੈ ਹਿਰਦੈ ਸਦਾ ਜੰਜਾਲ॥
ਦੂਧਾਧਾਰੀ ਪਰਿਘਰਿ ਚਿੱਤ, ਨਾਗਾ ਲਕੜੀ ਚਾਹੈ ਨਿੱਤ।
ਮੋਨੀ ਕਰੈ ਮਯੰਤ੍ਰ ਕੀ ਆਸ, ਬਿਨ ਗੁਰ ਗੁਦੜੀ ਨਹੀਂ ਬੇਸਾਸ।

ਮਰੌ ਵੇ ਜੋਗੀ ਮਰੌ, ਮਰੌ ਮਰਣ ਹੈ ਮੀਠਾ।
ਤਿਸ ਮਰਣੀ ਮਰੌ, ਜਿਸ ਮਰਣੀ ਗੋਰਸ਼ ਮਰਿ ਦੀਠਾ॥

ਮਨੁੱਖ ਜੀਉਂਦਾ ਹੈ ਅਹੰਕਾਰ ਵਿਚ। ਅਹੰਕਾਰ ਆਵਰਣ (ਕਪੜੇ) ਹੈ, ਆਤਮਾ ਨਹੀਂ। ਅਹੰਕਾਰ ਤੁਹਾਡੀ ਸਚਾਈ ਨਹੀਂ, ਤੁਹਾਡਾ ਅਭਿਨਯ (ਨਾਟਕ) ਹੈ। ਅਹੰਕਾਰ ਤੁਹਾਡਾ ਸਤਯ ਨਹੀਂ, ਤੁਹਾਡੀ ਮਾਨਯਤਾ ਹੈ। ਜਿਵੇਂ ਰਾਮਲੀਲ੍ਹਾ ਵਿਚ ਕੋਈ ਰਾਮ ਬਣੇ ਤਾਂ ਰਾਮ ਨਹੀਂ ਹੋ ਜਾਂਦਾ, ਇਵੇਂ ਹੀ ਤੁਸੀਂ ਕੁਝ ਬਣ ਗਏ ਹੋ ਜੋ ਤੁਸੀਂ ਨਹੀਂ ਹੋ। ਇੱਕ ਵੱਡੀ ਰਾਮਲੀਲ੍ਹਾ ਚਲ ਰਹੀ ਹੈ।

ਜਦੋਂ ਜਨਮੇਂ ਕੋਈ ਨਾਮ ਲੈ ਕੇ ਨਹੀਂ ਆਏ ਸੀ; ਫ਼ਿਰ ਇੱਕ ਨਾਮ ਮਿਲ ਗਿਆ ਤੁਹਾਨੂੰ, ਫ਼ਿਰ ਉਹ ਹੀ ਨਾਮ ਬਣ ਗਏ ਤੁਸੀਂ। ਜਨਮੇਂ ਸੀ ਤਾਂ ਕੁਝ ਗਿਆਨ ਲੈ ਕੇ ਨਹੀਂ ਆਏ ਸੀ ; ਫ਼ਿਰ ਸਿਖਾਇਆ ਗਿਆ, ਪੜ੍ਹਾਇਆ ਗਿਆ, ਸਕੂਲ ਗਏ, ਵਿਦਿਆਪੀਠ ਗਏ। ਫ਼ਿਰ ਬਹੁਤ ਸਾਰੇ ਵਿਚਾਰ ਤੁਹਾਡੇ ਮਸਤੱਕ ਵਿਚ ਪਾਏ ਗਏ। ਤੁਸੀਂ ਗਿਆਨ ਵਿਚ ਢਾਲੇ ਗਏ। ਫ਼ਿਰ ਤੁਸੀਂ ਸੋਚਣ ਲਗੇ—ਇਹ ਮੇਰਾ ਗਿਆਨ ਹੈ। ਇਸ ਵਿਚ ਤੁਹਾਡਾ ਕੁਝ ਵੀ ਨਹੀਂ; ਸਭ ਉਧਾਰ ਹੈ, ਸਭ ਬਾਸਾ (ਬੇਹਾ) ਹੈ। ਨ ਨਾਮ ਤੁਹਾਡਾ ਨ ਗਿਆਨ ਤੁਹਾਡਾ, ਨ ਤੁਸੀਂ ਜੋ ਸੋਚਦੇ ਹੋ ਆਪਣੀ ਪ੍ਰਤਿਭਾ ਉਹ ਹੀ ਤੁਹਾਡੀ ਹੈ; ਉਹ ਵੀ ਦੂਜਿਆਂ ਨੇ ਬਣਾ ਦਿੱਤੀ। ਕਿਸੇ ਨੇ ਕਿਹਾ, ਸੁੰਦਰ ਹੋ ਬਹੁਤ, ਤੁਸੀਂ ਮੰਨ ਬੈਠੇ। ਅਤੇ ਕਿਸੇ ਨੇ ਕਿਹਾ ਅਦ੍ਵਿਤੀਯ (ਇਕਾਂਗੀ-ਬੇਜੋੜ) ਹੋ ਬਹੁਤ, ਤਾਂ ਮੰਨ ਬੈਠੇ। ਕਿਸੇ ਨੇ ਪ੍ਰਸ਼ੰਸਾ ਕੀਤੀ ਹੈ ਤਾਂ ਉਸ ਨੂੰ ਸੰਜੋਕੇ (ਇਕੱਠਾ ਕਰ ਕੇ) ਰੱਖ ਲਿਆ ਹੈ। ਕਿਸੇ ਨੇ ਨਿੰਦਾ (ਬੁਰਾਈ) ਕੀਤੀ ਹੈ ਤਾਂ ਚੋਟ ਖਾਧੀ ਹੈ।

ਦੂਜਿਆਂ ਦੇ ਮਨਤੱਵਯ (ਮਨਾਈਆਂ ਗੱਲਾਂ) ਨਾਲ ਤੁਹਾਡਾ ਵਿਅਕਤਿੱਤਵ (ਪਰਸਨੈਲਟੀ) ਬਣਿਆ ਹੈ। ਇਹ ਦੂਜਿਆਂ ਦੇ ਹੱਥ ਦਾ ਨਿਰਮਾਣ ਹੈ। ਇਹ ਦੂਜਿਆਂ ਨੇ ਤੂਲਿਕਾ (ਬੁਰਸ਼) ਲੈ ਕੇ ਤੁਹਾਡੇ ਉੱਤੇ ਰੰਗ ਕਰ ਦਿੱਤਾ ਹੈ। ਅਤੇ ਇਸੇ ਨੂੰ ਤੁਸੀਂ ਆਪਣਾ ਹੋਣਾ ਮੰਨ ਲਿਆ ਹੈ, ਇਸ ਲਈ ਤੁਸੀਂ ਕਦੇ ਸਵੈਂਯ (ਆਪਣੇ ਆਪ) ਨੂੰ ਜਾਣ ਨਹੀਂ ਪਾਓਗੇ।

ਗੋਰਖ ਕਹਿੰਦੇ ਹਨ : ਮਰੌ ਵੇ ਜੋਗੀ ਮਰੌ। ਇਹ ਜੋ ਤੁਹਾਡਾ ਝੂਠਾ ਰੂਪ ਹੈ, ਇਸ ਨੂੰ ਤਾਂ ਮਰ ਜਾਣ ਦਿਓ, ਤਾਂ ਸੱਚੇ ਰੂਪ ਦਾ ਅਨੁਭਵ ਹੋਵੇ। ਇਹ ਜੋ ਤੁਹਾਡਾ ਆਵਰਣ (ਓਢਣਾ) ਹੈ, ਇਸ ਨੂੰ ਢੈਹ ਜਾਣ ਦਿਓ। ਇਹ ਵਸਤ੍ਰ ਤਾਂ ਭਸਮੀ ਭੂਤ (ਸੁਆਹ) ਹੋ ਜਾਣ ਤਾਂ ਚੰਗਾ, ਤਾਂ ਕਿ ਤੁਹਾਡਾ ਸਤਯ ਨਗਨ (ਨੰਗਾ), ਆਪਣੇ ਸਭਾਓ ਵਿਚ ਪ੍ਰਗਟ ਹੋ ਸਕੇ। ਅਹੰਕਾਰ ਨ ਜਾਏ ਤਾਂ ਆਤਮਾ ਦਾ ਕੋਈ ਅਨੁਭਵ ਨਹੀਂ ਹੁੰਦਾ। ਤੇ ਜਿਸ ਨੂੰ ਆਤਮਾ ਦਾ ਵੀ ਅਨੁਭਵ ਨ ਹੋਵੇ ਉਸ ਨੂੰ ਪਰਮਾਤਮਾ ਦੀ ਤਾਂ ਸੁਧ ਕਿਵੇਂ ਆਇਗੀ?

ਆਤਮਾ ਬੂੰਦ ਹੈ, ਪਰਮਾਤਮਾ ਸਾਗਰ ਹੈ। ਬੂੰਦ ਨੂੰ ਪਛਾਣੋਂ ਤਾਂ ਸਾਗਰ ਦੀ ਪਛਾਣ ਵੀ ਹੋਣ ਲਗੇ ਕਿਉਂਕਿ ਬੂੰਦ ਵਿਚ ਸਾਗਰ ਲੁੱਕਿਆ ਹੈ। ਅਤੇ ਸਾਗਰ ਸਿਵਾਏ ਬੂੰਦਾਂ ਦੇ ਜੋੜ ਦੇ ਹੋਰ ਕੀ ਹੈ ?

ਤੁਸੀਂ ਇੱਕ ਕਿਰਨ ਹੋ, ਪਰਮਾਤਮਾ ਇੱਕ ਸੂਰਜ। ਅਤੇ ਸੂਰਜ ਕਿਰਨਾਂ ਦੇ ਜੋੜ ਤੋਂ ਇਲਾਵਾ ਕੁਝ ਵੀ ਨਹੀਂ। ਪਰਮਾਤਮਾ ਸਾਡਾ ਸਭ ਦਾ ਜੋੜ ਹੈ। ਪਰਮਾਤਮਾ ਸਾਡੀ

ਸਾਰਿਆਂ ਦੀ ਸਮਗਰਤਾ ਹੈ। ਈਸ਼ਵਰ ਨੂੰ ਲਭਣ ਨਿਕਲ ਪੈਂਦੇ ਹੋ ਅਤੇ ਅਹੰਕਾਰ ਤੋੜਿਆ ਨਹੀਂ। ਅੱਜੇ ਇੱਕ ਕਿਰਣ ਵੀ ਪਛਾਣ ਵਿਚ ਨਹੀਂ ਆਈ ਅਤੇ ਸੂਰਜ ਦੀ ਤਲਾਸ਼ ਵਿਚ ਤੁਰੇ ! ਭਟਕੋਗੇ ਬਹੁਤ ...।

ਤੁਸੀਂ ਹੀ ਅੱਜੇ ਝੂਠੇ ਹੋ, ਤੁਸੀਂ ਜੋ ਲਭ ਲਓਗੇ ਉਹ ਵੀ ਝੂਠਾ ਹੋਵੇਗਾ। ਝੂਠ ਸਤਯ ਤੱਕ ਨਹੀਂ ਪੁੱਜ ਸਕਦਾ, ਝੂਠ ਹੋਰ ਵੱਡੇ ਝੂਠ ਤੱਕ ਹੀ ਪੁਜਦਾ ਰਹੇਗਾ।

ਅਹੰਕਾਰ ਝੂਠ ਹੈ, ਨਾਟਕ ਹੈ। ਇਸ ਨਾਟਕ ਦੇ ਚਲਦੇ ਤੁਸੀਂ ਜੋ ਵੀ ਕਰੋਗੇ, ਭ੍ਰਾਂਤੀ (ਭਰਮ) ਦੀ ਗੱਲ ਹੋਵੇਗੀ। ਕਰੋ ਵਰਤ, ਤੱਪ, ਨਿਯਮ, ਉਪਵਾਸ; ਛੱਡੋ ਘਰ-ਦੁਆਰ, ਜਾਓ ਜੰਗਲ। ਕੁਝ ਵੀ ਨਹੀਂ ਹੋਏਗਾ। ਇਨ੍ਹਾਂ ਸਭਨਾਂ ਨਾਲ ਤੁਹਾਡਾ ਅਹੰਕਾਰ ਨਵੇਂ-ਨਵੇਂ ਕਪੜੇ-ਗਹਿਣੇ ਉਪਲਬੱਧ ਕਰ ਲਵੇਗਾ ਅਤੇ ਸਜ-ਸੰਵਰ ਜਾਏਗਾ। ਮਰੋਗੇ ਨਹੀਂ ਤੁਸੀਂ। ਤੁਹਾਡਾ ਅਹੰਕਾਰ ਹੋਰ ਜੀਵਨ ਪਾ ਲਵੇਗਾ, ਹੋਰ ਪੋਸ਼ਿਤ ਹੋ ਜਾਏਗਾ। ਹੋਰ, ਅਹੰਕਾਰ ਜਦ ਤੱਕ ਨ ਮਰੇ, ਤਦ ਤੱਕ ਆਤਮਾ ਦਾ ਕੋਈ ਅਨੁਭਵ ਨਹੀਂ। ਆਤਮਾ ਦੇ ਅਨੁਭਵ ਲਈ ਅਹੰਕਾਰ ਗੁਆਉਣਾ ਹੁੰਦਾ ਹੈ।

ਮਰੌ ਵੇ ਜੋਗੀ ਮਰੌ, ਮਰੌ ਮਰਨ ਹੈ ਮੀਠਾ।

ਗੋਰਖ ਕਹਿੰਦੇ ਹਨ : ਬਹੁਤ ਮਿੱਠਾ ਹੈ ਇਹ ਮਰਨਾ ਜੋ ਮੈਂ ਤੁਹਾਨੂੰ ਸਮਝਾ ਰਿਹਾ ਹਾਂ। ਇਸ ਤਰ੍ਹਾਂ ਜੋ ਮਰ ਜਾਂਦਾ ਹੈ ਉਸ ਦੇ ਜੀਵਨ ਵਿਚ ਬਸ ਮਿਠਾਸ ਹੀ ਮਿਠਾਸ ਰਹਿ ਜਾਂਦੀ ਹੈ। ਸਤਯ ਬਹੁਤ ਮਿੱਠਾ ਹੈ, ਅਨੁਭਵ ਹੋਵੇ ਤਾਂ। ਅੰਮ੍ਰਿਤ ਦਾ ਸਵਾਦ ਹੈ। ਫ਼ੈਲ ਜਾਂਦਾ ਹੈ ਤਨ-ਪ੍ਰਾਣ ਉੱਤੇ, ਭਰਪੂਰ ਤੁਸੀਂ ਹੋ ਜਾਂਦੇ ਹੋ। ਤੁਹਾਡੇ ਉਪੱਰੋਂ ਦੀ ਵਗਣ ਲਗਦਾ ਹੈ। ਜਿਨ੍ਹਾਂ ਨੂੰ ਮਿਲਦਾ ਹੈ ਸਤਯ ਉਹ ਖ਼ੁਦ ਤਾਂ ਤ੍ਰਿਪਤ ਹੋ ਹੀ ਜਾਂਦੇ ਹਨ; ਉਨ੍ਹਾਂ ਕੋਲ ਵੀ ਜੋ ਉਨ੍ਹਾਂ ਦੀ ਛਾਂ ਵਿਚ ਬੈਠ ਜਾਂਦਾ ਹੈ, ਉਸ ਉੱਤੇ ਵੀ ਤ੍ਰਿਪਤੀ ਦੀਆਂ ਬੂੰਦਾਂ ਪੈਣ ਲਗਦੀਆਂ ਹਨ। ਬੂੰਦਾ ਬਾਂਦੀ (ਕਿਣਮਿਣ-ਕਿਣਮਿਣ) ਹੋਣ ਲਗਦੀ ਹੈ। ਲੇਕਿਨ ਮਰਨਾ ਪਏ, ਇਹ ਸ਼ਰਤ ਹੈ। ਝੂਠ ਮਰੇ ਤਾਂ ਸਤਯ ਦਾ ਜਨਮ ਹੋਵੇ। ਸਤਯ ਅੰਦਰ ਮੌਜੂਦ ਹੈ। ਲੇਕਿਨ ਝੂਠ ਦੀਆਂ ਕੰਧਾਂ ਅੰਦਰ ਕੈਦ ਹਨ। ਝੂਠ ਦੇ ਬਦਲਾਂ ਵਿਚ ਸਚ ਦਾ ਸੂਰਜ ਛਿਪ ਗਿਆ ਹੈ। ਮਿੱਟ ਨਹੀਂ ਗਿਆ, ਕਿਹੜਾ ਝੂਠ ਸਤਯ ਨੂੰ ਮਿਟਾ ਸਕੇਗਾ ? ਗੁਆਚ ਵੀ ਨਹੀਂ ਗਿਆ ਹੈ, ਲੇਕਿਨ ਵਿਸਮਰਣ (ਭੁੱਲਣ) ਹੋ ਗਿਆ ਹੈ। ਜਿਵੇਂ ਚੇਹਰੇ ਤੇ ਕਿਸੇ ਨੇ ਘੁੰਗਟ ਪਾ ਦਿੱਤਾ, ਕੋਈ ਚੇਹਰਾ ਮਿੱਟ ਨਹੀਂ ਗਿਆ, ਲੇਕਿਨ ਘੁੰਡ ਦੇ ਕਾਰਣ ਹੁਣ ਵਿਖਾਈ ਨਹੀਂ ਦਿੰਦਾ।

ਅਸੀਂ ਆਪਣੇ ਅਹੰਕਾਰ ਦੇ ਘੁੰਡ ਵਿਚ ਹੀ ਆਪਣੀ ਆਤਮਾ ਨੂੰ ਲੁੱਕਾ ਲਿਆ ਹੈ। ਲੋਗ ਸੋਚਦੇ ਹਨ ਪਰਮਾਤਮਾ ਉੱਤੇ ਪਰਦਾ ਹੈ, ਗਲਤ ਸੋਚਦੇ ਹਨ; ਪਰਦਾ ਤੁਹਾਡੀ ਅੱਖ ਉੱਤੇ ਹੈ। ਪਰਦਾ ਤੁਹਾਡੇ ਉੱਤੇ ਹੈ, ਪਰਮਾਤਮਾ ਤਾਂ ਬਿਲਕੁੱਲ ਬੇ-ਪਰਦਾ ਹੈ।

ਪਰਮਾਤਮਾ ਤਾਂ ਨੰਗਾ ਖਲੋਤਾ ਹੈ ਚੌਹਾਂ ਪਾਸਿਆਂ ਤੋਂ, ਪਰ ਤੁਹਾਡੇ ਕੋਲ ਵੇਖਣ ਵਾਲੀ ਅੱਖ ਚਾਹੀਦੀ ਹੈ।

ਅੱਜ ਦੇ ਸੂਤਰ, ਇਹ ਮਿੱਠਾ ਮਰਣ ਕਿਵੇਂ ਘੱਟ ਜਾਏ, ਇਸਦੀ ਕੀ ਪ੍ਰਕ੍ਰਿਯਾ ਹੋਵੇਗੀ, ਇਸ ਦੀ ਕੀ ਸਾਰ-ਸਾਧਨਾ ਹੈ—ਉਸ ਸੰਬੰਧ ਵਿਚ ਸੂਤਰ ਹਨ। ਕਿਵੇਂ ਅਸੀਂ ਮਰੀਏ? ਕਜਿਹਾ ਮਰਣ ਹੈ ਗੋਰਖ ਦਾ?

ਤਿਸ ਮਰਣੀ ਮਰੋ ...। ਮਰਦੇ ਤਾਂ ਸਾਰੇ ਹੀ ਹਨ, ਲੇਕਿਨ ਮਰਨ-ਮਰਨ ਵਿਚ ਭੇਦ ਹੈ। ਤੁਸੀਂ ਵੀ ਮਰੋਗੇ, ਬੁੱਧ ਵੀ ਮਰੇ; ਲੇਕਿਨ ਤੁਹਾਡੇ ਮਰਨ ਵਿਚ ਅਤੇ ਬੁੱਧ ਦੇ ਮਰਨ ਵਿਚ ਭੇਦ (ਫ਼ਰਕ) ਹੈ। ਤੁਸੀਂ ਸਿਰਫ਼ ਦੇਹ ਤੋਂ ਮਰੋਗੇ ਅਤੇ ਆਪਣੇ ਅਹੰਕਾਰ ਨੂੰ, ਆਪਣੇ ਝੂਠ ਨੂੰ ਬਚਾ ਕੇ ਲੈ ਜਾਓਗੇ—ਆਪਣੇ ਮਨ ਵਿਚ ਸੰਜੋਏ ਪਿਟਾਰੀ ਦੇ ਵਾਂਗ। ਤੁਹਾਡਾ ਅਹੰਕਾਰ ਨਵੇਂ ਗਰਭ ਵਿਚ ਪ੍ਰਵੇਸ਼ ਕਰ ਜਾਏਗਾ। ਤੁਸੀਂ ਤਾਂ ਮਰੋਗੇ, ਮਨ ਨਹੀਂ ਮਰੇਗਾ ਅਤੇ ਜਦ ਤੱਕ ਮਨ ਨਹੀਂ ਮਰਿਆ, ਤਦ ਤੱਕ ਕੁਝ ਬਦਲਦਾ ਨਹੀਂ ਹੈ। ਆਵਰਣ (ਗਹਿਣੇ-ਕਪੜੇ) ਬਦਲਦੇ ਹਨ, ਘਰ ਬਦਲਦੇ ਹਨ, ਯਾਤ੍ਰਾ ਉਹ ਹੀ ਹੈ, ਪੁਰਾਣੀ ਕੋਹਲੂ ਦੇ ਬੈਲ ਵਰਗੀ ਵਰਤੁਲਾ ਕਾਰ (ਗੋਲ-ਗੋਲ) ਘੁੰਮਦੀ ਰਹਿੰਦੀ ਹੈ। ਬਹੁਤ ਵਾਰੀ ਤੁਸੀਂ ਮਰੇ ਹੋ, ਬਹੁਤ ਵਾਰ ਤੁਸੀਂ ਫ਼ਿਰ ਜਨਮੇਂ ਹੋ। ਇਧੱਰ ਮਰੇ ਨਹੀਂ ਕਿ ਓਧਰ ਜਨਮ ਹੋਇਆ ਨਹੀਂ।

ਅਹੰਕਾਰ ਤੁਹਾਡੇ ਸਾਰੇ ਰੋਗਾਂ ਨੂੰ ਆਪਣੇ ਅੰਦਰ ਲੁੱਕਾਏ ਹੋਏ ਨਵੇਂ ਗਰਭ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਫ਼ਿਰ ਨਵੀਂ ਦੇਹ ਧਾਰ ਲੈਂਦਾ ਹੈ। ਲੇਕਿਨ ਵਾਸਨਾਵਾਂ ਪੁਰਾਣੀਆਂ ਹਨ, ਰੋਗ ਪੁਰਾਣੇ ਹਨ, ਦੁਖ ਪੁਰਾਣੇ ਹਨ, ਰਾਹਾਂ ਪੁਰਾਣੀਆਂ ਹਨ। ਫ਼ਿਰ ਚਲ ਪਏ। ਫ਼ਿਰ ਥਕੋਗੇ, ਫ਼ਿਰ ਡਿਗੋਗੇ, ਫ਼ਿਰ ਮਰੋਗੇ, ਅਜਿਹਾ ਬਹੁਤ ਵਾਰ ਹੋ ਚੁਕਿਆ। ਬੁੱਧ ਵੀ ਮਰਦੇ ਹਨ, ਗੋਰਖ ਵੀ ਮਰਦੇ ਹਨ, ਲੇਕਿਨ ਉਨ੍ਹਾਂ ਦੇ ਮਰਨ ਵਿਚ ਅਤੇ ਤੁਹਾਡੇ ਮਰਨ ਵਿਚ ਭੇਦ ਹੈ। ਤੁਹਾਡਾ ਅਹੰਕਾਰ ਤਾਂ ਨਹੀਂ ਮਰਦਾ, ਕੇਵਲ ਦੇਹ ਛੁਟ ਜਾਂਦੀ ਹੈ; ਉਹ ਆਪਣੇ ਅਹੰਕਾਰ ਨੂੰ ਗਾਲ ਦਿੰਦੇ ਹਨ, ਸਾੜ ਦਿੰਦੇ ਹਨ। ਇਸ ਤੋਂ ਪਹਿਲਾਂ ਕਿ ਦੇਹ ਛੁਟੇ ਉਹ ਆਪਣੇ ਅਹੰਕਾਰ ਤੋਂ ਛੁਟ ਜਾਂਦੇ ਹਨ। ਅਤੇ ਜੋ ਮਰਨ ਤੋਂ ਪਹਿਲਾਂ ਮਰ ਗਿਆ ਉਸ ਨੂੰ ਮਹਾਂ ਜੀਵਨ ਅਨੁਭਵ ਹੋ ਜਾਂਦਾ ਹੈ। ਫ਼ਿਰ ਉਸ ਨੂੰ ਦੋਬਾਰਾ ਆਉਂਣ ਦੀ ਜ਼ਰੂਰਤ ਨਹੀਂ ਰਹਿ ਜਾਂਦੀ। ਕਿਉਂਕਿ ਦੋਬਾਰਾ ਜੋ ਲਿਆਉਂਦਾ ਸੀ ਸੂਤਰ ਉਹ ਹੀ ਮਰ ਗਿਆ।

ਆਤਮਾ ਦਾ ਨ ਕੋਈ ਜਨਮ ਹੈ ਨ ਕੋਈ ਮ੍ਰਤਯੂ ਹੈ, ਅਹੰਕਾਰ ਜਨਮਦਾ ਹੈ, ਅਹੰਕਾਰ ਹੀ ਮਰਦਾ ਹੈ। ਅਤੇ ਜੋ ਅਹੰਕਾਰ ਤੋਂ ਛੁਟ ਗਿਆ, ਉਹ ਸ਼ਾਸਵਤ (ਸਦਾ ਰਹਿਣ ਵਾਲਾ) ਹੈ; ਫ਼ਿਰ ਨ ਹੀ ਮਰਨਾ ਹੈ, ਫ਼ਿਰ ਨ ਹੀ ਜਨਮ ਹੈ। ਫ਼ਿਰ ਇੱਕ ਜੀਵਨ ਹੈ—ਨਿਤਯ, ਸਮਯਾਤੀਤ। ਫ਼ਿਰ ਤੁਸੀਂ ਆਕਾਸ਼ ਜਿਹੇ ਵੱਡੇ ਹੋ। ਉਹ ਹੀ ਤੁਹਾਡਾ ਸਰੂਪ ਹੈ।

ਤਿਸ ਮਰਣੀ ਮਰੋ, ਜਿਸ ਮਰਣੀ ਗੋਰਸ਼ ਮਰਿ ਦੀਠਾ।

ਇਸ ਲਈ ਕਹਿੰਦੇ ਹਨ, ਇਹ ਨ ਸੋਚਣਾ ਕਿ ਮੈਂ ਸਾਧਾਰਣ ਮਰਨੇ ਦੀ ਗੱਲ ਕਹਿ ਰਿਹਾ ਹਾਂ। ਸਾਧਾਰਣ ਤਾਂ ਸਭ ਹੀ ਮਰਦੇ ਹਨ, ਪਸ਼ੂ-ਪੰਛੀ ਮਰਦੇ ਹਨ, ਪੌਦੇ ਮਰਦੇ ਹਨ, ਪਹਾੜ ਮਰਦੇ ਹਨ। ਉਸ ਮਰਨ ਦੀ ਗੱਲ ਗੋਰਖ ਨਹੀਂ ਕਰ ਰਹੇ ਹਨ, ਇੱਕ ਵਿਸ਼ਿਸ਼ਟ (ਖ਼ਾਸ) ਮਰਣ ਦੀ ਗੱਲ ਕਰ ਰਹੇ ਹਨ—ਸਮਾਧੀ ਵਿਚ ਮਰੋ, ਧਿਆਨ ਵਿਚ ਮਰੋ। ਅਹੰਕਾਰ ਜਾਏ ਅਤੇ ਤੁਸੀਂ ਧਿਆਨ ਵਿਚ ਡੁੱਬ ਜਾਓ। ਅਤੇ ਅਹੰਕਾਰ ਜਦ ਤੱਕ ਹੈ, ਤਦ ਤੱਕ ਕੋਈ ਧਿਆਨ ਵਿਚ ਡੁੱਬ ਨਹੀਂ ਸਕਦਾ।

ਅਹੰਕਾਰ ਦੇ ਜੀਉਂਣ ਦਾ ਸੂਤਰ ਕੀ ਹੈ? ਜੇਕਰ ਸਮਝ ਵਿਚ ਆ ਜਾਏ ਤਾਂ ਮਰਨੇ ਦੀ ਕਲਾ ਵੀ ਸਮਝ ਵਿਚ ਆ ਜਾਏਗੀ। ਅਹੰਕਾਰ ਜੀਉਂਦਾ ਹੈ ਅਤਿ ਨਾਲ। ਅਤਿ ਅਹੰਕਾਰ ਦਾ ਪ੍ਰਾਣ ਹੈ। ਸ਼ਾਇਦ ਤੁਸੀਂ ਅਜਿਹਾ ਕਦੇ ਸੋਚਿਆ ਨ ਹੋਵੇ, ਵਿਚਾਰਿਆ ਨ ਹੋਵੇ, ਜਾਗ

ਕੇ ਵੇਖਿਆ ਨ ਹੋਵੇ। ਅਤਿ ਵਿਚ ਹੀ ਅਹੰਕਾਰ ਰਹਿੰਦਾ ਹੈ। ਹੋਰ, ਹੋਰ, ਹੋਰ ... ਇਹ ਅਹੰਕਾਰ ਦੇ ਜੀਉਣ ਦਾ ਢੰਗ ਹੈ। ਦਸ ਹਜ਼ਾਰ ਰੁਪਏ ਹਨ ਤਾਂ ਲਖ ਹੋ ਜਾਣ, ਲਖ ਹਨ ਤਾਂ ਦਸ ਲਖ ਹੋ ਜਾਣ। ਹੋਰ, ਹੋਰ, ਹੋਰ... ਅਜਿਹੇ ਪਾਗਲਪਨ ਵਿਚ ਅਹੰਕਾਰ ਜੀਉਂਦਾ ਹੈ। ਅਤਿ ਵਿਚ ਅਹੰਕਾਰ ਜੀਉਂਦਾ ਹੈ। ਫ਼ਿਰ ਅਤਿ ਕਿਸੇ ਚੀਜ਼ ਦੀ ਵੀ ਹੋਵੇ ਕੀ ਗਿਆਨ ਦੀ, ਕੀ ਪਦ ਦੀ, ਕਿ ਤਿਆਗ ਦੀ; ਪਰ ਹੋਰ, ਹੋਰ ...।

ਜਿਸ ਨੇ ਤੀਹ ਦਿਨਾਂ ਦਾ ਉਪਵਾਸ ਕਰ ਲਿਆ, ਉਹ ਸੋਚਦਾ ਹੈ ਅਗਲੀ ਵਾਰ ਚਾਲ੍ਹੀਆਂ ਦਿਨਾਂ ਦਾ ਉਪਵਾਸ ਕਰਾਂ। ਚਾਲ੍ਹੀਆਂ ਦਿਨਾਂ ਦਾ ਕਰ ਲਿਆ ਉਹ ਸੋਚਦਾ ਹੈ ਪੰਜਾਹਾਂ ਦਿਨਾਂ ਦਾ ਕਰਾਂ। ਫ਼ਰਕ ਕਿਥੇ ਹੈ ? ਜਿਸ ਦੇ ਕੋਲ ਚਾਲ੍ਹੀ ਲਖ ਰੁਪਏ ਹਨ ਉਹ ਸੋਚਦਾ ਹੈ ਪੰਜਾਹ ਲਖ ਹੋ ਜਾਣ। ਫ਼ਰਕ ਕਿਥੇ ਹੈ?

ਜੋ ਕਹਿੰਦਾ ਹੈ ਕਿ ਮੈਂ ਤਿੰਨ ਬਾਰ ਭੋਜਨ ਦੀ ਥਾਂ ਦੋ ਬਾਰ ਕਰਨਾ ਸ਼ੁਰੂ ਕਰ ਦਿੱਤਾ ਹੈ, ਉਹ ਸੋਚਦਾ ਹੈ ਕਦ ਇੱਕ ਬਾਰ ਕਰਾਂ? ਜਿਹੜਾ ਇੱਕ ਹੀ ਬਾਰ ਕਰਦਾ ਹੈ, ਉਹ ਸੋਚਦਾ ਹੈ, ਇੱਕ ਬਾਰ ਵੀ ਕਿਵੇਂ ਛੁਟ ਜਾਏ? ਇੱਕ ਨੌਜਵਾਨ ਨੂੰ ਮੇਰੇ ਕੋਲ ਲਿਆਂਦਾ ਗਿਆ। ਉਹ ਚਾਹੁੰਦਾ ਸੀ ਸਿਰਫ਼ ਪਾਣੀ ਤੇ ਕਿਵੇਂ ਜੀਵਾਂ ? ਹੋਰ ਕੁਝ ਨਹੀਂ ਲੈਣਾ ਚਾਹੁੰਦਾ, ਕਿਉਂਕਿ ਹੋਰ ਸਭ ਲੈਣਾ ਤਾਂ ਭੋਗ ਹੈ। ਸਿਰਫ਼ ਪਾਣੀ ਤੇ ਕਿਵੇਂ ਜੀਵਾਂ ? ਸੁੱਕ ਗਿਆ ਸੀ। ਭਾਰਤ ਇਸੇ ਤਲਾਸ਼ ਵਿਚ ਆਇਆ ਸੀ, ਅਮਰੀਕਾ ਤੋਂ ਕਿ ਕੋਈ ਸਿਰਫ਼ ਪਾਣੀ ਉੱਤੇ ਜੀਉਣ ਦਾ ਸੂਤਰ ਦੱਸ ਦੇਵੇ। ਮੈਂ ਕਿਹਾ, ਜੇਕਰ ਤੈਨੂੰ ਮੈਂ ਪਾਣੀ ਉੱਤੇ ਜੀਉਣ ਦਾ ਸੂਤਰ ਦੱਸ ਦਿਆਂ, ਤਾਂ ਤੂੰ ਤ੍ਰਿਪਤ ਹੋ ਜਾਏਂਗਾ? ਅੱਖਾਂ ਬੰਦ ਕਰ ਅਤੇ ਸੋਚ। ਵਿਚਾਰ-ਸ਼ੀਲ ਯੁਵਕ ਸੀ, ਅੱਖਾਂ ਬੰਦ ਕਰਕੇ ਕੋਈ ਅੱਧਾ ਘੰਟਾ ਬੈਠਾ ਰਿਹਾ। ਫ਼ਿਰ ਉਸ ਨੇ ਕਿਹਾ ਕਿ ਨਹੀਂ, ਫ਼ਿਰ ਮੈਂ ਪੁੱਛਾਂਗਾ ਕਿ ਹਵਾ ਉੱਤੇ ਕੋਈ ਕਿਵੇਂ ਜੀਏ। ਸਿਰਫ਼ ਹਵਾ ਉੱਤੇ, ਕਿਉਂਕਿ ਪਾਣੀ ਦਾ ਵੀ ਝੰਜਟ ਕਿਉਂ?

ਅਜਿਹੀ ਮਨ ਦੀ ਇੱਛਾ ਹੈ, ਅਜਿਹੀ ਹੀ ਅਹੰਕਾਰ ਦੀ ਦੌੜ ਹੈ—ਹੋਰ ...। ਫ਼ਿਰ ਕਿਸ ਦਿਸ਼ਾ ਵਿਚ ਤੁਸੀਂ ਭਜਦੇ ਹੋ ਇਸ ਨਾਲ ਫ਼ਰਕ ਨਹੀਂ ਪੈਂਦਾ। ਅਹੰਕਾਰ ਅਤਿ ਵਿਚ ਜੀਉਂਦਾ ਹੈ। ਧਨ ਹੋਵੇ ਤਾਂ ਅਤਿ ਹੋਵੇ, ਤਿਆਗ ਹੋਵੇ ਤਾਂ ਅਤਿ ਹੋਵੇ, ਭੋਗ ਹੋਵੇ ਤਾਂ ਅਤਿ ਹੋਵੇ, ਯੋਗ ਹੋਵੇ ਤਾਂ ਅਤਿ ਹੋਵੇ ਦਰਮਿਆਨ ਵਿਚ ਖੜੇ ਹੋ ਜਾਓ ਅਤੇ ਅਹੰਕਾਰ ਮਰ ਜਾਂਦਾ ਹੈ। ਇਸ ਲਈ ਬੁੱਧ ਨੇ ਆਪਣੇ ਮਾਰਗ ਨੂੰ ਵੀ ਮਝਿੱਮ ਨਿਕਾਸ ਕਿਹਾ—ਵਿਚਕਾਰ ਦਾ ਰਾਹ—ਠੀਕ ਦਰਮਿਆਨ ਵਿਚ।

ਇੱਕ ਯੁਵਕ ਰਾਜਕੁਮਾਰ ਸ਼ਰੋਣ, ਬੁੱਧ ਦੇ ਕੋਲ ਦੀਕਸ਼ਿਤ ਹੋਇਆ। ਰਾਜਧਾਨੀ ਭਰੋਸਾ ਨ ਕਰ ਸਕੀ। ਕਿਸੇ ਨੇ ਕਦੇ ਕਲਪਨਾ ਵਿਚ ਵੀ ਨਹੀਂ ਸੋਚਿਆ ਸੀ, ਕਿ ਸ਼ਰੋਣ ਅਤੇ ਭਿਕਸ਼ੂ ਹੋ ਜਾਏਗਾ। ਬੁੱਧ ਦੇ ਭਿਕਸ਼ੂ ਵੀ ਭਰੋਸਾ ਨ ਕਰ ਸਕੇ, ਅੱਖਾਂ ਫ਼ਾੜੀ ਰਹਿ ਗਏ— ਜਦ ਸ਼ਰੋਣ ਆਇਆ ਅਤੇ ਬੁੱਧ ਦੇ ਚਰਨਾਂ 'ਚ ਡਿਗਿਆ ਅਤੇ ਉਸ ਨੇ ਕਿਹਾ : ਮੈਨੂੰ ਦੀਕਸ਼ਾ ਦੇਓ, ਮੈਨੂੰ ਭਿਕਸ਼ੂ ਬਣਾਓ। ਸਮ੍ਰਾਟ ਸੀ ਸ਼ਰੋਣ ਅਤੇ ਖਿਆਤੀ ਨਾਮੀ ਸਮ੍ਰਾਟ ਸੀ। ਉਸਦੀ ਮਸ਼ਹੂਰੀ ਭੋਗੀ ਦੀ ਤਰ੍ਹਾਂ ਸੀ। ਉਸਦੇ ਰਾਜ ਮਹਲ ਵਿਚ ਸਭ ਤੋਂ ਸੁੰਦਰ ਇਸਤ੍ਰੀਆਂ ਸਨ ਉਸ ਜ਼ਮਾਨੇ ਦੀਆਂ। ਉਸਦੇ ਮਹਲ ਵਿਚ ਵੱਧੀਆ ਤੋਂ ਵੱਧੀਆ ਸ਼ਰਾਬ

ਸਾਰੀ ਦੁਨੀਆਂ ਦੇ ਕੋਨੇ-ਕੋਨੇ ਤੋਂ ਲਿਆਂਦੀ ਹੋਈ ਸੀ। ਰਾਤ-ਭਰ ਰਾਗ-ਰੰਗ ਚਲਦਾ ਸੀ, ਦਿਨ-ਭਰ ਸੌਂਦਾ ਸੀ। ਅਜਿਹੇ ਭੋਗ ਵਿਚ ਡੁੱਬਿਆ ਸੀ ਕਿ ਉਸ ਨੂੰ ਕਦੇ ਸੰਨਿਆਸ ਦੀ ਵੀ ਕਲਪਣਾ ਉਠੇਗੀ, ਇਹ ਸੋਚਿਆ ਨਹੀਂ ਸੀ ਕਿਸੇ ਨੇ। ਸੀੜ੍ਹੀਆਂ ਵੀ ਚੜ੍ਹਦਾ ਸੀ ਤਾਂ ਸੀੜ੍ਹੀਆਂ ਤੇ ਚੜ੍ਹਨ ਲਈ ਸਹਾਰੇ ਲਈ ਉਸ ਨੇ ਰੇਲਿੰਗ ਨਹੀਂ ਲਗਵਾਈ ਸੀ; ਇਸਤ੍ਰੀਆਂ ਖੜੀਆਂ ਹੁੰਦੀਆਂ ਸਨ, ਜਿਨ੍ਹਾਂ ਦੇ ਮੋਢਿਆਂ ਤੇ ਹੱਥ-ਰੱਖ ਕੇ ਉਹ ਪੌੜੀਆਂ ਚੜ੍ਹਦਾ ਸੀ। ਉਸ ਦਾ ਘਰ, ਉਸਨੇ ਸਵਰਗ ਵਰਗਾ ਬਣਾਇਆ ਸੀ। ਸਵਰਗ ਦੇ ਦੇਵਤਾ ਵੀ ਈਰਖਾ ਕਰਨ, ਅਜਿਹਾ ਉਸਦਾ ਮਹਲ ਸੀ।

ਬੁੱਧ ਦੇ ਭਿਕਸ਼ੂਆਂ ਨੇ ਬੁੱਧ ਨੂੰ ਪੁੱਛਿਆ : ਕਿ ਸਾਨੂੰ ਭਰੋਸਾ ਨਹੀਂ ਆਉਂਦਾ ਕਿ ਸ਼ਰੋਣ, ਅਤੇ ਸੰਨਿਆਸੀ ਹੋ ਰਿਹਾ ਹੈ। ਬੁੱਧ ਨੇ ਕਿਹਾ : ਤੁਹਾਨੂੰ ਭਰੋਸਾ ਆਵੇ ਨ ਆਵੇ, ਲੇਕਿਨ ਮੈਂ ਜਾਣਦਾ ਸੀ, ਇਹ ਸੰਨਿਆਸੀ ਹੋਵੇਗਾ। ਸਚ ਪੁੱਛੋ ਤਾਂ ਮੈਂ ਇਸੇ ਲਈ ਅੱਜ ਰਾਜਧਾਨੀ ਆਇਆ ਸੀ। ਕਿਉਂਕਿ ਜੋ ਇੱਕ ਅਤਿ ਉੱਤੇ ਜਾਂਦਾ ਹੈ, ਉਹ ਦੂਜੀ ਅਤਿ ਉੱਤੇ ਵੀ ਜਾਏਗਾ। ਭੋਗ ਦੀ ਇੱਕ ਅਤਿ ਹੈ, ਇਸ ਨੇ ਪੂਰੀ ਕਰ ਲਈ; ਹੁਣ ਹੋਰ ਅਗੇ ਉੱਥੇ ਰਸਤਾ ਨਹੀਂ ਹੈ ਤਾਂ ਅਹੰਕਾਰ ਨੂੰ ਤ੍ਰਿਪਤੀ ਦਾ ਉਪਾਅ ਨਹੀਂ ਹੈ। ਜੋ ਹੋ ਸਕਦਾ ਹੈ ਇਸ ਜਗਤ ਵਿਚ, ਸਭ ਇਸਦੇ ਕੋਲ ਹੈ। ਹੁਣ ਅਹੰਕਾਰ ਦੇ ਅੱਗੇ ਕੰਧ ਆ ਗਈ, ਹੁਣ ਅੱਗੇ ਅਹੰਕਾਰ ਕਿੱਥੇ ਜਾਏ? ਅਹੰਕਾਰ ਮੰਗਦਾ ਹੈ ਹੋਰ ... ਹੁਣ ਹੋਰ ਹੈ ਨਹੀਂ, ਤਾਂ ਅਹੰਕਾਰ ਪਰਤ ਪਿਆ, ਵਿਪਰੀਤ (ਉਲਟ) ਯਾਤ੍ਰਾ ਉੱਤੇ ਪਰਤ ਪਿਆ। ਜਿਵੇਂ ਘੜੀ ਦਾ ਪੈਂਡੂਲਮ ਸੱਜੇ ਚਲਦਾ ਜਾਂਦਾ ਹੈ— ਆਖ਼ਰੀ ਕੰਢੇ ਤੱਕ, ਫ਼ਿਰ ਮੁੜ ਪੈਂਦਾ ਹੈ ਖੱਬੇ ਪਾਸੇ ਵਲ; ਫ਼ਿਰ ਖੱਬੇ ਪਾਸੇ ਚਲਾ ਜਾਂਦਾ ਹੈ ਇੱਕ ਕੰਢੇ ਤੱਕ, ਫ਼ਿਰ ਮੁੜ ਆਉਂਦਾ ਹੈ ਸੱਜੇ ਪਾਸੇ ਵੱਲ; ਜਦ ਘੜੀ ਦਾ ਪੈਂਡੂਲਮ ਸੱਜੇ ਪਾਸੇ ਜਾ ਰਿਹਾ ਹੈ, ਤਦ ਤੁਸੀਂ ਖਿਆਲ ਕਰਨਾ ਉਹ ਖੱਬੇ ਪਾਸੇ ਜਾਣ ਲਈ ਗਤਿ ਇਕੱਠੀ ਕਰ ਰਿਹਾ ਹੈ, ਤੇ ਜਦ ਖੱਬੇ ਪਾਸੇ ਜਾ ਰਿਹਾ ਹੈ ਤਾਂ ਸੱਜੇ ਪਾਸੇ ਲਈ ਗਤਿ ਇਕੱਠੀ ਕਰ ਰਿਹਾ ਹੈ।

ਜਿਨ੍ਹਾਂ ਦੇ ਕੋਲ ਵੇਖਣ ਦੀ ਸੂਝ-ਬੂਝ ਵਾਲੀ ਦ੍ਰਿਸ਼ਟੀ ਹੈ ਉਹ ਵੇਖ ਸਕਣਗੇ। ਜੋ ਅਤਿ ਭੋਗ ਵਿਚ ਜਾਏਗਾ ਉਹ ਇੱਕ ਨ ਇੱਕ ਦਿਨ ਅਤਿ ਯੋਗ ਵਿਚ ਚਲਾ ਜਾਏਗਾ।

ਬੁੱਧ ਨੇ ਕਿਹਾ : ਤੁਸੀਂ ਥੋੜ੍ਹੇ ਦਿਨ ਉਡੀਕ ਕਰੋ, ਤੁਸੀਂ ਵੇਖੋਗੇ ਜੋ ਮੈਂ ਕਹਿੰਦਾ ਹਾਂ ਉਸ ਦਾ ਸਤਯ। ਅਤੇ ਲੋਗਾਂ ਨੇ ਵੇਖਿਆ। ਦੂਜੇ ਭਿਕਸ਼ੂ ਤਾਂ ਠੀਕ ਰਸਤੇ ਤੇ ਟੁਰਦੇ ਲੇਕਿਨ ਸ਼ਰੋਣ ਕੰਡਿਆਂ ਅਤੇ ਝਾੜਿਆਂ ਵਿਚ ਟੁਰਦਾ ਹੈ। ਉਸਦੇ ਪੈਰ ਲਹੂ-ਲੁਹਾਣ ਹੋ ਗਏ। ਦੂਜੇ ਭਿਕਸ਼ੂ ਤਾਂ ਧੁੱਪ ਹੁੰਦੀ ਤਾਂ ਦਰਖ਼ੱਤਾਂ ਦੀ ਛਾਂ ਵਿਚ ਬੈਠਦੇ, ਸ਼ਰੋਣ ਧੁੱਪ ਵਿਚ ਵੀ ਖਲੋਤਾ ਰਹਿੰਦਾ। ਦੂਜੇ ਭਿਕਸ਼ੂ ਤਾਂ ਕਪੜੇ ਪਾਉਂਦੇ, ਸ਼ਰੋਣ ਨੇ ਸਿਰਫ਼ ਲੰਗੋਟੀ ਪਾ ਰੱਖੀ ਸੀ। ਅਤੇ ਅਜਿਹਾ ਲਗਦਾ ਜਿਵੇਂ ਲੰਗੋਟੀ ਵੀ ਛੱਡ ਦੇਣ ਦੀ ਕਾਹਲੀ ਹੈ।

ਤੇ ਫ਼ਿਰ ਇੱਕ ਦਿਨ ਉਸ ਨੇ ਲੰਗੋਟੀ ਵੀ ਛੱਡ ਦਿੱਤੀ। ਦੂਜੇ ਭਿਕਸ਼ੂ ਤਾਂ ਦਿਨ ਵਿਚ ਇੱਕ ਬਾਰ ਭੋਜਨ ਕਰਦੇ, ਸ਼ਰੋਣ ਖੜੇ-ਖੜੇ ਹੀ ਭੋਜਨ ਕਰਦਾ। ਦੂਜੇ ਭਿਕਸ਼ੂ ਤਾਂ ਕਟੋਰਾ ਰੱਖਦੇ, ਸ਼ਰੋਣ ਕਟੋਰਾ ਵੀ ਨਹੀਂ ਰਖੱਦਾ ਸੀ ਹਥਾਂ ਵਿਚ ਹੀ ... ਕਰਪਾਤ੍ਰੀ ਸੀ, ਹਥਾਂ ਵਿਚ ਹੀ ਭੋਜਨ ਲੈਂਦਾ ਸੀ।

ਸੁੱਕ ਗਿਆ ... ਉਸ ਦੀ ਬਹੁਤ ਸੁੰਦਰ ਦੇਹ ਸੀ। ਦੂਰ-ਦੂਰ ਤੋਂ ਲੋਗ ਉਸਦੀ ਦੇਹ ਨੂੰ ਵੇਖਣ ਆਉਂਦੇ ਸਨ। ਉਸਦਾ ਚੇਹਰਾ ਬਹੁਤ ਹੀ ਕੋਮਲ ਅਤੇ ਖੂਬਸੂਰਤ ਸੀ। ਭਿਕਸ਼ੂ ਹੋ ਜਾਣ ਦੇ ਤਿੰਨ ਮਹੀਨਿਆਂ ਬਾਦ ਉਸ ਨੂੰ ਕੋਈ ਵੇਖਦਾ ਤਾਂ ਯਾਦ ਵੀ ਨਹੀਂ ਕਰ ਸਕਦਾ ਸੀ ਕਿ ਇਹ ਹੀ ਸਮ੍ਰਾਟ ਸ਼ਰੋਣ ਹੈ।

ਪੈਰਾਂ ਵਿਚ ਛਾਲੇ ਪੈ ਗਏ ਸਨ, ਸ਼ਰੀਰ ਕਾਲਾ ਪੈ ਗਿਆ ਸੀ, ਸੁੱਕ ਕੇ ਹੱਡੀਆਂ ਦੀ ਮੁੱਠ ਹੋ ਗਿਆ ਸੀ; ਲੇਕਿਨ ਉਹ ਹੋਰ ਕੱਸੀ ਜਾਂਦਾ ਸੀ ਆਪਣੇ ਆਪ ਨੂੰ।

ਬੁੱਧ ਨੇ ਕਿਹਾ, ਵੇਖਦੇ ਹੋ ਭਿਕਸ਼ੂਓ, ਮੈਂ ਕਿਹਾ ਸੀ, ਜੋ ਇੱਕ ਅਤਿ ਉੱਤੇ ਜਾਂਦਾ ਹੈ ਉਹ ਦੂਜੀ ਅਤਿ ਉੱਤੇ ਵੀ ਜਾ ਸਕਦਾ ਹੈ। ਮੱਧ ਵਿਚ ਠਹਿਰਨਾ ਔਖਾ ਹੈ। ਕਿਉਂਕਿ ਮੱਧ ਵਿਚ ਅਹੰਕਾਰ ਦੀ ਮੌਤ ਹੈ।

ਫ਼ਿਰ ਤਾਂ ਸ਼ਰੋਣ ਨੇ ਭੋਜਨ ਵੀ ਬੰਦ ਕਰ ਦਿੱਤਾ, ਫ਼ਿਰ ਤਾਂ ਉਸ ਨੇ ਪਾਣੀ ਲੈਣਾ ਵੀ ਬੰਦ ਕਰ ਦਿੱਤਾ। ਅਤਿ, ਹੋਰ ਅਤਿ ਉੱਤੇ ਜਾਣ ਲਗੀ। ਫ਼ਿਰ ਤਾਂ ਅਜਿਹਾ ਲਗਣ ਲਗਿਆ ਕਿ ਹੁਣ ਉਹ ਦੋ-ਚਾਰ ਦਿਨਾਂ ਦਾ ਮੇਹਮਾਨ ਹੈ ਅਤੇ ਮਰ ਜਾਏਗਾ। ਤਾਂ ਬੁੱਧ ਉਸ ਦੇ ਦੁਆਰ ਤੇ ਗਏ, ਜਿਸ ਬ੍ਰਿਛ ਦੇ ਹੇਠਾਂ ਝੋਂਪੜਾ ਬਣਾ ਦਿੱਤਾ ਸੀ ਉਸਦੇ ਵਿਸ਼ਰਾਮ ਲਈ। ਉਹ ਪਿਆ ਸੀ। ਬੁੱਧ ਨੇ ਉਸ ਨੂੰ ਆਖਿਆ : ਸ਼ਰੋਣ, ਮੈਂ ਤੇਰੇ ਕੋਲੋਂ ਇੱਕ ਗੱਲ ਪੁੱਛਣ ਆਇਆ ਹਾਂ। ਮੈਂ ਸੁਣਿਆ ਹੈ ਕਿ ਜਦ ਤੂੰ ਸਮ੍ਰਾਟ ਸੀ ਤਾਂ ਤੈਨੂੰ ਵੀਣਾ ਬਜਾਉਂਣ ਦੀ ਬਹੁਤ ਆਤੁਰਤਾ (ਛੇਤੀ) ਰਹਿੰਦੀ ਸੀ। ਤੂੰ ਵੀਣਾ ਬਜਾਉਂਣ ਵਿਚ ਬਹੁਤ ਕੁਸ਼ਲ ਵੀ ਸੀ। ਤੇਰਾ ਬਹੁਤ ਰਸ ਸੀ ਵੀਣਾ ਵਿਚ। ਮੈਂ ਤੇਰੇ ਕੋਲੋਂ ਇਕ ਸਵਾਲ ਪੁੱਛਣ ਆਇਆ ਹਾਂ : ਜਦ ਵੀਣਾ ਦੇ ਤਾਰ ਬਹੁਤ ਢਿੱਲੇ ਹੋਣ ਤਾਂ ਸੰਗੀਤ ਪੈਦਾ ਹੁੰਦਾ ਹੈ ਜਾਂ ਨਹੀਂ?

ਸ਼ਰੋਣ ਨੇ ਆਖਿਆ : ਤੁਸੀਂ ਵੀ ਕਿਹੋ-ਜਿਹੀ ਗੱਲ ਕਰਦੇ ਹੋ, ਤੁਸੀਂ ਜਾਣਦੇ ਹੋ ਭਲੀ-ਭਾਂਤ, ਤਾਰ ਬਹੁਤ ਢਿੱਲੇ ਹੋਣ ਤਾਂ ਸੰਗੀਤ ਕਿਵੇਂ ਪੈਦਾ ਹੋਵੇ, ਟੁਣਕਾਰ ਵੀ ਪੈਦਾ ਨਹੀਂ ਹੋ ਸਕਦੀ !

ਬੁੱਧ ਨੇ ਕਿਹਾ : ਫ਼ਿਰ ਮੈਂ ਇਹ ਪੁੱਛਦਾ ਹਾਂ ਕਿ ਤਾਰ ਜੇਕਰ ਬਹੁਤ ਕੱਸੇ ਹੋਣ ਤਾਂ ਸੰਗੀਤ ਪੈਦਾ ਹੁੰਦਾ ਹੈ ਜਾਂ ਨਹੀਂ?

ਸ਼ਰੋਣ ਨੇ ਕਿਹਾ : ਬਹੁਤ ਕੱਸੇ ਹੋਣ ਤਾਂ ਛੂਹੰਦਿਆਂ ਹੀ ਤਾਰ ਟੁੱਟ ਜਾਣਗੇ। ਸੰਗੀਤ ਪੈਦਾ ਨਹੀਂ ਹੋਇਗਾ, ਸਿਰਫ਼ ਤਾਰਾਂ ਦੇ ਟੁੱਟਣ ਦੀ ਆਵਾਜ਼ ਆਏਗੀ। ਸਾਜ਼ ਦੇ ਟੁੱਟਣ ਦੀ ਆਵਾਜ਼ ਆਏਗੀ, ਸੰਗੀਤ ਕਿਵੇਂ ਪੈਦਾ ਹੋਵੇਗਾ?

ਤਾਂ ਬੁੱਧ ਨੇ ਕਿਹਾ : ਮੈਂ ਤੈਨੂੰ ਯਾਦ ਦਿਲਾਉਂਣ ਆਇਆ ਹਾਂ, ਕਿ ਜਿਵੇਂ ਤੈਨੂੰ ਵੀਣਾ ਦਾ ਅਨੁਭਵ ਹੈ, ਉਸੇ ਤਰ੍ਹਾਂ ਮੈਨੂੰ ਜੀਵਨ-ਵੀਣਾ ਦਾ ਅਨੁਭਵ ਹੈ।

ਮੈਂ ਤੈਨੂੰ ਆਖਦਾ ਹਾਂ : ਜੀਵਨ ਦੇ ਤਾਰ ਵੀ ਬਹੁਤ ਕੱਸੇ ਹੋਣ ਤਾਂ ਸੰਗੀਤ ਪੈਦਾ ਨਹੀਂ ਹੁੰਦਾ ਅਤੇ ਜੀਵਨ ਦੇ ਤਾਰ ਬਹੁਤ ਢਿੱਲੇ ਹੋਣ ਤਾਂ ਵੀ ਸੰਗੀਤ ਪੈਦਾ ਨਹੀਂ ਹੁੰਦਾ। ਤਾਰ ਮੱਧ ਵਿਚ ਹੋਣੇ ਚਾਹੀਦੇ ਸ਼ਰੋਣ; ਨ ਬਹੁਤ ਕੱਸੇ ਨ ਬਹੁਤ ਢਿੱਲੇ। ਸੰਗੀਤਕਾਰ ਦੀ ਵੱਡੀ ਤੋਂ ਵੱਡੀ ਕੁਸ਼ਲਤਾ (ਖੂਬੀ) ਇਸੇ ਵਿਚ ਹੈ ਕਿ ਉਹ ਤਾਰਾਂ ਨੂੰ ਠੀਕ ਮੱਧ ਵਿਚ ਲੈ ਆਵੇ, ਉਸੇ ਨੂੰ ਸਾਜ਼ ਦਾ ਬਿਠਾਉਂਣਾ ਕਹਿੰਦੇ ਹਨ।

ਇਸ ਲਈ ਤੁਸੀਂ ਵੇਖਦੇ ਹੋ ਸ਼ਾਸਤ੍ਰੀ ਸੰਗੀਤ ਕਿੱਤੇ ਹੁੰਦਾ ਹੈ ਤਾਂ ਅੱਧਾ ਘੰਟਾ, ਘੰਟਾ ਤਾਂ ਸਾਜ਼ ਹੀ ਬਿਠਾਉਣ 'ਚ ਲਗ ਜਾਂਦਾ ਹੈ। ਸਾਜ਼ ਬਿਠਾਉਣਾ ਵੱਡੀ ਕਲਾ ਦੀ ਗੱਲ ਹੈ। ਕਿਉਂਕਿ ਤਾਰਾਂ ਨੂੰ ਉਸ ਮੱਧ ਵਿਚ ਲੈ ਆਉਣਾ, ਜਿੱਥੇ ਨ ਤਾਂ ਉਹ ਕਹੇ ਜਾ ਸਕਦੇ ਹਨ ਕਿ ਢਿੱਲੇ ਹਨ ਨ ਕਹੇ ਜਾ ਸਕਦੇ ਹਨ ਕਿ ਕੱਸੇ ਹਨ। ਬਹੁਤ ਕੁਸ਼ਲਤਾ, ਬਹੁਤ ਪਰਖ ਚਾਹੀਦੀ ਹੈ। ਸੰਗੀਤ ਦਾ ਕੋਈ ਜੌਹਰੀ ਹੋਵੇ ਤਾਂ ਹੀ ਠੀਕ ਬਿਠਾ ਪਾਉਂਦਾ ਹੈ।

ਇਵੇਂ ਹੀ ਜੀਵਨ-ਵੀਣਾ ਹੈ—ਬੁੱਧ ਨੇ ਕਿਹਾ—ਸ਼ਰੋਣ, ਇਸ ਲਈ ਹੁਣ ਤੂੰ ਜਾਗ, ਬਹੁਤ ਹੋ ਗਿਆ। ਮੈਂ ਉਡੀਕ ਕਰਦਾ ਰਿਹਾ ਕਿ ਤੈਨੂੰ ਕਰ ਲੈਣ ਦਿਆਂ ਅਤਿ।

ਪਹਿਲਾਂ ਤੇਰੇ ਤਾਰ ਬਹੁਤ ਢਿੱਲੇ ਸਨ, ਹੁਣ ਤੂੰ ਬਹੁਤ ਕੱਸ ਲਏ ਹਨ। ਨ ਤੱਦ ਸੰਗੀਤ ਪੈਦਾ ਹੋਇਆ ਨ ਹੁਣ ਸੰਗੀਤ ਪੈਦਾ ਹੋ ਰਿਹਾ ਹੈ। ਕਿੱਥੇ ਹੈ ਤੇਰੇ ਕੋਲ ਸਮਾਧੀ? ਇਹ ਤੂੰ ਕੀ ਕਰ ਰਿਹਾ ਹੈਂ? ਪਹਿਲਾਂ ਠੂਸ-ਠੂਸ ਕੇ ਖਾਂਦਾ ਸੀ, ਹੁਣ ਉਪਵਾਸਾ ਮਰ ਰਿਹਾ ਹੈਂ। ਪਹਿਲਾਂ ਕਦੇ ਤੂੰ ਨੰਗੇ ਪੈਰ ਨਹੀਂ ਟੁਰਿਆ ਸੀ; ਤੂੰ ਟੁਰਦਾ ਸੀ ਤਾਂ ਰਸਤੇ ਤੇ ਮਖ਼ਮਲ ਵਿਛਾਈ ਜਾਂਦੀ ਸੀ। ਅਤੇ ਹੁਣ ਤੂੰ ਰਸਤਾ ਠੀਕ ਹੋਵੇ ਉਸ ਉੱਤੇ ਨਹੀਂ ਟੁਰਦਾ, ਝਾੜਿਆਂ ਵਿਚ, ਕੰਡਿਆਂ ਵਿਚ, ਉਬੱੜ-ਖਾਬੜ ਰਸਤਿਆਂ ਵਿਚ ਟੁਰਦਾ ਹੈਂ। ਪਹਿਲਾਂ ਸ਼ਾਇਦ ਸ਼ਰਾਬ ਦੇ ਇਲਾਵਾ ਤੂੰ ਪਾਣੀ ਕਦੇ ਪੀਤਾ ਨਹੀਂ ਸੀ, ਹੁਣ ਤੂੰ ਪਾਣੀ ਵੀ ਪੀਣੋਂ ਡੱਰਦਾ ਹੈਂ ਹੁਣ ਤੂੰ ਪਾਣੀ ਵੀ ਪੀਣਾ ਨਹੀਂ ਚਾਹੁੰਦਾ। ਪਹਿਲਾਂ ਤੇਰੇ ਘਰ ਮਾਂਸਾਹਾਰ ਦੇ ਅਨੋਖੇ-ਅਨੋਖੇ ਭੋਜਨ ਤਿਆਰ ਕੀਤੇ ਜਾਂਦੇ ਸਨ; ਹੁਣ ਤੂੰ ਰੁਖੀ ਰੋਟੀ ਵੀ ਖਾਣ ਨੂੰ ਰਾਜ਼ੀ ਨਹੀਂ।

ਵੇਖ, ਇੱਕ ਅਤਿ ਤੋਂ ਤੂੰ ਦੂਜੀ ਅਤਿ ਤੇ ਚਲਾ ਗਿਆ। ਉਸ ਵਿਚ ਵੀ ਵਿਸੰਗੀਤ (ਸੰਗੀਤ ਦਾ ਨ ਹੋਣਾ) ਸੀ ਇਸ ਵਿਚ ਵੀ ਵਿਸੰਗੀਤ (ਸੰਗੀਤ ਦਾ ਨ ਹੋਣਾ) ਹੈ। ਮੈਂ ਤੈਨੂੰ ਪੁਕਾਰਦਾ ਹਾਂ, ਕਿ ਹੁਣ ਸਮਾਂ ਆ ਗਿਆ ਹੈ, ਕਿ ਤੂੰ ਅੱਧ ਵਿਚਕਾਰ ਆ ਜਾ। ਸ਼ਰੋਣ ਦੀਆਂ ਅੱਖਾਂ ਵਿਚੋਂ ਅਥਰੂ ਵਗਣ ਲਗੇ। ਉਸ ਨੂੰ ਬੋਧ (ਗਿਆਨ) ਹੋਇਆ, ਉਸ ਨੂੰ ਗੱਲ ਦਿਖਾਈ ਦੇ ਗਈ। ਅੱਜ ਦੇ ਸੂਤਰ ਵੀਣਾ ਦੇ ਤਾਰਾਂ ਨੂੰ ਮੱਧ ਵਿਚ ਲੈ ਆਉਣ ਦੇ ਸੂਤਰ ਹਨ। ਅਤੇ ਜਿਵੇਂ ਹੀ ਕੋਈ ਮੱਧ ਵਿਚ ਆਇਆ ਕਿ ਅਹੰਕਾਰ ਮਰ ਜਾਂਦਾ ਹੈ, ਅਹੰਕਾਰ ਜੀ ਨਹੀਂ ਸਕਦਾ। ਅਹੰਕਾਰ ਤਾਂ ਰੋਗ ਹੈ, ਤੁਸੀਂ ਰੁਗਣ ਚਿੱਤ ਹੋਵੋ ਤਾਂ ਹੀ ਅਹੰਕਾਰ ਜੀ ਸਕਦਾ ਹੈ। ਤੁਹਾਡੇ ਰੋਗੀ ਹੋਣ ਵਿਚ ਹੀ ਅਹੰਕਾਰ ਦਾ ਜੀਵਨ ਹੈ ਅਤੇ ਤੁਹਾਡੇ ਰੋਗੀ ਹੋਣ ਦੀ ਕਲਾ ਹੈ ਅਤਿ।

ਮੈਂ ਆਪਣੇ ਸੰਨਿਆਸਿਆਂ ਨੂੰ ਵੀ ਕਹਿੰਦਾ ਹਾਂ ਕਿ ਮੈਂ ਜੀਵਨ ਦੀ ਵੀਣਾ ਦਾ ਪਾਠ ਤੁਹਾਨੂੰ ਦੇ ਰਿਹਾ ਹਾਂ—ਮਧਯ।ਸੰਸਾਰ ਵਿਚ ਇਵੇਂ ਰਹੋ ਜਿਵੇਂ ਸੰਸਾਰ ਵਿਚ ਨਹੀਂ ਹੋ।ਨ ਤਾਂ ਸੰਸਾਰ ਤੁਹਾਡੇ ਉੱਤੇ ਹਾਵੀ ਹੋ ਜਾਏ ਅਤੇ ਨ ਹੀ ਜ਼ਰੂਰਤ ਹੈ ਸੰਸਾਰ ਛੱਡ ਕੇ ਭੱਜ ਜਾਣ ਦੀ।ਨ ਤਾਂ ਭੋਗੀ ਬਣੋ, ਨ ਯੋਗੀ; ਤੁਸੀਂ ਅੱਧ ਵਿਚ ਠਹਿਰ ਜਾਓ।ਨ ਧਨ ਦੇ ਪਿੱਛੇ ਭੱਜੋ, ਤੇ ਨ ਹੀ ਧਨ ਛੱਡ ਕੇ ਭੱਜੋ, ਤੁਸੀਂ ਵਿਚਾਲੇ ਰੁੱਕ ਜਾਓ, ਠੀਕ ਅੱਧ ਵਿਚ, ਜਿੱਥੇ ਅਤਿ ਹੁੰਦੀ ਹੀ ਨਹੀਂ।

ਉੱਥੇ ਹੀ ਤੁਸੀਂ ਪਾਓਗੇ—ਵਜ ਉਠਿਆ ਸੰਗੀਤ! ਵੀਣਾ ਸਪ੍ਰਾਣ (ਪ੍ਰਾਣਵਾਨ) ਹੋ ਉਠੀ। ਗੂੰਜਣ ਲਗਾ ਅਨਾਹਦ ਨਾਦ ...।

ਹਬਕਿ ਨ ਬੋਲਿਬਾ, ਠਬਕਿ ਨਾ ਚਾਲਿਬਾ, ਧੀਰੈ ਧਰਿਬਾ ਪਾਂਵ
ਹਬਕਿ ਨ ਬੋਲਿਬਾ ...

ਜਿਨ੍ਹਾਂ ਨੇ ਇਸ ਸੂਤਰ ਉੱਤੇ ਟੀਕਾ ਲਿਖੀ ਹੈ, ਟਿੱਪਣੀਆਂ ਲਿਖੀਆਂ ਹਨ, ਸਭ ਨੇ ਇਸ ਦਾ ਅਰਥ ਕੀਤਾ ਹੈ : ਬਿਨਾਂ ਸੋਚੇ ਵਿਚਾਰੇ ਨਹੀਂ ਬੋਲਣਾ। ਉਹ ਅਰਥ ਮੈਨੂੰ ਠੀਕ ਮਾਲੂਮ ਨਹੀਂ ਹੁੰਦਾ। ਭਾਸ਼ਾ ਦੀ ਦ੍ਰਿਸ਼ਟੀ ਨਾਲ ਠੀਕ ਹੈ। ਹਬਕਿ ਨ ਬੋਲਿਬਾ : ਫੱਟ ਦੇਣੀ ਨਹੀਂ ਬੋਲਣਾ ਚਾਹੀਦਾ ! ਕੋਈ ਕੁਝ ਕਹੇ, ਇੱਕਦਮ ਜਵਾਬ ਨਹੀਂ ਦੇ ਦੇਣਾ ਚਾਹੀਦਾ, ਸੋਚ-ਵਿਚਾਰ ਕੇ ਜਵਾਬ ਦੇਣਾ ਚਾਹੀਦਾ ਹੈ। ਅਜਿਹਾ ਭਾਸ਼ਾ ਮੁਤਾਬਿਕ ਤਾਂ ਅਰਥ ਠੀਕ ਹੈ, ਲੇਕਿਨ ਸਾਧਨਾ-ਮੁਤਾਬਿਕ ਅਰਥ ਠੀਕ ਨਹੀਂ ਹੈ। ਸੋਚ ਵਿਚਾਰ ਕੇ ਜਵਾਬ ਦੇਣ ਦਾ ਅਰਥ ਤਾਂ ਇਹ ਹੀ ਹੋਇਆ ਕਿ ਜਵਾਬ ਸਹਜ ਨਹੀਂ ਹੋਇਗਾ, ਸੋਚਿਆ- ਵਿਚਾਰਿਆ ਹੋਇਗਾ। ਅਤੇ ਅੱਗੇ ਸੂਤਰ ਵਿਚ ਗੋਰਖ ਕਹਿੰਦੇ ਹਨ :

ਗਰਬ ਨ ਕਰਿਬਾ, ਸਹਜੈ ਰਹਿਬਾ, ਭਣਤ ਗੋਰਸ਼ ਰਾਂਵ।

ਫ਼ਿਰ ਸਹਜ ਰਹਿਣ ਨਾਲ ਇਸ ਦਾ ਸੰਬੰਧ ਨਹੀਂ ਜੁੜੇਗਾ। ਫ਼ਿਰ ਤਾਂ ਰਹਿਣੀ ਬਹੁਤ ਅਸਹਿਜ ਹੋ ਗਈ। ਫ਼ਿਰ ਤਾਂ ਤੁਸੀਂ ਜੋ ਜਵਾਬ ਦਿੱਤਾ ਸੋਚਿਆ-ਵਿਚਾਰਿਆ ਸੀ, ਸੰਜੋਜਿਤ ਸੀ, ਸਹਜ ਨਹੀਂ ਸੀ।

ਸਹਜ ਜਵਾਬ, ਸਹਜ ਬੋਲਣਾ ਕੁਝ ਹੋਰ ਹੀ ਗੱਲ ਹੈ, ਸੋਚ-ਵਿਚਾਰ ਨਾਲ ਉਸਦਾ ਸੰਬੰਧ ਨਹੀਂ ਹੈ। ਤੁਸੀਂ ਜਦ ਵੀ ਸੋਚੋਗੇ ਵਿਚਾਰੋਗੇ, ਤੁਹਾਡਾ ਜਵਾਬ ਅਸਹਿਜ ਹੋ ਜਾਏਗਾ। ਕਿਸੇ ਨੇ ਕੁਝ ਪੁੱਛਿਆ। ਜਵਾਬ ਦੇਣ ਤੋਂ ਪਹਿਲਾਂ ਤੁਸੀਂ ਸਭ ਜਾਂਚ ਪਰਖ ਕੀਤੀ ਕਿ ਕੀ ਕਹਾਂ ਕੀ ਨ ਕਹਾਂ, ਕਿਹੜੀ ਗੱਲ ਦਾ ਪਰਭਾਵ ਚੰਗਾ ਪਏਗਾ, ਕਿਹੜੀ ਦਾ ਬੁਰਾ ਪਏਗਾ, ਕਿਸ ਨਾਲ ਲਾਭ ਹੋਏਗਾ ਕਿਸ ਨਾਲ ਨੁਕਸਾਨ ਹੋਇਗਾ—ਤੁਸੀਂ ਇਹ ਸਭ ਸੋਚ ਵਿਚਾਰ ਕੇ ਗਣਿਤ ਬਿਠਾ ਕੇ ਕਿਹਾ ਤਾਂ ਤੁਹਾਡੇ ਕਥਨ ਵਿਚ ਸਰਲਤਾ ਨਹੀਂ ਰਹਿ ਜਾਏਗੀ। ਤੁਹਾਡਾ ਕਥਨ ਝੂਠਾ ਹੋ ਜਾਏਗਾ। ਸਹਜ ਕਥਨ ਤਾਂ ਨਿਰ-ਵਿਚਾਰ ਤੋਂ ਆਏਗਾ।

ਹਬਕਿ ਨ ਬੋਲਿਬਾ ... ਲੋਗ ਕਹਿੰਦੇ ਹਨ ਇਸ ਦਾ ਅਰਥ ਹੈ : ਸੋਚ-ਵਿਚਾਰ ਕੇ ਬੋਲਣਾ ਅਤੇ ਮੈਂ ਕਹਿੰਦਾ ਹਾਂ ਇਸ ਦਾ ਅਰਥ ਹੈ : ਨਿਰਵਿਚਾਰ ਨਾਲ ਬੋਲਣਾ, ਜਾਗਰੂਕਤਾ ਨਾਲ ਬੋਲਣਾ। ਫੱਟ ਚਾਰੇ ਬੋਲਣ ਦਾ ਮਤਲਬ ਹੈ, ਮੂਰਖਤਾ (ਬੇਹੋਸ਼ੀ)। ਹੋਸ਼ ਰਹੇ ਅੰਦਰ, ਹੋਸ਼ ਦਾ ਦੀਵਾ ਬੱਲਦਾ ਰਹੇ, ਧਿਆਨ ਜਾਗਿਆ ਰਹੇ।

ਸੋਚ-ਵਿਚਾਰ ਕੇ ਬੋਲਣਾ ਨਹੀਂ, ਨਿਰ-ਵਿਚਾਰ ਨਾਲ ਬੋਲਣਾ।

ਦੋ ਸ਼ਬਦਾਂ ਦਾ ਖ਼ਿਆਲ ਕਰ ਲੈਣਾ—'ਅਵਿਚਾਰ' ਨਾਲ ਬੋਲਣਾ ਅਤੇ 'ਨਿਰਵਿਚਾਰ' ਨਾਲ ਬੋਲਣਾ। ਅਵਿਚਾਰ ਦਾ ਮਤਲਬ ਹੈ : ਬੋਲ ਦਿੱਤਾ ਜੋ ਆਇਆ ਮੂੰਹ ਵਿਚ, ਫ਼ਿਰ ਪਿੱਛੋਂ ਪਛਤਾਉਣ ਲਗੇ।

ਇੱਕ ਰਾਤ ਮੈਂ ਇੱਕ ਮਿੱਤਰ ਦੇ ਘਰ ਮਹਿਮਾਨ ਸੀ। ਉਸ ਘਰ ਵਿਚ ਮਹਾਤਮਾ ਗਾਂਧੀ ਦੇ ਇੱਕ ਪੁਰਾਣੇ ਸ਼ਿਸ਼ ਆਨੰਦ ਸਵਾਮੀ ਵੀ ਮਹਿਮਾਨ ਸਨ। ਰਾਤ ਇੱਕ ਹੀ ਕਮਰੇ ਵਿਚ ਅਸੀਂ ਦੋਵੇਂ ਸੀ, ਸਾਰੇ ਘਰ ਦੇ ਲੋਗ ਵੀ ਇਕੱਠੇ ਹੋ ਗਏ, ਕੁਝ ਗੱਲ-ਬਾਤ ਹੋਣ ਲਗੀ।

ਆਨੰਦ ਸਵਾਮੀ ਨੂੰ ਮੈਂ ਆਖਿਆ : ਕਿ ਤੁਸੀਂ ਮਹਾਤਮਾ ਗਾਂਧੀ ਤੋਂ ਕਿਵੇਂ ਪ੍ਰਭਾਵਿਤ

ਹੋਏ? ਕਿਉਂਕਿ ਪੂਰਾ ਜੀਵਨ ਉਨ੍ਹਾਂ ਨੇ ਉਨ੍ਹਾਂ ਲਈ ਸਮ੍ਰਪਿਤ ਕਰ ਦਿੱਤਾ। ਤਾਂ ਉਨ੍ਹਾਂ ਨੇ ਕਿਹਾ ਕਿ ਪਹਿਲਾ ਪ੍ਰਭਾਅ ਗਾਂਧੀ ਦਾ ਮੇਰੇ ਉਪੱਰ ਤਦ ਪਿਆ ਜਦ ਗਾਂਧੀ ਅਫ਼ਰੀਕਾ ਤੋਂ ਭਾਰਤ ਆਏ। ਉਨ੍ਹਾਂ ਨੇ ਅਹਿਮਦਾਬਾਦ ਵਿਚ ਇੱਕ ਕਥਨ ਦਿੱਤਾ, ਮੈਂ ਅਖ਼ਬਾਰ ਵਿਚ ਰਿਪੋਰਟਿੰਗ ਦਾ ਕੰਮ ਕਰਦਾ ਸੀ, ਪਤਰਕਾਰ ਸੀ। ਉਨ੍ਹਾਂ ਨੇ ਜੋ ਸਟੇਟਮੈਂਟ ਦਿੱਤੀ ਉਸ ਵਿਚ ਉਨ੍ਹਾਂ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਕੁਝ ਅਪਸ਼ਬਦ ਕਹੇ। ਮੈਂ ਉਹ ਅਪਸ਼ਬਦ ਸਟੇਟਮੈਂਟ ਵਿਚੋਂ ਕੱਢ ਦਿੱਤੇ ਅਤੇ ਜੋ ਰਿਪੋਟ ਦਿੱਤੀ ਅਖਬਾਰਾਂ ਵਿਚ, ਉਸ ਵਿਚ ਮੈਂ ਉਨ੍ਹਾਂ ਅਪਸ਼ਬਦਾਂ ਨੂੰ ਬਿਲਕੁੱਲ ਨਹੀਂ ਰੱਖਿਆ। ਦੂਜੇ ਦਿਨ ਗਾਂਧੀ ਨੇ ਮੈਨੂੰ ਬੁਲਾਇਆ, ਮੇਰੀ ਪਿੱਠ ਠੋਕੀ ਅਤੇ ਕਿਹਾ : ਤੂੰ ਠੀਕ ਕੀਤਾ। ਰਿਪੋਰਟਿੰਗ ਅਜਿਹੀ ਹੀ ਹੋਣੀ ਚਾਹੀਦੀ ਹੈ। ਤੂੰ ਉਹ ਅਪਸ਼ਬਦ ਕੱਢ ਦਿੱਤੇ, ਬਹੁਤ ਅੱਛਾ ਕੀਤਾ। ਗਾਂਧੀ ਦਾ ਇਸ ਤਰ੍ਹਾਂ ਮੇਰੀ ਪਿੱਠ ਠੋਕਣਾ—ਆਨੰਦ ਸੁਆਮੀ ਨੇ ਮੈਨੂੰ ਕਿਹਾ—ਬਸ ਮੈਨੂੰ ਜਿੱਤ ਲਿਆ।

ਮੈਂ ਉਨ੍ਹਾਂ ਨੂੰ ਆਖਿਆ, ਕਿ ਇਹ ਤਾਂ ਗੱਲ ਬਹੁਤ ਉਲਟੀ ਹੋ ਗਈ। ਫ਼ਿਰ ਤੁਸੀਂ ਕਦੇ ਦੂਜਾ ਪ੍ਰਯੋਗ ਵੀ ਕਰਕੇ ਵੇਖਿਆ ਜਾਂ ਨਹੀਂ ਕਿ ਗਾਂਧੀ ਨੇ ਅਪਸ਼ਬਦ ਨ ਬੋਲੇ ਹੋਣ ਅਤੇ ਕਿਸੇ ਕਥਨ ਵਿਚ ਤੁਸੀਂ ਜੋੜ੍ਹ ਦਿੱਤੇ, ਫ਼ਿਰ ਵੀ ਉਹ ਤੁਹਾਡੀ ਪਿੱਠ ਠੋਕਦੇ ਤਾਂ ਕੁਝ ਗੱਲ ਸੀ। ਇਸ ਦਾ ਤਾਂ ਅਰਥ ਇੰਨਾ ਹੀ ਹੋਇਆ ਕਿ ਗਾਂਧੀ ਹਬਕ ਕੇ ਬੋਲ ਗਏ।

ਹਬਕਿ ਨ ਬੋਲਿਬਾ ...। ਬੋਲ ਗਏ ਜੋਸ਼ ਵਿਚ, ਉਤਸ਼ਾਹ ਵਿਚ, ਉਮੰਗ ਵਿਚ। ਬੋਲਣ ਦੇ ਵੇਗ ਵਿਚ ਬੋਲ ਗਏ। ਫ਼ਿਰ ਪਿੱਛੋਂ ਪਛਤਾਏ ਹੋਣਗੇ। ਪਰਤ ਕੇ ਸੋਚਿਆ ਹੋਵੇਗਾ ਕਿ ਉਹ ਅਪਸ਼ਬਦ ਜੋ ਮੈਂ ਬੋਲ ਦਿੱਤੇ, ਗਾਲ੍ਹਿਆਂ ਜੋ ਕੱਢ ਦਿੱਤੀਆਂ, ਕੱਢਣੀਆਂ ਨਹੀਂ ਸਨ; ਕਿਉਂਕਿ ਉਹ ਮਹਾਤਮਾ ਦੇ ਲਾਇਕ ਨਹੀਂ ਹਨ ਗਾਲ੍ਹਿਆਂ। ਪਛਤਾਏ ਹੋਣਗੇ। ਫ਼ਿਰ ਤੁਸੀਂ ਉਹ ਅਪਸ਼ਬਦ ਕੱਢ ਦਿੱਤੇ, ਤੁਸੀਂ ਗਾਂਧੀ ਦੇ ਅਹੰਕਾਰ ਦੀ ਸੁਰਖਿਆ ਕਰ ਲਈ, ਤਾਂ ਤੁਹਾਡੀ ਪਿੱਠ ਠੋਕੀ। ਤੁਹਾਡੇ ਅਹੰਕਾਰ ਨੂੰ ਵੀ ਇਸ ਤਰ੍ਹਾਂ ਰਸ ਮਿਲਿਆ ਕਿ ਮੇਰੀ ਪਿੱਠ ਠੋਕੀ ਗਈ ਕਿ ਮੈਂ ਕੋਈ ਪਤਰਕਾਰ ਹਾਂ, ਵੱਡਾ ਪਤਰਕਾਰ ਹਾਂ!

ਹਾਲਾਂਕਿ ਤੁਸੀਂ ਜੋ ਸਟੇਟਮੈਂਟ ਛਾਪੀ ਉਹ ਝੂਠੀ ਸੀ।

ਹੋਰ, ਜੇਕਰ ਗਾਂਧੀ ਸਚੱਾਈ ਦੇ ਪ੍ਰੇਮੀ ਸਨ ਤਾਂ ਉਨ੍ਹਾਂ ਨੂੰ ਤੁਹਾਨੂੰ ਕਹਿਣਾ ਚਾਹੀਦਾ ਸੀ ਕਿ ਕਥਨ ਅਜਿਹਾ ਹੀ ਛਾਪੋ ਜਿਹੋ-ਜਿਹਾ ਦਿੱਤਾ ਗਿਆ ਸੀ। ਜਦ ਦਿੱਤਾ ਹੀ ਗਿਆ ਸੀ ਤਾਂ ਛਾਪਣ ਵਿਚ ਫ਼ਰਕ ਕਿਉਂ ਕੀਤਾ ਜਾਏ? ਤਾਂ ਗਾਂਧੀ ਸਤਯਵਾਦੀ ਨਹੀਂ ਸਨ। ਗਾਂਧੀ ਦੀ ਸੱਚ ਦੀ ਗੱਲ ਵਿਅਰਥ ਹੋ ਗਈ; ਉਨ੍ਹਾਂ ਨੇ ਝੂਠ ਨੂੰ ਸ਼ਹਿ ਦਿੱਤੀ। ਜੋ ਬੋਲਿਆ ਨਹੀਂ ਸੀ ਉਹ ਛਾਪਿਆ ਗਿਆ, ਤੇ ਜੋ ਬੋਲਿਆ ਗਿਆ ਸੀ ਉਹ ਨਹੀਂ ਛਾਪਿਆ ਗਿਆ। ਇਹ ਝੂਠ ਨੂੰ ਪ੍ਰੋਤਸਾਹਨ ਦੇਣਾ ਹੋਇਆ। ਤੁਸੀਂ ਉਨ੍ਹਾਂ ਦੇ ਅਹੰਕਾਰ ਦੀ ਸੁਰਖਿਆ ਕੀਤੀ, ਉਨ੍ਹਾਂ ਨੇ ਤੁਹਾਡੇ ਅਹੰਕਾਰ ਨੂੰ ਫ਼ੁਸਲਾ ਦਿੱਤਾ, ਇਸ ਤਰ੍ਹਾਂ ਤੁਸੀਂ ਇੱਕ ਦੂਜੇ ਤੋਂ ਪ੍ਰਭਾਵਿਤ ਹੋ ਗਏ।

ਮੈਂ ਆਨੰਦ ਸੁਆਮੀ ਨੂੰ ਕਿਹਾ ਕਿ ਜੇਕਰ ਮੇਰੇ ਕਥਨ ਵਿਚ ਗਾਲ੍ਹ ਹੋਵੇ ਤਾਂ ਛਪਣੀ ਹੀ ਚਾਹੀਦੀ ਹੈ, ਕਿਉਂਕਿ ਜਦ ਮੈਂ ਕੱਢੀ ਹੈ ਤਾਂ ਕੱਢੀ ਹੈ; ਅਤੇ ਜੇਕਰ ਨਹੀਂ ਕਢਣੀ ਸੀ, ਅਜਿਹਾ ਪਿੱਛੋਂ ਪਤਾ ਚਲਦਾ ਹੈ, ਤਾਂ ਉਸ ਦਾ ਅਰਥ ਹੋਇਆ ਕਿ ਕੱਢਦੇ ਸਮੇਂ ਮੈਂ ਹੋਸ਼ ਵਿਚ ਨਹੀਂ ਸੀ, ਮੈਂ ਬੇਹੋਸ਼ ਸੀ।

ਭਾਸ਼ਾ ਦਾ ਵੀ ਮਦ (ਆਨੰਦ-ਨਸ਼ਾ) ਹੁੰਦਾ ਹੈ। ਕਈ ਵਾਰ ਤੁਸੀਂ ਬੋਲਣ ਵਿਚ ਅਜਿਹੀ ਗੱਲ ਕਹਿ ਜਾਂਦੇ ਹੋ ਜੋ ਤੁਸੀਂ ਕਹਿਣਾ ਨਹੀਂ ਚਾਹੁੰਦੇ ਸੀ, ਪਰ ਚਾਹੁੰਦੇ ਸੀ ਕਿ ਨਹੀਂ, ਇਹ ਸਵਾਲ ਨਹੀਂ ਹੈ; ਆਖੀ ਤੁਸੀਂ ਤਾਂ, ਕਿ ਕਿੱਤੇ ਤੁਹਾਡੇ ਅਚੇਤਨ ਚਿੱਤ ਵਿਚ ਪਈ ਤਾਂ ਸੀ।

ਤੁਸੀਂ ਉਹ ਕਥਨ ਛਾਪ ਕੇ ਆਨੰਦ ਸਵਾਮੀ—ਮੈਂ ਉਨ੍ਹਾਂ ਨੂੰ ਆਖਿਆ—ਇੱਕ ਝੂਠ ਨੂੰ ਸਹਾਰਾ ਦਿੱਤਾ। ਹੁਣ ਸਦੀਆਂ ਤੱਕ ਇਹ ਗੱਲ ਕਹੀ ਜਾਏਗੀ ਕਿ ਗਾਂਧੀ ਨੇ ਕਦੇ ਗਾਲ੍ਹ ਨਹੀਂ ਕੱਢੀ; ਤੁਸੀਂ ਉਸ ਦੇ ਲਈ ਜ਼ਿੰਮੇਂਵਾਰ ਹੋਵੋਗੇ। ਤੁਸੀਂ ਲਿਖਣਾ ਸੀ ਉਹੀ ਜੋ ਕਿਹਾ ਗਿਆ ਸੀ—ਜਿਸ ਤਰ੍ਹਾਂ ਦਾ, ਉਹੋ ਜਿਹੇ ਦਾ ਉਹੋ ਜਿਹਾ। ਜੇਕਰ ਗਾਂਧੀ ਨੂੰ ਬਦਲਣਾ ਹੈ ਤਾਂ ਪਿੱਛੋਂ ਸੁਧਾਰ ਕਰਨ ਦਾ ਉਪਾਅ ਨਹੀਂ ਹੋਣਾ ਚਾਹੀਦਾ। ਫ਼ਿਰ ਵਿਵੇਕ ਨਾਲ ਬੋਲਣਾ ਚਾਹੀਦਾ, ਫ਼ਿਰ ਹੋਸ਼ ਨਾਲ ਬੋਲਣਾ ਚਾਹੀਦਾ।

ਗਾਂਧੀ ਅਵਿਚਾਰ ਨਾਲ ਬੋਲ ਗਏ, ਪਿੱਛੋਂ ਸਮਝਦਾਰੀ ਆਈ। ਸੋਚਿਆ ਹੋਏਗਾ ਕਿ ਕੀ ਬੋਲ ਗਿਆ। ਪਰਤ ਕੇ ਵੇਖਿਆ ਹੋਏਗਾ, ਤਾਂ ਲਗਿਆ ਹੋਏਗਾ ਇਸਦਾ ਪਰਿਣਾਮ ਬੁਰਾ ਹੋਏਗਾ। ਕਿਸੇ ਤਰ੍ਹਾਂ ਇਹ ਗੱਲ ਪਰਤ ਜਾਏ ਤਾਂ ਅੱਛਾ। ਅਜਿਹਾ ਰੋਜ਼ ਹੁੰਦਾ ਹੈ। ਰਾਜਨੀਤਕ ਨੇਤਾ ਇੱਕ ਗੱਲ ਕਹਿ ਜਾਂਦੇ ਹਨ ਅਤੇ ਫ਼ਿਰ ਦੂਜੇ ਦਿਨ ਉਸ ਦਾ ਖੰਡਨ ਕਰਦੇ ਹਨ--ਕਿ ਨਹੀਂ, ਕਿ ਮੈਂ ਕਿਹਾ ਹੀ ਨਹੀਂ, ਜਾਂ ਮੇਰਾ ਇਹ ਅਰਥ ਨਹੀਂ ਸੀ, ਜਾਂ ਮੇਰੇ ਅਰਥ ਨੂੰ ਤਰੋੜਿਆ-ਮਰੋੜਿਆ ਗਿਆ ਹੈ, ਜਾਂ ਮੇਰੇ ਕਥਨ ਨੂੰ ਇਧੱਰ-ਉਧੱਰ ਕੀਤਾ ਗਿਆ ਹੈ। ਫ਼ਿਰ ਮੁੱਕਰ ਜਾਂਦੇ ਹਨ। ਤੁਸੀਂ ਰੋਜ਼ ਅਖਬਾਰਾਂ ਵਿਚ ਵੇਖਦੇ ਹੋ, ਇਹ ਹੈਰਾਨ ਕਰਨ ਦਾ ਮਾਮਲਾ ਹੈ ਬਾਦ ਵਿਚ ਖਿਆਲ ਆਉਂਦਾ ਹੈ, ਕਿਉਂਕਿ ਪਿੱਛੋਂ ਜਦ ਹਿਸਾਬ ਲਗਾਉਂਣ ਬੈਠਦੇ ਹਨ, ਗਣਿਤ ਬਿਠਾਉਂਦੇ ਹਨ, ਤਦ ਪਤਾ ਚਲਦਾ ਹੈ ਕਿ ਇਹ ਨ ਕਿਹਾ ਹੁੰਦਾ ਤਾਂ ਅੱਛਾ ਸੀ, ਇਸ ਕਹਿਣ ਨਾਲ ਇਹ-ਇਹ ਪਰਿਣਾਮ ਹੋਣਗੇ। ਕਹਿਣ ਵੇਲੇ ਤਾਂ ਇੰਨੀ ਕਾਹਲੀ ਸੀ ਕਿ ਫ਼ੁਰਸਤ ਨਹੀਂ ਮਿਲੀ ਕਿ ਕੀ ਪਰਿਣਾਮ ਹੋਏਗਾ, ਕਿ ਪਰਿਣਾਮ ਨਹੀਂ ਹੋਏਗਾ, ਕਹਿਣ ਵੇਲੇ ਤਾਂ ਛੇਤੀਂ ਦੇਣੀ ਕਹਿ ਗਏ ਫ਼ਿਰ ਪਿੱਛੋਂ ਬੈਠੇ ਸ਼ਾਂਤੀ ਨਾਲ ਸੋਚਿਆ-ਵਿਚਾਰਿਆ, ਨਤੀਜੇ ਦਾ ਹਿਸਾਬ ਲਗਾਇਆ।

ਦੂਰ, ਕੀ-ਕੀ ਇਸ ਦੇ ਅਰਥ ਲਏ ਜਾਣਗੇ, ਕਿੰਨੇ ਮਤ (ਵੋਟ) ਦੇਣ ਵਾਲੇ ਪ੍ਰਭਾਵਿਤ ਹੋਣਗੇ, ਕਿੰਨੇ ਵਿਪਰੀਤ ਪ੍ਰਭਾਵਿਤ ਹੋ ਜਾਣਗੇ। ਇਸ ਨਾਲ ਰਾਜਨੀਤੀ ਦੇ ਦਾਅ ਵਿਚ ਕੀ ਨਤੀਜਾ ਨਿਕਲੇਗਾ; ਚਲ ਤਾਂ ਗਏ ਚਾਲ, ਇਸਦਾ ਪੂਰੀ ਸ਼ਤਰੰਜ ਦੀ ਖੇਡ ਉੱਤੇ ਆਖਰੀ ਅਸਰ ਕੀ ਹੋਵੇਗਾ। ਇਹ ਜਦ ਬੈਠ ਕੇ ਸੋਚਦੇ-ਵਿਚਾਰਦੇ ਹਨ ਤਾਂ ਫ਼ਿਰ ਬਦਲਣ ਦਾ ਮਨ ਹੁੰਦਾ ਹੈ, ਤਾਂ ਬਦਲ ਲੈਂਦੇ ਹਨ। ਪਰ ਇਹ ਬਦਲਾਹਟ ਸਿਰਫ਼ ਇੱਕ ਗੱਲ ਦੀ ਖ਼ਬਰ ਦਿੰਦੀ ਹੈ—ਅਵਿਚਾਰ ਨਾਲ ਬੋਲਿਆ ਗਿਆ।

ਮੈਂ ਸੁਣਿਆ ਹੈ, ਇੰਗਲੈਂਡ ਦੇ ਇੱਕ ਮੈਡੀਕਲ ਕਾਲਜ ਵਿਚ ਇੱਕ ਵਿਦਿਆਰਥੀ ਦੀ ਮੁਖਾਗਰ ਪਰੀਕਸ਼ਾ (ਮੂੰਹ ਜ਼ਬਾਨੀ ਇਮਤਿਹਾਨ) ਹੋ ਰਹੀ ਸੀ। ਉਹ ਸਾਰੇ ਵਿਸ਼ਿਆਂ ਵਿਚ ਉਤੀਰਣ (ਪਾਸ) ਹੋ ਗਿਆ ਹੈ, ਤੇ ਇਹ ਆਖਰੀ ਮੂੰਹ ਜ਼ਬਾਨੀ ਇਮਤਿਹਾਨ ਹੈ। ਇਸ ਵਿਚ ਪਾਸ ਹੋ ਜਾਏ ਤਾਂ ਉਸ ਨੂੰ ਇੰਗਲੈਂਡ ਦੀ ਚਿਕਿਤਸਾ (ਡਾਕਟਰੀ) ਦੀ ਸਭ ਤੋਂ ਵੱਡੀ ਉਪਾਧੀ ਮਿਲ ਜਾਏ। ਤਿੰਨ ਡਾਕਟਰ ਉਸ ਦਾ ਇਮਤਿਹਾਨ ਲੈ ਰਹੇ ਸਨ। ਉਨ੍ਹਾਂ ਨੇ ਉਸ ਨੂੰ

ਕਿਹਾ, ਕਿ ਇਸ-ਇਸ ਤਰ੍ਹਾਂ ਦਾ ਮਰੀਜ਼ ਹੈ, ਇਸ-ਇਸ ਤਰ੍ਹਾਂ ਦੀ ਬੀਮਾਰੀ ਹੈ, ਇਹ-ਇਹ ਦਵਾਈ ਦੇਣੀ ਹੈ, ਕਿੰਨੀ ਮਿਕਦਾਰ ਵਿਚ ਦਿਆਂਗੇ ?

ਉਸਨੇ ਛੇਤੀਂ ਨਾਲ ਮਿਕਦਾਰ ਦੱਸੀ। ਉਹ ਤਿੰਨੇ ਡਾਕਟਰ ਹਸੇ। ਉਨ੍ਹਾਂ ਨੇ ਕਿਹਾ, ਕਿ ਠੀਕ, ਤੂੰ ਜਾਹ। ਪਰੀਕਸ਼ਾ ਪੂਰੀ ਹੋ ਗਈ। ਉਹ ਨਿਕਲ ਹੀ ਰਿਹਾ ਸੀ ਦਰਵਾਜ਼ੇ ਤੋਂ ਤਦ ਉਸ ਨੂੰ ਖ਼ਿਆਲ ਆਇਆ ਕਿ ਇੰਨੀ ਮਾਤ੍ਰਾ ਤਾਂ ਜਾਨ ਹੀ ਲੈ ਲਵੇਗੀ, ਇਹ ਜ਼ਹਿਰ ਹੈ !

ਪਰਤਿਆ ਤੇ ਉਸ ਨੇ ਕਿਹਾ ਕਿ ਮਾਫ਼ ਕਰਨਾ, ਜਿੰਨੀ ਮੈਂ ਦੱਸੀ ਉਸ ਤੋਂ ਅੱਧੀ ਦਿਆਂਗਾ! ਪਰ ਡਾਕਟਰ ਨੇ ਕਿਹਾ ਕਿ ਮਰੀਜ਼ ਹੁਣ ਮਰ ਚੁਕਿਆ, ਹੁਣ ਪਰਤ ਕੇ ਕਿਸ ਨੂੰ ਕਹਿ ਰਹੇ ਹੋ? ਗੱਲ ਗਈ ਸੋ ਗਈ, ਇਹ ਇਮਤਿਹਾਨ ਹੀ ਥੋੜ੍ਹੇ ਹੈ। ਜੇਕਰ ਮਰੀਜ਼ ਹੁੰਦਾ ਤੇ ਤੂੰ ਇਹ ਦਵਾਈ ਦੇ ਦਿੱਤੀ ਹੁੰਦੀ ਤਾਂ ਮਰੀਜ਼ ਤਾਂ ਮਰ ਹੀ ਚੁਕਿਆ ਹੁੰਦਾ, ਪਰਤ ਕੇ ਕਿਸ ਤੋਂ ਮਾਫ਼ੀ ਮੰਗਦੇ ਹੋ?

ਹੁਣ ਅਗਲੇ ਸਾਲ ਆਉਣਾ, ਹੋਰ ਤਿਆਰੀ ਕਰੋ। ਇਸ ਤਰ੍ਹਾਂ ਪਰਤ ਕੇ ਕਥਨ ਬਦਲੇ ਨਹੀਂ ਜਾ ਸਕਦੇ ਅਤੇ ਜੇਕਰ ਬਦਲੇ ਜਾਣ ਤਾਂ ਝੂਠੇ ਹੋ ਜਾਂਦੇ ਹਨ, ਮਰੀਜ਼ ਤਾਂ ਮਰ ਹੀ ਜਾਏਗਾ।

ਅਵਿਚਾਰ ਨਾਲ ਨ ਬੋਲਣਾ—ਅਜਿਹਾ ਅਰਥ ਕਰੋ ਤਾਂ ਉਸਦਾ ਇਹ ਅਰਥ ਨਹੀਂ ਹੋਇਆ ਕਿ ਵਿਚਾਰ ਪੂਰਵਕ ਬੋਲਣਾ। ਉਸ ਦਾ ਅਰਥ ਮੇਰੇ ਹਿਸਾਬ ਿ ਦ ਫ੍ਰਿਕਰਹੋਂਦਾ ਨਿਰਵਿਚਾਰ। ਕਿਉਂਕਿ ਜਿਥੇ ਵਿਚਾਰ ਹੈ ਉੱਥੇ ਤਾਂ ਗਲਤੀ ਹੋ ਜਾਏਗੀ। ਜਿਥੇ ਨਿਰਵਿਚਾਰ ਹੈ ਚਿੱਤ ਬਿਲਕੁੱਲ ਸ਼ਾਂਤ, ਸ਼ੀਸ਼ੇ ਦੇ ਵਾਂਗ ਹੈ, ਮੌਨ, ਸ਼ੂਨਯ ਹੈ, ਜਿਥੇ ਧਿਆਨ ਜਗਿਆ ਹੈ—ਓਥੇ ਕਦੇ ਭੁੱਲ ਨਹੀਂ ਹੁੰਦੀ। ਓਥੇ ਕਦੇ ਪਰਤ ਕੇ ਵੇਖਣ ਦੀ ਲੋੜ ਨਹੀਂ ਪੈਂਦੀ। ਓਥੇ ਕਦੇ ਪਛਤਾਵਾ ਨਹੀਂ ਹੁੰਦਾ। ਇਸ ਲਈ ਮੈਂ ਇਸ ਦਾ ਅਰਥ ਕਰਦਾ ਹਾਂ : ਧਿਆਨ ਨਾਲ ਬੋਲਣਾ। ਜਿਸ ਨੂੰ ਬੁੱਧ ਨੇ ਸਮਯਕ ਸਮ੍ਰਿਤਿ ਕਿਹਾ ਹੈ। ਜਾਗੇ ਹੋਏ ਬੋਲਣਾ। ਹੋਸ਼ ਨਾਲ ਬੋਲਣਾ। ਸੋਚ-ਵਿਚਾਰ ਕੇ ਨਹੀਂ, ਕਿਉਂਕਿ ਸੋਚ-ਵਿਚਾਰ ਦਾ ਤਾਂ ਮੌਕਾ ਹੋਵੇ ਜਾਂ ਨ ਹੋਵੇ ਵਕਤ ਹੋਵੇ ਜਾਂ ਨ ਹੋਵੇ। ਜ਼ਿੰਦਗੀ ਵਿਚ ਵਕਤ ਕਿੱਥੇ ਹੈ? ਬਹੁਤ ਬਾਰ ਤੁਸੀਂ ਚੰਗੀ ਗੱਲ ਕਹਿਣਾ ਚਾਹੁੰਦੇ ਹੋ, ਕਹਿ ਨਹੀਂ ਪਾਉਂਦੇ, ਪਿੱਛੋਂ ਯਾਦ ਆਉਂਦੀ ਹੈ।

ਪੱਛਮ ਦਾ ਇੱਕ ਵੱਡਾ ਵਿਚਾਰਕ ਵਿਕਟਰ ਹਯੂਗੋ, ਇੱਕ ਬੈਠਕ ਤੋਂ (ਸਭਾ ਵਿਚੋਂ) ਆ ਰਿਹਾ ਸੀ। ਤਿੰਨ-ਚਾਰ ਹੋਰ ਸਾਹਿਤਕਾਰ ਨਾਲ ਸਨ, ਕੁਝ ਗੱਲ ਚਲੀ। ਇੱਕ ਸਾਹਿਤਕਾਰ ਨੇ ਕੁਝ ਕਿਹਾ—ਇੰਨਾ ਪਿਆਰਾ ਵਚਨ ਸੀ ਕਿ ਵਿਕਟਰ ਹਯੂਗੋ ਦੇ ਮੂੰਹੋਂ ਨਿਕਲ ਗਿਆ ਕਿ ਕਾਸ਼, ਇਹ ਮੈਂ ਕਿਹਾ ਹੁੰਦਾ। ਤੀਜੇ ਸਾਹਿਤਕਾਰ ਨੇ ਕਿਹਾ : ਹਯੂਗੋ, ਘਬਰਾ ਨ।

ਤੂੰ ਕਹੇਂਗਾ, ਤੂੰ ਕਿਸੇ ਨ ਕਿਸੇ ਦਿਨ ਕਹੇਂਗਾ। ਅੱਜ ਨਹੀਂ, ਕਲ੍ਹ ਕਹੇਂਗਾ। ਨਿਕਲੇਗਾ ਇਹ ਤੇਰੇ ਮੂੰਹੋਂ, ਘਬਰਾ ਨ।

ਕਿਸੇ ਹੋਰ ਹਾਲਾਤ ਵਿਚ ਤੂੰ ਕਹੇਂਗਾ, ਪਰ ਕਹੇਂਗਾ ਜ਼ਰੂਰ। ਤੂੰ ਛੱਡੇਂਗਾ ਨਹੀਂ।

ਲੇਕਿਨ ਗੱਲ ਗਈ ਸੋ ਗਈ। ਤੁਹਾਨੂੰ ਵੀ ਲਗਦਾ ਹੈ ਬਹੁਤ ਵਾਰ ਕਿ ਇਹ ਗੱਲ ਮੈਂ ਕਹੀ ਹੁੰਦੀ, ਜਿਵੇਂ ਕਿਸੇ ਨੇ ਮੇਰੇ ਸ਼ਬਦ ਖੋਹ ਲਏ, ਕਿ ਮੇਰੇ ਬੁੱਲ੍ਹਾਂ ਤੇ ਆਈ ਗੱਲ ਖੋਹ ਲਈ। ਅਤੇ ਕਦੇ ਤੁਹਾਨੂੰ ਲਗਦਾ ਹੈ ਕਿ ਕਾਸ਼, ਮੈਂ ਇਹ ਇੱਕ ਸ਼ਬਦ ਬਚਾ ਲਿਆ ਹੁੰਦਾ

ਤਾਂ ਕਿੰਨੀ ਝੰਜਟ ਬਚ ਜਾਂਦੀ ! ਕਿਉਂਕਿ ਕਦੇ-ਕਦੇ ਨਿੱਕਾ-ਜਿਹਾ ਸ਼ਬਦ (ਅੱਖਰ) ਪੂਰੇ ਜੀਵਨ ਨੂੰ ਰੂਪਾਂਤਰਣ (ਬਦਲਾਅ) ਕਰ ਸਕਦਾ ਹੈ। ਤੁਹਾਡੀ ਦਿੱਤੀ ਹੋਈ ਨਿੱਕੀ ਜਿਹੀ ਗਾਲ਼ੀ ਤੁਹਾਡੇ ਜੀਵਨ ਨੂੰ ਬਦਲ ਦੇਵੇ ਅਤੇ ਤੁਹਾਡੇ ਮੂੰਹੋਂ ਨਿਕਲਿਆ ਹੋਇਆ ਇੱਕ ਮਧੁਰ ਵਚਨ, ਤੁਹਾਡੇ ਪੂਰੇ ਜੀਵਨ ਨੂੰ ਨਵਾਂ ਕਰ ਦੇਵੇ, ਕੁਝ ਕਿਹਾ ਨਹੀਂ ਜਾ ਸਕਦਾ। ਨਿੱਕੀ ਜਿਹੀ ਗੱਲ !

ਅਮਰੀਕਾ ਦੀ ਇੱਕ ਬਹੁਤ ਵੱਡੀ ਅਭਿਨੇਤ੍ਰੀ ਗ੍ਰੇਟਾਗਾਰਬੋ ਬਹੁਤ ਗਰੀਬ ਇਸਤ੍ਰੀ ਸੀ ਆਪਣੇ ਬਚਪਨ ਵਿਚ। ਅਤੇ ਇੱਕ ਨਾਈ ਬਾੜੇ ਵਿਚ ਲੋਕਾਂ ਦੀਆਂ ਦਾੜ੍ਹੀਆਂ ਉੱਤੇ ਸਾਬੁਣ ਲਾਉਂਣ ਦਾ ਕੰਮ ਕਰਦੀ ਸੀ । ਉਸਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਇੰਨੀ ਵੱਡੀ ਅਭਿਨੇਤ੍ਰੀ, ਵਿਸ਼ਵ ਪ੍ਰਸਿਧ ਅਭਿਨੇਤ੍ਰੀ ਹੋ ਜਾਏਗੀ। ਉਸ ਨਾਈਵਾੜੇ ਵਿਚ ਇੱਕ ਫ਼ਿਲਮ-ਡਾਇਰੈਕਟਰ ਇੱਕ ਦਿਨ ਬਾਲ ਬਨਵਾਉਂਣ ਆਇਆ ਤੇ ਉਸ ਨੇ ਉਸ ਦੀ ਦਾੜ੍ਹੀ ਉੱਤੇ ਸਾਬਣ ਲਗਾਇਆ। ਜਦ ਉਹ ਸਾਬਣ ਲਗਾ ਰਹੀ ਸੀ, ਫ਼ਿਲਮ-ਨਿਰਦੇਸ਼ਕ ਸੀ, ਉਸਦੇ ਮੂੰਹੋਂ ਉਸਦੇ ਚੇਹਰੇ ਨੂੰ ਸ਼ੀਸ਼ੇ ਵਿਚ ਵੇਖਕੇ ਬਸ ਇੱਕ ਸ਼ਬਦ ਨਿਕਲ ਗਿਆ, ਕਿ ਸੁੰਦਰ... ਸੁੰਦਰ ਚੇਹਰਾ ਹੈ !

ਅਤੇ ਇੰਨਾ ਕੁ ਵਚਨ ਹੀ ਗ੍ਰੇਟਾਗਾਰਬੋ ਦੀ ਜ਼ਿੰਦਗੀ ਵਿਚ ਕ੍ਰਾਂਤੀ ਬਣ ਗਿਆ। ਦੋ-ਦੋ ਪੈਸੇ ਵਿਚ ਦਾੜ੍ਹੀ ਉੱਤੇ ਸਾਬਣ ਲਾਉਂਣ ਵਾਲੀ ਇਸਤ੍ਰੀ ਕਰੋੜਾਂ ਡਾਲਰਾਂ ਦੀ ਮਾਲਿਕ ਹੋ ਕੇ ਮਰੀ। ਏਨਾ ਕੁ ਵਚਨ। ਸੋਚ ਕੇ ਕਿਹਾ ਵੀ ਨਹੀਂ ਗਿਆ ਸੀ, ਸਹਿਜ ਨਿਕਲ ਗਿਆ ਸੀ। ਪਰ ਗ੍ਰੇਟਾਗਾਰਬੋ ਨੂੰ ਯਾਦ ਆ ਗਈ ਆਪਣੀ ਸੁੰਦਰਤਾ ਦੀ। ਉਸਨੇ ਪਹਿਲੀ ਵਾਰ ਆਪਣੇ-ਆਪ ਨੂੰ ਸ਼ੀਸ਼ੇ ਵਿਚ ਗੌਰ ਨਾਲ ਵੇਖਿਆ। ਸ਼ੀਸ਼ੇ ਮੂਹਰੇ ਤਾਂ ਰੋਜ਼ ਖਲੋਤੀ ਰਹਿੰਦੀ ਸੀ, ਪਰ ਲੋਕਾਂ ਦੀ ਦਾੜ੍ਹੀ ਉੱਤੇ ਸਾਬਣ ਲਾਉਂਦੀ ਰਹਿੰਦੀ ਸੀ, ਕਦੇ ਖ਼ਿਆਲ ਕੀਤਾ ਹੀ ਨਹੀਂ ਸੀ। ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਸੁੰਦਰ ਹਾਂ, ਜਾਂ ਸੁੰਦਰ ਹੋ ਸਕਦੀ ਹਾਂ। ਉਸ ਗਰੀਬ ਦੀ ਇੰਨੀ ਸਮਝ ਵੀ ਨਹੀਂ ਸੀ ਇੰਨਾ ਵਿਚਾਰ ਕਰਨ ਦੀ।

ਗ੍ਰੇਟਾਗਾਰਬੋ ਨੇ ਕਿਹਾ : ਸਚ ਤੁਸੀਂ ਕਹਿੰਦੇ ਹੋ, ਮੈਂ ਸੁੰਦਰ ਹਾਂ?

ਉਸ ਫ਼ਿਲਮ ਨਿਰਦੇਸ਼ਕ ਨੇ ਕਿਹਾ ਕਿ ਸੁੰਦਰ ਹੀ ਨਹੀਂ, ਸੋਹਣੀਆਂ ਤੋਂ ਸੋਹਣੀਆਂ ਇਸਤ੍ਰੀਆਂ ਵਿਚੋਂ ਇੱਕ। ਅਤੇ ਜੇਕਰ ਤੂੰ ਚਾਹੇਂ ਤਾਂ ਮੈਂ ਪ੍ਰਮਾਣ ਜੁਟਾ ਦਿਆਂਗਾ, ਕਿਉਂਕਿ ਮੈਂ ਇੱਕ ਫ਼ਿਲਮ ਨਿਰਦੇਸ਼ਕ ਹਾਂ, ਮੈਂ ਇੱਕ ਫ਼ਿਲਮ ਬਨਾਉਂਣ ਆਇਆ ਹਾਂ।

'ਮੈਂ ਤੈਨੂੰ ਫ਼ਿਲਮ ਵਿਚ ਲੈ ਸਕਦਾ ਹਾਂ, ਤੇਰੇ ਕੋਲ ਚੇਹਰਾ ਹੈ ਜੋ ਫ਼ੋਟੋਜੈਨਿਕ ਹੈ, ਜਿਹੜਾ ਚਿਤ੍ਰ ਵਿਚ ਇੰਨਾ ਸੁੰਦਰ ਹੋ ਕੇ ਪ੍ਰਗਟ ਹੋਇਗਾ! ਮੈਂ ਜ਼ਿੰਦਗੀ ਭਰ ਚਿਤ੍ਰਾਂ ਨਾਲ ਹੀ ਕੰਮ ਕਰਦਾ ਰਿਹਾ ਹਾਂ। ਇਸ ਲਈ ਕਈ ਵਾਰ ਅਜਿਹਾ ਹੋ ਜਾਂਦਾ ਹੈ ਕਿ ਕੋਈ ਵਿਅਕਤੀ ਫ਼ਿਲਮ ਅਭਿਨੇਤਾ,ਅਭਿਨੇਤ੍ਰੀ, ਤੁਸੀਂ ਸਿੱਧੇ ਮਿਲੋ ਤਾਂ ਚਾਹੇ ਇੰਨੇ ਸੁੰਦਰ ਮਾਲੂਮ ਨ ਹੋਣ, ਉਨ੍ਹਾਂ ਦੇ ਕੋਲ ਫ਼ੋਟੋਜੈਨਿਕ ਚੇਹਰਾ ਹੁੰਦਾ ਹੈ। ਫ਼ੋਟੋ ਵਿਚ ਸੁੰਦਰ ਆਉਂਦਾ ਹੈ, ਚਾਹੇ ਸਾਹਮਣੇ ਵੇਖਣ ਨੂੰ ਸੁੰਦਰ ਆਵੇ ਜਾ ਨ ਆਵੇ, ਇਹ ਦੋਵੇਂ ਵਖ-ਵਖ ਗੱਲਾਂ ਹਨ। ਕਈ ਵਾਰੀ ਬਹੁਤ ਸੁੰਦਰ ਲੋਗ ਸਾਹਮਣੇ ਦੇਖਣ ਤੇ ਸੁੰਦਰ ਮਾਲੂਮ ਹੁੰਦੇ ਹਨ, ਲੇਕਿਨ ਚਿਤ੍ਰ ਵਿਚ ਓਨੇ ਸੁੰਦਰ ਨਹੀਂ ਰਹਿ ਜਾਂਦੇ।

ਗ੍ਰੇਟਾਗਾਰਬੋ ਉਠ ਗਈ ਆਕਾਸ਼ ਵਿਚ। ਇੱਕ ਨਿੱਕੀ ਜਿਹੀ ਘਟਨਾ, ਇੱਕ ਸਹਿਜਤਾ ਨਾਲ ਨਿਕਲਿਆ ਹੋਇਆ ਸ਼ਬਦ ਪੂਰੇ ਜੀਵਨ ਨੂੰ ਬਦਲ ਗਿਆ ; ਨਹੀਂ ਤਾਂ ਪੂਰਾ ਜੀਵਨ ਸ਼ਾਇਦ ਲੋਕਾਂ ਦੀਆਂ ਦਾੜ੍ਹੀਆਂ ਉੱਤੇ ਸਾਬਣ ਲਾਉਂਦੀ ਲਾਉਂਦੀ ਮਰ ਜਾਂਦੀ। ਇੱਕ ਨਿੱਕਾ-ਜਿਹਾ ਸ਼ਬਦ ਇੰਨੀਆਂ ਤਰੰਗਾਂ ਪੈਦਾ ਕਰ ਸਕਦਾ ਹੈ! ਮਿਤ੍ਰ ਬਣਾ ਸਕਦਾ ਹੈ, ਦੁਸ਼ਮਣ ਬਣਾ ਸਕਦਾ ਹੈ, ਜੀਵਨ ਨੂੰ ਸੁੰਦਰਤਾ ਦੇ ਸਕਦਾ ਹੈ, ਕਰੂਪਤਾ ਦੇ ਸਕਦਾ ਹੈ।

ਹਬਕਿ ਨ ਬੋਲਿਬਾ ...। ਪਰ ਮੈਂ ਅਰਥ ਕਰਦਾ ਹਾਂ—ਇਹ ਨਹੀਂ ਕਿ ਵਿਚਾਰ-ਪੂਰਵਕ ਬੋਲਣਾ। ਵਿਚਾਰ ਵਿਚ ਤਾਂ ਗਣਿਤ ਹੈ, ਚਾਲਾਕੀ ਹੈ, ਹੋਸ਼ਿਆਰੀ ਹੈ, ਰਾਜਨੀਤਿ ਹੈ। ਮੈਂ ਕਹਿੰਦਾ ਹਾਂ ਨਿਰਵਿਚਾਰ, ਸ਼ਾਂਤ, ਮੌਨ ਭਾਵ ਨਾਲ ਬੋਲਣਾ। ਉਠਣ ਦੇਣਾ ਮੌਨ ਵਿਚ ਅੰਤਰਤਮ ਨੂੰ।

ਅਤੇ ਤਦ ਤੁਸੀਂ ਜੋ ਬੋਲੋਗੇ, ਉਹ ਸਮਯਕ ਹੋਏਗਾ, ਕਿਉਂਕਿ ਸ਼ਾਂਤੀ ਤੋਂ ਜਨਮੇਂਗਾ।

ਸਮਯਕ ਵਾਣੀ, ਅਤੇ ਤੁਸੀਂ ਥਿਰ ਹੋ ਜਾਓਗੇ, ਨਹੀਂ ਤਾਂ ਅਹੰਕਾਰ ਤੁਹਾਨੂੰ ਇਸ ਅਤਿ ਤੋਂ ਉਸ ਅਤਿ ਉੱਤੇ ਲੈ ਜਾਏਗਾ।

ਹਬਕਿ ਨ ਬੋਲਿਬਾ ਠਬਕਿ ਨ ਚਾਲਿਬਾ ...।

ਪੈਰ ਪਟਕ-ਪਟਕ ਕੇ ਨ ਟੁੱਰੋ। ਸ਼ੋਰ-ਸ਼ਰਾਬਾ ਨ ਕਰੋ ਜ਼ਿੰਦਗੀ ਵਿਚ। ਇਸ ਤਰ੍ਹਾਂ ਲੰਘ ਜਾਓ ਕਿ ਕਿਸੇ ਨੂੰ ਪਤਾ ਵੀ ਨ ਚਲੇ। ਅਨਉਪਸਥਿਤ ਰਹੋ। ਪਰਮਾਤਮਾ ਦੇ ਹੋਣ ਦਾ ਢੰਗ ਇਹ ਹੀ ਹੈ। ਪਰਮਾਤਮਾ ਹੈ ਚਾਰੇ ਪਾਸੇ ਉਪਸਥਿਤ (ਕਾਇਮ), ਹੈ ਪਰ ਪਤਾ ਨਹੀਂ ਚਲਦਾ ਹੈ। ਉਸਦੀ ਕਲਾ ਕੀ ਹੈ ?

... ਠਬਕਿ ਨ ਚਾਲਿਬਾ ... ਪੈਰ ਪਟਕ-ਪਟਕ ਕੇ ਨਹੀਂ ਚਲਦਾ।

ਅੱਖਾਂ ਵਿਚ ਉਂਗਲੀਆਂ ਪਾ-ਪਾ ਕੇ ਤੁਹਾਨੂੰ ਦਿਖਾਉਂਦਾ ਨਹੀਂ ਕਿ ਵੇਖੋ ਮੈਨੂੰ।

ਪਰਮਾਤਮਾ ਉਪਸਥਿਤ ਹੈ—ਅਨਉਪਸਥਿਤ ਹੋ ਕੇ। ਹੈ ਮੌਜੂਦ : ਵਿਖਾਈ ਉਨ੍ਹਾਂ ਨੂੰ ਹੀ ਪੈਂਦਾ ਹੈ ਜੋ ਖ਼ੁਦ ਵੀ ਅਨਉਪਸਥਿਤ ਹੋ ਜਾਂਦੇ ਹਨ, ਜੋ ਖ਼ੁਦ ਵੀ ਬਿਲਕੁੱਲ ਸ਼ੂਨਯ ਹੋ ਜਾਂਦੇ ਹਨ। ਬਸ ਉਨ੍ਹਾਂ ਦੀਆਂ ਅੱਖਾਂ ਵਿਚ ਹੀ ਉਸ ਦੀ ਛਵਿ ਬਣ ਪਾਉਂਦੀ ਹੈ।

ਠਬਕਿ ਨ ਚਾਲਿਬਾ...! ਲੋਗ ਕਿੰਨੇ ਆਕੜ ਕੇ ਟੁਰ ਰਹੇ ਹਨ। ਆਕੜਦੇ ਜਾ ਰਹੇ ਹਨ। ਵਿਅਰਥ ਹੀ ਆਕੜੀ ਜਾ ਰਹੇ ਹਨ। ਤੁਸੀਂ ਖ਼ਿਆਲ ਕੀਤਾ ਹੈ? ਰਾਹ ਤੇ ਤੁਸੀਂ ਇਕੱਲੇ ਟੁਰਦੇ ਹੋ ਤਾਂ ਇੱਕ ਢੰਗ ਨਾਲ ਟੁਰਦੇ ਹੋ।

ਜੇਕਰ ਰਸਤਾ ਸੁਨਸਾਨ ਪਿਆ ਹੋਵੇ, ਕੋਈ ਵੀ ਨ ਹੋਵੇ, ਸਵੇਰੇ ਤੁਸੀਂ ਘੁੰਮਣ ਨਿਕਲੇ ਹੋ, ਤੁਸੀਂ ਇੱਕ ਢੰਗ ਨਾਲ ਟੁਰਦੇ ਹੋ। ਤੁਹਾਡੇ ਟੁਰਨ ਵਿਚ ਠੁਮਕ ਨਹੀਂ ਹੁੰਦੀ। ਲੇਕਿਨ ਫ਼ਿਰ ਅਚਾਨਕ ਦੋ ਆਦਮੀ ਰਾਹ ਉੱਤੇ ਨਿਕਲ ਆਉਣ, ਤੁਹਾਡੀ ਚਾਲ ਬਦਲ ਜਾਂਦੀ ਹੈ। ਤੁਸੀਂ ਕੱਲ੍ਹ ਟੁਰ ਕੇ ਵੇਖਣਾ, ਤੁਹਾਡੀ ਚਾਲ ਬਦਲ ਜਾਂਦੀ ਹੈ। ਦੋ ਆਦਮੀ ਰਾਹ ਤੇ ਮਿਲ ਗਏ ਕਿ ਤੁਹਾਡੀ ਚਾਲ ਬਦਲੀ। ਹੁਣ ਤੁਸੀਂ ਹੋਰ ਢੰਗ ਨਾਲ ਟੁਰਦੇ ਹੋ। ਅਤੇ ਜੇਕਰ ਦੋ ਸੁੰਦਰ ਇਸਤ੍ਰੀਆਂ ਨਿਕਲ ਆਈਆਂ ਰਸਤੇ ਤੇ ਤਾਂ ਤੁਹਾਡੀ ਚਾਲ ਹੋਰ ਵੀ ਬਦਲ ਗਈ।

ਤੁਸੀਂ ਛੇਤੀ ਨਾਲ ਆਪਣੀ ਧੂੜ-ਮਿੱਟੀ ਝਾੜ ਕੇ ਮੁੱਛਾਂ ਉੱਤੇ ਤਾਅ ਵਗੈਰਾ ਦੇਣ ਲਗੋਗੇ ਟਾਈ ਵਗੈਰਾ ਠੀਕ ਕਰ ਲਓਗੇ, ਟੋਪੀ ਤਿਰਛੀ ਕਰ ਲਓਗੇ।

ਤੁਸੀਂ ਇੱਕਦਮ ਠੁਮਕ ਕੇ ਟੁਰਨ ਲਗੋਗੇ। ਮੁੱਛਾਂ ਨਹੀਂ ਵੀ ਹਨ ਤਾਂ ਵੀ ਲੋਗ ਤਾਅ ਤਾਂ ਦਿੰਦੇ ਹੀ ਹਨ। ਮੁੱਛ ਦਾ ਹੋਣਾ ਜ਼ਰੂਰੀ ਨਹੀਂ ਹੈ ਤਾਅ ਦੇਣ ਲਈ। ਤਾਅ ਗੱਲ ਹੀ ਵਖੱਰੀ ਹੈ; ਕਿਸੇ ਵੀ ਢੰਗ ਨਾਲ ਦਿੱਤਾ ਜਾ ਸਕਦਾ ਹੈ, ਕੋਈ ਮੁੱਛ ਤੇ ਦਿੰਦਾ ਹੈ, ਕੋਈ ਟਾਈ ਤੇ ਦੇ ਦਿੰਦਾ ਹੈ। ਮਗਰ ਤਾਅ ਹੋਵੇ।

ਲੋਗ ਇਵੇਂ ਚਲ ਰਹੇ ਹਨ ਕਿ ਸਾਰੀ ਦੁਨੀਆਂ ਉਨ੍ਹਾਂ ਨੂੰ ਵੇਖ ਲਵੇ, ਕਿ ਸਭ ਦੀਆਂ ਅੱਖਾਂ ਉਨ੍ਹਾਂ ਤੇ ਅਟਕ ਜਾਣ। ਠੁਮਕ ਦਾ ਅਰਥ ਹੁੰਦਾ ਹੈ ਮੈਂ ਸਭ ਦੀਆਂ ਅੱਖਾਂ ਦਾ ਕੇਂਦਰ ਬਣ ਜਾਵਾਂ। ਕਿਉਂ? ਕਿਉਂਕਿ ਅਹੰਕਾਰ ਲੋਗਾਂ ਦਾ ਧਿਆਨ ਮੰਗਦਾ ਹੈ। ਅਤੇ ਜਿੰਨਾ ਧਿਆਨ ਲੋਕਾਂ ਦਾ ਮਿਲ ਜਾਏ ਅਹੰਕਾਰ ਨੂੰ, ਓਨਾ ਹੀ ਪੋਸ਼ਣ (ਬੜ੍ਹਾਵਾ) ਪਾਉਂਦਾ ਹੈ। ਤੁਹਾਨੂੰ ਜਿੰਨੇ ਲੋਗ ਰਾਹ ਵਿਚ ਨਮਸਕਾਰ ਕਰਨ, ਜਿੰਨੇ ਲੋਗ ਸਵੀਕਾਰ ਕਰਨ ਕਿ ਹਾਂ ਤੁਸੀਂ ਕੁਝ ਹੋ, ਓਨਾ ਹੀ ਤੁਹਾਡੇ ਅਹੰਕਾਰ ਨੂੰ ਬਲ ਮਿਲਦਾ ਹੈ। ਤੁਸੀਂ ਇੱਕ ਰਾਹ 'ਚੋਂ ਲੰਘੋ, ਕੋਈ ਵੇਖੇ ਵੀ ਨ, ਕੋਈ ਨਮਸਕਾਰ ਵੀ ਨ ਕਰੇ, ਪੂਰਾ ਪਿੰਡ ਤੈਅ ਕਰ ਲਵੇ ਕਿ ਤੁਹਾਡੇ ਨਾਲ ਅਜਿਹਾ ਵਰਤਾਅ ਕਰੇਗਾ, ਕਿ ਮੰਨ ਕੇ ਟੁਰੇ ਕਿ ਜਿਵੇਂ ਤੁਸੀਂ ਹੋ ਹੀ ਨਹੀਂ—ਤੁਸੀਂ ਬਹੁਤ ਦੁਖੀ ਹੋ ਜਾਓਗੇ। ਤੁਸੀਂ ਬਹੁਤ ਥਕੇ-ਹਾਰੇ ਪਰਤੋਗੇ। ਤੁਸੀਂ ਕਹੋਗੇ, ਗੱਲ ਕੀ ਹੋ ਗਈ? ਤੁਹਾਡੀ ਠਬਕ ਦਾ ਕੋਈ ਪਰਿਣਾਮ ਹੀ ਨ ਹੋਵੇ।

ਤੁਸੀਂ ਵੇਖਦੇ ਹੋ ਨਿੱਕੇ ਬੱਚੇ ਰੋਜ਼ ਇਹ ਪ੍ਰਯੋਗ ਕਰਦੇ ਹਨ। ਵਡਿਆਂ ਵਿਚ ਵੀ ਕੋਈ ਫ਼ਰਕ ਨਹੀਂ ਹੈ। ਨਿੱਕਿਆਂ ਤੋਂ ਲੈ ਕੇ ਵਡਿਆਂ ਤੱਕ ਬੱਚੇ ਹੀ ਬੱਚੇ ਹਨ! ਤੁਸੀਂ ਜੇਕਰ ਵੱਡੀ ਉਮਰ ਦੇ ਬੱਚੇ ਵੇਖਣੇ ਹੋਣ, ਤਾਂ ਕਦੇ-ਕਦੇ ਦਿੱਲੀ ਚਲੇ ਜਾਇਆ ਕਰੋ—ਪੈਂਠ, ਸੱਤ੍ਹਰ, ਪਚਹੱਤਰ, ਅੱਸੀ, ਤਿਰਾਸੀ ਸਾਲ ਦੇ ਬੱਚੇ !

ਕੋਈ ਪ੍ਰਧਾਨ ਮੰਤ੍ਰੀ ਹੈ, ਕੋਈ ਗ੍ਰਹਿ ਮੰਤ੍ਰੀ ਹੈ, ਕੋਈ ਸੁਰਖਿਆ ਮੰਤ੍ਰੀ ਹੈ ਅਤੇ ਪਏ ਹਨ ਇੱਕ ਦੂਜੇ ਦੇ ਪਿੱਛੇ, ਨਿੱਕੇ ਬਚਿਆਂ ਦੇ ਵਾਂਗ! ਜਿਵੇਂ ਨਿੱਕੇ ਬਚੇ ਕੂੜੇ ਦੇ ਢੇਰ ਕੋਲ ਖਲੋਤੇ ਲੜ ਰਹੇ ਹੋਣ ਕਿ ਕੌਣ ਢੇਰ ਤੇ ਚੜ੍ਹ ਕੇ ਖੜਾ ਹੋ ਜਾਏ। ਹੋਰ, ਇੱਕ ਖੜਾ ਹੋ ਜਾਏ ਤਾਂ ਦੂਜੇ ਧੱਕੇ ਦੇ ਰਹੇ ਹਨ ਅਤੇ ਬਹੁਤ ਧੱਕਾ-ਮੁੱਕੀ ਮਚੀ ਹੈ। ਅਤੇ ਹਰ ਇੱਕ ਆਪਣੀ ਮੁੱਛ ਤੇ ਤਾਅ ਦੇ ਰਿਹਾ ਹੈ ਕਿ ਇੱਕ-ਇੱਕ ਨੂੰ ਪਛਾੜ ਕੇ ਰਹਾਂਗਾ, ਕਿ ਇਹ ਵੇਖੋ ਇਸ ਨੂੰ ਪਛਾੜਿਆ, ਕਿ ਵੇਖੋ ਉਸਨੂੰ ਚੌਹੀਂ ਖਾਨੀ ਚਿੱਤ ਕਰ ਦਿੱਤਾ !

ਛੋਟੀ ਉਮਰ ਤੋਂ ਲੈ ਕੇ ਵੱਡੀ ਉਮਰ ਤੱਕ ਲੋਗ ਬੱਚੇ ਹੀ ਹਨ। ਜਦ ਤੱਕ ਤੁਸੀਂ ਧਿਆਨ ਆਕ੍ਰਸ਼ਿਤ (ਖਿਚਾਅ) ਕਰਦੇ ਹੋ, ਜਦ ਤੱਕ ਤੁਸੀਂ ਕਹਿੰਦੇ ਹੋ ਮੇਰੀ ਵਲ ਵੇਖੋ, ਤਦ ਤੱਕ ਤੁਸੀਂ ਬੱਚੇ ਹੋ, ਬਚਕਾਨੇ ਹੋ।

ਤੁਹਾਨੂੰ ਰੋਜ਼ ਅਨੁਭਵ ਹੁੰਦਾ ਹੋਵੇਗਾ ਬਚਿਆਂ ਦਾ। ਤੁਹਾਡੇ ਘਰ 'ਚ ਬੱਚੇ ਹਨ, ਪਰਾਹੁਣੇ ਆਉਂਦੇ ਹਨ, ਤੁਸੀਂ ਬਚਿਆਂ ਨੂੰ ਕਹਿੰਦੇ ਹੋ ਪਰਾਹੁਣੇ ਆ ਰਹੇ ਹਨ ਸ਼ਾਂਤ ਰਹਿਣਾ; ਬਸ ਫ਼ਿਰ ਬੱਚੇ ਸ਼ਾਂਤ ਨਹੀਂ ਰਹਿ ਸਕਦੇ। ਓਵੇਂ ਚਾਹੇ ਸ਼ਾਂਤੀ ਨਾਲ ਬੈਠੇ ਰਹਿਣ, ਆਪਣੇ ਕੋਣੇ-ਕਾਤਰ ਵਿਚ ਬੈਠੇ ਗੁੱਡੇ-ਗੁਡਿਆਂ ਨਾਲ ਖੇਡਦੇ ਰਹਿਣ, ਪਰ ਜਿਵੇਂ ਹੀ ਪਰਾਹੁਣੇ ਆਉਂਦੇ ਹਨ ਕਿ ਬੱਚੇ ਆ ਕੇ ਵਿਚਕਾਰ ਖਲੋ ਜਾਂਦੇ ਹਨ। ਉਲਟੇ-ਸਿੱਧੇ ਸਵਾਲ ਪੁੱਛਣ ਲਗਦੇ ਹਨ... ਆਈਸਕ੍ਰੀਮ ਚਾਹੀਦੀ ਹੈ, ਭੁੱਖ ਲਗੀ ਹੈ। ਤੁਸੀਂ ਹੈਰਾਨ ਹੁੰਦੇ ਹੋ ਕਿ

ਇਹ ਬੱਚਾ ਹੁਣ ਤੱਕ ਸ਼ਾਂਤ ਬੈਠਾ ਸੀ, ਇਸ ਨੂੰ ਕੀ ਹੋ ਗਿਆ। ਇਹ ਬੱਚਾ ਰਾਜਨੀਤਿਕ ਹੋ ਗਿਆ। ਇਹ, ਇਹ ਕਹਿ ਰਿਹਾ ਹੈ ਕਿ ਇਹ ਮਹਿਮਾਨ ਮੈਨੂੰ ਵੇਖੇ ਬਿਨਾਂ ਟੁਰ ਜਾਣ; ਵਿਖਾ ਕੇ ਰਹਾਂਗਾ, ਦਸੱਕੇ ਰਹਾਂਗਾ, ਕਿ ਮੈਂ ਵੀ ਕੁਝ ਹਾਂ! ਇਸ ਘਰ ਵਿਚ ਮੇਰੀ ਚਲਦੀ ਹੈ, ਚਲਾ ਕੇ ਦੱਸ ਦਿਆਂਗਾ। ਤੁਸੀਂ ਇਕਾਂਤ ਵਿਚ ਬੱਚੇ ਨੂੰ ਕੁਝ ਕਹਿ ਦਿਓ, ਉਹ ਮੰਨ ਲੈਂਦਾ ਹੈ; ਚਾਰ ਦੇ ਸਾਹਮਣੇ ਕਹੋ, ਮੰਨਣ ਲਈ ਰਾਜੀ ਨਹੀਂ ਹੁੰਦਾ, ਇਨਕਾਰ ਕਰਨ ਦੀ ਜ਼ਿੱਦ ਕਰਨ ਲਗਦਾ ਹੈ। ਤੁਸੀਂ ਕਦੇ ਬਾਜ਼ਾਰ ਲੈ ਜਾਓ ਬੱਚੇ ਨੂੰ ਆਪਣੇ ਨਾਲ, ਘਰ ਬਿਲਕੁੱਲ ਠੀਕ ਵਰਤਾਅ ਕਰਦਾ ਹੈ, ਵਿਚਕਾਰ ਬਾਜ਼ਾਰ ਵਿਚ ਜਾ ਕੇ ਫ਼ਜ਼ੀਹਤ ਕਰਵਾ ਦਿੰਦਾ ਹੈ—ਇਹ ਵੀ ਲਵਾਂਗਾ—ਓਹ ਵੀ ਲਵਾਂਗਾ। ਹੋਰ ਤੁਹਾਡੀ ਫ਼ਜ਼ੀਹਤ ਕੀ ਹੈ? ਫ਼ਜ਼ੀਹਤ ਇਹ ਹੀ ਹੈ ਕਿ ਚਾਰ ਆਦਮੀਆਂ ਦੇ ਸਾਹਮਣੇ ਤੁਸੀਂ ਵੀ ਇਹ ਨਹੀਂ ਕਹਿ ਸਕਦੇ ਕਿ ਨਹੀਂ ਖ਼ਰੀਦ ਸਕਾਂਗਾ, ਪੈਸੇ ਨਹੀਂ ਹਨ ਕੋਲ, ਜੇਬ੍ਹ ਗਰਮ ਨਹੀਂ ਹੈ, ਭਈ ਨ ਸਤਾਓ ਮੈਨੂੰ। ਉਹ ਵੀ ਇਹ ਮੌਕਾ ਵੇਖ ਰਿਹਾ ਹੈ ਕਿ ਹੁਣ ਦੇਖਾਂ ...।

ਨਿੱਕੇ ਬੱਚੇ ਤੁਹਾਡੇ ਹੀ ਵਰਤਾਵ (ਆਦਤਾਂ) ਨੂੰ ਪ੍ਰਗਟ ਕਰਦੇ ਹਨ ਸਰਲਤਾ ਨਾਲ। ਫਿਰ ਵੱਡੇ ਹੋ ਕੇ ਤੁਸੀਂ ਓਹੀ ਆਦਤਾਂ ਨੂੰ ਥੋੜ੍ਹੀ ਜਟਿਲਤਾ ਨਾਲ ਪ੍ਰਗਟ ਕਰਦੇ ਹੋ, ਥੋੜ੍ਹੀ ਹੋਸ਼ਿਆਰੀ ਨਾਲ ਪ੍ਰਗਟ ਕਰਦੇ ਹੋ; ਪਰ ਭੇਦ (ਫ਼ਰਕ) ਨਹੀਂ ਪੈਂਦਾ। ਤੁਸੀਂ ਪ੍ਰੌੜ੍ਹ (ਵੱਡੇ) ਹੁੰਦੇ ਹੀ ਨਹੀਂ। ਅਹੰਕਾਰ ਕਦੇ ਵੱਡਾ ਹੁੰਦਾ ਹੀ ਨਹੀਂ, ਅਹੰਕਾਰ ਸਦਾ ਬਚਕਾਨਾ ਹੁੰਦਾ ਹੈ।

ਠਬਕਿ ਨ ਚਾਲਿਬਾ ...।

ਬੱਚੇ ਵੇਖਦੇ ਹੋ ਨ, ਪੈਰ ਪਟਕਦੇ ਹਨ, ਸ਼ੋਰਗੁਲ ਮਚਾਉਂਦੇ ਹਨ, ਸਾਮਾਨ ਪਟਕ ਦਿੰਦੇ ਹਨ! ਇਸਤ੍ਰੀਆਂ ਵੇਖਦੇ ਹੋ ਘਰ ਵਿਚ! ਜ਼ਰਾ-ਕੁ ਜਿੰਨੀ ਗੱਲ ਹੋ ਜਾਏ ਕਿ ਪਲੇਟਾਂ ਡਿੱਗ ਪੈਂਦੀਆਂ ਹਨ, ਭਾਂਡੇ ਡਿੱਗਣ ਲਗਦੇ ਹਨ, ਪੂਰੇ ਘਰ 'ਚ ਰੌਲ੍ਹਾ ਪੈਣ ਲਗਦਾ ਹੈ।

... ਠਬਕਿ ਨ ਚਾਲਿਬਾ। ਉਹ ਇਸਤ੍ਰੀ ਦੱਸ ਰਹੀ ਹੈ ਕਿ ਦਿਖਾ ਦਿਆਂਗੀ। ਮੁੱਲਾ ਨਸਰੁਦੀਨ ਦੀ ਪਤਨੀ ਉਸਦੇ ਪਿੱਛੇ ਭੱਜ ਰਹੀ ਸੀ, ਵੇਲਣਾ ਲੈ ਕੇ। ਮੁੱਲਾ ਘਬਰਾਇਆ ਤੇ ਇੱਕ ਪਲੰਘ ਦੇ ਹੇਠਾਂ ਵੜ ਗਿਆ। ਪਤਨੀ ਮੋਟੀ ਸੀ, ਪਲੰਘ ਹੇਠਾਂ ਵੜ ਨਹੀਂ ਸਕਦੀ। ਮੁੱਲਾ ਆਕੜ ਕੇ ਪਲੰਘ ਹੇਠ ਬੈਠ ਗਿਆ। ਤਦ ਹੀ ਕਿਸੇ ਨੇ ਦਰਵਾਜ਼ੇ ਉੱਤੇ ਦਸਤੱਕ ਦਿੱਤੀ, ਮਹਿਮਾਨ ਆ ਗਏ। ਪਤਨੀ ਨੇ ਛੇਤੀਂ ਨਾਲ ਵੇਲਣਾ ਲੁੱਕਾਇਆ ਅਤੇ ਮੁੱਲਾ ਨੂੰ ਕਿਹਾ, ਬਾਹਰ ਨਿਕਲ ਆਓ, ਮਹਿਮਾਨ ਆ ਗਏ ਹਨ, ਛੇਤੀਂ ਬਾਹਰ ਆ ਜਾਓ। ਮੁੱਲਾ ਨੇ ਕਿਹਾ, ਆ ਜਾਣ ਮਹਿਮਾਨ, ਅੱਜ ਵਿਖਾ ਕੇ ਰਹਾਂਗਾ ਇਸ ਘਰ ਵਿਚ ਕਿਸ ਦੀ ਚਲਦੀ ਹੈ। ਮੈਨੂੰ ਜਿੱਥੇ ਬੈਠਣਾ ਹੈ ਉੱਥੇ ਬੈਠਾਂਗਾ।

ਪਤਨੀ ਬੋਲੀ, ਅਜੀ ਜ਼ੋਰ ਨਾਲ ਨਹੀਂ : ਪਰ ਮੁੱਲਾ ਨੇ ਕਿਹਾ, ਕਿਸੇ ਤੋਂ ਡੱਰਦੇ ਹਾਂ ਕੀ ? ਘਰ ਦਾ ਕੌਣ ਮਾਲਿਕ ਹੈ? ਅੱਜ ਇਹ ਸਿੱਧ ਹੋ ਹੀ ਜਾਏ, ਤੂੰ ਕਿ ਮੈਂ।

ਪਤਨੀ ਨੇ ਕਿਹਾ : ਬਿਲਕੁੱਲ ਸ਼ਾਂਤੀ ਨਾਲ ਬਾਹਰ ਨਿਕਲ ਆਓ !

ਪਰ ਮੁੱਲਾ ਇਸ ਵੇਲੇ ਆਕੜ ਖਾ ਗਿਆ। ਉਸ ਨੇ ਕਿਹਾ, ਮੰਗ ਮਾਫ਼ੀ ਤੇ ਰਗੜ ਨੱਕ। ਨੱਕ ਰਗੜਨੀ ਪਈ। ਮਹਿਮਾਨ ਦਰਵਾਜ਼ੇ ਤੇ ਖਲ੍ਹੋਤੇ ਹਨ ਅਤੇ ਮੁੱਲਾ ਪਲੰਘ ਹੇਠ ਵੜ ਕੇ ਬੈਠਾ ਹੈ, ਹੁਣ ਇਹ ਕੁਝ ਚੰਗਾ ਲਗੇਗਾ?

ਹੋਰ ਕੁਝ ਬੋਲਣ ਲਗੇ ਪਲੰਘ ਹੇਠੋਂ ਬੈਠਾ ਹੋਇਆ ਕੁਝ ਕਹਿਣ ਲਗੇ...ਨੱਕ ਰਗੜਵਾ ਲਈ!

ਠਬਕਿ ਨ ਚਾਲਿਬਾ...! ਗੋਰਖ ਕਹਿੰਦੇ ਹਨ : ਧਿਆਨ ਨਾਲ ਬੋਲੋ, ਸੂਨਯ ਹੋ ਕੇ ਟੁਰੋ; ਜਿਵੇਂ ਹੋ ਹੀ ਨਹੀਂ, ਇਵੇਂ ਟੁਰੋ। ਕਿਸੇ ਨੂੰ ਪਤਾ ਨ ਚਲੇ। ਬੈਂਡ-ਬਾਜੇ ਬਜਾਉਂਦੇ ਨ ਟੁਰੋ। ਨਗਾਰੇ ਨ ਪਿੱਟੋ।

... ਧੀਰੇ ਧਰਿਬਾ ਪਾਂਵ। ਇੰਨੇ ਹੌਲੀ ਜਹੀ ਪੈਰ ਰਖੋ ਕਿ ਪੈਰਾਂ ਦੀ ਆਵਾਜ਼ ਨ ਹੋਵੇ। ਇਸ ਜਗਤ ਵਿਚ ਆਓ ਅਤੇ ਲੰਘ ਜਾਓ, ਜਿਵੇਂ ਹਵਾ ਦਾ ਝੋਂਕਾ (ਬੁੱਲ੍ਹਾ) ਆਉਂਦਾ ਹੈ ਅਤੇ ਲੰਘ ਜਾਂਦਾ ਹੈ, ਕਿਸੇ ਨੂੰ, ਕੰਨੋ-ਕੰਨ ਖਬਰ ਪਤਾ ਨ ਚਲੇ, ਕਦ ਆਏ ਕਦ ਚਲੇ ਗਏ ਇੱਕ ਮੌਨ, ਸੂਨਯ ਸਵਰ ਦੀ ਭਾਂਤਿ ਲੰਘ ਜਾਓ।

ਅਤੇ ਤੁਸੀਂ ਜਾਣ ਲਵੋਂਗੇ ਪਰਮਾਤਮਾ ਨੂੰ, ਪਛਾਣ ਲਓਗੇ ਪਰਮਾਤਮਾ ਨੂੰ।

ਜੋ ਜਗਤ ਨੂੰ ਵਿਖਾਉਣ ਵਿਚ ਹੀ ਉਤਸੁਕ ਹੋ ਜਾਂਦਾ ਹੈ, ਉਹ ਅਭਿਨੇਤਾ ਹੋ ਜਾਂਦਾ ਹੈ। ਬਹੁਤ ਕਰਕੇ ਤੁਸੀਂ ਸੜਕਾਂ ਤੇ ਅਭਿਨੇਤਾਵਾਂ ਨੂੰ ਪਾਓਗੇ। ਲੋਗ ਘਰੋਂ ਨਿਕਲਣ ਤੋਂ ਪਹਿਲਾਂ ਕਿੰਨੀ ਦੇਰ ਤਿਆਰੀ ਕਰਦੇ ਹਨ। ਇਸਤ੍ਰੀਆਂ ਤਾਂ ਘੰਟਿਆਂ ਹੀ ਖਲੋਤੀਆਂ ਰਹਿੰਦੀਆਂ ਹਨ ਸ਼ੀਸ਼ੇ ਦੇ ਮੂਹਰੇ, ਸ਼ੀਸ਼ੇ ਵੀ ਥਕ ਗਏ ਹਨ! ਪਤੀ ਬੈਠਾ ਕਾਰ 'ਚ ਹਾਰਨ ਵਜਾ ਰਿਹਾ ਹੈ ਸੜਕ ਉੱਤੇ, ਅਤੇ ਪਤਨੀ ਅੱਜੇ ਸ਼ੀਸ਼ੇ ਮੂਹਰੇ ਸੋਚ ਹੀ ਰਹੀ ਹੈ ਕਿ ਇਹ ਸਾੜ੍ਹੀ ਬੰਨ੍ਹਾਂ ਕਿ ਇਹ ਸਾੜ੍ਹੀ ਬੰਨ੍ਹਾਂ ?

ਮੈਂ ਇੱਕ ਘਰ ਵਿਚ ਮਹਿਮਾਨ ਸੀ। ਪਤੀ ਮੈਨੂੰ ਲੈਕੇ ਸਭਾ ਵਿਚ ਜਾ ਰਹੇ ਸਨ, ਬਜਾ ਰਹੇ ਸਨ ਹਾਰਨ, ਵਕਤ ਹੁੰਦਾ ਜਾ ਰਿਹਾ ਹੈ ਅਤੇ ਪਤਨੀ ਕ੍ਰੋਧ ਨਾਲ ਖਿੜਕੀ ਵਿਚੋਂ ਝਾਕ ਕੇ ਬੋਲੀ ; ਹਜ਼ਾਰ ਵਾਰੀ ਆਖਿਆ ਇੱਕ ਮਿੰਟ 'ਚ ਆਉਂਦੀ ਹਾਂ ! (ਜੇਕਰ ਹਜ਼ਾਰ ਵਾਰੀ ਕਿਹਾ ਹੋਵੇ ... ਤਾਂ ਹਜ਼ਾਰ ਵਾਰੀ ਤਾਂ ਕਹਿਣ ਵਿਚ ਹੀ ਘੰਟੇ ਲਗ ਜਾਣਗੇ) ਪਰ ਹਾਰਨ ਵਜਾ-ਵਜਾ ਕੇ ਜਾਣ ਕਢ ਲੈਣਗੇ। ਆਖਰ ਸਾੜ੍ਹੀ ਬੰਨ੍ਹਾ ਕਿ ਨ? ਸ਼ਾਮ ਨੂੰ ਜਦ ਅਸੀਂ ਵਾਪਸ ਪਰਤੇ, ਤਾਂ ਮੈਂ ਉਸ ਨੂੰ ਪੁੱਛਿਆ ਕਿ ਸਚ, ਸਾੜ੍ਹੀ ਤਾਂ ਪਾਉਣੀ ਹੀ ਪਏਗੀ, ਪਰ ਇੰਨੀ ਦੇਰ ਕਿਉਂ ਲਗੀ? ਤਾਂ ਉਸਨੇ ਆਖਿਆ, ਕਿਵੇਂ ਨ ਲਗੇ, ਆਓ ਤੁਹਾਨੂੰ ਵਿਖਾਵਾਂ, ਤਿੰਨ ਸੌ ਸਾੜ੍ਹੀਆਂ ਹਨ! ਆਖਰ ਸੋਚਣਾ, ਵਿਚਾਰਨਾ ਪੈਂਦਾ ਹੈ, ਕਿਹੜੀ ਬੰਨ੍ਹਾਂ, ਇਹ ਪਹਿਨਾਂ ਕਿ ਉਹ ਪਹਿਨਾਂ; ਕੁਝ ਗੁਣ ਇਸ ਦੇ ਵੀ ਹਨ, ਕੁਝ ਗੁਣ ਉਸਦੇ ਵੀ ਹਨ। ਤਾਂ ਝੰਜਟ ਹੁੰਦੀ ਹੈ। ਕਦੇ-ਕਦੇ ਤਾਂ ਇੱਕ ਪਹਿਨ ਕੇ ਫ਼ਿਰ ਬਦਲਣੀ ਪੈਂਦੀ ਹੈ, ਸੋ ਦੇਰ ਲਗ ਜਾਂਦੀ ਹੈ।

ਲੋਗ ਅਭਿਨੇਤਾ ਹਨ। ਇਸ ਲਈ ਤੁਹਾਨੂੰ ਦੂਜਿਆਂ ਦੀਆਂ ਇਸਤ੍ਰੀਆਂ ਜਿੰਨੀਆਂ ਸੁੰਦਰ ਮਾਲੂਮ ਹੁੰਦੀਆਂ ਹਨ, ਆਪਣੀਆਂ ਪਤਨਿਆਂ ਨਹੀਂ ਸੁੰਦਰ ਲਗਦੀਆਂ। ਕਿਉਂਕਿ ਆਪਣੀਆਂ ਪਤਨਿਆਂ ਨੂੰ ਤੁਸੀਂ ਉਨ੍ਹਾਂ ਦੇ ਸੁਭਾਵਿਕ ਰੂਪ ਵਿਚ ਵੇਖਦੇ ਹੋ, ਦੂਜਿਆਂ ਦੀਆਂ ਪਤਨਿਆਂ ਨੂੰ ਤੁਸੀਂ ਮੰਚ ਉੱਤੇ ਵੇਖਦੇ ਹੋ—ਸਜੀ-ਸੰਵਰੀ, ਰੰਗ-ਰੋਗਨ ...।

ਮੁੱਲਾ ਨਸਰੁਦੀਨ ਤਾਂ ਕਹਿੰਦਾ ਹੈ ਕਿ ਸੰਤਤਿ-ਨਿਯਮ ਲਈ ਕਿਸੇ ਉਪਾਇ ਦੀ ਜ਼ਰੂਰਤ ਨਹੀਂ, ਸਿਰਫ਼ ਪਤਨੀ ਰੰਗ-ਰੋਗਨ ਨ ਕਰੇ, ਬਸ ਕਾਫ਼ੀ ਹੈ। ਕੋਈ ਹੋਰ ਜ਼ਰੂਰਤ ਨਹੀਂ ਹੈ। ਇੰਨਾ ਹੀ ਚਿੱਤ ਨੂੰ ਉਦਾਸ ਕਰ ਦੇਣ ਲਈ ਕਾਫ਼ੀ ਹੈ। ਸਹਜ ਸਭਾਵਿਕ ਰਹੇ, ਬਸ ...।

ਹਬਕਿ ਨ ਬੋਲਿਬਾ, ਠਬਕਿ ਨ ਚਾਲਿਬਾ, ਧੀਰੈ ਧਰਿਬਾ ਪਾਂਵ।

ਜਗਤ ਨੂੰ ਇੱਕ ਮੰਚ ਨ ਸਮਝੋ ਅਤੇ ਇੱਥੇ ਅਭਿਨਯ (ਨਾਟਕ)ਕਰਨ ਵਿਚ ਹੀ ਲੀਨ ਨ ਰਹੋ! ਕੁਝ ਸਤਯ ਵੀ ਹੈ ਅੰਦਰ—ਅਭਿਨਯ ਦੇ ਪਾਰ। ਉਸ ਸਤਯ ਨੂੰ ਤੁਸੀਂ ਤਦੇ ਹੀ ਜਾਣ ਪਾਓਗੇ, ਉਸਦੇ ਵਲ ਤੁਸੀਂ ਤਦ ਹੀ ਮੁੜ ਪਾਓਗੇ ਜਦ ਤੁਹਾਡੇ ਮਨ ਵਿਚ ਦੂਜੇ ਤੁਹਾਨੂੰ ਧਿਆਨ ਦਿੰਦੇ ਹਨ, ਤੁਹਾਡੇ ਉੱਤੇ ਧਿਆਨ ਦਿੰਦੇ ਹਨ ਜਾਂ ਨਹੀਂ, ਇਸ ਦੀ ਕੋਈ ਚਿੰਤਾ ਨ ਰਹਿ ਜਾਏਗੀ।

ਕਿਉਂਕਿ ਜਦ ਤੁਸੀਂ ਚਾਹੁੰਦੇ ਹੋ ਦੂਜੇ ਤੁਹਾਡੇ ਉੱਤੇ ਧਿਆਨ ਦੇਣ ਤਾਂ ਤੁਹਾਨੂੰ ਵੀ ਦੂਜਿਆਂ ਉੱਤੇ ਧਿਆਨ ਦੇਣਾ ਪੈਂਦਾ ਹੈ। ਇਹ ਆਪਸੀ ਲੈਣ-ਦੇਣ ਹੈ। ਤਾਂ ਆਪਣੇ ਉੱਤੇ ਧਿਆਨ ਕਦੋਂ ਦਿਓਗੇ? ਤੁਹਾਨੂੰ ਦੂਜਿਆਂ ਤੇ ਧਿਆਨ ਦੇਣਾ ਹੀ ਪਵੇਗਾ, ਜੇਕਰ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਉੱਤੇ ਧਿਆਨ ਦੇਣ। ਤੁਸੀਂ ਜੇਕਰ ਚਾਹੁੰਦੇ ਹੋ ਕਿ ਲੋਗ ਤੁਹਾਨੂੰ ਪੁੱਛਣ ਕਿ ਇਹ ਜੋ ਤੁਸੀਂ ਸਾੜ੍ਹੀ ਪਹਿਨ ਰੱਖੀ ਹੈ, ਕਿੰਨੇ ਦੀ ਖ਼ਰੀਦੀ, ਤਾਂ ਤੁਹਾਨੂੰ ਪਹਿਲਾਂ ਪੁੱਛਣਾ ਪਏਗਾ ਉਨ੍ਹਾਂ ਦੀ ਸਾੜ੍ਹੀ ਬਾਬਤ, ਕਿ ਇਹ ਸਾੜ੍ਹੀ ਕਿੰਨੇ ਦੀ ਖ਼ਰੀਦੀ ਹੈ, ਪੱਲਾ ਤਾਂ ਬਹੁਤ ਸੁੰਦਰ ਹੈ, ਕਿੱਥੋਂ ਖ਼ਰੀਦੀ ਹੈ? ਤਦ ਦੂਜਾ ਤੁਹਾਡੇ ਤੋਂ ਪੁੱਛੇਗਾ। ਸੱਚ-ਮੁੱਚ! ਇਹ ਜਗਤ ਲੈਣ-ਦੇਣ ਹੈ। ਦੂਜੇ ਨੂੰ ਧਿਆਨ ਦਿਓ ਤਾਂ ਦੂਜਾ ਤੁਹਾਨੂੰ ਧਿਆਨ ਦੇਵੇਗਾ, ਜਵਾਬ ਵਿਚ ਕਿਉਂਕਿ ਉਸਦੀ ਇੱਛਾ ਵੀ ਧਿਆਨ ਪਾਉਂਣ ਦੀ ਹੈ। ਅਸੀਂ ਇੱਕ ਦੂਜੇ ਦੇ ਅਹੰਕਾਰ ਨੂੰ ਸਜਾਉਂਦੇ ਰਹਿੰਦੇ ਹਾਂ। ਫ਼ਿਰ ਆਪਣੇ ਉੱਤੇ ਧਿਆਨ ਕਦ ਦਿਓਗੇ? ਫ਼ਿਰ ਭੁੱਲ ਹੀ ਜਾਓਗੇ ਉਸਨੂੰ ਜਾਨਣਾ, ਜਿਹੜਾ ਤੁਹਾਡੇ ਅੰਦਰ ਬੈਠਾ ਸੀ—ਅਤੇ ਉਹ ਹੀ ਪਰਮ ਧਨ ਹੈ, ਅਤੇ ਉਹ ਹੀ ਪਰਮ ਆਨੰਦ ਹੈ। ਉਸੇ ਚੈਤਨਯ ਵਿਚ ਲੁੱਕਿਆ ਹੈ ਪਰਮਾਤਮਾ। ਉਸੇ ਚੈਤਨਯ ਦਾ ਸਵਾਦ ਮਿਲ ਜਾਏ ਤਾਂ ਸ਼ਾਸਵਤ ਜੀਵਨ ਦਾ ਸਵਾਦ ਮਿਲੇ।

ਹਬਕਿ ਨ ਬੋਲਿਬਾ ਠਬਕਿ ਨ ਚਾਲਿਬਾ ਧੀਰੈ ਧਰਿਬਾ ਪਾਂਵ।

ਕਿਸੇ ਹੋਰ ਥਾਂ - ਉੱਤੇ ਗੋਰਖ ਨੇ ਕਿਹਾ ਹੈ :

ਭਰਯਾ ਤੇ ਥੀਰੰ ਝਲਝਲੰਤਿ ਆਧਾ।

ਸਿੱਧੇ ਸਿੱਧ ਮਿਲਯਾ ਰੇ ਅਵਧੂ ਬੋਲਯਾ ਅਰੁ ਲਾਧਾ।

ਭਰਯਾ ਤੇ ਥੀਰੰ ...!

ਜੋ ਭਰਿਆ ਹੋਇਆ ਭਾਂਡਾ ਹੁੰਦਾ ਹੈ ਪਾਣੀ ਦਾ, ਉਹ ਥਿਰ ਹੁੰਦਾ ਹੈ, ਝਲਕਦਾ ਨਹੀਂ। ਭਰਯਾ ਤੇ ਥੀਰੰ ਝਲਝਲੰਤਿ ਆਧਾ। ਉਹ ਜਿਹੜਾ ਅੱਧਾ ਭਰਿਆ ਹੁੰਦਾ ਹੈ ਉਹ ਹੀ ਛਲਕਦਾ ਹੈ। ਭਰਿਆ ਹੋਇਆ ਘੜਾ ਆਵਾਜ਼ ਨਹੀਂ ਕਰਦਾ। ਅੱਧਾ ਘੜਾ ਆਵਾਜ਼ ਕਰਦਾ ਹੈ। ਤੁਸੀਂ ਜਿੰਨੀ ਆਂਵਾਜ਼ ਕਰਦੇ ਹੋ, ਜਿੰਨੇ ਪੈਰ ਪਟਕ ਕੇ ਟੁਰਦੇ ਹੋ, ਓਨੀ ਹੀ ਖ਼ਬਰ ਦਿੰਦੇ ਹੋ ਕਿ ਥੋਥੇ ਹੋ। ਜਿੰਨੇ ਬੈਂਡ-ਬਾਜੇ ਬਜਾ ਕੇ ਟੁਰਦੇ ਹੋ, ਜਿੰਨੇ ਝੰਡੇ ਚੁੱਕ ਕੇ ਟੁਰਦੇ ਹੋ ... ਝੰਡਾ, ਉੱਚਾ ਰਹੇ ਹਮਾਰਾ ... ਓਨੀ ਹੀ ਖ਼ਬਰ ਦਿੰਦੇ ਹੋ ਥੋਥੇ ਹੋ, ਅੱਧੇ ਹੋ ! ... ਝਲਝਲੰਤਿ ਆਧਾ। ਜੋ ਜਾਣਦਾ ਹੈ, ਜਿਸ ਨੂੰ ਜੀਵਨ ਦਾ ਥੋੜ੍ਹਾ ਅਨੁਭਵ ਹੋਇਆ ਹੈ, ਉਹ ਗੰਭੀਰ ਹੁੰਦਾ ਹੈ, ਗਹਨ ਹੁੰਦਾ ਹੈ; (ਗਹਿਰਾਈ 'ਚ ਹੁੰਦਾ ਹੈ) ਆਵਾਜ਼ ਨਹੀਂ ਹੁੰਦੀ, ਇੱਕ ਸੰਨਾਟਾ ਹੁੰਦਾ ਹੈ, ਉਸਦੇ ਆਲੇ-ਦੁਆਲੇ; ਇੱਕ ਨੀਰਵ ਸੰਗੀਤ ਹੁੰਦਾ ਹੈ।

ਭਰਯਾ ਤੇ ਥੀਂਰ ਝਲਝਲੰਤਿ ਆਧਾ।

ਸਿਧੇਂ ਸਿਧ ਮਿਲਯਾ ਰੇ ਅਵਧੂ ਬੋਲਯਾ ਅਰੁ ਲਾਧਾ।

ਤੁਸੀਂ ਤਾਂ ਵਿਅਰਥ ਹੀ ਰੌਲਾ-ਰਪਾ ਪਾਉਂਦੇ ਹੋ। ਤੁਹਾਡੇ ਬੋਲਣ ਵਿਚ ਹੋਰ ਕੀ ਹੈ? ਤੁਹਾਡੇ ਬੋਲਣ ਵਿਚ ਕੁਝ ਵੀ ਤਾਂ ਨਹੀਂ ਹੈ, ਕਿਉਂਕਿ ਤੁਸੀਂ ਕੁਝ ਜਾਣਿਆ ਨਹੀਂ ਹੈ, ਬੋਲਣ ਲਈ ਤੁਹਾਡੇ ਕੋਲ ਕੀ ਹੈ ? ਲੇਕਿਨ ਕਿੰਨਾ ਲੋਗ ਬੋਲ ਰਹੇ ਹਨ, ਕਿੰਨੀ ਬਕਵਾਸ ਚਲ ਰਹੀ ਹੈ। ਤੁਹਾਡੇ ਕੰਨਾਂ ਵਿਚ ਦੂਜੇ ਲੋਗ ਕਚਰਾ ਪਾ ਦਿੰਦੇ ਹਨ, ਤੁਸੀਂ ਦੂਜਿਆਂ ਦੇ ਕੰਨਾਂ ਵਿਚ ਕਚਰਾ ਪਾ ਦਿੰਦੇ ਹੋ। ਕਚਰੇ ਉੱਤੇ ਕਚਰਾ ਇਕੱਠਾ ਹੁੰਦਾ ਜਾਂਦਾ ਹੈ। ਤੁਸੀਂ ਜ਼ਰਾ ਗੌਰ ਕਰਨਾ, ਦਿਨ ਭਰ ਵਿਚ ਤੁਸੀਂ ਜਿੰਨੀਆਂ ਗੱਲਾਂ ਕਰਦੇ ਹੋ ਉਨ੍ਹਾਂ ਵਿਚੋਂ ਨੱਬੇ ਪਰਸੈਂਟ ਤਾਂ ਬਿਲਕੁੱਲ ਵਿਅਰਥ ਹਨ, ਨ ਕੀਤੀਆਂ ਹੁੰਦੀਆਂ ਤਾਂ ਵੀ ਚਲ ਜਾਂਦਾ। ਲੇਕਿਨ ਝਲਝਲੰਤਿ ਆਧਾ ... ਉਹ ਜੋ ਅੱਧਾ-ਅੱਧਾ ਭਰਿਆ ਹੈ ਉਹ ਛਲਕੇ ਨ ਤਾਂ ਕੀ ਕਰੇ? ਖ਼ੂਬ ਰੌਲਾ-ਰੱਪਾ ਪੈਂਦਾ ਹੈ। ਲੋਗ ਗੱਲਾਂ-ਬਾਤਾਂ ਵਿਚ ਲਗੇ ਹਨ। ਸਾਰੀ ਧਰਤੀ ਗੱਲਾਂ-ਬਾਤਾਂ ਨਾਲ ਭਰੀ ਹੈ। ਅਕਾਰਣ ਵਿਅਰਥ ਦੀ ਗੱਲ-ਬਾਤ ਨਾਲ !

ਗੋਰਖ ਕਹਿੰਦੇ ਹਨ : ਸਿਧੇ ਸਿਧ ਮਿਲਯਾ। ਜੋ ਜਾਣਦੇ ਹਨ ਉਹ ਤਾਂ ਉਨ੍ਹਾਂ ਨਾਲ ਬੋਲਦੇ ਹਨ ਜਿਨ੍ਹਾਂ ਨੂੰ ਜਾਨਣ ਦੀ ਆਤੁਰਤਾ ਸਪੱਸ਼ਟ ਹੈ। ਸਿੱਧ ਉਨ੍ਹਾਂ ਨਾਲ ਬੋਲਦੇ ਹਨ। ਜੋ ਸੰਭਾਵੀ ਸਿੱਧ ਹਨ; ਹਰ ਕਿਸੇ ਨਾਲ ਨਹੀਂ ਬੋਲਦੇ। ਹਰ ਕਿਸੇ ਨਾਲ ਬੋਲਣ ਦਾ ਮਤਲਬ ਵੀ ਨਹੀਂ ਹੈ। ਸਿੱਧ ਤਾਂ ਉਨ੍ਹਾਂ ਦੇ ਕੋਲ ਹੀ ਬੈਠਦੇ ਹਨ, ਜਿਨ੍ਹਾਂ ਦੇ ਵਿਚ ਸੰਭਾਵੀ ਸਿੱਧ (ਉਮੀਦ ਹੋਵੇ ਸਿੱਧ ਹੋਣ ਦੀ) ਹੋਣ ਦੀ ਗੱਲ ਦੀ ਝਲਕ ਮਿਲ ਰਹੀ ਹੈ। ਸਤਿਗੁਰੂ ਉਨ੍ਹਾਂ ਨਾਲ ਬੋਲਦੇ ਹਨ, ਜੋ ਸਦ ਸ਼ਿਸ਼ ਹਨ। ਹਰ ਕਿਸੇ ਨਾਲ ਨਹੀਂ ਬੋਲਦੇ।

ਮੇਰੇ ਕੋਲੋਂ ਪੁੱਛਿਆ ਜਾਂਦਾ ਹੈ ਕਿ ਇੱਥੇ ਸਭਨਾਂ ਦੇ ਆਗਮਨ ਉੱਤੇ ਸੁਵਿਧਾ ਕਿਉਂ ਨਹੀਂ ਹੈ? ਸਭਨਾਂ ਦੀ ਇੱਥੇ ਕੋਈ ਜ਼ਰੂਰਤ ਨਹੀਂ ਹੈ।

ਮੈਂ ਉਨ੍ਹਾਂ ਨਾਲ ਬੋਲ ਰਿਹਾ ਹਾਂ ਜੋ ਆਤੁਰ (ਇਛੁੱਕ) ਹਨ, ਜੋ ਪਿਆਸੇ ਹਨ।

ਸਿਧੇ ਸਿਧ ਮਿਲਯਾ ਰੇ ਅਵਧੂ ਬੋਲਯਾ ਅਰੁ ਲਾਧਾ।

ਤਦ ਬੋਲਣ ਵਿਚ ਕੁਝ ਲਾਭ ਹੈ। ਜੋ ਹੋ ਗਿਆ ਹੈ ਸਿੱਧ, ਉਹ ਉਨ੍ਹਾਂ ਨਾਲ ਬੋਲੇ ਜੋ ਹੋਣ ਵਾਲੇ ਹਨ ਸਿੱਧ, ਤਦ ਕੁਝ ਲਾਭ ਹੈ, ਨਹੀਂ ਤਾਂ ਵਿਅਰਥ ਦੀ ਬਕਵਾਸ ਹੈ।

ਗਰਬ ਨ ਕਰਿਬਾ, ਸਹਜੈ ਰਹਿਬਾ, ਭਣਤ ਗੋਰਸ਼ ਰਾਵੰ।

ਅਹੰਕਾਰ ਨ ਕਰਨਾ ਅਤੇ ਸਹਜ ਭਾਵ ਨਾਲ ਜੀਉਂਣਾ, ਅਜਿਹੀ ਨਿੱਕੀ-ਜਿਹੀ ਸਿਖਿਆ ਹੈ, ਲੇਕਿਨ ਵੱਡੀ ਤੋਂ ਵੱਡੀ ਸਿਖਿਆ ਇਹ ਹੀ ਹੈ।

ਗੋਰਖ ਕਹਿੰਦੇ ਹਨ : ਇੰਨਾ ਹੀ ਤੁਹਾਨੂੰ ਆਖਦਾ ਹਾਂ, ਇੰਨੀ ਗੱਲ ਤੁਸੀਂ ਸਮਝ ਲਓ, ਇੰਨੀ ਗੱਲ ਤੁਸੀਂ ਸਾਧ ਲਓ, ਸਭ ਹੋ ਜਾਏਗਾ—

ਗਰਬ ਨ ਕਰਿਬਾ, ਸਹਜੈ ਰਹਿਬਾ ...।

ਸਹਜ ਰਹਿਣਾ। ਕੀ ਅਰਥ ਹੈ ਸਹਜ ਰਹਿਣ ਦਾ ? ਹਿਸਾਬ-ਕਿਤਾਬ ਨਾਲ ਨ ਰਹਿਣਾ, ਨਿਰਦੋਸ਼ ਭਾਵ ਨਾਲ ਰਹਿਣਾ। ਬ੍ਰਿਛ ਸਹਜ ਹਨ, ਪਸ਼ੂ-ਪੰਛੀ ਸਹਜ ਹਨ, ਸਿਰਫ਼ ਆਦਮੀ ਅਸਹਜ ਹੈ। ਅਸਹਜਤਾ ਕਿੱਥੋਂ ਆ ਰਹੀ ਹੈ? ਜੋ ਨਹੀਂ ਹਾਂ ਉਹੋ-ਜਿਹਾ ਲੋਕਾਂ ਨੂੰ

ਵਿਖਾ ਦਿਆਂ; ਜੋ ਨਹੀਂ ਹਾਂ ਉਹੋ-ਜਿਹਾ ਲੋਕਾਂ ਨੂੰ ਸਿੱਧ ਕਰਦਿਆਂ--ਇਸ ਤਰ੍ਹਾਂ ਅਸਹਜਤਾ ਪੈਦਾ ਹੁੰਦੀ ਹੈ। ਹਾਂ ਗਰੀਬ ਲੇਕਿਨ ਲੋਕਾਂ ਤੇ ਧਾਕ ਜਮਾ ਦਿਆਂ ਅਮੀਰ ਹੋਣ ਦੀ। ਹਾਂ ਅਗਿਆਨੀ, ਪਰ ਲੋਕਾਂ ਨੂੰ ਖ਼ਬਰ ਰਹੇ ਕਿ ਗਿਆਨੀ ਹਾਂ।

ਹਾਂ ਤਾਂ ਨ ਕੁਝ, ਲੇਕਿਨ ਬਹੁਤ ਕੁਝ ਦਸੱਣ ਦਾ ਮੋਹ ਹੈ, ਹਠ ਹੈ। ਉਹ ਅਹੰਕਾਰ ਤਦ ਹੀ ਤਾਂ ਭਰ ਸਕਦਾ ਹੈ। ਸੋ ਤੁਸੀਂ ਜੋ ਨਹੀਂ ਹੋ ਉਹੋ-ਜਿਹਾ ਲੋਕਾਂ ਨੂੰ ਦੱਸ ਰਹੇ ਹੋ। ਅੰਦਰ ਕੁਝ ਬਾਹਰ ਕੁਝ। ਇਸ ਧੋਖੇ ਵਿਚ ਅਸਹਜਤਾ ਹੋ ਗਈ ਹੈ।

ਸਹਜ ਤੁਸੀਂ ਤਦ ਹੀ ਹੋ ਸਕੋਗੇ ਜਦ ਤੁਸੀਂ ਇਹ ਅਹੰਕਾਰ ਦੀ ਯਾਤ੍ਰਾ ਛੱਡ ਦਿਓ। ਤੁਸੀਂ ਕਹੋ ਜਿਹੋ ਜਿਹਾ ਹਾਂ, ਹਾਂ-ਬੁਰਾ ਤਾਂ ਬੁਰਾ, ਭਲਾ ਤਾਂ ਭਲਾ। ਜਿਸ ਤਰ੍ਹਾਂ ਦਾ ਹਾਂ ਪਰਮਾਤਮਾ ਦਾ ਬਣਾਇਆ ਹੋਇਆ ਹਾਂ। ਇਸ ਵਿਚ ਅਕਾਰਣ ਪਰਦੇ ਨਹੀਂ ਪਾਵਾਂਗਾ, ਲੁਕਾਵਾਂਗਾ ਨਹੀਂ।

ਅੱਜੇ ਤੁਹਾਡੀ ਹਾਲਤ ਅਜਿਹੀ ਹੈ ਜਿਵੇਂ ਜ਼ਖਮ ਤਾਂ ਹੈ ਪਰ ਉਸ ਉੱਤੇ ਤੁਸੀਂ ਗੁਲਾਬ ਦਾ ਫ਼ੁੱਲ ਰਖੱਕੇ ਲੁਕਾ ਲਿਆ ਹੈ। ਤਾਂ ਤੁਸੀਂ ਅਸਹਜ ਹੋ ਗਏ। ਜ਼ਖ਼ਮ ਤਾਂ ਅੰਦਰ ਹੈ, ਗੁਲਾਬ ਦਾ ਫ਼ੁੱਲ ਉਪੱਰ ਰੱਖਿਆ ਹੈ। ਅੰਦਰ ਮਵਾਦ ਪੱਕ ਰਹੀ ਹੈ। ਹੋਰ ਗੁਲਾਬ ਦੇ ਫ਼ੁੱਲ ਦੇ ਕਾਰਣ ਜ਼ਖਮ ਭਰ ਵੀ ਨਹੀਂ ਸਕਦਾ, ਕਿਉਂਕਿ ਸੂਰਜ ਦੀ ਰੌਸ਼ਨੀ ਨਹੀਂ ਮਿਲੇਗੀ, ਤਾਜ਼ੀ ਹਵਾ ਨਹੀਂ ਮਿਲੇਗੀ।ਅੰਦਰ ਜੋ ਤੁਸੀਂ ਹੋ ਉਸੇ ਤਰ੍ਹਾਂ ਦਾ ਆਪਣੇ-ਆਪ ਨੂੰ ਉਘਾੜ ਦਿਓ। ਤਦ ਤੁਸੀਂ ਸਹਜ ਹੋ ਜਾਓਗੇ। ਡੱਰ ਛੱਡੋ। ਡੱਰ ਕੀ ਹੈ? ਲੋਗ ਬੁਰਾ ਹੀ ਕਹਿਣਗੇ ਨ, ਤਾਂ ਹਰਜ ਕੀ ਹੈ। ਲੋਗ ਧਿਆਨ ਨਹੀਂ ਦੇਣਗੇ, ਸਨਮਾਨ ਨਹੀਂ ਕਰਨਗੇ, ਤਾਂ ਗੁਆਚ ਕੀ ਜਾਏਗਾ? ਉਨ੍ਹਾਂ ਦੇ ਸਨਮਾਨ ਨਾਲ ਮਿਲਦਾ ਹੀ ਕੀ ਹੈ?

ਨਾਥ ਕਹੈ ਤੁਮ ਆਪਾ ਰਾਖੌ, ਹਠ ਕਰਿ ਬਾਦ ਨ ਕਰਣਾਂ।

ਆਪਣੀ ਆਤਮਾ ਨੂੰ ਸੰਭਾਲ ਲਓ। ਨਾਥ ਕਹੈ ਤੁਮ ਆਪਾ ਰਾਖੌ ! ਕਹਿੰਦੇ ਹਨ ਗੋਰਖਨਾਥ ਕਿ ਤੁਸੀਂ ਆਪਣੀ ਆਤਮਾ ਨੂੰ ਸੰਭਾਲ ਲਓ; ਵਿਅਰਥ ਦੇ ਵਿਵਾਦ (ਜ਼ਿਰਹ) ਵਿਚ ਨ ਪਓ ਕਿ ਮੈਂ ਇਹ ਹਾਂ ਕਿ ਮੈਂ ਓਹ ਹਾਂ।

...ਹਠ ਕਰਿ ਬਾਦ ਨ ਕਰਣਾਂ। ਤੁਸੀਂ ਜੋ ਹੋ ਸੋ ਹੋ। ਜਿਸ ਤਰ੍ਹਾਂ ਦਾ ਤੁਹਾਨੂੰ ਪਰਮਾਤਮਾ ਨੇ ਬਣਾਇਆ। ਉਸ ਆਪੇ ਨੂੰ ਸੰਭਾਲੋ।

ਨਾਥ ਕਹੈ ਤੁਮ ਆਪਾ ਰਾਖੌ, ਹਠ ਕਰਿ ਬਾਦ ਨ ਕਰਣਾਂ ।
ਯਹੁ ਜਗ ਹੈ ਕਾਂਟੇ ਕੀ ਬਾੜੀ, ਦੇਖਿ-ਦੇਖਿ ਪਗ ਧਰਣਾਂ ॥

ਇੱਥੇ ਬਹੁਤ ਕੰਡਿਆਂ ਦੀਆਂ ਬਾੜਾਂ ਲਗੀਆਂ ਹਨ। ਬਹੁਤ ਮਨਮੋਹਕ ਬਾੜਾਂ ਹਨ। ਦੂਰੋਂ ਫ਼ੁੱਲ ਮਾਲੂਮ ਹੁੰਦੇ ਹਨ; ਜਦ ਨੇੜੇ ਪੁਜੋਗੇ, ਫ਼ਸ ਜਾਓਗੇ, ਤਦ ਅੜਚਨ ਹੋਏਗੀ। ਮੱਛੀ ਵੀ ਫ਼ਸ ਜਾਂਦੀ ਹੈ ਨ, ਆਟੇ ਨੂੰ ਵੇਖਕੇ, ਆਟੇ ਦੇ ਅੰਦਰ ਲੁੱਕਿਆ ਕਾਂਟਾਂ ਤਾਂ ਉਸ ਨੂੰ ਵੀ ਵਿਖਾਈ ਨਹੀਂ ਦਿੰਦਾ। ਦੂਜੇ ਤੁਹਾਡੀ ਪ੍ਰਸ਼ੰਸਾ (ਤਾਰੀਫ਼) ਕਰਦੇ ਹਨ, ਆਟਾ ਲਾਇਆ ਉਨ੍ਹਾਂ ਨੇ। ਉਸੇ ਤਾਰੀਫ਼ ਵਿਚ ਕੰਡਾ ਹੈ ਹੁਣ ਤੁਸੀਂ ਫ਼ਸੇ।

ਇਸ ਲਈ ਤਾਂ ਖ਼ੁਸ਼ਾਮਦ ਦਾ ਇਨਾ ਬਲ (ਤਾਕਤ) ਹੈ ਦੁਨੀਆਂ ਵਿਚ। ਤੁਸੀਂ ਕਿਸੇ ਗਧੇ ਤੋਂ ਗਧੇ ਨੂੰ ਵੀ ਕਹੋ ਕਿ ਆਹਾ, ਕਿਹੋ-ਜਿਹੀ ਬੁੱਧੀ ! ਕਿਹੋ ਜਿਹੇ ਬੁੱਧੀ ਤੁਸੀਂ ਹੋ !

ਤਾਂ ਗਧਾ ਵੀ ਮੰਨ ਲੈਂਦਾ ਹੈ। ਗਧਾ ਵੀ ਨਹੀਂ ਸੋਚਦਾ ਕਿ ਮੈਂ ਅਤੇ ਸੁਧੀ ਤੇ ਬੁੱਧੀਮਾਨ ! ਕਿਉਂਕਿ ਚਾਹੁੰਦਾ ਹੈ ਮੰਨਣਾ। ਤੁਸੀਂ ਉਸ ਦੇ ਮਨ ਦੀ ਗੱਲ ਕਹਿ ਦਿੱਤੀ। ਕਹਾਵਤ ਹੈ ਨ, ਕਿ ਵਕਤ ਪੈਣ ਤੇ ਗਧੇ ਨੂੰ ਵੀ ਪਿਓ ਕਹਿਣਾ ਪੈਂਦਾ ਹੈ। ਅਤੇ ਗਧਾ ਮੰਨ ਲੈਂਦਾ ਹੈ। ਅਤੇ ਗਧਾ ਵੀ ਅੰਦਰੋਂ ਜਾਣਦਾ ਹੈ ਕਿ ਮੈਂ ਗਧਾ ਹਾਂ ਤੇ ਇਨ੍ਹਾਂ ਦਾ ਪਿਓ ਹੋ ਨਹੀਂ ਸਕਦਾ ਹਾਂ। ਪਰ ਮੰਨਣ ਦਾ ਮਨ ਕਰਦਾ ਹੈ। ਕਿ ਮੰਨ ਲਓ ਇਹ ਮੌਕਾ ਕਿਉਂ ਛੱਡ ਰਹੇ ਹੋ ? ਤੁਸੀਂ ਕਾਂ ਨੂੰ ਵੀ ਕੋਇਲ ਕਹੋ ਤਾਂ ਕਾਂ ਵੀ ਇਨਕਾਰ ਨਹੀਂ ਕਰੇਗਾ, ਜੇਕਰ ਤੁਸੀਂ ਬਹੁਤ ਤਾਰੀਫ਼ ਕਰੋ ਅਤੇ ਜੋਸ਼ ਵਿਚ ਆ ਜਾਏ ਤਾਂ ਕਾਂਓ-ਕਾਂਓ ਕਰਕੇ ਸਿੱਧ ਕਰ ਦੇਵੇਗਾ ਕਿ ਕਾਂ ਹਾਂ।

ਲੇਕਿਨ ਉਹ ਇਹ ਹੀ ਸੋਚੇਗਾ ਕਿ ਕਿਹੋ ਜਿਹੀ ਕੁਹੂ-ਕੁਹੂ ਦੀ ਪੁਕਾਰ ਮਚਾ ਰਿਹਾ ਹੈ! ਖੁਸ਼ਾਮਦ ਦਾ ਇਸ ਲਈ ਤਾਂ ਇੰਨਾ ਪ੍ਰਭਾਵ ਹੈ, ਖੁਸ਼ਾਮਦ ਤੁਸੀਂ ਕਿਸੇ ਦੀ ਵੀ ਕਰੋ, ਸਭ ਕੰਮਾਂ ਲਈ ਰਾਜ਼ੀ ਹੋ ਜਾਂਦੇ ਹਨ। ਹਰ ਕੰਮ ਹੋ ਸਕਦਾ ਹੈ। ਤੁਸੀਂ ਵੀ ਖੁਸ਼ਾਮਦ ਵਿਚ ਆ ਜਾਂਦੇ ਹੋ। ਜ਼ਰਾ ਵੇਖ-ਵੇਖ ਕੇ ਟੁਰਨਾ!

ਦੇਖਿ-ਦੇਖਿ ਪਗ ਧਰਣਾਂ, ਯਹੁ ਜਗ ਹੈ ਕਾਂਟੇ ਕੀ ਬਾੜੀ। ਇੱਥੇ ਬਹੁਤ ਕੰਡੇ ਹਨ; ਫੁੱਲ ਤਾਂ ਉੱਪਰ-ਉੱਪਰ ਹਨ, ਕੰਡੇ ਅੰਦਰ ਹਨ। ਫੜਨ ਤਾਂ ਜਾਓਗੇ ਫੁੱਲ, ਫਿਰ ਚੁਭਾ ਲਓਗੇ ਕੰਡੇ, ਇਹ ਨਿਕਲਣਾ ਮੁਸ਼ਕਿਲ ਹੋ ਜਾਏਗਾ। ਇਵੇਂ ਤਾਂ ਲੋਕ ਪੈ ਗਏ ਹਨ ਲੋਭ ਵਿਚ, ਕ੍ਰੋਧ ਵਿਚ, ਅਹੰਕਾਰ ਵਿਚ ਅਤੇ ਅਸਹਜ ਹੋ ਗਏ ਹਨ।

ਗਰਬ ਨ ਕਰਿਬਾ, ਸਹਜੈ ਰਹਿਬਾ, ਭਣਤ ਗੋਰਸ਼ ਰਾਵੰ ॥

ਹੋਰ, ਗਰਬ ਦੇ ਬਹੁਤ ਰਸਤੇ ਹਨ। ਅਜਿਹਾ ਨ ਸੋਚਣਾ, ਕਿ ਜਿਹੜੇ ਸਮ੍ਰਾਟ ਹਨ ਉਹ ਹੀ ਅਹੰਕਾਰ ਨਾਲ ਭਰੇ ਹੁੰਦੇ ਹਨ। ਭਿਖਾਰਿਆਂ ਦਾ ਵੀ ਅਹੰਕਾਰ ਹੰਦਾ ਹੈ। ਭਿਖ ਮੰਗਿਆਂ ਦੇ ਵੀ ਅਹੰਕਾਰ ਹੁੰਦੇ ਹਨ। ਮੈਂ ਸੁਣਿਆ ਹੈ, ਇੱਕ ਭਿਖਾਰੀ ਜੋ ਮੁੱਲਾ ਨਸਰੁਦੀਨ ਦੀ ਗਲੀ ਵਿਚ ਰੋਜ਼ ਭੀਖ ਮੰਗਦਾ ਸੀ, ਕੁਝ ਦਿਨਾਂ ਤੱਕ ਵਿਖਾਈ ਨਹੀਂ ਪਿਆ। ਬਾਜ਼ਾਰ ਵਿਚ ਮਿਲਿਆ ਇੱਕ ਦਿਨ ਤਾਂ ਮੁੱਲਾ ਨਸਰੁਦੀਨ ਨੇ ਪੁੱਛਿਆ ਕਿ ਭਾਈ ਵਿਖਾਈ ਨਹੀਂ ਦਿੰਦਾ, ਪਹਿਲਾਂ ਰੋਜ਼ ਜਾਨ ਖਾਂਦਾ ਸੀ। ਇੰਨੇ ਦਿਨਾਂ ਤੱਕ ਤੂੰ ਜਾਨ ਖਾਧੀ, ਇੰਨੇ ਸਾਲਾਂ ਤੱਕ ਕਿ ਹੁਣ ਆਦਤ ਬਣ ਗਈ ਹੈ। ਕਈ ਵਾਰ ਖ਼ਿਆਲ ਆ ਜਾਂਦਾ ਹੈ ਕਿ ਤੂੰ ਆਇਆ ਨਹੀਂ, ਗੱਲ ਕੀ ਹੈ? ਦਰਵਾਜ਼ੇ ਤੇ ਆ ਕੇ ਤੂੰ ਆਪਣਾ ਡੰਡਾ ਨਹੀਂ ਪਟਕਿਆ।

ਤਾਂ ਉਸ ਨੇ ਕਿਹਾ ਕਿ ਉਹ ਗਲੀ ਮੈਂ ਆਪਣੇ ਜੁਆਈ ਨੂੰ ਦੇ ਦਿੱਤੀ।

ਮੁੱਲਾ ਨੇ ਕਿਹਾ, ਮਤਲਬ? ਤਾਂ ਕਹਿਣ ਲੱਗਾ, ਉਹ ਗਲੀ ਮੇਰੀ ਸੀ। ਉੱਥੇ ਕੋਈ ਪਰ ਨਹੀਂ ਮਾਰ ਸਕਦਾ ਦੂਜਾ ਭਿਖਾਰੀ, ਹਥ, ਪੈਰ ਤੋੜ ਦਿਆਂਗਾ। ਲੰਗੜਾ ਹੈ, ਘਿਸਟਦਾ ਹੈ, ਕਹਿੰਦਾ ਹੈ, ਹਥ-ਪੈਰ ਤੋੜ ਦਿਆਂਗਾ, ਕੋਈ ਭਿਖਾਰੀ ਉੱਥੇ ਪੱਰ ਨਹੀਂ ਮਾਰ ਸਕਦਾ। ਉਹ ਗਲੀ ਮੇਰੀ ਸੀ, ਜੁਆਈ ਨੂੰ ਦੇ ਦਿੱਤੀ। ਕੁੜੀ ਦਾ ਵਿਆਹ ਹੋ ਗਿਆ ਨ!

ਮੁੱਲਾ ਸੋਚਦਾ ਸੀ ਗਲੀ ਆਪਣੀ ਹੈ, ਅੱਜ ਪਤਾ ਲਗਾ ਕਿ ਗਲੀ ਕਿਸ ਦੀ ਸੀ। ਤੁਸੀਂ ਇਹ ਨ ਸੋਚਣਾ ਕਿ ਸਮ੍ਰਾਟਾਂ ਦਾ ਹੀ ਅਹੰਕਾਰ ਹੁੰਦਾ ਹੈ, ਭਿਖਾਰਿਆਂ ਦਾ ਵੀ ਅਹੰਕਾਰ ਹੁੰਦਾ ਹੈ। ਉਨ੍ਹਾਂ ਦੇ ਵੀ ਰਾਜ ਹੁੰਦੇ ਹਨ, ਉਨ੍ਹਾਂ ਦੀਆਂ ਵੀ ਸੀਮਾਵਾਂ ਹੁੰਦੀਆਂ ਹਨ। ਉਨ੍ਹਾਂ ਦੇ ਜ਼ਿਲ੍ਹੇ ਵਿਚ ਵੜ ਜਾਓ, ਮੁਸ਼ਕਿਲ ਵਿਚ ਪੈ ਜਾਓਗੇ। ਉੱਥੇ ਮੰਗੋ ਤਾਂ ਉਨ੍ਹਾਂ

ਨੂੰ ਉਸਦਾ ਟੈਕਸ ਚੁਕਾਉਣਾ ਪਏਗਾ ਤੁਹਾਨੂੰ। ਨਵੇਂ ਭਿਖਾਰੀ ਜੇਕਰ ਮੰਗ ਲੈਣ ਕਿਸੇ ਪੁਰਾਣੇ ਭਿਖਾਰੀ ਦੀ ਗਲੀ ਵਿਚ ਤਾਂ ਟੈਕਸ ਦੇਣਾ ਪਏਗਾ। ਸਭਾਵਤਾ! ਤੁਸੀਂ ਸ਼ਾਇਦ ਇਹ ਹੀ ਸੋਚਦੇ ਹੋਵੋ, ਤੁਹਾਨੂੰ ਪਤਾ ਵੀ ਨ ਹੋਵੇ ਕਿ ਤੁਸੀਂ ਕਿਸ ਭਿਖ-ਮੰਗੇ ਦੇ ਹੋ ! ਰਾਹ ਵਿਚ ਕੋਈ ਭਿਖਾਰੀ ਹੋਵੇ, ਜਿਸ ਨੇ ਤੁਹਾਨੂੰ ਖ਼ਰੀਦਿਆ ਹੋਇਆ ਹੈ। ਉਸ ਨੂੰ ਹੱਕ ਹੈ, ਉਸਦੇ ਕੋਲ ਲਾਈਸੈਂਸ ਹੈ ਤੁਹਾਡੇ ਕੋਲੋਂ ਮੰਗਣ ਦਾ । ਕੋਈ ਦੂਜਾ ਭਿਖਾਰੀ ਮੰਗੇਗਾ ਤਾਂ ਉਸ ਨੂੰ ਉਸਦਾ ਟੈਕਸ ਦੇਣਾ ਪਏਗਾ। ਤੁਹਾਨੂੰ ਪਤਾ ਹੀ ਨਹੀਂ ਹੈ ਕਿ ਤੁਸੀਂ ਵਿਕ ਗਏ ਹੋ ਕਿ ਰਸਤੇ ਤੇ ਕੋਈ ਭਿਖਾਰੀ ਤੁਹਾਡਾ ਮਾਲਿਕ ਹੈ ਅਤੇ ਹੱਕਦਾਰ ਹੈ। ਇਹ ਨ ਸੋਚਣਾ ਕਿ ਧਨੀ ਦਾ ਹੀ ਅਹੰਕਾਰ ਹੁੰਦਾ ਹੈ । ਇਹਨਾ ਸੋਚਣਾ ਕਿ ਭੋਗੀ ਅਤੇ ਸੰਸਾਰੀ ਦਾ ਹੀ ਅਹੰਕਾਰ ਹੁੰਦਾ ਹੈ। ਯੋਗੀਆਂ ਦਾ ਬਹੁਤ ਅਹੰਕਾਰ ਹੁੰਦਾ ਹੈ । ਤਿਆਗਿਆਂ ਦਾ ਹੋਰ ਵੀ ਵੱਡਾ ਅਹੰਕਾਰ ਹੁੰਦਾ ਹੈ—ਇੰਨਾ ਛੱਡ ਦਿੱਤਾ! ਗਰਵ ਨਾਲ ਮਤਵਾਲਾ...। ਪੰਡਿਤਾਂ ਦਾ ਬਹੁਤ ਅਹੰਕਾਰ ਹੁੰਦਾ ਹੈ। ਗੋਰਖ ਨੇ ਕਿਹਾ ਹੈ —

ਪੰਥ ਬਿਨ ਚਲਿਬਾ ਅਗਨਿ ਬਿਨ ਜਲਿਬਾ **ਅਨਿਲ** ਤ੍ਰਿਸ਼ਾ ਜਹਟਿਯਾ
ਸੰਸਵੇਦ ਸ੍ਰੀ ਗੋਰਸ਼ ਕਹਿਯਾ ਬੂਝਿਲਯੋ ਪੰਡਿਤ ਪੜ੍ਹਿਯਾ।

ਕਿਹਾ, ਸੁਣ ਲਓ ਓਏ ਪੜ੍ਹਨ ਵਾਲੇ ਪੰਡਿਤੋ, ਓਏ ਤੋਤਾ ਰਟੰਤ ਪੰਡਿਤੋ, ਤੁਹਾਡੇ ਕੋਲ ਹੈ ਕੀ ? ਪਰ ਆਕੜੀ ਜਾ ਰਹੇ ਹੋ। ਕੁਝ ਕੂੜਾ, ਕੁਝ ਸ਼ਬਦ ਉਧਾਰ, ਬਾਸੇ ਹਨ!

ਸੰਸਵੇਦ ਸ੍ਰੀ ਗੋਰਸ਼ ਕਹਿਯਾ ...। ਗੋਰਖ ਕਹਿੰਦੇ ਹਨ, ਮੈਂ ਸ੍ਵੈਂ ਅਨੁਭਵ ਨਾਲ ਜਾਣਿਆ ਹੈ ਅਤੇ ਤਦ ਮੈਂ ਪਾਇਆ ਹੈ ਕਿ ਤੁਹਾਡੇ ਕੋਲ ਸਿਵਾਏ ਸ਼ਬਦਾਂ ਦੇ ਹੋਰ ਕੁਝ ਵੀ ਨਹੀਂ ਹੈ।

ਬੂਝਿਲਯੋ ਪੰਡਿਤ ਪੜ੍ਹਿਯਾ...। ਓਏ ਪੜ੍ਹੇ ਲਿਖੇ ਪੰਡਿਤੋਂ ਓਏ ਤਥਾ-ਕਥਿਤ ਪੰਡਿਤੋਂ ! ਮੈਂ ਜੋ ਕਹਿੰਦਾ ਹਾਂ ਉਸਨੂੰ ਬੁਝੋ, ਥੋੜ੍ਹੇ ਹੋਸ਼ ਵਿਚ ਆਓ। ਪੰਥ ਬਿਨ ਚਲਿਬਾ। ਇੱਕ ਅਜਿਹੀ ਹੀ ਗਤਿ ਹੈ ਜੋ ਬਿਨਾਂ ਪੰਥ ਦੇ ਹੁੰਦੀ ਹੈ, ਜਿਸ ਵਿਚ ਮਾਰਗ ਨਹੀਂ ਹੁੰਦਾ ਤੇ ਮੰਜ਼ਿਲ ਆ ਜਾਂਦੀ ਹੈ। ਤੁਹਾਨੂੰ ਉਸ ਦਾ ਕੁਝ ਪਤਾ ਹੈ? ਪੜ੍ਹ-ਪੜ੍ਹ ਕੇ ਪੰਡਤ ਹੋ ਗਏ, ਤੁਹਾਨੂੰ ਉਸ ਰਾਹ ਦਾ ਪਤਾ ਹੈ ਜੋ ਹੁੰਦੀ ਹੀ ਨਹੀਂ ਅਤੇ ਮੰਜ਼ਿਲ ਆ ਜਾਂਦੀ ਹੈ।

ਪੰਥ ਬਿਨ ਚਲਿਬਾ ਅਗਨਿ ਬਿਨ ਜਲਿਬਾ।

ਤੁਹਾਨੂੰ ਉਸ ਅੱਗ ਦਾ ਪਤਾ ਹੈ ਜਿਸਦੇ ਬਿਨਾਂ ਜਲਣੇ ਦੀ ਘਟਨਾ ਘੱਟ ਜਾਂਦੀ ਹੈ। ਮੈਂ ਇੱਕ ਅਜਿਹੀ ਅੱਗ ਜਾਣਦਾ ਹਾਂ, ਜੋ ਹੈ ਨਹੀਂ, ਪਰ ਸਾੜ ਸੁਟਦੀ ਹੈ। ਮੈਂ ਇੱਕ ਅਜਿਹੀ ਮੌਤ ਜਾਣਦਾ ਹਾਂ, ਜੋ ਘਟੱਦੀ ਨਹੀਂ ਅਤੇ ਹੋ ਜਾਂਦੀ ਹੈ। ਮੈਨੂੰ ਇੱਕ ਅਜਿਹੀ ਮੰਜ਼ਿਲ ਦਾ ਪਤਾ ਹੈ, ਜਿਸ ਤੱਕ ਪੁਜੱਣ ਦਾ ਕੋਈ ਮਾਰਗ ਨਹੀਂ ਹੈ। ਮੈਨੂੰ ਤੁਹਾਡੇ ਅੰਦਰ ਜੋ ਬੈਠਿਆ ਹੈ ਉਸ ਦਾ ਪਤਾ ਹੈ, ਉਸ ਤੱਕ ਪੁਜੱਣ ਦਾ ਮਾਰਗ ਹੋਏਗਾ ਵੀ ਕੀ? ਮਾਰਗ ਤਾਂ ਦੂਰ ਤੱਕ ਜਾਣ ਦੇ ਹੁੰਦੇ ਹਨ। ਪਰਮਾਤਮਾ ਜੇਕਰ ਦੂਰ ਹੋਵੇ ਤਾਂ ਮਾਰਗ ਹੋ ਸਕਦਾ ਹੈ। ਪਰਮਾਤਮਾ ਤਾਂ ਤੁਸੀਂ ਹੋ ਤਾਂ ਮਾਰਗ ਕਜਿਹਾ ? ਤੁਸੀਂ ਤਾਂ ਪਰਮਾਤਮਾ ਹੋ ਹੀ।

ਪੰਥ ਬਿਨ ਚਲਿਬਾ ...। ਇਸ ਲਈ ਜੇਕਰ ਤੁਸੀਂ ਰੁੱਕ ਜਾਓ ਤਾਂ ਪਹੁੰਚ ਜਾਓ।

ਅਗਨਿ ਬਿਨ ਜਲਿਬਾ...। ਅਤੇ ਇਹ ਅਹੰਕਾਰ ਤਾਂ ਝੂਠ ਹੈ, ਇਸ ਨੂੰ ਜਲਾਉਣ ਲਈ

ਕੋਈ ਸੱਚ-ਮੁੱਚ ਦੀ ਅਗਨਿ ਦੀ ਜ਼ਰੂਰਤ ਨਹੀਂ ਹੈ। ਇਹ ਤਾਂ ਤੁਸੀਂ ਸਮਝ ਜਾਓ ਤਾਂ ਬਸ ਸਮਝ ਦੀ ਅਗਨਿ ਕਾਫ਼ੀ ਹੈ ਅਤੇ ਇਹ ਜਲ ਜਾਏਗਾ।

ਗੋਰਖ ਕਹਿੰਦੇ ਹਨ : ਸਿੱਧੀ ਜਿਹੀ ਮੇਰੀ ਸਿਖਿਆ ਹੈ—ਸਹਜ ਦੀ। ਜਿਵੇਂ ਕਬੀਰ ਨੇ ਕਿਹਾ, ਗੋਰਖ ਦੇ ਆਧਾਰ ਤੇ ਹੀ ਕਿਹਾ : ਸਾਧੋ, ਸਹਜ ਸਮਾਧਿ ਭਲੀ !

ਸਵਾਮੀ ਬਣਖੰਡਿ ਜਾਉਂ ਤੌ ਸ਼ੁਧਯਾ ਬਯਾਪੈ, ਨਗ੍ਰੀ ਜਾਉਂ ਤ ਮਾਯਾ।

ਉਹ ਕਹਿੰਦੇ ਹਨ ਓਏ ਸੁਵਾਮੀਓ, ਭਗੌੜੇ ਸੰਨਿਆਸੀਓ! ਜੇਕਰ ਜੰਗਲ ਜਾਓਗੇ ਤਾਂ ਭੁੱਖ ਫੜੇਗੀ ਅਤੇ ਬੈਠੇ ਜੰਗਲ ਵਿਚ ਚੌਵੀ ਘੰਟੇ ਭੋਜਨ ਦਾ ਚਿੰਤਨ ਕਰੋਗੇ, ਕਿ ਪਤਾ ਨਹੀਂ ਕੋਈ ਦੇਵੇਗਾ, ਲਿਆਵੇਗਾ, ਜਾਂ ਨਹੀਂ ਲਿਆਏਗਾ? ਅਤੇ ਜੇਕਰ ਨਗਰ ਵਿਚ ਜਾਓਗੇ ਤਾਂ ਮਾਯਾ ਫੜੇਗੀ, ਮੋਹ ਫੜੇਗਾ, ਮਮਤਾ ਫੜੇਗੀ, ਆ-ਸ਼ਕਤੀ ਪਕੜੇਗੀ। ਵੇਖੋਗੇ ਇੱਕ ਸੁੰਦਰ ਇਸਤ੍ਰੀ ਨੂੰ ਲੰਘਦੇ ਹੋਏ ਅਤੇ ਮੋਹ ਫੜ ਲਵੇਗਾ। ਵੇਖੋਗੇ ਇੱਕ ਸੁੰਦਰ ਭਵਨ ਅਤੇ ਇੱਛਾ ਜਾਗੇਗੀ—ਕਾਸ਼, ਮੇਰਾ ਹੁੰਦਾ ! ਜੇਕਰ ਨਗਰ ਵਿਚ ਰਹੋਗੇ ਤਾਂ ਮਾਯਾ ਫੜਦੀ ਹੈ। ਜੇਕਰ ਜੰਗਲ ਚਲੇ ਗਏ ਮਾਯਾ ਤੋਂ ਬਚਣ ਲਈ ਤਾਂ ਭੁੱਖ ਫੜਦੀ ਹੈ। ਕਰੋਗੇ ਕੀ? ਤੁਸੀਂ ਬਹੁਤ ਮੁਸ਼ਕਿਲ ਵਿਚ ਪਵੋਗੇ।

ਭਰਿ ਭਰਿ ਸਾਂਉਂ ਤ ਬਿੰਦ ਬਿਯਾਪੈ !

ਜੇਕਰ ਖ਼ੂਬ ਡਟ-ਡਟ ਕੇ ਖਾਓਗੇ, ਖ਼ੂਬ ਭਰ-ਭਰ ਕੇ ਖਾਓਗੇ ਤਾਂ ਉਸ ਭਰਨੇ ਨਾਲ ਉਸ ਬਹੁਤੇ ਭੋਜਨ ਨਾਲ ਸਿਰਫ਼ ਕਾਮਵਾਸਨਾ ਨਿਰਮਿਤ ਹੋਵੇਗੀ। ਜ਼ਰੂਰਤ ਤੋਂ ਜ਼ਿਆਦਾ ਤੁਸੀਂ ਖਾ ਲੈਂਦੇ ਹੋ, ਉਹ ਹੀ ਤੁਹਾਡੇ ਅੰਦਰ ਵਾਸਨਾ ਬਣਦਾ ਹੈ। ਕਿਉਂ ਵਾਸਨਾ ਬਣਦਾ ਹੈ? ਕਿਉਂਕਿ ਤੁਸੀਂ ਜ਼ਰੂਰਤ ਤੋਂ ਜ਼ਿਆਦਾ ਊਰਜਾ ਆਪਣੇ ਅੰਦਰ ਲੈ ਲਈ ਹੈ, ਉਹ ਊਰਜਾ ਤੁਸੀਂ ਸੰਭਾਲ ਨਹੀਂ ਸਕਦੇ, ਉਹ ਬਾਹਰ ਜਾਣੀ ਚਾਹੀਦੀ ਹੈ, ਉਹ ਫ਼ਾਲਤੂ ਹੈ, ਉਹ ਜਿਸਦੀ ਲੋੜ ਨਹੀਂ ਹੈ, ਉਹ ਭਾਰੀ ਹੈ।

ਵਾਸਨਾ ਕੀ ਹੈ? ਊਰਜਾ ਦੇ ਬਾਹਰ ਜਾਣ ਦਾ ਉਪਾਇ ਹੈ। ਸੰਭੋਗ ਕੀ ਹੈ ? ਊਰਜਾ ਨੂੰ ਬਾਹਰ ਸੁਟਣ ਦਾ ਉਪਾਇ ਹੈ। ਜਦ ਤੁਹਾਡੇ ਕੋਲ ਲੋੜ ਤੋਂ ਵੱਧ ਊਰਜਾ ਹੋਵੇਗੀ ਤਾਂ ਤੁਸੀਂ ਸੰਭਾਲ ਨ ਸਕੋਗੇ ਉਹ ਆਪਣੇ-ਆਪ ਵਗਣ ਲਗੇਗੀ ਬਾਹਰਲੇ ਪਾਸੇ।

ਉਸ ਨੂੰ ਜਾਣਾ ਹੀ ਹੋਏਗਾ ਬਾਹਰ। ਇੱਕ ਪਾਤ੍ਰ (ਕਟੋਰਾ) ਵਿਚ ਓਨਾ ਹੀ ਤਾਂ ਪਾਣੀ ਭਰ ਸਕਦੇ ਹੋ ਨ ਜਿੰਨਾ ਭਰਿਆ ਜਾ ਸਕਦਾ ਹੈ। ਜੇਕਰ ਬਹੁਤਾ ਭਰ ਦਿੱਤਾ, ਕਟੋਰੇ ਦੇ ਉਪਰੋਂ ਵੱਗ ਜਾਏਗਾ। ਵਾਸਨਾ ਤੁਹਾਡੇ ਪਾਤ੍ਰ ਦੇ ਉਪੱਰੋਂ ਵਗੇਦੀ ਹੋਈ ਊਰਜਾ ਹੈ, ਇਸ ਲਈ ਜੇਕਰ ਬਹੁਤਾ ਖਾਓਗੇ ਤਾਂ ਕਾਮਵਾਸਨਾ ਪਕੜੇਗੀ। ਹੁਣ ਬਹੁਤ ਮੁਸ਼ਕਿਲ ਹੈ, ਜੇਕਰ ਘੱਟ ਖਾਓਗੇ ਤਾਂ ਦਿਨ-ਰਾਤ ਭੋਜਨ ਹੀ ਭੋਜਨ ਦੀ ਯਾਦ ਆਏਗੀ।

ਤਾਂ ਕਰੋ ਕੀ, ਫ਼ਿਰ ਮਾਰਗ ਕੀ ਹੈ? ਸਹਜ ਹੋ ਜਾਓ, ਗੋਰਖ ਕਹਿੰਦੇ ਹਨ। ਮਧਯ ਵਿਚ ਹੋ ਜਾਓ। ਓਨਾ ਖਾਓ ਜਿੰਨਾ ਜ਼ਰੂਰੀ ਹੈ। ਨ ਤਾਂ ਜੰਗਲ ਜਾਓ, ਕਿਉਂਕਿ ਓਥੇ ਭੁਖ ਪਕੜੇਗੀ; ਨ ਸ਼ਹਿਰ ਵਿਚ ਇੰਨੇ ਰਮ ਜਾਓ ਕਿ ਸ਼ਹਿਰ ਦੇ ਇਲਾਵਾ ਤੁਹਾਨੂੰ ਕੁਝ ਹੋਰ ਬਚੇ ਹੀ ਨ, ਕਿਉਂਕਿ ਓਥੇ ਕਾਮਨਾ ਪਕੜੇਗੀ। ਫ਼ਿਰ ਢੰਗ ਕੀ ਹੈ? ਸ਼ਹਿਰ ਵਿਚ ਇਵੇਂ ਰਹੋ ਜਿਵੇਂ ਕੋਈ ਜੰਗਲ ਵਿਚ ਰਹੇ, ਇਹ ਮਧਯ ਹੋਇਆ। ਘਰ ਵਿਚ ਇਵੇਂ ਰਹੋ ਜਿਵੇਂ ਕੋਈ

ਜੰਗਲ ਵਿਚ ਰਹੋ। ਸੰਸਾਰ ਵਿਚ ਰਹੋ, ਪਰ ਸੰਸਾਰ ਨੂੰ ਆਪਣੇ ਵਿਚ ਨ ਆਉਂਣ ਦਿਓ। ਜਲ ਵਿਚ ਕਮਲ ਵਾਂਗ ਰਹੋ।

ਕਜੋਂ ਸੀਤਤਿ ਜਲ ਬਯੰਦ ਕੀ ਕਾਯਾ।

ਤਦ ਤੁਸੀਂ ਜਾਣ ਜਾਓਗੇ ਕਿ ਇਹ ਰਜ-ਵੀਰਯ ਨਾਲ ਬਣੀ ਹੋਈ ਦੇਹ ਵੀ ਸਿੱਧਾਵਸਥਾ ਨੂੰ ਕਿਵੇਂ ਉਪਲਬੱਧ ਹੋ ਜਾਂਦੀ ਹੈ! ਤਦ ਤੁਸੀਂ ਜਾਣ ਪਾਓਗੇ ਜੇਕਰ ਤੁਸੀਂ ਇਸ ਤਰ੍ਹਾਂ ਦੇ ਢੰਗ ਚੁਣੇ ਕਿ ਸ਼ਹਿਰ ਤੋਂ ਡਰ ਗਏ ਕਿ ਇੱਥੇ ਕਾਮਨਾ ਪਕੜਦੀ ਹੈ ਅਤੇ ਜੰਗਲ ਚਲੇ ਗਏ ਤਾਂ ਓਥੇ ਭੁੱਖ ਪਕੜੇਗੀ, ਜੇਕਰ ਜੰਗਲ ਤੋਂ ਡਰੇ ਕਿ ਇੱਥੇ ਭੁੱਖ ਪਕੜਦੀ ਹੈ, ਸ਼ਹਰ ਆ ਗਏ ... ਹੋਰ ਜਾਓਗੇ ਵੀ ਕਿੱਥੇ, ਸ਼ਹਰ ਜਾਂ ਜੰਗਲ, ਹੋਰ ਤਾਂ ਕੋਈ ਉਪਾਇ ਨਹੀਂ ਹੈ।

ਜੇਕਰ ਤੁਸੀਂ ਇਨ੍ਹਾਂ ਦੋਹਾਂ ਵਿਚੋਂ ਇੱਕ ਨੂੰ ਚੁਣੋਗੇ ਤਾਂ ਤੁਸੀਂ ਬਹੁਤੀ ਦੇਰ ਉਸ ਵਿਚ ਨਹੀਂ ਰਹਿ ਸਕੋਗੇ, ਕਿਉਂਕਿ ਜੋ ਵਿਪਰੀਤ (ਉਲਟ) ਹੈ, ਉਸਦੀ ਜ਼ਰੂਰਤ ਤੁਹਾਨੂੰ ਖਿੱਚਣ ਲਗੇਗੀ, ਭਰਮਾਉਂਣ ਲਗੇਗੀ।

ਤਾਂ ਸਮਯਕ (ਨ ਬਹੁਤਾ ਨ ਖਾਣਾ) ਆਹਾਰ ਲਓ—ਓਨਾ ਜਿੰਨਾ ਧਿਆਨ ਲਈ ਕਾਫ਼ੀ ਹੈ : ਓਨਾ ਜਿੰਨਾ ਪੂਜਾ ਅਤੇ ਪ੍ਰਾਰਥਨਾ ਲਈ ਕਾਫ਼ੀ ਹੈ। ਸਮਯਕ ਆਹਾਰ ਲਓ, ਦੇਹ ਨੂੰ ਓਨਾ ਦਿਓ ਜਿੰਨਾ ਦੇਹ ਦੀਆਂ ਸਹਜ ਕ੍ਰਿਆਵਾਂ (ਕੰਮ ਕਰਨ ਦੇ ਪੁਰਜ਼ੇ) ਲਈ ਜ਼ਰੂਰੀ ਹਨ। ਬਹੁਤਾ ਨ ਖਾਓ, ਨਹੀਂ ਤਾਂ ਬਹੁਤਾ ਹੀ ਤੁਹਾਨੂੰ ਅੜਚਨ ਵਿਚ ਪਾਏਗਾ। ਅਤਿ ਨ ਕਰੋ। ਕੁਝ ਲੋਗ ਹਨ ਨੂੰਸ-ਨੂੰਸ ਕੇ ਖਾ ਰਹੇ ਹਨ। ਉਨ੍ਹਾਂ ਦਾ ਕੁਲ ਕੰਮ ਇੰਨਾ ਹੀ ਹੈ ਕਿ ਭੋਜਨ, ਭੋਜਨ, ਭੋਜਨ ... ਉਨ੍ਹਾਂ ਨੂੰ ਹੋਰ ਕੁਝ ਸੁਝਦਾ ਹੀ ਨਹੀਂ। ਫ਼ਿਰ ਫ਼ਾਲਤੂ ਭੋਜਨ ਤੋਂ ਫ਼ਾਲਤੂ ਊਰਜਾ ਪੈਦਾ ਹੁੰਦੀ ਹੈ।

ਫ਼ਿਰ ਊਰਜਾ ਦਾ ਨਿਕਾਸ ਵੀ ਜਰੂਰੀ ਹੈ, ਨਹੀਂ ਤਾਂ ਊਰਜਾ ਬੋਝਿਲ ਕਰ ਦੇਵੇਗੀ, ਭਾਰ ਹੋ ਜਾਏਗੀ। ਫ਼ਿਰ ਉਸ ਦੇ ਲਈ ਵਾਸਨਾ ਵਿਚ ਜਾਓ। ਫ਼ਿਰ ਵਾਸਨਾ ਵਿਚ ਊਰਜਾ ਵੱਗ ਜਾਂਦੀ ਹੈ। ਫ਼ਿਰ ਵਾਸਨਾ ਵਿਚ ਅਜਿਹੇ ਡੁੱਬਦੇ ਹਨ ਲੋਗ ਕਿ ਜਿੰਨੀ ਹੋਵੇ ਊਰਜਾ, ਬਹਾ ਦਿੰਦੇ ਹਨ। ਫ਼ਿਰ ਖ਼ਾਲੀ ਹੋ ਜਾਂਦੇ ਹਨ, ਰਿਕਤ (ਖ਼ਾਲੀ) ਹੋ ਜਾਂਦੇ ਹਨ। ਤਾਂ ਫ਼ਿਰ ਭਰੋ ਭੋਜਨ ਨਾਲ, ਕਿਉਂਕਿ ਖ਼ਾਲੀ ਹੋ ਗਏ। ਹੁਣ ਖ਼ਾਲੀਪਨ ਅਖਰਦਾ ਹੈ। ਇਹ ਤਾਂ ਬਹੁਤ ਉਪੱਦਰ ਦੀ ਗੱਲ ਹੋ ਗਈ। ਇੱਕ ਅਤਿ ਤੋਂ ਦੂਜੀ ਅਤਿ, ਦੂਜੀ ਤੋਂ ਪਹਿਲੀ, ਪਹਿਲੀ ਤੋਂ ਦੂਜੀ, ਇਵੇਂ ਹੀ ਡੋਲਦੇ ਰਹੋਗੇ ਘੜੀ ਦੇ ਪੈਂਡੂਲਮ ਦੇ ਵਾਂਗ ! ਤਾਂ ਜੀਵਨ ਦੀ ਘੜੀ ਟੁਰਦੀ ਰਹੇਗੀ, ਆਵਾਗਮਣ ਹੁੰਦਾ ਰਹੇਗਾ। ਰੁੱਕ ਜਾਓ ਮੱਧ ਵਿਚ। ਕਦੇ ਘੜੀ ਦੇ ਪੈਂਡੂਲਮ ਨੂੰ ਵਿਚਕਾਰ ਰੋਕ ਕੇ ਵੇਖਿਆ ਹੈ? ਜਿਵੇਂ ਕਿ ਪੈਂਡੂਲਮ ਰੁਕਦਾ ਹੈ ਘੜੀ ਰੁੱਕ ਜਾਂਦੀ ਹੈ। ਆਵਾਗਵਨ ਬੰਦ ਹੋ ਗਿਆ, ਸਮਾਂ ਸਮਾਪਤ ਹੋਇਆ। ਸਮਾਂ ਸਮਾਪਤ ਹੋਇਆ ਤਾਂ ਸੰਸਾਰ ਸਮਾਪਤ ਹੋਇਆ।

ਧਾਯੇ ਨ ਸ਼ਾਇਬਾ, ਭੂਖੇ ਨ ਮਰਿਬਾ,
ਅਹਨਿਸਿ ਲੇਬਾ-ਬ੍ਰਹਮ-ਅਗਨਿ ਕਾ ਭੇਂਵਂ ।
ਹਠ ਨ ਕਰਿਬਾ ਪੜਯਾ ਨ ਰਹਿਬਾ ਯੂੰ ਬੋਲਿਆ ਗੋਰਸ਼ ਦੇਵਂ ॥

ਸਿੱਧੇ-ਸਾਦੇ ਸੂਤਰ ਹਨ, ਪਰ ਅਜਿਹੇ ਕਿ ਲਗ ਜਾਣ ਤਾਂ ਤੀਰ ਦੇ ਵਾਂਗ ਹਿਰਦੇ ਵਿਚ ਉਤਰ ਜਾਣ ਅਤੇ ਜੀਵਨ ਰੂਪਾਂਤਰਿਤ (ਬਦਲਨਾ) ਹੋ ਜਾਏ।

ਧਾਯੇ ਨ ਸ਼ਾਇਬਾ...! ਭਰ-ਭਰ ਕੇ ਨ ਖਾਓ, ਟੁੱਟ ਨ ਪਓ ਭੋਜਨ ਉੱਤੇ।

ਧਾਯੇ ਨ ਸ਼ਾਇਬਾ...। ਧਾਵਾ ਨ ਬੋਲ ਦਿਓ।

ਭੂਖੇ ਨ ਮਰਿਬਾ... ਅਤੇ ਭੁੱਖੇ ਵੀ ਨ ਮਰੋ। ਅਨਸਨ ਨ ਕਰੋ ਅਤੇ ਵਰਤ ਵੀ ਨ ਕਰੋ।

ਅਹਨਿਸਿ ਲੇਬਾ ਬ੍ਰਹਮ-ਅਨਨਿ ਕਾ ਭੇਵੰ...। ਸਮਯਕ ਰੂਪ ਨਾਲ ਜੀਓ ਅਤੇ ਬ੍ਰਹਮ ਦੇ ਰਹਸਯ (ਰਾਜ਼) ਨੂੰ ਦਿਨ-ਰਾਤ ਗੁਣੋ। ਇਹ ਜੋ ਸਾਰਾ ਜਗਤ ਰਹਸਯ ਨਾਲ ਭਰਿਆ ਹੈ, ਉਸ ਪਰਮ ਦੀ ਸੁੰਦਰਤਾ ਨਾਲ ਆਪੂਰਿਤ (ਪੂਰਣ ਭਗਤਿ) ਹੈ। ਉਸ ਪਰਮ ਦਾ ਪਰਸ਼ਾਦ ਸਭ ਥਾਂ ਮੌਜੂਦ ਹੈ।

ਇਸ ਧੁੱਪ ਦੀਆਂ ਕਿਰਣਾਂ ਵਿਚ, ਪਤਿਆਂ 'ਚੋਂ ਝਰਦੀ ਹੋਈ ਧੁਪ ਦੇ ਚਿੱਤਾਂ ਵਿਚ, ਹਰੇ ਪਤਿਆਂ ਵਿਚ, ਫੁੱਲਾਂ ਵਿਚ, ਪੰਛੀਆਂ ਵਿਚ, ਲੋਕਾਂ ਵਿਚ, ਇਹ ਜੋ ਵਿਰਾਟ ਜੀਵਨ ਹੈ। ਇਸ ਦੇ ਰਹਸਯ ਨੂੰ ਪੀਓ, ਇਸ ਦੇ ਨਾਲ ਆਪਣੇ ਆਪ ਨੂੰ ਭਰੋ।

ਮਨ ਮੇਰੇ, ਉਨਕੀ ਬਾਤ ਕਹੋ !
ਉਨਕੀ ਛਵਿ ਕੀ ਤੁਲਨਾ ਮੇਂ, ਸਬ ਰੰਗ ਰੂਪ ਹੈਂ ਫੀਕੇ;
ਤ੍ਰਿਪਤ ਹੋ ਗਈ ਹੂੰ ਉਨਕੀ— ਕਰੁਣਾ ਕੇ ਜਲ ਕੋ ਪੀਕੇ;
ਉਨਕੀ ਲਹਿਰ-ਲਹਿਰ ਪਰ ਤਿਰ ਕਰ, ਉਨਕੇ ਸੰਗ ਬਹੋ !
ਮਨ ਮੇਰੇ, ਉਨਕੀ ਬਾਤ ਕਹੋ !

ਉਨਕੀ ਤਰਲ-ਚਪਲ ਗਤਿਵਿਧਿਆਂ, ਦੁਨੀਆਂ ਭਰ ਸੇ ਨਯਾਰੀ;
ਉਨਕੀ ਮਧੁਰ-ਮਧੁਰ ਵਾਣੀ— ਕਿਤਨੀ ਹੈ ਮੁਝ ਕੋ ਪਿਆਰੀ;
ਉਨਕੀ ਛਾਯਾ ਬਨ ਕਰ, ਪ੍ਰਤਿਪਲ ਉਨਕੇ ਪਾਸ ਰਹੋ !
ਮਨ ਮੇਰੇ, ਉਨਕੀ ਬਾਤ ਕਹੋ !

ਉਨਕੀ ਸਹਜ ਨਿਕਟਤਾ ਕਾ ਸੁਖ, ਜੀਵਨ ਕੀ ਥਾਤੀ ਹੈ;
ਪਰ ਯਦਿ ਕੋਈ ਵੇਲਾ ਪ੍ਰਿਯ ਕੀ— ਬਿਛੁੜਨ ਕੀ ਆਤੀ ਹੈ;
ਤੋ ਭੀਤਰ-ਭੀਤਰ, ਉਨਸੇ ਦੂਰੀ ਕਾ ਤਾਪ ਸਹੋ !
ਮਨ ਮੇਰੇ ਉਨਕੀ ਬਾਤ ਕਹੋ !

ਪ੍ਰਭੂ ਦਾ ਸਿਮ੍ਰਣ ਕਰੋ। ਨ ਤਾਂ ਭੋਜਨ ਭੱਟ ਹੋ ਜਾਓ, ਤੇ ਨ ਭੋਜਨ ਭੱਟ ਦੇ ਵਿਪਰੀਤ ਸਦਾ ਅਨਸ਼ਨ-ਉਪਵਾਸ ਵਿਚ ਲਗ ਜਾਓ। ਯਾਦ ਕਰੋ ਸ਼ਰੋਣ ਦੀ ਕਥਾ ਫ਼ਿਰ—ਜੀਵਨ ਦੀ ਵੀਣਾ ਦੇ ਤਾਰ ਨ ਤਾਂ ਬਹੁਤ ਕੱਸੇ ਹੋਣ ਨ ਬਹੁਤ ਢਿੱਲੇ, ਤਾਂ ਸੰਗੀਤ ਉਠਦਾ ਹੈ ਉਹ ਹੀ ਸੰਗੀਤ ਭਜਨ ਹੈ।

ਉਹ ਹੀ ਸੰਗੀਤ ਕੀਰਤਨ ਹੈ, ਉਹ ਹੀ ਸੰਗੀਤ ਸਮੁਣ (ਸਿਮਰਨ) ਹੈ । ਮਨ ਮੇਰੇ ਉਨਕੀ ਬਾਤ ਕਹੋ! ਪ੍ਰਭੂ ਦਾ ਸਿਮਰਨ ਕਰੋ, ਉਸਦੇ ਰਹੱਸਯ ਨੂੰ ਗੁਣੋਂ। ਅਤੇ ਉਸਦਾ ਰਹੱਸਯ ਭਰਪੂਰ ਹੈ। ਚੌਹੀਂ ਪਾਸੀਂ ਫ਼ੈਲਿਆ ਹੋਇਆ ਹੈ।

ਸਵਰ ਵਿਹੰਗਿਨੀ!
ਫ਼ੈਲਾ ਮੁਕਤਾਭ ਪੰਖ, ਪ੍ਰਾਣੋਂ ਮੇਂ ਫੂੰਕ ਸ਼ੰਖ,
ਉਠਤੀ ਤੁਮ ਉਧਰਵ ਵੇਗ, ਗਗਨ ਰੰਗਿਣੀ !
ਮਨ ਕੇ ਕਰ ਛਿਤਿਜ ਪਾਰ, ਖੋਲ੍ਹ ਹ੍ਰਿਦਯ-ਸਵਰਗ ਦੁਆਰ
ਬਰਸਾਤੀ ਰਸ ਨਿਰਝਰ, ਧਵਨਿ ਤਰੰਗਿਣੀ !

ਭੇਦ ਬੁੱਧਿ-ਸੁਖਸ਼ਮ ਵਯੋਮ, ਪੀਕਰ ਅਮ੍ਰਿਤਤਵ ਸੋਮ,
ਗਾਤੀ ਆਨੰਦ ਮੌਤ, ਚਿਰ ਅਸੰਗਿਨੀ !
ਬੇਧ ਚੰਦ੍ਰ, ਬੇਧ ਸੂਰਯ, ਘੋਸ਼ਿਤ ਕਰ ਸਤਯ-ਤੂਰਯ,
ਹਰਤੀ ਭਵ ਦ੍ਰਿਸ਼ਟ ਭੇਦ, ਸਵਪਨ ਭੰਗਿਨੀ !

ਤਮ ਕੀ ਕੇਂਚੁਲ ਉਤਾਰ, ਦ੍ਰੁਮ ਦੀਪਤ ਸਹਸਤ੍ਰਹਾਰ,
ਨਾਭਿ ਵਿਵਰ ਮੇਂ ਜਗਤੀ, ਚਿਦ ਭੁਜੰਗਿਨੀ !

ਬਾਹਰ ਵੀ ਉਹ ਹੀ ਹੈ, ਅੰਦਰ ਵੀ ਉਹ ਹੀ ਹੈ; ਥੋੜ੍ਹੇ ਉਸਦੇ ਰਹੱਸ ਵਿਚ ਡੁੱਬੋ। ਉਹ ਹੀ ਉਠਦਾ ਵਿਖਾਈ ਪਏਗਾ ਬ੍ਰਿੱਛਾਂ ਵਿਚ, ਉਹ ਹੀ ਚੰਨ-ਤਾਰਿਆਂ ਤੋਂ ਝਰਦਾ ਹੋਇਆ ਲਗੇਗਾ। ਉਹ ਹੀ ਤੁਹਾਡੀ ਸੁਆਸ-ਸੁਆਸ ਵਿਚ ਅੰਦੋਲਿਤ (ਡੋਲਾਇਮਾਨ) ਹੈ। ਉਹ ਤੁਹਾਡੀ ਹਰ ਧੜਕਨ ਵਿਚ ਲੁੱਕਿਆ ਹੈ। ਉਹ ਹੀ ਤੁਹਾਡੀ ਚੇਤਨਾ ਵਿਚ ਫ਼ੈਲਿਆ ਹੋਇਆ ਹੈ। ਉਸਦੇ ਰਹਸਯ ਨੂੰ ਪੀਓ।

ਜੋ ਵਿਅਕਤੀ ਜਗਤ ਦੀ ਸੁੰਦਰਤਾ ਨਾਲ ਜਿੰਨਾ ਭਰ ਜਾਏ, ਓਨਾ ਹੀ ਪਰਮਾਤਮਾ ਦੇ ਨੇੜੇ ਪੁੱਜ ਜਾਂਦਾ ਹੈ। ਇਹ ਸਭ ਸੁੰਦਰਤਾ ਉਸ ਦੀ ਹੈ।

ਹਠ ਨ ਕਰਿਬਾ ਪੜਯਾ ਨ ਰਹਿਬਾ ਯੂੰ ਬੋਲਯਾ ਗੋਰਸ਼ ਦੇਵੰ ॥

ਹੋਰ ਜਿੱਦ ਨ ਕਰਨਾ। ਜ਼ਰੂਰਤ ਤੋਂ ਵੱਧ ਸ਼ਰੀਰ ਨੂੰ ਕਸਣ ਦੀ ਕੋਸ਼ਿਸ਼ ਨ ਕਰਨ।

ਹਠ ਨ ਕਰਿਬਾ...। ਫ਼ਾਲਤੂ ਮੇਹਨਤ ਨ ਕਰਨਾ, ਨਹੀਂ ਤਾਂ ਥਕ ਜਾਓਗੇ ਅਤੇ ਟੁੱਟ ਜਾਓਗੇ। ਪਰ ਉਲਟੀ ਗੱਲ ਵੀ ਨ ਕਰ ਲੈਣਾ।

ਪੜਯਾ ਨ ਰਹਿਬਾ..। ਆਲਸ ਵੀ ਨ ਕਰ ਲੈਣਾਂ। ਪਏ ਹੀ ਨ ਰਹਿਣਾ—ਕਿ ਜਦ ਮੇਹਨਤ ਨਹੀਂ ਕਰਨੀ, ਯਤਨ ਨਹੀਂ ਕਰਨਾ ਤਾਂ ਪਏ ਹੀ ਰਹੀਏ। ਫ਼ਿਰ ਕੀ ਕਰਨਾ ਹੈ? ਦੋਨਾਂ ਦੇ ਮਧਯ ....। ਕਰਮ ਕਰਨਾ-ਅਕਰਮ ਦੀ ਭਾਂਤਿ । ਕਰਨਾ ਵੀ ਅਤੇ ਕਰਤਾ ਨਹੀਂ ਮਨਣਾ। ਕਰਤਾ ਉਹ ਹੀ ਰਹੇ, ਤੁਸੀਂ ਕੇਵਲ ਉਪਕਰਣ ਨਿਮਿੱਤ ਮਾਤ੍ਰ .... ਜਿਸ ਤਰ੍ਹਾਂ

ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਗੀਤਾ ਵਿਚ ਕਿ ਤੂੰ ਸਿਰਫ਼ ਨਿਮਿੱਤ ਹੋ ਜਾ। ਕਰਤਾ ਤਾਂ ਪਰਮਾਤਮਾ ਹੈ, ਤੂੰ ਸਿਰਫ਼ ਉਸਦੇ ਹਥ ਦੀ ਪ੍ਰਤਅੰਚਾ (ਤੀਰ ਕਮਾਨ) ਹੋ ਜਾ। ਤੇਰੇ ਕੋਲੋਂ ਤੀਰ ਚਲਵਾਏ ਤਾਂ ਤੀਰ, ਤੇਰੇ ਕੋਲੋਂ ਮੰਦਰ ਦੀ ਆਰਤੀ ਉਤਰਵਾਏ ਤਾਂ ਮੰਦਰ ਦੀ ਆਰਤੀ। ਨ ਤਾਂ ਅਤਿ ਸਕ੍ਰਿਯੇ (ਚਾਲੂ) ਹੋ ਜਾਣਾ... ਜਿਵੇਂ ਕਿ ਜਿਨ੍ਹਾਂ ਲੋਕਾਂ ਨੂੰ ਕਰਮਯੋਗੀ ਦੀ ਧਾਰਣਾ ਫੜ ਲੈਂਦੀ ਹੈ। ਉਹ ਅਤਿ ਸਕ੍ਰਿਯੇ ਹੋ ਜਾਂਦੇ ਹਨ। ਅਤੇ ਨ ਅਤਿ ਨਿਸ਼ਕ੍ਰਿਯਾ (ਨਕਮੇਂ) ਹੋ ਜਾਣਾ। ਅਕਰਮ-ਯੋਗ ਵੀ ਹੈ। ਉਨ੍ਹਾਂ ਨੇ ਵੀ ਧਾਰਣਾਵਾਂ ਬਣਾ ਲਈਆਂ ਹਨ। ਉਨ੍ਹਾਂ ਨੂੰ ਵੀ ਆਧਾਰ ਮਿਲ ਗਏ ਹਨ ਸ਼ਾਸਤ੍ਰਾਂ ਤੋਂ, ਸੰਤਾਂ ਦੀ ਵਾਣੀ ਤੋਂ। ਅਰਥ ਉਨ੍ਹਾਂ ਨੇ ਆਪਣੇ ਕੱਢ ਲਏ ਹਨ, ਜਿਵੇਂ ਕਿਹਾ ਬਾਬਾ ਮਲੂਕ ਨੇ—

ਅਜਗਰ ਕਰੇ ਨ ਚਾਕਰੀ ਪੰਛੀ ਕਰੇ ਨ ਕਾਮ ।
ਦਾਸ ਮਲੂਕਾ ਕਹਿ ਗਏ ਸਬ ਕੇ ਦਾਤਾ ਰਾਮ ॥

ਆਲਸੀਆਂ ਨੇ ਇਸ ਵਿਚੋਂ ਅਰਥ ਕੱਢ ਲਿਆ ਹੈ। ਉਨ੍ਹਾਂ ਨੇ ਇਸ ਦੀ ਚੰਗੀ ਸੁੰਦਰ ਵਿਆਖਿਆ ਕਰ ਲਈ ਹੈ। ਉਨ੍ਹਾਂ ਨੇ ਕਿਹਾ, ਤਾਂ ਠੀਕ ਹੈ ਤਾਂ ਪਏ ਰਹੋ ਮਸਤ ਜਿਵੇਂ ਅਜਗਰ ਪਿਆ ਰਹਿੰਦਾ ਹੈ। ਤਾਂ ਕੁਝ ਸਾਧੂ ਸੰਤ ਪਏ ਰਹਿੰਦੇ ਹਨ। ਉਹ ਸੋਚਦੇ ਹਨ ਕਰਨਾ ਕੀ ਹੈ, ਬਾਬਾ ਮਲੂਕ ਦਾਸ ਕਹਿ ਗਏ—ਸਬ ਕਾ ਦਾਤਾ ਰਾਮ!

ਦੇਵੇਗਾ ਤਾਂ ਦੇਵੇਗਾ...। ਰਹਿ ਜਾਓ ਭਾਗਯ ਦੇ ਭਰੋਸੇ। ਇਹ ਪੂਰਾ ਦੇਸ ਭਾਗਯ ਦੇ ਭਰੋਸੇ ਮਰ ਗਿਆ ਹੈ। ਇਸ ਪੂਰੇ ਦੇਸ ਉੱਤੇ ਆਲਸ ਛਾ ਗਿਆ ਹੈ। ਇਹ ਪੂਰਾ ਦੇਸ਼ ਕਾਹਿਲ ਅਤੇ ਸੁਸਤ ਹੋ ਗਿਆ ਹੈ। ਅਤੇ ਇਸਨੇ ਆਪਣੀ ਕਾਹਿਲੀ ਅਤੇ ਸੁਸਤੀ ਨੂੰ ਬਹੁਤ ਅਧਿਆਤਮਿਕ ਰੰਗ ਦੇ ਲਿਆ ਹੈ—ਕਿ ਭਾਗਯ ਵਿਚ ਜੋ ਹੋਏਗਾ ਸੋ ਹੋਏਗਾ। ਤਾਂ ਗਰੀਬੀ ਹੈ ਤਾਂ ਗਰੀਬੀ ਹੈ। ਭਿਖ-ਮੰਗੀ ਹੈ ਤਾਂ ਭਿਖ-ਮੰਗੀ ਹੈ। ਗੁਲਾਮੀ ਹੈ ਤਾਂ ਗੁਲਾਮੀ ਹੈ। ਭਾਗਯ ਨਾਲ ਸਭ ਕੁਝ ਹੋਏਗਾ। ਉਸਦੀ ਇੱਛਾ ਜਦ ਹੋਵੇਗੀ ਤਾਂ ਸਭ ਕੁਝ ਠੀਕ ਹੋ ਜਾਏਗਾ; ਸਾਨੂੰ ਤਾਂ ਘਿਸਟਣਾ ਹੈ।

ਇਸ ਦੇਸ਼ ਦਾ ਦੁਖ ਹੈ ਕਿ ਅਸੀਂ ਇਹ ਸੂਤਰ ਪਕੜ ਲਿਆ ਆਲਸ ਦਾ; ਅਸੀਂ ਪਏ ਰਹਿ ਗਏ ਪੱਛਮ ਦੀ ਤਕਲੀਫ਼ ਇਹ ਹੈ ਕਿ ਉਨ੍ਹਾਂ ਨੇ ਸਕ੍ਰਿਯਤਾ (ਚੁਸਤੀ) ਪਕੜ ਲਈ, ਇੰਨੀ ਜਿਆਦਾ ਪਕੜ ਲਈ ਕਿ ਹੁਣ ਉਹ ਰਾਤ ਸੌਣ ਕਿਵੇਂ, ਇਹ ਵੀ ਭੁੱਲ ਗਏ ਹੁਣ ਬਿਨਾਂ ਨਸ਼ੀਲੀ ਦਵਾਈ ਦੇ ਸੌਂ ਨਹੀਂ ਸਕਦੇ। ਇੰਨਾ ਚਾਲੂਪਨ ਹੈ, ਇੰਨੀਆਂ ਤਰੰਗਾਂ ਉਠ ਗਈਆਂ, ਇੰਨਾ ਚਿੱਤ ਚੰਚਲ ਹੋ ਗਿਆ ਤੇ ਰਾਤ ਬਿਸਤਰੇ ਤੇ ਪੈ ਜਾਂਦੇ ਹਨ, ਲੇਕਿਨ ਚਿੱਤ ਸੌਣ ਦਾ ਨਾਮ ਹੀ ਨਹੀਂ ਲੈਂਦਾ।

ਉਹ ਸੋਚ-ਵਿਚਾਰ ਕਰੀ ਚਲਾ ਜਾਂਦਾ ਹੈ; ਹਿਸਾਬ ਲਗਾਉਂਦਾ ਹੈ, ਯੋਜਨਾ ਬਣਾਉਂਦਾ ਹੈ, ਕੱਲ੍ਹ ਦੀ ਦੁਕਾਨ, ਕੱਲ੍ਹ ਦਾ ਬਾਜ਼ਾਰ, ਕੱਲ੍ਹ ਦੀ ਦੁਨੀਆਂ, ਇਸ ਦੀ ਯੋਜਨਾ ਵਿਚ ਹੀ ਲੀਨ ਰਹਿ ਜਾਂਦਾ ਹੈ, ਰਾਤ ਇਵੇਂ ਹੀ ਬੀਤ ਜਾਂਦੀ ਹੈ।

ਪੱਛਮ ਪਾਗਲ ਹੋਇਆ ਜਾ ਰਿਹਾ ਹੈ, ਅਤਿ ਚੁਸਤੀ ਦੇ ਕਾਰਣ ਅਤੇ ਪੂਰਬ ਦੀਨ-ਦਰਿਦ੍ਰ ਹੋ ਗਿਆ, ਅਤਿ ਆਲਸ ਦੇ ਕਾਰਣ। ਜੇਕਰ ਗੋਰਖ ਦੀ ਗੱਲ ਸਮਝੋ ਤਾਂ ਨ ਤਾਂ ਪਾਗਲ ਹੋਣ ਦੀ ਜ਼ਰੂਰਤ ਹੈ ਅਤੇ ਨ ਦੀਨ-ਦਰਿਦ੍ਰ ਹੋਣ ਦੀ ਜ਼ਰੂਰਤ ਹੈ।

ਗੋਰਖ ਕਹਿੰਦੇ ਹਨ : ਹਠ ਨ ਕਰਿਬਾ, ਪੜਯਾ ਨ ਰਹਿਬਾ, ਯੂੰ ਬੋਲਾ ਗੋਰਸ਼ ਦੇਵੰ।

ਮੈਂ ਤੁਹਾਨੂੰ ਵਿਚਕਾਰ ਦੀ ਗੱਲ ਕਹਿੰਦੇ ਹਾਂ: ਕਰੋ ਕੰਮ, ਲੇਕਿਨ ਨਿਸ਼ਕਾਮ ਭਾਵ ਨਾਲ। ਕਰਮ ਵਿਚ ਉਤਰੋ, ਲੇਕਿਨ ਸ਼ਾਂਤ, ਮੌਨ ... ਕਿ ਕਰਮ ਤੁਹਾਨੂੰ ਅਸ਼ਾਂਤ ਨ ਕਰ ਜਾਏ। ਕਰਮ ਵਿਚ ਉਤਰੋ, ਪਰ ਵਿਛਿਪਤ (ਪਾਗਲ) ਨ ਹੋ ਜਾਓ।

ਅਤਿ ਅਹਾਰ ਯੰਦ੍ਰੀ ਬਲ ਕਰੈ, ਨਾਸੈ ਗਯਾਨੰ ਮੈਥੁਨ ਚਿੱਤ ਧਰੈ।

ਬਹੁਤ ਭੋਜਨ ਕਰੋਗੇ ਇੰਦ੍ਰੀਆਂ ਜ਼ੋਰ ਮਾਰਨਗੀਆਂ। ਬੋਧ ਨਸ਼ਟ ਹੋਏਗਾ।

ਨਾਸੈ ਗਯਾਨੰ ਮੈਥੁਨ ਚਿੱਤ ਧਰੈ।

ਅਤੇ ਜਿੰਨਾ ਬੋਧ ਨਸ਼ਟ ਹੁੰਦਾ ਹੈ ਓਨਾ ਚਿੱਤ ਵਿਚ ਸਿਵਾਏ ਕਾਮਵਾਸਨਾ ਦੇ ਕੁਝ ਵੀ ਨਹੀਂ ਰਹਿ ਜਾਂਦਾ। ਇਸ ਗੱਲ ਨੂੰ ਸਮਝਣਾ। ਬੋਧ ਦੀ ਮਾਤ੍ਰਾ ਜਿੰਨੀ ਵਧੱਦੀ ਹੈ, ਕਾਮ ਦੀ ਮਾਤ੍ਰਾ ਓਨੀ ਘੱਟ ਹੁੰਦੀ ਜਾਂਦੀ ਹੈ। ਬੋਧ ਦੀ ਮਾਤ੍ਰਾ ਜਿੰਨੀ ਘੱਟ ਹੁੰਦੀ ਜਾਂਦੀ ਹੈ, ਕਾਮ ਦੀ ਮਾਤ੍ਰਾ ਓਨੀ ਬਹੁਤੀ ਵਧੱਦੀ ਜਾਂਦੀ ਹੈ।

ਇਹ ਦੋਵੇਂ ਹਮੇਸ਼ਾਂ ਇੱਕ ਦੂਜੇ ਤੇ ਪ੍ਰਭਾਵ ਪਾਉਂਦੇ ਹਨ।

ਤੁਸੀਂ ਪ੍ਰਯੋਗ ਕਰਕੇ ਵੇਖਣਾ। ਜੇਕਰ ਤੁਸੀਂ ਜ਼ਿਆਦਾ ਭੋਜਨ ਕਰ ਲਓਗੇ ਤਾਂ ਮੂਰਛਾ ਪਕੜੇਗੀ, ਝੱਟ-ਪੱਟ ਨੀਂਦ ਆਉਂਣ ਲਗੇਗੀ। ਇਸ ਲਈ ਭੋਜਨ ਤੋਂ ਬਾਅਦ ਨੀਂਦ ਆਉਂਣ ਲਗਦੀ ਹੈ। ਕਿਸੇ ਰਾਤ ਬਿਨਾਂ ਭੋਜਨ ਕੀਤੇ ਰਹਿ ਜਾਓ ਤਾਂ ਰਾਤ ਭਰ ਨੀਂਦ ਨਹੀਂ ਆਏਗੀ। ਕਿਉਂਕਿ ਭੋਜਨ ਹੀ ਨਹੀਂ ਕੀਤਾ ਤਾਂ ਮੂਰਛਾ ਨਹੀਂ ਪਕੜੇਗੀ। ਇਸ ਲਈ ਉਪਵਾਸ ਜੋ ਕਰਦਾ ਹੈ ਉਸ ਨੂੰ ਨੀਂਦ ਨਹੀਂ ਆਉਂਦੀ ਜਾਂ ਨੀਂਦ ਘੱਟ ਹੋ ਜਾਂਦੀ ਹੈ। ਬੁਢਾਪੇ ਵਿਚ ਨੀਂਦ ਘੱਟ ਹੋ ਜਾਂਦੀ ਹੈ, ਕਿਉਂਕਿ ਭੋਜਨ ਘੱਟ ਹੋ ਜਾਂਦਾ ਹੈ। ਸ਼ਰੀਰ ਭੋਜਨ ਜ਼ਿਆਦਾ ਨਹੀਂ ਪਚਾ ਸਕਦਾ। ਉਮਰ ਖ਼ਤਮ ਹੋਣ ਲਗੀ ਤਾਂ ਨੀਂਦ ਦੀ ਵੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ। ਨੀਂਦ ਦੇ ਨਾਲ ਮੂਰਛਾ ਵਧੱਦੀ ਹੈ।ਨੀਂਦ ਵਿਚ ਜ਼ਰੂਰੀ ਹੈ ਕਿ ਤੁਹਾਡੀ ਦੇਹ ਤੁਹਾਡੀ ਆਤਮਾ ਨਾਲੋਂ ਤਾਕਤਵਰ ਹੋ ਜਾਏ, ਤਾਂ ਹੀ ਨੀਂਦ ਵੱਧ ਸਕਦੀ ਹੈ। ਭੋਜਨ ਕਰਦੇ ਹੋ ਤਾਂ ਦੇਹ ਵਧੱਦੀ ਹੈ ਆਤਮਾ ਨਿਰਬਲ ਹੁੰਦੀ ਹੈ। ਜ਼ਿਆਦਾ ਭੋਜਨ ਕਰਦੇ ਹੋ ਤਾਂ ਦੇਹ ਬਹੁਤ ਬੋਝਲ ਹੋ ਜਾਂਦੀ ਹੈ, ਤੰਦ੍ਰਾ (ਬੇਹੋਸ਼ੀ ਜਿਹੀ ਹਾਲਤ) ਵਿਚ ਪੈ ਜਾਣਾ ਪੈਂਦਾ ਹੈ।

ਜਿਵੇਂ-ਜਿਵੇਂ ਹੋਸ਼ ਵੱਧੇਗਾ, ਉਵੇਂ-ਉਵੇਂ ਤੁਸੀਂ ਪਾਓਗੇ ਕਿ ਕਾਮ-ਵਾਸਨਾ ਘੱਟ ਹੋਣ ਲਗੀ, ਕਿਉਂਕਿ ਦੇਹ ਦਾ ਬਲ (ਜ਼ੋਰ) ਆਤਮਾ ਤੇ ਘੱਟ ਹੋਣ ਲਗਾ। ਇਸ ਲਈ ਗੋਰਖ ਜਾਂ ਮੈਂ ਤੁਹਾਨੂੰ ਕਾਮਵਾਸਨਾ ਨਾਲ ਲੜਨ ਲਈ ਨਹੀਂ ਕਹਿੰਦੇ ਹਾਂ। ਕਹਿੰਦੇ ਹਾਂ ਬੋਧ ਵਿਚ ਜਾਗਣ ਲਈ, ਜ਼ਿਆਦਾ ਜਾਗਰੂਕ ਬਣੋ। ਜੋ ਵੀ ਕਰੋ, ਜਾਗਰੂਕਤਾ ਨਾਲ ਕਰੋ। ਕਾਮਵਾਸਨਾ ਵਿਚ ਵੀ ਉਤਰੋ ਤਾਂ ਜਾਗਰੂਕਤਾ ਨਾਲ ਉਤਰੋ, ਹੋਸ਼ਪੂਰਵਕ ਉਤਰੋ। ਅਤੇ ਤੁਸੀਂ ਹੈਰਾਨ ਹੋ ਜਾਓਗੇ ਕਿ ਜਿਵੇਂ-ਜਿਵੇਂ ਹੋਸ਼ ਵੱਧੇਗਾ ਤਿਵੇਂ-ਤਿਵੇਂ ਕਾਮਵਾਸਨਾ ਆਪਣੇ-ਆਪ ਛੀਣ (ਮੁਕਣਾ) ਹੋ ਜਾਏਗੀ। ਇੱਕ ਦਿਨ ਤੁਸੀਂ ਅਚਾਨਕ ਪਾਓਗੇ ਬਿਨਾਂ ਦਬਾਏ, ਬਿਨਾਂ ਲੜੇ, ਕਾਮਵਾਸਨਾ ਕਿੱਥੇ ਗਾਇਬ ਹੋ ਗਈ, ਪਤਾ ਹੀ ਨਹੀਂ ਚਲਦਾ। ਲਭਣ ਜਾਂਦੇ ਹੋ ਅੰਦਰ ਮਿਲਦੀ ਹੀ ਨਹੀਂ। ਸਭ ਪਾਸੇ ਅੰਦਰ ਪ੍ਰਕਾਸ਼ ਹੋ ਗਿਆ ਹੈ—ਜਾਗਰਣ ਦਾ। ਕਾਮਵਾਸਨਾ ਅਤੇ ਧਿਆਨ ਦਾ ਅਜਿਹਾ ਹੀ ਸੰਬੰਧ ਹੈ, ਜਿਸ ਤਰ੍ਹਾਂ ਰੌਸ਼ਨੀ ਅਤੇ ਹਨੇਰੇ ਦਾ।

ਰੌਸ਼ਨੀ ਜਲ ਜਾਏ ਹਨੇਰਾ ਸਮਾਪਤ। ਹਨੇਰੇ ਨੂੰ ਹਟਾਉਂਣ ਦੀ ਲੋੜ ਨਹੀਂ, ਕੌਣ ਹਟਾ ਪਾਏਗਾ ਕਿਵੇਂ ਹਟਾ ਪਾਏਗਾ? ਹਨੇਰਾ ਕੋਈ ਹਟਾ ਸਕਦਾ ਹੈ, ਸਿਰਫ਼ ਦੀਵਾ ਜਗਾਉਂਣਾ ਹੁੰਦਾ ਹੈ। ਇਸ ਲਈ ਜੋ ਲੋਗ ਕਾਮਵਾਸਨਾ ਨਾਲ ਲੜ ਰਹੇ ਹਨ, ਬਹੁਤ ਮੂਰਖਤਾਪੂਰਣ ਕੰਮ ਵਿਚ ਲਗੇ ਹਨ। ਲੜਨ ਨਾਲ ਵਾਸਨਾ ਹੋਰ ਵੱਧੇਗੀ, ਤੁਸੀਂ ਹੋਰ ਗ੍ਰਸਿਤ (ਡੁੱਬਣਾ) ਹੋ ਜਾਓਗੇ। ਹਨੇਰੇ ਨਾਲ ਲੜਕੇ ਕੋਈ ਕਦੇ ਜਿਤਿਆ ਨਹੀਂ। ਤਲਵਾਰ ਨਾਲ ਵੱਢੋ ਤਾਂ ਕੰਮ ਨਹੀਂ ਆਏਗੀ। ਡੰਡੇ ਮਾਰੋ, ਕੁਝ ਅਰਥ ਨਹੀਂ ਹੋਏਗਾ। ਧੱਕੇ ਲਾਓ, ਸਾਰੇ ਪਿੰਡ ਦੇ ਪਹਿਲਵਾਨਾਂ ਨੂੰ ਇਕੱਠਾ ਕਰ ਲਓ, ਇੱਕ ਨਿੱਕੀ ਜਿਹੀ ਕੋਠੜੀ ਦਾ ਹਨੇਰਾ ਬਾਹਰ ਨਹੀਂ ਕੱਢ ਪਾਓਗੇ। ਅਤੇ ਇੱਕ ਨਿੱਕਾ ਜਿਹਾ ਦੀਵਾ ਬਾਲੋ ਅਤੇ ਸਾਰਾ ਹਨੇਰਾ ਕਿੱਥੇ ਗਿਆ, ਪਤਾ ਨਹੀਂ ਚਲਦਾ। ਹਨੇਰਾ ਕੁਝ ਹੈ ਥੋੜ੍ਹੇ ਹੀ, ਹਨੇਰਾ ਨਕਾਰ ਹੈ। ਹਨੇਰਾ ਕੇਵਲ ਅਭਾਵ ਹੈ, ਪਰਕਾਸ਼ ਦੀ ਅਨੁਪਸਥਿਤੀ (ਨ ਮੌਜੂਦਗੀ) ਹੈ। ਪਰਕਾਸ਼ ਉਪਸਥਿਤ (ਮੌਜੂਦ) ਹੋ ਗਿਆ, ਗੱਲ ਹੋ ਗਈ। ਨ ਤਾਂ ਹਨੇਰਾ ਸੀ, ਨ ਕਿੱਤੇ ਗਿਆ; ਸਿਰਫ਼ ਪ੍ਰਕਾਸ਼ ਨਹੀਂ ਸੀ, ਪ੍ਰਕਾਸ਼ ਆ ਗਿਆ।

ਕਾਮਵਾਸਨਾ ਧਿਆਨ ਦੀ ਨਾਮੌਜੂਦਗੀ ਹੈ। ਧਿਆਨ ਦਾ ਦੀਵਾ ਜਗ ਜਾਏ, ਬਸ ਕਾਮਵਾਸਨਾ ਗਈ। ਮੈਨੂੰ ਲੋਗ ਇੱਥੇ ਪੁੱਛਦੇ ਹਨ ਕਿ ਤੁਸੀਂ ਲੋਕਾਂ ਨੂੰ ਬ੍ਰਹਮਚਰਿਯ ਦੀ ਸਿਖਿਆ ਕਿਉਂ ਨਹੀਂ ਦਿੰਦੇ? ਬ੍ਰਹਮਚਰਿਯ ਦੀ ਸਿਖਿਆ ਦਿੱਤੀ ਹੀ ਨਹੀਂ ਜਾ ਸਕਦੀ; ਸਿਖਿਆ ਕੇਵਲ ਧਿਆਨ ਦੀ ਦਿੱਤੀ ਜਾ ਸਕਦੀ ਹੈ। ਬ੍ਰਹਮਚਰਿਯ ਤਾਂ ਪਰਿਣਾਮ ਹੈ। ਜਿਵੇਂ-ਜਿਵੇਂ ਧਿਆਨ ਗੂੜ੍ਹਾ (ਸਘਨ) ਹੁੰਦਾ ਜਾਂਦਾ ਹੈ ਬ੍ਰਹਮਚਰਿਯ ਆਪਣੇ-ਆਪ ਫ਼ਲਿਤ ਹੋਏਗਾ। ਸਾਰੀ ਮੇਹਨਤ ਧਿਆਨ ਉੱਤੇ ਕਰਨੀ ਹੈ।

ਜੋ ਬ੍ਰਹਮਚਰਿਯ ਤੇ ਸਿੱਧੀ ਕੋਸ਼ਿਸ਼ ਕਰੇਗਾ, ਉਹ ਬ੍ਰਹਮਚਰਿਯ ਦੇ ਨਾਂ ਉੱਤੇ ਕਾਮਵਾਸਨਾ ਨੂੰ ਦਬਾ ਕੇ ਬੈਠ ਜਾਏਗਾ। ਅਤੇ ਬ੍ਰਹਮਚਰਿਯ ਤਾਂ ਨਹੀਂ ਹੋਇਗਾ, ਉਪੱਰ-ਉਪੱਰ ਹੋਇਗਾ, ਅੰਦਰ ਆਤਮਾ ਵਿਚ ਵਾਸਨਾ ਦੇ ਕੀੜੇ-ਮਕੌੜੇ ਸਰਕਣਗੇ।

ਅੰਦਰ ਵਾਸਨਾ ਦੇ ਸੱਪ ਫ਼ਨ ਉਠਾਉਂਣਗੇ। ਉਸਦੀ ਜ਼ਿੰਦਗੀ ਬਹੁਤ ਅਸਹਿਜ ਹੋ ਜਾਏਗੀ, ਉਸਦੀ ਜ਼ਿੰਦਗੀ ਬਹੁਤ ਕਠਿਨ ਹੋ ਜਾਏਗੀ। ਉਸਦੇ ਜੀਵਨ ਵਿਚ ਸ਼ਾਂਤੀ ਪੈਦਾ ਨਹੀਂ ਹੋਵੇਗੀ, ਨ ਸਮਰਸਤਾ ਆਏਗੀ; ਉਹ ਤਾਂ ਬਹੁਤ ਦਵਿੰਧ ਵਿਚ ਘਿਰ ਜਾਏਗਾ। ਇੱਕ ਲਗਾਤਾਰ ਕਲਹ ਉਨ੍ਹਾਂ ਦੇ ਅੰਦਰ ਚਲਦੀ ਰਹੇਗੀ ਅਤੇ ਉਲਝਨ ਵਿਚ ਕਿਵੇਂ ਪਰਮਾਤਮਾ ਦਾ ਅਨੁਭਵ ਹੋ ਸਕਦਾ ਹੈ? ਚਿੱਤ ਨਿਰ ਦਵਿੰਧ (ਦੁਵਧਾ ਤੋਂ ਪਰੇ) ਚਾਹੀਦਾ ਹੈ ਤਾਂ ਹੀ ਪਰਮਾਤਮਾ ਦੀ ਪ੍ਰਤੀਤਿ ਹੋ ਸਕਦੀ ਹੈ।

ਅਤਿ ਅਹਾਰ ਯੰਦ੍ਰੀ ਬਲ ਕਰੈ, ਨਾਸੈ ਗਯਾਨ ਮੈਥੁਨ ਚਿੱਤ ਧਰੈ।
ਬਯਾਪੈ ਨਯੰਦ੍ਰਾ ਝਾਂਪੈ ਕਾਲ ...।

ਨੀਂਦ ਪਕੜ ਲੈਂਦੀ ਹੈ ਮੌਤ ਪਕੜ ਲੈਂਦੀ ਹੈ।

ਤਾਕੈ ਹਿਰਦੈ ਸਦਾ ਜੰਜਾਲ। ਅਤੇ ਫ਼ਿਰ ਅੰਦਰ ਸਦਾ ਜੰਜਾਲ ਬਣਿਆ ਰਹਿੰਦਾ ਹੈ, ਇੱਕ ਉਪੱਦਰ ਮਚਿਆ ਰਹਿੰਦਾ ਹੈ। ਇੱਕ ਪਾਗਲਪਨ ਵਧੱਦਾ ਚਲਾ ਜਾਂਦਾ ਹੈ। ਤੁਸੀਂ ਜ਼ਰਾ ਆਪਣੇ ਅੰਦਰ ਝਾਕ ਕੇ ਵੇਖੋ ਕਿੰਨੇ ਜਿਹੇ ਪਾਗਲ ਹੋ ! ਓਥੇ ਪਾਗਲਪਨ ਚਲ ਰਿਹਾ

ਹੈ। ਇਸ ਪਾਗਲਪਨ ਦੇ ਰਹਿੰਦੇ ਤੁਸੀਂ ਕਿਵੇਂ ਜਾਣ ਸਕੋਗੇ ਸਤਯ ਨੂੰ, ਅਸੰਭਵ ਹੈ ! ਇਹ ਪਾਗਲਪਨ ਜਾਣਾ ਚਾਹੀਦਾ ਹੈ।

ਅਤੇ ਇਹ ਪਾਗਲਪਨ ਇੱਕ ਹੀ ਉਪਾਇ ਨਾਲ ਜਾਂਦਾ ਹੈ—

ਹੰਸਿਬਾ ਖੇਲਿਬਾ ਧਰਿਬਾ ਧਿਆਨੰ।

ਹੱਸੋ, ਖੇਡੋ, ਨੱਚੋ, ਮਸਤ ਹੋਏ ਅਤੇ ਧਿਆਨ ਧਰੋ। ਬਸ ਇਹ ਚਲਾ ਜਾਂਦਾ ਹੈ।

ਦੂਧਾਧਾਰੀ ਪਰਿਘਰਿ ਚਿੱਤ ...। ਕੁਝ ਹਨ ਜਿਨ੍ਹਾਂ ਨੇ ਤੈਅ ਕਰ ਲਿਆ ਹੈ ਕਿ ਦੁੱਧ ਹੀ ਲੈਣਗੇ ਸੋਚਦੇ ਹਨ ਦੁੱਧ ਸ਼ੁੱਧ ਆਹਾਰ ਹੈ।

ਮੈਂ ਰਾਇਪੁਰ ਵਿਚ ਕੁਝ ਦਿਨ ਮਹਿਮਾਨ ਸੀ। ਉਥੇ ਇੱਕ ਮੱਠ ਹੈ—ਦੂਧਾਧਾਰੀ ਮੱਠ। ਉਥੇ ਸਿਰਫ਼ ਦੁੱਧ ਹੀ ਪੀਂਦੇ ਹਨ ਲੋਗ। ਲੋਗ ਸੋਚਦੇ ਹਨ ਦੁੱਧ ਨਾਲ ਭੀ ਸਭ ਠੀਕ ਹੋ ਜਾਏਗਾ। ਪਾਗਲ ਹੋ ਗਏ ਹੋ? ਪਹਿਲੀ ਤਾਂ ਗੱਲ, ਤੁਸੀਂ ਜੋ ਦੁੱਧ ਪੀ ਰਹੇ ਹੋ ਉਹ ਤੁਹਾਡੇ ਲਈ ਬਣਾਇਆ ਨਹੀਂ ਗਿਆ ਹੈ। ਗਾਂ ਦਾ ਪਿਓਗੇ ਨ, ਉਹ ਬਣਾਇਆ ਗਿਆ ਸੀ ਬਛੜਿਆਂ ਲਈ। ਉਸ ਤੋਂ ਸਾਂਢ ਪੈਦਾ ਹੁੰਦੇ ਹਨ। ਦੁੱਧ ਸ਼ੁੱਧ ਆਹਾਰ ਨਹੀਂ ਹੈ। ਦੁੱਧ ਨਾਲ ਕਾਮਵਾਸਨਾ ਜਾਗੇਗੀ। ਅਤੇ ਕਾਮਵਾਸਨਾ ਵੀ ਉਹੋ-ਜਿਹੀ ਜਿਹੋ-ਜਿਹੀ ਸਾਂਢ ਦੀ ਹੁੰਦੀ ਹੈ। ਛੋਟੀ ਮੋਟੀ ਨਹੀਂ, ਕਿਉਂਕਿ ਉਹ ਬਣਾਇਆ ਸਾਂਢ ਦੇ ਲਈ, ਪਰਮਾਤਮਾ ਨੇ ਤੁਹਾਡੇ ਲਈ ਬਣਾਇਆ ਨਹੀਂ ਹੈ। ਅਤੇ ਦੁੱਧ ਦੀ ਪ੍ਰਕ੍ਰਿਤੀ ਵਿਚ ਵਿਵਸਥਾ ਹੈ ਕਿ ਬੱਚੇ ਨੂੰ ਮਿਲੇ ਜਦ ਤੱਕ ਬੱਚਾ ਭੋਜਨ ਨ ਪਚਾਉਂਣ ਲਗੇ ਤਦ ਤੱਕ ਮਿਲੇ। ਕੋਈ ਪਸ਼ੂ ਇੱਕ ਉਮਰ ਤੋਂ ਬਾਅਦ ਦੁੱਧ ਨਹੀਂ ਪੀਂਦਾ। ਸਿਵਾਇ ਆਦਮੀ ਨੂੰ ਛੱਡ ਕੇ। ਆਦਮੀ ਅਸਭਾਵਿਕ ਵਿਹਾਰ ਕਰ ਰਿਹਾ ਹੈ। ਤਾਂ ਚਾਹ ਵਗੈਰਾ ਵਿਚ, ਕਾਫ਼ੀ ਵਿਚ ਥੋੜ੍ਹਾ ਬਹੁਤ ਪਾ ਲਓ ਤਾਂ ਚਲੇਗਾ, ਲੇਕਿਨ ਦੁਧਾਧਾਰੀ ਨ ਹੋ ਜਾਣਾ।

ਕਿਉਂਕਿ ਜਦ ਮੈਂ ਰਾਇਪੁਰ ਵਿਚ ਸੀ ਤਾਂ ਦੂਧਾਧਾਰੀ ਮੱਠ ਦੇ ਇੱਕ ਮਹੰਤ ਮੈਨੂੰ ਮਿਲਣ ਆਏ। ਉਨ੍ਹਾਂ ਨੇ ਕਿਹਾ, ਕਾਮਵਾਸਨਾ ਤੇ ਕਿਵੇਂ ਜਿੱਤ ਹੋਵੇ ?

ਮੈਂ ਕਿਹਾ ਪਹਿਲਾਂ ਇਹ ਦੂਧਾਹਾਰ ਤਾਂ ਛੱਡੋ, ਇਹ ਮੱਠ ਛੱਡੋ। ਨਹੀਂ ਤਾਂ ਆਦਮੀ ਤਾਂ ਆਦਮੀ, ਤੂੰ ਸਾਂਢ ਹੋ ਜਾਏਗਾ। ... ਅਤੇ ਦੁੱਧ ਹੀ ਦੁੱਧ ਪੀ ਰਹੇ ਹੋ। ਲੋਗ ਲੈ ਜਾ ਰਹੇ ਹਨ ਦੁੱਧ ਕਿ ਸੰਤਜਨ ਹਨ, ਇਨ੍ਹਾਂ ਨੂੰ ਦੁੱਧ ਹੀ ਦੁੱਧ ... ਸ਼ੁੱਧ ਆਹਾਰ।

ਦੁੱਧ ਵਿਚ ਕੀ ਸ਼ੁੱਧ ਹੈ?

ਹੁਣੇ ਕੁਝ ਦਿਨ ਪਹਿਲਾਂ ਅਖ਼ਬਾਰਾਂ ਵਿਚ ਖ਼ਬਰ ਸੀ ਕਿ ਜਾਪਾਨ ਵਿਚ ਦੁੱਧ ਦੇ ਦੁਆਰਾ ਮਾਸ ਨਿਰਮਿਤ ਕੀਤਾ ਗਿਆ ਹੈ। ਕਿਉਂਕਿ ਦੁੱਧ ਖ਼ੂਨ ਦਾ ਹਿੱਸਾ ਹੈ, ਇਸ ਲਈ ਮਾਂਸ ਨਿਰਮਿਤ ਹੋ ਸਕਦਾ ਹੈ। ਸਫ਼ਲ ਹੋ ਗਏ ਹਨ ਵਿਗਿਆਨਿਕ ਦੁੱਧ ਤੋਂ ਮਾਂਸ ਨੂੰ ਬਨਾਉਂਣ ਵਿਚ। ਜਾਪਾਨ ਦੇ ਬਾਜ਼ਾਰ ਵਿਚ ਦੋ-ਤਿੰਨ ਮਹੀਨਿਆਂ ਦੇ ਅੰਦਰ ਦੁੱਧ ਤੋਂ ਬਣਿਆ ਚਿੱਟਾ ਮਾਂਸ ਉਪਲਬੱਧ ਹੋ ਜਾਏਗਾ।

ਕਿਉਂਕਿ ਦੁੱਧ ਵਿਚ ਉਹ ਹੀ ਤੱਤ ਹਨ ਜੋ ਮਾਂਸ ਵਿਚ ਹਨ। ਇਸ ਲਈ ਤਾਂ ਦੁੱਧ ਪੀਣ ਨਾਲ ਮਾਂਸ ਵੱਧ ਜਾਂਦਾ ਹੈ, ਆਦਮੀ ਮੋਟਾ-ਤਕੜਾ ਹੋ ਜਾਂਦਾ ਹੈ। ਤੁਸੀਂ ਕੀ ਸੋਚਦੇ ਹੋ ਮਾਂ ਦੇ ਪੇਟ ਤੋਂ ਬੱਚਾ ਪੈਦਾ ਹੁੰਦਾ ਹੈ ਤਾਂ ਦੁੱਧ ਕਿੱਥੋਂ ਆ ਜਾਂਦਾ ਹੈ? ਉਸਦਾ ਖ਼ੂਨ ਉਸਦੇ ਸਤਨ

ਦੀ ਪ੍ਰਕ੍ਰਿਯਾ ਤੋਂ ਲੰਘ ਕੇ ਦੁੱਧ ਬਨਣ ਲਗਦਾ ਹੈ। ਇਸ ਤਰ੍ਹਾਂ ਬੱਚੇ ਲਈ ਖ਼ੂਨ ਮਿਲ ਰਿਹਾ ਹੈ। ਅਤੇ ਬੱਚਾ ਹੋਰ ਕੁਝ ਪਚਾ ਨਹੀਂ ਸਕਦਾ, ਇਸ ਲਈ ਅੱਜੇ ਠੀਕ ਹੈ। ਦੁੱਧ ਵਿਚ ਕੁਝ ਅਜਿਹੀ ਪਵਿੱਤ੍ਰਤਾ ਨਹੀਂ ਹੈ ਜਿਵੇਂ ਤੁਸੀਂ ਸੋਚਦੇ ਰਹੇ ਹੋ। ਉਸ ਤੋਂ ਬਹੁਤੀ ਪਵਿੱਤ੍ਰਤਾ ਤਾਂ ਫ਼ਲਾਂ ਵਿਚ ਹੈ। ਉਸ ਤੋਂ ਜ਼ਿਆਦਾ ਪਵਿੱਤ੍ਰਤਾ ਤਾਂ ਕਣਕ, ਚਾਵਲ, ਛੋਲਿਆਂ ਵਿਚ ਹੈ।

ਗੋਰਖ ਕਹਿੰਦੇ ਹਨ, ਦੂਧਾਧਾਰੀ ਪਰਿਘਰਿ ਚਿੱਤ ...।

ਦੂਧਾਧਾਰੀ ਨ ਬਣ ਜਾਣਾ। ਨਹੀਂ ਤਾਂ ਦੂਧਾਧਾਰੀ ਦਾ ਹਮੇਸ਼ਾ ਇਹ ਹੀ ਧਿਆਨ ਲਗਾ ਰਹਿੰਦਾ ਹੈ—ਕਿਸ ਦੇ ਘਰੋਂ ਦੁੱਧ ਮਿਲੇਗਾ, ਕਿਸ ਦੇ ਘਰ ਤੋਂ ਨਹੀਂ ਮਿਲੇਗਾ?

ਪਰਿਘਰਿ ਚਿੱਤ। ਉਸ ਦਾ ਧਿਆਨ ਦੂਜੇ ਦੇ ਘਰ ਤੇ ਲਗਾ ਰਹਿੰਦਾ ਹੈ।

ਕਿਸ ਦੀ ਗਾਂ ਚੰਗੀ ਹੈ ਕਿਸ ਦੀ ਬੁਰੀ ...।

ਇੱਕ ਵਾਰੀ ਮੈਂ ਇੱਕ ਸੰਤ ਦੇ ਨਾਲ ਯਾਤ੍ਰਾ ਕਰ ਰਿਹਾ ਸੀ, ਉਹ ਸਿਰਫ਼ ਚਿੱਟੀ ਗਾਂ ਦਾ ਹੀ ਦੁੱਧ ਪੀਂਦੇ ਹਨ। ਮੈਂ ਕਿਹਾ ਤੂੰ ਪਾਗਲ ਹੋ ਗਿਆ ਹੈਂ, ਤੂੰ ਕੁਝ ਤਾਂ ਅਕਲ ਦੀ ਗੱਲ ਕਰ; ਕਾਲ਼ੀ ਗਾਂ ਹੋਣ ਨਾਲ ਦੁੱਧ ਥੋੜ੍ਹੇ ਹੀ ਕਾਲਾ ਹੋ ਜਾਂਦਾ ਹੈ, ਦੁੱਧ ਤਾਂ ਚਿੱਟਾ ਹੀ ਹੁੰਦਾ ਹੈ। ਕਾਲ਼ੀ ਗਾਂ ਹੋਣ ਨਾਲ ਡੱਰ ਹੈ ਕਿੱਤੇ ਕੁਝ ਕਾਲਖ ਨ ਆ ਜਾਏ ਦੁੱਧ ਵਿਚ ! ਨਹੀਂ; ਉਨ੍ਹਾਂ ਨੇ ਕਿਹਾ : ਨਹੀਂ, ਮੈਂ ਤਾਂ...। ਮੇਰੇ ਗੁਰੂ ਨੇ ਕਿਹਾ ਹੈ ਚਿੱਟੀ ਗਾਂ ਦਾ ਦੁੱਧ। ਗਾਂ ਦੀ ਚਮੜੀ ਚਿੱਟੀ ਜਾਂ ਕਾਲ਼ੀ, ਇਸ ਨਾਲ ਕੀ ਫ਼ਰਕ ਪੈਂਦਾ ਹੈ ਦੁੱਧ ਵਿਚ? ਤਦ ਤਾਂ ਕਾਲ਼ੀਆਂ ਇਸਤ੍ਰੀਆਂ ਦਾ ਦੁੱਧ ਕਾਲਾ ਹੋ ਜਾਏ। ਦੁੱਧ ਤਾਂ ਚਿੱਟਾ ਹੈ, ਪਰ ਚਿੱਟਾ ਹੋਣ ਨਾਲ ਕੋਈ ਚੀਜ਼ ਸ਼ੁੱਧ ਥੋੜ੍ਹੇ ਹੀ ਹੋ ਜਾਂਦੀ ਹੈ। ਬਗੁਲੇ ਨਹੀਂ ਵੇਖੇ, ਖੱਦਰਧਾਰੀ ਬਗਲੇ ਨਹੀਂ ਵੇਖੇ?

ਮੁੱਲਾ ਨਸਰੁਦੀਨ ਇੱਕ ਦਿਨ ਖਾਦੀ ਦਾ ਕੁਰਤਾ ਅਤੇ ਅਚਕਨ ਅਤੇ ਖਾਦੀ ਦੀ ਟੋਪੀ ਅਤੇ ਚੂੜੀਦਾਰ ਪਾਜਾਮਾ ਪਾ ਕੇ ਬਾਜ਼ਾਰ ਵਿਚ ਨਿਕਲਿਆ। ਅਤੇ ਕਿਸੇ ਨੇ ਕਿਹਾ, ਮੁੱਲਾ, ਕੀ ਝੱਕ ਸਫ਼ੈਦ! (ਕੀ ਝਲਕ ਚਿੱਟੇ ਦੀ) ਮੁੱਲਾ ਨੇ ਕਿਹਾ : ਧੋਖੇ ਵਿਚ ਨ ਪਓ, ਕਪੜੇ ਕਿੰਨੇ ਹੀ ਚਿੱਟੇ ਹੋਣ, ਦਿਲ ਤਾਂ ਮੇਰਾ ਅੱਜੇ ਵੀ ਕਾਲਾ ਹੈ।

ਕਪੜਿਆਂ ਦੇ ਚਿੱਟਾ ਹੋਣ ਨਾਲ ਨ ਤਾਂ ਦਿਲ ਚਿੱਟਾ ਹੁੰਦਾ ਹੈ, ਨ ਚਿੱਟਾ ਦੁੱਧ ਪੀਣ ਨਾਲ ਕਿਸੇ ਦੀ ਆਤਮਾ ਸ਼ੁੱਧ ਹੋ ਜਾਏਗੀ। ਲੇਕਿਨ ਉਲਝਨਾਂ ਖੜੀਆਂ ਕਰ ਲੈਂਦੇ ਹਨ ਲੋਗ। ਇਹ ਸੰਤ ਜੋ ਮੇਰੇ ਨਾਲ ਯਾਤ੍ਰਾ ਤੇ ਗਏ, ਇਨ੍ਹਾਂ ਦੇ ਨਾਲ ਬਹੁਤ ਮੁਸੀਬਤ ਸੀ। ਪਹਿਲਾਂ ਉਹ ਗਾਂ ਵੇਖਣਗੇ ਚਾਰੇ ਪਾਸੇ ਘੁੰਮ ਕੇ ਕਿ ਕਿੱਤੇ ਕੋਈ ਕਾਲਾ ਚਿੱਟਾ (ਦਾਗ) ਵਗ਼ੈਰਾ ਤਾਂ ਨਹੀਂ ਹੈ ਗਾਂ ਦੇ ਉੱਪਰ। ਜਦ ਗਾਂ ਬਿਲਕੁੱਲ ਚਿੱਟੀ ਹੋਵੇ ਤਦ ਕੋਈ ਇਸ਼ਨਾਨ ਕਰੇ, ਫ਼ਿਰ ਦੁੱਧ ਚੋਵੇ, ਗਿੱਲੇ ਹੀ ਕਪੜੇ ਪਾਏ ਹੋਏ ਦੁੱਧ ਚੋਣਾ ਚਾਹੀਦਾ, ਤਾਂਕਿ ਇਸ਼ਨਾਨ ਦੀ ਸਥਿਤਿ ਬਣੀ ਰਹੇ। ਉਨ੍ਹਾਂ ਲਈ ਲੋਕਾਂ ਨੂੰ ਗੀਲੇ ਕਪੜੇ ਪਾਈ ਦੁੱਧ ਚੋਣਾ ਪੈਂਦਾ, ਚੋਣ ਵਾਲਾ ਕੰਬੀ ਜਾਂਦਾ ਹੈ।

ਸਰਦੀ ਦੇ ਦਿਨ, ਉਹ ਕੰਬ ਰਹੇ ਹਨ ਅਤੇ ਦੁੱਧ ਚੋ ਰਹੇ ਹਨ ...।

ਅਤੇ ਉਹ ਸੰਤ ਦੁੱਧਾਹਾਰ ਕਰ ਰਹੇ ਹਨ ਅਤੇ ਸੋਚ ਰਹੇ ਹਨ ਕਿ ਉਹ ਬਹੁਤ ਪੁੰਨ ਕਰ ਰਹੇ ਹਨ ! ਮੈਂ ਕਿਹਾ : ਤੁਸੀਂ ਨਰਕ ਵਿਚ ਪੜੋਗੇ, ਇਹ ਸਭ ਸ਼ਿਕਾਇਤਾਂ ਤੁਹਾਡੇ ਖ਼ਿਲਾਫ਼ ਕੀਤੀਆਂ ਜਾਣਗੀਆਂ। ਇਹ ਜਿਹੜੇ ਆਦਮੀ ਠੰਡ ਨਾਲ ਸੁੰਗੜ ਰਹੇ ਹਨ, ਕਿਸੇ ਨੂੰ

ਨਿਮੋਨੀਆ ਹੋ ਜਾਏ, ਕਿਸੇ ਨੂੰ ਜ਼ੁਕਾਮ-ਸਰਦੀ ਹੋ ਜਾਏ—ਇਹ ਸਭ ਤੁਹਾਡੇ ਲਈ ਕੀਤਾ ਜਾ ਰਿਹਾ ਹੈ। ਤੁਸੀਂ ਫ਼ਲ ਭੋਗੋਗੇ ਬੁਰਾ! ਤੁਸੀਂ ਹੁਣੇ ਚੌਕੰਨੇ ਹੋ ਜਾਓ। ਸਾਵਧਾਨ ਹੋ ਜਾਓ ਤਾਂ ਠੀਕ।

ਦੂਧਾਧਾਰੀ ਪਰਿਘਰਿ ਚਿੱਤ, ਨਾਗਾ ਲਕੜੀ ਚਾਹੈ ਨਿੱਤ।

ਅਤੇ ਉਹ ਜਿਹੜੇ ਨੰਗੇ ਹੋ ਗਏ ਹਨ, ਉਨ੍ਹਾਂ ਨੂੰ ਰੋਜ਼ ਲਕੜੀਆਂ ਚਾਹੀਦੀਆਂ ਜਲਾਉਣ ਨੂੰ। ਇਸ ਤੋਂ ਕੰਬਲ ਕੀ ਬੁਰਾ ਹੈ ? ਇਸ ਤੋਂ ਕਪੜੇ ਕੀ ਬੁਰੇ ਹਨ ? ਹੁਣ ਨੰਗੇ ਹੋ ਗਏ ਤਾਂ ਲਕੜੀਆਂ ਬਾਲੋ। ਇਹ ਤਾਂ ਹੋਰ ਵੱਡੀ ਹਿੰਸਾ ਹੋ ਗਈ, ਕਿਉਂਕਿ ਲਕੜੀਆਂ ਬਾਲੋ ਤਾਂ ਬ੍ਰਿਛ ਵੱਢੋ। ਅਤੇ ਉਨ੍ਹਾਂ ਦਾ ਚਿੱਤ ਇਸੇ ਵਿਚ ਲਗਾ ਰਹਿੰਦਾ ਹੈ ਕਿ ਲਕੜੀਆਂ ਮਿਲਣਗੀਆਂ ਅੱਜ ਕਿ ਨਹੀਂ। ਉਨ੍ਹਾਂ ਨੂੰ ਚੌਵੀ ਘੰਟੇ ਲਕੜੀ ਦੀ ਧੂਣੀ ਚਾਹੀਦੀ, ਕਿਉਂਕਿ ਉਹ ਨੰਗੇ ਹੋ ਗਏ ਹਨ। ਅਤੇ ਅੱਗ ਬਾਲ ਰਹੇ ਹਨ ਅਤੇ ਅੱਗ ਵਿਚ ਕਿੰਨੇ ਕਿਟਾਣੂ ਮਰ ਰਹੇ ਹਨ। ਬ੍ਰਿਛ ਕਟੇ, ਅੱਗ ਵਿਚ ਕੀਟਾਣੂ ਮਰਨ ... ਤੁਸੀਂ ਕਪੜੇ ਹੀ ਪਾਈ ਰਖੱਦੇ ਤਾਂ ਕੀ ਬੁਰਾ ਸੀ? ਕਿਉਂ ਪਰੇਸ਼ਾਨੀਆਂ ਖੜੀਆਂ ਕਰ ਰਹੇ ਹੋ?

ਗੋਰਖ ਕਹਿੰਦੇ ਹਨ: ਸਹਜ ਜੀਵਨ ਚਾਹੀਦਾ। ਇਹ ਸਭ ਅਸਹਜਤਾਵਾਂ ਹਨ। ਹੁਣ ਵਿਅਰਥ ਦੀਆਂ ਗੱਲਾਂ ਦੀ ਚਿੰਤਾ ਪਕੜੀ ਹੈ ਕਿ ਲਕੜੀ ਮਿਲੇਗੀ ਅੱਜ ਕਿ ਨਹੀਂ ਮਿਲੇਗੀ, ਚਿੱਟੀ ਗਾਂ ਮਿਲੇਗੀ ਕਿ ਨਹੀਂ ਮਿਲੇਗੀ, ਦੁੱਧ ਮਿਲੇਗਾ, ਕਿੰਨਾ ਮਿਲੇਗਾ, ਪੂਰਾ ਮਿਲੇਗਾ ਕਿ ਨਹੀਂ ਮਿਲੇਗਾ? ਜੀਵਨ ਨੂੰ ਸਰਲ ਬਣਾਓ, ਜਟਿਲ ਨਹੀਂ। ਸਹਿਜ ਬਣਾਓ, ਸਾਧਾਰਣ ਬਣਾਓ। ਵਿਅਰਥ ਦੀਆਂ ਗੱਲਾਂ ਦੀ ਚਿੰਤਾ ਆਪਣੇ ਸਿਰ ਤੇ ਮੁੱਲ ਨ ਲਓ।

ਮੋਨੀ ਕਰੈ ਮਯੰਤ੍ਰ ਕੀ ਆਸ ...। ਅਤੇ ਉਹ ਜਿਹੜਾ ਮੋਨੀ ਹੁੰਦਾ ਹੈ ਉਹ ਚਾਹੁੰਦਾ ਹੈ ਕੋਈ ਉਸ ਦੇ ਨਾਲ ਟੁੱਰੇ, ਉਸ ਨੂੰ ਮਿਤ੍ਰ ਦੀ ਆਸ ਰਹਿੰਦੀ ਹੈ। ਇੱਕ ਮਿਤ੍ਰ ਮੈਨੂੰ ਮਿਲਣ ਆਏ, ਮੋਨੀ ਸਾਧੂ ! ਨਾਲ ਇੱਕ ਨੂੰ ਲੈ ਕੇ ਆਏ। ਉਹ ਉਸ ਨੂੰ ਇਸ਼ਾਰਾ ਕਰਨ ਉਹ ਮੈਨੂੰ ਦੱਸੇ। ਮੈਂ ਕਿਹਾ : ਤੂੰ ਸਿੱਧਾ ਕਿਉਂ ਨਹੀਂ ਬੋਲਦਾ? ਉਸਦੇ ਮਿਤ੍ਰ ਨੇ ਕਿਹਾ ਕਿ ਨਹੀਂ, ਉਹ ਮੋਨੀ ਹਨ, ਉਹ ਸਿੱਧੇ ਨਹੀਂ ਬੋਲਦੇ। ਮੈਂ ਕਿਹਾ : ਇਹ ਇੱਕ ਹੋਰ ਝੰਜਟ ਹੋ ਗਈ। ਹੁਣ ਇਹ ਜਿੱਥੇ ਜਾਣ ਤੈਨੂੰ ਜਾਣਾ ਪੈਂਦਾ ਹੋਏਗਾ। ਉਨ੍ਹਾਂ ਨੇ ਕਿਹਾ : ਹਾਂ, ਜਾਣਾ ਪੈਂਦਾ ਹੈ।

ਫਿਰ ਮੋਨੀ ਮਹਾਰਾਜ ਪੈਸਾ ਵੀ ਨਹੀਂ ਛੂੰਹਦੇ, ਪੈਸਾ ਮੈਨੂੰ ਰਖੱਣਾ ਪੈਂਦਾ ਹੈ। ਰਿਕਸ਼ਾ ਵਿਚ ਬੈਠੋ, ਟੈਕਸੀ ਵਿਚ ਬੈਠੋ, ਤਾਂ ਪੈਸੇ ਤਾਂ ਦੇਣੇ ਪੈਣਗੇ; ਇਹ ਛੂੰਹਦੇ ਹੀ ਨਹੀਂ ਪੈਸਾ।

ਪਰ ਪੈਸਾ ਕਿਸ ਦਾ ਹੈ, ਮੈਂ ਪੁੱਛਿਆ।

ਪੈਸਾ ਤਾਂ ਇਨ੍ਹਾਂ ਦਾ ਹੀ ਹੈ। ਲੋਗ ਇਨ੍ਹਾਂ ਨੂੰ ਦਿੰਦੇ ਹਨ, ਰਖੱਦਾ ਮੈਂ ਹਾਂ। ਲੋਗ ਇਨ੍ਹਾਂ ਦੇ ਪੈਰਾਂ ਵਿਚ ਚੜ੍ਹਾ ਜਾਂਦੇ ਹਨ; ਮੈਂ ਛੇਤੀ ਦੇਣੀ ਇਕੱਠਾ ਕਰ ਲੈਂਦਾ ਹਾਂ।

ਮੈਂ ਕਿਹਾ : ਮੋਨੀ ਮਹਾਰਾਜ ਹਿਸਾਬ ਰਖੱਦੇ ਹਨ ? ਉਹ ਕਹਿਣ ਲਗਾ, ਹੁਣ ਤੁਹਾਡੇ ਕੋਲੋਂ ਕੀ ਲੁੱਕਾਉਣਾ, ਉਹ ਵੇਖਦੇ ਰਹਿੰਦੇ ਹਨ, ਗਿਣਤੀ ਕਰਦੇ ਰਹਿੰਦੇ ਹਨ, ਕਿੰਨੇ ਨੋਟ ਆਏ। ਹਥ ਨਾਲ ਇਸ਼ਾਰਾ ਕਰਕੇ ਦਸ ਦਿੰਦੇ ਹਨ ਕਿ ਪੰਜ, ਸੰਭਾਲ ਕੇ ਰਖੱਣਾ। ਕਿਉਂ ਫਿਜ਼ੂਲ ਦੀ ਬਕਵਾਸ ! ਜਦ ਤੁਸੀਂ ਗਿਣਤੀ ਕਰਨੀ ਹੈ ਤਾਂ ਖ਼ੁਦ ਹੀ ਕਰੋ, ਖ਼ੁਦ ਹੀ ਜੇਬ੍ਹ ਵਿਚ ਰੱਖੋ। ਗਿਣਤੀ ਖ਼ੁਦ ਕਰਨੀ, ਅਤੇ ਜੇਬ੍ਹ ਵਿਚ ਦੂਜੇ ਦੇ ਰਖੱਵਾਉਣਾ ਅਤੇ

ਫ਼ਿਰ ਚਿੰਤਾ ਵਿਚ ਪਏ ਰਹਿਣਾ, ਕਿ ਕਿੱਤੇ ਭੱਜ ਨ ਜਾਏ, ਕਿੱਤੇ ਸਵੇਰੇ ਬਦਲ ਨ ਜਾਏ।

ਮੈਂ ਕਿਹਾ : ਕਿ ਕੱਲ੍ਹ ਤੁਸੀਂ ਧਿਆਨ ਕਰਨ ਲਈ ਆ ਜਾਣਾ। ਬੰਬਈ ਦੀ ਘਟਨਾ ਹੈ, ਬਿੜਲਾਮਾਤੁਸ਼੍ਰੀ ਵਿਚ ਧਿਆਨ ਦਾ ਪ੍ਰਯੋਗ ਚਲ ਰਿਹਾ ਸੀ। ਤਾਂ ਮੈਂ ਆਖਿਆ, ਕੱਲ੍ਹ ਸਵੇਰੇ ਤੁਸੀਂ ਧਿਆਨ ਲਈ ਆ ਜਾਓ। ਉਨ੍ਹਾਂ ਨੇ ਕਿਹਾ—ਆਪਣੇ ਮਿਤ੍ਰ ਤੋਂ ਕਹਿਲਾਇਆ, ਇਸ਼ਾਰੇ ਕੀਤੇ, ਕਿ ਨਹੀਂ ਆ ਸਕਣਗੇ, ਕਿਉਂਕਿ ਕੱਲ੍ਹ ਸਵੇਰੇ ਮੈਂ ਮੌਜੂਦ ਨਹੀਂ ਹਾਂ, ਮੈਂ ਦੂਜੀ ਥਾਂ ਜਾ ਰਿਹਾ ਹਾਂ। ਮੇਰੇ ਬਿਨਾਂ ਨਹੀਂ ਆ ਸਕਦੇ ਕਿਉਂਕਿ ਟੈਕਸੀ ਕੌਣ ਕਰੇਗਾ, ਬਿਠਾਏਗਾ ਕੌਣ, ਉਤਾਰੇਗਾ ਕੌਣ ?

ਉਹ ਬੋਲਦੇ ਨਹੀਂ। ਇਹ ਤਾਂ ਆਪਣੇ ਹਥੀਂ ਆਪ ਹੀ ਪੰਗੂ ਹੋ ਗਏ। ਪਰਮਾਤਮਾ ਨੇ ਤੁਹਾਨੂੰ ਪੈਰ ਦਿੱਤੇ ਹਨ, ਜਬਾਨ ਦਿੱਤੀ ਹੈ : ਤੁਸੀਂ ਉਨ੍ਹਾਂ ਅੰਗਾਂ ਨੂੰ ਨਾਂਹ ਹੀ ਕਰ ਦਿੱਤੀ ! ਪਰ ਉਪਯੋਗ ਤਾਂ ਤੁਸੀਂ ਜ਼ਬਾਨ ਹੀ ਕਰ ਰਹੇ ਹੋ; ਇਹ ਵੀ ਪਰਮਾਤਮਾ ਦੀ ਜ਼ਬਾਨ ਹੈ, ਇਸ ਆਦਮੀ ਦੇ ਮੂੰਹ ਵਿਚ ਵੀ। ਤੁਹਾਡੀ ਜ਼ਬਾਨ ਵੀ ਉਸੇ ਦੀ ਹੈ। ਇੰਨੀ ਨੇੜੇ ਦੀ ਜ਼ਬਾਨ ਛੱਡ ਕੇ ਇੰਨੀ ਦੂਰ ਦੀ ਜ਼ਬਾਨ ਦੀ ਵਰਤੋਂ ਕਰਨ ਦਾ ਅਰਥ ਕੀ ਹੈ ? ਪਰ ਲੋਗ ਅਜਿਹੇ ਹੀ ਉਪੱਦਰਾਂ ਵਿਚ, ਅਜਿਹੇ ਹੀ ਜੰਜਾਲਾਂ ਵਿਚ ਪੈ ਗਏ ਹਨ।

ਮੌਨੀ ਕਰੈ ਮਯਾਂਤ੍ਰ ਕੀ ਆਸ ...। ਮਿਤ੍ਰ ਦੀ ਆਸ ਲਗੀ ਰਹਿੰਦੀ ਹੈ। ਬਿਨ ਗੁਰ ਗੁਦੜੀ ਨਹੀਂ ਬੇਸਾਸ। ਇਹ ਸਭ ਵਿਅਰਥ ਦੀ ਬਕਵਾਸ ਚਲਦੀ ਰਹਿੰਦੀ ਹੈ, ਕਿਉਂਕਿ ਬਿਨਾਂ ਗੁਰੂ ਨੂੰ ਲੱਭੇ ਜੀਵਨ ਦਾ ਸਾਰ-ਸੂਤਰ ਇਨ੍ਹਾਂ ਲੋਕਾਂ ਨੂੰ ਨਹੀਂ ਮਿਲਿਆ ਹੈ। ਇਹ ਵਿਅਰਥ ਦੀ ਬਕਵਾਸ ਵਿਚ ਪੈ ਗਏ ਹਨ—ਕਿਤਾਬਾਂ ਪੜ੍ਹਕੇ, ਸ਼ਾਸਤ੍ਰਾਂ ਨੂੰ ਪੜ੍ਹਕੇ।

ਤਾਸੋਂ ਹੀ ਕਛੁ ਪਾਏ, ਕੀਜੇ ਜਾਕੀ ਆਸ ।
ਰੀਤੇ ਸਰਵਰ ਪਰ ਗਏ ਕੈਸੇ ਬੁਝੇ ਪਯਾਸ ॥

ਰਹੀਮ ਦਾ ਵਚਨ ਪਿਆਰਾ ਹੈ ! ਤਾਸੋਂ ਹੀ ਕਛੁ ਪਾਇਐ...। ਉਸ ਤੋਂ ਹੀ ਕੁਝ ਮਿਲ ਸਕਦਾ ਹੈ, ਜਿਸ ਦੇ ਕੋਲ ਕੁਝ ਹੋਵੇ। ਰੀਤੇ ਸਰਵਰ ਪਰ ਗਯੇ ਕੈਸੇ ਬੁਝੇ ਪਯਾਸ ?

ਸ਼ਾਸਤ੍ਰਾਂ ਵਿਚ ਕਿੱਤੇ ਪਾਣੀ ਹੈ ? ਸ਼ਬਦ ਹੀ ਸ਼ਬਦ ਹਨ। ਪਾਣੀ ਦਾ ਵਿਚਾਰ ਹੈ, ਪਰ ਪਾਣੀ ਕਿੱਥੇ ਹੈ ? ਸਤਿਗੁਰੂ ਦੇ ਕੋਲ ਹੀ 'ਗੁਰ' ਮਿਲਦਾ ਹੈ, ਕੁੰਜੀ ਮਿਲਦੀ ਹੈ।

ਗੋਰਖ ਦਾ ਵਚਨ ਹੈ—

ਬਾਸ ਸਹੇਤੀ ਸਬ ਜਗ ਬਾਸਯਾ, ਸਵਾਦ ਸਹੇਤਾ ਮੀਠਾ ।
ਸਾਂਚ ਕਹੂੰ ਤੌ ਸਤਗੁਰ ਮਾਤੈ ਰੂਪ ਸਹੇਤਾ ਦੀਠਾ ॥

ਕਹਿੰਦੇ ਹਨ ਗੋਰਖ ਕਿ ਉਹ ਤਾਂ ਸਾਰੇ ਜਗਤ ਵਿਚ ਸੁਗੰਧ ਦੇ ਵਾਂਗ ਭਰਿਆ ਹੋਇਆ ਹੈ। ਉਸ ਦੀ ਸੁਗੰਧ ਨਾਲ ਸਾਰਾ ਜਗਤ ਸੁਗੰਧਿਤ ਹੈ।

ਬਾਸ ਸਹੇਤੀ ਸਬ ਜਗ ਬਾਸਯਾ, ਸਵਾਦ ਸਹੇਤਾ ਮੀਠਾ। ਅਤੇ ਉਸ ਦੀ ਮਿਠਾਸ ਸਾਰੇ ਜਗਤ ਵਿਚ ਹੈ। ਲੇਕਿਨ ਕੋਈ ਵਿਖਾਉਂਣ ਵਾਲਾ ਮਿਲੇ, ਕਿਵੇਂ ਉਸ ਨੂੰ ਚਖੀਏ ? ਕੋਈ ਦੱਸਣ ਵਾਲਾ ਮਿਲੇ, ਕਿਵੇਂ ਉਸ ਦੀ ਸੁਗੰਧ ਸਾਡੇ ਨਾਸਿਕਾ(ਨੱਕ) ਤੱਕ ਆ ਜਾਏ?

ਕਿਵੇਂ ਉਸਦਾ ਸੰਗੀਤ ਸਾਡੇ ਕੰਨਾਂ ਨਾਲ ਸੰਯੁਕਤ (ਇੱਕ-ਮਿੱਕ) ਹੋ ਜਾਏ?

ਸਾਂਚ ਕਹੂੰ ਤੌ ਸਤਗੁਰ ਮਾਤੈਂ ਰੂਪ ਸਹੇਤਾ ਦੀਠਾ।

ਸੱਚੀ ਗੱਲ ਇੰਨੀ ਹੈ ਕਿ ਜਦ ਤੱਕ ਕੋਈ ਵੇਖਣ ਵਾਲਾ ਗੁਰੂ ਨ ਮਿਲ ਜਾਏ, ਜਿਸ ਨੇ ਵੇਖਿਆ ਹੋਵੇ ਤਦ ਤੱਕ ਤੁਹਾਡਾ ਸੰਬੰਧ ਜੁੜਵਾਇਆ ਨ ਜਾ ਸਕੇਗਾ।

ਬਿਨ ਗੁਰ ਗੁਦੜੀ ਨਹੀਂ ਬੇਸਾਸ ...। ਬਿਨਾਂ ਗੁਰੂ ਦੇ ਵਿਸ਼ਵਾਸ ਨਹੀਂ ਆਏਗਾ, ਸ਼ਰਧਾ ਨਹੀਂ ਆਏਗੀ। ਕੋਈ ਅੱਖ ਵਾਲਾ ਹੀ ਤੁਹਾਡੇ ਅੰਦਰ ਇਹ ਆਤਮ-ਵਿਸ਼ਵਾਸ ਪੈਦਾ ਕਰ ਸਕਦਾ ਹੈ ਕਿ ਹਾਂ, ਪਰਮਾਤਮਾ ਹੈ। ਕਿਉਂਕਿ ਕੋਈ ਅੱਖ ਵਾਲਾ ਹੀ ਸਾਖ਼ਸ਼ੀ ਹੋ ਸਕਦਾ ਹੈ—ਚਸ਼ਮਦੀਦ ਗਵਾਹ। ਕਿਸੇ ਗੁਰੂ ਨੂੰ ਲੱਭੇ ਬਿਨਾਂ ਕੁਝ ਵੀ ਨਹੀਂ ਮਿਲਦਾ। ਇਸੇ ਤਰ੍ਹਾਂ ਦੇ ਵਿਅਰਥ ਝੰਜਟਾਂ ਵਿਚ ਲੋਗ ਪੈ ਜਾਂਦੇ ਹਨ ਅਤੇ ਗੁਰੂ ਦੀ ਗੱਲ ਨਿੱਕੀ-ਜਿਹੀ ਹੈ, ਨਿੱਕਾ-ਜਿਹਾ ਸੂਤਰ ਹੈ : ਸਹਜ ਹੋ ਰਹੋ -

ਹਬਕਿ ਨ ਬੋਲਿਬਾ ਠਬਕਿ ਨ ਚਾਲਿਬਾ ਧੀਰੈ ਧਰਿਬਾ ਪਾਂਵਂ ।
ਗਰਬ ਨਾ ਕਰਿਬਾ, ਸਹਜੈ ਰਹਿਬਾ ਭਣਤ ਗੋਰਸ਼ ਰਾਵਂ ॥

ਨਿੱਕਾ-ਜਿਹਾ ਸੂਤ੍ਰ ਹੈ : ਅਹੰਕਾਰ ਛੱਡ ਦਿਓ, ਸਰਲਤਾ ਨਾਲ ਜੀਓ। ਅਤਿ ਨ ਕਰੋ, ਮਧਜ ਵਿਚ ਆ ਜਾਓ ਸਹਜ ਭਾਵ ...।

ਸੁਣਿ ਗੁਣਵੰਤਾ, ਸੁਣਿ ਬੁਧਿਵੰਤਾ, ਅਨੰਤ ਸਿੱਧਾਂ ਕੀ ਵਾਣੀ ।
ਸ਼ੀਸ਼ ਨਵਾਵਤ ਸਤਿਗੁਰ ਮਿਲਿਆ, ਜਾਗਤ ਰੈਣਿ ਵਿਹਾਂਣੀ ॥

ਗੋਰਖ ਨੇ ਕਿਹਾ : ਸੁਣੋ, ਜੋ ਸੁਣ ਸਕਦੇ ਹੋਵੋ, ਸਮਝ ਸਕਦੇ ਹੋਵੋ ਤਾਂ ਸਮਝੋ।

ਸੁਣਿ ਗੁਣਵੰਤਾ...। ਜੇਕਰ ਥੋੜ੍ਹਾ ਗੁਣ ਹੋਵੇ, ਥੋੜ੍ਹੀ ਬੁੱਧੀ ਹੋਵੇ ਤਾਂ ਸੁਣ ਲਓ।

ਸੁਣਿ ਬੁਧਿਵੰਤਾ...। ਜੇਕਰ ਥੋੜ੍ਹਾ ਬੋਧ ਹੋਵੇ ਤਾਂ ਪਕੜ ਲਓ। ਅਨੰਤ ਸਿੱਧਾਂ ਦੀ ਵਾਣੀ। ਅਤੇ ਇਹ ਮੈਂ ਹੀ ਨਹੀਂ ਕਹਿੰਦਾ ਹਾਂ, ਅਨੰਤ ਸਿੱਧਾਂ ਨੇ ਇਹ ਹੀ ਕਿਹਾ ਹੈ।

ਸ਼ੀਸ਼ ਨਵਾਵਤ ਸਤ਼ਿਗੁਰ ਮਿਲਿਆ, ਜਾਗਤ ਰੈਂਣਿਂ ਵਿਹਾਂਣੀ।

ਬਸ ਸ਼ੀਸ਼ ਝੁਕਾਉਂਣਾ ਆ ਜਾਏ ਤਾਂ ਗੁਰੂ ਮਿਲ ਜਾਏ। ਇਧੱਰ ਝੁਕਾਇਆ ਸ਼ੀਸ਼ ਕਿ ਉਧੱਰ ਮਿਲਿਆ ਗੁਰੂ। ਗੁਰੂ ਤਾਂ ਸਦਾ ਮੌਜੂਦ ਹੈ, ਤੁਸੀਂ ਝੁੱਕੋ ਤਾਂ ਗੁਰੂ ਮਿਲ ਜਾਏ। ਪੁਰਾਣੀ ਮਿਸਰ਼ੀ ਕਹਾਵਤ ਹੈ ਕਿ ਜਦ ਸ਼ਿਸ਼ ਤਿਆਰ ਹੁੰਦਾ ਹੈ, ਗੁਰੂ ਪ੍ਰਗਟ ਹੋ ਜਾਂਦਾ ਹੈ। **Whenever the Disciple is ready the Master appears** ਇੱਕ ਪਲ ਦੀ ਵੀ ਦੇਰ ਨਹੀਂ ਹੁੰਦੀ। ਓਧਰ ਸ਼ਿਸ਼ ਝੁਕਿਆ, ਇਧੱਰ ਗੁਰੂ ਆਇਆ।

ਸੀਸ ਨਵਾਵਤ ਸਤਿਗੁਰ ਮਿਲਿਆ ਜਗਤ ਰੈਂਣਿਂ ਵਿਹਾਂਣੀ।

ਫ਼ਿਰ ਇਹ ਜਗਤ ਦੀ ਰਾਤ ਰਾਤ ਨਹੀਂ ਹੈ, ਫ਼ਿਰ ਤਾਂ ਜਾਗਦੇ-ਜਾਗਦੇ ਬੀਤ ਜਾਂਦੀ ਹੈ। ਇਨ੍ਹਾਂ ਨਿੱਕੇ-ਜਿਹੇ ਸੂਤ੍ਰਾਂ ਨੂੰ ਸਮਝਣਾ, ਗੁਨਣਾ ਅਤੇ ਥੋੜ੍ਹਾ-ਥੋੜ੍ਹਾ ਜੀਵਨ ਵਿਚ ਸਾਧਨਾ, ਇਨ੍ਹਾਂ ਦਾ ਸਵਾਦ ਲੈਣਾ।

ਰਹੀਮ ਦੇ ਵਚਨ ਨਾਲ ਅੱਜ ਦੀ ਗੱਲ ਪੂਰੀ ਕਰਦਾ ਹਾਂ—

ਰਹਿਮਨ ਨੀਰ ਪਹਾਨ, ਬੂੜੈ ਪੈ ਸੀਝੈ ਨਹੀਂ।
ਤੈਸੇ ਮੂਰਖ ਜਾਨ, ਬੂਝੈ ਪੈ ਸੂਝੈ ਨਹੀਂ॥

ਜਿਵੇਂ ਪਥੱਰ ਨਦੀ ਵਿਚ ਪਿਆ ਰਹਿੰਦਾ ਹੈ, ਫ਼ਿਰ ਵੀ ਭਿਜਦਾ ਨਹੀਂ, ਇਸੇ ਤਰ੍ਹਾਂ ਹੀ ਨਾਸਮਝ ਸਤਸੰਗ ਵੀ ਕਰਦੇ ਰਹਿਣ ਤਾਂ ਭਿਜਦੇ ਨਹੀਂ।

ਰਹਿਮਨ ਨੀਰ ਪਹਾਨ ਬੂਡੈ ਪੈ ਸੀਝੈ ਨਹੀਂ।

ਪੜਾ ਤਾਂ ਰਹਿੰਦਾ ਹੈ, ਡੁੱਬਿਆ ਤਾਂ ਰਹਿੰਦਾ ਹੈ ਪਾਣੀ ਵਿਚ, ਪਰ ਸਿਜਦਾ ਨਹੀਂ, ਭਿਜਦਾ ਨਹੀਂ, ਅਛੂਤਾ ਹੀ ਰਹਿ ਜਾਂਦਾ ਹੈ।


ਤੈਸੇ ਮੂਰਖ ਜਾਨ, ਬੂਝੈ ਪੈ ਸੂਝੈ ਨਹੀਂ। ਸਤਿਸੰਗ ਵਿਚ ਬੈਠ ਕੇ ਜੋ ਸੁਣ ਤਾਂ ਲਵੇ, ਸ਼ਬਦ ਤਾਂ ਸੁਣ ਲਵੇ, ਪਰ ਅਨੁਭਵ ਨ ਕਰੇ, ਬੂਝੈ ਪੈ ਸੂਝੈ ਨਹੀਂ। ਸੁਣ ਤਾਂ ਲਵੇ, ਸਮਝ ਲਵੇ, ਮਗਰ ਜੀਏ ਨਹੀਂ, ਅਨੁਭਵ ਨ ਕਰੇ ਉਸ ਨੂੰ ਮੂਰਖ ਸਮਝਣਾ; ਉਹ ਪਥੱਰ ਹੈ।

ਇਹ ਸਤਿਸੰਗ ਹੈ, ਭਿੱਜੋ, ਡੁੱਬੋ, ਜੀਓ ...।

ਹਬਕਿ ਨ ਬੋਲਿਬਾ,
ਠਬਕਿ ਨ ਚਾਲਿਬਾ,
ਧੀਰੈ ਧਰਿਬਾ ਪਾਂਵ।
ਗਰਬ ਨ ਕਰਿਬਾ,
ਸਹਜੈ ਰਹਿਬਾ,
ਭਣਤ ਗੋਰਸ਼ ਰਾਵਂ॥

ਅੱਜ ਇਨਾ ਹੀ।





ਚੌਥਾ ਪ੍ਰਵਚਨ

ਅਦੇਖਿ ਦੇਖਿਬਾ



ਵਿਚਾਰ ਦੀ ਊਰਜਾ ਭਾਵ ਵਿਚ ਕਿਵੇਂ ਰੂਪਾਂਤਰਿਤ ਹੁੰਦੀ ਹੈ ?

– – –

ਮੈਂ ਪ੍ਰਭੂ ਤੋਂ ਕੁਝ ਮੰਗਣਾ ਚਾਹੁੰਦਾ ਹਾਂ, ਕੀ ਮੰਗਾਂ ?

– – –

ਗੋਰਖਨਾਥ ਪੰਡਿਤਾਂ ਦੇ ਖ਼ਿਲਾਫ਼ ਕਿਉਂ ਹਨ ?

– – –

ਇੱਕ ਪਾਸੇ ਤੁਸੀਂ ਆਖਦੇ ਹੋ ਕਿ ਜੋ ਵੀ ਕਰੋ ਸਮਗ੍ਰਤਾ ਨਾਲ ਕਰੋ ਅਤੇ ਦੂਜੇ ਪਾਸੇ ਕਹਿੰਦੇ ਹੋ ਕਿ ਕਿਸੇ ਚੀਜ਼ ਦੀ ਅਤਿ ਨਾ ਕਰੋ, ਅੱਧ ਵਿਚ ਰਹੋ। ਕਿ ਇਸ ਵਿਰੋਧਾਭਾਸ ਨੂੰ ਦੂਰ ਕਰਨ ਦੀ ਅਨੁਕੰਪਾ ਕਰੋਗੇ ?

– – –

ਵਿਰਹ ਦੇ ਸੰਬੰਧ ਵਿਚ ਕੁਝ ਕਹੋ।

– – –

ਗੋਰਖ ਨਾਥ ਦੀ ਮੂਲ ਸਿਖਿਆ ਕੀ ਹੈ ?

– – –

ਈਸ਼ਵਰ-ਅਸਤਿੱਤਵ ਦਾ ਪ੍ਰਮਾਣ ਕੀ ਹੈ ?

ਪਹਿਲਾ ਸਵਾਲ :
ਵਿਚਾਰ ਦੀ ਊਰਜਾ ਭਾਵ ਵਿਚ ਕਿਵੇਂ ਰੂਪਾਂਤਰਿਤ ਹੁੰਦੀ ਹੈ ?

ਚੈਤਨਯ ਕੀਰਤਿ ! ਚਿੱਤ ਦੀਆਂ ਦੋ ਅਵਸਥਾਵਾਂ ਹਨ। ਇੱਕ—ਅੰਦੋਲਿਤ, ਤਰੰਗਾਇਤ, ਚੰਚਲ; ਉਹ ਹੀ ਵਿਚਾਰ ਹੈ। ਦੂਜੀ—ਸ਼ਾਂਤ, ਤਰੰਗ-ਸ਼ੂਨਯ, ਮੌਨ, ਥਿਰ; ਉਹ ਹੀ ਭਾਵ-ਸਮਾਧੀ ਹੈ। ਜਿਸ ਤਰ੍ਹਾਂ ਝੀਲ ਤਰੰਗਾਂ ਨਾਲ ਭਰੀ ਹੋਵੇ, ਤਾਂ ਵਿਚਾਰ; ਅਤੇ ਝੀਲ ਸ਼ਾਂਤ ਹੋਵੇ, ਨਿਸਤਰੰਗ ਹੋਵੇ, ਤਾਂ ਭਾਵ। ਚਿੱਤ ਦੋਹਾਂ ਅਵਸਥਾਵਾਂ ਵਿਚ ਹੋ ਸਕਦਾ ਹੈ।

ਸਾਧਾਰਣਤ: (ਆਮ ਤੌਰ ਤੇ) ਚਿੱਤ ਵਿਚਾਰ ਦੀ ਅਵਸਥਾ ਵਿਚ ਹੈ, ਕਿਉਂਕਿ ਵਾਸਨਾ ਦੀਆਂ ਹਵਾਵਾਂ ਵੱਗ ਰਹੀਆਂ ਹਨ। ਝੀਲ ਤਰੰਗਿਤ ਹੁੰਦੀ ਹੈ ਹਵਾਵਾਂ ਦੇ ਕਾਰਣ। ਹਵਾਵਾਂ ਦੇ ਥਪੇੜੇ ਝੀਲ ਨੂੰ ਡਾਵਾਂਡੋਲ ਕਰ ਜਾਂਦੇ ਹਨ। ਇਵੇਂ ਹੀ ਚਿੱਤ ਤਰੰਗਿਤ ਹੁੰਦਾ ਹੈ ਵਾਸਨਾ ਦੀਆਂ ਹਵਾਵਾਂ ਦੇ ਕਾਰਣ-ਇਹ ਪਾ ਲਵਾਂ ਓਹ ਪਾ ਲਵਾਂ। ਇਸ ਤਰ੍ਹਾਂ ਦਾ ਹੋ ਜਾਵਾਂ ਉਸ ਤਰ੍ਹਾਂ ਦਾ ਹੋ ਜਾਵਾਂ। ਉਹ ਜਿਹੜੀ ਅੰਦਰ ਲਗਾਤਾਰ ਕੁਝ ਹੋ ਜਾਣ ਦੀ, ਕੁਝ ਪਾਉਣ ਦੀ ਤੇਜ਼ ਜਵਾਲਾ ਜਲ ਰਹੀ ਹੈ, ਉਹ ਹੀ ਤਰੰਗਿਤ ਕਰਦੀ ਹੈ। ਜਿਵੇਂ ਹੀ ਵਾਸਨਾ ਚਲੀ ਜਾਂਦੀ ਹੈ, ਹਵਾਵਾਂ ਬੰਦ ਹੋ ਗਈਆਂ, ਝੀਲ ਸ਼ਾਂਤ ਹੋ ਗਈ ਭਾਵ ਸੰਭਲ ਗਿਆ।

ਇਸ ਲਈ ਸਾਰੇ ਗਿਆਨੀਆਂ ਨੇ ਕਿਹਾ ਹੈ : ਵਾਸਨਾ ਨੂੰ ਸਮਝ ਲਓ, ਸਭ ਸਮਝ ਵਿਚ ਆ ਜਾਏਗਾ। ਕਿਉਂਕਿ ਜਿਸਨੇ ਵਾਸਨਾ ਨੂੰ ਸਮਝ ਲਿਆ, ਉਸਨੇ ਆਪਣੇ ਅੰਦਰ ਪਾਗਲਪਨ ਦੇ ਪੈਦਾ ਹੋਣ ਦਾ ਮੂਲ ਕਾਰਣ ਸਮਝ ਲਿਆ। ਅਤੇ ਜਿਸ ਨੂੰ ਸਮਝ ਵਿਚ ਆ ਗਿਆ ਹੈ ਮੂਲ ਕਾਰਣ, ਉਹ ਉਸ ਨੂੰ ਫਿਰ ਸਹਯੋਗ (ਮਦਦ) ਨਹੀਂ ਦੇਵੇਗਾ। ਕੌਣ ਪਾਗਲ ਹੋਣਾ ਚਾਹੁੰਦਾ ਹੈ। ਕੌਣ ਵਿਚਾਰ ਦੀ ਉਧੇੜਬੁਣ-ਆਪਾ-ਧਾਪੀ ਵਿਚ ਪਿਆ ਰਹਿਣਾ ਚਾਹੁੰਦਾ ਹੈ। ਕੌਣ ਝਲਣਾ ਚਾਹੁੰਦਾ ਹੈ ਰੋਗ ਵਿਚਾਰ ਦਾ!

ਵਿਚਾਰ ਰੋਗ ਹੈ ਕਿਉਂਕਿ ਲਗਾਤਾਰ ਬੇਚੈਨੀ ਹੈ, ਅਸ਼ਾਂਤੀ, ਤਣਾਓ ਹੈ। ਵਿਚਾਰ ਸੰਤਾਪ ਹੈ। ਵਿਚਾਰ ਦੇ ਕਾਰਣ ਹੀ ਤਾਂ ਆਨੰਦ ਅਨੁਭਵ ਨਹੀਂ ਹੋ ਰਿਹਾ ਹੈ। ਆਨੰਦ ਅਨੁਭਵ ਹੋ ਜਾਏ ਉਸੇ ਛਣ, ਜਿਸ ਛਣ ਵਿਚਾਰ ਵਿਦਾ ਹੋ ਜਾਏ। ਵਿਚਾਰ ਤਦ ਤੱਕ ਵਿਦਾ ਨਹੀਂ ਹੋਣਗੇ, ਜਦ ਤੱਕ ਵਾਸਨਾ ਦੀਆਂ ਹਵਾਵਾਂ ਵੱਗਦੀਆਂ ਹਨ। ਤੂੰ ਪੁੱਛਦਾ ਹੈਂ ਵਿਚਾਰ ਦੀ ਊਰਜਾ ਭਾਵ ਵਿਚ ਕਿਵੇਂ ਰੂਪਾਂਤਰਿਤ ਹੁੰਦੀ ਹੈ ?

ਵਾਸਨਾ ਨੂੰ ਸਮਝੋ। ਤੁਸੀਂ ਜੋ ਹੋ, ਉਸ ਨਾਲ ਹੀ ਰਾਜੀ ਹੋ ਜਾਓ ; ਵਾਸਨਾ ਵਿਦਾ ਹੋ ਗਈ। ਤੁਸੀਂ ਜਿਸ ਤਰ੍ਹਾਂ ਦੇ ਹੋ, ਉਸੇ ਨਾਲ ਹੀ ਸੰਤੁਸ਼ਟ ਹੋ ਜਾਓ।

ਹੋਰ ਦੀ ਮੰਗ ਨ ਹੋਵੇ। ਜੋ ਹੈ, ਪਰਮ ਅਲ੍ਹਾਦਕਾਰੀ ਹੈ। ਜਿਹੋ ਜਿਹਾ ਹੈ, ਉਸ ਤੋਂ ਭਿੰਨ (ਵੱਖਰੇ) ਹੋਣ ਦੀ ਕੋਈ ਜ਼ਰੂਰਤ ਨਹੀਂ। ਤਾਂ ਇਸੇ ਛਣ ਵੇਖੋ ਕਿੱਥੇ ਗਏ ਵਿਚਾਰ। ਭਾਵ ਸੰਭਲ ਗਿਆ...। ਹੌਲੀ-ਹੌਲੀ ਭਾਵ ਦਾ ਰਸ ਅਨੁਭਵ ਹੋਵੇਗਾ ਅਤੇ ਜਦ ਭਾਵ ਦਾ ਰਸ ਅਨੁਭਵ ਹੋਵੇਗਾ ਤਾਂ ਕੌਣ ਵਿਚਾਰ ਵਿਚ ਜਾਣਾ ਚਾਹੇਗਾ! ਜਿਸ ਦਾ ਫ਼ੁੱਲਾਂ ਨਾਲ ਸੰਬੰਧ ਜੁੜਣ ਲਗੇ ਤਾਂ ਉਹ ਫ਼ਿਰ ਕੰਡਿਆਂ ਦੀ ਤਲਾਸ਼ ਨਹੀਂ ਕਰਦਾ।

ਪਰ ਇਹ ਪੂਰਾ ਸਮਾਜ, ਇਹ ਭੀੜ, ਇਹ ਲੋਗ ਤੁਹਾਡੇ ਅੰਦਰ ਵਾਸਨਾ ਨੂੰ ਉਤੇਜਿਤ

ਕਰਦੇ ਹਨ। ਬਚਪਨ ਤੋਂ ਹੀ ਵਾਸਨਾ ਦੀ ਦੀਕਸ਼ਾ ਦਿੱਤੀ ਜਾਂਦੀ ਹੈ, ਮਹਤਵਕਾਂਕਸ਼ਾ ਸਿਖਾਈ ਜਾਂਦੀ ਹੈ। ਪਿਓ ਵੀ ਚਾਹੁੰਦਾ ਹੈ ਪੁੱਤਰ ਕੁਝ ਹੋ ਜਾਏ—ਧਨ ਕਮਾਏ, ਪਦ ਕਮਾਏ, ਯਸ਼-ਪ੍ਰਤਿਸ਼ਠਾ ... ਘਰ ਦਾ ਨਾਮ, ਕੁਲ ਦਾ ਨਾਮ ਉਜਾਗਰ ਕਰੇ—ਪਕੜਾਈ ਤੁਸੀਂ ਵਾਸਨਾ। ਨਿੱਕੇ-ਨਿੱਕੇ ਬੱਚੇ ਜਿਨ੍ਹਾਂ ਨੂੰ ਅਸੀਂ ਸਕੂਲ ਭੇਜਦੇ ਹਾਂ, ਅਸੀਂ ਵਾਸਨਾ ਦੀ ਦੀਕਸ਼ਾ ਲੈਣ ਭੇਜ ਰਹੇ ਹਾਂ। ਪੰਜੀ ਵਰ੍ਹੇ, ਜੀਵਨ ਦਾ ਇੱਕ ਤਿਹਾਈ ਹਿੱਸਾ, ਅਸੀਂ ਲੋਕਾਂ ਨੂੰ ਮਹਤਵਕਾਂਕਸ਼ਾ ਸਿਖਾਉਂਦੇ ਹਾਂ। ਕਿਵੇਂ ਤੁਸੀਂ ਪ੍ਰਥਮ ਹੋ ਜਾਓ, ਕਿਵੇਂ ਦੂਜਿਆਂ ਨੂੰ ਪਿੱਛੇ ਛੱਡ ਜਾਓ। ਚਾਹੇ ਕੁਝ ਵੀ ਕੀਮਤ ਚੁਕਾਉਣੀ ਪਵੇ। ਚਾਹੇ ਜੀਵਨ ਹੀ ਗੁਆਚ ਜਾਏ ਇਸ ਦੌੜ ਵਿਚ, ਪਰ ਦੌੜ ਦੇ ਅਗੇ ਹੋ ਜਾਣਾ ...।

ਮਰਨਾ ਤਾਂ ਅੱਗੇ ਜਾਕੇ ਮਰਨਾ, ਪਿੱਛੇ ਨ ਰਹਿ ਜਾਣਾ। ਜੀਸਸ ਦੇ ਵਚਨ ਤੇ ਵਿਚਾਰ ਕਰੋ : ਧੰਨਭਾਗੀ ਹਨ ਉਹ ਜੋ ਅੰਤਿਮ ਹਨ, ਕਿਉਂਕਿ ਉਹ ਹੀ ਮੇਰੇ ਪ੍ਰਭੂ ਦੇ ਰਾਜ ਵਿਚ ਪ੍ਰਥਮ ਹੋਣਗੇ ਅਤੇ ਜੋ ਪ੍ਰਥਮ ਹਨ ਉਹ ਅੰਤਿਮ ਪੈ ਜਾਣਗੇ।

ਮਹਤਵਕਾਂਕਸ਼ੀ ਪ੍ਰਭੂ ਦੇ ਰਾਜ ਨਾਲ ਜੁੜੇਗਾ ਕਿਵੇਂ ? ਉਸ ਨੇ ਤਾਂ ਨਰਕ ਨਾਲ ਆਪਣਾ ਨਾਤਾ ਬਣਾ ਲਿਆ। ਫ਼ਿਰ ਜੀਵਨ ਭਰ ਦੀ ਆਪਾਧਾਪੀ ਤੋਂ ਬਾਅਦ, ਕੀ ਪਤਾ ਕਿੰਨੇ ਘਾਟਾਂ ਦਾ ਗੰਦਾ ਪਾਣੀ ਪੀਣ ਦੇ ਬਾਦ, ਨ ਮਾਲੂਮ ਕਿੰਨੇ ਰਾਹਾਂ ਦੀ ਧੂੜ-ਮਿੱਟੀ ਨਾਲ ਲਦ ਜਾਣ ਦੇ ਬਾਅਦ, ਜਦ ਜ਼ਿੰਦਗੀ ਦਾ ਸੂਰਜ ਅਸਤ ਹੋਣ ਲਗਦਾ ਹੈ। ਜਦ ਲਗਦਾ ਹੈ ਕਿ ਹਥ ਕੁਝ ਲੱਗਾ ਨਹੀਂ, ਖ਼ਾਲੀ ਦੇ ਖ਼ਾਲੀ ਰਹਿ ਗਏ; ਦੌੜੇ ਬਹੁਤ, ਪਹੁੰਚੇ ਨਹੀਂ ਕਿੱਤੇ—ਤਦ ਪਸ਼ਚਾਤਾਪ ਘੇਰਦਾ ਹੈ। ਤਦ ਮਨ ਸੋਚਦਾ ਹੈ, ਹੁਣ ਸਮਾਧੀ ਕਿਸੇ ਤਰ੍ਹਾਂ ਪਾ ਲਈਏ, ਹੁਣ ਪਰਮਾਤਮਾ ਨੂੰ ਕਿਸੇ ਤਰ੍ਹਾਂ ਪਾ ਲਈਏ ਅਤੇ ਫ਼ਿਰ ਤੁਹਾਨੂੰ ਮਨ ਨੇ ਧੋਖਾ ਦਿੱਤਾ, ਉਹ ਹੀ ਪਾਉਣ ਦੀ ਭਾਸ਼ਾ ...।

ਹੁਣ ਤੁਹਾਨੂੰ ਨਵੀਂ ਇੱਛਾ ਨੇ ਫੜਿਆ। ਇਸ ਇੱਛਾ ਦਾ ਰੂਪ ਸਿਰਫ਼ ਧਾਰਮਿਕ ਹੈ, ਢੰਗ ਸਿਰਫ਼ ਧਾਰਮਿਕ ਹੈ; ਇਸ ਦੀ ਆਤਮਾ ਤਾਂ ਉਹੋ ਦੀ ਉਹੋ ਹੈ। ਤੁਸੀਂ ਚਾਹੇ ਧਨ ਚਾਹੋ, ਚਾਹੇ ਧਰਮ, ਪਦ ਚਾਹੋ, ਚਾਹੇ ਪਰਮਾਤਮਾ, ਜਦ ਤੱਕ ਚਾਹ ਹੈ ਤਦ ਤੱਕ ਹਵਾਵਾਂ ਵੱਗਦੀਆਂ ਰਹਿਣਗੀਆਂ ਅਤੇ ਚਿੱਤ ਤਰੰਗਿਤ ਹੁੰਦਾ ਰਹੇਗਾ। ਜੋ ਧਨ ਚਾਹੁੰਦਾ ਹੈ ਉਸਦੇ ਚਿੱਤ ਵਿਚ ਧਨ ਦੇ ਵਿਚਾਰ ਉਠਦੇ ਹਨ; ਜੋ ਪਰਮਾਤਮਾ ਚਾਹੁੰਦਾ ਹੈ ਉਸਦੇ ਮਨ 'ਚ ਪਰਮਾਤਮਾ ਦੇ ਵਿਚਾਰ ਉਠਦੇ ਹਨ--ਪਰ ਵਿਚਾਰ ਤਾਂ ਜਾਰੀ ਰਹਿਣਗੇ। ਇਸ ਨਾਲ ਕੀ ਫ਼ਰਕ ਪੈਂਦਾ ਹੈ ਕਿ ਵਿਚਾਰ ਕਿਸ ਦੇ ਹਨ, ਧਨ ਦੇ ਹਨ ਕਿ ਧਰਮ ਦੇ ਹਨ ? ਧਾਰਮਿਕ ਵਿਚਾਰ ਹੋਣ ਕਿ ਅਧਾਰਮਿਕ ਵਿਚਾਰ ਹੋਣ, ਵਿਚਾਰ, ਤਾਂ ਵਿਚਾਰ ਹੈ ਅਤੇ ਜਿੱਥੇ ਵਿਚਾਰ ਹਨ ਉੱਥੇ ਅਸ਼ਾਂਤੀ ਹੈ । ਇਸ ਲਈ ਮੈਂ ਤੁਹਾਨੂੰ ਧਾਰਮਿਕ ਵਿਚਾਰ ਨਹੀਂ ਸਿੱਖਾ ਰਿਹਾ ਹਾਂ।

ਮੈਂ ਤੁਹਾਨੂੰ ਨਿਰਵਿਚਾਰ ਦੀ ਦੀਕਸ਼ਾ ਦੇ ਰਿਹਾ ਹਾਂ। ਆਮ ਤੌਰ ਤੇ ਇਹ ਹੀ ਚਲ ਰਿਹਾ ਹੈ ਮੰਦਰ-ਮਸਜਿਦਾਂ ਵਿਚ; ਜੋ ਲੋਕ ਸੰਸਾਰਿਕ ਵਿਚਾਰਾਂ ਨਾਲ ਭਰੇ ਹਨ, ਉਨ੍ਹਾਂ ਨੂੰ ਅਸੀਂ ਕਿਵੇਂ ਅਧਿਆਤਮਿਕ ਵਿਚਾਰਾਂ ਨਾਲ ਭਰ ਦੇਈਏ ਬਸ...। ਪਰ ਕੀ ਫ਼ਰਕ ਪੈਂਦਾ ਹੈ? ਰੋਗ ਦਾ ਨਾਮ ਧਾਰਮਿਕ ਰੱਖ ਲਿਆ, ਚੰਗਾ ਪਿਆਰਾ ਨਾਮ ਰੱਖ ਲਿਆ, ਇਸ ਨਾਲ ਕੀ ਫ਼ਰਕ ਪੈਂਦਾ ਹੈ? ਜਦ ਤੱਕ ਤੁਸੀਂ ਕੁਝ ਵੀ ਹੋਣਾ ਚਾਹੁੰਦੇ ਹੋ, ਜਦ ਤੱਕ ਤੁਸੀਂ ਭਵਿਖ

ਵਿਚ ਕੁਝ ਹੋਣ ਦੀ ਇੱਛਾ ਰਖੱਦੇ ਹੋ, ਜਦ ਤੱਕ ਤੁਸੀਂ ਕੱਲ੍ਹ ਦੇ ਪ੍ਰਤਿ ਆਤੁਰ (ਕਾਹਲੇ) ਹੋ, ਅਕਾਂਕਸ਼ੀ ਹੋ, ਅਭੀਪਸੂ ਹੋ ਤਦ ਤੱਕ ਤੁਸੀਂ ਅਸ਼ਾਂਤ ਰਹੋਗੇ। ਵਿਚਾਰ ਦੀ ਧਾਰਾ ਵਗੱਦੀ ਰਹੇਗੀ। ਹੋਰ, ਵਿਚਾਰ ਦੀ ਧਾਰਾ ਵਗੱਦੀ ਰਹੇਗੀ, ਤੁਸੀਂ ਪਰਮਾਤਮਾ ਨਾਲੋਂ ਟੁੱਟੇ ਰਹੋਗੇ। ਮੈਂ ਤੁਹਾਨੂੰ ਇਹ ਕਹਿ ਰਿਹਾ ਹਾਂ ਕਿ ਧਾਰਮਿਕ ਵਿਚਾਰ ਵੀ ਪਰਮਾਤਮਾ ਦੇ ਅਤੇ ਤੁਹਾਡੇ ਵਿਚਕਾਰ ਓਨੀ ਹੀ ਵੱਡੀ ਬਾਧਾਂ ਹੈ ਜਿੰਨੀ ਵੱਡੀ ਸੰਸਾਰਿਕ ਵਿਚਾਰ ਦੀ। ਵਿਚਾਰ ਬਾਧਾ (ਵਿਘੰਨ) ਹਨ, ਨਿਰਵਿਚਾਰ ਮਿਲਣ ਹੈ—

ਗੋਰਖ ਨੇ ਕਿਹਾ ਹੈ :

ਅਦੇਸ਼ਿ ਦੇਸ਼ਿਬਾ, ਦੇਸ਼ਿ ਵਿਚਾਰਿਬਾ ਅਦਿਸਿਟਿ ਰਾਸ਼ਿਬਾ ਚੀਯਾ ।
ਪਾਤਾਲ ਕੀ ਗੰਗਾ ਬ੍ਰਹਮਾਂਡ ਚੜ੍ਹਾਈਬਾ, ਤਹਾਂ ਬਿਮਲ ਬਿਮਲ ਜਲ ਪੀਯਾ ॥

ਜੋ ਨਹੀਂ ਵਿਖਾਈ ਪੈਂਦਾ ਉਸ ਨੂੰ ਵੇਖਣਾ ਹੈ। ਤਾਂ ਸਾਧਾਰਣ ਅੱਖਾਂ ਕੰਮ ਨਹੀਂ ਦੇ ਸਕਣਗੀਆਂ। ਜੋ ਵਿਚਾਰ ਵਿਚ ਨਹੀਂ ਆਉਂਦਾ ਉਸਦਾ ਅਨੁਭਵ ਕਰਨਾ ਹੈ। ਤਾਂ ਵਿਚਾਰ ਦੀ ਪ੍ਰਕ੍ਰਿਯਾ ਸਾਥ ਨਹੀਂ ਦੇ ਸਕੇਗੀ।

ਅਦੇਖਿ ਦੇਸ਼ਿਬਾ! ਜੋ ਵਿਖਾਈ ਨਹੀਂ ਪੈਂਦਾ ਉਸ ਨੂੰ ਵੇਖਣਾ ਹੈ, ਤਾਂ ਅੱਖਾਂ ਬੰਦ ਕਰਕੇ ਵੇਖਣਾ ਹੋਏਗਾ। ਉਹ ਵਿਖਾਈ ਤਾਂ ਪੈਂਦਾ ਹੀ ਨਹੀਂ ਹੈ। ਅੱਖਾਂ ਖੋਲ੍ਹ ਕੇ ਜੋ ਵਿਖਾਈ ਦਿੰਦਾ ਹੈ ਉਹ ਤਾਂ ਸੰਸਾਰ ਹੈ।

ਅਦੇਸ਼ਿ ਦੇਸ਼ਿਬਾ, ਦੇਸ਼ਿ ਵਿਚਾਰਿਬਾ !

ਫ਼ਿਰ ਉਸ ਨੂੰ ਵੇਖਕੇ ਹੀ ਨਹੀਂ ਰਹਿ ਜਾਣਾ ਹੈ, ਉਸਨੂੰ ਵੇਖਕੇ ਆਪਣੇ ਅੰਤਰਤਮ ਵਿਚ ਪ੍ਰਵੇਸ਼ ਕਰਾਉਂਣਾ ਹੈ। ਉਸਨੂੰ ਸੂਝਣਾ ਹੈ, ਬੂਝਣਾ ਹੈ। ਤਾਂ ਜੋ ਵਿਖਾਈ ਪੈ ਜਾਏ ਓਨੇ ਨਾਲ ਹੀ ਕੰਮ ਦਾ ਹਲ ਨਹੀਂ ਹੋ ਜਾਂਦਾ। ਜੋ ਝਲਕ ਮਿਲ ਜਾਏ, ਉਹ ਸਾਡੀ ਆਤਮ-ਅਵਸਥਾ ਵਿਚ ਸ਼ਾਮਿਲ ਹੋ ਜਾਣੀ ਚਾਹੀਦੀ ਹੈ। ਜੋ ਝਲਕ ਮਿਲੇ ਉਹ ਬਿਜਲੀ ਦੀ ਕੌਂਧ (ਚਮਕ) ਵਰਗੀ ਨ ਹੋਵੇ ਕਿ ਆਈ ਅਤੇ ਗਈ, ਸਾਡੇ ਅੰਦਰ ਇੱਕ ਜਗਦੇ ਹੋਏ ਦੀਵੇ ਦੇ ਵਾਂਗ ਸਦਾ ਰਹਿਣ ਵਾਲੀ ਹੋਵੇ, ਜਿਸ ਦਾ ਪ੍ਰਕਾਸ਼ ਬਣਿਆ ਹੀ ਰਹੇ, ਬਣਿਆ ਹੀ ਰਹੇ।

ਅਦਿਸਿਟਿ ਰਾਸ਼ਿਬਾ ਚੀਯਾ !

ਉਹ ਜਿਹੜਾ ਅਦਰੱਸ਼ ਹੈ ਉਸ ਵਿਚ ਆਪਣੇ ਚਿੱਤ ਨੂੰ ਡੁਬੱਉਂਣਾ ਹੈ ਅਤੇ ਆਪਣੇ ਚਿੱਤ ਵਿਚ ਅਦਰੱਸ਼ ਨੂੰ ਸੰਭਾਲਣਾ ਹੈ।

ਪਾਤਾਲ ਕੀ ਗੰਗਾ ਬ੍ਰਹਮਾਂਡ ਚੜ੍ਹਾਇਬਾ !

ਅਤੇ ਉਹ ਜਿਹੜੀ ਊਰਜਾ ਦੀ ਗੰਗਾ ਹੈ, ਜੋ ਹੇਠਾਂ ਵਲ ਵੱਗੀ ਜਾ ਰਹੀ ਹੈ—ਵਾਸਨਾ ਵਿਚ-ਕਾਮਨਾ ਵਿਚ, ਮਹਤਵਕਾਂਕਸ਼ਾਵਾਂ ਵਿਚ : ਜੋ ਸੰਸਾਰ ਦੇ ਵਲ ਪਰਵਾਹਿਤ ਹੈ ...।

ਪਾਤਾਲ ਕੀ ਗੰਗਾ ਬ੍ਰਹਮਾਂਡ ਚੜ੍ਹਾਇਬਾ!

ਉਹ ਜਿਹੜੀ ਹੇਠਾਂ ਵਲ ਜਾ ਰਹੀ ਹੈ—ਪਾਤਾਲ ਵਲ, ਨਰਕ ਵਲ—ਉਸ ਨੂੰ ਉਪੱਰਲੇ ਪਾਸੇ ਲੈ ਜਾਣਾ ਹੈ, ਉਸਨੂੰ ਉਰਧਵਗਾਮਨ ਦੇਣਾ ਹੈ।

ਤਹਾਂ ਵਿਮਲ-ਵਿਮਲ ਜਲ ਪੀਯਾ!

ਅਤੇ ਇੱਕ ਵਾਰ ਤੁਸੀਂ ਚੱੜ੍ਹਣ ਲਗੇ ਉਪੱਰਲੇ ਪਾਸੇ ਉਰਧਵਗਾਮੀ ਹੋਏ, ਤਾਂ ਫ਼ਿਰ ਖ਼ੂਬ

ਵਿਮਲ ਰਸ, ਫ਼ਿਰ ਅਮ੍ਰਿਤਰਸ ਨੂੰ ਪੀਓ। ਪਰਮਾਤਮਾ ਨੂੰ ਬੈਠ ਜਾਣ ਦਿਓ ਹ੍ਰਿਦਯ ਵਿਚ, ਫ਼ਿਰ ਪੀਓ ਖ਼ੂਬ ਅਮ੍ਰਿਤਰਸ। ਪਰਮਾਤਮਾ ਹ੍ਰਿਦਯ ਵਿਚ ਬੈਠਦਾ ਹੀ ਤਦ ਹੈ ਜਦ ਚਿੱਤ ਨਿਸਤਰੰਗ ਹੁੰਦਾ ਹੈ। ਅਜਿਹਾ ਹੀ ਸਮਝੋ ਝੀਲ ਹੈ, ਪੂਰਣਿਮਾ ਦੀ ਰਾਤ ਹੈ, ਆਕਾਸ਼ ਵਿਚ ਬਹੁਤ ਪਿਆਰਾ ਚੰਨ ਹੈ, ਬਹੁਤ ਸੁੰਦਰ ਸਮਾਂ ਹੈ; ਪਰ ਝੀਲ ਤਰੰਗਾਂ ਨਾਲ ਭਰੀ ਹੈ ਤਾਂ ਚੰਨ ਦਾ ਪ੍ਰਤਿਬਿੰਬ (ਅਕਸ) ਝੀਲ ਵਿਚ ਟਿੱਕ ਨਹੀਂ ਪਾਉਂਦਾ, ਟੁੱਟ-ਟੁੱਟ ਜਾਂਦਾ ਹੈ, ਖਿੰਡ-ਖਿੰਡ ਜਾਂਦਾ ਹੈ, ਬਣਾਓ-ਬਣਾਓ ਅਤੇ ਖਿੰਡ ਜਾਂਦਾ ਹੈ। ਪੂਰੀ ਝੀਲ ਵਿਚ ਚੰਨ ਦੇ ਟੁੱਕੜੇ-ਟੁੱਕੜੇ ਫ਼ੈਲ ਜਾਂਦੇ ਹਨ। ਚਾਂਦੀ ਫ਼ੈਲ ਜਾਂਦੀ ਹੈ ਝੀਲ ਉੱਤੇ, ਪਰ ਚੰਨ ਦਾ ਪ੍ਰਤਿਬਿੰਬ ਨਹੀਂ ਬਣ ਪਾਉਂਦਾ। ਫ਼ਿਰ ਝੀਲ ਸ਼ਾਂਤ ਹੋ ਗਈ, ਹਵਾਵਾਂ ਹੁਣ ਨਹੀਂ ਵੱਗਦੀਆਂ, ਹੁਣ ਸੰਨਾਟਾ ਹੈ, ਹੁਣ ਝੀਲ ਧਿਆਨ ਮਗਨ ਹੋ ਗਈ, ਹੁਣ ਝੀਲ ਸਮਾਧਿਸੱਥ ਹੋ ਗਈ—ਹੁਣ ਚੰਦ੍ਰਮਾਂ ਦਾ ਅਕੱਸ ਬਣਦਾ ਹੈ। ਹੁਣ ਚੰਨ ਪੂਰੇ ਦਾ ਪੂਰਾ ਝੀਲ ਵਿਚ ਬੈਠ ਗਿਆ।

ਅਜਿਹੀ ਹੀ ਘਟਨਾ ਘੱਟਦੀ ਹੈ। ਪਰਮਾਤਮਾ ਤਾਂ ਚੌਹੀਂ ਪਾਸੀਂ ਮੌਜੂਦ ਹੈ। ਪੂਰਣਿਮਾ ਤਾਂ ਹੈ ਹੀ, ਕਿਉਂਕਿ ਪਰਮਾਤਮਾ ਤਾਂ ਇੱਕ ਪਲ ਲਈ ਵੀ ਅਨ-ਉਪਸਥਿਤ ਨਹੀਂ ਹੋ ਰਿਹਾ ਹੈ। ਪੂਰਾ ਚੰਦ੍ਰਮਾ ਨਿਕਲਿਆ ਹੀ ਹੋਇਆ ਹੈ, ਸਿਰਫ਼ ਤੁਹਾਡੇ ਚਿੱਤ ਦੀ ਝੀਲ ਤਰੰਗਿਤ ਹੈ (ਲਹਿਰਾਂ ਭਰੀ) ਤਾਂ ਤੁਹਾਡੇ ਅੰਦਰ ਪਰਮਾਤਮਾ ਦਾ ਪ੍ਰਤੀਬਿੰਬ ਬਣ ਨਹੀਂ ਪਾਉਂਦਾ, ਤੁਸੀਂ ਉਸਨੂੰ ਆਪਣੇ ਅੰਦਰ ਨਹੀਂ ਸੰਭਾਲ ਪਾਉਂਦੇ ਉਹ ਤੁਹਾਡੇ ਗਰਭ ਵਿਚ ਪ੍ਰਵਿਸ਼ਟ ਨਹੀਂ ਹੋ ਪਾਉਂਦਾ ਹੈ। ਟੁੱਟ-ਟੁੱਟ ਜਾਂਦਾ ਹੈ, ਖਿੰਡ-ਖਿੰਡ ਜਾਂਦਾ ਹੈ; ਪਾਰੇ ਦੇ ਵਾਂਗ ਖਿੰਡਰ ਜਾਂਦਾ ਹੈ। ਜਿੰਨੀ ਮੁੱਠ ਬੰਨ੍ਹਦੇ ਹੋ, ਓਨੀ ਮੁਸ਼ਕਿਲ ਹੁੰਦੀ ਜਾਂਦੀ ਹੈ।

ਭਾਵ ਦੀ ਅਵਸਥਾ ਦਾ ਅਰਥ ਹੁੰਦਾ ਹੈ : ਚਿੱਤ ਨਿਰਮਲ ਹੋਇਆ, ਸ਼ਾਂਤ ਹੋਇਆ। ਹੁਣ ਨਹੀਂ ਵੱਗਦੀਆਂ ਵਾਸਨਾਵਾਂ ਦੀਆਂ ਤਰੰਗਾਂ। ਹੁਣ ਨ ਕੁਝ ਪਾਉਂਣਾ ਹੈ, ਨ ਕੁਝ ਹੋਣਾ ਹੈ। ਬੈਠੇ ਰਹੇ ਚੁਪ ਮੌਨ ...। ਇਸ ਵਿਸ਼ਰਾਮ ਦੀ ਅਵਸਥਾ ਵਿਚ ਝੱਟ-ਪੱਟ ਜੋ ਮੌਜੂਦ ਸੀ ਉਹ ਅੰਦਰ ਝਲਕਣ ਲਗਦਾ ਹੈ। ਚੰਨ ਬਾਹਰ ਹੀ ਨਹੀਂ ਹੁੰਦਾ ਫ਼ਿਰ, ਚੰਨ ਅੰਦਰ ਵੀ ਆ ਜਾਂਦਾ ਹੈ। ਅਤੇ ਤਦ ਪੀਓ ਖ਼ੂਬ ... ਵਿਮਲ ਵਿਮਲ ਰਸ ਪੀਆ !

ਇਹਾਂ ਹੀ ਆਛੈ, ਇਹਾਂ ਹੀ ਅਲੋਪ। ਇਹਾਂ ਹੀ ਰਚਿਲੈ ਤੀਨ ਤ੍ਰਿਲੋਕ ।
ਆਛੈ ਸੰਗੀ ਰਹੈ ਜੁਵਾ। ਤਾਂ ਕਾਰਣਿ ਅਨੰਤ ਸਿੱਧਾ ਜੋਗੇਸ਼ਵਰ ਹੂਵਾ ॥

ਗੋਰਖ ਕਹਿੰਦੇ ਹਨ ਕਿ ਅਨੰਤ ਸਾਧਕਾਂ ਨੇ, ਖੋਜਣ ਵਾਲਿਆਂ ਨੇ ਇਸ ਤਰ੍ਹਾਂ ਸਿੱਧੀ ਪਾਈ। ਇਸ ਤਰ੍ਹਾਂ ਸਿੱਧ ਜੋਗੇਸ਼ਵਰ ਹੋਏ। ਕਿਸ ਤਰ੍ਹਾਂ ? ਇਹਾਂ ਹੀ ਆਵੈ, ਇਹਾਂ ਹੀ ਅਲੋਪ ! ਜਿਸ ਨੂੰ ਤੁਸੀਂ ਲੱਭ ਰਹੇ ਹੋ, ਉਹ ਇੱਥੇ ਹੀ ਲੁੱਕਿਆ ਹੈ। ਕਿੱਥੇ ਜਾਂਦੇ ਹੋ?

ਇਹਾਂ ਹੀ ਆਵੈ, ਇਹਾਂ ਹੀ ਅਲੋਪ!

ਜਿਸ ਨੂੰ ਤੁਸੀਂ ਲੱਭਣ ਦੂਰ-ਦੂਰ ਦੀ ਯਾਤ੍ਰਾ ਕਰਦੇ ਹੋ ਕਾਸ਼ੀ ਅਤੇ ਕੈਲਾਸ਼, ਕੁਰਾਨ ਅਤੇ ਪੁਰਾਣ ... ਅਤੇ ਜਿਸ ਨੂੰ ਤੁਸੀਂ ਪਥੱਰਾਂ ਵਿਚ ਪੂਜਦੇ ਹੋ ਅਤੇ ਸ਼ਬਦਾਂ ਵਿਚ ਤਲਾਸ਼ਦੇ ਹੋ, ਉਹ ਬਿਲਕੁੱਲ ਇੱਥੇ ਹੀ ਮੌਜੂਦ ਹੈ, ਹੁਣੇ ਤੁਹਾਡੇ ਸੁਆਸ-ਸੁਆਸ ਵਿਚ, ਤੁਹਾਡੀ ਅੱਖ ਦੇ ਸਾਹਮਣੇ ਹੈ, ਤੁਸੀਂ ਕਿੱਤੇ ਵੀ ਅੱਖਾਂ ਫ਼ੇਰੋ, ਉਹ ਹੀ ਮੌਜੂਦ ਹੈ।

ਇਹਾਂ ਹੀ ਆਵੈ, ਇਹਾਂ ਹੀ ਅਲੋਪ।

ਇੱਥੇ ਹੀ ਮੌਜੂਦ ਹੈ ਅਤੇ ਇੱਥੇ ਹੀ ਲੁੱਕਿਆ ਹੈ, ਇਸ ਦਾ ਇਹ ਅਰਥ ਨਹੀਂ ਹੈ ਕਿ ਤੁਹਾਡੇ ਕੋਲੋਂ ਲੁੱਕਣ ਦੀ ਕੋਸ਼ਿਸ਼ ਕਰ ਰਿਹਾ ਹੈ। ਲੁੱਕਿਆ ਹੈ ਇਸ ਲਈ, ਅਲੋਪ ਹੈ, ਇਸ ਲਈ, ਕਿਉਂਕਿ ਤੁਹਾਡੀਆਂ ਅੱਖਾਂ ਉੱਤੇ ਵਿਚਾਰ ਦਾ ਪਰਦਾ ਪਿਆ ਹੈ। ਤੁਸੀਂ ਆਪਣੇ ਵਿਚਾਰ ਨਾਲ ਭਰੇ ਹੋ, ਵੇਖਣ ਦੀ ਸਹੂਲੀਅਤ ਕਿੱਥੇ ਹੈ? ਤੁਸੀਂ ਤਰੰਗਾਂ ਨਾਲ ਭਰੇ ਹੋ।

ਇਹਾਂ ਹੀ ਰਚਿਲੈ ਤੀਨ ਤ੍ਰਿਲੋਕ!

ਕਿੱਥੇ ਦੀਆਂ ਤੁਸੀਂ ਗੱਲਾਂ ਕਰ ਰਹੇ ਹੋ ਕਿ ਹੋਰ ਕਿੱਤੇ ਅੱਗੇ ਕੋਈ ਲੋਕ ਹੈ ? ਇੱਥੇ ਹੀ ਤਿੰਨੇ ਲੋਕ ਹਨ। ਨਰਕ ਵੀ ਇੱਥੇ ਹੈ, ਧਰਤੀ ਵੀ ਇੱਥੇ ਹੈ ਅਤੇ ਸਵਰਗ ਵੀ ਇੱਥੇ ਹੀ ਹੈ। ਸਭ ਤੁਹਾਡੀ ਦ੍ਰਿਸ਼ਟੀ ਦੀ ਗੱਲ ਹੈ। ਇਧੱਰ ਦ੍ਰਿਸ਼ਟਿ ਬਦਲੀ ਕਿ ਓਧਰ ਸ੍ਰਿਸ਼ਟਿ ਬਦਲੀ।

ਜੋ ਆਦਮੀ ਵਿਚਾਰਾਂ ਵਿਚ ਜੀ ਰਿਹਾ ਹੈ, ਉਹ ਨਰਕ ਵਿਚ ਜੀ ਰਿਹਾ ਹੈ। ਜੋ ਆਦਮੀ ਭਾਵ ਵਿਚ ਜੀ ਰਿਹਾ ਹੈ, ਉਹ ਸਵਰਗ ਵਿਚ ਜੀ ਰਿਹਾ ਹੈ। ਜੋ ਦੋਹਾਂ ਦੇ ਵਿਚਕਾਰ ਅਟਕਿਆ ਹੈ, ਉਹ ਧਰਤੀ ਉੱਤੇ। ਇਸ ਧਰਤੀ ਉੱਤੇ ਜ਼ਿਆਦਾਤਰ ਲੋਗ ਨਰਕ ਵਿਚ ਜੀ ਰਹੇ ਹਨ। ਤੁਸੀਂ ਇਹ ਨ ਸੋਚੋ ਕਿ ਨਰਕ ਕਿੱਤੇ ਪਾਤਾਲ ਵਿਚ ਹੈ। ਭੁੱਲੋ ਪੁਰਾਣੀਆਂ ਵਿਅਰਥ ਦੀਆਂ ਬਕਵਾਸਾਂ। ਜੇਕਰ ਧਰਤੀ ਨੂੰ ਖੋਦਦੇ ਚਲੇ ਜਾਓਗੇ ਤਾਂ ਪਾਤਾਲ ਵਿਚ ਤਾਂ ਅਮਰੀਕਾ ਹੈ, ਨਰਕ ਨਹੀਂ ਹੈ।

ਅਤੇ ਅਮਰੀਕਾ ਦੇ ਵੀ ਲੋਗ ਇਹ ਹੀ ਸੋਚਦੇ ਹਨ ਕਿ ਹੇਠਾਂ। ਤੁਸੀਂ ਹੋ ਹੇਠਾਂ ! ਇਹ ਪੁੰਨ ਭੂਮੀ ਭਾਰਤ। ਜੇਕਰ ਅਮਰੀਕਾ ਖੋਦਦਾ ਹੀ ਚਲਾ ਜਾਏ ਤਾਂ ਇੱਥੇ ਨਿਕਲ ਆਉਂਣਗੇ ਪੂਨਾ ਵਿਚ। ਤੁਹਾਨੂੰ ਵੇਖ ਕੇ ਬਹੁਤ ਹੈਰਾਨ ਹੋਣਗੇ। ਸ਼ੈਤਾਨ ਵਗ਼ੈਰਾ ਕਿੱਥੇ ਹਨ, ਅੱਗ ਕਿੱਥੇ ਬਲ ਰਹੀ ਹੈ, ਕੜਾਹੇ ਕਿੱਥੇ ਹਨ? ਧਰਤੀ ਗੋਲ ਹੈ। ਹੇਠਾਂ ਇਹ ਹੀ ਧਰਤੀ ਹੈ। ਇਸ ਲਈ ਹੇਠਾਂ ਉਪੱਰ ਦੀ ਭਾਸ਼ਾ ਨੂੰ ਪ੍ਰਤੀਕ ਸਮਝੋ। ਹੇਠਾਂ ਦਾ ਅਰਥ ਧਰਤੀ ਦੇ ਹੇਠਾਂ ਨਹੀਂ ਹੈ ਅਤੇ ਉਪੱਰ ਦਾ ਅਰਥ ਆਕਾਸ਼ ਵਿਚ ਨ ਵੇਖਣ ਲਗੋ। ਹੇਠਾਂ ਦਾ ਅਰਥ ਹੈ ਵਿਚਾਰ। ਉਪੱਰ ਦਾ ਅਰਥ ਹੈ ਭਾਵ। ਹੇਠਾਂ ਦਾ ਅਰਥ ਹੈ ਪਾਗਲਪਨ। ਉਪੱਰ ਦਾ ਅਰਥ ਹੈ ਵਿਮੁਕਤਤਾ (ਮੁਕਤਿ)। ਅਤੇ ਦੋਹਾਂ ਦੇ ਵਿਚਕਾਰ ਧਰਤੀ ਹੈ।

ਜਿਹੜੇ ਲੋਗ ਨਰਕ ਵਿਚ ਜੀ ਰਹੇ ਹਨ ਉਹ ਦੁਖ ਪਾ ਰਹੇ ਹਨ, ਬਹੁਤ ਦੁਖ ਖਾ ਰਹੇ ਹਨ; ਹੁਣੇ ਪਾ ਰਹੇ ਹਨ ਇਸੇ ਪਲ ਪਾ ਰਹੇ ਹਨ। ਕਰੋ ਕ੍ਰੋਧ ਅਤੇ ਤੁਸੀਂ ਨਰਕ ਵਿਚ ਪ੍ਰਵਿਸ਼ਟ ਹੋ ਗਏ.. ਬਲਣ ਲਗੀ ਅੱਗ। ਕਿਸ ਅੱਗ ਦਾ ਵਿਚਾਰ ਕਰ ਰਹੇ ਹੋ, ਅਤੇ ਕਿਹੜੇ ਕੜਾਹੇ ਚਾਹੀਦੇ ਹਨ ? ਕ੍ਰੋਧ ਜਿੰਨਾ ਗਾਲ ਦਿੰਦਾ ਹੈ, ਜਿੰਨਾ ਸਾੜ ਦਿੰਦਾ ਹੈ, ਹੋਰ ਕੀ ਜਲਾਏਗਾ? ਹੋਣ ਲਗੇ ਦਗਧ (ਦੁਖੀ) ਡੁੱਬਣ ਲਗੇ ਜ਼ਹਰ ਵਿਚ। ਕੜਵਾਹਟ ਫ਼ੈਲਣ ਲਗੀ ਪਰਾਣਾਂ ਵਿਚ ਅਤੇ ਕਰੋ ਪ੍ਰੇਮ, ਕਰੁਣਾ ਉਠਣ ਲਗੇ ਉਪਰ; ਖੁਲ੍ਹੇ ਦੁਆਰ ਸੁਵਰਗ ਦੇ ਆਕਾਸ਼ ਵਿਚ ਨਹੀਂ ਹੈ ਸਵਰਗ! ਉਪੱਰ ਕਹਿੰਦੇ ਹਨ ਇਸ ਲਈ ਕਿ ਉਹ ਉਪੱਰ ਦੀ ਅਵਸਥਾ ਹੈ, ਤੁਹਾਡੀ ਚੇਤਨਾਂ ਦੀ ਉਪੱਰੀ ਤੋਂ ਉਪੱਰੀ ਅਵਸਥਾ ਦਾ ਨਾਮ ਹੈ। ਭਾਵ ਤੁਹਾਡੀ ਉੱਤਮ ਅਵਸਥਾ ਹੈ—ਤੁਹਾਡੇ ਅੰਦਰ ਦਾ ਗੌਰੀ ਸ਼ੰਕਰ । ਪਰ ਲੋਗ ਸੋਚਦੇ ਹਨ ਗੌਰੀ ਸ਼ੰਕਰ ਉਪੱਰ ਕੁਝ ਹੈ। ਇਸ ਲਈ ਕੈਲਾਸ਼ ਉੱਤੇ ਤੀਰਥ ਬਣ ਗਿਆ ਹੈ। ਤੀਰਥ ਤੁਹਾਡੇ ਅੰਦਰ ਹੈ, ਤੁਹਾਡੇ ਅੰਦਰ ਹੈ ਕੈਲਾਸ਼ । ਤੁਹਾਡੀ ਚੇਤਨਾ ਜਦ ਪਰਮਸ਼ਾਂਤ ਹੁੰਦੀ ਹੈ ਤਾਂ ਗੌਰੀ ਸ਼ੰਕਰ

ਬਣ ਜਾਂਦੀ ਹੈ। ਉੱਚੇ ਤੋਂ ਉੱਚਾ ਹਿਮਾਲਿਆ ਵੀ ਤੁਹਾਡੇ ਤੋਂ ਨੀਵਾਂ ਪੈ ਜਾਂਦਾ ਹੈ। ਤੁਸੀਂ ਉਡੱਣ ਲਗੇ ਆਕਾਸ਼ ਵਿਚ, ਤੁਸੀਂ ਆਕਾਸ਼ ਹੋ ਗਏ। ਅਤੇ ਜਦ ਤੁਸੀਂ ਹੇਠਾਂ ਡਿੱਗਦੇ ਹੋ ਤਾਂ ਨਰਕ ਹੋ ਜਾਂਦੇ ਹੋ। ਦੋਹਾਂ ਦੇ ਵਿਚਕਾਰ ਧਰਤੀ ਹੈ।

ਜ਼ਿਆਦਤਰ ਲੋਗ ਨਰਕ ਵਿਚ ਜੀ ਰਹੇ ਹਨ, ਬਹੁਤ ਥੋੜ੍ਹੇ ਜਿਹੇ ਲੋਕ ਧਰਤੀ ਤੇ ਜੀ ਰਹੇ ਹਨ ਅਤੇ ਬਹੁਤ ਵਿਰਲੇ ਲੋਗ ਸਵਰਗ ਦਾ ਅਨੁਭਵ ਕਰ ਰਹੇ ਹਨ। ਅਤੇ ਸਭ ਇੱਥੇ ਹੀ ਹੈ, ਹੁਣੇ ਹੈ।

ਗੋਰਖ ਦਾ ਵਚਨ ਬਹੁਤ ਅਨੋਖਾ ਹੈ : ਇਹਾਂ ਹੀ ਰਚਿਲੈ ਤੀਨ ਤ੍ਰਿਲੋਕ।

ਰੱਚ ਲਓ ਇਥੇ ਹੀ, ਜੋ ਵੀ ਤੁਸੀਂ ਕਰਨਾ ਹੋਵੇ, ਜੋ ਵੀ ਤੁਸੀਂ ਬਨਾਉਂਣਾ ਹੋਵੇ, ਜਿੱਥੇ ਵੀ ਤੁਹਾਨੂੰ ਜੀਉਂਣਾ ਹੋਵੇ, ਇਹ ਤੁਹਾਡੇ ਜੀਵਨ ਦੀ ਸ਼ੈਲੀ ਉੱਤੇ ਨਿਰਭਰ ਹੈ।

ਆਛੈ ਸੰਗੈ ਰਹੈ ਜੂਵਾ।

ਇੱਥੇ ਤੁਹਾਡੇ ਅੰਦਰ, ਤੁਹਾਡੇ ਸ਼ੂਨਯ ਵਿਚ ਸਭ ਲੁੱਕਿਆ ਹੈ। ਤੁਹਾਡੇ ਸਹਸਤ੍ਰਾਰ ਵਿਚ ਸਭ ਲੁੱਕਿਆ ਹੈ। ਇੱਥੇ ਹੀ ਆਲੋਕਾਂ ਦਾ ਆਲੋਕ ਲੁੱਕਿਆ ਹੈ। ਪਰਕਾਸ਼ਾਂ ਦਾ ਪਰਕਾਸ਼। ਇਸੇ ਸ਼ੂਨਯ ਵਿਚ ਪਰਮਾਤਮਾ ਬਿਰਾਜਮਾਨ ਹੈ। ਇਸ ਵਿਚ ਜੋ ਡੁੱਬਿਆ ਉਹ ਸਿੱਧ ਹੋਇਆ, ਯੋਗੇਸ਼ਵਰ ਹੋਇਆ।

ਆਛੈ ਸੰਗੈ ਰਹੈ ਜੂਵਾ। ਆਪਣੇ ਹੀ ਅੰਦਰ ਦੇ ਸ਼ੂਨਯ ਨਾਲ ਸੰਬੰਧ ਬਣਾ ਲਓ।

ਤਾ ਕਾਰਣਿ ਅਨੰਤ ਸਿੱਧਾ ਜੋਗੇਸ਼ਵਰ ਹੁਵਾ। ਅਤੇ ਓਨੇ ਹੀ ਕਾਰਣ ਨਾਲ, ਬਸ ਓਨੇ ਹੀ ਕਾਰਣ ਨਾਲ, ਆਪਣੇ ਸ਼ੂਨਯ ਨਾਲ ਸੰਬੰਧ ਬਣਾ ਲੈਣ ਨਾਲ ਅਨੇਕਾਂ ਲੋਗ ਯੋਗ ਦੀ ਪਰਮ ਅਵਸਥਾ—ਨਿਰ ਵਿਕੱਲਪ ਸਮਾਧੀ ਨੂੰ—ਉਪਲਬੱਧ ਹੋ ਗਏ ਹਨ। ਭਗਤ ਉਸੇ ਨੂੰ ਭਾਵ ਸਮਾਧੀ ਕਹਿੰਦੇ ਹਨ।

ਦੂਜਾ ਸਵਾਲ : ਮੈਂ ਪ੍ਰਭੂ ਤੋਂ ਕੁਝ ਮੰਗਣਾ ਚਾਹੁੰਦਾ ਹਾਂ, ਕੀ ਮੰਗਾਂ ?

ਮੰਗਣ ਦੀ ਗੱਲ ਸ਼ੋਭਾ ਦੀ ਗੱਲ ਨਹੀਂ। ਪ੍ਰਭੂ ਦੇ ਦਰ ਤੇ ਭਿਖਮੰਗੇ ਹੋ ਕੇ ਨ ਜਾਣਾ। ਬਿਨ ਮੰਗਿਆਂ ਮੋਤੀ ਮਿਲਣ, ਮੰਗਿਆਂ ਮਿਲੇ ਨ ਚੂਨ (ਆਟਾ)। ਅਤੇ ਅਜਿਹਾ ਨਹੀਂ ਹੈ ਕਿ ਨਹੀਂ ਮਿਲੇਗਾ, ਪਰ ਨ ਮੰਗਣ ਵਾਲੇ ਨੂੰ ਮਿਲਦਾ ਹੈ। ਮੰਗਣ ਵਾਲੇ ਪਰਤਾ ਦਿੱਤੇ ਜਾਂਦੇ ਹਨ। ਮੰਗਤਿਆਂ ਦਾ ਕੌਣ ਸਵਾਗਤ ਕਰਦਾ ਹੈ ? ਪਰਮਾਤਮਾ ਦੇ ਦੁਆਰ ਦੇ ਪਹਿਰੇਦਾਰ ਕਹਿ ਦਿੰਦੇ ਹਨ—ਅੱਗੇ ਵੱਧੋ ! ਮੰਗਣ ਵਾਲਿਆਂ ਤੋਂ ਲੋਗ ਪ੍ਰੇਸ਼ਾਨ ਹਨ।

ਇੱਕ ਯਹੂਦੀ ਮਰਿਆ, ਜਿੰਦਗੀ ਭਰ ਪ੍ਰਾਰਥਨਾ ਵਿਚ ਹੀ ਸਮਾਂ ਬਿਤਾਇਆ। ਖ਼ੂਬ ਚੀਖ-ਚੀਖ ਕੇ ਪ੍ਰਾਰਥਨਾ ਕਰਦਾ ਸੀ ਸਿਨੇਗਾਗ ਵਿਚ ਜਾ ਕੇ। ਰਾਤ ਸੌਂਦਾ ਤਾਂ ਵੀ ਚੀਖ ਚਿੱਲਾ ਕੇ ਪ੍ਰਾਰਥਨਾ ਕਰਦਾ। ਜੇਕਰ ਨੀਂਦ ਉਖੜ ਜਾਂਦੀ ਤਾਂ ਵੀ ਚੀਖ ਕੇ ਪ੍ਰਾਰਥਨਾ ਕਰਦਾ—ਸੁਣ ਲੈ ਪਰਮਾਤਮਾ ! ਉਸਦੇ ਸਾਹਮਣੇ ਹੀ ਇੱਕ ਨਾਸਤਿਕ ਸੀ, ਜਿਸ ਨੇ ਕਦੇ ਪ੍ਰਾਰਥਨਾ ਨਹੀਂ ਕੀਤੀ ਅਤੇ ਨ ਹੀ ਕਦੇ ਮੰਦਰ ਗਿਆ। ਸੋਚਦਾ ਸੀ ਯਹੂਦੀ ਦਿਲ ਵਿਚ, ਧਾਰਮਿਕ ਸੀ, ਸੋਚਦਾ ਸੀ ਕਿ ਬੱਚੂ, ਕਰ ਲੈ ਦੋ ਚਾਰ ਦਿਨ ਮਜ਼ਾ ਅਤੇ ਫ਼ਿਰ ਪਵੇਂਗਾ

ਨਰਕ ਵਿਚ; ਇੰਨੀਆਂ ਕੀਤੀਆਂ ਹਨ ਪ੍ਰਾਰਥਨਾਵਾਂ, ਇੰਨਾ ਪੁੰਨ ਕਮਾਇਆ ਹੈ। ਤੂੰ ਪਿਆ ਹੋਵੇਂਗਾ ਨਰਕ ਵਿਚ। ਅੱਜੇ ਕਰ ਲੈ ਚਾਰ ਦਿਨ ਮੌਜ-ਮੇਲਾ; ਵਜਾ ਲੈ ਖ਼ੂਬ ਬੰਸਰੀ; ਪਰ ਇਹ ਚਾਰ ਦਿਨ ਦੀ ਚਾਂਦਨੀ ਹੈ, ਫ਼ਿਰ ਹਨੇਰੀ ਰਾਤ ਹੈ।ਅਜਿਹਾ ਮਨ ਵਿਚ ਸੋਚਦਾ, ਅਤੇ ਹੋਰ ਜ਼ੋਰ ਨਾਲ ਪ੍ਰਾਰਥਨਾ ਕਰਦਾ। ਪ੍ਰਾਰਥਨਾ ਵਿਚ ਆਪਣੇ ਲਈ ਤਾਂ ਸਵਰਗ ਮੰਗਦਾ ਹੀ ਸੀ, ਨਾਲ ਹੀ ਸਾਹਮਣੇ ਰਹਿਣ ਵਾਲੇ ਨਾਸਤਿਕ ਲਈ ਨਰਕ ਵੀ ਮੰਗਦਾ ਸੀ। ਸੰਜੋਗ ਦੀ ਗੱਲ, ਦੋਵੇਂ ਇੱਕੋ ਹੀ ਦਿਨ ਮਰੇ। ਦੇਵਤਾ ਲੈਣ ਆਏ, ਧਾਰਮਿਕ ਨੂੰ ਨਰਕ ਵਲ ਲੈ ਚਲੇ। ਉਹ ਬਹੁਤ ਚੀਖਿਆ ਕਿ ਇਹ ਕੀ ਕਰ ਰਹੇ ਹੋ ? ਅਤੇ ਅਧਾਰਮਿਕ ਨੂੰ ਸਵਰਗ ਦੇ ਵਲ ਲੈ ਚਲੇ। ਉਸਨੇ ਕਿਹਾ ਇਹ ਅਨਿਆਏ ਹੋ ਰਿਹਾ ਹੈ। ਜ਼ਿੰਦਗੀ ਭਰ ਮੇਰੇ ਨਾਲ ਅਨਿਆਏ ਹੋਇਆ ਅਤੇ ਹੁਣ ਵੀ ਅਨਿਆਏ ਹੋ ਰਿਹਾ ਹੈ। ਤਦ ਵੀ ਮੈਂ ਪਰੇਸ਼ਾਨ ਰਿਹਾ, ਪਰ ਮੈਂ ਸਭ ਤਰ੍ਹਾਂ ਨਾਲ ਧੀਰਜ ਰੱਖਿਆ ਕਿ ਕੋਈ ਗੱਲ ਨਹੀਂ, ਝੱਲ ਲੈ, ਚਾਰ ਦਿਨਾਂ ਦੀ ਪਰੇਸ਼ਾਨੀ ਹੈ, ਫ਼ਿਰ ਤਾਂ ਸਵਰਗ ਹੈ, ਅਤੇ ਇਸ ਭੋਗੀ ਨੂੰ ਤੁਸੀਂ ਸਵਰਗ ਲੈ ਜਾ ਰਹੇ ਹੋ। ਜ਼ਰੂਰ ਕੁਝ ਭੁੱਲ-ਚੁੱਕ ਹੋ ਗਈ ਹੈ। ਆਗਿਆ ਲਿਆਏ ਹੋਵੋਗੇ ਮੈਨੂੰ ਸਵਰਗ ਲੈ ਜਾਣ ਦੀ, ਤੁਹਾਡੀ ਚਿੱਠੀ ਤਾਂ ਵੇਖਾਂ ! ਲੈ ਚਲੇ ਉਸਨੂੰ, ਕੁਝ ਭੁੱਲ ਹੋ ਰਹੀ ਹੈ ਤੁਹਾਡੇ ਕੋਲੋਂ।

ਪਰ ਉਨ੍ਹਾਂ ਨੇ ਕਿਹਾ : ਕੋਈ ਭੁੱਲ ਨਹੀਂ ਹੋ ਰਹੀ ਹੈ। ਜੇਕਰ ਤੈਨੂੰ ਜ਼ਿਆਦਾ ਪਰੇਸ਼ਾਨੀ ਹੈ ਤਾਂ ਅਸੀਂ ਤਾਂ ਦੋਹਾਂ ਨੂੰ ਪਰਮਾਤਮਾ ਦੇ ਸਾਹਮਣੇ ਲੈ ਚਲਦੇ ਹਾਂ।ਉਸ ਨੇ ਕਿਹਾ ਕਿ ਜ਼ਰੂਰ ਲੈ ਚਲੋ, ਓਥੇ ਫ਼ੈਸਲਾ ਹੋ ਜਾਏਗਾ। ਪਰਮਾਤਮਾ ਦੇ ਸਾਹਮਣੇ ਜਾ ਕੇ ਉਹ ਫ਼ਿਰ ਚੀਖਿਆ, ਪੁਰਾਣੀ ਆਦਤ ਸੀ। ਪਰਮਾਤਮਾ ਨੇ ਕਿਹਾ: ਹੁਣ ਤਾਂ ਮੈਂ ਤੇਰੇ ਸਾਹਮਣੇ ਹਾਂ, ਹੁਣ ਕਿਉਂ ਚੀਖ ਰਿਹਾ ਹੈਂ? ਕੀ ਚਾਹੁੰਦਾ ਹੈਂ?

ਉਸ ਨੇ ਕਿਹਾ, ਕੁਝ ਭੁੱਲ ਹੋ ਗਈ ਹੈ, ਲੈ ਜਾਣਾ ਹੈ ਮੈਨੂੰ ਸਵਰਗ ਵਿਚ ਤੇ ਲਈ ਜਾ ਰਹੇ ਹਨ ਇਸ ਦੁਸ਼ਟ ਨੂੰ। ਅਤੇ ਇਹ ਤਾਂ ਭੋਗੀ ਹੈ ਅਤੇ ਇਹ ਤਾਂ ਜ਼ਿੰਦਗੀ ਭਰ ਗਲਤ ਕੰਮ ਕਰਦਾ ਰਿਹਾ। ਪ੍ਰਾਰਥਨਾ ਇਸ ਨੇ ਕਦੇ ਕੀਤੀ ਨਹੀਂ, ਮੈਂ ਸਦਾ ਪ੍ਰਾਰਥਨਾ ਕਰਦਾ ਰਿਹਾ, ਮੈਨੂੰ ਨਰਕ ਕਿਉਂ ਲੈ ਜਾਇਆ ਜਾ ਰਿਹਾ ਹੈ ?

ਪਰਮਾਤਮਾ ਨੇ ਕਿਹਾ : ਤੇਰੀਆਂ ਪ੍ਰਾਰਥਨਾਵਾਂ ਦੇ ਕਾਰਨ। ਤੂੰ ਮੇਰਾ ਸਿਰ ਖਾ ਗਿਆ। ਹੁਣ ਤੈਨੂੰ ਇੱਥੇ ਸਵਰਗ ਵਿਚ ਵਸਾ ਕੇ ਹੋਰ ਆਪਣੀ ਜਾਨ ਦੀ ਮੁਸੀਬਤ ਲੈਣੀ ਹੈ, ਬਲਾ ਲੈਣੀ ਹੈ ? ਤੇਰੀਆਂ ਪ੍ਰਾਰਥਨਾਵਾਂ ਦਾ ਇਹ ਫ਼ਲ ਹੈ। ਇਸ ਆਦਮੀ ਨੂੰ ਵਸਾ ਰਿਹਾ ਹਾਂ ਇਸ ਲਈ ਕਿ ਇਹ ਬੰਸਰੀ ਵਜਾਉਂਦਾ ਹੈ, ਰਾਗ-ਰੰਗ ਵਿਚ ਰਹਿੰਦਾ ਹੈ; ਇਸ ਨਾਲ ਸਵਰਗ ਵਿਚ ਥੋੜ੍ਹੀ-ਜਿਹੀ ਰੌਣਕ ਆਵੇਗੀ। ਤੈਨੂੰ ਵਸਾਉਣ ਵਿਚ ਤਾਂ ਰੌਣਕ ਆਏਗੀ ਨਹੀਂ; ਥੋੜ੍ਹੀ-ਬਹੁਤ ਹੈ, ਉਹ ਵੀ ਚਲੀ ਜਾਏਗੀ।

ਤੁਸੀਂ ਮੰਗੋਗੇ ਪ੍ਰਭੂ ਤੋਂ ਕੁਝ ਤਾਂ ਕੀ ਮੰਗੋਗੇ? ਕੁਝ ਸੁੰਦਰ ਹੀ ਮੰਗੋਗੇ। ਚੰਗਾ ਤਾਂ ਹੋਵੇ ਕਿ ਨ ਮੰਗੋ। ਜੇਕਰ ਨ ਮੰਗਣ ਦੀ ਸ਼ਮਤਾ (ਤਾਕਤ) ਇਕੱਠੀ ਕਰ ਸਕੋ ਤਾਂ ਸਰੇਸ਼ਠਤਮ ਹੈ। ਜੇਕਰ ਮੰਗਣਾ ਹੀ ਹੋਵੇ ਤਾਂ ਸਿਰਫ਼ ਪ੍ਰਭੂ ਨੂੰ ਹੀ ਮੰਗੋ, ਹੋਰ ਕੁਝ ਨ ਮੰਗੋ। ਨੰਬਰ ਦੋ ਦੀ ਗੱਲ ਹੈ ਉਹ।ਮਨ ਮੰਨੇ ਹੀ ਨ, ਮਨ ਨੂੰ ਆਦਤ ਹੀ ਪੈ ਗਈ ਹੋਵੇ ਮੰਗਣ ਦੀ, ਬਿਨਾਂ ਮੰਗੇ ਚਿੱਤ ਰਾਜ਼ੀ ਹੀ ਨ ਹੋਵੇ, ਕੰਡਾ ਚੁਭਦਾ ਰਹੇ, ਤਾਂ ਫ਼ਿਰ ਪ੍ਰਭੂ ਨੂੰ ਮੰਗ ਲਓ।

ਰਹੀਮ ਨੇ ਕਿਹਾ ਹੈ—

ਕਹਾ ਕਰੌ ਬੈਕੁੰਠ ਲੈ, ਕਲਪਬ੍ਰਿਛ ਕੀ ਛਾਂਹ।
ਰਹਿਮਨ ਢਾਕ ਸੁਹਾਵਨੈ ਜੋ, ਗਲ ਪ੍ਰੀਤਮ ਬਾਂਹ॥

ਕੀ ਕਰਾਂਗਾ ਲੈ ਕੇ ਤੇਰਾ ਬੈਕੁੰਠ, ਅਤੇ ਕੀ ਕਰਾਂਗਾ ਕਲਪ ਬ੍ਰਿਛ ਦੀ ਛਾਂ ?

ਰਹਿਮਨ ਢਾਕ ਸੁਹਾਵਨੇ ! ਇਹ ਢਾਕ ਦਾ ਕਰੂਪ ਜਿਹਾ ਬ੍ਰਿਛ ਹੀ ਖ਼ੂਬ ਸੁਹਾਵਨਾ ਹੈ; ਬਸ ਇੱਕ ਕੰਮ ਹੋ ਜਾਏ—ਜੋ ਗਲ ਪ੍ਰੀਤਮ ਬਾਂਹ।

ਤੇਰੇ ਗਲ ਵਿਚ ਮੇਰੀ ਬਾਂਹ ਹੋਵੇ, ਮੇਰੇ ਗਲੇ ਵਿਚ ਤੇਰੀਆਂ ਬਾਹਾਂ ਹੋਣ, ਫ਼ਿਰ ਇਸੇ ਢਾਕ ਦੇ ਹੇਠਾਂ ਸਵਰਗ ਬਸ ਗਿਆ। ਫ਼ਿਰ ਕੀ ਕਰਾਂਗੇ ਕਲਪ ਬ੍ਰਿਛ ਅਤੇ ਬੈਕੁੰਠ ਦਾ? ਫ਼ਿਰ ਇੱਥੇ ਹੀ ਬੈਕੁੰਠ ਹੈ ! ਤਾਂ ਮੰਗਣਾ ਹੀ ਹੋਵੇ ਤਾਂ ਉਸ ਨੂੰ ਮੰਗੋ; ਬਸ ਉਸ ਤੋਂ ਜ਼ਿਆਦਾ ਕੁਝ ਨ ਮੰਗਣਾ। ਜੇਕਰ ਮੰਗਣਾ ਹੀ ਹੋਵੇ ਤਾਂ ਇੰਨਾ ਹੀ ਮੰਗਣਾ ਕਿ ਮੈਨੂੰ ਅਪਾਤ੍ਰ ਨੂੰ ਸਵੀਕਾਰ ਕਰ ਲਓ। ਜੇਕਰ ਮੰਗਣਾ ਹੀ ਹੋਵੇ ਤਾਂ ਇੰਨਾ ਹੀ ਕਿ ਮੈਨੂੰ ਸ਼ਰਣ ਦੇ ਦਿਓ ਕਿ ਮੇਰਾ ਸਮ੍ਰਪਣ ਸਵੀਕਾਰ ਹੋਵੇ। ਅਸਵੀਕਾਰ ਨ ਹੋਵੇ। ਜਿਵੇ ਪ੍ਰੇਮੀ, ਪ੍ਰੇਮਿਕਾ ਤੋਂ ਮੰਗਦਾ ਹੈ, ਜਾਂ ਪ੍ਰੇਮਿਕਾ ਪ੍ਰੇਮੀ ਤੋਂ ਮੰਗਦੀ ਹੈ।

· ਪਰਮਾਤਮਾ ਦੇ ਦਰ ਤੇ ਪ੍ਰੇਮੀ ਦੇ ਵਾਂਗ ਜਾਓ, ਭਿਖ ਮੰਗੇ ਦੇ ਵਾਂਗ ਨਹੀਂ।

ਮਾਨਿਨੀ ਸਬ ਕੁਛ ਨਿਛਾਵਰ ਚਰਣ ਪਰ ਤੇਰੇ—
ਵਰਣ ਕਰ ਪੁਣਯਤਮ ਛਣ ਹੈ !

ਖੋਲ੍ਹ ਦੇ ਨਿਜ ਨਯਨ-ਪਾਟਲ, ਯੁਗ-ਯੁਗੋਂ ਸੇ ਸਿਨੱਗਧ ਉਰ-ਤਲ,
ਵੇਦਨਾ ਬਨ ਜਾਏ ਯਮੁਨਾ—ਏਕ ਸੁਧਿ ਕੀ ਸ਼ਾਂਸ ਸੇ ਗਲ ;
ਰਾਗਿਨੀ, ਸੁਰ-ਲੈਅ ਨਿਛਾਵਰ ਭਜਨ ਪਰ ਤੇਰੇ—
ਪਵਨਨ ਕਰ ਪੁਣਯਤਮ ਛਣ ਹੈ !
ਵਰਣ ਕਰ ਪੁਣਯਤਮ ਛਣ ਹੈ !

ਆਜ ਬੰਦੀ-ਸਾ ਬਨਾ ਹੈ ਧੜਕਨੋਂ ਕੀ ਆਹ ਕਾ ਸਵਰ
ਅਧਰ ਕਾ ਸੰਗੀਤ ਖੋਇਆ—ਕਹਰਤੀ-ਸੀ ਹੈ ਲਹਿਰ;
ਮਾਨਿਨੀ, ਮਨ-ਪ੍ਰਾਣ ਨੂਪੁਰ-ਝਨਨ ਪਰ ਤੇਰੇ—
ਕਿਰਣ ਕਰ ਪੁਣਯਤਮ ਛਣ ਹੈ !
ਵਰਣ ਕਰ ਪੁਛਯਤਮ ਛਣ ਹੈ !

ਆਜ ਸਵਪਿਨਲ-ਸਾ ਪੁਰਾਤਨ, ਏਕ ਅਭਿਨਵ ਮਧੁਰ ਨੂਤਨ,
ਵਿਗਤ-ਆਗਤ ਸਬ ਲੀਏ—ਥਿਰਕਨ-ਭਰੇ ਤੇਰੇ ਸੁਕੰਕਣ;
ਰੰਗਿਨੀ, ਮ੍ਰਦੁ ਨੇਹ ਅਰਪਿਤ ਮਿਲਨ ਪਰ ਤੇਰੇ—

ਸ੍ਰਜਨ ਕਰ ਪੁਨਯਤਮ ਛਣ ਹੈ !
ਮਾਨਿਨੀ, ਸਭ ਕੁਛ ਨਿਛਾਵਰ ਚਰਣ ਪਰ ਤੇਰੇ
ਵਰਣ ਕਰ ਪੁਨਯਤਮ ਛਣ ਹੈ !

ਜਿਵੇਂ ਕੋਈ ਪ੍ਰੇਮੀ ਆਪਣੀ ਪ੍ਰੇਮਿਕਾ ਦੇ ਪੈਰਾਂ ਉੱਤੇ ਸਭ ਰੱਖ ਦੇਵੇ, ਜਿਵੇਂ ਕੋਈ ਪ੍ਰੇਮਿਕਾ ਆਪਣੇ ਪ੍ਰੇਮੀ ਦੇ ਪੈਰਾਂ ਉੱਤੇ ਸਭ ਰੱਖ ਦੇਵੇ—ਅਜਿਹਾ ਪਰਮਾਤਮਾ ਨਾਲ ਸੰਬੰਧ ਜੋੜੋ !

ਲੈਣ-ਦੇਣ ਦਾ ਨਹੀਂ, ਦਾਅ-ਪੇਚ ਦਾ ਨਹੀਂ, ਆਕਾਂਕਸ਼ਾਂਵਾਂ, ਚਾਹਾਂ ਅਤੇ ਇੱਛਾਵਾਂ ਦਾ ਨਹੀਂ। ਮੰਗੋ ਨ, ਮੰਗਣ ਨਾਲ ਪ੍ਰਾਰਥਨਾ ਗੰਦੀ ਹੋ ਜਾਂਦੀ ਹੈ। ਪ੍ਰਾਰਥਨਾ ਨੂੰ ਮੁਕਤ ਰਹਿਣ ਦਿਓ। ਮੰਗ ਕੋਲੋਂ ਮੁਕਤੀ, ਤਾਂ ਹੀ ਪ੍ਰਾਰਥਨਾ ਆਕਾਸ਼ ਵਿਚ ਉੱਡ ਸਕਦੀ ਹੈ; ਨਹੀਂ ਤਾਂ ਮੰਗ ਦੇ ਪਥੱਰ ਭਾਰੀ ਹੋ ਜਾਂਦੇ ਹਨ।

ਪ੍ਰਾਰਥਨਾ ਨੂੰ ਧਰਤੀ ਉੱਤੇ ਹੀ ਸੁੱਟ ਦਿੰਦੇ ਹਨ; ਆਕਾਸ਼ ਤੱਕ ਨਹੀਂ ਉਠ ਪਾਉਂਦੀ। ਮੰਗੋਗੇ ਕੀ ? ਤੁਹਾਡਾ ਮਨ ਹੀ ਤਾਂ ਮੰਗੇਗਾ ਨ ! ਮਨ ਤੋਂ ਮੁਕਤ ਹੋਣਾ ਹੈ। ਉਸਦੀ ਮੰਗ ਦੀ ਪੂਰਤੀ ਚਾਹੋਗੇ ਤਾਂ ਮਨ ਤੋਂ ਮੁਕਤ ਕਿਵੇਂ ਹੋਵੋਗੇ ? ਮੰਗੋਗੇ ਕੀ ? ਮੰਗ ਵੀ ਤਾਂ ਇੱਕ ਵਿਚਾਰ ਹੈ ਨ? ਵਿਚਾਰਦੇ ਹੀ ਬਾਹਰ ਜਾਣਾ ਹੈ ਅਤੇ ਵਿਚਾਰ ਦੀ ਹੀ ਪੂਰਤੀ (ਪੂਰਾ ਕਰਨਾ) ਮੰਗੋਗੇ ਤਾਂ ਬਾਹਰ ਕਿਵੇਂ ਜਾਓਗੇ?

ਮੰਗੋ ਨ, ਮੌਨ ਹੋ ਜਾਓ। ਉਸਦੇ ਸਾਹਮਣੇ ਮੌਨ ਨਿਵੇਦਨ ਪ੍ਰਯਾਪਤ (ਕਾਫ਼ੀ) ਹੈ। ਬਹਿ ਜਾਓ ਉਸਦੇ ਚਰਣਾਂ ਵਿਚ ਗੰਗਾ ਜਲ ਦੇ ਵਾਂਗ। ਧੋ ਦਿਓ ਉਸਦੇ ਚਰਨ ਆਪਣੇ ਜੀਵਨ ਦੇ ਨਾਲ, ਬਸ ਇੰਨਾ ਕਾਫ਼ੀ ਹੈ। ਅਤੇ ਮਿਲਦਾ ਹੈ ਬਹੁਤ, ਬਿਨਾਂ ਮੰਗੇ ਮਿਲਦਾ ਹੈ। ਮੈਂ ਇਹ ਨਹੀਂ ਕਹਿ ਰਿਹਾ ਹਾਂ ਕਿ ਮਿਲਦਾ ਨਹੀਂ; ਲੇਕਿਨ ਮਿਲਦਾ ਉਸੇ ਨੂੰ ਹੈ ਜੋ ਮੰਗਦਾ ਨਹੀਂ। ਮੰਗਣ ਵਾਲੇ ਨੂੰ ਨਹੀਂ ਮਿਲਦਾ। ਮੰਗਣ ਵਾਲਾ ਆਪਣੀ ਮੰਗ ਦੇ ਕਾਰਣ ਹੀ ਅੜਚਨ ਖੜੀ ਕਰ ਲੈਂਦਾ ਹੈ।

ਫ਼ਿਰ ਵੀ, ਨ ਸੰਭਲ ਸਕੋ ਤਾਂ ਮੈਂ ਕਹਿੰਦਾ ਹਾਂ ਕੁਝ ਮੰਗ ਲੈਣਾ — ਪਰਮਾਤਮਾ ਨੂੰ ਮੰਗ ਲੈਣਾ। ਜਾਂ ਕੁਝ... ਪਰਮਾਤਮਾ ਨੂੰ ਮੰਗਣ ਦੀ ਇੱਛਾ ਹੀ ਨ ਜਗਦੀ ਹੋਵੇ, ਕਿਉਂਕਿ ਬਹੁਤ ਮੁਸ਼ਕਿਲ ਨਾਲ ਪਰਮਾਤਮਾ ਨੂੰ ਮੰਗਣ ਦੀ ਇੱਛਾ ਜਗਦੀ ਹੈ। ਉਹ ਤਾਂ ਜਿਸਦੇ ਅੰਦਰ ਪ੍ਰੇਮ ਜਗ ਗਿਆ ਹੈ, ਉਹ ਪਰਮਾਤਮਾ ਨੂੰ ਮੰਗ ਸਕਦਾ ਹੈ। ਪਰ ਜ਼ਿਆਦਾਤਰ ਲੋਕਾਂ ਦੇ ਅੰਦਰ ਪ੍ਰੇਮ ਹੀ ਨਹੀਂ ਹੈ; ਉਹ ਧਨ ਮੰਗ ਸਕਦੇ ਹਨ, ਪਦ ਮੰਗ ਸਕਦੇ ਹਨ, ਪ੍ਰਤਿਸ਼ਠਾ ਮੰਗ ਸਕਦੇ ਹਨ, ਇਸ ਤਰ੍ਹਾਂ ਦੀਆਂ ਗੱਲਾਂ। ... ਲੰਮੀ ਉਮਰ ਮੰਗ ਸਕਦੇ ਹਨ, ਤੰਦਰੁਸਤੀ ਮੰਗ ਸਕਦੇ ਹਨ; ਇਸ ਤਰ੍ਹਾਂ ਦੀਆਂ ਚੀਜ਼ਾਂ ਹੀ ਮੰਗ ਸਕਦੇ ਹਨ।

ਜੇਕਰ ਤੁਹਾਡੇ ਅੰਦਰ ਪ੍ਰੇਮ ਹੋਵੇ ਤਾਂ ਪਰਮਾਤਮਾ ਨੂੰ ਮੰਗ ਲੈਣਾ; ਜੇਕਰ ਧਿਆਨ ਹੋਵੇ ਤਾਂ ਮੰਗਣਾ ਹੀ ਨ। ਧਿਆਨ ਤਾਂ ਉੱਚੇ ਤੋਂ ਉੱਚਾ ਸ਼ਿਖਰ ਹੈ : ਕੁਝ ਮੰਗਣਾ ਹੀ ਨ। ਚੁਪ ਰਹਿ ਜਾਣਾ-ਮੌਨ, ਅਵਾਕ ਉਸਦੇ ਸਾਹਮਣੇ ਆਸਚ੍ਰਯਵਿਮੁਗਧ, ਰਹਸਯਲੀਨ, ਲਵਲੀਨ, ਤੱਲੀਨ ...। ਮਿਲੇਗਾ ਬਹੁਤ, ਪੂਰਾ ਪਰਮਾਤਮਾ ਬਰਸ ਪਏਗਾ ਤੁਹਾਡੇ ਉੱਤੇ। ਉਸਦੇ ਆਸ਼ੀਸ਼ ਹੀ ਆਸ਼ੀਸ਼ ਫ਼ੁੱਲਾਂ ਦੇ ਵਾਂਗ ਤੁਹਾਨੂੰ ਲਬਾਲਬ ਭਰ ਦੇਣਗੇ। ਪਰ, ਜੇਕਰ ਮੌਨ

ਰਹਿਣ ਦੀ ਸ਼ਮਤਾ ਅੱਜੇ ਨ ਹੋਵੇ ਅਤੇ ਕੁਝ ਨ ਕੁਝ ਤਰੰਗ ਉਠਦੀ ਹੀ ਹੋਵੇ ਤਾਂ ਫਿਰ ਪਰਮਾਤਮਾ ਨੂੰ ਮੰਗਣਾ; ਉਹ ਪ੍ਰੇਮੀ ਦੀ ਤਰੰਗ ਹੈ। ਉਹ ਨੰਬਰ ਦੋ ਹੈ। ਅਤੇ ਜੇਕਰ ਅੱਜੇ ਪ੍ਰੇਮ ਵੀ ਨ ਜਾਗਿਆ ਹੋਵੇ ਤਾਂ ਫਿਰ ਤੀਜਾ ਸੁਝਾਵ ਹੈ :

ਮੁਸਕਰਾਤਾ ਹੂਆ ਦੀਪ ਮੈਂ ਬਨ ਸਕੂੰ
ਸਨੇਹ ਇਤਨਾ ਹ੍ਰਿਦਯ ਮੇਂ ਭਰੋ ਆਜ ਤੁਮ !
ਮੋਤਿਯੋਂ ਸੇ ਨ ਰੀਤੀ ਰਹੇ ਆਂਖ ਯਹ,
ਰਾਗਿਨੀ ਕੰਠ ਮੇਂ ਖੋ ਨ ਜਾਏ ਕਹੀਂ,
ਭੈਅ ਮੁਝੇ ਹੈ ਤਿਮਿਰ ਕੀ ਘਨੀ ਛਾਹ ਮੇਂ,
ਜਯੋਤੀ ਧੁੰਦਲੀ ਸਵੇਯ ਹੋ ਨ ਜਾਏ ਕਹੀਂ,
ਜ਼ਿੰਦਗੀ ਮੇਂ ਖਿਚੀ ਹੈ ਪਰਿਧਿ ਮੌਤ ਕੀ,
ਡਗਮਗਾਤਾ ਹੂਆ ਹਰ ਕਦਮ ਚਲ ਰਹਾ,
ਏਕ ਪਲ ਕੀ ਮਨੁਜ ਕੀ ਹਸੀਂ ਕੋ ਯਹਾਂ,
ਡਬਡਬਾਤਾ ਹੂਆ ਹਰ ਨਯਨ ਛਲ ਰਹਾ
ਚਾਂਦਨੀ ਸਾ ਮਧੁਰ ਹਾਸ ਬਿਖਰਾ ਸਕੂੰ,
ਪ੍ਰਾਣ ! ਉਲੱਾਸ ਇਤਨਾ ਭਰੋ ਆਜ ਤੁਮ !
ਮੁਸਕਰਾਤਾ ਹੂਆ ਦੀਪ ਮੈਂ ਬਨ ਸਕੂੰ
ਸਨੇਹ ਇਤਨਾ ਹ੍ਰਿਦਯ ਮੇਂ ਭਰੋ ਆਜ ਤੁਮ !

ਫੂਲ ਕੁਛ ਝਰ ਰਹੇ ਹੈਂ ਧਰਾ ਪਰ ਅਰੇ
ਨਵ ਕਲੀ ਕਾ ਨ ਘੁੰਘਟ ਹਟਾਓ ਅਭੀ,
ਹੰਸ ਸਕੇਂ ਸਾਥ ਹੀ ਮੁਸਕਰਾ ਘੂਮ ਕਰ;
ਡਾਲ ਕੇ ਫੂਲ ਯੋਂ ਮੁਸਕਰਾਓ ਅਭੀ;
ਆਵਰਣ ਰਸ਼ਿਮ ਕਾ ਫੂਲ ਪਰ ਡਾਲ ਦੋ
ਨਵ ਕਲੀ ਕੇ ਨਯਨ ਮੁਸਕਰਾ ਤੋ ਸਕੇਂ,
ਹੋ ਨਏ ਰਾਗ ਕਾ ਹੀ ਸ੍ਰਜਨ ਕੁਛ ਘੜੀ,
ਮੁਕਤ ਮਨ ਸੇ ਅਧਰ ਗੁਨਗੁਨਾ ਤੋ ਸਕੇਂ;
ਮੈਂ ਗਰਲ ਪੀ ਸਕੂੰ, ਗੀਤ ਗਾ-ਗਾ ਯਹਾਂ,
ਜੀਭ ਪਰ ਬੂੰਦ ਮਧੂ ਕੀ ਧਰੋ ਆਜ ਤੁਮ !
ਮੁਸਕਰਾਤਾ ਹੂਆ ਦੀਪ ਮੈਂ ਬਨ ਸਕੂੰ,
ਸਨੇਹ ਇਤਨਾ ਹ੍ਰਿਦਯ ਮੇਂ ਭਰੋ ਆਜ ਤੁਮ !

ਤਾਂ ਪਹਿਲਾਂ ! ਮੰਗਣਾ ਹੀ ਨ ਕੁਝ। ਉਹ ਧਿਆਨ, ਉਹ ਭਾਵ, ਉਹ ਨਿਰਵਿਚਾਰ ਦਸ਼ਾ ਹੈ। ਦੋ : ਮੰਗੋ ਤਾਂ ਪ੍ਰਭੂ ਨੂੰ ਮੰਗੋ। ਤੁਸੀਂ ਸਵੀਕ੍ਰਤ ਹੋ ਸਕੋ, ਅਜਿਹੀ ਅਨੁਕੰਪਾ (ਕਿਰਪਾ)

ਮੰਗਣਾ। ਪਰ ਓਨਾ ਪ੍ਰੇਮ ਨ ਜਗਿਆ ਹੋਵੇ ਤਾਂ ਇੰਨਾ ਹੀ ਮੰਗਣਾ ਕਿ ਮੇਰਾ ਹ੍ਰਿਦਯ ਪ੍ਰੇਮ ਨਾਲ ਭਰ ਜਾਏ।

ਮੁਸਕਰਾਤਾ ਹੁਆ ਦੀਪ ਮੈਂ ਬਨ ਸਕੂੰ
ਸਨੇਹ ਇਤਨਾ ਹ੍ਰਿਦਯ ਮੇਂ ਭਰੋ ਆਜ ਤੁਮ
ਮੈਂ ਗਰਲ ਪੀ ਸਕੂੰ ਗੀਤ ਗਾ-ਗਾ ਯਹਾਂ
ਜੀਭ ਪਰ ਬੂੰਦ ਮਧੁ ਕੀ ਧਰੋ ਆਜ ਤੁਮ !

ਇਸ ਤੋਂ ਹੇਠਾਂ ਨ ਡਿਗਣਾ। ਇਸ ਤੋਂ ਹੇਠਾਂ ਗਏ ਤਾਂ ਪ੍ਰਾਰਥਨਾ ਬਿਲਕੁੱਲ ਹੀ ਭ੍ਰਿਸ਼ਟ ਹੋ ਗਈ, ਪ੍ਰਾਰਥਨਾ ਹੀ ਨ ਰਹੀ।

ਤੀਜਾ ਸਵਾਲ : ਗੋਰਖਨਾਥ ਪੰਡਿਤਾਂ ਦੇ ਖਿਲਾਫ਼ ਕਿਉਂ ਹਨ?

ਹੋਰ ਕੀ ਕਰਨ? ਪੰਡਿਤ ਦਾ ਅਰਥ ਹੁੰਦਾ ਹੈ : ਪੜ੍ਹਿਆ-ਲਿਖਿਆ ਤੋਤਾ। ਰਾਮ ਨਾਮ ਜਪ ਲੈਂਦਾ ਹੈ ਤੋਤਾ, ਇਸ ਤਰ੍ਹਾਂ ਰਾਮ ਨਾਮ ਉਸਦੇ ਹ੍ਰਿਦੇ ਵਿਚ ਥੋੜ੍ਹੇ ਹੀ ਹੁੰਦਾ ਹੈ। ਗੀਤਾ ਵੀ ਦੋਹਰਾ ਸਕਦਾ ਹੈ, ਗਾਇਤ੍ਰੀ ਵੀ ਪੜ੍ਹ ਸਕਦਾ ਹੈ, ਕੁਰਾਨ ਦੀਆਂ ਆਇਤਾਂ ਵੀ ਯਾਦ ਕਰ ਸਕਦਾ ਹੈ; ਪਰ ਇਸ ਤਰ੍ਹਾਂ ਉਸਦਾ ਪ੍ਰਾਣ ਥੋੜ੍ਹੇ ਹੀ ਭਿੱਜਦਾ ਹੈ। ਪਥੱਰ ਦੇ ਵਾਂਗ ਪਿਆ ਰਹੇਗਾ ਨਦੀ ਵਿਚ, ਪਰ ਭਿੱਜੇਗਾ ਥੋੜ੍ਹੇ ਹੀ। ਤੋਤਾ ਰਾਮ-ਰਾਮ ਵੀ ਜਪੇ ਤਾਂ ਤੁਸੀਂ ਸੋਚਦੇ ਹੋ ਉਸਦੇ ਪ੍ਰਾਣਾਂ ਵਿਚ ਰਾਮ-ਨਾਮ ਹੈ?

ਅਜਿਹੀ ਹੀ ਦਸ਼ਾ ਪੰਡਿਤ ਦੀ ਹੈ। ਪੰਡਿਤ ਖ਼ੁਦ ਧੋਖਾ ਖਾ ਰਿਹਾ ਹੈ, ਦੂਜਿਆਂ ਨੂੰ ਧੋਖਾ ਦੇ ਰਿਹਾ ਹੈ। ਅਨੁਭਵ ਤਾਂ ਕੁਝ ਨਹੀਂ ਹੋਇਆ। ਪ੍ਰਾਣਾਂ ਵਿਚ ਕੋਈ ਸਵਾਦ ਨਹੀਂ ਉਤਰਿਆ, ਕੋਈ ਮਧੂ-ਬੂੰਦ ਨਹੀਂ ਭਰੀ, ਕੋਈ ਫ਼ੁੱਲ ਨਹੀਂ ਖਿੜਿਆ; ਪਰ ਉਧਾਰ ਗੱਲਾਂ ਯਾਦ ਹੋ ਗਈਆਂ ਹਨ, ਉਨ੍ਹਾਂ ਨੂੰ ਦੋਹਰਾ ਰਿਹਾ ਹੈ।

ਅਤੇ ਦੋਹਰਾ-ਦੋਹਰਾ ਕੇ ਆਕੜ ਰਿਹਾ ਹੈ।

ਗੋਰਖਨਾਥ ਨੇ ਹੀ ਵਿਰੋਧ ਨਹੀਂ ਕੀਤਾ, ਹੋਰ ਕਈ ਗਿਆਨੀਆਂ ਨੇ ਵਿਰੋਧ ਕੀਤਾ ਹੈ; ਕਿਉਂਕਿ ਪੰਡਿਤਾਈ ਗਿਆਨ ਦੀ ਦੁਸ਼ਮਣ ਹੈ, ਪੰਡਿਤਾਈ ਗਿਆਨ ਦਾ ਧੋਖਾ ਹੈ, ਵਿਡੰਬਨਾ ਹੈ (ਛਲ ਹੈ, ਹਾਸਾ-ਠੱਠਾ ਕਰਨਾ, ਨਕਲ ਉਤਾਰਨਾ)। ਪੰਡਤਾਈ ਨਾਲ ਕੋਈ ਗਿਆਨੀ ਨਹੀਂ ਹੁੰਦਾ। ਸਿਰਫ਼ ਅਗਿਆਨ ਢਕਿਆ ਜਾਂਦਾ ਹੈ, ਅਗਿਆਨ ਮਿਟਦਾ ਨਹੀਂ। ਜਿਵੇਂ ਦੀਵੇ ਦੀ ਗੱਲ ਕਰਨ ਨਾਲ ਹਨੇਰਾ ਨਹੀਂ ਮਿਟਦਾ, ਇਵੇਂ ਹੀ ਬ੍ਰਹਮ ਦੀ ਚਰਚਾ ਨਾਲ ਕੋਈ ਅੰਤਰ-ਜੋਤ ਨਹੀਂ ਜਗ ਜਾਂਦੀ। ਨ ਤਾਂ ਭੋਜਨ ਦੀ ਚਰਚਾ ਨਾਲ ਭੁੱਖ ਮਿਟਦੀ ਹੈ; ਭੋਜਨ ਨਾਲ ਮਿਟਦੀ ਹੈ। ਅਤੇ ਪੰਡਿਤ ਚਰਚਾ ਵਿਚ ਹੀ ਲੀਨ ਹੋ ਗਿਆ ਹੈ ਅਤੇ ਭੁੱਲ ਹੀ ਗਿਆ ਹੈ ਕਿ ਭੋਜਨ ਪਕਾਉਣਾ ਵੀ ਹੈ। ਪੰਡਿਤ ਪਾਕ ਸ਼ਾਸਤ੍ਰਾਂ ਨੂੰ ਢੋਂਦਾ ਰਹਿੰਦਾ ਹੈ। ਹਜ਼ਾਰ ਪਾਕਸ਼ਾਸਤ੍ਰ(ਖਾਣ ਪਕਾਣ ਦੀਆਂ ਕਿਤਾਬਾਂ) ਕੋਲ ਰੱਖੇ ਹੋਣ ਤਾਂ ਵੀ ਇੱਕ ਰੁਖੀ-ਸੁਖੀ ਰੋਟੀ ਨਾਲੋਂ ਉਨ੍ਹਾਂ ਦਾ ਮੁੱਲ ਜ਼ਿਆਦਾ ਨਹੀਂ ਹੈ, ਘੱਟ ਹੀ ਮੁੱਲ ਹੈ, ਕਿਉਂਕਿ ਰੁਖੀ-ਸੁਖੀ ਰੋਟੀ ਢਿੱਡ ਭਰੇਗੀ, ਮਾਂਸ-ਮੱਜਾ ਬਣੇਗੀ। ਸੰਤਾਂ ਦੀ ਵਾਣੀ ਚਾਹੇ ਓਨੀ ਅਲੰਕ੍ਰਿਤ ਨ ਹੋਵੇ; ਨਹੀਂ

ਹੈ, ਗੋਰਖ ਦੀ ਬਾਣੀ ਬਹੁਤ ਅਲੰਕ੍ਰਿਤ ਨਹੀਂ ਹੈ; ਸਿੱਧੇ-ਸਾਦੇ ਦੋ ਟੂਕ ਸ਼ਬਦ ਹਨ, ਸਾਫ਼ ਸੁਥਰੇ ਹਨ, ਗਹਿਣਿਆਂ ਨਾਲ ਲਦੇ ਨਹੀਂ ਹਨ। ਸ਼ਾਇਦ ਪੰਡਿਤ ਦੀ ਭਾਸ਼ਾ ਜ਼ਿਆਦਾ ਮੰਜੀ ਹੋਈ ਹੋਵੇ, ਸੁਸੰਸਕ੍ਰਿਤ ਹੋਵੇ। ਸੰਸਕ੍ਰਿਤ ਸ਼ਬਦ ਦਾ ਅਰਥ ਹੀ ਹੁੰਦਾ ਹੈ ਮਾਂਜਿਆ, ਲਿਸ਼ਕਾਯਾ। ਹੋਇਆ।

ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਬੁੱਧ ਲੋਕ ਭਾਸ਼ਾ ਵਿਚ ਬੋਲੇ। ਮਹਾਂਵੀਰ ਲੋਕ ਭਾਸ਼ਾ ਵਿਚ ਬੋਲੇ। ਗੋਰਖ ਲੋਕ ਭਾਸ਼ਾ ਵਿਚ ਬੋਲੇ। ਕਬੀਰ, ਨਾਨਕ, ਦਾਦੂ ਲੋਕ ਭਾਸ਼ਾ ਵਿਚ ਬੋਲੇ। ਕਿਸੇ ਨੇ ਸੰਸਕ੍ਰਿਤ ਦੀ ਵਰਤੋਂ ਨਹੀਂ ਕੀਤੀ। ਕਾਰਣ ? ਕਾਰਣ ਸਾਫ਼ ਹੈ। ਸੰਸਕ੍ਰਿਤ ਹੁਣ ਸਿਰਫ਼ ਪੰਡਿਤਾਂ ਦੀ ਭਾਸ਼ਾ ਰਹਿ ਗਈ ਸੀ। ਹੁਣ ਸੰਸਕ੍ਰਿਤ ਲੋਗਾਂ ਦੇ ਜੀਵਨ ਨਾਲ ਸੰਬੰਧਿਤ ਹੀ ਨਹੀਂ ਸੀ। ਹੁਣ ਤਾਂ ਪੰਡਿਤ ਚਾਲਬਾਜ਼ੀ ਦੇ ਕਾਰਣ ਸੰਸਕ੍ਰਿਤ ਦਾ ਉਪਯੋਗ ਕਰ ਰਿਹਾ ਸੀ। ਚਾਲਬਾਜ਼ੀ ਕੀ ਹੈ ?—ਉਸ ਭਾਸ਼ਾ ਦੀ ਵਰਤੋਂ ਕਰੋ ਜਿਸ ਨੂੰ ਲੋਗ ਸਮਝਦੇ ਨ ਹੋਣ। ਤੁਸੀਂ ਜਦ ਅਜਿਹੀ ਭਾਸ਼ਾ ਦੀ ਵਰਤੋਂ ਕਰੋਗੇ ਜਿਸ ਨੂੰ ਲੋਗ ਨਹੀਂ ਸਮਝਦੇ, ਤਾਂ ਲੋਗਾਂ ਨੂੰ ਕਦੇ ਪਤਾ ਨਹੀਂ ਲਗੇਗਾ ਕਿ ਤੁਸੀਂ ਜਾਣਦੇ ਵੀ ਹੋ ਕਿ ਨਹੀਂ। ਤੁਸੀਂ ਊਲ-ਜਲੂਲ ਬਕਦੇ ਰਹੋ, ਤੁਸੀਂ ਵਿਅਰਥ ਦੀ ਬਕਵਾਸ ਕਰਦੇ ਰਹੋ, ਅਤੇ ਲਗ ਬਹੁਤ ਸ਼ਰਧਾ ਨਾਲ ਸੁਨਣਗੇ। ਉਨ੍ਹਾਂ ਦੀ ਸਮਝ ਵਿਚ ਹੀ ਨਹੀਂ ਆ ਰਿਹਾ ਹੈ, ਜਦ ਲੋਗਾਂ ਦੀ ਸਮਝ ਵਿਚ ਨਹੀਂ ਆਉਂਦਾ ਤਾਂ ਉਹ ਸੋਚਦੇ ਹਨ : ਜ਼ਰੂਰ ਕੋਈ ਗਹਿਰੀ-ਗੰਭੀਰ ਗੱਲ ਕਹੀ ਜਾ ਰਹੀ ਹੋਵੇਗੀ, ਇਸ ਲਈ ਸਮਝ 'ਚ ਨਹੀਂ ਆ ਰਹੀ।

ਸਤਯ ਸਿੱਧਾ-ਸਾਫ਼ ਹੁੰਦਾ ਹੈ, ਸਿੱਧਾ, ਬਹੁਤ ਹੀ ਸਿੱਧਾ ਹੁੰਦਾ ਹੈ, ਇੱਕਦਮ ਸਮਝ ਵਿਚ ਆ ਜਾਂਦਾ ਹੈ। ਸਤਯ ਨੂੰ ਸਮਝਣ ਲਈ ਕੋਈ ਬਹੁਤੇ ਦਾਅ-ਪੇਚ ਨਹੀਂ ਲਾਉਂਣੇ ਪੈਂਦੇ। ਅਸਤਯ ਬਹੁਤ ਜਟਿਲ (ਗੁੰਝਲਦਾਰ) ਹੁੰਦਾ ਹੈ। ਤੁਸੀਂ ਵੇਖਦੇ ਹੋ ਨ, ਡਾਕਟਰ ਤੋਂ ਦਵਾਈ ਲਿਖਵਾਉਂਣ ਜਾਂਦੇ ਹੋ ਤਾਂ ਉਹ ਹਿੰਦੀ ਜਾਂ ਮਰਾਠੀ ਵਿਚ ਜਾਂ ਅੰਗਰੇਜ਼ੀ ਵਿਚ ਨਹੀਂ ਲਿਖਦਾ; ਉਹ ਲੈਟਿਨ ਅਤੇ ਗਰੀਕ ਵਿਚ ਲਿਖਦਾ ਹੈ ਦਵਾਈ ਦੇ ਨਾਮ। ਲੈਟਿਨ ਅਤੇ ਗਰੀਕ ਵਿਚ ਲਿਖਣ ਦਾ ਕਾਰਣ ਹੈ ਕਿ ਤੁਹਾਡੀ ਸਮਝ ਵਿਚ ਨਹੀਂ ਆਉਂਦਾ। ਅਤੇ ਡਾਕਟਰ ਦੀ ਲਿਖਾਵਟ ਵੇਖੀ ਹੈ ? ਉਹ ਅਜਿਹੀ ਲਿਖਤ ਹੈ ਕਿ ਦੋਬਾਰਾ ਉਸਨੂੰ ਖ਼ੁਦ ਵੀ ਪੜ੍ਹੇ ਤਾਂ ਪੜ੍ਹ ਨਹੀਂ ਸਕਦਾ, ਅਟਕ ਜਾਂਦਾ ਹੈ।

ਮੁੱਲਾ ਨਸਰੁਦੀਨ ਆਪਣੇ ਪਿੰਡ ਵਿਚ ਇਕੱਲਾ ਪੜ੍ਹਿਆ-ਲਿਖਿਆ ਆਦਮੀ ਹੈ। ਇੱਕ ਪਿੰਡ ਦਾ ਆਦਮੀ ਉਸ ਤੋਂ ਖ਼ਤ ਲਿਖਵਾਉਂਣ ਆਇਆ। ਮੁੱਲਾ ਨੇ ਕਿਹਾ ਕਿ ਨਹੀਂ ਲਿਖ ਸਕਾਂਗਾ, ਅੱਜ ਨਹੀਂ ਲਿਖ ਸਕਾਂਗਾ, ਘਟੋ-ਘੱਟ ਅੱਠ ਦਿਨ ਨਹੀਂ ਲਿਖ ਸਕਾਂਗਾ। ਮੇਰੇ ਅੰਗੂਠੇ ਵਿਚ ਬਹੁਤ ਦਰਦ ਹੈ, ਪੈਰ ਦੇ ਅੰਗੂਠੇ ਵਿਚ ਬਹੁਤ ਦਰਦ ਹੈ।

ਉਸ ਆਦਮੀ ਨੇ ਕਿਹਾ : ਮੁੱਲਾ ਹੋਸ਼ ਦੀ ਗੱਲ ਕਰ। ਪੈਰ ਦੇ ਅੰਗੂਠੇ ਦੀ ਜ਼ਰੂਰਤ ਹੀ ਕੀ ਹੈ ? ਖ਼ਤ ਤਾਂ ਹਥ ਨਾਲ ਲਿਖਣਾ ਹੈ।

ਮੁੱਲਾ ਨੇ ਕਿਹਾ : ਤੂੰ ਸਮਝਦਾ ਹੀ ਨਹੀਂ ਤਾਂ ਵਿਚ ਨ ਬੋਲ। ਲਿਖ ਤਾਂ ਮੈਂ ਦਿਆਂਗਾ, ਫ਼ਿਰ ਪੜ੍ਹਣ ਕੌਣ ਜਾਏਗਾ ? ਮੇਰਾ ਲਿਖਿਆ ਮੈਂ ਹੀ ਪੜ੍ਹ ਸਕਦਾ ਹਾਂ ਅਤੇ ਕਦੇ-ਕਦੇ ਤਾਂ ਮੈਂ ਵੀ ਅਟਕ ਜਾਂਦਾ ਹਾਂ।

ਅਜਿਹਾ ਵੀ ਹੋਇਆ ਇੱਕ ਦਿਨ ਇੱਕ ਆਦਮੀ ਖ਼ਤ ਲਿਖਵਾਉਂਣ ਆਇਆ ...।

ਹੁਣ ਇਹ ਬੜੇ ਮਜੇ ਦੀ ਗੱਲ ਹੋਈ, ਪਹਿਲਾਂ ਖ਼ਤ ਲਿਖ ਦੇਵੇਗਾ, ਖ਼ਤ ਜਾਏਗਾ, ਫ਼ਿਰ ਦੂਜੇ ਪਿੰਡ ਪੜ੍ਹਨ ਜਾਏਗਾ ਉਸ ਨੂੰ, ਕਿਉਂਕਿ ਦੂਜਾ ਕੋਈ ਪੜ੍ਹ ਨਹੀਂ ਸਕਦਾ। ਇੱਕ ਆਦਮੀ ਖ਼ਤ ਲਿਖਵਾ ਰਿਹਾ ਸੀ। ਸਾਰਾ ਖ਼ਤ ਲਿਖਵਾਉਂਣ ਤੋਂ ਬਾਦ ... ਆਪਣੀ ਪ੍ਰੇਮਿਕਾ ਨੂੰ ਖ਼ਤ ਲਿਖਵਾ ਰਿਹਾ ਸੀ ... ਲੰਮਾ ਖ਼ਤ ਲਿਖਵਾਉਂਣ ਤੋਂ ਬਾਅਦ ਉਸਨੇ ਕਿਹਾ ਕਿ ਨਸਰੁਦੀਨ, ਹੁਣ ਇੱਕ ਵਾਰ ਪੂਰਾ ਪੜ੍ਹ ਦੇ ਤਾਂ ਕਿ ਮੇਰਾ ਮਨ ਤ੍ਰਿਪਤ ਹੋ ਜਾਏ ਕਿ ਜੋ ਲਿਖਵਾਉਂਣਾ ਸੀ ਲਿਖਵਾ ਦਿੱਤਾ। ਨਸਰੁਦੀਨ ਨੇ ਕਿਹਾ : ਇਹ ਮੁਸੀਬਤ ਦੀ ਗੱਲ ਹੈ। ਉਸਨੇ ਕਿਹਾ : ਕਿਉਂ ਕੀ ਹਰਜ਼ ਹੈ ਪੜ੍ਹਨ ਵਿਚ ?

ਨਸਰੁਦੀਨ ਨੇ ਕਿਹਾ : ਪਹਿਲੀ ਤਾਂ ਗੱਲ ਇਹ ਹੈ ਕਿ ਖ਼ਤ ਮੇਰੇ ਨਾਮ ਨਹੀਂ ਲਿਖਿਆ ਗਿਆ ਹੈ ਤਾਂ ਮੈਂ ਕਿਵੇਂ ਪੜ੍ਹ ਸਕਦਾ ਹਾਂ ? ਪਿੰਡ ਦੇ ਆਦਮੀ ਨੇ ਕਿਹਾ : ਇਹ ਗੱਲ ਤਾਂ ਕਾਨੂੰਨ ਦੀ ਹੈ। ਇਹ ਗੱਲ ਜਚਦੀ ਹੈ। ਹਾਂ, ਠੀਕ ਕਹਿ ਰਹੇ ਹੋ ਕਿ ਖ਼ਤ ਤਾਂ ਤੇਰੇ ਨਾਮ ਲਿਖਿਆ ਹੀ ਨਹੀਂ ਹੈ ਤਾਂ ਤੂੰ ਪੜ੍ਹ ਕਿਵੇਂ ਸਕਦਾ ਹੈਂ?

ਮੁੱਲਾ ਨੇ ਕਿਹਾ : ਸਮਝੋ ! ਇੱਕ ਤਾਂ ਖ਼ਤ ਮੇਰੇ ਨਾਮ ਲਿਖਿਆ ਨਹੀਂ ਗਿਆ ਹੈ। ਫ਼ਿਰ ਅਸੀਂ ਕਿਉਂ ਫ਼ਿਕਰ ਕਰੀਏ, ਇਹ ਤਾਂ ਉਨ੍ਹਾਂ ਦੀ ਚਿੰਤਾ ਹੈ ਜਿਨ੍ਹਾਂ ਦੇ ਨਾਮ ਲਿਖਿਆ ਗਿਆ ਹੈ, ਹੁਣ ਉਹ ਸਮਝਣ; ਪੜ੍ਹ ਸਕਣ ਪੜ੍ਹਨ ਨ ਪੜ੍ਹ ਸਕਣ ਤਾਂ ਨ ਪੜ੍ਹਨ। ਡਾਕਟਰ ਲਿਖਦਾ ਹੈ ਲੈਟਿਨ ਅਤੇ ਗਰੀਕ ਵਿਚ ਅਤੇ ਉਹ ਵੀ ਇਸ ਤਰ੍ਹਾਂ ਲਿਖਦਾ ਹੈ ਕਿ ਪੜ੍ਹਿਆ ਨ ਜਾ ਸਕੇ।

ਮੈਂ ਸੁਣਿਆ ਹੈ, ਇੱਕ ਡਾਕਟਰ ਨੇ ਆਪਣੇ ਇੱਕ ਮਰੀਜ਼ ਨੂੰ ਨਿਮੰਤ੍ਰਣ ਭੇਜਿਆ ਕਿ ਮੇਰੀ ਲੜਕੀ ਦਾ ਵਿਆਹ ਹੈ ਤੇ ਕੱਲ੍ਹ ਸ਼ਾਮ ਨੂੰ ਭੋਜਨ ਲਈ ਬੁਲਾਵਾ ਹੈ। ਉਸਨੇ ਖ਼ਤ ਵੇਖਿਆ, ਉਹ ਸਮਝਿਆ ਕਿ ਕੋਈ ਨੁਸਖਾ ਲਿਖ ਭੇਜਿਆ ਹੈ ਡਾਕਟਰ ਨੇ। ਉਹ ਗਿਆ ਕੈਮਿਸਟ ਦੀ ਦੁਕਾਨ ਤੇ ਅਤੇ ਕੈਮਿਸਟ ਨੇ ਛੇਤੀ ਦੇਣੀ ਮਿਕਚਰ ਵੀ ਬਣਾ ਕੇ ਦੇ ਦਿੱਤਾ। ਉਸ ਨੇ ਦੋ ਦਿਨ ਮਿਕਚਰ ਪੀਤਾ; ਤਦ ਡਾਕਟਰ ਦਾ ਫ਼ੋਨ ਆਇਆ ਕਿ ਭਾਈ ਤੂੰ ਆਇਆ ਨਹੀਂ, ਕੁੜੀ ਦਾ ਵਿਆਹ ਵੀ ਹੋ ਗਿਆ, ਮੈਂ ਖ਼ਤ ਵੀ ਭੇਜਿਆ ਸੀ। ਤਦ ਸਾਰਾ ਰਾਜ਼ ਖੁਲ੍ਹਿਆ। ਕੈਮਿਸਟ ਵੀ ਪੜ੍ਹੇ ਨ ਪੜ੍ਹੇ ਮਿਕਚਰ ਤਾਂ ਬਣਾ ਹੀ ਦਿੰਦਾ ਹੈ। ਉਹ ਲੈਟਿਨ ਜਾਂ ਗਰੀਕ ਵਿਚ ਲਿਖਣ ਦਾ ਕਾਰਣ ਹੈ; ਨਹੀਂ ਤਾਂ ਤੁਸੀਂ ਕੈਮਿਸਟ ਨੂੰ ਜਾ ਕੇ ਪੰਦਰਾਂ ਰੁਪਏ ਬਿਲ ਨਹੀਂ ਚੁਕਾਓਗੇ। ਸਮਝੋ ਕਿ ਉਸ ਉੱਤੇ ਲਿਖਿਆ ਹੋਵੇ ਅਜਵਾਇਣ ਦਾ ਸਤ, ਹੁਣ ਤੁਸੀਂ ਪੰਦਰਾਂ ਰੁਪਏ ਨਹੀਂ ਚੁਕਾ ਸਕਦੇ। ਅਜਵਾਇਣ ਦਾ ਸਤ, ਤੁਸੀਂ ਆਖੋਗੇ ਚਾਰ ਪੈਸੇ ਦੀ ਚੀਜ਼, ਪੰਦਰਾਂ ਰੁਪਏ ਮੰਗ ਰਹੇ ਹੋ। ਲੇਕਿਨ ਲੈਟਿਨ ਵਿਚ ਕੋਈ ਬਹੁਤ ਹੀ ਅਨਜਾਣ ਸ਼ਬਦ ਲਿਖਿਆ ਹੈ, ਪੰਦਰਾਂ ਨਹੀਂ ਕੋਈ ਪੰਜਾਹ ਵੀ ਮੰਗੇ ਤਾਂ ਦੇਣੇ ਪੈਂਦੇ ਹਨ। ਤੁਹਾਨੂੰ ਪਤਾ ਹੀ ਨਹੀਂ ਹੈ ਕਿ ਅਜਵਾਇਣ ਦਾ ਸਤ ਹੈ।

ਸੰਸਕ੍ਰਤ ਉਪਯੋਗ ਕੀਤੀ ਜਾਂਦੀ ਰਹੀ ਪੰਡਿਤਾਂ ਦੇ ਰਾਹੀਂ, ਤਾਂ ਕਿ ਲੋਗ ਮੂੜ੍ਹ ਰੱਖੇ ਜਾ ਸਕਣ। ਅਜਿਹਾ ਇਸੇ ਦੇਸ਼ ਵਿਚ ਨਹੀਂ ਹੋਇਆ, ਪੋਪ ਅਤੇ ਪਾਦਰੀ ਲੈਟਿਨ ਅਤੇ ਗਰੀਕ ਦਾ ਉਪਯੋਗ ਕਰਦੇ ਰਹੇ ਹਨ—ਪੁਰਾਣੀਆਂ ਭਾਸ਼ਾਵਾਂ ਦੀ ਵਰਤੋਂ ਜਿਹੜੀਆਂ ਮਰ ਚੁਕੀਆਂ

ਹਨ, ਜਿਨ੍ਹਾਂ ਵਿਚ ਹੁਣ ਕੋਈ ਜੀਵਨ ਨਹੀਂ ਰਹਿ ਗਿਆ ਹੈ, ਲੋਗ ਜਿਨ੍ਹਾਂ ਨੂੰ ਜਾਣਦੇ ਨਹੀਂ। ਸੰਤ ਤਾਂ ਸਿੱਧੀ-ਸਾਦੀ ਗੱਲ ਕਰਦੇ ਹਨ। ਲੋਕ ਭਾਸ਼ਾ ਵਿਚ ਬੋਲਦੇ ਹਨ। ਤੁਸੀਂ ਜੋ ਭਾਸ਼ਾ ਸਮਝਦੇ ਹੋ, ਉਹ ਹੀ ਬੋਲਦੇ ਹਨ। ਆਪਣਾ ਅਨੁਭਵ ਲੋਕਾਂ ਤੱਕ ਪਹੁੰਚਾਣਾ ਹੈ ਤਾਂ ਉਹ ਹੀ ਭਾਸ਼ਾ ਬੋਲਣੀ ਚਾਹੀਦੀ ਹੈ, ਜੋ ਲੋਗ ਸਮਝਦੇ ਹਨ; ਪਰ ਜਿਨ੍ਹਾਂ ਦੇ ਕੋਲ ਅਨੁਭਵ ਨਹੀਂ ਹੈ, ਪਹੁੰਚਾਉਣ ਲਈ ਕੁਝ ਹੈ ਹੀ ਨਹੀਂ ਉਨ੍ਹਾਂ ਲਈ ਤਾਂ ਇਹ ਹੀ ਉਚਿਤ ਹੈ ਕਿ ਉਹ ਅਜਿਹੀ ਭਾਸ਼ਾ ਬੋਲਣ ਕਿ ਕੋਈ ਸਮਝੇ ਨ। ਸਮਝ ਗਏ ਤਾਂ ਫੜੇ ਜਾਣਗੇ।

ਪੰਡਿਤ ਉਧਾਰ ਹੈ, ਬਾਸਾ ਹੈ। ਉਸਨੇ ਪਰਮਾਤਮਾ ਨੂੰ ਸ੍ਵੈ ਨਹੀਂ ਵੇਖਿਆ ਹੈ। ਹਾਂ, ਉਸਨੇ ਸ਼ਾਸਤ੍ਰ ਪੜ੍ਹੇ ਹਨ ਜਿਨ੍ਹਾਂ ਵਿਚ ਪਰਮਾਤਮਾ ਦੀ ਚਰਚਾ ਹੈ। ਉਸਨੇ ਤਰਕ ਕੀਤਾ ਹੈ, ਵਿਚਾਰ ਕੀਤਾ ਹੈ, ਸੋਚਿਆ ਹੈ; ਧਿਆਨ ਨਹੀਂ ਕੀਤਾ, ਅਨੁਭਵ ਨਹੀਂ ਕੀਤਾ ਹੈ। ਇਸ ਲਈ ਵਿਰੋਧ ਹੈ। ਵਿਰੋਧ ਵਿਚ ਕੋਈ ਪੰਡਿਤ ਦੀ ਦੁਸ਼ਮਣੀ ਨਹੀਂ ਹੈ, ਪੰਡਿਤ ਉੱਤੇ ਕਰੁਣਾ ਹੈ। ਉਸ ਨੂੰ ਵੀ ਚਿਤਾਉਣਾ ਹੈ, ਉਸਨੂੰ ਵੀ ਜਗਾਉਣਾ ਹੈ।

ਗੋਰਖ ਦਾ ਵਚਨ ਹੈ :

ਪੜਿ ਦੇਖਿ ਪੰਡਿਤਾ, ਰਹਿ ਦੇਖਿ ਸਾਰੰ। ਅਪਣੀਂ ਕਰਣੀਂ ਉਤਰਿਬਾ ਪਾਰੰ॥

ਕਿਸੇ ਪੰਡਿਤ ਨੂੰ ਕਹਿ ਰਹੇ ਹਨ : ਪੜ੍ਹਿ ਦੇਖਿ ਪੰਡਿਤਾ। ਦੇਖ ਲਿਆ ਪੜ੍ਹ-ਪੜ੍ਹ ਕੇ, ਹੁਣ ਜ਼ਰਾ ਕਰਕੇ ਵੇਖ ਲੈ। ਰਹਿ ਦੇਖਿ ਸਾਰੰ। ਹੁਣ ਜ਼ਰਾ ਸਾਰ ਨੂੰ ਕਹਿ ਕੇ ਵੀ ਵੇਖ ਲੈ। ਇੱਕ ਗੱਲ ਤੈਨੂੰ ਆਖ ਦਿੰਦਾ ਹਾਂ :

ਅਪਣੀਂ ਕਰਣੀਂ ਉਤਰਿਬਾ ਪਾਰੰ! ਕਰੇਗਾ ਤਾਂ ਹੀ ਪਾਰ ਉਤਰੇਂਗਾ।

ਅਪਣੀਂ ਕਰਣੀਂ ਉਤਰਿਬਾ ਪਾਰੰ। ਇਹ ਕਿਤਾਬਾਂ ਡੁੱਬ ਜਾਣਗੀਆਂ। ਇਹ ਕਾਗਜ਼ ਦੀਆਂ ਬੇੜੀਆਂ ਹਨ; ਇਨ੍ਹਾਂ ਨੂੰ ਲੈ ਕੇ ਸਾਗਰ ਵਿਚ ਨ ਉਤਰ ਜਾਣਾ। ਇਹ ਨ ਕਹਿਣਾ ਕਿ ਅਸੀਂ ਵੇਦਾਂ ਤੋਂ ਬਣਾਈਆਂ ਹਨ ਇਹ ਬੇੜੀਆਂ। ਇਹ ਕੰਮ ਨਹੀਂ ਆਉਣਗੀਆਂ; ਇਹ ਕਾਗਜ ਦੀਆਂ ਬੇੜੀਆਂ ਹਨ, ਇਹ ਡੁੱਬ ਹੀ ਜਾਣਗੀਆਂ। ਇਹ ਖ਼ੁਦ ਵੀ ਡੁੱਬਣਗੀਆਂ, ਇਹ ਤੈਨੂੰ ਵੀ ਡੁੱਬੋਣਗੀਆਂ। ਖ਼ਤਰਾ ਇਹ ਹੈ ਕਿ ਤੂੰ ਲੋਗਾਂ ਨੂੰ ਸਮਝਾ ਰਿਹਾ ਹੈਂ, ਉਨ੍ਹਾਂ ਸਭਨਾਂ ਨੂੰ ਵੀ ਡੁੱਬੋਣਗੀਆਂ। ਤੂੰ ਖ਼ੁਦ ਅੰਨ੍ਹਾ ਹੈ ਅਤੇ ਸੋਚਦਾ ਹੈਂ ਕਿ ਦੂਜੇ ਅੰਨ੍ਹਿਆਂ ਨੂੰ ਰਾਹ ਵਿਖਾ ਰਿਹਾ ਹਾਂ।

ਅੰਧਾ-ਅੰਧਾ ਠੇਲਿਆ, ਦੋਈ ਕੂਪ ਪੜੰਤ। ਉਹ ਦੋਵੇਂ ਖੂਹ ਵਿਚ ਡਿੱਗ ਪਏ।

ਪੜਿ ਦੇਖਿ ਪੰਡਿਤਾ! ਕਹਿੰਦੇ ਹਨ ਗੋਰਖ : ਵੇਖ ਤਾਂ ਚੁਕਿਆ ਤੂੰ ਪੜ੍ਹ-ਪੜ੍ਹ ਕੇ, ਮਿਲਿਆ ਕੀ, ਸਾਰ ਕੀ ਪਾਇਆ ? ਹੁਣ ਰਹਿ ਦੇਖਿ ਸਾਰੰ।

ਹੁਣ ਸਾਡੀ ਸੁਣ। ਹੁਣ ਜ਼ਰਾ ਜੀਵਨ ਵਿਚ ਉਤਰਨ ਦੇ, ਹੁਣ ਜ਼ਰਾ ਜੀਵਨ ਨਾਲ ਜੁੜਣ ਦੇ। ਹੁਣ ਵਿਚਾਰ ਹੀ ਵਿਚਾਰ ਨ ਕਰ ਸਮਾਧੀ ਦੇ ਸੰਬੰਧ ਵਿਚ, ਕਿਉਂਕਿ ਸਮਾਧੀ ਦੇ ਸੰਬੰਧ ਵਿਚ ਵਿਚਾਰ ਨਾਲ ਕੀ ਹੋਇਗਾ; ਹੁਣ ਤਾਂ ਨਿਰਵਿਚਾਰ ਹੋ, ਸਮਾਧੀ ਨੂੰ ਉਤਰਨ ਦੇ।

ਰਹਿ ਦੇਖਿ ਸਾਰੰ! ਅਪਣੀਂ ਕਰਣੀਂ ਉਤਰਿਬਾ ਪਾਰੰ।

ਅਤੇ ਕਰੇਗਾ ਉਸੇ ਨਾਲ ਉਤਰੇਂਗਾ, ਜਾਣੇਗਾ, ਉਸੇ ਤੋਂ ਉਤਰੇਂਗਾ। ਉਸੇ ਦੀ ਬੇੜੀ ਬਣੇਗੀ ਜੋ ਪਾਰ ਲੈ ਜਾਏਗੀ। ਹੋਰ, ਦੂਜਿਆਂ ਦੀਆਂ ਬੇੜੀਆਂ ਕੰਮ ਨਹੀਂ ਆਉਂਦੀਆਂ। ਇਸ ਜਗਤ

ਵਿਚ ਕੋਈ ਉਧਾਰ ਗਿਆਨ ਕੰਮ ਨਹੀਂ ਆਉਂਦਾ। ਉਧਾਰ ਗਿਆਨ ਤਾਂ ਸਿਰਫ਼ ਅਗਿਆਨ ਨੂੰ ਢੱਕ ਲੈਂਦਾ ਹੈ।

ਬੇਦ ਕਤੇਬ ਨ ਪਾਂਖੀ ਵਾਂਣੀ। ਸਬ ਢੰਕੀ ਤਲਿ ਆਂਣੀਂ ॥
ਗਗਨਿ ਸਿਸ਼ਰ ਮਹਿ ਸਬਦ ਪ੍ਰਕਾਸਯਾ। ਤੰਹ ਬੂਝੈ ਅਲਸ਼ ਬਿੰਨਾਣੀ ॥

ਗੋਰਖ ਕਹਿੰਦੇ ਹਨ : ਸਤਯ ਦਾ, ਬ੍ਰਹਮ ਦਾ ਠੀਕ-ਠੀਕ ਨਿਰਵਚਨ ਨ ਵੇਦ ਕਰ ਪਾਏ ਨ ਕਿਤਾਬੀ ਧਰਮਾਂ ਦੀਆਂ ਕਿਤਾਬਾਂ ਕਰ ਸਕੀਆਂ—ਨ ਕੁਰਾਨ, ਨ ਬਾਈਬਲ, ਨ ਕੋਈ ਹੋਰ। ਕੋਈ ਵਾਣੀ ਨਹੀਂ ਕਰ ਪਾਈ ਉਸ ਦਾ ਨਿਰਵਚਨ (ਇਨਟਰਪਿਟੇਸ਼ਨ)। ਇਹ ਸਭ ਤਾਂ ਉਲਟਾ ਉਸਨੂੰ ਆਛਾਦਨ (ਛੱਾ) ਦੇ ਹੇਠਾਂ ਲੈ ਆਏ। ਇਨ੍ਹਾਂ ਨੇ ਤਾਂ ਉਸ ਨੂੰ ਲੁੱਕਾ ਲਿਆ। ਇਨ੍ਹਾਂ ਹੀ ਕਿਤਾਬਾਂ ਵਿਚ ਡੁੱਬ ਗਿਆ, ਗੁਆਚ ਗਿਆ ਸਤਯ। ਇਹ ਤਾਂ ਉਸ ਉੱਤੇ ਆਵਰਣ (ਔਢਣੇ) ਬਣ ਗਏ ਹਨ। ਇਨ੍ਹਾਂ ਦੇ ਰਾਹੀਂ ਸਤਯ ਦਾ ਅਵਿਸ਼ਕਾਰ ਨਹੀਂ ਹੁੰਦਾ। ਇਨ੍ਹਾਂ ਦੇ ਰਾਹੀਂ ਸਤਯ ਦਾ ਅਵਿਸ਼ਕਾਰ ਰੁਕਦਾ ਹੈ, ਰੁਕਾਵਟ ਪੈਂਦੀ ਹੈ। ਉਹ ਤਾਂ ਸ਼ੂਨਯ ਸਮਾਧੀ ਵਿਚ ਹੀ ਜਾਣਿਆ ਜਾ ਸਕਦਾ ਹੈ। ਓਥੇ ਹੀ ਬੁੱਝੋ !

ਤਹਂ ਬੂਝੈ ਅਲਖ ਵਿਨਾਂਣੀ...! ਜੋ ਅਸਲੀ ਖੋਜੀ ਹੈ ਗਿਆਨ ਦਾ, ਜੋ ਅਸਲੀ ਵਿਗਿਆਨੀ ਹੈ, ਉਹ ਓਥੇ ਹੀ ਲਭਦਾ ਹੈ—ਸ਼ੂਨਯ ਵਿਚ ਸਮਾਧੀ ਵਿਚ।

ਗੋਰਖ ਕਹਿੰਦੇ ਹਨ :

ਕਹਣਿ ਸੁਹੇਲੀ, ਰਹਣਿ ਦੁਹੇਲੀ, ਕਹਣਿ ਰਹਣਿ ਬਿਨ ਥੋਥੀ।
ਪਢ਼ਯਾ-ਗੁੰਣਯਾ ਸੂਆ ਬਿਲਾਈ ਖਾਯਾ, ਪੰਡਿਤ ਕੇ ਹਾਥਿ ਰਹ ਗਈ ਪੋਥੀ।

ਕਹਣਿ ਸੁਹੇਲੀ ! ਕਹਿਣਾ ਬਹੁਤ ਸਰਲ ਹੈ।

ਰਹਿਣ ਦੁਹੇਲੀ ! ਰਹਿਣਾ ਬਹੁਤ ਔਖਾ ਹੈ।

ਕਹਿਣ ਰਹਿਣ ਬਿਨ ਥੋਥੀ ! ਅਤੇ ਜੋ ਤੁਸੀਂ ਕਹਿੰਦੇ ਹੋ ਬਿਨਾਂ ਰਹੇ, ਬਿਨਾਂ ਜੀਏ, ਬਿਨਾਂ ਅਨੁਭਵ ਤੋਂ, ਉਹ ਬਿਲਕੁੱਲ ਥੋਥੀ ਬਕਵਾਸ ਹੈ।

ਪਢ਼ਯਾ-ਗੁੰਣਯਾ ਸੂਆ ਬਿਲਾਈ ਖਾਯਾ।

ਤੁਸੀਂ ਕਿ ਸੋਚਦੇ ਹੋ ਕਿ ਬਿੱਲੀ ਪੜ੍ਹੇ-ਲਿਖੇ ਤੋਤੇ ਨੂੰ ਛੱਡ ਦੇਵੇਗੀ, ਇਸ ਲਈ ਕਿ ਰਾਮ-ਰਾਮ ਜਪ ਰਿਹਾ ਹੈ ਤੋਤਾ? ਕਿ ਛੱਡੋ ਭਗਤ ਜੀ ਹਨ, ਕਿ ਵੇਖੋ ਕਿਸ ਤਰ੍ਹਾਂ ਰਾਮ-ਰਾਮ ਜਪ ਰਹੇ ਹਨ, ਕਿਹੋ ਜਿਹੀ ਰਾਮ-ਰਾਮ ਦੀ ਚਾਦਰ ਓਢੀ ਬੈਠੇ ਹਨ। ਛੱਡੋ ਵੀ, ਭਗਤ ਨੂੰ ਤਾਂ ਛੱਡੋ ! ਪਰ ਬਿੱਲੀ ਛੱਡੇਗੀ ਨਹੀਂ, ਬਿੱਲੀ ਜਾਣਦੀ ਹੈ ਕਿ ਜਪਦੇ ਰਹੋ ਰਾਮ-ਰਾਮ, ਓਢੀ ਰੱਖੋ ਚਾਦਰ, ਇਸ ਨਾਲ ਕੀ ਫ਼ਰਕ ਪੈਂਦਾ ਹੈ, ਹੋ ਤਾਂ ਤੋਤੇ ਹੀ ! ਬਿੱਲੀ ਛੱਡੇਗੀ ਨਹੀਂ।

ਪਢ਼ਯਾ ਗੁੰਣਯਾ ਸੂਆ ਬਿਲਾਈ ਖਾਯਾ।

ਬਿੱਲੀ ਤਾਂ ਪੜ੍ਹੇ-ਲਿਖੇ ਸੂਏ ਨੂੰ ਵੀ ਖਾ ਜਾਂਦੀ ਹੈ। ਇਵੇਂ ਹੀ ਮੌਤ ਤੁਹਾਨੂੰ ਖਾ ਜਾਏਗੀ। ਮੌਤ ਬਿੱਲੀ ਦੇ ਵਾਂਗ ਆਏਗੀ ਅਤੇ ਤੁਸੀਂ ਪੜ੍ਹੇ-ਲਿਖੇ ਤੋਤੇ ਹੋ; ਇਸ ਤੋਂ ਜ਼ਿਆਦਾ ਕੁਝ ਵੀ ਨਹੀਂ ਹੋ। ਤੁਸੀਂ ਖਾਧੇ ਜਾਓਗੇ। ਮੌਤ ਤੁਹਾਨੂੰ ਛੱਡ ਨਹੀਂ ਦੇਵੇਗੀ।

ਪੰਡਿਤ ਕੇ ਹਾਥ ਰਹ ਗਈ ਪੋਥੀ। ਅਤੇ ਜਦ ਬਿੱਲੀ ਹਮਲਾ ਕਰੇਗੀ, ਮੌਤ ਜਦ

ਤੁਹਾਡੀ ਗਰਦਨ ਦਬਾਏਗੀ ਤਦ ਹਥ ਵਿਚ ਸਿਰਫ਼ ਪੋਥੀ ਰਹਿ ਜਾਏਗੀ। ਬਿਲਕੁੱਲ ਥੋਥੀ, ਪੰਡਿਤ ਕੇ ਹਥ ਰਹਿ ਗਈ ਪੋਥੀ ! ਕੁਝ ਹੋਰ ਨਹੀਂ ਰਹੇਗਾ, ਸਭ ਭੁੱਲ ਜਾਏਗਾ; ਸਭ ਪੜ੍ਹਿਆ-ਗੁਣਿਆ ਵਿਅਰਥ ਹੋ ਜਾਏਗਾ। ਮੌਤ ਜਦ ਹਮਲਾ ਕਰਦੀ ਹੈ ਤਦ ਤਾਂ ਜੋ ਜਾਣਿਆ ਹੈ ਉਹ ਹੀ ਕੰਮ ਆਏਗਾ। ਜਿਸ ਨੇ ਜਾਣਿਆ ਹੈ ਉਹ ਮੌਤ ਨੂੰ ਵੇਖ ਕੇ ਹੱਸੇਗਾ।

ਮੰਸੂਰ ਹੱਸਿਆ ਸੀ ਜ਼ੋਰ ਨਾਲ। ਲੋਕਾਂ ਨੇ ਪੁੱਛਿਆ ਕਿ ਅਸੀਂ ਤਾਂ ਤੈਨੂੰ ਮਾਰ ਰਹੇ ਹਾਂ, ਤੂੰ ਹਸਦਾ ਕਿਉਂ ਹੈਂ ? ਮੰਸੂਰ ਨੇ ਕਿਹਾ, ਕਿ ਮੈਂ ਇਸ ਲਈ ਹਸਦਾ ਹਾਂ ਕਿ ਤੁਸੀਂ ਜਿਸ ਨੂੰ ਮਾਰ ਰਹੇ ਹੋ ਉਹ ਮੈਂ ਨਹੀਂ ਹਾਂ; ਅਤੇ ਜੋ ਮੈਂ ਹਾਂ ਤੁਸੀਂ ਉਸ ਨੂੰ ਛੂਹ ਵੀ ਨਹੀਂ ਸਕਦੇ ਮਾਰਨਾ ਤਾਂ ਬਹੁਤ ਦੂਰ।

ਨੈਂਨ ਛਿੰਦਨਤਿ ਸ਼ਸਤ੍ਰਾਣਿ, ਕ੍ਰਿਸ਼ਨ ਕਹਿੰਦੇ ਹਨ। ਨ ਹੀ ਸ਼ਾਸਤ੍ਰ ਛੇਦ ਸਕਦੇ ਹਨ ਉਸਨੂੰ।

ਨੈਨੰ ਦਹਤਿ ਪਾਵਕ : ਅਤੇ ਨ ਅੱਗ ਉਸ ਨੂੰ ਜਲਾ ਸਕਦੀ ਹੈ।

ਮੰਸੂਰ ਨੇ ਕਿਹਾ : ਇਸ ਲਈ ਮੈਂ ਹੱਸ ਰਿਹਾ ਹਾਂ ਕਿ ਇਹ ਵੀ ਖ਼ੂਬ ਮਜ਼ਾ ਹੈ ! ਤੁਸੀਂ ਕਹਿੰਦੇ ਸੀ ਕਿ ਮਾਰਾਂਗੇ ਮੰਸੂਰ ਤੈਨੂੰ, ਹੁਣ ਤੁਸੀਂ ਮਾਰ ਕਿਸੇ ਹੋਰ ਨੂੰ ਰਹੇ ਹੋ; ਉਹ ਮੈਂ ਹਾਂ ਨਹੀਂ।

ਤੁਸੀਂ ਮੇਰੇ ਹਥ ਵੱਢ ਰਹੇ ਹੋ ਹਥ ਮੈਂ ਨਹੀਂ ਹਾਂ। ਤੁਸੀਂ ਮੇਰੇ ਪੈਰ ਵੱਢ ਦਿੱਤੇ, ਪੈਰ ਮੈਂ ਨਹੀਂ ਹਾਂ। ਹੁਣ ਤੁਸੀਂ ਮੇਰੀ ਗਰਦਨ ਵੀ ਵੱਢ ਦਿਓਗੇ, ਮੈਂ ਤੁਹਾਨੂੰ ਆਖੀ ਜਾਂਦਾ ਹਾਂ ਕਿ ਗਰਦਨ ਮੈਂ ਨਹੀਂ ਹਾਂ, ਮੈਂ ਤਾਂ ਅੰਦਰ ਬੈਠਾ ਸਾਖ਼ਸ਼ੀ ਹਾਂ, ਇਸ ਨੂੰ ਤੁਸੀਂ ਕਿਵੇਂ ਵੱਢੋਗੇ? ਕੋਈ ਸ਼ਸਤ੍ਰ ਛੇਦ ਨਹੀਂ ਸਕਦਾ ਕੋਈ ਅੱਗ ਜਲਾ ਨਹੀਂ ਸਕਦੀ।

ਇਹ ਅਨੁਭਵ ਦੀ ਗੱਲ ਹੈ। ਪੜ੍ਹਿਆ ਲਿਖਿਆ ਤੋਤਾ ਇਹ ਨਹੀਂ ਕਹਿ ਸਕਦਾ। ਪੜ੍ਹਿਆ ਲਿਖਿਆ ਤੋਤਾ ਤਾਂ ਗਿੜਗਿੜਾਉਂਣ ਲਗਦਾ ਹੈ; ਭੁੱਲ ਜਾਂਦਾ ਹੈ ਰਾਮ-ਨਾਮ, ਬਿੱਲੀ ਦੀ ਉਸਤਤ ਗਾਉਂਣ ਲਗਦਾ ਹੈ—ਕਿ ਮਾਈ ਛੱਡ, ਕਿ ਹੋ ਗਈ ਭੁੱਲ; ਕਿ ਅੱਜ ਤੋਂ ਤੇਰੀ ਹੀ ਪੂਜਾ ਪ੍ਰਾਰਥਨਾ ਕਰਾਂਗਾ, ਕਿੱਥੋਂ ਦੇ ਰਾਮ-ਨਾਮ ਵਿਚ ਪਿਆ ਰਿਹਾ।

ਕਥਨੀ ਕਥੈ ਸੋ ਸ਼ਿਸ਼ ਬੋਲਿਯੇ, ਵੇਦ ਪਢੈ ਸੋ ਨਾਤੀ।
ਰਹਿਣੀ ਰਹੈ ਸੋ ਗੁਰੂ ਹਮਾਰਾ, ਹਮ ਰਹਤਾ ਕਾ ਸਾਥੀ॥
ਕਹਿੰਦੇ ਹਨ ਗੋਰਖ: ਕਥਨੀ ਕਥੈ ਸੋ ਸ਼ਿਸ਼ ਬੋਲਿਯੇ !

ਜੋ ਸਿਰਫ਼ ਸੁਣੀਆਂ ਸੁਣਾਈਆਂ ਗੱਲਾਂ ਕਹਿ ਰਿਹਾ ਹੈ ਉਹ ਤਾਂ ਵਿਦਿਆਰਥੀ ਹੈ : ਗਿਆਨੀ ਨਹੀਂ ਹੈ, ਜ਼ਿਆਦਾ ਤੋਂ ਜ਼ਿਆਦਾ ਵਿਦਿਆਰਥੀ ਹੈ; ਠੀਕ ਹੈ ਪੜ੍ਹ ਰਿਹਾ ਹੈ ਲਿਖ ਰਿਹਾ ਹੈ।

ਕਥਨੀ ਕਥੈ ਸੋ ਸ਼ਿਸ਼ ਬੋਲਿਯੇ, ਵੇਦ ਪਢੈ ਸੋ ਨਾਤੀ।

ਅਤੇ ਇਹ ਕਥਨੀ ਵੀ ਉਸਨੇ ਜੇਕਰ ਕਿਸੇ ਗੁਰੂ ਕੋਲੋਂ ਸੁਣੀ ਹੋਵੇ ਅਤੇ ਬੋਲ ਰਿਹਾ ਹੋਵੇ ਤਾਂ ਹੀ ਸ਼ਿਸ਼ ਹੈ, ਤਾਂ ਵਿਦਿਆਰਥੀ ਦਾ ਦਰਜਾ ਹੈ ਉਸਦਾ। ਅਤੇ ਜੇਕਰ ਇਹ ਵੀ ਕੁਝ ਮਰੇ ਗੁਰੂਆਂ ਦੀ, ਕਿਨ੍ਹਾਂ ਪੁਰਾਣੀਆਂ ਕਬਰਾਂ ਨੂੰ ਖੋਦ ਕੇ ਵੇਦਾਂ ਵਿਚੋਂ ਕੱਢ ਲਿਆਇਆ ਹੋਵੇ ਤਦ ਤਾਂ ਸ਼ਿਸ਼ ਵੀ ਨਹੀਂ ਹੈ; ਹੋਰ ਵੀ ਗਿਆ ਬੀਤਿਆ ਹੈ, ਤਾਂ ਹੋਰ ਵੀ ਹੇਠਾਂ ਰੱਖੋ ਉਸਨੂੰ।

ਵੇਦ ਪੜ੍ਹੈ ਸੋ ਨਾਤੀ। ਸ਼ਿਸ਼ ਤਾਂ ਪੁੱਤਰ ਹੈ। ਸ਼ਿਸ਼ ਦਾ ਮਤਲਬ ਜੋ ਸਤਿਗੁਰੂ ਦੇ ਕੋਲੋਂ ਸੁਣ ਕੇ ਦੋਹਰਾ ਰਿਹਾ ਹੈ। ਮੰਨਿਆ ਕਿ ਉਸਨੇ ਅਜੇ ਖ਼ੁਦ ਨਹੀਂ ਜਾਣਿਆ ਹੈ, ਅਤੇ ਜਾਨਣ ਵਾਲੇ ਸ਼ਰੋਤ (ਝਰਨਾ) ਦੇ ਨੇੜੇ ਰਿਹਾ ਹੈ। ਸ਼ਰੋਤ ਤੋਂ ਬਹੁਤ ਦੂਰ ਨਹੀਂ ਹੈ। ਜਿਵੇਂ ਕੋਈ ਗੋਰਖ ਦੇ ਕੋਲ ਬੈਠ ਕੇ ਸੁਣੇ ਅਤੇ ਦੋਹਰਾਏ ਤਾਂ ਗੋਰਖ ਕਹਿੰਦੇ ਹਨ, ਇਹ ਵਿਦਿਆਰਥੀ ਹੈ, ਇਹ ਮੇਰਾ ਪੁੱਤਰ ਹੈ। ਇਹ ਅੱਜ ਨਹੀਂ ਕੱਲ੍ਹ ਮੇਰੇ ਵਿਚ ਲੀਨ ਹੋ ਜਾਏਗਾ। ਝਰਨੇ ਦੇ ਕੋਲ ਹੈ, ਛੁਟ ਨਹੀਂ ਪਾਏਗਾ, ਭੱਜ ਵੀ ਨਹੀਂ ਸਕੇਗਾ। ਚਲੋ ਅਜੇ ਦੋਹਰਾਉਂਦਾ ਹੈ ਦੋਹਰਾਉਂਣ ਦਿਓ, ਹੌਲੀ-ਹੌਲੀ ਪਕੜ ਵਿਚ ਆ ਜਾਏਗਾ। ਪੌਂਚਾ ਤਾਂ ਪਕੜ ਹੀ ਲਿਆ ਹੈ, ਛੇਤੀ ਹੀ ਹਥ ਵੀ ਪਕੜ ਲਿਆ ਜਾਏਗਾ। ਇਸ ਦੀ ਬੁੱਧੀ ਤਾਂ ਪਕੜ ਵਿਚ ਆ ਗਈ ਹੈ, ਛੇਤੀ ਹੀ ਇਸ ਦਾ ਭਾਵ ਵੀ ਪਕੜ ਵਿਚ ਆ ਜਾਏਗਾ, ਹ੍ਰਿਦੇ ਉੱਤੇ ਵੀ ਹਥ ਪਹੁੰਚ ਜਾਏਗਾ।

ਪਰ ਜੋ ਵੇਦ ਨੂੰ ਦੋਹਰਾ ਰਿਹਾ ਹੋਵੇ, ਕਿਤਾਬਾਂ ਵਿਚੋਂ ਪੜ੍ਹਿਆ ਹੋਵੇ, ਸਤਿਗੁਰੂ ਦੇ ਕੋਲ ਵੀ ਨ ਹੋਵੇ ਜੀਵੰਤ ਗੁਰੂ ਦੇ ਕੋਲ ਵੀ ਨ ਹੋਵੇ, ਉਹ ਤਾਂ ਹੋਰ ਵੀ ਗਿਆ-ਬੀਤਿਆ ਹੈ। ਉਹ ਤਾਂ ਪੁੱਤਰ ਵੀ ਨਹੀਂ; ਉਹ ਤਾਂ ਪੋਤਾ ਸਮਝੋ।

ਵੇਦ ਪੜ੍ਹੇ ਸੋ ਨਾਤੀ। ਉਹ ਤਾਂ ਹੋਰ ਦੂਰ ਹੋ ਗਿਆ ਨ! ਉਸ ਨਾਲ ਰਿਸ਼ਤਾ ਦੂਰ ਦਾ ਹੋ ਗਿਆ।

ਰਹਿਣੀ ਰਹੈ ਸੋ ਗੁਰੂ ਹਮਾਰਾ! ਅਤੇ ਗੋਰਖ ਕਹਿੰਦੇ ਹਨ : ਜੋ ਰਹਿ ਰਿਹਾ ਹੈ ਸਵੰਜ, ਉਹ ਗੁਰੂ ਹੈ। ਉਸ ਨੂੰ ਤਾਂ ਅਸੀਂ ਗੁਰੂ ਭਾਵ ਨਾਲ ਪੂਜਦੇ ਹਾਂ।

ਰਹਿਣੀ ਰਹੈ ਸੋ ਗੁਰੂ ਹਮਾਰਾ, ਹਮ ਰਹਤਾ ਕਾ ਸਾਥੀ।

ਅਤੇ ਅਸੀਂ ਤਾਂ ਉਸਦੇ ਹੀ ਸਾਥੀ ਹਾਂ, ਉਸਦੇ ਹੀ ਸੰਗੀ ਹਾਂ—ਜੋ ਜੀ ਰਿਹਾ ਹੈ ਸਤਯ ਨੂੰ; ਜਿਹੋ-ਜਿਹਾ ਹੈ ਉਹੋ-ਜਿਹਾ ਹੀ ਜੀ ਰਿਹਾ ਹੈ; ਜੋ ਨਗਨ ਸਤਯ ਨੂੰ ਜੀ ਰਿਹਾ ਹੈ। ਫ਼ਿਰ ਚਾਹੇ ਕਿੰਨੀ ਹੀ ਅੜਚਨ ਹੋਵੇ, ਕਿੰਨੀਆਂ ਹੀ ਰੁਕਾਵਟਾਂ ਆਉਂਣ, ਅਪਮਾਨ ਹੋਵੇ ਕਿ ਪ੍ਰਸ਼ੰਸਾ, ਸਫ਼ਲਤਾ ਕਿ ਵਿਫ਼ਲਤਾ, ਕੋਈ ਫ਼ਰਕ ਨਹੀਂ ਪੈਂਦਾ—ਜਿਹੜਾ ਸਤਯ ਨੂੰ ਜੀਵੀ ਜਾ ਰਿਹਾ ਹੈ।

ਹਮ ਰਹਤਾ ਕਾ ਸਾਥੀ...।

ਰਹਤਾ ਹਮਰਾ ਗੁਰੂ ਬੋਲਿਜੇ, ਹਮ ਰਹਤਾ ਕਾ ਚੇਲਾ।
ਮਨ ਮਾਨੈਂ ਤੋ ਸੰਗਿ ਫ਼ਿਰੈ ਨਹਿੰਤਰ ਫ਼ਿਰੈ ਅਕੇਲਾ।

ਗੋਰਖ ਸੁਤੰਤਰਤਾ ਦੇ ਪਕਸ਼ਪਾਤੀ ਹਨ। ਉਹ ਕਹਿੰਦੇ ਹਨ : ਸਹਜ ਭਾਵ ਨਾਲ ਜੋ ਘਟੇ (ਹੋਵੇ) ਉਹ ਹੀ ਕਰਨਾ। ਜੇਕਰ ਗੁਰੂ ਦੇ ਕੋਲ ਰਹਿਣ ਨਾਲ ਆਨੰਦ ਆਉਂਦਾ ਹੋਵੇ ਸਹਿਜਤਾ ਨਾਲ ਰਹਿਣਾ, ਅਤੇ ਜੇਕਰ ਇਕੱਲੇ ਵਿਚਰਣ (ਘੁੰਮਣਾ ਫ਼ਿਰਨਾ) ਕਰਨ ਵਿਚ ਆਨੰਦ ਆਉਂਦਾ ਹੋਵੇ ਤਾਂ ਇਕੱਲੇ ਵਿਚਰਣਾ, ਕਿਉਂਕਿ ਪਰਮਾਤਮਾ ਸਭ ਥਾਂ ਮੌਜੂਦ ਹੈ। ਪਰ ਸਹਜ ਆਨੰਦ ਨੂੰ ਨ ਗੁਆਉਂਣਾ, ਉਸਨੂੰ ਕਸੌਟੀ ਸਮਝਣਾ। ਜਿੱਥੇ ਤੁਸੀਂ ਸਹਜ ਹੋ ਸਕੋ, ਉੱਥੇ ਹੀ ਹੋਣ ਵਿਚ ਸਾਰ ਹੈ।

ਰਹਤਾ ਹਮਾਰਾ ਗੁਰੂ ਬੋਲਿਆ, ਹਮ ਰਹਤਾ ਕਾ ਚੇਲਾ।

ਇਹ ਹੀ ਭਾਵ ਤੁਹਾਡੇ ਅੰਦਰ ਰਹੇ ਕਿ ਜੋ ਜੀ ਰਿਹਾ ਹੈ ਸਤਯ ਨੂੰ ਉਹ ਹੀ ਸਾਡਾ ਗੁਰੂ

ਹੋਵੇ। ਪੰਡਿਤ ਨਹੀਂ, ਕੋਈ ਬੁੱਧ ਪੁਰਸ਼। ਵਡੀਆਂ-ਵਡੀਆਂ ਉਪਾਧੀਆਂ ਵਾਲਾ ਨਹੀਂ, ਡੂੰਘੀ ਸਮਾਧੀ ਵਾਲਾ।

ਰਹਤਾ ਹਮਾਰਾ ਗੁਰੂ ਬੋਲਿਆ, ਹਮ ਰਹਤਾ ਕਾ ਚੇਲਾ।

ਇਹ ਹੀ ਭਾਵ ਰਹੇ ਕਿ ਅਸੀਂ ਉਸਦੇ ਕੋਲ ਹੀ ਡੁੱਬ ਜਾਈਏ, ਉਸਦੇ ਹੀ ਚਰਨਾਂ ਵਿਚ—ਜੋ ਜੀਉਂਦਾ ਹੋਵੇ ਸਤਯ ਨੂੰ।

ਮਨ ਮਾਨੈ ਤੋ ਸੰਗਿ ਫ਼ਿਰੈ...। ਫ਼ਿਰ ਰਸ ਆਏ, ਨਾਲ ਰਹਿਣ ਵਿਚ ਤਾਂ ਗੁਰੂ ਦੇ ਨਾਲ ਰਹ ਕਿਉਂਕਿ ਗੁਰੂ ਤੋਂ ਜੋ ਸਵਾਦ ਮਿਲ ਗਿਆ ਹੈ, ਉਹ ਛੁਟਣ ਵਾਲਾ ਨਹੀਂ ਹੈ।

ਮਨ ਮਾਨੈਂ ਤੋ ਸੰਗਿ ਫ਼ਿਰੈ, ਨਹਿੰਤਰ ਫ਼ਿਰੈ ਅਕੇਲਾ।

ਕੋਈ ਫ਼ਿਕਰ ਨਹੀਂ ਹੈ, ਇਕੱਲੇ ਘੁੰਮੋਂ ਫ਼ਿਰ ਜਗਤ ਵਿਚ, ਇਕਾਂਕੀ ਘੁੰਮੋਂ, ਕੋਈ ਅੰਤਰ ਨਹੀਂ ਪੈਂਦਾ। ਇੱਕ ਵਾਰ ਲੇਕਿਨ ਕਿਸੇ ਮੂਲ ਸਰੋਤ ਤੋਂ ਸਵਾਦ ਲੈ ਲਓ। ਤੁਹਾਡੇ ਕੰਠ ਵਿਚ ਕੁਝ ਬੂੰਦਾਂ ਪੈ ਜਾਣ ਸਤਯ ਦੀਆਂ, ਸਮਾਧੀ ਦੀ ਥੋੜ੍ਹੀ ਜਿਹੀ ਝਲਕ ਆ ਜਾਏ। ਥੋੜ੍ਹੀ ਜਿਹੀ ਉਸ ਬੰਸਰੀ ਦੀ ਟੇਰ ਤੁਹਾਨੂੰ ਸੁਣਾਈ ਪੈ ਜਾਏ, ਫ਼ਿਰ ਸਭ ਠੀਕ ਹੈ। ਫ਼ਿਰ ਇਕੱਲੇ ਰਹੋ, ਸਤਸੰਗ ਕਰੋ, ਗੁਰੂ ਦੇ ਕੋਲ ਰਹੋ ਕਿ ਦੂਰ ਰਹੋ, ਸਭ ਬਰਾਬਰ ਹੈ। ਪਰ ਇੱਕ ਵਾਰ ਜਗਦੇ ਦੀਵੇ ਦੇ ਕੋਲ ਆਉਂਣਾ ਜਰੂਰੀ ਹੈ, ਤਾਂ ਕਿ ਤੁਹਾਡੀ ਬੁਝੀ ਹੋਈ ਜੋਤ ਜਗ ਜਾਏ। ਫ਼ਿਰ ਕੋਈ ਸਦਾ ਕੋਲ ਰਹਿਣਾ ਜ਼ਰੂਰੀ ਵੀ ਨਹੀਂ ਹੈ।

ਮਨ ਮਾਨੈਂ ਤੋ ਸੰਗਿ ਫ਼ਿਰੈ ਨਹਿੰਤਰ ਫਿਰੈ ਅਕੇਲਾ।

ਗਿਆਨ ਮੁਕਤੀ ਹੈ। ਗਿਆਨ ਸੁਵਤੰਤਰਤਾ ਹੈ। ਗਿਆਨ ਜੀਉਂਦਾ-ਜਾਗਦਾ ਅਨੁਭਵ ਹੈ। ਪੰਡਤਾਈ, ਥੋਥੀਆਂ ਗੱਲਾਂ ਹਨ। ਗੋਰਖ ਜਾਂ ਗਿਆਨੀਆਂ ਦਾ ਵਿਰੋਧ ਪੰਡਿਤਾਂ ਨਾਲ ਇਸ ਲਈ ਨਹੀਂ ਹੈ ਕਿ ਕੋਈ ਦੁਸ਼ਮਣੀ ਹੈ; ਸਗੋਂ ਇਸ ਲਈ ਹੈ ਕਿ ਉਹ ਖ਼ੁਦ ਵੀ ਧੋਖਾ ਖਾ ਰਹੇ ਹਨ, ਤੇ ਦੂਜਿਆਂ ਨੂੰ ਵੀ ਧੋਖਾ ਦੇ ਰਹੇ ਹਨ। ਕਿਰਪਾ ਦੇ ਕਾਰਣ ਹੈ ਤਾਂ ਕਿ ਦੂਜੇ ਜਾਗਣ ਅਤੇ ਪੰਡਿਤ ਵੀ ਜਾਗਣ।

ਚੌਥਾ ਸਵਾਲ : ਇੱਕ ਪਾਸੇ ਤੁਸੀਂ ਆਖਦੇ ਹੋ ਕਿ ਜੋ ਵੀ ਕਰੋ ਸਮਗ੍ਰਤਾ ਨਾਲ ਕਰੋ ਅਤੇ ਦੂਜੇ ਪਾਸੇ ਕਹਿੰਦੇ ਹੋ ਕਿ ਕਿਸੇ ਚੀਜ਼ ਦੀ ਅਤਿ ਨ ਕਰੋ, ਅੱਧ ਵਿਚ ਰਹੋ। ਕਿ ਇਸ ਵਿਰੋਧਾਭਾਸ ਨੂੰ ਦੂਰ ਕਰਨ ਦੀ ਕਿਰਪਾ ਕਰੋਗੇ?

ਆਨੰਦ ਮੈਤ੍ਰਯ! ਵਿਰੋਧਾਭਾਸ ਨਹੀਂ ਹੈ। ਥੋੜ੍ਹਾ 'ਸਮਗ੍ਰਤਾ' ਸ਼ਬਦ ਉੱਤੇ ਵਿਚਾਰ ਕਰੋ। ਕੁਝ ਹੋਰ ਸ਼ਬਦ ਇਸ ਸਿਲਸਿਲੇ ਵਿਚ ਸੋਚੋ— ਸੰਤੁਲਨ, ਸਮਾਧੀ, ਸਮਤਾ, ਸੰਬੋਧੀ, ਸਮਵੇਤ, ਸਮਗ੍ਰਤਾ। ਇਨ੍ਹਾਂ ਸਭ ਦਾ ਜਨਮ ਹੋਇਆ ਹੈ ਇੱਕ ਨਿੱਕੀ-ਜਿਹੀ ਧਾਤੂ ਨਾਲ-'ਸਮ'। ਸਮ ਦਾ ਅਰਥ ਹੁੰਦਾ ਹੈ ਸ਼ਾਂਤ। ਉਸ ਤੋਂ ਸਮਤਾ ਬਣਦਾ ਹੈ, ਉਸੇ ਤੋਂ ਸਮੱਵਯ ਬਣਦਾ ਹੈ, ਉਸੇ ਤੋਂ ਸੰਬੋਧੀ, ਉਸੇ ਤੋਂ ਸਮਾਧੀ। ਉਹ ਹੀ ਸਮ ਸਮਗ੍ਰਤਾ ਵਿਚ ਮੌਜੂਦ ਹੈ।

ਸਮਗ੍ਰਤਾ ਅਤਿ ਉੱਤੇ ਨਹੀਂ ਹੁੰਦੀ, ਸਮਗ੍ਰਤਾ ਕਦੇ ਅਤਿ ਨਹੀਂ ਹੁੰਦੀ, ਕਿਉਂਕਿ ਸਮ

ਅਵਸਥਾ ਤਾਂ ਮਧਯ ਵਿਚ ਹੀ ਹੁੰਦੀ ਹੈ। ਤਾਂ ਜਦ ਮੈਂ ਕਹਿੰਦਾ ਹਾਂ ਸਮਗ੍ਰਤਾ ਨਾਲ ਕਰੋ, ਤਾਂ ਮੈਂ ਇਹ ਨਹੀਂ ਕਹਿ ਰਿਹਾ ਹਾਂ ਕਿ ਅਤਿਪੂਰਵਕ ਕਰੋ। ਤੁਹਾਨੂੰ ਅਜਿਹਾ ਖ਼ਿਆਲ ਆ ਸਕਦਾ ਹੈ। ਤੁਹਾਨੂੰ ਲਗਦਾ ਹੈ ਕਿ ਜੇਕਰ ਅਸੀਂ ਸਮਗ੍ਰਤਾ ਨਾਲ ਕਰਾਂਗੇ ਤਾਂ ਅਤਿ ਹੋ ਜਾਏਗੀ। ਜੇਕਰ ਅਤਿ ਹੋ ਗਈ ਤਾਂ ਸਮਗ੍ਰਤਾ ਨੂੰ ਭੁੱਲ ਗਏ। ਸਮਗ੍ਰਤਾ ਤੋਂ ਚੂਕਣ (ਭੁਲਣਾ) ਦੇ ਦੋ ਉਪਾਇ ਹਨ—ਸੱਜੇ ਜਾਓ ਜਾਂ ਖੱਬੇ ਜਾਓ। ਦੋਹਾਂ ਹਾਲਤਾਂ ਵਿਚ ਸਮਗ੍ਰਤਾ ਨੂੰ ਭੁੱਲ ਗਏ।

ਹੁਣ ਜਿਵੇਂ ਕਿ ਮੈਂ ਆਖਿਆ ਭੋਜਨ ਸਮਗ੍ਰਤਾ ਨਾਲ ਕਰੋ—ਅਤਿ ਨ ਹੋਵੇ; ਇਨ੍ਹਾਂ ਦੋਹਾਂ ਵਿਚ ਵਿਰੋਧਾਭਾਸ ਨਹੀਂ ਹੈ। ਜੋ ਸਮਗ੍ਰਤਾ ਨਾਲ ਭੋਜਨ ਕਰੇਗਾ, ਉਹ ਠੀਕ ਉਸ ਵਕਤ ਰੁੱਕ ਜਾਏਗਾ ਜਦ ਸ਼ਰੀਰ ਕਹਿ ਦੇਵੇਗਾ ਬਸ। ਅਤੇ ਸ਼ਰੀਰ ਹਮੇਸ਼ਾ ਅੱਧ ਵਿਚ ਬਸ ਕਹਿ ਦਿੰਦਾ ਹੈ। ਨ ਤਾਂ ਭੁੱਖ ਲਗੀ ਹੋਵੇ ਤਾਂ ਸ਼ਰੀਰ ਕਹੇਗਾ ਅਤੇ ਨ ਤੁਸੀਂ ਬਹੁਤ ਜ਼ਿਆਦਾ ਭਰਦੇ ਜਾਓ ਤਾਂ ਸ਼ਰੀਰ ਚੁਪ ਰਹੇਗਾ, ਨਹੀਂ ਕਹੇਗਾ ਬਸ।

ਜੇਕਰ ਤੁਸੀਂ ਭੁੱਖੇ ਹੋ, ਸ਼ਰੀਰ ਕਹੇਗਾ-ਥੋੜ੍ਹਾ ਹੋਰ। ਜੇਕਰ ਤੁਸੀਂ ਜ਼ਿਆਦਾ ਖਾਣਾ ਸ਼ੁਰੂ ਕਰ ਦਿੱਤਾ ਸ਼ਰੀਰ ਕਹੇਗਾ—ਬਸ ਹੁਣ ਨਹੀਂ, ਹੁਣ ਹੋਰ ਨਹੀਂ।

ਸ਼ਰੀਰ ਕਦੇ ਅਤਿ ਨਹੀਂ ਕਰਦਾ, ਅਤਿ ਕਰਦਾ ਹੈ ਮਨ। ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਇਸ ਲਈ ਕੋਈ ਪਸ਼ੂ ਅਤਿ ਨਹੀਂ ਕਰਦਾ, ਨਹੀਂ ਤਾਂ ਪਸ਼ੂਆਂ ਦੀ ਕੀ ਹਾਲਤ ਹੁੰਦੀ! ਉਨ੍ਹਾਂ ਦੇ ਕੋਲ ਤਾਂ ਕੋਈ ਉਪਦੇਸ਼ ਦੇਣ ਵਾਲਾ ਨਹੀਂ ਹੈ। ਉਨ੍ਹਾਂ ਨੂੰ ਕੋਈ ਮਹਾਤਮਾ ਗਾਂਧੀ ਜਾਂ ਹੋਰ ਅਨੇਕ ਮਹਾਤਮਾ ਵਗੈਰਾ ਤਾਂ ਮਿਲੇ ਹੋਏ ਨਹੀਂ ਹਨ ਕਿ ਵੇਖੋ ਜ਼ਿਆਦਾ ਘਾਹ ਨ ਖਾ ਲੈਣਾ, ਕਿ ਅੱਜ ਉਪਵਾਸ ਕਰ ਲਓ, ਅੱਜ ਇਕਾਦਸ਼ੀ ਹੈ। ਲੇਕਿਨ ਕੋਈ ਪਸ਼ੂ ਤੁਸੀਂ ਵੇਖਿਆ ਹੈ ਜ਼ਿਆਦਾ ਖਾਂਦੇ? ਜੰਗਲ ਵਿਚ ਜਾ ਕੇ ਜ਼ਰਾ ਗੌਰ ਕਰੋ, ਕੋਈ ਪਸ਼ੂ ਤੁਹਾਨੂੰ ਵਿਖਾਈ ਦਿੰਦਾ ਹੈ ਜਿਸ ਨੂੰ ਤੁਸੀਂ ਕਹਿ ਸਕੋ ਕਿ ਇਹ ਜ਼ਿਆਦਾ ਖਾ ਗਿਆ ਹੈ? ਕੋਈ ਪਸ਼ੂ ਅਜਿਹਾ ਵਿਖਾਈ ਦਿੰਦਾ ਹੈ ਜੋ ਵਰਤ ਕਰ ਰਿਹਾ ਹੋਵੇ? ਮਨ ਨਹੀਂ ਹੈ ਤਾਂ ਅਤਿ ਨਹੀਂ ਹੈ। ਪਸ਼ੂ ਓਨਾ ਹੀ ਲੈਂਦਾ ਹੈ ਜਿੰਨਾ ਸ਼ਰੀਰ ਦੀ ਜ਼ਰੂਰਤ ਹੈ; ਉਹ ਹੀ ਲੈਂਦਾ ਹੈ ਜੋ ਜ਼ਰੂਰੀ ਹੈ। ਤੁਸੀਂ ਆਪਣੀ ਗਾਂ ਨੂੰ ਛੱਡ ਦਿਓ ਘਾਹ ਦੇ ਭਰੇ ਮੈਦਾਨ ਵਿਚ, ਉਹ ਉਹੀ ਘਾਹ ਚੁਗ ਲੈਂਦੀ ਹੈ ਜੋ ਉਸਦੇ ਸ਼ਰੀਰ ਨੂੰ ਰਾਸ ਆਉਂਦਾ ਹੈ। ਬਾਕੀ ਘਾਹ ਛੱਡ ਦਿੰਦੀ ਹੈ। ਤੁਸੀਂ ਬਕਰੀ ਨੂੰ ਛੱਡ ਦਿਓ ਜੰਗਲ ਵਿਚ, ਉਹ ਆਪਣੇ ਕੰਮ ਦੀ ਗੱਲ ਚੁਣ ਲੈਂਦੀ ਹੈ, ਆਪਣੇ ਕੰਮ ਦੀਆਂ ਪਤੀਆਂ ਚੁਗ ਲੈਂਦੀ ਹੈ, ਬਾਕੀ ਸਭ ਛੱਡ ਦਿੰਦੀ ਹੈ। ਕੌਣ ਕਹਿ ਰਿਹਾ ਹੈ ਉਸਨੂੰ ਕਿ ਇਹ ਪੱਤੀ ਨੂੰ ਨ ਖਾਹ?

ਹਰੀ ਤਾਂ ਇਹ ਵੀ ਵਿਖਾਈ ਦਿੰਦੀ ਹੈ। ਸਵਾਦ ਇਸ ਵਿਚ ਵੀ ਹੋ ਸਕਦਾ ਹੈ, ਹੈ ਹੀ ਕੁਝ ਨ ਕੁਝ ਸਵਾਦ। ਪਰ ਨਹੀਂ; ਜੋ ਉਸਦੇ ਸ਼ਰੀਰ ਨੂੰ ਰਾਸ ਆਉਂਦਾ ਹੈ, ਜੋ ਉਸ ਦੀ ਪ੍ਰਕ੍ਰਿਤੀ ਦੇ ਮੁਤਾਬਿਕ ਹੈ, ਜੋ ਉਸਦੇ ਪ੍ਰਕ੍ਰਿਤੀ ਨੂੰ ਸਮ ਅਵਸਥਾ ਵਿਚ ਰਖੱਦਾ ਹੈ, ਉਹ ਹੀ ਚੁਗ ਲੈਂਦੀ ਹੈ। ਇਹ ਸਹਜ ਹੋ ਰਿਹਾ ਹੈ। ਮਨ ਨਹੀਂ ਹੈ ਓਥੇ।

ਮਨ ਉਪੱਦਰ ਕਰਦਾ ਹੈ। ਮਨ ਹੀ ਤੁਹਾਨੂੰ ਜ਼ਿਆਦਾ ਖਿਲਾ ਦਿੰਦਾ ਹੈ। ਕਿਉਂਕਿ ਮਨ ਕਹਿੰਦਾ ਹੈ ਕਿ ਹੋ ਜਾਏ, ਇੱਕ ਕਚੌਰੀ ਹੋਰ, ਸਵਾਦਲੀ ਹੈ। ਸ਼ਰੀਰ ਦੀ ਸੁਣੋ ਤਾਂ ਪੇਟ ਕਹਿ

ਰਿਹਾ ਹੈ ਕਿ ਬਸ ਕਰੋ, ਹੁਣ ਕਿਰਪਾ ਕਰੋ, ਹੁਣ ਜ਼ਿਆਦਾ ਹੋ ਜਾਏਗਾ। ਪਰ ਸ਼ਰੀਰ ਦੀ ਮਨ ਸੁਣਨ ਨਹੀਂ ਦਿੰਦਾ। ਅਤੇ ਤੁਹਾਨੂੰ ਅਕਸਰ ਸਮਝਾਇਆ ਗਿਆ ਹੈ ਕਿ ਸ਼ਰੀਰ ਤੁਹਾਡਾ ਦੁਸ਼ਮਣ ਹੈ ਅਤੇ ਜਿਨ੍ਹਾਂ ਨੇ ਤੁਹਾਨੂੰ ਸਮਝਾਇਆ ਹੈ ਕਿ ਦੇਹ ਤੁਹਾਡੀ ਦੁਸ਼ਮਣ ਹੈ ਉਨ੍ਹਾਂ ਨੇ ਬਹੁਤ ਗਲਤ ਗੱਲ ਸਮਝਾ ਦਿੱਤੀ ਹੈ। ਉਨ੍ਹਾਂ ਦੇ ਕਾਰਨ ਮਨ ਨੂੰ ਤਾਂ ਤੁਸੀਂ ਮਿਤ੍ਰ ਮੰਨ ਲਿਆ ਹੈ, ਦੇਹ ਨੂੰ ਦੁਸ਼ਮਣ ਮੰਨ ਲਿਆ ਹੈ, ਦੇਹ ਤਾਂ ਸਹਜ ਪ੍ਰਾਕ੍ਰਿਤਿਕ (ਕੁਦਰਤੀ) ਹੈ; ਮਨ ਵਿਚ ਹਨ ਸਾਰੇ ਵਿਕਾਰ, ਸਾਰੇ ਉਪੱਦਰ।

ਮਨ ਸੁਣਦਾ ਹੀ ਨਹੀਂ ਹੈ। ਮਨ ਕਹਿੰਦਾ ਹੈ, ਸਵਾਦ ਥੋੜ੍ਹਾ ਹੋਰ ਲੈ ਲਈਏ, ਹੋ ਜਾਏ ਥੋੜ੍ਹਾ ਹੋਰ, ਕੀ ਫ਼ਰਕ ਪੈਂਦਾ ਹੈ, ਜ਼ਰਾ ਤਕਲੀਫ਼ ਹੋਏਗੀ ਢਿੱਡ ਨੂੰ ਤਾਂ ਹੋ ਲਵੇਗੀ। ਢਿੱਡ ਤਾਂ ਕਹਿ ਰਿਹਾ ਹੈ ਬਸ, ਲੇਕਿਨ ਢਿੱਡ ਦੀ ਤੁਸੀਂ ਸੁਣਦੇ ਹੀ ਨਹੀਂ ਅਤੇ ਤੁਹਾਡੇ ਤਥਾ-ਕਥਿਤ ਸਾਧੂ ਢਿੱਡ ਨੂੰ ਹੀ ਗਾਲ੍ਹੀਆਂ ਕੱਢਦੇ ਹਨ।

ਸਮਝੋ ਮਨ ਨੂੰ ! ਮਨ ਅਤਿ ਕਰਵਾਉਂਦਾ ਹੈ। ਸ਼ਰੀਰ ਤਾਂ ਸਦਾ ਠੀਕ ਸਮੇਂ ਉੱਤੇ ਜਵਾਬ ਦੇ ਦਿੰਦਾ ਹੈ । ਉਹ ਤਾਂ ਇੱਕ ਇੰਚ ਉਪੱਰ ਨਹੀਂ ਜਾਣ ਦੇਵੇਗਾ, ਹੇਠਾਂ ਨਹੀਂ ਜਾਣ ਦੇਵੇਗਾ। ਪਰ ਆਦਮੀ ਦਾ ਮਨ ਬਹੁਤ ਧੋਖੇਬਾਜ਼ ਹੈ। ਮੈਂ ਹੁਣੇ ਸੁਣਿਆ ਹੈ ਕਿ ਗੰਗਾ ਵਿਚ ਪੂਰ (ਹੜ੍ਹ) ਆਇਆ ਹੈ, ਕਿਸੇ ਪਿੰਡ ਵਿਚ ਪ੍ਰਾਂਤ ਦੇ ਮੁੱਖ ਮੰਤ੍ਰੀ ਗਏ, ਉਨ੍ਹਾਂ ਨੇ ਇੰਜੀਨੀਅਰਾਂ ਨੂੰ ਕਿਹਾ ਕਿ ਕੀ ਗੱਲ ਹੈ, ਹਾਲਾਤ ਕੀ ਹਨ, ਖ਼ਤਰੇ ਦੇ ਨਿਸ਼ਾਨ ਨੂੰ ਪਾਣੀ ਛੂਹ ਰਿਹਾ ਹੈ। ਤਾਂ ਮੁੱਖ ਮੰਤ੍ਰੀ ਨੇ ਕਿਹਾ ਕਿ 'ਭਾਈ, ਖ਼ਤਰੇ ਦੇ ਨਿਸ਼ਾਨ ਨੂੰ ਥੋੜ੍ਹਾ ਉਪੱਰ ਕਿਉਂ ਨਹੀਂ ਕਰ ਦਿੰਦੇ ? ਘਟੋ-ਘੱਟ ਖ਼ਤਰੇ ਦਾ ਨਿਸ਼ਾਨ ਤਾਂ ਨ ਛੂਹੇ।' ਜਿਵੇਂ ਕਿ ਖ਼ਤਰੇ ਦੇ ਨਿਸ਼ਾਨ ਨੂੰ ਉੱਚਾ ਕਰਕੇ ਤੁਸੀਂ ਗੰਗਾ ਨੂੰ ਧੋਖਾ ਦੇ ਲਓਗੇ ਕਿਸ ਨੂੰ ਧੋਖਾ ਦੇ ਰਹੇ ਹੋ? ਪਰ ਇਹ ਹੀ ਹੋ ਰਿਹਾ ਹੈ ਮਨ ਇਹ ਹੀ ਕਰ ਰਿਹਾ ਹੈ।

ਮਨ ਅਜਿਹੀਆਂ ਹੀ ਮੂੜ੍ਹਤਾ-ਪੂਰਣ ਗੱਲਾਂ ਕਰ ਰਿਹਾ ਹੈ।

ਮਨ ਤੁਹਾਡੇ ਕੋਲੋਂ ਜ਼ਿਆਦਤੀ ਕਰਵਾ ਦਿੰਦਾ ਹੈ। ਉਹ ਕਹਿੰਦਾ ਹੈ ਖ਼ਤਰੇ ਦਾ ਨਿਸ਼ਾਨ ਜ਼ਰਾ ਉਪੱਰ ਕਰ ਦਿਓ। ਨ ਸੁਣੋ ਸ਼ਰੀਰ ਦੀ, ਸ਼ਰੀਰ ਵਿਚ ਕੀ ਰੱਖਿਆ ਹੈ, ਸ਼ਰੀਰ ਤਾਂ ਅੰਨ੍ਹਾਂ ਹੈ, ਸ਼ਰੀਰ ਨੂੰ ਬੁੱਧੀ ਕੀ ਹੈ ? ਇੱਕ ਦਿਨ ਬਹੁਤਾ ਖਿਲਾ ਦਿੰਦਾ ਹੈ ਮਨ, ਫ਼ਿਰ ਦੂਜੇ ਦਿਨ ਤਕਲੀਫ਼ ਹੁੰਦੀ ਹੈ ਤਾਂ ਮਨ ਕਹਿੰਦਾ ਉਪਵਾਸ ਕਰੋ—ਕਿ ਮਹੀਨੇ ਵਿਚ ਇੱਕ ਦਿਨ ਤਾਂ ਉਪਵਾਸ ਕਰਨਾ ਹੀ ਚਾਹੀਦਾ, ਕਿ ਹਫ਼ਤੇ ਵਿਚ ਇੱਕ ਦਿਨ ਤਾਂ ਤੰਦਰੁਸਤੀ ਲਈ ਵਰਤ ਬਹੁਤ ਅੱਛਾ ਹੈ। ਹੁਣ ਵਰਤ ਕਰੋ। ਸ਼ਰੀਰ ਤਦ ਵੀ ਕਹਿੰਦਾ ਹੈ ਕਿ 'ਭਾਈ' ਭੁੱਖ ਲਗੀ ਹੈ ਭੋਜਨ ਲਓ; ਤਦ ਮਨ ਕਹਿੰਦਾ ਹੈ ਉਪਵਾਸ ਕਰੋ। ਹੌਲੀ-ਹੌਲੀ ਮਨ ਦੀਆਂ ਇਹ ਪੁਠੀਆਂ-ਸਿੱਧੀਆਂ ਗਤਿਵਿਧੀਆਂ ਸ਼ਰੀਰ ਦੀ ਸੂਖ਼ਮ ਸੰਵੇਦਨਾ ਨੂੰ ਨਸ਼ਟ ਕਰ ਦਿੰਦੀਆਂ ਹਨ। ਫ਼ਿਰ ਸ਼ਰੀਰ ਕੁਝ ਨਹੀਂ ਬੋਲਦਾ।

ਜਦ ਉਸਦੀ ਸੁਣੀ ਨਹੀਂ ਜਾਂਦੀ ਤਾਂ ਹੌਲੀ-ਹੌਲੀ ਮੂਕ (ਚੁੱਪ) ਹੋ ਜਾਂਦਾ ਹੈ। ਇਸ ਮੂਕ ਸ਼ਰੀਰ ਦੇ ਨਾਲ ਤੁਸੀਂ ਅਤੀ ਕਰ ਲੈਂਦੇ ਹੋ।

ਮਨੋਵਿਗਿਆਨਕਾਂ ਨੇ ਪ੍ਰਯੋਗ ਕੀਤੇ ਹਨ ਅਤੇ ਬਹੁਤ ਹੈਰਾਨੀ ਦੇ ਨਤੀਜੇ ਹਥ ਆਏ ਹਨ। ਮਨੋਵਿਗਿਆਨਕਾਂ ਨੇ ਪ੍ਰਯੋਗ ਕੀਤੇ ਹਨ ਕਿ ਨਿੱਕੇ ਬੱਚਿਆਂ ਨੂੰ ਜੇਕਰ ਭੋਜਨ ਦੇ ਕੋਲ

ਬਿਠਾ ਦਿਓ ਤਾਂ ਤੁਸੀਂ ਸੋਚਦੇ ਹੋ ਕਿ ਬਹੁਤਾ ਖਾ ਲੈਣਗੇ। ਤੁਸੀਂ ਗਲਤ ਖ਼ਿਆਲ ਵਿਚ ਹੋ, ਉਹ ਬਹੁਤਾ ਨਹੀਂ ਖਾਂਦੇ। ਜ਼ਿਆਦਾ ਉਨ੍ਹਾਂ ਦੇ ਮਾਂ-ਪਿਓ ਖਿਲਾ ਦਿੰਦੇ ਹਨ—ਕਿ ਹੋਰ ਖਾਓ, ਕਿ ਖਾਓ ਥੋੜ੍ਹੇ ਮੋਟੇ-ਤਕੜੇ ਹੋਣਾ ਹੈ, ਕਿ ਥੋੜ੍ਹੇ ਮਸਤ ਤਾਂ ਦਿਖੋ, ਇਹ ਕੀ ਹਾਲਤ ਹੈ? ਜ਼ਰਾ ਹੋਰ ਖਾਓ। ਮਾਂ ਬੈਠੀ ਹੈ ਛਾਤੀ ਉੱਤੇ ਕਿ ਹੋਰ ਖਾ, ਕਿ ਥੋੜ੍ਹਾ ਹੋਰ। ਬੱਚਾ ਕਿਸੇ ਤਰ੍ਹਾਂ ਖਾ ਰਿਹਾ ਹੈ, ਰੋ ਰਿਹਾ ਹੈ। ਤੁਸੀਂ ਵੇਖੋਗੇ ਕਈ ਬਚਿਆਂ ਨੂੰ ਰੋਂਦੇ। ਉਸ ਦਾ ਸ਼ਰੀਰ ਕਹਿ ਰਿਹਾ ਹੈ ਕਿ ਨਹੀਂ। ਉਸਦਾ ਸ਼ਰੀਰ ਕਹਿ ਰਿਹਾ ਹੈ ਬਾਹਰ ਚਲੋ, ਜ਼ਰਾ ਕੁੱਦੋ, ਉਛਲੋ, ਦਰਖ਼ੱਤ ਉੱਤੇ ਚੜ੍ਹੋ। ਉਸ ਨੂੰ ਖਿਲਾਇਆ ਜਾ ਰਿਹਾ ਹੈ।

ਡਾਕਟਰ ਤਾਂ ਦੱਸ ਦਿੰਦੇ ਹਨ ਕਿ ਹਰ ਤਿੰਨਾਂ ਘੰਟਿਆਂ ਪਿੱਛੋਂ ਬੱਚੇ ਨੂੰ ਦੁੱਧ ਪਿਲਾਉਣਾ ਹੈ। ਬੱਚਾ ਪੀਂਦਾ ਹੀ ਨਹੀਂ ਉਹ ਮੂੰਹ ਫੇਰ-ਫੇਰ ਲੈਂਦਾ ਹੈ; ਲੇਕਿਨ ਮਾਂ ਹੈ ਕਿ ਦੁੱਧ ਪਿਲਾ ਰਹੀ ਹੈ, ਕਿਉਂਕਿ ਤਿੰਨ ਘੰਟੇ ਹੋ ਗਏ।

ਇਹ ਔਸਤ ਨਿਯਮ ਕੰਮ ਦੇ ਨਹੀਂ ਹਨ। ਜਦ ਬੱਚੇ ਨੂੰ ਭੁੱਖ ਲਗੇਗੀ, ਉਹ ਰੋਏਗਾ, ਉਹ ਖ਼ੁਦ ਖ਼ਬਰ ਦੇਵੇਗਾ। ਘੜੀ ਵੇਖਣ ਦੀ ਕੋਈ ਲੋੜ ਨਹੀਂ ਹੈ। ਬੱਚੇ ਦੇ ਕੋਲ ਆਪਣੇ ਅੰਦਰ ਸ਼ਰੀਰ ਦੀ ਘੜੀ ਹੈ। ਪਰ ਉਸ ਦੀ ਘੜੀ ਨੂੰ ਤੁਸੀਂ ਖ਼ਰਾਬ ਕਰ ਦਿੰਦੇ ਹੋ। ਹੋਰ, ਸਭ ਬੱਚਿਆਂ ਨੂੰ ਵੱਖ-ਵੱਖ ਭੁੱਖ ਲਗੇਗੀ। ਕਿਸੇ ਨੂੰ ਚਾਰ ਘੰਟਿਆਂ ਬਾਅਦ ਲਗੇਗੀ, ਕਿਸੇ ਨੂੰ ਤਿੰਨ ਘੰਟਿਆਂ ਪਿੱਛੋਂ ਤੇ ਕਿਸੇ ਨੂੰ ਦੋ ਘੰਟਿਆਂ ਬਾਅਦ ਵੀ ਲਗੇਗੀ। ਹੁਣ ਬਹੁਤ ਅੜਚਨ ਹੋ ਗਈ, ਇੱਕ ਨਿਯਮ ਬਣਾ ਲਿਆ ਔਸਤ ਨਿਯਮ।

ਔਸਤ ਨਿਯਮ ਤੋਂ ਸਾਵਧਾਨ ਰਹਿਣਾ। ਔਸਤ ਨਿਯਮ ਅਜਿਹਾ ਹੁੰਦਾ ਜਿਵੇਂ ਇੱਥੇ ਪੰਜ ਸੌ ਆਦਮੀ ਬੈਠੇ ਹਨ। ਅਸੀਂ ਸਭ ਦੀ ਉਚਾਈ ਕੱਢ ਲਈ ਅਤੇ ਸਭ ਦੀ ਸੰਖਿਆ ਗਿਣ ਲਈ। ਸਭ ਦੀ ਉਚਾਈ ਜੋੜ ਲਈ, ਫ਼ਿਰ ਉਸ ਵਿਚ ਪੰਜ ਸੌ ਦਾ ਭਾਗ ਦੇ ਦਿੱਤਾ। ਸਮਝੋ ਉਚਾਈ ਆਈ ਚਾਰ ਫ਼ੁੱਟ ਸਾਢੇ ਤਿੰਨ ਇੰਚ—ਔਸਤ ਉਚਾਈ। ਹੁਣ ਇਹ ਚਾਰ ਫ਼ੁੱਟ ਸਾਢੇ ਤਿੰਨ ਇੰਚ ਦਾ ਕੋਈ ਵੀ ਨਹੀਂ ਹੋਏਗਾ ਇੱਥੇ, ਸ਼ਾਇਦ ਹੀ ਕੋਈ ਹੋਵੇ। ਕਿਉਂਕਿ ਇਨ੍ਹਾਂ ਵਿਚ ਕੁਝ ਨਿੱਕੇ ਬੱਚੇ ਹਨ ਜੋ ਦੋ ਹੀ ਫ਼ੁੱਟ ਦੇ ਹਨ ਅਤੇ ਕੋਈ ਛੇ ਫ਼ੁੱਟ ਦੇ ਸੱਜਣ ਹਨ, ਪਰ ਦੋਨਾਂ ਦਾ ਮੇਲ ਕਰ ਦਿਓ ਤਾਂ ਚਾਰ-ਚਾਰ ਫ਼ੁੱਟ ਔਸਤ ਉਚਾਈ ਹੋ ਗਈ। ਚਾਰ ਫ਼ੁੱਟ ਦਾ ਕੋਈ ਵੀ ਨਹੀਂ ਹੈ। ਨ ਤਾਂ ਛੇ ਫ਼ੁੱਟ ਵਾਲਾ ਆਦਮੀ ਚਾਰ ਫ਼ੁੱਟ ਦਾ ਹੈ ਤੇ ਨ ਦੋ ਫ਼ੁੱਟ ਵਾਲਾ ਬੱਚਾ ਚਾਰ ਫ਼ੁੱਟ ਦਾ ਹੈ। ਪਰ ਛੇ ਫ਼ੁੱਟ ਵਾਲੇ ਆਦਮੀ ਤੇ ਦੋ ਫ਼ੁੱਟ ਦੇ ਬੱਚੇ ਨੂੰ ਜੋੜ ਦਿੱਤਾ, ਅੱਠ ਫ਼ੁੱਟ ਹੋ ਗਏ, ਦੋ ਦਾ ਭਾਗ ਦੇ ਦਿੱਤਾ, ਚਾਰ ਫ਼ੁੱਟ ਔਸਤ ਆ ਗਈ। ਹੁਣ ਝੰਜਟ ਹੋਈ, ਹੁਣ ਬੱਚੇ ਨੂੰ ਖਿੱਚੋ, ਚਾਰ ਫ਼ੁੱਟ ਦਾ ਕਰੋ, ਤਦ ਉਹ ਔਸਤ ਹੋਵੇਗਾ। ਹੁਣ ਛੇ ਫ਼ੁੱਟ ਦੇ ਆਦਮੀ ਨੂੰ ਵੱਢੋ, ਜਾਂ ਕਹੋ ਕਿ ਜ਼ਰਾ ਪੈਰ ਨੂੰ ਸਿਕੋੜ, ਕਿ ਜ਼ਰਾ ਸਿਰ ਨੂੰ ਅੰਦਰ ਲੈ। ਕਛੂਏ ਦੇ ਵਾਂਗ ਆਪਣੇ ਅੰਗ ਅੰਦਰ ਕਰੋ, ਤੂੰ ਜ਼ਰਾ ਜ਼ਿਆਦਾ ਹੈਂ।

ਯੂਨਾਨ ਵਿਚ ਕਥਾ ਹੈ ਪ੍ਰੋਕ੍ਰੈਸਟੀਜ਼ ਦੀ। ਉਹ ਇੱਕ ਸਮ੍ਰਾਟ ਸੀ। ਉਹ ਬਹੁਤ ਭਿਆਨਕ ਸਮ੍ਰਾਟ ਸੀ। ਉਸਦੇ ਆਪਣੇ ਹਿਸਾਬ ਸਨ। ਬਹੁਤ ਹਿਸਾਬੀ ਸੀ ਪ੍ਰੋਕ੍ਰੈਸਟੀਜ਼। ਉਹ ਜੀਉਂਦਾ ਹੀ ਹਿਸਾਬ ਨਾਲ ਸੀ। ਉਸ ਦੇ ਘਰ ਕਿਸੇ ਦਾ ਮਹਿਮਾਨ ਹੋਣਾ, ਉਸ ਤੋਂ ਲੋਗ

ਡੌਰਦੇ ਸਨ। ਉਸਦੇ ਘਰ ਕੋਈ ਮਹਿਮਾਨ ਹੋਣਾ ਨਹੀਂ ਚਾਹੁੰਦਾ ਸੀ। ਕਿਉਂਕਿ ਉਸਦੇ ਕੋਲ ਇੱਕ ਸੋਨੇ ਦਾ ਪਲੰਘ ਸੀ—ਬਹੁਤ ਕੀਮਤੀ ਹੀਰੇ ਜਵਾਹਰਾਤਾਂ ਨਾਲ ਜੜ੍ਹਿਆ; ਉਸੇ ਉੱਤੇ ਸੁਲਾਉਂਦਾ ਸੀ ਆਪਣੇ ਮਹਿਮਾਨਾਂ ਨੂੰ।

ਅਤੇ ਉਸ ਦੇ ਨਾਲ ਖ਼ਤਰਾ ਇਹ ਸੀ ਕਿ ਜੇਕਰ ਮੇਹਮਾਨ ਲੰਮਾ ਹੋਵੇ ਤਾਂ ਉਹ ਵੱਢ ਦਿੰਦਾ ਉਸਦੇ ਹਥ-ਪੈਰ, ਕਿਉਂਕਿ ਪਲੰਘ ਤਾਂ ਕੀਮਤੀ ਹੈ, ਪਲੰਘ ਤਾਂ ਵੱਡਾ ਕੀਤਾ ਨਹੀਂ ਜਾ ਸਕਦਾ, ਛੋਟਾ ਕੀਤਾ ਨਹੀਂ ਜਾ ਸਕਦਾ। ਇੰਨੀ ਛੇਤੀਂ ਹੋ ਵੀ ਨਹੀਂ ਸਕਦਾ। ਪਰ ਮਹਿਮਾਨ ਨੂੰ ਤਾਂ ਛੋਟਾ-ਵੱਢਾ ਕੀਤਾ ਜਾ ਸਕਦਾ ਹੈ। ਜੇਕਰ ਕੋਈ ਛੋਟਾ ਹੁੰਦਾ ਪਲੰਘ ਤੋਂ ਤਾਂ ਉਸ ਨੂੰ ਦੋ ਪਹਿਲਵਾਨ ਆ ਕੇ ਖਿੱਚ-ਖਿੱਚ ਕੇ ਲੰਮਾ ਕਰਨ ਦੀ ਕੋਸ਼ਿਸ਼ ਕਰਦੇ। ਉਸਦੇ ਘਰ ਕੋਈ ਠਹਿਰਦਾ ਨਹੀਂ ਸੀ।

ਇਹ ਕਹਾਣੀ ਅਰਥਪੂਰਣ ਹੈ। ਪਰ ਇਹ ਸਭ ਹਿਸਾਬੀਆਂ ਦੀ ਕਹਾਣੀ ਹੈ। ਸਭ ਬਚਿਆਂ ਦਾ ਔਸਤ ਦੇ ਦਿੱਤਾ, ਕਿਸੇ ਨੂੰ ਚਾਰ ਘੰਟਿਆਂ ਵਿਚ ਭੁੱਖ ਲਗਦੀ ਹੈ, ਕਿਸੇ ਨੂੰ ਤਿੰਨ ਘੰਟਿਆਂ ਵਿਚ, ਕਿਸੇ ਨੂੰ ਦੋ ਘੰਟਿਆਂ ਵਿਚ, ਕਿਸੇ ਨੂੰ ਢਾਈ ਘੰਟੇ ਵਿਚ, ਕਿਸੇ ਨੂੰ ਪੌਣੇ ਤਿੰਨ ਘੰਟਿਆਂ ਵਿਚ। ਸਭ ਦੀ ਤਕਸੀਮ ਕਰ ਦਿੱਤੀ, ਹਿਸਾਬ ਕੱਢ ਲਿਆ। ਤਿੰਨ ਘੰਟਿਆਂ ਵਿਚ ਸਭ ਨੂੰ ਭੁੱਖ ਲਗਦੀ ਹੈ। ਹੁਣ ਬਸ ਤਿੰਨ ਘੰਟਿਆਂ ਨੂੰ ਲਈ ਬੈਠੇ ਹਨ। ਬੈਠੇ ਹਨ ਪ੍ਰੋਕ੍ਰੈਸਟੀਜ਼ ! ਹੁਣ ਉਹ ਘੜੀ ਵੇਖ ਰਹੇ ਹਨ ਕਿ ਤਿੰਨ ਘੰਟੇ ਹੋ ਜਾਣ, ਦੁੱਧ ਪਿਲਾਓ। ਜਿਸਨੂੰ ਦੋ ਘੰਟਿਆਂ ਵਿਚ ਲਗਦੀ ਹੈ, ਉਹ ਦੋ ਘੰਟਿਆਂ ਬਾਅਦ ਰੋ ਰਿਹਾ ਹੈ, ਪਰ ਅੱਜੇ ਘੜੀ ਵਿਚ ਤਿੰਨ ਘੰਟੇ ਨਹੀਂ ਹੋਏ, ਰੋਂਦੇ ਰਹੋ ਬੱਚੂ ! ਤੁਸੀਂ ਹੌਲੀ-ਹੌਲੀ ਉਸਦੇ ਸ਼ਰੀਰ ਦੀ ਸਹਿਜ-ਸੰਵੇਦਨਾ ਨੂੰ ਨਸ਼ਟ ਕਰ ਦਿੰਦੇ ਹੋ। ਹੌਲੀ-ਹੌਲੀ ਉਹ ਵੀ ਘੜੀ ਵੇਖਣ ਲਗੇਗਾ ਕਿ ਕਦ ਭੁੱਖ ਲਗਦੀ ਹੈ, ਕਿਉਂਕਿ ਘੜੀ ਨਾਲ ਭੁੱਖ ਲਗਦੀ ਹੈ।

ਤੁਹਾਡੀ ਹਾਲਤ ਇਹ ਹੀ ਹੋ ਗਈ ਹੈ। ਜੇਕਰ ਤੁਹਾਨੂੰ ਬਾਰਾਂ ਵਜੇ ਰੋਜ਼ ਭੋਜਨ ਮਿਲਦਾ ਹੈ, ਤੁਸੀਂ ਵੇਖਦੇ ਹੋ ਘੜੀ ਵਿਚ ਬਾਰਾਂ ਵਜ ਗਏ ਕਿ ਭੁੱਖ ਲਗ ਗਈ; ਭੁੱਖ ਲਗੀ ਹੋਵੇ ਕਿ ਨ ਲਗੀ ਹੋਵੇ। ਹੋ ਸਕਦਾ ਹੈ ਘੜੀ ਰਾਤ ਬੰਦ ਹੋ ਗਈ ਹੋਵੇ। ਬਾਰਾਂ ਉਸ ਵਿਚ ਵਜੇ ਹੋਣ ਰਾਤ ਭਰ ਦੇ। ਅਜੇ ਗਿਆਰਾਂ ਹੀ ਵਜੇ ਹੋਣ, ਪਰ ਘੜੀ ਵਿਚ ਬਾਰਾਂ ਵਜੇ ਵੇਖ ਕੇ ਇੱਕਦਮ ਭੁੱਖ ਲਗ ਆਉਂਦੀ ਹੈ। ਇਹ ਭੁੱਖ ਝੂਠੀ ਹੈ। ਇਸ ਝੂਠੀ ਭੁੱਖ ਨੂੰ ਸੁਣ ਕੇ ਤੁਸੀਂ ਜੋ ਭੋਜਨ ਕਰ ਰਹੇ ਹੋ ਉਹ ਸ਼ਰੀਰ ਦੇ ਨਾਲ ਅਤਿਆਚਾਰ ਹੈ। ਭੁੱਖ ਤਾਂ ਲਗੇਗੀ, ਉਸਨੂੰ ਘੜੀ ਵੇਖਣ ਦੀ ਜ਼ਰੂਰਤ ਨਹੀਂ ਹੈ; ਸ਼ਰੀਰ ਦੀ ਆਪਣੀ ਅੰਦਰੂਨੀ ਘੜੀ ਹੈ।

ਵਿਗਿਆਨਕਾਂ ਨੇ ਇਸ ਗੱਲ ਦੀ ਖੋਜ ਕੀਤੀ ਹੈ ਕਿ ਸ਼ਰੀਰ ਘੜੀ ਦੇ ਨਾਲ ਚਲ ਰਿਹਾ ਹੈ। ਉਸੇ ਹਿਸਾਬ ਨਾਲ ਤਾਂ ਇਸਤ੍ਰੀਆਂ ਨੂੰ ਠੀਕ ਅਠਾਈ ਦਿਨਾਂ ਵਿਚ ਮਾਸਿਕ ਧਰਮ ਆ ਜਾਂਦਾ ਹੈ। ਸ਼ਰੀਰ ਦੇ ਅੰਦਰ ਆਪਣੀ ਘੜੀ ਹੈ। ਉਸੇ ਦੇ ਅਨੁਸਾਰ ਤੁਹਾਨੂੰ ਵਕਤ ਉੱਤੇ ਭੁੱਖ ਲਗ ਜਾਂਦੀ ਹੈ। ਉਸੇ ਦੇ ਅਨੁਸਾਰ ਤੁਹਾਨੂੰ ਠੀਕ ਵਕਤ ਤੇ ਨੀਂਦ ਆ ਜਾਂਦੀ ਹੈ। ਉਸੇ ਦੇ ਅਨੁਸਾਰ ਇਸ਼ਾਰੇ ਮਿਲ ਜਾਂਦੇ ਹਨ ਕਿ ਪੇਟ ਭਰ ਗਿਆ, ਬਸ ਹੁਣ ਰੁੱਕ ਜਾਓ। ਤੁਸੀਂ ਜੇਕਰ ਸ਼ਰੀਰ ਦੀ ਮੰਨ ਕੇ ਚਲੋ ਤਾਂ ਕਦੇ ਅਤਿ ਨਹੀਂ ਹੋਵੇਗੀ। ਨ ਤੁਸੀਂ ਵੱਧ ਜ਼ਿਆਦਾ ਖਾਓਗੇ, ਨ ਤੁਸੀਂ ਘੱਟ ਖਾਓਗੇ ਅਤੇ ਸਮਗ੍ਰਤਾ ਹੋਏਗੀ ਆਨੰਦ ਹੋਏਗਾ। ਤੁਸੀਂ ਪੂਰੇ ਡੁੱਬ

ਕੇ ਉਸ ਸੁਆਦ ਨੂੰ ਲਓਗੇ, ਕਿਉਂਕਿ ਸਵਾਦ ਵੀ ਪਰਮਾਤਮਾ ਹੈ। ਅੰਨੰ ਬ੍ਰਹਮ ! ਉਸ ਦੇ ਨਾਲ ਹੀ ਉਹ ਹੀ ਸਮਾਦਰ, ਉਹ ਹੀ ਪੂਜਾ ਭਾਵ, ਉਹ ਪੂਜਾ ਜੋ ਮੰਦਰ ਵਿਚ ਹੁੰਦੀ ਹੈ, ਅੰਨ ਦੇ ਨਾਲ ਵੀ ਹੋਣੀ ਚਾਹੀਦੀ ਹੈ, ਭੋਜਨ ਦੇ ਨਾਲ ਵੀ ਹੋਣੀ ਚਾਹੀਦੀ, ਜੀਵਨ ਦੀਆਂ ਸਾਰੀਆਂ ਪ੍ਰਕ੍ਰਿਆਵਾਂ ਨਾਲ ਹੋਣੀ ਚਾਹੀਦੀ ਹੈ।

ਜਦ ਮੈਂ ਤੁਹਾਨੂੰ ਕਹਿੰਦਾ ਹਾਂ ਸਮਗ੍ਰਤਾ ਨਾਲ ਜੀਓ ਤਾਂ ਮੈਂ ਇਹ ਨਹੀਂ ਕਹਿ ਰਿਹਾ ਹਾਂ ਕਿ ਅਤਿ ਕਰ ਜਾਓ, ਮੈਂ ਇਹ ਹੀ ਕਹਿ ਰਿਹਾ ਹਾਂ ਕਿ ਜੇਕਰ ਸਮਗ੍ਰਤਾ ਨਾਲ ਜੀਉਂਣਾ ਹੈ ਤਾਂ ਸਮ (ਬਰਾਬਰ) ਨੂੰ ਧਿਆਨ ਵਿਚ ਰਖੱਣਾ ਹੋਏਗਾ। ਅਤੇ ਸਮ ਅਨਤਿ ਹੈ, ਮਧਯ ਹੈ। ਇਸ ਲਈ ਸਮਗ੍ਰਤਾ ਵਿਚ ਜੀਉਂਣਾ ਅਤੇ ਅਤਿ ਨ ਕਰਨਾ ਇਸ ਵਿਚ ਕੋਈ ਵੀ ਵਿਰੋਧ ਨਹੀਂ ਹੈ। ਇਹ ਇੱਕ ਹੀ ਸਿੱਕੇ ਦੇ ਦੋ ਪਹਿਲੂ ਹਨ।

ਪੰਜਵਾਂ ਸਵਾਲ : ਵਿਰਹ ਦੇ ਸੰਬੰਧ ਵਿਚ ਕੁਝ ਕਹੋ।

ਵਿਰਹ ਦੇ ਸੰਬੰਧ ਵਿਚ ਕੁਝ ਵੀ ਨਹੀਂ ਕਿਹਾ ਜਾ ਸਕਦਾ; ਵਿਰਹ ਨੂੰ ਤਾਂ ਅਨੁਭਵ ਕੀਤਾ ਜਾ ਸਕਦਾ ਹੈ। ਕਿਉਂਕਿ ਵਿਰਹ ਸ਼ਬਦਾਂ ਵਿਚ ਨਹੀਂ ਆਉਂਦਾ, ਅਥਰੂਆਂ ਵਿਚ ਆਉਂਦਾ ਹੈ। ਵਿਰਹ ਬੋਲਦਾ ਨਹੀਂ, ਮੌਨ ਹੈ, ਮੂਕ ਹੈ। ਵਿਰਹ ਰੋਂਦਾ ਹੈ, ਜਾਗਦਾ ਹੈ ਵਿਰਹ, ਵਿਰਹ ਬੋਲਦਾ ਨਹੀਂ।

ਵਿਰਹ ਦੇ ਸੰਬੰਧ ਵਿਚ ਕੁਝ ਵੀ ਕਿਹਾ ਨਹੀਂ ਜਾ ਸਕਦਾ, ਲੇਕਿਨ ਜਿਨ੍ਹਾਂ ਨੇ ਵੀ ਪ੍ਰੇਮ ਜਾਣਿਆ ਹੈ ਉਹ ਵਿਰਹ ਦੀ ਅਨੁਭੂਤੀ ਚੋਂ ਲੰਘਣ ਲਗਣਗੇ। ਤੁਸੀਂ ਪ੍ਰੇਮ ਨੂੰ ਜਾਣੋ, ਵਿਰਹ ਤਾਂ ਉਸਦੇ ਨਾਲ ਆਏਗਾ। ਜਿੰਨਾ ਗਹਿਰਾ ਪ੍ਰੇਮ ਹੋਏਗਾ, ਓਨੀ ਹੀ ਡੂੰਘੀ ਵਿਰਹ-ਅਵਸਥਾ ਹੋ ਜਾਏਗੀ।

ਵਿਰਹ ਦਾ ਅਰਥ ਇਹ ਹੁੰਦਾ ਹੈ ਕਿ ਸਾਡਾ ਜੋ ਵਾਸਤਵਿਕ ਸਵਰੂਪ ਹੈ ਉਹ ਹੀ ਸਾਨੂੰ ਭੁੱਲ ਗਿਆ ਹੈ, ਉਹ ਹੀ ਸਾਨੂੰ ਨਹੀਂ ਮਿਲ ਰਿਹਾ ਹੈ। ਜੋ ਸਾਡਾ ਕੇਂਦਰ ਹੈ ਉਹ ਹੀ ਸਾਡੇ ਕੋਲੋਂ ਛਿਟਕ ਗਿਆ ਹੈ ਅਤੇ ਅਸੀਂ ਪਰਿਧਿ (ਬਾਹਰਿ ਰੂਪ) ਉੱਤੇ ਘੁੰਮ ਰਹੇ ਹਾਂ ਕੋਹਲੂ ਦੇ ਬੈਲ ਦੀ ਤਰ੍ਹਾਂ। ਸਾਨੂੰ ਆਪਣੀ ਆਤਮਾ ਦਾ ਹੀ ਅਨੁਭਵ ਨਹੀਂ ਹੋ ਰਿਹਾ ਹੈ।

ਅਸੀਂ ਵੇਖਦੇ ਤਾਂ ਹਾਂ ਪਦਾਰਥ ਨੂੰ, ਪਰਮਾਤਮਾ ਸਾਨੂੰ ਵਿਖਾਈ ਨਹੀਂ ਦੇ ਰਿਹਾ ਹੈ। ਉਹ ਹੀ ਮਾਲਿਕ ਹੈ। ਮਾਲਿਕ ਗੁੰਮ ਹੋ ਗਿਆ ਹੈ, ਨੌਕਰ-ਚਾਕਰ ਵਿਖਾਈ ਦੇ ਰਹੇ ਹਨ। ਮੰਦਰ ਦੀਆਂ ਕੰਧਾਂ ਸਮਝ ਵਿਚ ਆ ਰਹੀਆਂ ਹਨ, ਮੰਦਰ ਦੀ ਮੂਰਤੀ ਪਛਾਣ ਵਿਚ ਨਹੀਂ ਆਉਂਦੀ। ਇਹ ਤਾਂ ਪ੍ਰੇਮ ਜਾਗੇਗਾ ਤਦ, ਤਦ ਇਹ ਪ੍ਰਤੀਤਿ ਹੋਣੀ ਸ਼ੁਰੂ ਹੋਏਗੀ। ਪ੍ਰੇਮ ਦੀ ਪਹਿਲੀ ਪ੍ਰਤੀਤਿ ਵਿਰਹ ਹੈ ਅਤੇ ਪ੍ਰੇਮ ਦੀ ਅੰਤਿਮ ਪ੍ਰਤੀਤਿ ਮਿਲਨ ਹੈ। ਪ੍ਰੇਮ ਪਹਿਲਾਂ ਪੀੜ ਦੇ ਵਾਂਗ ਸ਼ੁਰੂ ਹੁੰਦਾ ਹੈ ਅਤੇ ਆਨੰਦ ਦੇ ਵਾਂਗ ਪੂਰਣ ਹੁੰਦਾ ਹੈ। ਵਿਰਹ ਹੋਏਗਾ ਤਾਂ ਖੋਜ ਸ਼ੁਰੂ ਹੁੰਦੀ ਹੈ। ਵਿਰਹ ਹੋਏਗਾ ਤਾਂ ਮਿਲਨ ਦੀ ਅਭੀਪਸਾ (ਖ਼ਾਹਿਸ਼) ਜਾਗਦੀ ਹੈ। ਵਿਰਹ ਦਾ ਅਰਥ ਹੈ ਸਾਨੂੰ ਜਿਹੋ ਜਿਹੇ ਹੋਣਾ ਚਾਹੀਦਾ ਅਸੀਂ ਉਹੋ ਜਿਹੇ ਨਹੀਂ ਹਾਂ ! ਕੁਝ ਭੁਲਿਆ-ਚੁਕਿਆ ਹੈ, ਕੁਝ ਖ਼ਾਲੀ-ਖ਼ਾਲੀ ਹੈ।

ਜਿਸ ਨੂੰ ਵੇਖੋ, ਹਰ ਇੱਕ ਵਿਅਕਤੀ ਖ਼ਾਲੀ-ਖ਼ਾਲੀ ਹੈ। ਕੌਣ ਹੈ ਇੱਥੇ ਭਰਿਆ ਹੋਇਆ। ਕਦੇ-ਕਦੇ ਕੋਈ ਗੋਰਖ, ਕੋਈ ਕਬੀਰ, ਕੋਈ ਨਾਨਕ ਭਰਿਆ ਹੋਇਆ ਹੁੰਦਾ ਹੈ, ਬਾਕੀ ਲੋਕ ਬਿਲਕੁੱਲ ਖ਼ਾਲੀ-ਖ਼ਾਲੀ ਹਨ—ਖ਼ਾਲੀ ਭਾਂਡੇ, ਇਸ ਲਈ ਤਾਂ ਖ਼ੂਬ ਆਵਾਜ਼ ਕਰ ਰਹੇ ਹਨ। ਖ਼ਾਲੀ ਭਾਂਡੇ ਨੂੰ ਜਿਵੇਂ ਯਾਦ ਆ ਜਾਏ ਭਰੇਪਨ ਦੀ। ਖ਼ਾਲੀ ਭਾਂਡਾ ਜਿਵੇਂ ਭਰੇ ਹੋਏ ਭਾਂਡੇ ਨੂੰ ਵੇਖਕੇ ਇਸ ਖ਼ਾਹਿਸ਼ ਨਾਲ ਭਰ ਜਾਏ ਕਿ ਮੈਂ ਕਦ ਭਰਾਂਗਾ।

ਅਤੇ ਬਿਨਾਂ ਭਰੇ ਕਿਵੇਂ ਸ਼ਾਂਤੀ ਹੋਵੇਗੀ, ਕਿਵੇਂ ਆਨੰਦ ਹੋਵੇਗਾ। ਇਸ ਭਰੇਪਨ ਦੀ ਇੱਛਾ ਨਾਲ ਵਿਰਹ ਦਾ ਜਨਮ ਹੁੰਦਾ ਹੈ।

ਵੇਦਨਾ ਮੇਰੀ ਅਧਰ ਤਕ ਆ ਗਯੀ, ਕੁਛ ਕਹ ਨ ਪਾਯੀ !

ਕਟ ਗਏ ਹੈਂ ਪੰਖ, ਪੰਛੀ ਗਿਰ ਗਿਆ ਨਭ ਸੇ ਧਰਾ ਪਰ
ਕਸਕਤੇ ਹੈਂ ਘਾਵ, ਫ਼ਿਰ ਭੀ ਕੁਛ ਨਹੀਂ ਲਾਇਆ ਗਿਰਾ ਪਰ
ਤੁਮ ਬਤਾਓ, ਕਯਾ ਮਰਣ ਕੀ ਵੇਦਨਾ ਵਰਦਾਨ ਬਨਤੀ
ਯਾ ਅਧੂਰੀ ਸਾਧ ਨਿਸ਼ਛਲ ਪਿਆਰ ਕਾ ਅਭਿਮਾਨ ਬਨਤੀ
ਰਾਗਿਨੀ ਖੁੱਲ੍ਹ ਕਰ ਮਲਯ ਮੇਂ ਹੰਸ ਗਈ, ਕੁਛ ਕਹ ਨ ਪਾਈ।
ਵੇਦਨਾ ਮੇਰੀ ਅਧਰ ਤੱਕ ਆ ਗਈ, ਕੁਛ ਕਹ ਨ ਪਾਈ।

ਬਜ ਉਠੇ ਹੈਂ ਤਾਰ, ਕੰਪਿਤ ਰਾਗ ਹੰਸਤੇ ਮੁਗਧ ਮਨ ਸੇ
ਖੋਲ੍ਹ ਗੋਪਨ ਭਾਵ ਰਖਤੀ ਸਾਮਨੇ ਭੋਲੇ ਨਯਨ ਸੇ
ਲਾਜ ਕਾ ਘੁੰਘਟ ਹਟਾ ਕਰ ਝਾਂਕਤੇ ਪਿਆਰੇ ਸਪਨ ਸੇ
ਜੋ ਛਿਪੇ ਥੇ ਵਿਸਮਰਣ ਕੇ ਕਫ਼ਨ ਮੇਂ ਬਿਖਰੇ ਰੁਦਨ ਸੇ
ਪ੍ਰਾਣ ਕੀ ਕੋਕਿਲ ਸਿਹਰ ਕਰ ਰਹ ਗਈ, ਕੁਛ ਕਹ ਨ ਪਾਈ
ਵੇਦਨਾ ਮੇਰੀ ਅਧਰ ਤੱਕ ਆ ਗਯੀ, ਕੁਛ ਕਹ ਨ ਪਾਯੀ !

ਪਰ ਨਸ਼ੀਲੇ ਨਯਨ-ਨਭ ਮੇਂ ਅਸ਼ਰੂਓਂ ਕੇ ਘਨ ਘੁਮੜਤੇ।
ਸਾਧਨਾ ਕੀ ਸੇਜ ਪਰ ਯੇ ਰਾਤ-ਦਿਨ ਦੁਖ-ਸੁਖ ਵਿਹੰਸਤੇ।
ਕਲਪਨਾਯੇਂ ਮਿੱਟ ਗਈਂ, ਪਰ ਆਹ ਭਰ ਪਾਈ ਕਭੀ ਨ
ਲੁਟ ਗਿਆ ਸਰਵਸਵ, ਫ਼ਿਰ ਭੀ ਸ਼ਾਂਸ ਕਹ ਪਾਈ ਕਭੀ ਨ
ਭੋਰ ਕੀ ਸੁਕੁਮਾਰ ਕਲਿਕਾ ਖਿਲ ਗਈ, ਕੁਛ ਕਹ ਨ ਪਾਈ !
ਵੇਦਨਾ ਮੇਰੀ ਅਧਰ ਤੱਕ ਆ ਗਈ ਕੁਛ ਕਹ ਨ ਪਾਈ !

ਵਿਰਹ ਦੀ ਵੇਦਨਾ ਬਹੁਤ ਮੌਨ ਵੇਦਨਾ ਹੈ। ਅਤੇ ਮੌਨ ਹੁੰਦੀ ਹੈ ਤਦੇ ਤਾਂ ਗਹਿਰੀ ਹੋ ਪਾਉਂਦੀ ਹੈ। ਬੋਲਣ ਨਾਲ ਤਾਂ ਗੱਲ ਉਥਲੀ ਹੋ ਜਾਂਦੀ ਹੈ। ਨ ਕਹੋ ਤਾਂ ਬਹੁਤ ਕੀਮਤੀ ਹੈ;

ਕਹ ਦਿਓ, ਦੋ ਕੌੜੀ ਦੀ ਹੋ ਗਈ। ਕਹਿੰਦੇ ਹੈਂ ਨ, ਬੰਧੀ ਮੁਠੀ ਲਾਖ ਕੀ ਔਰ ਖੁਲੀ ਤੋ ਖ਼ਾਕ ਕੀ। ਵਿਰਹ ਚੁਪ-ਚਾਪ ਰੋਂਦਾ ਹੈ, ਗੁਪ-ਚੁਪ ਰੋਂਦਾ ਹੈ।

ਪ੍ਰਾਰਥਨਾ ਦਸੱਣੀ ਨਹੀਂ ਹੁੰਦੀ। ਉਸਦਾ ਕੋਈ ਪ੍ਰਦਰਸ਼ਨ ਨਹੀਂ ਕਰਨਾ ਹੁੰਦਾ। ਉਸਦੀ ਕੋਈ ਡੌਂਡੀ ਨਹੀਂ ਪਿਟਣੀ ਹੁੰਦੀ। ਇਸ ਲਈ ਮੰਦਰਾਂ ਵਿਚ ਜਿੱਥੇ ਤੁਸੀਂ ਘੰਟੇ ਵਜਾ ਕੇ, ਸ਼ੋਰ ਮਚਾ ਕੇ ਪ੍ਰਾਰਥਨਾ ਸ਼ੁਰੂ ਕਰ ਦਿੰਦੇ ਹੋ, ਉੱਥੇ ਵਿਰਹ ਨਹੀਂ ਹੈ; ਉੱਥੇ ਸਿਰਫ਼ ਇੱਕ ਆਯੋਜਨ, ਸਿਰਫ਼ ਇੱਕ ਔਪਚਾਰਿਕਤਾ ਨਿਭਾ ਰਹੇ ਹੋ।

ਹੋਰ ਤੁਸੀਂ ਖ਼ਿਆਲ ਕੀਤਾ, ਜੇਕਰ ਦਰਸ਼ਕ ਮੌਜੂਦ ਹੋਣ ਮੰਦਰ ਵਿਚ ਤਾਂ ਪ੍ਰਾਰਥਨਾ ਕਰਨ ਵਾਲਾ ਬਹੁਤ ਦੇਰ ਤੱਕ ਪ੍ਰਾਰਥਨਾ ਕਰਦਾ ਹੈ, ਖ਼ੂਬ ਜ਼ੋਰ-ਜ਼ੋਰ ਨਾਲ ਪ੍ਰਾਰਥਨਾ ਕਰਦਾ ਹੈ। ਮੰਜੀਰੇ ਖੜਕਾਉਂਦਾ ਹੈ, ਢੋਲ ਕੁਟਦਾ ਹੈ। ਜੇਕਰ ਕੋਈ ਨ ਹੋਵੇ, ਪ੍ਰਾਰਥਨਾ ਕਰਨ ਵਾਲ ਇਕੱਲਾ ਹੋਵੇ, ਛੇਤੀ-ਛੇਤੀ ਕਰਕੇ, ਕਹਿ-ਸੁਣ ਕੇ ਕਿਸੇ ਤਰ੍ਹਾਂ ਪੂਰੀ ਕਰਕੇ ਭੱਜ ਜਾਂਦਾ ਹੈ।

ਤੁਸੀਂ ਪ੍ਰਾਰਥਨਾ ਪਰਮਾਤਮਾ ਲਈ ਕਰ ਰਹੇ ਹੋ ਕਿ ਵੇਖਣ ਵਾਲਿਆਂ ਲਈ, ਕਿ ਦਿਖਾਵੇ ਲਈ? ਤੁਸੀਂ ਨੱਚ ਰਹੇ ਹੋ ਉਸਦੇ ਸਾਹਮਣੇ, ਜਾਂ ਲੋਕਾਂ ਦੇ ਸਾਹਮਣੇ? ਜੇਕਰ ਤੁਹਾਡੇ ਮਨ 'ਚ ਜ਼ਰਾ ਵੀ ਰਸ ਹੈ ਕਿ ਲੋਕਾਂ ਨੂੰ ਪਤਾ ਲਗ ਜਾਏ ਕਿ ਵੇਖੋ ਮੈਂ ਕਿਹੋ ਜਿਹੀ ਪ੍ਰਾਰਥਨਾ ਕਰ ਰਿਹਾ ਹਾਂ, ਕਿਹੋ ਜਿਹੀ ਗਹਿਰੀ ਭਗਤੀ ਵਿਚ ਉਤਰ ਰਿਹਾ ਹਾਂ, ਤਾਂ ਤੁਸੀਂ ਪ੍ਰਾਰਥਨਾ ਪਰਮਾਤਮਾ ਦੇ ਸਾਹਮਣੇ ਨਹੀਂ ਕਰ ਰਹੇ ਹੋ, ਤੁਸੀਂ ਤਮਾਸ਼ਾ ਕਰ ਰਹੇ ਹੋ। ਤੁਸੀਂ ਬਾਜ਼ਾਰ 'ਚ ਖਲੋਤੇ ਹੋ। ਅਤੇ ਤੁਸੀਂ ਅਹੰਕਾਰ ਨੂੰ ਹੀ ਭਰ ਰਹੇ ਹੋ। ਵਿਰਹ ਤਾਂ ਚੁਪ-ਚਾਪ ਰੋਂਦਾ ਹੈ, ਗੁਪ-ਚੁਪ ਰੋਂਦਾ ਹੈ, ਜਿੰਨਾ ਗੁਪ-ਚੁਪ ਰੋਏ ਓਨਾ ਹੀ ਗਹਰਾ ਹੈ ਅਤੇ ਦੂਰਗਾਮੀ ਉਸ ਦੀ ਪਹੁੰਚ ਹੁੰਦੀ ਹੈ।

ਚਾਂਦ ਤੋ ਘਰ ਆ ਗਿਆ ਹੈ, ਔਰ ਤੁਮ ਜਾਨੇ ਕਹਾਂ ਹੋ ?
ਏਕ ਦੀਪਕ ਨੇ ਦਸੋਂ ਦੀਪਕ ਜਲਾਏ,
ਏਕ ਦੂਰੀ ਸੇ ਵਿਹਗ ਘਰ ਲੌਟ ਆਏ ;
ਮੈਂ ਸਵੰਯ ਕੋ ਏਕ ਮੇਲਾ ਲਗ ਰਹੀ ਹੂੰ—
ਆਂਖ ਮੇਂ ਸੁਕੁਮਾਰ ਸਪਨੇ ਡਗਮਗਾਏ;
ਪ੍ਰਾਣ ਯਹ ਘਬਰਾ ਗਿਆ ਹੈ, ਔਰ ਤੁਮ ਜਾਨੇ ਕਹਾਂ ਹੋ ?
ਚਾਂਦ ਤੋ ਘਰ ਆ ਗਿਆ ਹੈ, ਔਰ ਤੁਮ ਜਾਨ ਕਹਾਂ ਹੋ ?

ਰਾਤ-ਰਾਨੀ ਗੰਧ ਕੇ ਸਵਰ ਫ਼ੂਕਤੀ ਹੈ,
ਪ੍ਰਾਣ ਮੇਂ ਉਨਮਨ ਪਿਕੀ-ਸੀ ਕੂਕਤੀ ਹੈ;
ਕਯਾ ਕਹੂੰ ਮੈਨੇ ਹ੍ਰਿਦਯ ਪਾਇਆ ਅਜਬ ਹੈ।
ਜ਼ਿੰਦਗੀ ਹਰ ਬਾਰ ਯੂੰ ਹੀ ਚੂਕਤੀ ਹੈ;
ਮਧੂ ਮੁਝੇ ਨਹਲਾ ਗਿਆ ਹੈ, ਔਰ ਤੁਮ ਜਾਨੇ ਕਹਾਂ ਹੋ ?
ਚਾਂਦ ਤੋ ਘਰ ਆ ਗਿਆ ਹੈ, ਔਰ ਤੁਮ ਜਾਨੇ ਕਹਾਂ ਹੋ ?

ਕੰਠ ਮੇਂ ਸੰਗੀਤ ਬੈਠਾ ਬੁਦਬੁਦਾਤਾ,
ਹੋਂਠ ਪਰ ਆਤਾ ਨ, ਪੀਛੇ ਲੌਟ ਜਾਤਾ;
ਪਾਇਲੋਂ ਮੇਂ ਏਕ ਕੰਪਨ-ਸਾ ਵਿਲਜ ਹੈ—
ਆਰਤੀ ਮੇਂ ਦੀਪ ਰਹਿ-ਰਹਿ ਝਿਲਮਿਲਾਤਾ;
ਰੂਪ ਰਸ ਬਰਸਾ ਗਿਆ ਹੈ, ਔਰ ਤੁਮ ਜਾਨੇ ਕਹਾਂ ਹੋ ?
ਚਾਂਦ ਤੋਂ ਘਰ ਆ ਗਿਆ ਹੈ, ਔਰ ਤੁਮ ਜਾਨੇ ਕਹਾਂ ਹੋ ?

ਪਰਮਾਤਮਾ ਦੀ ਤਲਾਸ਼ ਜਦ ਅਜਿਹੀ ਉਠਦੀ ਹੈ ਹ੍ਰਿਦੇ ਵਿਚ, ਜਿਵੇਂ ਕੋਈ ਪ੍ਰੇਮਿਕਾ ਪ੍ਰੇਮੀ ਨੂੰ ਪੁਕਾਰੇ ਕਿ ਸਾਵਨ ਆ ਗਿਆ, ਕਿ ਮੇਘ ਘਿਰ ਆਏ। ਕਿ ਕੋਇਲਾਂ ਕੂਕੱਣ ਲਗੀਆਂ, ਕਿ ਮੋਰ ਨਚੱਣ ਲਗੇ—ਤੂੰ ਪਤਾ ਨਹੀਂ ਕਿੱਥੇ ਹੈਂ?

... ਕਿ ਸਾਰੇ ਪਾਸੇ ਫੁੱਲਾਂ ਨਾਲ ਭਰ ਗਏ, ਕਿ ਸਭ ਪਾਸੇ ਪੀਂਘਾਂ ਪੈ ਗਈਆਂ, ਸਭ ਪਾਸੇ ਰਾਗ-ਰੰਗ ਉਠ ਆਇਆ—ਅਤੇ ਤੂੰ ਪਤਾ ਨਹੀਂ ਕਿੱਥੇ ਹੈਂ ? ਹੋਰ—ਚੰਨ ਤਾਂ ਘਰ ਆ ਗਿਆ ਹੈ ਪਰ ਤੂੰ ਪਤਾ ਨਹੀਂ ਕਿੱਥੇ ਹੈਂ? ਜਦ ਕਿਸੇ ਨੂੰ ਅਜਿਹਾ ਅਭਾਵ ਲਗਣ ਲਗਦਾ ਹੈ ਪ੍ਰਭੂ ਦਾ ਅੰਦਰ ਤਾਂ ਵਿਰਹ ਉਤਪੰਨ ਹੁੰਦਾ ਹੈ।

ਵਿਰਹ ਅਨੁਭੂਤੀ ਹੈ। ਇਸ ਦੀ ਕੋਈ ਵਿਆਖਿਆ ਨਹੀਂ ਹੋ ਸਕਦੀ। ਜਾਣ ਲਓ ਤਾਂ ਜਾਣ ਲਓ, ਜੀਓ ਤਾਂ ਜਾਣੋ। ਵਿਰਹ ਕੋਈ ਸਿਧਾਂਤ ਨਹੀਂ ਹੈ। ਸਮਝਣ ਸਮਝਾਉਣ ਦਾ ਕੋਈ ਉਪਾ ਨਹੀਂ ਹੈ। ਅਤੇ ਕਠਿਨਾਈ (ਮੁਸ਼ਕਿਲ) ਇਹ ਹੋ ਗਈ ਹੈ ਕਿ ਸਾਡੀਆਂ ਅੱਖਾਂ ਦੇ ਅਥਰੂ ਸੁੱਕ ਗਏ ਹਨ ਅਤੇ ਸਾਡਾ ਹ੍ਰਿਦਾ ਪ੍ਰੇਮ ਤੋਂ ਬਿਲਕੁੱਲ ਖ਼ਾਲੀ ਹੋ ਗਿਆ ਹੈ। ਸਾਨੂੰ ਸਿਖਾਇਆ ਗਿਆ ਹੈ ਅਪ੍ਰੇਮ। ਸਾਨੂੰ ਦੀਕਸ਼ਾ ਦਿੱਤੀ ਗਈ ਹੈ ਸਖ਼ਤ ਹੋਣ ਦੀ। ਸਾਨੂੰ ਕਿਹਾ ਗਿਆ ਹੈ ਜ਼ਿੰਦਗੀ ਸੰਘਰਸ਼ ਹੈ ; ਇਸ ਵਿਚ ਜਿੰਨੇ ਕਠੋਰ (ਸਖ਼ਤ) ਹੋਵੋਗੇ, ਜਿੰਨੇ ਪਾਸ਼ਾਣਵਤ (ਪਥੱਰ ਵਰਗੇ), ਉਨੇ ਹੀ ਸਫ਼ਲ ਹੋ ਸਕੋਗੇ। ਸਾਨੂੰ ਸਭ ਪਾਸਿਓਂ ਇਹ ਹੀ ਸੁਝਾਅ ਦਿੱਤਾ ਗਿਆ ਹੈ ਕਿ ਇੱਥੇ ਲੋਕਾਂ ਦੇ ਸਿਰਾਂ ਦੀਆਂ ਸੀੜ੍ਹੀਆਂ ਬਨਾਉਣੀਆਂ ਹਨ, ਤਾਂ ਹੀ ਮਹਤੱਵਕਾਂਕਸ਼ਾ ਦੇ ਸ਼ਿਖਰਾਂ ਤੇ ਪੁੱਜ ਸਕੋਗੇ। ਹ੍ਰਿਦੇ ਨੂੰ ਕਰੋ ਸਖ਼ਤ ਅਤੇ ਅੱਗੇ ਵੱਧ ਜਾਓ। ਫਿਰ ਦੂਜਿਆਂ ਨੂੰ ਮਿਟਾਉਣਾ ਪਏ ਤਾਂ ਮਿਟਾਓ। ਦੂਜਿਆਂ ਦੀਆਂ ਲਾਸ਼ਾਂ ਵਿਛਾਉਣੀਆਂ ਪੈਣ ਤਾਂ ਵਿਛਾਓ। ਇਹ ਪੂਰੇ ਦਾ ਪੂਰਾ ਸਮਾਜ ਸਦੀਆਂ ਤੋਂ ਹਿੰਸਾ ਨਾਲ ਜੀ ਰਿਹਾ ਹੈ; ਅਹਿੰਸਾ ਦੀ ਤਾਂ ਸਭ ਬਕਵਾਸ ਹੈ, ਗਲਬਾਤ ਹੈ।

ਇੱਥੇ ਅਹਿੰਸਕ ਵੀ ਅਹਿੰਸਕ ਨਹੀਂ ਹਨ; ਇੱਥੇ ਅਹਿੰਸਕ ਵੀ ਲੁੱਕਿਆ ਹੋਇਆ ਹਿੰਸਕ ਹੈ। ਇੱਥੇ ਅਹਿੰਸਾ ਦੇ ਪਿੱਛੇ ਵੀ ਸਭ ਤਰ੍ਹਾਂ ਦੀ ਹਿੰਸਾ ਦਾ ਆਡੰਬਰ ਹੈ। ਇੱਥੇ ਅਹਿੰਸਾ ਵੀ ਲੜਨ ਦਾ ਇੱਕ ਉਪਾਅ ਹੈ। ਤੁਸੀਂ ਜ਼ਰਾ ਮਜ਼ਾ ਵੇਖੋ ! ਅਹਿੰਸਾ ਵੀ ਲੜਣ ਦਾ ਉਪਾਅ ਹੈ। ਮਹਾਤਮਾ ਗਾਂਧੀ ਦੀ ਇਸ ਲਈ ਤਾਰੀਫ਼ ਕੀਤੀ ਜਾਂਦੀ ਹੈ ਕਿ ਉਨ੍ਹਾਂ ਨੇ ਅਹਿੰਸਾ ਨੂੰ ਅਸਤ੍ਰ ਬਣਾ ਦਿੱਤਾ, ਲੜਣ ਦਾ ਇੱਕ ਉਪਾਅ ਬਣਾ ਦਿੱਤਾ। ਤਾਰੀਫ਼ ਨਹੀਂ ਹੋਣੀ ਚਾਹੀਦੀ; ਇਸਦੇ ਕਾਰਣ ਹੀ ਨਿੰਦਾ ਹੋਣੀ ਚਾਹੀਦੀ ਹੈ। ਅਹਿੰਸਾ ਨੂੰ ਵੀ ਅਸਤ੍ਰ ਬਣਾ ਦਿੱਤਾ ! ਕੁਝ ਤਾਂ ਛੱਡ ਦਿੰਦੇ, ਜੋ ਅਸਤ੍ਰ ਨ ਬਣਦਾ।

ਤੁਸੀਂ ਪ੍ਰੇਮ ਦੀ ਵੀ ਤਲਵਾਰ ਢਾਲ ਲਈ। ਤੁਸੀਂ ਸ਼ਾਂਤੀ ਦੇ ਵੀ ਛੁਰੇ ਬਣਾ ਲਏ। ਅਹਿੰਸਾ ਦਾ ਵੀ ਅਸਤ੍ਰ। ਅਹਿੰਸਾ ਨੂੰ ਵੀ ਲੜਣ ਦਾ ਇੱਕ ਢੰਗ ਬਣਾ ਲਿਆ। ਫ਼ਿਰ ਵੀ ਲੜਾਈ ਜਾਰੀ ਰਹੀ। ਲੜਣ ਵਿਚ ਹਿੰਸਾ ਹੈ, ਤਾਂ ਅਹਿੰਸਾ ਕਿਵੇਂ ਲੜਣ ਦਾ ਸਾਧਨ ਹੋ ਸਕਦੀ ਹੈ ? ਤਾਂ ਅਹਿੰਸਾ ਨਾਮ ਹੀ ਨਾਮ ਹੋਏਗੀ; ਅੰਦਰ ਤਾਂ ਹਿੰਸਾ ਹੀ ਹਿੰਸਾ ਹੋਏਗੀ। ਇਹ ਕੋਈ ਅਹਿੰਸਾ ਨਹੀਂ ਹੈ।

ਲੋਗ ਸੋਚਦੇ ਹਨ ਕਿ ਮਹਾਤਮਾ ਗਾਂਧੀ ਨੇ ਬੁੱਧ ਅਤੇ ਮਹਾਵੀਰ ਤੋਂ ਅੱਗੇ ਕਦਮ ਚੁੱਕ ਲਿਆ। ਗਲਤ ਗੱਲ ਹੈ। ਬੁੱਧ ਅਤੇ ਮਹਾਵੀਰ ਦੀ ਵੱਡੀ ਕ੍ਰਾਂਤੀ ਉੱਤੇ ਪਾਣੀ ਫ਼ੇਰ ਦਿੱਤਾ। ਅਹਿੰਸਾ ਨੂੰ ਲੜਣ ਦੀ ਵਿਧੀ ਬਣਾ ਲਿਆ; ਜਿਵੇਂ ਕਿ ਲੜਣ ਦੀ ਵਿਧੀ ਦਾ ਹੀ ਮੁੱਲ ਹੈ ਜਗਤ ਵਿਚ। ਸਭ ਚੀਜ਼ ਲੜਣ ਦੀ ਵਿਧੀ ਹੈ—ਪ੍ਰੇਮ ਵੀ ਲੜਣ ਦਾ ਹੀ ਇੱਕ ਉਪਾਅ ਹੈ। ਪ੍ਰੇਮ ਵੀ ਕਰੋ ਤਾਂ ਇਸ ਲਈ ਤਾਂ ਕਿ ਜਿੱਤ ਸਕੋ। ਅਹਿੰਸਾ ਵੀ ਇਸ ਲਈ ਤਾਂ ਕਿ ਦੂਜੇ ਨੂੰ ਦਬਾ ਸਕੋ। ਹੁਣ ਇੱਕ ਆਦਮੀ ਜੇਕਰ ਤੁਹਾਡੇ ਘਰ ਦੇ ਸਾਹਮਣੇ ਉਪਵਾਸ ਕਰਕੇ ਬੈਠ ਜਾਂਦਾ ਹੈ ਕਿ ਮੈਂ ਮਰ ਜਾਉਂਗਾ ਜੇਕਰ ਮੇਰੀ ਨ ਮੰਨੀ, ਤਾਂ ਤੁਸੀਂ ਸੋਚਦੇ ਹੋ ਇਹ ਅਹਿੰਸਾ ਹੈ ? ਜੇਕਰ ਮੇਰੀ ਨ ਮੰਨੀ ਤਾਂ ਮੈਂ ਮਰ ਜਾਵਾਂਗਾ ! ਇਹ ਤਾਂ ਹਿੰਸਾ ਹੈ, ਇਹ ਤਾਂ ਸਿੱਧੀ ਧਮਕੀ ਹੈ। ਇਹ ਤਾਂ ਬਲੈਕ ਮੇਲ ਹੈ। ਇਹ ਆਦਮੀ ਤਾਂ ਸਾਫ਼ ਧਮਕੀ ਦੇ ਰਿਹਾ ਹੈ ਕਿ ਮੈਂ ਮਰ ਜਾਵਾਂਗਾ। ਇਹ ਤੁਹਾਡੀ ਮਨੁੱਖਤਾ ਨੂੰ ਸ਼ਰਮਿੰਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਕਹਿ ਰਿਹਾ ਹੈ ਯਾਦ ਰਖੋ, ਜ਼ਿੰਦਗੀ ਭਰ ਫ਼ਿਰ ਪਛਤਾਓਗੇ; ਤੁਸੀਂ ਹੀ ਮੈਨੂੰ ਮਾਰਿਆ।

ਇੱਥੇ ਪੂਨੇ ਵਿਚ ਇਹ ਘਟਨਾ ਘੱਟੀ। ਮਹਾਤਮਾ ਗਾਂਧੀ ਨੇ ਉਪਵਾਸ ਕੀਤਾ ਡਾਕਟਰ ਅੰਬੇਦਕਰ ਦੇ ਵਿਰੋਧ ਵਿਚ। ਕਿਉਂਕਿ ਡਾਕਟਰ ਅੰਬੇਦਕਰ ਚਾਹੁੰਦੇ ਸਨ ਕਿ ਸ਼ੂਦਰਾਂ ਨੂੰ, ਹਰਿਜਨਾਂ ਨੂੰ ਵਖੱਰੇ ਅਧਿਕਾਰ ਪ੍ਰਾਪਤ ਹੋ ਜਾਣ। ਕਾਸ਼ ਡਾਕਟਰ ਅੰਬੇਦਕਰ ਜਿੱਤ ਗਏ ਹੁੰਦੇ ਤਾਂ ਜੋ ਬੱਤਮੀਜ਼ੀ ਸਾਰੇ ਦੇਸ਼ ਵਿਚ ਹੋ ਰਹੀ ਹੈ ਉਹ ਨ ਹੁੰਦੀ। ਅੰਬੇਦਕਰ ਠੀਕ ਕਹਿੰਦੇ ਸਨ ਕਿ ਜਿਨ੍ਹਾਂ ਹਿੰਦੂਆਂ ਨੇ ਇੰਨੇ ਦਿਨਾਂ ਤੱਕ ਸ਼ੂਦਰਾਂ ਦੇ ਨਾਲ ਅਮਾਨਵੀਯ ਵਰਤਾਵ ਕੀਤਾ ਹੈ, ਉਨ੍ਹਾਂ ਦੇ ਨਾਲ ਅਸੀਂ ਕਿਉਂ ਰਹੀਏ, ਕੀ ਮਤਲਬ ਹੈ ? ਜਿਨ੍ਹਾਂ ਦੇ ਮੰਦਰਾਂ ਵਿਚ ਅਸੀਂ ਪ੍ਰਵੇਸ਼ ਨਹੀਂ ਪਾ ਸਕਦੇ, ਜਿਨ੍ਹਾਂ ਦੇ ਖੂਹਾਂ ਤੋਂ ਅਸੀਂ ਪਾਣੀ ਨਹੀਂ ਪੀ ਸਕਦੇ, ਜਿਨ੍ਹਾਂ ਦੇ ਨਾਲ ਅਸੀਂ ਉਠ-ਬੈਠ ਨਹੀਂ ਸਕਦੇ, ਜਿਨ੍ਹਾਂ ਉੱਤੇ ਸਾਡੀ ਛਾਂ ਪੈ ਜਾਏ ਤਾਂ ਉਹ ਅਪਵਿਤ੍ਰ ਹੋ ਜਾਂਦੇ ਹਨ—ਉਨ੍ਹਾਂ ਦੇ ਨਾਲ ਸਾਡੇ ਹੋਣ ਦਾ ਅਰਥ ਕੀ ਹੈ ? ਉਨ੍ਹਾਂ ਨੇ ਤਾਂ ਸਾਨੂੰ ਤਿਆਗ ਹੀ ਦਿੱਤਾ ਹੈ, ਅਸੀਂ ਕਿਉਂ ਪਕੜੇ ਬੈਠੇ ਰਹੀਏ ?

ਇਹ ਗੱਲ ਇੰਨੀ ਸਿਧੀ-ਸਾਫ਼ ਹੈ, ਇਸ ਵਿਚ ਦੋ ਮਤ ਨਹੀਂ ਹੋ ਸਕਦੇ। ਲੇਕਿਨ ਮਹਾਤਮਾ ਗਾਂਧੀ ਨੇ ਉਪਵਾਸ ਕਰ ਦਿੱਤਾ। ਉਹ ਅਹਿੰਸਕ ਸੀ, ਉਨ੍ਹਾਂ ਨੇ ਅਹਿੰਸਾ ਦਾ ਯੁੱਧ ਛੇੜ ਦਿੱਤਾ। ਉਨ੍ਹਾਂ ਨੇ ਉਪਵਾਸ ਕਰ ਦਿੱਤਾ ਕਿ ਮੈਂ ਮਰ ਜਾਵਾਂਗਾ, ਅਨਸ਼ਨ ਕਰ ਦਿਆਂਗਾ। ਇਹ ਤਾਂ ਬਹੁਤ ਸੰਘਾਤਕ ਹਾਨੀ (ਡੂੰਘਾ ਨੁਕਸਾਨ) ਹੋ ਜਾਏਗੀ ਹਿੰਦੂਆਂ ਦੀ। ਹਰਿਜਨ ਤਾਂ ਹਿੰਦੂ ਹਨ ਹਿੰਦੂ ਹੀ ਰਹਿਣਗੇ ਉਨ੍ਹਾਂ ਦਾ ਲੰਮਾ ਉਪਵਾਸ, ਉਨ੍ਹਾਂ ਦੀ ਡਿੱਗਦੀ ਤੰਦਰੁਸਤੀ, ਅੰਬੇਦਕਰ ਨੂੰ ਆਖ਼ਰਕਾਰ ਝੁੱਕ ਜਾਣਾ ਪਿਆ।

ਅੰਬੇਦਕਰ ਰਾਜ਼ੀ ਹੋ ਗਏ ਕਿ ਠੀਕ ਹੈ, ਨ ਦਿਓ ਵਖਰਾ ਮਤਾਧਿਕਾਰ। ਇਸ ਨੂੰ ਗਾਂਧੀ ਵਾਦੀ ਇਤਿਹਾਸ ਲਿਖਣ ਵਾਲੇ ਲਿਖਦੇ ਹਨ—ਅਹਿੰਸਾ ਦੀ ਜਿੱਤ! ਹੁਣ ਇਹ ਬਹੁਤ ਹੈਰਾਨੀ ਦੀ ਗੱਲ ਹੈ ਕਿ ਇਸ ਵਿਚ ਅਹਿੰਸਕ ਕੌਣ ਹੈ ? ਅੰਬੇਦਕਰ ਅਹਿੰਸਕ ਹੈ। ਇਹ ਵੇਖ ਕੇ ਕਿ ਗਾਂਧੀ ਮਰ ਨ ਜਾਏ ਉਨ੍ਹਾਂ ਆਪਣੀ ਜ਼ਿੱਦ ਛੱਡੀ। ਇਸ ਵਿਚ ਗਾਂਧੀ ਹਿੰਸਕ ਹਨ। ਉਨਾਂ ਨੇ ਅੰਬੇਦਕਰ ਨੂੰ ਮਜਬੂਰ ਕੀਤਾ ਤੇ ਹਿੰਸਾ ਦੀ ਧਮਕੀ ਦਿੱਤੀ ਕਿ ਮੈਂ ਮਰ ਜਾਵਾਂਗਾ।

ਇਸ ਨੂੰ ਥੋੜ੍ਹਾ ਸਮਝਣਾ, ਜੇਕਰ ਤੁਸੀਂ ਦੂਜੇ ਨੂੰ ਮਾਰਨ ਦੀ ਧਮਕੀ ਦਿਓ ਤਾਂ ਇਹ ਹਿੰਸਾ, ਜੇ ਖ਼ੁਦ ਨੂੰ ਮਾਰਨ ਦੀ ਧਮਕੀ ਦਿਓ ਤਾਂ ਇਹ ਅਹਿੰਸਾ; ਇਸ ਵਿਚ ਫ਼ਰਕ ਕਿੱਥੇ ਹੈ ? ਇੱਕ ਆਦਮੀ ਤੁਹਾਡੀ ਛਾਤੀ ਤੇ ਛੁਰਾ ਰੱਖ ਲੈਂਦਾ ਹੈ ਅਤੇ ਕਹਿੰਦਾ ਹੈ ਕੱਢੋ ਜੇਬ੍ਹ ਵਿਚੋਂ ਜੋ ਕੁਝ ਹੈ—ਇਹ ਹਿੰਸਾ। ਜੇ ਇੱਕ ਆਦਮੀ ਆਪਣੀ ਛਾਤੀ ਉੱਤੇ ਛੁਰਾ ਰੱਖ ਲੈਂਦਾ ਹੈ ਅਤੇ ਕਹਿੰਦਾ ਹੈ ਕਢੋ ਜੋ ਕੁਝ ਹੈ ਜੇਬ੍ਹ ਵਿਚ ਨਹੀਂ ਤਾਂ ਮੈਂ ਆਪਣੇ ਛੁਰਾ ਮਾਰ ਲਵਾਂਗਾ। ਤੁਸੀਂ ਸੋਚਣ ਲਗਦੇ ਹੋ ਕਿ ਦੋ ਰੁਪਏ ਜੇਬ੍ਹ ਵਿਚ ਹਨ, ਇਨ੍ਹਾਂ ਦੇ ਪਿੱਛੇ ਇਸ ਆਦਮੀ ਦਾ ਮਰਨਾ...। ਚੰਗਾ-ਭਲਾ ਆਦਮੀ ਹੈ।

ਇੱਕ ਜੀਵਨ ਤਾਂ ਖ਼ਤਮ ਹੋ ਜਾਏਗਾ ... ਤੁਸੀਂ ਦੋ ਰੁਪਏ ਕੱਢਕੇ ਦੇ ਦਿੱਤੇ ਕਿ ਭਾਈ, ਤੂੰ ਲੈ ਲੈ ਤੇ ਜਾ। ਦੋ ਰੁਪਏ ਦੇ ਪਿੱਛੇ ਜਾਨ ਨ ਦੇ। ਇਸ ਵਿਚ ਕੌਣ ਅਹਿੰਸਕ ਹੈ?

ਮੈਂ ਤੁਹਾਨੂੰ ਕਹਿੰਦਾ ਹਾਂ : ਡਾਕਟਰ ਅੰਬੇਦਕਰ ਅਹਿੰਸਕ ਹਨ, ਗਾਂਧੀ ਨਹੀਂ, ਪਰ ਕੌਣ ਇਸ ਨੂੰ ਵੇਖੇ, ਕਿਵੇਂ ਇਸ ਨੂੰ ਸਮਝਿਆ ਜਾਏ? ਇਸ ਵਿਚ ਲਗਦਾ ਅਜਿਹਾ ਹੈ, ਅਹਿੰਸਾ ਦੀ ਜਿੱਤ ਹੋ ਗਈ; ਅਹਿੰਸਾ ਹਾਰ ਗਈ, ਇਸ ਵਿਚ ਹਿੰਸਾ ਦੀ ਜਿੱਤ ਹੋ ਗਈ। ਗਾਂਧੀ ਅਹਿੰਸਕ ਬਰਤਾਅ ਕਰ ਰਹੇ ਹਨ। ਜੋ ਤਰਕ ਨਹੀਂ ਦੇ ਸਕਦਾ, ਉਹ ਇਸ ਤਰ੍ਹਾਂ ਦੇ ਬਰਤਾਅ ਕਰਦਾ ਹੈ।

ਇਸਤ੍ਰੀਆਂ ਸਦਾ ਤੋਂ ਇਹ ਕਰਦੀਆਂ ਰਹੀਆਂ ਹਨ ਘਰ ਵਿਚ, ਤਹਾਨੂੰ ਪਤਾ ਹੈ? ਇਸਤ੍ਰੀ ਪਤੀ ਨੂੰ ਨਹੀਂ ਮਾਰਦੀ ਖ਼ੁਦ ਮਾਰ ਸਹਿ ਲੈਂਦੀ ਹੈ; ਪਰ ਉਹ ਕੋਈ ਅਹਿੰਸਾ ਹੈ? ਪਤੀ ਨੂੰ ਮਾਰ ਨਹੀਂ ਸਕਦੀ, ਕਿਉਂਕਿ ਪਤੀ ਪਰਮਾਤਮਾ ਹੈ। ਪਤੀਆਂ ਨੇ ਹੀ ਅਜਿਹਾ ਸਮਝਾਇਆ ਹੈ ਕਿ ਪਤੀ ਪਰਮਾਤਮਾ ਹੈ। ਪਤੀ ਨੂੰ ਤਾਂ ਮਾਰ ਨਹੀਂ ਸਕਦੀ, ਹੁਣ ਕੀ ਕਰੇ ? ਮਾਰਨ ਦਾ ਭਾਵ ਉਠ ਰਿਹਾ ਹੈ, ਕੁਟਾਈ ਕਰਨ ਦੀ ਇੱਛਾ ਹੋ ਰਹੀ ਹੈ, ਪਤੀ ਨੂੰ ਮਾਰ ਨਹੀਂ ਸਕਦੀ ਤੇ ਆਪਣੇ-ਆਪ ਨੂੰ ਮਾਰ ਲੈਂਦੀ ਹੈ ਜਾਂ ਆਪਣੇ ਬੱਚਿਆਂ ਨੂੰ ਕੁੱਟ ਸੁਟਦੀ ਹੈ। ਹੁਣ ਬੱਚੇ ਨੂੰ ਕੁਝ ਪਤਾ ਹੀ ਨਹੀਂ ਹੈ, ਉਹ ਵਿਚਾਰਾ ਆਪਣਾ ਹਿਸਾਬ-ਕਿਤ ਬ ਕਰ ਰਿਹਾ ਸੀ ਬੈਠਾ। ਉਸ ਦੀ ਠੁਕਾਈ ਕਿਉਂ ਹੋ ਰਹੀ ਹੈ, ਉਸ ਨੂੰ ਕੁਝ ਸਮਝ ਵਿਚ ਹੀ ਨਹੀਂ ਆ ਰਿਹਾ। ਇਹ ਅਹਿੰਸਕ ਕੁਟਾਈ ਹੋ ਰਹੀ ਹੈ ! ਇਹ ਪਤੀ ਦਾ ਪਰਿਪੂਰਕ ਹੈ। ਇਹ ਪਤੀ ਕੁੱਟੇ ਜਾ ਰਹੇ ਹਨ, ਪ੍ਰਤੀਕ ਹੋਣ ਕਰਕੇ। ਇਹ ਉਨ੍ਹਾਂ ਦਾ ਹੀ ਪੁਤੱਰ ਹੈ ਅੱਧਾ ਤਾਂ ਘਟੋ-ਘੱਟ ਹੈ ਹੀ ਪਤੀ, ਕਰ ਦਿਓ ਇਸ ਦੀ ਪਿਟਾਈ। ਜੇਕਰ ਪੁਤੱਰ ਨ ਮਿਲੇ ਤਾਂ ਪਤਨੀ ਖ਼ੁਦ ਨੂੰ ਮਾਰ ਲੈਂਦੀ ਹੈ। ਪੁਰਸ਼ ਨੂੰ ਗੁਸਾ ਆ ਜਾਏ ਤਾਂ ਹਤਿਆ ਕਰ ਦਿੰਦਾ ਹੈ; ਇਸਤ੍ਰੀ ਨੂੰ ਗੁੱਸਾ ਆ ਜਾਏ ਤਾਂ ਨੀਂਦ ਦੀਆਂ ਗੋਲੀਆਂ ਖਾ ਕੇ ਸੌਂ ਜਾਂਦੀ ਹੈ। ਅਤੇ ਪੁਰਸ਼

ਨੂੰ ਗੁੱਸਾ ਆ ਜਾਏ ਤਾਂ ਹਿੰਸਾ ਕਰਦਾ ਹੈ, ਹਤਿਆ ਕਰਦਾ ਹੈ; ਇਸਤ੍ਰੀ ਨੂੰ ਕ੍ਰੋਧ ਆ ਜਾਏ ਤਾਂ ਆਤਮ ਹਤਿਆ ਕਰਦੀ ਹੈ। ਇਹ ਦੋਵੇਂ ਹੀ ਹਿੰਸਾਵਾਂ ਹਨ; ਇੱਕ ਇਸਤ੍ਰੈਣ ਹਿੰਸਾ ਹੈ ਇੱਕ ਪੁਰਸ਼-ਰਤ ਹਿੰਸਾ ਹੈ।

ਗਾਂਧੀ ਦੀ ਇਸਤ੍ਰੈਣ ਹਿੰਸਾ ਨੂੰ ਅਹਿੰਸਾ ਕਹਿਣ ਦਾ ਕੋਈ ਕਾਰਣ ਨਹੀਂ ਹੈ। ਸਿਰਫ਼ ਇਸਤ੍ਰੈਣ ਹਿੰਸਾ ਹੈ, ਸਿਰਫ਼ ਕਮਜ਼ੋਰ ਦੀ ਹਿੰਸਾ ਹੈ। ਇੱਕ ਤਾਕਤਵਰ ਦੀ ਹਿੰਸਾ, ਇੱਕ ਕਮਜ਼ੋਰ ਦੀ ਹਿੰਸਾ; ਪਰ ਇਸ ਵਿਚ ਅਹਿੰਸਾ ਕੋਈ ਵੀ ਨਹੀਂ ਹੈ। ਬੁੱਧ ਅਤੇ ਮਹਾਵੀਰ ਦੀ ਅਹਿੰਸਾ ਦਾ ਰਾਜ਼ ਕੁਝ ਹੋਰ ਹੀ ਹੈ।

ਲੇਕਿਨ ਅਸੀਂ ਤਾਂ ਅਹਿੰਸਾ ਦਾ ਵੀ ਅਸਤ੍ਰ ਬਣਾ ਲਿਆ। ਇਹ ਸਮਾਜ ਹਿੰਸਾ ਨਾਲ ਭਰਿਆ ਹੈ। ਇਹ ਹਰ ਇੱਕ ਨੂੰ ਕਠੋਰ ਹੋਣ ਦੀ ਸਿਖਿਆ ਦਿੰਦਾ ਹੈ—ਪਾਸ਼ਾਣਵਤ ਹੋ ਜਾਓ, (ਪੱਥਰ ਦੀ ਤਰ੍ਹਾਂ) ਹਿਰਦੇ ਨੂੰ ਸੁੱਕਾ ਲਓ। ਕਿਉਂਕਿ ਹ੍ਰਿਦਾ ਜੇਕਰ ਭਿਜਿਆ ਰਿਹਾ, ਗਿੱਲਾ ਰਿਹਾ, ਤਾਂ ਤੁਸੀਂ ਜਗਤ ਵਿਚ ਜਿੱਤ ਨਹੀਂ ਸਕੋਂਗੇ। ਅਥਰੂਆਂ ਨੂੰ ਸੁੱਕਾ ਲਓ, ਕਿਉਂਕਿ ਅਥਰੂ ਨਾਮਰਦਗੀ ਹੈ; ਮਰਦ ਕਿੱਤੇ ਰੋਂਦੇ ਹਨ ? ਜ਼ਨਾਨੀਆਂ ਨ ਬਣੋ !

ਤੁਹਾਡੇ ਅਥਰੂ ਸੁੱਕ ਗਏ, ਤੁਹਾਡਾ ਪ੍ਰੇਮ ਸੁੱਕ ਗਿਆ ! ਹੁਣ ਤੁਸੀਂ ਜੀਉਂਦੇ ਹੋ ਸਿਰਫ਼ ਖੋਪੜੀ ਵਿਚ, ਤੁਹਾਡੇ ਹ੍ਰਿਦੇ ਵਿਚ ਧੜਕਨ ਨਹੀਂ ਹੁੰਦੀ। ਇਸ ਲਈ ਤੁਹਾਨੂੰ ਵਿਰਹ ਦਾ ਕੋਈ ਅਨੁਭਵ ਨਹੀਂ ਹੋ ਸਕਦਾ ਹੈ। ਵਿਰਹ ਦੇ ਲਈ ਪਹਿਲਾਂ ਪ੍ਰੇਮ ਦਾ ਅਨੁਭਵ ਜ਼ਰੂਰੀ ਹੈ। ਵਿਰਹ ਲਈ ਥੋੜ੍ਹਾ ਆਪਣੇ ਹ੍ਰਿਦੇ ਵਿਚ ਉਤਰੋ। ਫ਼ਿਰ ਤੋਂ ਆਪਣੇ ਹ੍ਰਿਦੇ ਨੂੰ ਗੂੰਜਣ ਦਿਓ। ਫ਼ਿਰ ਤੋਂ ਵੇਖੋ ਫ਼ੁੱਲਾਂ ਨੂੰ, ਪਤਿਆਂ ਨੂੰ, ਚੰਨ-ਤਾਰਿਆਂ ਨੂੰ, ਲੋਗਾਂ ਨੂੰ। ਫ਼ਿਰ ਤੋਂ ਨਿੱਕੇ ਬੱਚੇ ਦੇ ਵਾਂਗ ਆਪਣੇ ਭਾਵ ਨੂੰ ਗਤਿ ਦਿਓ, ਚਲਾਇਮਾਨ ਕਰੋ। ਹਟਾ ਦਿਓ ਵਿਚਕਾਰੋਂ ਪੱਥਰ ਪਾਸ਼ਾਣਤਾ ਦੇ, ਕਠੋਰਤਾ ਦੇ, ਮਹਤਵਕਾਂਕਸ਼ਾ ਦੇ, ਹਿੰਸਾ ਦੇ ਅਤੇ ਫ਼ਿਰ ਤੋਂ ਅੱਖਾਂ ਗਿੱਲੀਆਂ ਕਰੋ। ਫ਼ਿਰ ਤੋਂ ਰੋਣਾ ਸਿੱਖੋ।

ਕਦੇ ਕਿਸੇ ਗੁਲਾਬ ਦੇ ਫ਼ੁੱਲ ਨੂੰ ਖਿੜਿਆ ਵੇਖਕੇ ਰੋਏ ਹੋ ? ਨਹੀਂ ਰੋਏ, ਤਾਂ ਗਲਤ ਗੱਲ ਹੈ। ਗੁਲਾਬ ਦਾ ਫ਼ੁੱਲ ਖਿੜਿਆ ਅਤੇ ਤੁਸੀਂ ਰੋਏ ਵੀ ਨਹੀਂ। ਤੁਸੀਂ ਇੰਨਾ ਵੀ ਨ ਕਰ ਸਕੇ ਕਿ ਦੋ ਅਥਰੂ ਵਗੌਉਂਦੇ ਆਨੰਦ ਦੇ ! ਕੋਇਲ ਕੂਕੀ ਹੈ ਅਤੇ ਤੁਸੀਂ ਰੋਏ ਹੋ ? ਕਿ ਪਪੀਹੇ ਨੇ ਪੀ ਪੁਕਾਰਿਆ, ਪੀਆ ਨੂੰ ਪੁਕਾਰਿਆ, ਤੁਹਾਡੇ ਅੰਦਰ ਕੋਈ ਪੁਕਾਰ ਨਹੀਂ ਉਠਦੀ। ਤੁਸੀਂ ਇਵੇਂ ਹੀ ਟੁੱਰ ਜਾਂਦੇ ਹੋ ਬਹਿਰੇ (ਬੋਲੇ) ! ਸੰਗੀਤ ਕੋਈ ਛੇੜ ਦਿੰਦਾ ਹੈ, ਰੋਏ ਹੋ ?

ਕੱਲ੍ਹ ਇੱਕ ਨਿੱਕੀ ਜਿਹੀ ਸੰਨਿਆਸਿਣੀ, ਜ਼ਰਾ ਜਿੰਨੀ ਬਚੀ ਸ਼ਕਤੀ-ਪਾਤ ਲਈ ਆਈ। ਵਾਰ-ਵਾਰ ਲਿਖ ਰਹੀ ਸੀ ਕਿ ਮੇਰੇ ਸਿਰ ਉੱਤੇ ਵੀ ਹਥ ਰੱਖੋ, ਮੇਰੀ ਵੀ ਸ਼ਕਤੀ ਨੂੰ ਜਗਾਓ। ਵੇਖਦੀ ਸੀ, ਹੋਰ ਸੰਨਿਆਸੀ ਆਉਂਦੇ ਹਨ, ਉਨ੍ਹਾਂ ਦੇ ਸਿਰ ਉੱਤੇ ਮੈਂ ਹਥ ਰਖੱਦਾ ਹਾਂ; ਉਨ੍ਹਾਂ ਦੇ ਅੰਦਰ ਊਰਜਾ ਦਾ ਪ੍ਰਵਾਹ ਹੁੰਦਾ ਹੈ। ਛੋਟੀ ਬੱਚੀ ਹੈ। ਅੱਜੇ ਤਾਂ ਧਿਆਨ ਵੀ ਉਸਨੇ ਕੀਤਾ ਨਹੀਂ ਹੈ। ਅੱਜੇ ਤਾਂ ਮਾਂ-ਪਿਓ ਨੇ ਸੰਨਿਆਸ ਲਿਆ, ਉਸਨੇ ਵੀ ਸੰਨਿਆਸ ਲੈ ਲਿਆ। ਪਰ ਉਸਦੇ ਅੰਦਰ ਭਾਵ ਦੀ ਤਰੰਗ ਸੀ, ਤਾਂ ਮੈਂ ਕਿਹਾ ਠੀਕ ਹੈ, ਤੂੰ ਆ। ਅਤੇ ਮੈਂ ਵੀ ਹੈਰਾਨ ਹੋਇਆ, ਜਦ ਉਸਦੀ ਊਰਜਾ ਪ੍ਰਵਾਹਿਤ ਹੋਣ ਲਗੀ। ਕੋਲ ਹੀ

ਮਨੀਸ਼ਾ ਬੈਠੀ ਸੀ, ਮਨੀਸ਼ਾ ਤਾਂ ਇੰਨੀ ਆਨੰਦ-ਵਿਭੋਰ ਹੋ ਗਈ ਉਸ ਬੱਚੀ ਦੀ ਊਰਜਾ ਨੂੰ ਪ੍ਰਵਾਹਿਤ ਹੁੰਦੇ ਵੇਖ ਕੇ ਰੋਣ ਲਗੀ, ਆਪਣੇ ਅਥਰੂ ਨਹੀਂ ਰੋਕ ਸਕੀ। ਇਹ ਆਨੰਦ ਦੇ ਅਥਰੂ ਹਨ। ਇਸ ਨਿੱਕੀ ਜਿਹੀ ਬੱਚੀ ਵਿਚ ਜੋ ਘੱਟ ਰਿਹਾ ਹੈ, ਇੱਕ ਕਮਲ ਖਿੜ ਰਿਹਾ ਹੈ। ਇਸ ਕਮਲ ਨੂੰ ਖਿੜਦੇ ਵੇਖ ਕੇ ਤੁਸੀਂ ਆਨੰਦ ਨਾਲ ਰੋਵੋਗੇ ਨਹੀਂ, ਤੁਹਾਡੀਆਂ ਅੱਖਾਂ ਗਿੱਲੀਆਂ ਨਹੀਂ ਹੋ ਜਾਣਗੀਆਂ ? ਆਕਾਸ਼ ਵਿਚ ਉਡੱਦੇ ਪੰਛੀ ਨੂੰ ਵੇਖ ਕੇ ਤੁਹਾਨੂੰ ਆਪਣੇ ਅੰਦਰ ਮੁਕਤ ਹੋਣ ਦੀ ਕਾਮਨਾ ਨਹੀਂ ਜਾਗਦੀ?

ਪਿੰਜਰੇ ਵਿਚ ਬੰਦ ਪੰਛੀ ਨੂੰ ਵੇਖ ਕੇ ਤੁਹਾਨੂੰ ਆਪਣੀ ਹਾਲਤ ਦੀ ਯਾਦ ਨਹੀਂ ਆਉਂਦੀ? ਕਿਸੇ ਰੁੱਖੇ-ਸੁੱਕੇ ਦਰਖ਼ੱਤ ਨੂੰ ਵੇਖਕੇ ਤੁਹਾਨੂੰ ਆਪਣਾ ਬੋਧ ਨਹੀਂ ਹੁੰਦਾ ਕਿ ਅਜਿਹਾ ਹੀ ਮੈਂ ਹੋ ਗਿਆ ਹਾਂ। ਤੁਸੀਂ ਕਦੇ ਆਪਣੇ ਲਈ ਰੋਏ ਹੋ; ਦੂਜਿਆਂ ਲਈ ਰੋਏ ਹੋ ? ਤੁਹਾਡੇ ਅੰਦਰ, ਤੁਸੀਂ ਕਦੇ ਪ੍ਰੇਮ ਨੂੰ ਬਹਾਅ ਦਿੱਤਾ ਹੈ, ਪ੍ਰਵਾਹ ਦਿੱਤਾ ਹੈ ? ਤਾਂ ਤੁਸੀਂ ਵਿਰਹ ਸਮਝ ਸਕੋਗੇ। ਪ੍ਰੇਮ ਨੂੰ ਜਗਾਓ। ਅਤੇ ਮੈਂ ਜਾਣਦਾ ਹਾਂ ਕਿ ਤੁਸੀਂ ਪਰਮਾਤਮਾ ਦੇ ਪ੍ਰੇਮ ਵਿਚ ਇੱਕਦਮ ਨਹੀਂ ਪੈ ਸਕਦੇ। ਤੁਸੀਂ ਕਦੇ ਧਰਤੀ ਦਾ ਪ੍ਰੇਮ ਵੀ ਨਹੀਂ ਜਾਣਿਆ, ਤੁਸੀਂ ਸਵਰਗ ਦਾ ਪ੍ਰੇਮ ਕਿਵੇਂ ਜਾਣ ਪਾਓਗੇ ?

ਇਸ ਲਈ ਮੈਂ ਲਗਾਤਾਰ ਕਹਿ ਰਿਹਾ ਹਾਂ ਕਿ ਮੇਰਾ ਸੰਦੇਸ਼ ਪ੍ਰੇਮ ਦਾ ਹੈ। ਧਰਤੀ ਦੇ ਪ੍ਰੇਮ ਨੂੰ ਤਾਂ ਜਾਣੋ, ਤਾਂ ਫ਼ਿਰ ਉਹ ਹੀ ਪ੍ਰੇਮ ਤੁਹਾਨੂੰ ਪਰਮਾਤਮਾ ਦੇ ਪ੍ਰੇਮ ਵਲ ਲੈ ਚਲੇਗਾ। ਅੱਜੇ ਤਾਂ ਤੁਸੀਂ ਪ੍ਰੇਮ ਨੂੰ ਜਾਣਿਆ ਹੀ ਨਹੀਂ।

ਪ੍ਰਥਵੀ ਦਾ ਪ੍ਰੇਮ ਨਹੀਂ ਜਾਣਿਆ, ਕਿਸੇ ਇਸਤ੍ਰੀ ਦਾ ਪ੍ਰੇਮ ਨਹੀਂ ਜਾਣਿਆ; ਪ੍ਰੇਮ ਤੋਂ ਵਾਂਝੇ ਹੋ ਤੁਸੀਂ, ਤੁਸੀਂ ਕਿਵੇਂ ਪਰਮਾਤਮਾ ਦਾ ਪ੍ਰੇਮ ਜਾਣੋਗੇ ?

ਅਕਸਰ ਇਹ ਭ੍ਰਾਂਤਿ (ਭਰਮ) ਪ੍ਰਚਲਿਤ ਹੈ ਕਿ ਇਸ ਸੰਸਾਰ ਵਿਚ ਜੇਕਰ ਪ੍ਰੇਮ ਕੀਤਾ ਤਾਂ ਪਰਮਾਤਮਾ ਤੋਂ ਵਾਂਜੇ ਰਹਿ ਜਾਓਗੇ। ਪਤਾ ਨਹੀਂ ਕਿਹੜੇ ਨਾ-ਸਮਝਾਂ ਨੇ ਇਹ ਗੱਲ ਤੁਹਾਨੂੰ ਸਮਝਾਈ ਹੈ। ਤੁਸੀਂ ਜੇਕਰ ਇਸ ਸੰਸਾਰ ਵਿਚ ਪ੍ਰੇਮ ਨਹੀਂ ਕੀਤਾ ਤਾਂ ਤੁਸੀਂ ਪਰਮਾਤਮਾ ਦੇ ਪ੍ਰੇਮ ਵਿਚ ਕਦੇ ਪਓਗੇ ਹੀ ਨਹੀਂ। ਜਿਹੜਾ ਉਥਲੇ-ਉਥਲੇ (ਥੋੜ੍ਹੇ-ਥੋੜ੍ਹੇ) ਪਾਣੀ 'ਚ ਨਹੀਂ ਤੈਰਿਆ ਉਹ ਸਾਗਰ ਵਿਚ ਕਿਵੇਂ ਤੈਰੇਗਾ? ਜਿਹੜਾ ਮਨੁਖੀ ਸੰਬੰਧਾਂ ਦੇ ਨਿੱਕੇ-ਨਿੱਕੇ ਰਿਸ਼ਤਿਆਂ-ਨਾਤਿਆਂ ਵਿਚ ਨਹੀਂ ਡੁੱਬਿਆ, ਉਹ ਉਸ ਪਰਮ ਰਿਸ਼ਤੇ ਵਿਚ ਕਿਵੇਂ ਡੁੱਬੇਗਾ ? ਉਹ ਤਾਂ ਵੱਡਾ ਗਹਿਰਾ ਸਾਗਰ ਹੈ ! ਤੈਰਨਾ ਤਾਂ ਕੰਢੇ ਤੇ ਸਿਖਣਾ ਹੁੰਦਾ ਹੈ, ਜਿੱਥੇ ਪਾਣੀ ਉਥਲਾ ਹੋਵੇ, ਤਾਂ ਕਿ ਡੁੱਬੋ ਵੀ ਤਾਂ ਮਰ ਨ ਜਾਓ, ਜਿੱਥੇ ਕਿ ਡੁੱਬ ਨ ਸਕੋ। ਹਾਂ, ਤੈਰਨਾ ਆ ਜਾਏ, ਫ਼ਿਰ ਜਾਓ, ਫ਼ਿਰ ਦੂਰ-ਦੂਰ ਸਾਗਰ ਵਿਚ ਤੈਰੋ। ਫ਼ਿਰ ਕੋਈ ਫ਼ਰਕ ਨਹੀਂ ਪੈਂਦਾ। ਹੇਠਾਂ ਕਿੰਨਾ ਪਾਣੀ ਡੂੰਘਾ ਹੈ, ਤੈਰਨ ਵਾਲੇ ਨੂੰ ਕੋਈ ਫ਼ਰਕ ਨਹੀਂ ਪੈਂਦਾ। ਮੀਲ-ਭਰ ਡੂੰਘਾ ਹੋਵੇ ਕਿ ਦਸ ਮੀਲ ਡੂੰਘਾ ਹੋਵੇ ਕੋਈ ਫ਼ਰਕ ਨਹੀਂ ਪੈਂਦਾ। ਤੈਰਨ ਵਾਲਾ ਤਾਂ ਤੈਰਨਾ ਜਾਣਦਾ ਹੈ, ਗੱਲ ਮੁੱਕ ਗਈ। ਪਰ ਨ ਤੈਰਨ ਵਾਲੇ ਨੂੰ ਫ਼ਰਕ ਪੈਂਦਾ ਹੈ, ਪਾਣੀ ਉਥਲਾ ਹੈ ਕਿ ਗਹਿਰਾ ਹੈ। ਗਹਿਰਾ ਡੁੱਬਾ ਦੇਵੇਗਾ।

ਉਥਲੇ ਵਿਚ ਸਿਖਣਾ ਹੁੰਦਾ ਹੈ।

ਮੇਰੇ ਦੇਖੇ—ਸੰਸਾਰ ਪਰਮਾਤਮਾ ਦਾ ਉਥਲਾ (ਘੱਟ ਡੂੰਘਾ) ਰੂਪ ਹੈ। ਇਹ ਉਸਦਾ

ਕੰਢਾ ਹੈ। ਸੰਸਾਰ ਪਰਮਾਤਮਾ ਦਾ ਕੰਢਾ ਹੈ। ਇਨ੍ਹਾਂ ਕੰਢਿਆਂ ਉੱਤੇ ਥੋੜ੍ਹਾ ਤੈਰੋ, ਥੋੜ੍ਹਾ ਪ੍ਰੇਮ ਕਰੋ। ਇਸੇ ਪ੍ਰੇਮ ਨਾਲ ਤੁਸੀਂ ਭਿਜੋਗੇ। ਆਦਰ ਦੇ ਯੋਗ ਹੋਵੋਂਗੇ, ਗਿੱਲੇ ਹੋਵੋਂਗੇ।

ਇਹ ਹੀ ਪ੍ਰੇਮ ਤੁਹਾਨੂੰ ਸਵਾਦ ਦੇਵੇਗਾ, ਹਾਲਾਂ ਕਿ ਇਹ ਪ੍ਰੇਮ ਤੁਹਾਨੂੰ ਪੂਰਾ ਤ੍ਰਿਪਤ ਨਹੀਂ ਕਰੇਗਾ। ਇਹ ਹੀ ਇਸ ਪ੍ਰੇਮ ਦੀ ਖ਼ੂਬੀ ਹੈ, ਇਹ ਤੁਹਾਨੂੰ ਸਵਾਦ ਦਿੰਦਾ ਹੈ ਪਰ ਤ੍ਰਿਪਤ ਨਹੀਂ ਕਰਦਾ।

ਇਹ ਤੁਹਾਨੂੰ ਝਲਕ ਦਿੰਦਾ ਹੈ, ਪਰ ਭੁੱਖ ਨਹੀਂ ਮਿਟਦੀ, ਢਿੱਡ ਨਹੀਂ ਭਰਦਾ। ਹਾਲਾਂ ਕਿ; ਇਸ ਦੀ ਝਲਕ ਦੇ ਕਾਰਨ ਤੁਹਾਡੀ ਪਹਿਲੀ ਵਾਰੀ ਭੁੱਖ ਪੈਦਾ ਹੁੰਦੀ ਹੈ। ਤੁਹਾਨੂੰ ਅਨੁਭਵ ਹੁੰਦਾ ਹੈ ਕਿ ਅਜਿਹਾ ਵੀ ਹੋ ਸਕਦਾ ਹੈ।

ਇੱਕ ਇਸਤ੍ਰੀ ਅਤੇ ਪੁਰਸ਼ ਦਾ ਮਿਲਨ ਬਹੁਤ ਹੀ ਗਹਿਰੇ ਪ੍ਰੇਮ ਵਿਚ ਪਲ ਕੁ ਲਈ ਹੀ ਹੁੰਦਾ ਹੈ, ਪਰ ਉਸੇ ਪਲ ਕੁ ਭਰ ਵਿਚ ਕੋਈ ਝਰੋਖਾ ਖੁੱਲ੍ਹਦਾ ਹੈ। ਉਸ ਝਰੋਖੇ ਨਾਲ ਸਮਾਂ ਮਿੱਟ ਜਾਂਦਾ ਹੈ, ਕਾਲ ਮਿੱਟ ਜਾਂਦਾ ਹੈ, ਦੂਰੀਆਂ ਮਿੱਟ ਜਾਂਦੀਆਂ ਹਨ। ਮੈਂ-ਤੂੰ ਦਾ ਭਾਵ ਮਿੱਟ ਜਾਂਦਾ ਹੈ। ਪਲ-ਕੁ ਲਈ ! ਪਰ ਉਸ ਪਲ-ਭਰ ਵਿਚ ਹੀ ਬਾਰਸ਼ ਹੋ ਜਾਂਦੀ ਹੈ ਇੱਕ ਅਪੂਰਵ ਸ਼ਾਸਵਤ ਆਨੰਦ ਦੀ ! ਫਿਰ ਪਲ-ਭਰ ਬਾਅਦ ਬਹੁਤ ਹਨੇਰੀ ਰਾਤ ਹੈ। ਫਿਰ ਵਿਛੋੜਾ ਹੈ ਅਤੇ ਬੜੀ ਪੀੜਾ ਹੈ। ਪਹਿਲਾਂ ਤੋਂ ਬਹੁਤੀ ਪੀੜਾ ! ਕਿਉਂਕਿ ਪਹਿਲਾਂ ਤਾਂ ਪਤਾ ਨਹੀਂ ਸੀ, ਇਸ ਆਨੰਦ ਦਾ ਇਹ ਝਰੋਖਾ ਖੁੱਲ੍ਹਿਆ ਨਹੀਂ ਸੀ। ਬੰਦ ਕਮਰੇ ਵਿਚ ਰਹੇ ਸੀ, ਬੰਦ ਕਮਰਾ ਹੀ ਜਾਣਿਆ ਸੀ। ਤੁਲਨਾ (ਬਰਾਬਰੀ) ਲਈ ਕੋਈ ਉਪਾਅ ਨਹੀਂ ਸੀ। ਹੁਣ ਤਾਂ ਖੁੱਲ੍ਹਿਆ ਹੋਇਆ ਅਕਾਸ਼ ਵੇਖ ਲਿਆ, ਆਕਾਸ਼ ਦੇ ਤਾਰੇ ਵੇਖ ਲਏ। ਝਰੋਖਾ ਬੰਦ ਹੋ ਗਿਆ, ਪਰ ਹੁਣ ਉਸਦੀ ਯਾਦ ਸਤਾਉਂਦੀ ਹੈ। ਹੁਣ ਇਹ ਘਰ ਤੁਹਾਨੂੰ ਬਹੁਤੇ ਦਿਨ ਕੈਦ ਵਿਚ ਨਹੀਂ ਰੱਖ ਸਕੇਗਾ; ਅੱਜ ਨਹੀਂ ਕੱਲ੍ਹ ਤੁਸੀਂ ਖੰਭ ਖਿਲਾਰੋਗੇ। ਤੁਸੀਂ ਉਸ ਝਰੋਖੇ 'ਚੋਂ ਉਡ ਜਾਓਗੇ।

ਮਨੁਖਾਂ ਦਾ ਪ੍ਰੇਮ, ਧਰਤੀ ਦਾ ਪ੍ਰੇਮ, ਝਰੋਖਾ ਖੋਲ੍ਹਦਾ ਹੈ ਪਰਮਾਤਮਾ ਦਾ ਅਤੇ ਦੋਹਰੀ ਘਟਨਾਂ ਘੱਟਦੀ ਹੈ ਸਾਮਾਨਯ ਪ੍ਰੇਮ ਵਿਚ: ਇੱਕ ਪਾਸੇ ਆਨੰਦ ਦੇ ਛਿਣ ਆਉਂਦੇ ਹਨ, ਦੂਜੇ ਪਾਸੇ ਦੁੱਖ ਦੀਆਂ, ਵਿਸਾਧ (ਕਲੇਸ਼) ਦੀਆਂ ਘੜੀਆਂ ਆਉਂਦੀਆਂ ਹਨ।

ਆਨੰਦ ਕਹਿੰਦਾ ਹੈ ਅਜਿਹਾ ਹੀ ਸਦਾ ਲਈ ਹੋ ਜਾਏ, ਇਹ ਛਿਣ ਸ਼ਾਸ਼ਵਤ (ਸਦਾ ਰਹਿਣ ਵਾਲਾ) ਹੋ ਜਾਏ। ਪਰ ਕੋਈ ਮਾਨਵੀਯ ਸੰਬੰਧ ਸ਼ਾਸ਼ਵਤ ਨਹੀਂ ਹੋ ਸਕਦਾ, ਛਣ-ਭੰਗੁਰ ਹੀ ਹੁੰਦਾ ਹੈ। ਫਿਰ ਪਿੱਛੇ ਦੁੱਖ-ਕਲੇਸ਼ ਆਉਂਦਾ ਹੈ। ਤਦ ਹੀ ਤਾਂ ਆਦਮੀ ਸਮਾਧੀ ਦੀ ਤਲਾਸ਼ ਵਿਚ ਨਿਕਲਦਾ ਹੈ; ਉਹ ਪਰਮ ਪਿਆਰੇ ਦੀ ਤਲਾਸ਼ ਵਿਚ ਨਿਕਲਦਾ ਹੈ, ਜਿਸ ਦੇ ਨਾਲ ਆਲਿੰਗਨ (ਜੱਫੀ) ਇੱਕ ਵਾਰ ਹੋਇਆ ਤਾਂ ਹੋਇਆ। ਜਿਸ ਨਾਲ ਮਿਲਨ ਹੋਇਆ ਤਾਂ ਹੋਇਆ, ਸਦਾ ਲਈ ਹੋ ਗਿਆ।

ਪਰ ਜਿਸ ਨੇ ਘੁੱਟ-ਭਰ ਸ਼ਰਾਬ ਨਹੀਂ ਪੀਤੀ, ਉਹ ਮਧੂਸ਼ਾਲਾ (ਸ਼ਰਾਬ ਘਰ) ਦੀ ਤਲਾਸ਼ ਵਿਚ ਕਿਉਂ ਨਿਕਲੇਗਾ ? ਇਸ ਧਰਤੀ ਦੀ ਸ਼ਰਾਬ ਨੂੰ ਘੁੱਟ-ਭਰ ਸ਼ਰਾਬ ਸਮਝੋ, ਤਾਂ ਕਿ ਤੁਸੀਂ ਪਰਮਾਤਮਾ ਦੀ ਮਧੂਸ਼ਾਲਾ ਵਿਚ ਜਾਣ ਲਈ ਆਤੁਰ (ਕਾਹਲਾਪਨ) ਹੋਣ ਲਗੋ, ਦੀਵਾਨੇ ਹੋਣ ਲਗੋ। ਤਾਂ ਤੁਹਾਨੂੰ ਪ੍ਰੇਮ ਸਮਝ ਵਿਚ ਆਏ, ਵਿਰਹ ਸਮਝ ਵਿਚ ਆਏ

ਅਤੇ ਕਿਸੇ ਹੋਰ ਸੁਭਾਗ ਦੀ ਘੜੀ ਵਿਚ ਮਿਲਨ ਵੀ ਸਮਝ ਆਏ ਪਰ ਸ਼ਬਦਾਂ ਨਾਲ ਸਮਝਣ ਦਾ ਉਪਾਅ ਕੋਈ ਨਹੀਂ ਹੈ।

ਛੇਵਾਂ ਸਵਾਲ : ਗੋਰਖਨਾਥ ਦੀ ਮੂਲ ਸਿਖਿਆ ਕੀ ਹੈ ?

ਬਹੁਤ ਛੋਟੀ, ਸੰਖੇਪ ਵਿਚ—

ਹੰਸਿਬਾ ਖੇਲਿਬਾ ਰਹਿਬਾ ਰੰਗ। ਕਾਮ ਕ੍ਰੋਧ ਨ ਕਰਿਬਾ ਸੰਗ।
ਹੰਸਿਬਾ ਖੇਲਿਬਾ ਗਾਇਬਾ ਗੀਤ। ਦ੍ਰਿੜ ਕਰਿ ਰਾਖੀ ਅਪਨਾ ਚੀਤ।

ਇਹ ਹੀ ਮੇਰੀ ਸਿਖਿਆ ਵੀ ਹੈ। ਹੰਸਿਬਾ ਖੇਲਿਬਾ ਰਹਿਬਾ ਰੰਗ।

ਰੰਗ ਨਾਲ ਰਹੋ, ਮਸਤੀ ਵਿਚ, ਮੌਜ ਵਿਚ, ਆਨੰਦ ਵਿਚ। ਇੰਨਾ ਪਰਮਾਤਮਾ ਨੇ ਦਿੱਤਾ ਹੈ, ਨੱਚੋ, ਗੁਣਗੁਣਾਓ, ਗਾਓ ! ਧੰਨਵਾਦ ਦਾ ਗੀਤ ਉਠਣਾ ਚਾਹੀਦਾ ਤੁਹਾਡੇ ਹ੍ਰਿਦੇ ਤੋਂ; ਉਹ ਵੀ ਪ੍ਰਾਰਥਨਾ ਹੈ।

ਹੰਸਿਬਾ ਖੇਲਿਬਾ ਰਹਿਬਾ ਰੰਗ! ਹੱਸੋ। ਜੇਕਰ ਨ ਹੱਸ ਸਕੋ ਤਾਂ ਸਮਝਣਾ ਤੁਸੀਂ ਕਦੇ ਧਾਰਮਿਕ ਨਹੀਂ ਹੋ ਸਕੋਗੇ।

ਤੁਹਾਡੇ ਤਥਾ ਕਥਿਤ ਸਾਧੂ-ਸੰਤ ਤਾਂ ਹਾਸਾ ਭੁੱਲ ਕੇ ਬੈਠੇ ਹਨ। ਹੱਸ ਹੀ ਨਹੀਂ ਸਕਦੇ ਹਸੱਣ ਵਿਚ ਗੁਨਾਹ ਹੈ, ਪਾਪ ਹੈ। ਇਸ ਲਈ ਤੁਸੀਂ ਆਪਣੇ ਸਾਧੂ-ਸੰਤਾਂ ਨਾਲ ਜ਼ਿਆਦਾ ਦੇਰ ਨਹੀਂ ਰਹਿ ਸਕਦੇ। ਬਸ ਗਏ ਛੇਤੀ ਦੇਣੀ ਪੈਰ ਛੋਹੇ, ਨਮਸਕਾਰ ਕੀਤਾ, ਚਲ ਪਏ। ਚੌਵੀ ਘੰਟੇ ਰਹਿ ਜਾਓ ਤਾਂ ਤੁਹਾਨੂੰ ਕਠਨਾਈ ਪਤਾ ਚਲੇ। ਤੁਹਾਡਾ ਵੀ ਹਾਸਾ ਖੁੱਸ ਜਾਏ। ਸਾਧੂ-ਸੰਤਾਂ ਦੇ ਕੋਲ ਜਾ ਕੇ ਲੋਗ ਗੰਭੀਰ ਹੋ ਜਾਂਦੇ ਹਨ। ਸਾਧੂ-ਸੰਤਾਂ ਦੇ ਕੋਲ ਜਾ ਕੇ ਲੋਗ ਆਕੜ ਜਾਂਦੇ ਹਨ—ਰੁੱਖੇ ਹੋ ਜਾਂਦੇ ਹਨ, ਗੰਭੀਰ ਅਤਿ ਗੰਭੀਰ !

ਹਾਸਾ ਤਾਂ ਗੁਨਾਹ ਮਾਲੂਮ ਹੋਏਗਾ।

ਹੋਰ ਸੁਣੋ, ਇਹ ਪਰਮ ਸਾਧੂ ਗੋਰਖ ਕੀ ਕਹਿੰਦੇ ਹਨ : ਹੰਸਿਬਾ ਖੇਲਿਬਾ ...। ਹਸੋ ਅਤੇ ਖੇਡੋ। ਜੀਵਨ ਨੂੰ ਅਭਿਨਯ ਤੋਂ ਜ਼ਿਆਦਾ ਨ ਸਮਝੋ, ਖੇਡ ਸਮਝੋ, ਲੀਲ੍ਹਾ ਸਮਝੋ।

ਹੰਸਿਬਾ ਖੇਲਿਬਾ ਰਹਿਬਾ ਰੰਗ। ਅਤੇ ਅਜਿਹੇ ਰਹੋ, ਰੰਗ ਨਾਲ ਰਹੋ। ਮੌਜ ਤੁਹਾਡਾ ਜੀਵਨ ਹੋਵੇ, ਮੌਜ ਤੁਹਾਡੀ ਸ਼ੈਲੀ ਹੋਵੇ। ਕਾਮ ਕ੍ਰੋਧ ਨ ਕਰਿਬਾ ਸੰਗ। ਅਤੇ ਤਦ ਹੀ ਤੁਸੀਂ ਪਾਓਗੇ ਕਾਮ, ਕ੍ਰੋਧ ਆਪਣੇ ਆਪ ਛੁਟਣ ਲਗੇ, ਉਨ੍ਹਾਂ ਨੇ ਤੁਹਾਡਾ ਸੰਗ ਛੱਡ ਦਿੱਤਾ।

ਛਡੱਣਾ ਵੀ ਨ ਪਏਗਾ। ਕਿਉਂਕਿ ਤੁਹਾਡੀ ਸਾਰੀ ਊਰਜਾ ਹਸੱਣ ਵਿਚ, ਖੇਡਣ ਵਿਚ, ਗੀਤ ਗਾਉਣ ਵਿਚ, ਪ੍ਰਾਰਥਨਾ ਵਿਚ, ਮਸਤੀ ਵਿਚ, ਨਚੱਣ ਵਿਚ ਲਗ ਗ਼ਈ, ਉਹ ਹੀ ਊਰਜਾ ਕਾਮ, ਕ੍ਰੋਧ ਵਿਚ ਲਗਦੀ ਸੀ, ਹੁਣ ਫ਼ੁਰਸਤ ਕਿੱਥੇ ਹੈ? ਜਿਸਦਾ ਧਨ ਹੀਰੇ-ਜਵਾਹਰਤ ਖ਼ਰੀਦਣ ਵਿਚ ਲਗਾ, ਉਸਦਾ ਧਨ ਹੁਣ ਕੂੜਾ-ਕਰਕਟ ਤਾਂ ਨਹੀਂ ਖ਼ਰੀਦੇਗਾ! ਹੁਣ ਤੁਹਾਡੀ ਊਰਜਾ ਦਾ ਆਯਾਮ ਬਦਲਿਆ।

ਹੰਸਿਬਾ ਖੇਲਿਬਾ ਰਹਿਬਾ ਰੰਗ, ਕਾਮ-ਕ੍ਰੋਧ ਨ ਕਰਿਬਾ ਸੰਗ।
ਹੰਸਿਬਾ ਖੇਲਿਬਾ ਗਾਇਬਾ ਗੀਤ।

ਉਠਣ ਦਿਓ ਗੀਤ। ਗੀਤ ਤੁਹਾਡੀ ਸੁਆਸ-ਸੁਆਸ ਵਿਚ ਹੋਣਾ ਚਾਹੀਦਾ ਹੈ ਤਾਂ ਹੀ ਤੁਸੀਂ ਧਾਰਮਿਕ ਹੋ ਪਾਓਗੇ। ਧਰਮ ਕਾਵਯ ਹੈ, ਮਹਾਂਕਾਵਯ ਹੈ। ਧਰਮ ਗੱਦ ਨਹੀਂ, ਪੱਦ ਹੈ। ਧਰਮ ਜੀਵਨ ਨੂੰ ਗਾਉਂਣ ਦੀ ਕਲਾ ਹੈ ਧਰਮ ਸੰਗੀਤ ਹੈ ਅਤੇ ਨ੍ਰਿਤਯ।

ਦ੍ਰਿੜ ਕਰਿ ਰਾਖੀ ਅਪਣਾ ਚੀਤ।

ਗਾਓ ਗੀਤ ਅਤੇ ਗੀਤ ਵਿਚ ਆਪਣੇ ਚਿੱਤ ਨੂੰ ਦ੍ਰਿੜ ਹੋ ਜਾਣ ਦਿਓ, ਜਮ ਜਾਣ ਦਿਓ, ਲਗ ਜਾਣ ਦਿਓ ਬੈਠਕ—ਅਤੇ ਸਭ ਹੋ ਜਾਏਗਾ। ਬਾਕੀ ਸਭ ਆਪਣੇ ਆਪ ਹੋ ਜਾਏਗਾ। ਬਾਕੀ ਪਰਮਾਤਮਾ ਕਰ ਲਵੇਗਾ, ਤੁਸੀਂ ਇੰਨਾ ਹੀ ਕਰੋ।

ਸਬਦਹਿੰ ਤਾਲਾ ਸਬਦਹਿੰ ਕੂੰਜੀ, ਸਬਦਹਿੰ ਸਬਦ ਜਗਾਯਾ।
ਸਬਦਹਿੰ ਸਬਦ ਸੂਪਰਚਾ ਹੂਆ, ਸਬਦਹਿੰ ਸਬਦ ਸਮਾਯਾ॥

ਉਸ ਮਹਾਂ ਸੰਗੀਤ ਤੋਂ ਸਭ ਪੈਦਾ ਹੋਇਆ ਹੈ। ਪਰਮਾਤਮਾ ਪਰਮ-ਧਵਨੀ ਹੈ—ਓਮਕਾਰ, ਇੱਕ ਓਮਕਾਰ ਸਤਿਨਾਮ, ਓਮ ਦਾ ਨਾਦ ਪਰਮਾਤਮਾ।

ਸਬਦਹਿੰ ਤਾਲਾ ਸਬਦਹਿੰ ਕੁੰਜੀ। ਇਸ ਲਈ ਉਸ ਪਰਮ ਸ਼ਬਦ ਵਿਚ ਹੀ ਤਾਲਾ ਹੈ, ਉਸੇ ਪਰਮ ਸ਼ਬਦ ਵਿਚ ਕੁੰਜੀ ਵੀ ਹੈ। ਸੰਗੀਤ ਦਾ ਹੀ ਤਾਲਾ ਹੈ, ਸੰਗੀਤ ਦੀ ਹੀ ਕੁੰਜੀ ਹੈ। ਛੰਦ ਦਾ ਹੀ ਤਾਲਾ ਹੈ, ਛੰਦ ਦੀ ਹੀ ਕੁੰਜੀ ਹੈ। ਤੁਹਾਡੇ ਅੰਦਰ ਮੌਨ ਸੰਗੀਤ ਉਠ ਆਏ, ਮੌਨ ਗੀਤ ਦੀ ਗੂੰਜਣ ਜਗ ਜਾਏ—ਸ਼ਬਦ-ਸ਼ੂਨਯ, ਸ਼ਬਦ-ਰਿਕਤ—ਸ਼ੁੱਧ ਸੰਗੀਤ ਗੂੰਜ ਜਾਏ ਬਸ ਕੁੰਜੀ ਮਿਲ ਗਈ !

ਸਬਦਹਿੰ ਸ਼ਬਦ ਜਗਾਯਾ ! ਅਤੇ ਇਹ ਹੀ ਤਾਂ ਗੁਰੂ ਦੇ ਕੋਲ ਘੱਟਦਾ ਹੈ। ਗੁਰੂ ਆਪਣੀ ਵੀਣਾ ਛੇੜ ਦਿੰਦਾ ਹੈ, ਆਪਣਾ ਸ਼ਬਦ ਛੇੜ ਦਿੰਦਾ ਹੈ, ਤੁਹਾਡੇ ਅੰਦਰ ਸੁੱਤੇ ਹੋਏ ਸ਼ਬਦ ਤੇ ਝੰਕਾਰ ਪੈਂਦੀ ਹੈ। ਤੁਹਾਡੇ ਅੰਦਰ ਵੀ ਸ਼ਬਦ ਵਿਚ ਪ੍ਰਤਿਧੁਨੀ ਉਠਣ ਲਗਦੀ ਹੈ।

ਸ਼ਬਦਹਿੰ ਸ਼ਬਦ ਜਗਾਯਾ। ਸਬਦਹਿੰ ਸਬਦ ਸੁਪਰਚਾ ਹੂਆ। ਅਤੇ ਗੁਰੂ ਦੇ ਸੰਗੀਤ ਵਿਚ ਡੁੱਬ ਕੇ ਗੁਰੂ ਦੇ ਸ਼ਬਦ ਵਿਚ ਡੁੱਬ ਕੇ, ਗੁਰੂ ਦੀ ਮੂਲ ਧੁੰਨ ਵਿਚ ਡੁੱਬ ਕੇ ਆਪਣਾ ਹੀ ਪਰਿਚਯ ਹੋਇਆ।

ਸਬਦਹਿੰ ਸਬਦ ਸੁੰਪਰਚਾ ਹੁਆ, ਸਬਦਹਿੰ ਸਬਦ ਸਮਾਯ॥

ਅਤੇ ਫ਼ਿਰ ਸੰਗੀਤ, ਜੀਵਨ ਦਾ ਸਾਰਾ ਸੰਗੀਤ ਉਸ ਮਹਾਂਸੰਗੀਤ ਵਿਚ ਲੀਨ ਹੋ ਜਾਂਦਾ ਹੈ। ਸ਼ਬਦ ਹੈ ਸੰਸਾਰ। ਸ਼ਬਦ ਦਾ ਅਰਥ ਹੈ : ਸੰਗੀਤ ਪਰਗਟ ਹੋਇਆ। ਸ਼ੂਨਯ ਹੈ ਪਰਮਾਤਮਾ। ਸ਼ੂਨਯ ਦਾ ਅਰਥ ਹੈ : ਸ਼ਬਦ ਵਾਪਸ ਆਪਣੇ ਮੂਲ ਸਰੋਤ ਵਿਚ ਸਮਾ ਗਿਆ। ਪਰ ਨਚੋ, ਗਾਓ।

ਹੰਸਿਬਾ ਖੇਲਿਬਾ ਰਹਿਬਾ ਰੰਗ। ਕਾਮ-ਕ੍ਰੋਧ ਨ ਕਰਿਬਾ ਸੰਗ।
ਹੰਸਿਬਾ ਖੇਲਿਬਾ ਗਾਇਬਾ ਗੀਤ। ਦ੍ਰਿੜ ਕਰਿ ਰਾਖੀ ਅਪਨਾ ਚੀਤ॥

ਆਖਿਰੀ ਸਵਾਲ : ਈਸ਼ਵਰ-ਅਸਤਿੱਤਵ ਦਾ ਪ੍ਰਮਾਣ ਕੀ ਹੈ?

ਕੋਈ ਪ੍ਰਮਾਨ ਨਹੀਂ ਹੈ, ਜਾਂ ਹਰ ਇੱਕ ਚੀਜ਼ ਪ੍ਰਮਾਣ ਹੈ। ਤਰਕ ਦੀ ਦ੍ਰਿਸ਼ਟਿ ਨਾਲ ਤਾਂ

ਕੋਈ ਪ੍ਰਮਾਣ ਨਹੀਂ, ਕਿਉਂਕਿ ਪਰਮਾਤਮਾ ਤਰਕਾ-ਤੀਤ (ਤਰਕ ਤੋਂ ਪਰੇ) ਹੈ। ਨ ਤਾਂ ਤਰਕ ਨਾਲ ਕੋਈ ਸਿੱਧ ਕਰ ਸਕਦਾ ਹੈ ਉਸ ਨੂੰ, ਨ ਅਸਿੱਧ ਕਰ ਸਕਦਾ ਹੈ। ਖ਼ਿਆਲ ਰਖਣਾ, ਜੋ ਤਰਕ ਨਾਲ ਸਿੱਧ ਹੋ ਸਕਦਾ ਹੈ ਉਹ ਤਰਕ ਨਾਲ ਅਸਿੱਧ ਵੀ ਹੋ ਸਕਦਾ ਹੈ।

ਪਰਮਾਤਮਾ ਨ ਤਾਂ ਸਿੱਧ ਹੁੰਦਾ ਹੈ ਨ ਅਸਿੱਧ ਹੁੰਦਾ ਹੈ। ਪਰਮਾਤਮਾ ਤਾਂ ਬਸ ਹੈ। ਸ਼ਾਇਦ ਇਹ ਕਹਿਣਾ ਵੀ ਠੀਕ ਨਹੀਂ ਕਿ ਪਰਮਾਤਮਾ ਹੈ, ਕਿਉਂਕਿ ਪਰਮਾਤਮਾ ਹੈ, ਅਜਿਹਾ ਕਹਿਣ ਨਾਲ ਵੀ ਪੁੰਨਰੁਕਤਿ-ਦੋਸ਼ ਲਗਦਾ ਹੈ। 'ਹੈ' ਹੀ ਤਾਂ ਪਰਮਾਤਮਾ ਹੈ। ਜੋ ਹੈ ਉਹ ਹੀ ਪਰਮਾਤਮਾ ਹੈ। ਤਾਂ ਜਦ ਅਸੀਂ ਕਹਿੰਦੇ ਹਾਂ ਬ੍ਰਿੱਛ ਹੈ, ਇਹ ਠੀਕ ਹੈ ਕਹਿਣਾ; ਕਿਉਂਕਿ ਇੱਕ ਦਿਨ ਬ੍ਰਿੱਛ ਨਹੀਂ ਹੋ ਜਾਏਗਾ; ਅਤੇ ਇੱਕ ਦਿਨ ਨਹੀਂ ਸੀ, ਫ਼ਿਰ ਨਹੀਂ ਹੋ ਜਾਏਗਾ। ਹੋਣਾ ਸਿਰਫ਼ ਵਿਚਕਾਰ ਹੋਇਆ। ਇਸ ਲਈ ਬ੍ਰਿੱਛ ਹੈ, ਆਦਮੀ ਹੈ, ਮਕਾਨ ਹੈ; ਪਰਮਾਤਮਾ ਹੈ, ਇਹ ਕਹਿਣਾ ਠੀਕ ਨਹੀਂ, ਕਿਉਂਕਿ ਪਰਮਾਤਮਾ ਨ ਤਾਂ ਕਦੇ 'ਨਹੀਂ' ਸੀ ਅਤੇ ਨ ਕਦੇ 'ਨਹੀਂ' ਹੋਏਗਾ। ਇਸ ਲਈ ਜਿਸ ਅਰਥ ਵਿਚ ਅਸੀਂ 'ਹੈ' ਦੀ ਵਰਤੋਂ ਕਰਦੇ ਹਾਂ, ਉਸ ਅਰਥ ਵਿਚ ਪਰਮਾਤਮਾ ਲਈ ਨਹੀਂ ਕੀਤਾ ਜਾ ਸਕਦਾ। ਪਰਮਾਤਮਾ ਤਾਂ 'ਹੈ' ਦਾ ਹੀ ਦੂਜਾ ਨਾਉਂ ਹੈ। ਬ੍ਰਿੱਛ ਹੈ ਅਰਥਾਤ ਬ੍ਰਿੱਛ ਪਰਮਾਤਮਾ ਵਿਚ ਹੈ। ਮਨੁੱਖ ਹੈ ਅਰਥਾਤ ਮਨੁੱਖ ਪਰਮਾਤਮਾ ਵਿਚ ਸੁਆਸ ਲੈ ਰਿਹਾ ਹੈ। ਜਦ ਪਰਮਾਤਮਾ ਆਪਣੇ ਸੁਆਸ ਵਾਪਸ ਲੈ ਲਵੇਗਾ, ਮਨੁੱਖ ਨਹੀਂ ਹੋ ਜਾਏਗਾ। ਜਦ ਪਰਮਾਤਮਾ ਆਪਣੀ ਹਰਿਆਲੀ ਵਾਪਸ ਲੈ ਲਵੇਗਾ, ਬ੍ਰਿੱਛ ਨਹੀਂ ਹੋ ਜਾਏਗਾ।

ਤਾਂ ਇੱਕ ਅਰਥ ਵਿਚ ਕੋਈ ਪ੍ਰਮਾਣ ਨਹੀਂ—ਤਰਕ ਦੇ ਅਰਥ ਵਿਚ; ਅਸਤਿਤਵ ਦੇ ਅਰਥ ਵਿਚ ਉਸ ਦਾ ਹੀ ਪ੍ਰਮਾਣ ਹੈ ਸਭ ਪਾਸੇ। ਇਹ ਖਲੋਤੇ ਦਰਖ਼ੱਤ ਇਹ ਖਿਲਦੀ ਧੁੱਪ, ਇਹ ਪੰਛੀਆਂ ਦੀ ਆਵਾਜ਼, ਇਹ ਮੇਰਾ ਤੁਹਾਡੇ ਨਾਲ ਬੋਲਣਾ, ਇਹ ਤੁਹਾਡਾ ਇੱਥੇ ਚੁੱਪ, ਮੌਨ, ਆਨੰਦ ਮਗਨ ਹੋ ਕੇ ਸੁਨਣਾ—ਇਸ ਸਭ ਵਿਚ ਪ੍ਰਮਾਣ ਹੈ। ਸੁਣਦੇ ਹੋ ਇਹ ਆਵਾਜ਼ ਪੰਛੀਆਂ ਦੀ, ਪ੍ਰਮਾਣ ਹੀ ਪ੍ਰਮਾਣ ਹੈ ! ਪਰ ਤੁਸੀਂ ਸ਼ਾਇਦ ਤਰਕ ਦੀ ਦ੍ਰਿਸ਼ਟਿ ਨਾਲ ਪ੍ਰਮਾਣ ਚਾਹੁੰਦੇ ਹੋ। ਅਜਿਹਾ ਕੋਈ ਪ੍ਰਮਾਣ ਨਹੀਂ।

ਅਰੇ, ਯੇ ਕਿਸਨੇ ਬੀਨੇ ਸ਼ੂਲ, ਬਿਛਾਈ ਕਿਸਨੇ ਯੇ ਕਲੀਆਂ ?
ਯਹ ਕਿਸ ਵੰਸ਼ੀ ਕੀ ਤਾਨ
ਕਿ ਜਿਸ ਕੇ ਸਵਰ-ਸਵਰ ਸੇ ਲੇ ਤਾਲ, ਅਚਾਨਕ ਥਿਰਕ ਉਠਾ ਜੀਵਨ ?
ਯਹ ਕਿਨ ਅਧਰੋਂ ਕਾ ਗਾਨ, ਫ਼ੁਟਤੇ ਜਿਸ ਕੇ ਬੇਸੁਧ ਰਾਗੋਂ ਸੇ,
ਉੱਲਾਸ-ਭਰੇ ਨਿਰਝਰ ਅਨਗਿਨ ?
ਯਹ ਕੌਨ ਅਛੂਤਾ ਸੁਮਨ ਬੀਨਨੇ ਜਿਸਕਾ ਮਧੁਰ ਪਰਾਗ,
ਭਾਗ ਆਈ ਭ੍ਰਮਰਾਵਲਿਆਂ ?

ਪ੍ਰਾਣ, ਯੇ ਕਿਸਨੇ ਬੀਨੇ ਸ਼ੂਲ, ਬਿਛਾਈ ਕਿਸਨੇ ਯੇ ਕਲੀਆਂ ?
ਯਹ ਕੈਸੀ ਪਾਗਲ ਪਿਆਸ, ਮਾਂਗਨਾ ਜਿਸਨੇ ਸੀਖਾ ਨਹੀਂ,

ਨ ਕੁਛ ਭੀ ਪਾਨੇ ਕਾ ਉੱਲਾਸ ?
ਯਹ ਅਜਬ ਅਨੋਖੀ ਆਸ, ਖੋਜਤੀ ਖੋਕਰ ਖੋਨੇ ਹੇਤੂ,
ਨਿਰਾਸ਼ਾ ਮੇਂ ਪਲਤਾ ਵਿਸ਼ਵਾਸ ?
ਯਹ ਕੈਸੀ ਲੁਟੀ ਬਹਾਰ, ਖੋਜਤੀ ਆਈ ਜੋ ਮਧੁਮਾਸ,
ਬਨ ਗਈ ਮਨ ਕੀ ਰੰਗ ਰਲੀਆਂ ?

ਆਹ, ਯੇਹ ਕਿਸਨੇ ਬੀਨੇ ਸ਼ੂਲ, ਬਿਛਾਈ ਕਿਸਨੇ ਯੇ ਕਲੀਆਂ ?
ਯਹ ਕਿਸ ਜੀਵਨ ਕਾ ਤਿਮਿਰ, ਖੋਜਤਾ ਆਇਆ ਮੇਰੇ ਪਾਸ,
ਸਨੇਹ ਕੀ ਜਯੋਤਿ ਸਹਜ ਹੀ ਘਿਰ ?
ਯੇ ਕਿਸ ਕੇ ਸਪਨੇ ਬਧਿਰ, ਨਹੀਂ ਜੋ ਸੁਨੇ ਪਰਾਈ ਬਾਤ
ਨਿਤਯ ਆਤੇ ਨਯਨੋਂ ਮੇਂ ਤਿਰ ?
ਯਹ ਕੈਸੀ ਜਵਾਲਾ ਉਠੀ, ਜਲਾਨੇ ਆਈ ਹੈ ਜੋ ਆਜ,
ਪਿਆਰ ਕੀ ਸ਼ਤ ਦੀਪਾਵਲੀਆਂ ?
ਬਤਾ ਦੋ ਕਿਸਨੇ ਬੀਨੇ ਸ਼ੂਲ, ਬਿਛਾਈ ਕਿਸਨੇ ਯੇ ਕਲੀਆਂ ?

ਪੂਛਤੇ ਹੋ ਪ੍ਰਮਾਣ ?
ਅਰੇ, ਯੇ ਕਿਸਨੇ ਬੀਨੇ ਸ਼ੂਲ, ਬਿਛਾਈ ਕਿਸਨੇ ਯੇ ਕਲੀਆਂ ?
ਕੌਣ ਰੰਗ ਰਿਹਾ ਹੈ ਇਹ ਰੰਗ, ਕੌਣ ਚਿਤੇਰਾ !

ਕੌਣ ਭਰਦਾ ਹੈ ਰੰਗ ਇੰਦ੍ਰਧਨੁਸ਼ਾਂ ਵਿਚ ! ਕੌਣ ਤੁਹਾਡੇ ਅੰਦਰ ਸੁਵਾਸ ਲੈ ਰਿਹਾ ਹੈ ! ਕੌਣ ਤੁਹਾਡੇ ਅੰਦਰ ਧੜਕ ਰਿਹਾ ਹੈ। ਕੌਣ ਹੈ ਤੁਹਾਡਾ ਜੀਵਨ ਅਤੇ ਤੁਸੀਂ ਪੁੱਛਦੇ ਹੋ ਪ੍ਰਮਾਣ ਪਰਮਾਤਮਾ ਦਾ ? ਇਹ ਸਭ ਪਰਮਾਤਮਾ ਹੈ। ਪਰਮਾਤਮਾ ਹੈ, ਪਰਮਾਤਮਾ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ। 'ਜੋ ਹੈ' ਉਸਦਾ ਹੀ ਪਰਮਾਤਮਾ ਦੂਜਾ ਨਾਉਂ ਹੈ। ਮੈਂ ਪਰਮਾਤਮਾ ਅਤੇ ਅਸਤਿੱਤਵ ਨੂੰ ਵੱਖ-ਵੱਖ ਨਹੀਂ ਤੋੜਦਾ। ਪੁਰਾਣੇ ਧਰਮਾਂ ਨੇ ਇਹ ਭੁੱਲ ਕੀਤੀ ਸੀ; ਇਸ ਭੁੱਲ ਦਾ ਬਹੁਤ ਵੱਡਾ ਬੁਰਾ ਨਤੀਜਾ ਹੋਇਆ। ਪੁਰਾਣੇ ਧਰਮ ਸੰਸਾਰ ਨੂੰ ਤੋੜ ਦਿੰਦੇ ਹਨ, ਪਰਮਾਤਮਾ ਨਾਲੋਂ ਅਲਗ, ਫ਼ਿਰ ਸਵਾਲ ਉਠਦਾ ਹੈ ਉਸ ਦਾ ਪ੍ਰਣਾਮ ਕਿੱਥੇ ਹੈ ? ਸੁਭਾਵਿਕ ਸਵਾਲ ਹੈ। ਸੰਸਾਰ ਤਾਂ ਹੈ ਨਹੀਂ ਪਰਮਾਤਮਾ, ਫ਼ਿਰ ਪਰਮਾਤਮਾ ਕਿੱਥੇ ਹੈ ? ਫ਼ਿਰ ਅੜਚਨ ਖੜੀ ਹੁੰਦੀ ਹੈ। ਫ਼ਿਰ ਆਕਾਸ਼ ਵਲ ਹਥ ਉਠਾਉਣੇ ਪੈਂਦੇ ਹਨ। ਇਹ ਹਥ ਝੂਠੇ ਹਨ। ਮੈਂ ਤੁਹਾਨੂੰ ਕਹਿੰਦਾ ਹਾਂ ! ਪਰਮਾਤਮਾ ਅਸਤਿੱਤਵ ਹੈ; ਇਸ ਤੋਂ ਪਾਰ ਨਹੀਂ ਹੈ, ਇਸੇ ਵਿਚ ਲੁੱਕਿਆ ਹੈ, ਇਸੇ ਵਿਚ ਗੁੰਮਿਆ ਹੈ, ਇੱਥੇ ਹੀ ਲਭੋ, ਹੁਣੇ ਲਭੋ। ਤੁਸੀਂ ਪੱਤੇ-ਪੱਤੇ ਵਿਚ ਉਸਦੇ ਦਸਖ਼ਤ ਪਾਓਗੇ। ਤੁਸੀਂ ਪਥੱਰ-ਪਥੱਰ ਵਿਚ ਉਸਨੂੰ ਲੁੱਕਿਆ ਪਾਓਗੇ।

ਜੀਸਸ ਦਾ ਵਚਨ ਹੈ : ਚੁਕੋ ਪਥੱਰ ਨੂੰ ਅਤੇ ਤੁਸੀਂ ਮੈਨੂੰ ਹੀ ਲੁੱਕਿਆ ਪਾਓਗ। ਤੋੜੋ ਲਕੜੀ ਨੂੰ ਅਤੇ ਤੁਸੀਂ ਮੈਨੂੰ ਹੀ ਤੋੜਿਆ।

ਬਤਾ ਦੋ ਕਿਸ ਨੇ ਬੀਨੇ ਸ਼ੂਲ, ਬਿਛਾਈ ਕਿਸ ਨੇ ਯੇ ਕਲੀਆਂ ?

ਅਤੇ ਤੁਸੀਂ ਪ੍ਰਮਾਣ ਪੁੱਛ ਰਹੇ ਹੋ ? ਹਾਂ ਪ੍ਰਮਾਣ ਦੇਣ ਵਾਲੇ ਲੋਗ ਹੋਏ ਹਨ, ਅਤੇ ਉਨ੍ਹਾਂ ਦੇ ਸਭ ਪ੍ਰਮਾਣ ਵਿਅਰਥ ਹਨ। ਕੋਈ ਪ੍ਰਮਾਣ ਕਾਰਗਰ ਨਹੀਂ। ਹੁਣ ਤੱਕ ਜਿੰਨੇ ਪ੍ਰਮਾਣ ਦਿੱਤੇ ਗਏ ਹਨ ਪਰਮਾਤਮਾ ਦੇ, ਸਭ ਦੋ ਕੌਡੀਆਂ ਦੇ ਹਨ। ਜਿਵੇਂ ਕੋਈ ਕਹਿੰਦਾ ਹੈ ਕਿ ਹਰ ਚੀਜ਼ ਨੂੰ ਬਨਾਉਂਣ ਵਾਲਾ ਹੋਣਾ ਚਾਹੀਦਾ; ਇੰਨਾ ਵੱਡਾ ਜਗਤ ਤਾਂ ਇਸ ਦਾ ਬਨਾਉਂਣ ਵਾਲਾ ਕੋਈ ਹੋਏਗਾ। ਪਰ ਉਸਦਾ ਪ੍ਰਮਾਣ ਆਤਮਘਾਤ ਕਰ ਲਵੇਗਾ, ਨਾਸਤਿਕ ਦੇ ਸਾਹਮਣੇ ਜਾਂਦੇ ਹੀ ਹਥ-ਪੈਰ ਉਸਦੇ ਲੰਗੜੇ ਹੋ ਜਾਣਗੇ।

ਕਿਉਂਕਿ ਨਾਸਤਿਕ ਕਹਿੰਦਾ ਹੈ, ਜੇਕਰ ਹਰ ਬਣਾਈ ਗਈ ਚੀਜ਼ ਦਾ ਬਨਾਉਂਣ ਵਾਲਾ ਚਾਹੀਦਾ, ਜੇਕਰ ਸੰਸਾਰ ਨੂੰ ਬਨਾਉਂਣ ਲਈ ਪਰਮਾਤਮਾ ਚਾਹੀਦਾ ਤਾਂ ਫ਼ਿਰ ਪਰਮਾਤਮਾ ਨੂੰ ਕਿਸਨੇ ਬਣਾਇਆ? ਬਸ ਉਸ ਨੇ ਅਟਕਾ ਦਿੱਤੀ ਤੁਹਾਡੀ ਫ਼ਾਂਸੀ। ਪਰਮਾਤਮਾ ਨੂੰ ਕਿਸ ਨੇ ਬਣਾਇਆ ? ਤੁਸੀਂ ਨਾਰਾਜ਼ ਹੋਣ ਲੱਗੇ ਕਿ ਨਹੀਂ, ਪਰਮਾਤਮਾ ਨੂੰ ਕਿਸੇ ਨੇ ਨਹੀਂ ਬਣਾਇਆ। ਤਾਂ ਨਾਸਤਿਕ ਕਹਿੰਦਾ ਹੈ, ਜਦ ਪਰਮਾਤਮਾ ਬਿਨਾਂ ਬਣਾਏ ਹੋ ਸਕਦਾ ਹੈ ਤਾਂ ਸੰਸਾਰ ਕਿਉਂ ਨਹੀਂ ਹੋ ਸਕਦਾ? ਟੁੱਟ ਗਿਆ ਤਰਕ, ਤੁੱਛ ਨਿਕਲਿਆ। ਤੁਸੀਂ ਕਹਿੰਦੇ ਹੋ ਕਿ ਜਿਵੇਂ ਘੁੰਮਿਆਰ ਘੜੇ ਨੂੰ ਬਣਾਉਂਦਾ ਹੈ ਅਜਿਹਾ ਕੁੰਭਕਾਰ (ਰੱਬ) ਨੇ ਇਸ ਸੰਸਾਰ ਨੂੰ ਬਣਾਇਆ ਹੈ। ਪਰ ਘੁੰਮਿਆਰ ਨੂੰ ਵੀ ਤਾਂ ਕੋਈ ਬਣਾਉਂਦਾ ਹੈ ਨ, ਜਾਂ ਕਿ ਘੁੰਮਿਆਰ ਬਿਨਾਂ ਬਣਾਇਆਂ ਹੁੰਦਾ ਹੈ? ਹੁਣ ਫ਼ਸੇ ਮੁਸ਼ਕਿਲ ਵਿਚ।

ਤਾਂ ਤੁਹਾਡੇ ਉਸ ਵਡੇ ਘੁੰਮਿਆਰ (ਰੱਬ) ਨੂੰ ਕਿਸ ਨੇ ਬਣਾਇਆ?

ਇਹ ਪ੍ਰਮਾਣ ਕੁਝ ਕੰਮ ਨਹੀਂ ਆਉਂਦੇ। ਇਹ ਬੱਚਿਆਂ ਨੂੰ ਸਮਝਾਉਂਣ ਦੀਆਂ ਗੱਲਾਂ ਹਨ, ਇਨ੍ਹਾਂ ਤੋਂ ਕੋਈ ਜੀਵਨ ਕ੍ਰਾਂਤੀਆਂ ਨਹੀਂ ਹੁੰਦੀਆਂ।


ਇਸ ਲਈ ਮੈਂ ਪ੍ਰਮਾਣ ਨਹੀਂ ਦਿੰਦਾ।

ਮੈਂ ਤਾਂ ਅਨੁਭਵ ਦਿੰਦਾ ਹਾਂ। ਮੈਂ ਤਾਂ ਕਹਿੰਦਾ ਹਾਂ ਆਓ ਮੇਰੇ ਕੋਲ ਬੈਠੋ ਗੁੱਪ-ਚੁੱਪ। ਗਾਓ, ਨੱਚੋ ਅਤੇ ਕਿਸੇ ਦਿਨ ਅਚਾਨਕ ਤੁਸੀਂ ਦੇਖੋਗੇ, ਕੌਂਧ (ਚਮਕ) ਗਈ ਉਸਦੀ ਬਿਜਲੀ। ਕਦ ਕੌਂਧ ਜਾਏ, ਕੁਝ ਕਿਹਾ ਨਹੀਂ ਜਾ ਸਕਦਾ। ਉਸਦੀ ਕੋਈ ਭਵਿਸ਼ਵਾਣੀ ਵੀ ਨਹੀਂ ਹੋ ਸਕਦੀ। ਅਚਾਨਕ ਆਉਂਦਾ ਹੈ ਉਹ ਅਤਿਥੀ, ਅਚਨਚੇਤ ਦਰਵਾਜ਼ੇ ਤੇ ਆ ਖਲੋਂਦਾ ਹੈ।

ਜਿਸ ਪਲ ਤੁਹਾਡੀ ਪਾਤ੍ਰਤਾ ਹੰਦੀ ਹੈ, ਜਿਸ ਪਲ ਤੁਸੀਂ ਨਿਰਮਲ ਹੁੰਦੇ ਹੋ, ਉਸੇ ਘੜੀ ਘਟਨਾ ਘੱਟ ਜਾਂਦੀ ਹੈ। ਫ਼ਿਰ ਕੋਈ ਪ੍ਰਮਾਣ ਨਹੀਂ ਚਾਹੁਣਾ ਪੈਂਦਾ, ਫ਼ਿਰ ਤੁਸੀਂ ਸਵੰਯ ਹੀ ਪ੍ਰਮਾਣ ਹੋ ਜਾਂਦੇ ਹੋ। ਤੁਹਾਡਾ ਅਨੁਭਵ ਹੀ ਪ੍ਰਮਾਣ ਹੋ ਸਕਦਾ ਹੈ ਅਤੇ ਕੋਈ ਚੀਜ਼ ਪ੍ਰਮਾਣ ਨਹੀਂ ਹੋ ਸਕਦੀ।

ਬਤਾ ਦੋ ਕਿਸਨੇ ਬੀਨੇ ਸ਼ੂਲ, ਬਿਛਾਈ ਕਿਸਨੇ ਯੇ ਕਲੀਆਂ ?

ਅੱਜ ਇੰਨਾ ਹੀ।



ਪੰਜਵਾ ਪ੍ਰਵਚਨ

ਮਨ ਮੈਂ ਰਹਿਣਾ



ਮਨ ਮੈਂ ਰਹਿਣਾ, ਭੇਦ ਨ ਕਹਿਣਾ ਬੋਲਿਬਾ ਅਮ੍ਰਿਤ-ਬਾਣੀ।
ਆਗਿਲਾ ਅਗਨੀ ਹੋਇਬਾ ਅਵਧੂ, ਤੌ ਆਪਣ ਹੋਇਬਾ ਪਾਣੀ॥
ਗੋਰਖ਼ ਕਹੈ ਸੁਨਹੁਰੇ ਅਵਧੂ, ਜਗ ਮੈਂ ਐਸੇ ਰਹਣਾਂ।
ਆਖ਼ੈਂ ਦੇਖ਼ਿਬਾ ਕਾਨੈਂ ਸੁਣਿਬਾ ਮੁਖ਼ ਥੈਂ ਕਛੂ ਨ ਕਹਣਾਂ॥
ਨਾਥ ਕਹੈ ਤੁਮ ਆਪਾ ਰਾਖ਼ੌ ਹਠ ਕਰਿ ਬਾਦ ਨ ਕਰਣਾਂ।
ਯਹੁ ਜਗ ਹੈ ਕਾਂਟੇ ਕੀ ਬਾੜੀ ਦੇਖ਼ਿ ਦੇਖ਼ਿ ਪਗ ਧਰਣਾਂ॥
ਆਸਣ ਦ੍ਰਿੜ ਅਹਾਰ ਦ੍ਰਿੜ ਜੇ ਨਯਦ੍ਰਾ ਦ੍ਰਿੜ ਹੋਈ।
ਗੋਰਖ਼ ਕਹੈ ਸੁਣੌਂ ਰੇ ਪੂਤਾ, ਮਰੈ ਨ ਬੂਢਾ ਹੋਈ॥
ਖ਼ਾਯੇਂ ਭੀ ਮਰਿਯੇਂ ਅਣਖ਼ਾਯੇਂ ਭੀ ਮਰਿਯੇ।
ਗੋਰਖ਼ ਕਹੈ ਪੂਤ ਸੰਜਮਿ ਹੀ ਤਾਰਿਯ॥
ਮਧਿ ਨਿਰੰਤਰ ਕੀਜੈ ਵਾਸ।
ਨਿਹਚਲ ਮਨੂਵਾ ਥਿਰ ਹੋਈ ਸਾਂਸ॥

ਰੂਪੋਸ਼ ਹਕੀਕਤ ਹੈ ਜਬ ਤੱਕ, ਅਫ਼ਸਾਨੇ ਬੰਦ ਨਹੀਂ ਹੋਂਗੇ
ਇਸਰਾਰੇ-ਹਰਮ ਆਬਾਦ ਰਹੇਂ ਜਬ ਤੱਕ, ਅਫ਼ਸਾਨੇ ਬੰਦ ਨਹੀਂ ਹੋਂਗੇ।
ਏ ਅਹਲੇ-ਖ਼ਿਰਦ ! ਮੁਖ਼ਤਾਰ ਹੋ ਤੁਮ, ਤਾਮੀਰ ਕਰੋ ਜ਼ਿੰਦਾ ਲੇਕਿਨ
ਖ਼ੁਦ ਰੱਕਸ ਕਰੇਂਗੀ ਦੀਵਾਰੇਂ, ਦੀਵਾਨੇ ਬੰਦ ਨਹੀਂ ਹੋਂਗੇ।
ਯਹ ਲਾਲਾ-ਓ-ਗੁਲ, ਮਾਹੋ-ਅੰਜੁਮ ਮੂੰਹ ਨੋਚ ਨ ਲੇਂ ਵਾਇਜ਼ ਤੇਰਾ
ਮੈਖ਼ਾਨੇ ਬੰਦ ਨਹੀਂ ਹੋਤੇ, ਮੈਖ਼ਾਨੇ ਬੰਦ ਨਹੀਂ ਹੋਂਗੇ।
ਖ਼ੁਦ ਸ਼ਮਏ-ਯਕੀਂ ਬਨ ਜਾਏਂਗੇ, ਹੰਸ-ਹੰਸ ਕਰ ਜਲ ਜਾਨੇ ਕੇ ਲੀਏ,
ਔਹਾਮ ਕੇ ਜੁਲਮਤਖ਼ਾਨੋਂ ਮੇਂ, ਪਰਵਾਨੇ ਬੰਦ ਨਹੀਂ ਹੋਂਗੇ।
ਯਹ ਤਜ਼ੇ-ਮਲਾਮਤ ਕੁਛ ਭੀ ਨਹੀਂ, ਜੁਜ਼ ਹਰਫ਼ੇ ਮੁਹੱਬਤ ਕੁਛ ਭੀ ਨਹੀਂ
ਦੁਨੀਆ ਹੈ 'ਰਵਿਸ਼' ਔਰ ਦੁਨੀਆਂ ਕੇ ਅਫ਼ਸਾਨੇ ਬੰਦ ਨਹੀਂ ਹੋਂਗੇ।

ਪਰਮਾਤਮਾ ਜਬ ਤੱਕ ਲੁਕਿਆ ਹੈ, ਤਦ ਤੱਕ ਉਸ ਨੂੰ ਉਘਾੜਨ ਵਾਲੇ ਲੋਗ ਪੈਦਾ ਹੁੰਦੇ ਰਹਿਣਗੇ।

ਰੂਪੋਸ਼ ਹਕੀਕਤ ਹੈ ਜਬ ਤੱਕ, ਅਫ਼ਸਾਨੇ ਬੰਦ ਨਹੀਂ ਹੋਂਗੇ।

ਜਦ ਤੱਕ ਉਸ ਪਿਆਰੇ ਦੇ ਚੇਹਰੇ ਉੱਤੇ ਪਰਦਾ ਹੈ, ਤਦ ਤੱਕ ਰਾਮ ਦੀ ਚਰਚਾ ਚਲੇਗੀ, ਤਦ ਤੱਕ ਪ੍ਰਾਰਥਨਾ ਦੇ ਗੀਤ ਜਾਗਣਗੇ।

ਰੂਪੋਸ਼ ਹਕੀਕਤ ਹੈ ਜਬ ਤੱਕ ਅਫ਼ਸਾਨੇ ਬੰਦ ਨਹੀਂ ਹੋਂਗੇ
ਇਸਰਾਰੇ-ਹਰਮ ਆਬਾਦ ਰਹੇਂ, ਜਬ ਤੱਕ ਅਫ਼ਸਾਨੇ ਬੰਦ ਨਹੀਂ ਹੋਂਗੇ ॥

ਇਹ ਜੋ ਪਰਮਾਤਮਾ ਦੇ ਲਭੱਣ ਦੀ ਕਥਾ ਹੈ, ਇਹ ਜਾਰੀ ਰਹੇਗੀ, ਜਦ ਤੱਕ ਪਰਮਾਤਮਾ ਲੱਭ ਨ ਲਿਆ ਜਾਏ। ਪਰ ਪਰਮਾਤਮਾ ਦੀ ਭਾਲ ਤਾਂ ਵਿਅਕਤੀਗਤ ਹੁੰਦੀ ਹੈ, ਕੋਈ ਇੱਕ ਲੱਭ ਪਾਉਂਦਾ ਹੈ। ਜੋ ਲਭ ਲੈਂਦਾ ਹੈ, ਉਸਦੀ ਖੋਜ ਸਮਾਪਤ ਹੋ ਜਾਂਦੀ ਹੈ। ਕਈ ਹੋਰ ਹਨ, ਅਨੇਕ-ਅਨੇਕ ਜਿਹੜੇ ਹਨੇਰੇ ਵਿਚ ਭਟਕਦੇ ਹਨ, ਉਨ੍ਹਾਂ ਦਾ ਲੱਭਣਾ ਤਾਂ ਜਾਰੀ ਰਹੇਗਾ।

ਧਰਮ ਤਦ ਤੱਕ ਰਹੇਗਾ ਧਰਤੀ ਉੱਤੇ, ਜਦ ਤੱਕ ਇੱਕ ਵੀ ਆਦਮੀ ਸੁੱਤਾ ਹੋਇਆ ਹੈ, ਜਦ ਤੱਕ ਸਭ ਹੀ ਨਹੀਂ ਜਾਗ ਜਾਂਦੇ। ਜਦ ਤੱਕ ਸਭਨਾਂ ਦੇ ਦੀਵੇ ਨਹੀਂ ਜਗ ਜਾਂਦੇ।

ਏ ਅਹਲੇ-ਖ਼ਿਰਦ ! ਮੁਖ਼ਤਾਰ ਹੋ ਤੁਮ, ਤਾਮੀਰ ਕਰੋ ਜ਼ਿੰਦਾ, ਲੇਕਿਨ।

ਹੇ ਬੁੱਧੀਮਾਨ ਲੋਗੋਂ, ਹੇ ਪੰਡਿਤੋ ! ਏ ਅਹਲੇ ਖ਼ਿਰਦ! ਜਿਨ੍ਹਾਂ ਦਾ ਭਰੋਸਾ ਬੁੱਧੀ ਉੱਤੇ ਹੈ, ਤਰਕ ਉੱਤੇ ਹੈ

ਏ ਅਹਲੇ-ਖ਼ਿਰਦ ! ਮੁਖ਼ਤਾਰ ਹੋ ਤੁਮ, ਤਾਮੀਰ ਕਰੋ ਜ਼ਿੰਦਾ, ਲੇਕਿਨ।

ਬਣਾਉਂਦੇ ਰਹੋ ਤੁਸੀਂ ਸ਼ਾਸਤ੍ਰਾਂ ਦੀਆਂ ਕੰਧਾਂ, ਖੜੇ ਕਰਦੇ ਰਹੋ ਸ਼ਬਦਾਂ ਦੇ ਕੈਦ-ਖ਼ਾਨੇ, ਢਾਲਦੇ ਰਹੋ ਸਿੱਧਾਂਤਾਂ ਦੀਆਂ ਜ਼ੰਜੀਰਾਂ।

ਏ ਅਹਲੇ-ਖ਼ਿਰਦ ! ਮੁਖ਼ਤਾਰ ਹੋ ਤੁਮ, ਤਾਮੀਰ ਕਰੋ ਜ਼ਿੰਦਾ, ਲੇਕਿਨ
ਖ਼ੁਦ ਰਕਸ ਕਰੇਂਗੀ ਦੀਵਾਰੇਂ, ਦੀਵਾਨੇ ਬੰਦ ਨਹੀਂ ਹੋਂਗੇ।

ਲੇਕਿਨ ਜਿਨ੍ਹਾਂ ਨੂੰ ਪ੍ਰਭੂ ਦੀ ਪੁਕਾਰ ਸੁਣਾਈ ਪੈ ਗਈ ਉਹ ਤਾਂ ਕੰਧਾਂ ਦੇ ਅੰਦਰ ਵੀ

ਨਚੱਣ ਲਗਣਗੇ ਉਨ੍ਹਾਂ ਦੇ ਨਾਲ ਤਾਂ ਕੈਦਖ਼ਾਨਿਆਂ ਦੀਆਂ ਕੰਧਾਂ ਵੀ ਨਚੱਣ ਲਗਣਗੀਆਂ। ਤੁਸੀਂ ਕਿੰਨੇ ਹੀ ਸਿੱਧਾਂਤ ਬਣਾਓ, ਇਸ ਧਰਤੀ ਤੋਂ ਤੁਸੀਂ ਪ੍ਰੇਮੀ ਪਾਗਲਾਂ ਨੂੰ ਮਿਟਾ ਨਹੀਂ ਸਕੋਗੇ। ਕਿਉਂਕਿ ਕੋਈ ਸਿੱਧਾਂਤ ਤ੍ਰਿਪਤੀ ਦਿੰਦਾ ਨਹੀਂ। ਸਿੱਧਾਂਤ ਉਪੱਰ-ਉਪੱਰ ਰਹਿ ਜਾਂਦਾ ਹੈ, ਪ੍ਰਾਣ ਉਸਦੇ ਨਾਲ ਭਿੱਜਦੇ ਨਹੀਂ। ਸਿੱਧਾਂਤ ਸਿਰ ਵਿਚ ਗੂੰਜਦਾ ਰਹਿ ਜਾਂਦਾ ਹੈ। ਆਤਮਾ ਉਸਤੋਂ ਅਛੂਤੀ ਰਹਿ ਜਾਂਦੀ ਹੈ।

ਏ ਅਹਲੇ-ਖ਼ਿਰਦ ! ਮੁਖ਼ਤਾਰ ਹੋ ਤੁਮ, ਤਾਮੀਰ ਕਰੋ ਜਿੰਦਾ, ਲੇਕਿਨ
ਖ਼ੁਦ ਰੱਕਸ ਕਰੇਂਗੀ ਦੀਵਾਰੇਂ, ਦੀਵਾਨੇ ਬੰਦ ਨਹੀਂ ਹੋਂਗੇ।

ਕਿੰਨੇ ਸਿੱਧਾਂਤਾਂ ਦੇ ਕੈਦਖ਼ਾਨੇ ਖੜੇ ਕਰ ਦਿੱਤੇ ਗਏ ਹਨ। ਹਿੰਦੂ, ਮੁਸਲਮਾਨ, ਇਸਾਈ, ਪਾਰਸੀ, ਜੈਨ, ਬੋਧ, ਸਿੱਖ। ਇਹ ਸਭ ਕੈਦਖ਼ਾਨੇ ਹਨ। ਮੰਦਰਾਂ ਦੇ ਨਾਮ ਉੱਤੇ ਜ਼ੰਜੀਰਾਂ ਢਾਲਣ ਦੇ ਕਾਰਖਾਨੇ ਬਣੇ ਹਨ। ਮਸਜਿਦਾਂ ਵਿਚ ਤੁਹਾਡੀ ਗੁਲਾਮੀ ਢਾਲੀ ਜਾ ਰਹੀ ਹੈ। ਪਰ ਫ਼ਿਰ ਵੀ ਪ੍ਰਭੂ ਦੇ ਪਿਆਰੇ ਇਨ੍ਹਾਂ ਸਭ ਜ਼ੰਜੀਰਾਂ ਦੇ ਵਿਚਾਲੇ ਵੀ ਨੱਚ ਉਠਦੇ ਹਨ। ਉਨ੍ਹਾਂ ਦੇ ਨਾਲ ਜ਼ੰਜੀਰਾਂ ਵੀ ਪਜੇਬਾਂ ਦੀ ਝੰਕਾਰ ਬਣ ਜਾਂਦੀਆਂ ਹਨ। ਨਚੱਣਾ ਆਵੇ ਤਾਂ ਜ਼ੰਜੀਰਾਂ ਵੀ ਪਜੇਬਾਂ ਬਣ ਜਾਂਦੀਆਂ ਹਨ, ਨਚੱਣਾ ਨ ਆਉਂਦਾ ਹੋਵੇ ਤਾਂ ਪਜੇਬਾਂ ਵੀ ਜੰਜੀਰਾਂ ਹਨ। ਨਚੱਣਾ ਆਏ ਤਾਂ ਕੈਦਖ਼ਾਨਾ ਵੀ ਨ੍ਰਿਤਸ਼ਾਲਾ (ਨਾਚਘਰ) ਹੈ, ਨਚੱਣਾ ਨ ਆਉਂਦਾ ਹੋਵੇ ਤਾਂ ਨਾਚਘਰ ਵਿਚ ਬੈਠ ਕੇ ਵੀ ਕੀ ਕਰੋਗੇ? ਪੀਣਾ ਨ ਆਉਂਦਾ ਹੋਵੇ ਤਾਂ ਅਮ੍ਰਿੰਤ ਦੀ ਧਾਰ ਵੀ ਵਰ੍ਹਦੀ ਰਹੇ ਤਾਂ ਤੁਹਾਡੇ ਕਿਸ ਕੰਮ ਦੀ?

ਯਹ ਲਾਲਾ-ਓ-ਗੁਲ, ਮਾਹੋ-ਅੰਜੁਮ ਮੂੰਹ ਨੋਚ ਨ ਲੇਂ ਵਾਇਜ਼ ਤੇਰਾ।

ਇਹ ਫ਼ੁੱਲ, ਲਾਲਾ-ਓ-ਗੁਲ, ਯੇ ਮਾਹੋ-ਅੰਜੁਮ, ਇਹ ਸੂਰਜ, ਇਹ ਚੰਨ-ਤਾਰੇ ... ਹੇ ਤਥਾਕਥਿਤ ਬੁੱਧੀਮਾਨ, ਕਿੱਤੇ ਤੇਰਾ ਮੂੰਹ ਨ ਨੋਚ ਲੈਣ। ਏ ਪੰਡਿਤ ਕਿੱਤੇ ਤੈਨੂੰ ਧਰਤੀ ਦੀ ਧੂੜ ਨ ਚਟਾ ਦੇਣ। ਕਿਉਂਕਿ ਤੂੰ ਜੋ ਵੀ ਕਰ ਰਿਹਾ ਹੈਂ ਉਹ ਸੁੰਦਰਤਾ ਦੇ ਵਿਪਰੀਤ (ਉਲਟ) ਹੈ। ਤੂੰ ਜੋ ਵੀ ਕਰ ਰਿਹਾ ਹੈਂ ਉਹ ਚੰਨ-ਤਾਰਿਆਂ ਦੇ ਮਹੋਤਸਵ ਦੇ ਉਲਟ ਹੈ। ਪੰਡਿਤਾਂ ਨੇ ਬਹੁਤ ਉਦਾਸ ਧਾਰਨਾਵਾਂ ਮਨੁੱਖ ਨੂੰ ਦਿੱਤੀਆਂ ਹਨ। ਉਨ੍ਹਾਂ ਉਦਾਸ ਧਾਰਨਾਵਾਂ ਵਿਚ ਫ਼ੁੱਲ ਨਹੀਂ ਖਿੜਦੇ, ਉਨ੍ਹਾਂ ਉਦਾਸ ਧਾਰਨਾਵਾਂ ਵਿਚ ਚੰਨ-ਤਾਰੇ ਨਹੀਂ ਚਮਕਦੇ। ਉਨ੍ਹਾਂ ਉਦਾਸ ਧਾਰਨਾਵਾਂ ਵਿਚ ਡੂੰਘਾ ਹਨੇਰਾ ਹੈ।

ਇਸ ਲਈ ਸਾਰੀ ਮਨੁੱਖ ਜਾਤੀ ਧਾਰਮਿਕ ਮਾਲੂਮ ਹੁੰਦੀ ਹੈ। ਫ਼ਿਰ ਵੀ ਧਰਮ ਕਿੱਥੇ? ਧਰਮ ਹੁੰਦਾ ਤਾਂ ਉਤਸਵ ਹੁੰਦਾ। ਤਾਂ ਲੋਗਾਂ ਦੇ ਚੇਹਰਿਆਂ ਤੇ ਫ਼ੁੱਲ ਖਿੜਦੇ, ਕਿ ਉਨ੍ਹਾਂ ਦੀਆਂ ਅੱਖਾਂ ਵਿਚ ਚੰਨ-ਤਾਰੇ ਹੁੰਦੇ, ਕਿ ਉਨ੍ਹਾਂ ਦੇ ਹ੍ਰਿਦੇ ਵਿਚ ਵੀਣਾ ਵਜਦੀ, ਕਿ ਉਨ੍ਹਾਂ ਦੇ ਜੀਵਨ ਵਿਚ ਇੱਕ ਨਾਚ ਹੁੰਦਾ। ਕਿੱਥੇ ਹੈ ਨਾਚ, ਕਿੱਥੇ ਹਨ ਚਮਕਦੀਆਂ ਹੋਈਆਂ ਅੱਖਾਂ ? ਕਿੱਥੇ ਹਨ ਨਚੱਦੇ ਹੋਏ ਲੋਗ? ਕਿੱਥੇ ਹਨ ਰਸ-ਭਰੀਆਂ ਆਤਮਾਵਾਂ? ਕਹਿੰਦੇ ਹਨ, ਪਰਮਾਤਮਾ ਰਸ ਹੈ, ਰਸੋ ਵੈ ਸਾ:! ਪਰਮਾਤਮਾ ਰਸ ਹੈ, ਤੁਹਾਡੇ ਮਹਾਤਮਾ ਬੜੇ ਬੇ-ਰਸ ਹਨ। ਪਰਮਾਤਮਾ ਨਾਲੋਂ ਜਿਨ੍ਹਾਂ ਨੇ ਤੋੜ ਦਿੱਤਾ ਹੈ ਤੁਹਾਨੂੰ, ਉਹ ਤੁਹਾਡੇ ਮਹਾਤਮਾ ਹਨ। ਅਸਤਿਤਵ ਦੇ ਵਿਚਕਾਰ ਅਤੇ ਤੁਹਾਡੇ ਵਿਚਕਾਰ ਜੋ ਕੰਧ ਬਣ ਕੇ ਖੜੇ ਹੋ ਗਏ ਹਨ। ਚੀਨ ਦੀ ਦੀਵਾਰ ਬਣ ਕੇ ਖੜੇ ਹੋ ਗਏ ਹਨ। ਉਹ ਤੁਹਾਡੇ ਤਥਾਕਥਿਤ ਪੰਡਿਤ-ਪ੍ਰੋਹਿਤ ਹਨ।

ਜਦ ਤੱਕ ਕੋਈ ਵਿਅਕਤੀ ਪੰਡਿਤਾਂ- ਪ੍ਰੋਹਿਤਾਂ ਤੋਂ ਮੁਕਤ ਨਹੀਂ ਹੁੰਦਾ ਤਦ ਤੱਕ ਬੁੱਧੀ ਤੋਂ ਮੁਕਤ ਨਹੀਂ ਹੋ ਸਕਦਾ। ਅਭਾਗਾ ਹੈ ਉਹ ਆਦਮੀ ਜਿਹੜਾ ਬੁੱਧੀ ਵਿਚ ਹੀ ਜੀ ਲੈਂਦਾ ਹੈ ਅਤੇ ਬੁੱਧੀ ਵਿਚ ਹੀ ਮਰ ਜਾਂਦਾ ਹੈ। ਉਸ ਨੂੰ ਪਤਾ ਹੀ ਨਹੀਂ ਚਲਦਾ ਜੀਵਨ ਦਾ ਰਾਜ਼। ਉਸ ਨੂੰ ਜੀਵਨ ਦੇ ਰਹੱਸਾਂ ਦਾ ਕੋਈ ਬੋਧ ਨਹੀਂ ਹੁੰਦਾ।

ਯਹ ਲਾਲਾ-ਓ-ਗੁਲ, ਮਾਹੋ-ਅੰਜੁਮ ਮੂੰਹ ਨੋਚ ਨ ਲੇਂ ਵਾਇਜ਼ ਤੇਰਾ
ਮੈਖ਼ਾਨੇ ਬੰਦ ਨਹੀਂ ਹੋਤੇ, ਮੈਖ਼ਾਨੇ ਬੰਦ ਨਹੀਂ ਹੋਂਗੇ।

ਭਾਵੇਂ ਤੁਸੀਂ ਦਿੰਦੇ ਰਹੋ ਦੁਹਾਈ, ਤੁਸੀਂ ਮਚਾਉਂਦੇ ਰਹੋ ਸ਼ੋਰ, ਪਰ ਕਿੱਤੇ ਨ ਕਿੱਤੇ ਕੋਈ ਮੈਖ਼ਾਨਾ ਪੈਦਾ ਹੋ ਜਾਂਦਾ ਹੈ। ਜਿੱਥੇ ਕੋਈ ਗੋਰਖ ਪੈਦਾ ਹੋਇਆ, ਉੱਥੇ ਹੀ ਮੈਖ਼ਾਨਾ ਪੈਦਾ ਹੋਇਆ। ਜਿੱਥੇ ਕੋਈ ਕਬੀਰ ਉਠਿਆ ਉੱਥੇ ਮੈਖ਼ਾਨਾ ਉਠਿਆ। ਜਿੱਥੇ ਕੋਈ ਜੀਸਸ ਟੁਰਿਆ ਉੱਥੇ ਮਧੂਸ਼ਾਲਾ ਚਲੀ। ਬੁੱਧ ਜਿੱਥੇ ਬੈਠੇ, ਉੱਥੇ ਹੀ ਮਹੋਤਸਵ ਹੋਏਗਾ।

ਮੈਖ਼ਾਨੇ ਬੰਦ ਨਹੀਂ ਹੋਤੇ, ਮੈਖ਼ਾਨੇ ਬੰਦ ਨਹੀਂ ਹੋਂਗੇ।

ਅਗਰਚੇ ਜਿੱਥੇ-ਜਿੱਥੇ ਵੀ ਮੈਖ਼ਾਨੇ ਬਣਦੇ ਹਨ, ਛੇਤੀ ਹੀ ਉੱਥੋਂ ਮਧੂਸ਼ਾਲਾ ਤਾਂ ਸਮਾਪਤ ਹੋ ਜਾਂਦੀਆਂ ਹਨ, ਉੱਥੇ ਹੀ ਮੰਦਰ ਅਤੇ ਮਸਜਿਦ ਖੜੇ ਹੋ ਜਾਂਦੇ ਹਨ। ਬੁੱਧ ਦੇ ਕੋਲ ਤਾਂ ਇੱਕ ਮਧੁਰ ਰਸ ਵਰ੍ਹ ਰਿਹਾ ਹੈ, ਫਿਰ ਆਉਂਦੇ ਹਨ ਬੋਧ ਪੰਡਿਤ ਅਤੇ ਉਨ੍ਹਾਂ ਦੀ ਜਮਾਤ, ਮਧੂਸ਼ਾਲਾ ਛੇਤੀ ਹੀ ਇੱਕ ਉਦਾਸ ਮੰਦਰ ਬਣ ਜਾਂਦੀ ਹੈ। ਨਾਚ ਛੇਤੀਂ ਹੀ ਕ੍ਰਿਯਾ-ਕਾਂਡ ਹੋ ਜਾਂਦੇ ਹਨ। ਹ੍ਰਿਦੇ ਤੋਂ ਉਠੇ ਹੋਏ ਉੱਚੇ ਸੁਵਾਸ ਛੇਤੀਂ ਹੀ ਔਪਚਾਰਿਕ ਪ੍ਰਾਰਥਨਾਵਾਂ ਬਣ ਜਾਂਦੇ ਹਨ। ਜਿੱਥੇ ਜੀਵੰਤ ਸਤਯ ਦਾ ਅਵਿਰਭਾਵ (ਪ੍ਰਕਾਸ਼) ਹੁੰਦਾ ਸੀ, ਉੱਥੇ ਹੁਣ ਸਤਯ ਦੇ ਸੰਬੰਧ ਵਿਚ ਚਰਚਾ ਹੁੰਦੀ ਹੈ।

ਅਜਿਹਾ ਹੀ ਜੀਸਸ ਦੇ ਨਾਲ ਹੋਇਆ। ਅਜਿਹਾ ਹੀ ਕ੍ਰਿਸ਼ਨ ਦੇ ਨਾਲ ਹੋਇਆ, ਅਜਿਹਾ ਹੀ ਸਭ ਸਤਿਗੁਰੂਆਂ ਦੇ ਨਾਲ ਹੋਇਆ ਹੈ।

ਕ੍ਰਿਸ਼ਨ ਦੇ ਮੰਦਰ ਤੱਕ ਵੀ, ਹੁਣ ਬੰਸਰੀ ਕਿੱਥੇ ਵਜਦੀ ਹੈ? ਕ੍ਰਿਸ਼ਨ ਦੇ ਮੰਦਰ ਵਿਚ ਹੁਣ ਢੋਲਕ ਉੱਤੇ ਥਾਪ ਕਿੱਥੇ ਪੈਂਦੀ ਹੈ? ਕੁਝ ਅਜੀਬ ਜਿਹਾ ਜਾਲ ਹੈ ਆਦਮੀ ਦਾ, ਆਦਮੀ ਮੁਕਤੀ ਦੇਣ ਵਾਲਿਆਂ ਤੋਂ ਵੀ ਆਪਣੀ-ਅਮੁਕਤੀ ਲੱਭ ਲੈਂਦਾ ਹੈ।

ਮਗਰ ਸੁਭਾਗ ਹੈ ਇੱਕ ਕਿ ਸਾਡੇ ਸਾਰੇ ਆਯੋਜਨ (ਆਡੰਬਰ) ਦੇ ਬਾਵਜੂਦ, ਸਾਡੀ ਸਾਰੀ ਵਿਵਸਥਾ, ਬੰਦੋਬਸਤ ਦੇ ਬਾਵਜੂਦ ਕੋਈ ਨ ਕੋਈ ਖਿੜ ਉਠਦਾ ਹੈ। ਕਿੱਤੇ ਕੋਈ ਕਮਲ ਖਿੜ ਜਾਂਦਾ ਹੈ, ਕਿੱਤੇ ਕੋਈ ਸੁਵਾਸ ਉਡਣ ਲਗਦੀ ਹੈ ਆਕਾਸ਼ ਦੇ ਵਲ, ਕਿੱਤੇ ਪੂਜਾ ਦੇ ਸਵਰ ਫਿਰ ਸੁਣਾਈ ਪੈਂਦੇ ਹਨ, ਕਿੱਤੇ ਫਿਰ ਜੀਵਨ ਆਪਣੀ ਮਸਤੀ ਵਿਚ ਆ ਜਾਂਦਾ ਹੈ।

ਮੈਖ਼ਾਨੇ ਬੰਦ ਨਹੀਂ ਹੋਤੇ, ਮੈਖ਼ਾਨੇ ਬੰਦ ਨਹੀਂ ਹੋਂਗੇ।
ਖ਼ੁਦ ਸ਼ਮਏ-ਯਕੀਂ ਬਨ ਜਾਏਂਗੇ, ਹੰਸ-ਹੰਸ ਕਰ ਜਲ ਜਾਨੇ ਕੇ ਲੀਏ।
ਔਹਾਮ ਕੇ ਜ਼ੁਲਮਤਖ਼ਾਨੋਂ ਮੇਂ ਪਰਵਾਨੇ ਬੰਦ ਨਹੀਂ ਹੋਂਗੇ॥

ਚੰਗਾ ਹੈ ਕਿ ਪਰਵਾਨੇ ਅੰਧ ਵਿਸ਼ਵਾਸਾਂ ਦੇ ਹਨੇਰੇ ਵਿਚ ਬੰਦ ਨਹੀਂ ਹੁੰਦੇ; ਉਹ ਤਾਂ ਜਲ ਜਾਣ ਲਈ ਕਾਹਲੇ (ਆਤੁਰ) ਹੁੰਦੇ ਹਨ। ਅਤੇ ਜੇਕਰ ਸ਼ਮਾ ਨ ਮਿਲੇ ਤਾਂ ਉਹ ਖ਼ੁਦ ਹੀ

ਸ਼ਮਾ ਬਣ ਜਾਂਦੇ ਹਨ, ਪਰਵਾਨੇ ਹੀ ਸ਼ਮਾਵਾਂ ਬਣ ਜਾਣਗੇ ਜੇਕਰ ਸ਼ਮਾਵਾਂ ਨ ਮਿਲਣ। ਪਰ ਪਰਵਾਨੇ ਅੰਧ ਵਿਸ਼ਵਾਸ ਦੇ ਹਨੇਰਿਆਂ ਵਿਚ ਬੰਦ ਨਹੀਂ ਹੁੰਦੇ।

ਇਹ ਧਰਤੀ ਅੰਧ ਵਿਸ਼ਵਾਸ ਦੇ ਹਨੇਰੇ ਨਾਲ ਭਰੀ ਹੈ। ਅਤੇ ਅੰਧ ਵਿਸ਼ਵਾਸ ਇੰਨਾ ਪ੍ਰਾਚੀਨ ਹੈ ਕਿ ਅਜਿਹਾ ਲਗਦਾ ਹੈ ਕਿ ਅੰਧ ਵਿਸ਼ਵਾਸ ਹੀ ਜੀਵਨ ਹੈ। ਈਸ਼ਵਰ ਨੂੰ ਤੁਸੀਂ ਮੰਨਦੇ ਹੋ ਤਾਂ ਅੰਧ ਵਿਸ਼ਵਾਸੀ ਹੋ। ਈਸ਼ਵਰ ਨੂੰ ਜਾਨਣਾ ਹੋਏਗਾ, ਮੰਨਣ ਨਾਲ ਕੁਝ ਕੰਮ ਨਹੀਂ ਚਲੇਗਾ। ਮੰਨਣਾ ਬਹੁਤ ਸਸਤੀ ਗੱਲ ਹੈ। ਮੰਨਣਾ ਬਿਲਕੁੱਲ ਹੀ ਦੋ ਕੌਡੀਆਂ ਦੀ ਗੱਲ ਹੈ। ਜੋ ਮੰਨਦਾ ਹੈ ਉਹ ਅਧਾਰਮਿਕ ਹੈ। ਜਾਨਣਾ ਹੋਏਗਾ। ਜਾਨਣ ਤੋਂ ਘੱਟ ਵਿਚ ਕੰਮ ਨਹੀਂ ਹੋਏਗਾ। ਪਰ ਜਾਨਣ ਲਈ ਹਿੰਮਤ ਇਕੱਠੀ ਕਰਨੀ ਪੈਂਦੀ ਹੈ। ਜਾਨਣ ਲਈ ਤਾਂ ਪਰਵਾਨੇ ਨੂੰ ਸ਼ਮਾ ਬਣ ਜਾਣਾ ਹੁੰਦਾ ਹੈ। ਹੋਰ ਜਾਨਣ ਲਈ ਤਾਂ ਆਪਣੇ ਪ੍ਰਾਣਾਂ ਦੀ ਆਹੂਤੀ ਦੇਣੀ ਹੁੰਦੀ ਹੈ। ਜਾਨਣ ਲਈ ਤਾਂ ਦਾਵ ਉੱਤੇ ਲਾਉਂਣਾ ਹੁੰਦਾ ਹੈ ਜੀਵਨ ਨੂੰ।

ਧਰਮ ਕੋਈ ਕੌਤੂਹਲ (ਖਾਜ) ਨਹੀਂ ਹੈ, ਧਰਮ ਕੋਈ ਖਾਜ ਦੀ ਖੁਜਲਾਹਟ ਨਹੀਂ ਹੈ—ਧਰਮ ਹੈ ਪ੍ਰਾਣਾਂ ਦੀ ਬਾਜ਼ੀ। ਇਸ ਲਈ ਥੋੜ੍ਹੇ ਜਿਹੇ ਸਾਹਸੀ ਲੋਗ ਹੀ ਧਾਰਮਿਕ ਹੋ ਪਾਉਂਦੇ ਹਨ। ਧਰਮ-ਡਰਪੋਕਾਂ ਲਈ ਨਹੀਂ ਹੈ, ਕਾਇਰਾਂ ਲਈ ਨਹੀਂ ਹੈ। ਕਾਇਰ ਤਾਂ ਭਗੌੜੇ ਹੋ ਜਾਂਦੇ ਹਨ। ਧਰਮ ਤਾਂ ਉਨ੍ਹਾਂ ਲਈ ਹੈ ਜੋ ਜੀਵਨ ਦੇ ਯੁੱਧ ਵਿਚ, ਜੀਵਨ ਦੀ ਚੁਨੌਤੀ ਨੂੰ, ਉਸਦੀ ਸਮਗ੍ਰਤਾ ਵਿਚ ਸਵੀਕਾਰ ਕਰਦੇ ਹਨ। ਜੋ ਜੀਵਨ ਨੂੰ ਜੀਉਂਦੇ ਹਨ, ਪੂਰਣਤਾ ਨਾਲ ਜੀਉਂਦੇ ਹਨ। ਜਿਹੜੇ ਭਜਦੇ ਨਹੀਂ। ਜਿਹੜੇ ਡੱਰੇ ਹੋਏ ਨਹੀਂ ਹਨ। ਜੋ ਕੰਬਦੇ ਹੋਏ ਨਹੀਂ ਹਨ। ਜਿਹੜੇ ਪੈਰ ਜਮਾ ਕੇ ਜੀਵਨ ਵਿਚ ਸੰਘਰਸ਼ ਲੈਂਦੇ ਹਨ। ਉਸੇ ਸੰਘਰਸ਼ ਨਾਲ ਆਤਮਾ ਦਾ ਜਨਮ ਹੁੰਦਾ ਹੈ। ਉਨ੍ਹਾਂ ਚੁਨੌਤੀਆਂ ਵਿਚ ਆਤਮਾ ਪਕਦੀ ਹੈ, ਸਬਲ (ਮਜ਼ਬੂਤ) ਹੁੰਦੀ ਹੈ। ਗੋਰਖ ਦੇ ਸੂਤਰ ਤੁਹਾਡੇ ਜੀਵਨ ਨੂੰ ਮਧੂਸ਼ਾਲਾ ਬਣਾ ਸਕਦੇ ਹਨ। ਗੋਰਖ ਦੇ ਸੂਤਰ ਤੁਹਾਨੂੰ ਪਰਵਾਨਾ ਬਣਾ ਸਕਦੇ ਹਨ—ਅਤੇ ਅਜਿਹਾ ਪਰਵਾਨਾ ਕਿ ਜੇਕਰ ਸ਼ਮ੍ਹਾਂ ਨ ਮਿਲੇ ਤਾਂ ਤੁਸੀਂ ਖ਼ੁਦ ਸ਼ਮਾ ਬਣ ਜਾਓ। ਇਹ ਸੂਤਰ ਅਦਭੁਤ (ਅਨੋਖੇ) ਹਨ। ਇੱਕ-ਇੱਕ ਸੂਤਰ ਵਿਚ ਖ਼ੂਬ ਡੁੱਬਣਾ, ਪੀਣਾ। ਇੱਕ-ਇੱਕ ਸੂਤਰ ਨੂੰ ਪਿਆਲੀ ਵਿਚ ਭਰ ਲੈਣਾ ਹ੍ਰਿਦੇ ਦੀ।

ਮਨ ਮੈਂ ਰਹਿਣਾ, ਭੇਦ ਨ ਕਹਿਣਾ ਬੋਲਿਬਾ ਅਮ੍ਰਤ-ਬਾਣੀ।
ਆਗਿਲਾ ਅਗਨੀ ਹੋਇਬਾ ਅਵਧੂ, ਤੌਂ ਆਪਣ ਹੋਇਬਾ ਪਾਣੀ॥

ਮਨ ਮੈਂ ਰਹਿਣਾ... । ਅੱਜੇ ਤੁਸੀਂ ਬਾਹਰ ਰਹਿ ਰਹੇ ਹੋ। ਅੱਜੇ ਤੁਹਾਨੂੰ ਅੰਦਰ ਰਹਿਣ ਦੀ ਕਲਾ ਨਹੀਂ ਆਉਂਦੀ। ਇਸੇ ਲਈ ਦੁਖੀ ਹੋ। ਜੋ ਬਾਹਰ ਹੈ ਉਹ ਦੁਖੀ, ਜੋ ਅੰਦਰ ਹੈ ਉਹ ਸੁਖੀ। ਜੋ ਬਾਹਰ ਹੈ ਉਹ ਨਰਕ ਵਿਚ ਹੈ, ਜੋ ਅੰਦਰ ਹੈ ਉਹ ਸੁਖੀ। ਜੋ ਬਾਹਰ ਹੈ ਉਹ ਨਰਕ ਵਿਚ ਹੈ, ਜੋ ਅੰਦਰ ਹੈ ਉਹ ਸਵਰਗ ਵਿਚ ਹੈ।

ਬਾਹਰ ਰਹਿਣ ਦਾ ਅਰਥ ਹੁੰਦਾ ਹੈ : ਵਾਸਨਾਵਾਂ ਵਿਚ ਰਹਿਣਾ। ਧਨ ਮਿਲੇ ਪਦ ਮਿਲੇ ਪ੍ਰਤਿਸ਼ਠਾ ਮਿਲੇ, ਸੰਮਾਨ ਮਿਲੇ, ਸਮ-ਆਦਰ ਮਿਲੇ। ਬਾਹਰ ਰਹਿਣ ਦਾ ਅਰਥ ਹੁੰਦਾ ਹੈ ਕੁਝ ਮਿਲੇ ਤਾਂ ਸੁਖ ਹੋਵੇ। ਅੰਦਰ ਰਹਿਣ ਦਾ ਅਰਥ ਹੁੰਦਾ ਹੈ ਜਿਸ ਨਾਲ ਸੁਖ ਹੋ ਸਕਦਾ ਹੈ, ਉਹ ਤਾਂ ਮਿਲਿਆ ਹੀ ਹੋਇਆ ਹੈ। ਇਸ ਭੇਦ ਨੂੰ ਖ਼ੂਬ ਬਰੀਕੀ ਨਾਲ ਯਾਦ ਰੱਖ

ਲੈਣਾ। ਬਾਹਰ ਰਹਿਣ ਦਾ ਅਰਥ ਕੁਝ ਮਿਲੇ ਤਾਂ ਸੁਖ ਹੋਏਗਾ; ਸੁਖ ਸ਼ਰਤ ਨਾਲ ਹੈ। ਇੱਕ ਸ਼ਰਤ ਹੈ। ਕੋਈ ਕਹਿੰਦਾ ਹੈ ਦਸ ਲਖ ਰੁਪਏ ਮੇਰੇ ਕੋਲ ਹੋਣ ਤਾਂ ਮੈਂ ਸੁਖੀ ਹੋਵਾਂਗਾ; ਇਹ ਉਸਨੇ ਸ਼ਰਤ ਲਾ ਦਿੱਤੀ ਸੁਖ ਉੱਤੇ। ਹੁਣ ਦਸ ਲਖ ਜਦ ਤੱਕ ਨਹੀਂ ਮਿਲਣਗੇ ਉਹ ਦੁਖੀ ਰਹੇਗਾ। ਅਤੇ ਉਸ ਨੂੰ ਇੱਕ ਹੋਰ ਅਚੰਭਾ ਉਸ ਦਿਨ ਹੋਵੇਗਾ ਜਦ ਦਸ ਲਖ ਮਿਲਣਗੇ। ਜਦ ਤੱਕ ਦਸ ਲਖ ਨਹੀਂ ਮਿਲੇ ਦੁਖੀ ਹੋ ਗਿਆ, ਕਿਉਂਕਿ ਸੁਖ ਬੇਸ਼ਰਤ ਮਿਲਿਆ ਹੋਇਆ ਹੈ। ਸੁਖ ਸਾਡਾ ਸੁਭਾਵ ਹੈ। ਸੁਖ ਅਸੀਂ ਲੈ ਕੇ ਆਏ ਹਾਂ। ਸੁਖ ਸਾਡੇ ਅੰਦਰ ਵਸਿਆ ਹੈ ਅਤੇ ਤੁਸੀਂ ਬਾਹਰ ਲਭੱਣ ਟੁੱਰ ਪਏ। ਅਤੇ ਤੁਸੀਂ ਸੁਖ ਉੱਤੇ ਸ਼ਰਤਾਂ ਲਾ ਦਿੱਤੀਆਂ। ਬਾਹਰ ਲੱਭਣਾਂ ਹੋਵੇ ਤਾਂ ਸ਼ਰਤ ਲਾਉਣੀ ਪੈਂਦੀ ਹੈ, ਨਹੀਂ ਤਾਂ ਲਭੋਗੇ ਕੀ? ਲਭੱਣ ਦਾ ਅਰਥ ਹੁੰਦਾ ਹੈ; ਸ਼ਰਤ ਪੂਰੀ ਕਰਨ ਦਾ ਉਪਾਅ। ਕਿਸੇ ਨੇ ਕਿਹਾ ਕਿ ਜਦ ਤੱਕ ਪ੍ਰਧਾਨ ਮੰਤਰੀ ਨਹੀਂ ਹੋ ਜਾਵਾਂਗਾ, ਸੁਖੀ ਨਹੀਂ ਹੋਵਾਂਗਾ; ਉਸਨੇ ਇੱਕ ਸ਼ਰਤ ਲਗਾ ਦਿੱਤੀ।

ਹੁਣ ਅੱਠ ਕਰੋੜ ਦਾ ਦੇਸ਼ ਹੋਵੇ ਤਾਂ ਪ੍ਰਧਾਨਮੰਤ੍ਰੀ ਹੋਣਾ ਲੰਮੀ ਯਾਤ੍ਰਾ ਹੈ। ਜੀਉਂਦੇ ਜੀ ਪਹੁੰਚ ਪਾਓਗੇ, ਇਸ ਦੀ ਸੰਭਾਵਨਾ ਘੱਟ ਹੈ। ਤਾਂ ਪੂਰੀ ਜ਼ਿੰਦਗੀ ਤਾਂ ਦੁਖ ਵਿਚ ਬੀਤੇਗੀ। ਕਿਉਂਕਿ ਜਦ ਤੱਕ ਸ਼ਰਤ ਪੂਰੀ ਨਹੀਂ ਹੁੰਦੀ, ਸੁਖੀ ਕਿਵੇਂ ਹੋ ਜਾਵਾਂ? ਅਤੇ ਜੋ ਆਦਮੀ ਪੂਰੀ ਜ਼ਿੰਦਗੀ ਦੁਖ ਵਿਚ ਜੀਵਿਆ ਹੈ ਉਹ ਜਦ ਪ੍ਰਧਾਨ ਮੰਤਰੀ ਹੋ ਜਾਏਗਾ ਤਾਂ ਹੋਰ ਚਕਿਤ ਹੋਏਗਾ ਕਿ ਪੂਰੀ ਜ਼ਿੰਦਗੀ ਦੁਖ ਵਿਚ ਰਹਿਣ ਦੇ ਕਾਰਣ ਦੁਖ ਦੀ ਆਦਤ ਹੋ ਗਈ। ਇਸ ਲਈ ਪ੍ਰਧਾਨ ਮੰਤ੍ਰੀ ਹੋਣ ਨਾਲ ਹੀ ਕੋਈ ਦੁਖ ਦੀ ਆਦਤ ਇੰਨੀ ਛੇਤੀ ਛੁਟ ਨਹੀਂ ਜਾਏਗੀ।

ਤੁਸੀਂ ਜਾਣਦੇ ਹੋ, ਆਦਤਾਂ ਬਹੁਤ ਮੁਸ਼ਕਿਲ ਨਾਲ ਛੁਟਦੀਆਂ ਹਨ। ਹੁਣ ਜੇਕਰ ਜਿਸ ਆਦਮੀ ਨੇ ਸੱਠ ਸਾਲ ਤੱਕ ਦੁਖ ਦੀ ਆਦਤ ਦਾ ਅਭਿਆਸ ਕੀਤਾ ਹੋਵੇ—ਲਗਾਤਾਰ, ਅਹ੍ਰਨਿਸ, ਸਵੇਰੇ ਅਤੇ ਸ਼ਾਮ, ਜਾਗਦੇ ਅਤੇ ਸੌਂਦੇ ਇੱਕ ਹੀ ਸੁਫਨਾ ਵੇਖਿਆ ਹੋਵੇ ਕਿ ਕਿਵੇਂ ਪ੍ਰਧਾਨ ਮੰਤ੍ਰੀ ਹੋ ਜਾਵਾਂ—ਉਹ ਸੱਠ ਸਾਲ ਬਾਅਦ ਜਦ ਪ੍ਰਧਾਨ ਮੰਤ੍ਰੀ ਹੋ ਜਾਏ, ਜੇਕਰ ਹੋ ਜਾਏ, ਸੰਭਾਵਨਾਂ ਤਾਂ ਬਹੁਤ ਘੱਟ ਹੈ, ਬਹੁਤ ਕਰਕੇ ਲੋਗ ਤਾਂ ਮਰ ਜਾਣਗੇ, ਪ੍ਰਧਾਨ ਮੰਤ੍ਰੀ ਨਹੀਂ ਹੋ ਸਕਣਗੇ—ਪਰ ਕਦੇ ਕਿਸੇ ਬਿੱਲੀ ਦੇ ਭਾਗੀਂ ਛਿੱਕਾ ਟੁੱਟ ਜਾਏ ਜਿਵੇਂ ਇੰਦਿਰਾ ਦਾ ਛਿੱਕਾ ਟੁੱਟ ਗਿਆ, ਮੋਰਾਰਜੀ ਦੇ ਭਾਗਾਂ ਨਾਲ, ਟੁੱਟ ਜਾਏ ਤਾਂ ਵੀ ਸੁਖੀ ਨਹੀਂ ਹੋ ਸਕੇਗਾ ਵਿਅਕਤੀ। ਕਿਉਂਕਿ ਹੁਣ ਸੱਠ ਸਾਲਾਂ ਦਾ ਲਗਾਤਾਰ ਅਭਿਆਸ ਕਿੱਥੇ ਛੱਡੋਗੇ? ਉਹ ਜਿਹੜੀਆਂ ਦੁਖ ਦੀਆਂ ਆਦਤਾਂ ਬਣ ਗਈਆਂ ਹਨ, ਉਹ ਜਿਹੜਾ ਚਿੱਤ ਦੁਖ ਵਿਚ ਰਹਿਣ ਦਾ ਆਦੀ ਹੋ ਗਿਆ ਹੈ, ਉਸ ਨੂੰ ਕਿਵੇਂ ਛੱਡੋਗੇ? ਅਜਿਹਾ ਥੋੜ੍ਹੇ ਹੀ ਹੈ ਕਿ ਉਤਾਰ ਕੇ ਰੱਖ ਦਿੱਤਾ, ਹੁਣ ਤਾਂ ਦੁਖ ਤੁਹਾਡੇ ਹੱਡ-ਮਾਂਸ ਵਿਚ ਸਮਾ ਗਿਆ ਹੈ। ਅਜਿਹਾ ਥੋੜ੍ਹੇ ਹੀ ਹੈ ਕਿ ਕਪੜਿਆਂ ਵਰਗਾ ਹੈ ਉਤਾਰ ਕੇ ਰੱਖ ਦਿੱਤਾ ਅਤੇ ਦੂਜੇ ਕਪੜੇ ਪਾ ਲਏ। ਹੁਣ ਤਾਂ ਦੁਖ ਤੁਹਾਡੀ ਚਮੜੀ ਹੋ ਗਿਆ। ਹੁਣ ਤਾਂ ਦੁਖ ਉਤਾਰਨਾ ਬਹੁਤ ਮੁਸ਼ਕਿਲ ਹੋ ਜਾਏਗਾ। ਤਾਂ ਨਵੇਂ ਦੁਖ ਦੇ ਆਯੋਜਨ ਮਨ ਕਰ ਲਵੇਗਾ।

ਦਸ ਲਖ ਜਦ ਤੱਕ ਨਹੀਂ ਮਿਲੇ ਹਨ ਤਦ ਤੱਕ ਦਸ ਲਖ ਮਿਲ ਜਾਣ, ਇਸਦੇ ਲਈ ਦੁਖੀ ਹੋ; ਜਿਵੇ ਹੀ ਦਸ ਲਖ ਮਿਲਣਗੇ ਤੁਸੀਂ ਸੁਖ ਪਾਓਗੇ, ਮਨ ਕਹਿੰਦਾ ਹੈ ਦਸ ਲਖ

ਨਾਲ ਕੀ ਹੋਏਗਾ, ਘਟੋ-ਘੱਟ ਕਰੋੜ ਤਾਂ ਚਾਹੀਦੇ ਹੀ ਹਨ। ਇਸ ਲਈ ਕੋਈ ਵਾਸਨਾ ਪੂਰੀ ਨਹੀਂ ਹੁੰਦੀ, ਕਿਉਂਕਿ ਜਦ ਤੱਕ ਪੂਰੇ ਹੋਣ ਦਾ ਸਮਾਂ ਆਉਂਦਾ ਹੈ, ਤਦ ਤੱਕ ਦੁਖ ਦੀ ਆਦਤ ਹੋ ਜਾਂਦੀ ਹੈ। ਤੁਸੀਂ ਨਵਾਂ ਪੂਛੇਪਣ (ਧਾਰਣਾ ਬਨਾਣਾ) ਕਰ ਲੈਂਦੇ ਹੋ। ਤੁਸੀਂ ਦੁਖ ਲਈ ਨਵੀਂ ਸ਼ਰਤ ਬਣਾ ਲੈਂਦੇ ਹੋ। ਤੁਸੀਂ ਸ਼ਰਤ ਨੂੰ ਅੱਗੇ ਵੱਧਾ ਦਿੰਦੇ ਹੋ। ਤੁਸੀਂ ਕਹਿੰਦੇ ਹੋ ਇੱਕ ਕਰੋੜ ਹੋਏਗਾ ਤਾਂ ਸੁਖੀ ਹੋ ਸਕਾਂਗਾ। ਅਤੇ ਤੁਸੀਂ ਸਭ ਜਾਣਦੇ ਹੋ, ਇਸ ਲਈ ਕੋਈ ਪ੍ਰਧਾਨ ਮੰਤ੍ਰੀ ਹੋਣ ਦੀ ਜ਼ਰੂਰਤ ਨਹੀਂ ਹੈ।

ਤੁਸੀਂ ਸਭ ਜਾਣਦੇ ਹੋ, ਸੋਚਦੇ ਸੀ ਇਹ ਕਾਰ ਮਿਲ ਜਾਏ, ਇਹ ਮਕਾਨ ਮਿਲ ਜਾਏ, ਇਹ ਦੁਕਾਨ ਮਿਲ ਜਾਏ—ਮਿਲ ਗਈ; ਸੁਖੀ ਕਿੱਥੇ ਹੋ ? ਸੋਚਦੇ ਸੀ ਇਹ ਇਸਤ੍ਰੀ ਮਿਲ ਜਾਏ, ਮਿਲ ਗਈ; ਇਹ ਪੁਰਸ਼ ਮਿਲ ਜਾਏ, ਮਿਲ ਗਿਆ—ਸੁਖੀ ਕਿੱਥੇ ਹੋ?

ਸੁਖ ਕਿੱਥੇ ਹੈ?

ਸ਼ਾਇਦ ਤੁਹਾਨੂੰ ਯਾਦ ਹੀ ਨ ਆਇਆ ਹੋਵੇ ਕਿ ਜਿਸ ਦਿਨ ਤੁਹਾਨੂੰ ਜੋ ਚੀਜ਼ ਮਿਲ ਜਾਂਦੀ ਹੈ, ਉਸੇ ਦਿਨ ਵਿਅਰਥ ਹੋ ਜਾਂਦੀ ਹੈ। ਉਸੇ ਦਿਨ ਤੁਸੀਂ ਦੂਜੀ ਯੋਜਨਾ ਬਣਾਉਣ ਲਗਦੇ ਹੋ। ਮਨ ਨਵੇਂ ਸੁਫ਼ਨੇ ਵੇਖਣ ਲਗਦਾ ਹੈ—ਹੋਰ ਅੱਗੇ ਪੁੱਜ ਜਾਵਾਂ! ਤੁਸੀਂ ਨਵੀਂ ਸ਼ਰਤ ਲਗਾ ਦਿੱਤੀ। ਸ਼ਰਤ ਨੂੰ ਤੁਸੀਂ ਅਗੇ ਵੱਧਾ ਦਿੱਤਾ। ਸ਼ਰਤ ਨੂੰ ਤੁਸੀਂ ਜੀਵਨ-ਭਰ ਅੱਗੇ ਵਧਾਉਂਦੇ ਜਾਓਗੇ ਅਤੇ ਤੁਸੀਂ ਦੁਖੀ ਹੀ ਰਹੋਗੇ

ਸੁਖ ਹੁੰਦਾ ਹੈ ਬੇ-ਸ਼ਰਤ; ਉਸਦੀ ਕੋਈ ਸ਼ਰਤ ਨਹੀਂ ਹੈ। ਜਿਸ ਨੂੰ ਇਹ ਸਮਝ ਵਿਚ ਆ ਗਿਆ ਹੈ ਕਿ ਸੁਖ ਬੇਸ਼ਰਤ ਹੈ, ਉਹ ਤੱਤਛਣ (ਝੱਟ-ਪੱਟ) ਅੰਦਰ ਮੁੜ ਜਾਂਦਾ ਹੈ। ਬਾਹਰ ਤਾਂ ਅਸੀਂ ਟੁਰਦੇ ਹੀ ਇਸ ਲਈ ਹਾਂ ਕਿ ਸ਼ਰਤਾਂ ਪੂਰੀਆਂ ਕਰਨੀਆਂ ਹਨ। ਸ਼ਰਤਾਂ ਬਾਹਰ ਹੀ ਪੂਰੀਆਂ ਹੋ ਸਕਦੀਆਂ ਹਨ, ਅੰਦਰ ਸ਼ਰਤਾਂ ਪੂਰੀਆਂ ਕਿਵੇਂ ਕਰੋਗੇ? ਅੰਦਰ ਤਾਂ ਨ ਧਨ ਪੈਦਾ ਕਰ ਸਕਦੇ ਹੋ, ਨ ਪਦ ਪੈਦਾ ਕਰ ਸਕਦੇ ਹੋ। ਅੱਖਾਂ ਬੰਦ ਕੀਤੇ ਬੈਠੇ-ਬੈਠੇ ਪ੍ਰਧਾਨ ਮੰਤ੍ਰੀ ਨਹੀਂ ਹੋ ਜਾਓਗੇ; ਨ ਹੀ ਅੱਖਾਂ ਬੰਦ ਕੀਤੇ ਬੈਠੇ-ਬੈਠੇ ਕੋਹਿਨੂਰ ਹੀਰਿਆਂ ਦਾ ਢੇਰ ਤੁਹਾਡੇ ਸਾਹਮਣੇ ਲਗ ਜਾਏਗਾ; ਨ ਹੀ ਅੱਖਾਂ ਬੰਦ ਕੀਤਿਆਂ ਬੈਠੇ-ਬੈਠੇ ਜਗਤ ਵਿਚ ਤੁਹਾਡੀ ਪ੍ਰਸਿੱਧੀ ਹੋ ਜਾਏਗੀ। ਨਹੀਂ ਅੰਦਰ ਤਾਂ ਤੁਹਾਡੀ ਕੋਈ ਸ਼ਰਤ ਪੂਰੀ ਨਹੀਂ ਹੋ ਸਕਦੀ। ਅੰਦਰ ਤਾਂ ਉਹ ਹੀ ਜਾਏਗਾ ਜਿਸ ਨੇ ਸ਼ਰਤ ਦੀ ਮੂਰ੍ਹਤਾ ਵੇਖ ਲਈ ਹੈ; ਜਿਸ ਨੇ ਵੇਖਿਆ ਕਿ ਸਭ ਸ਼ਰਤਾਂ ਪੂਰੀਆਂ ਹੋ ਜਾਣ ਤਾਂ ਵੀ ਕੁਝ ਪੂਰਾ ਨਹੀਂ ਹੁੰਦਾ। ਜਿਸ ਨੂੰ ਇਹ ਸੱਚ ਵਿਖਾਈ ਪੈ ਗਿਆ, ਉਹ ਹੀ ਅੰਦਰ ਜਾਂਦਾ ਹੈ।ਅਤੇ ਜੋ ਅੰਦਰ ਗਿਆ, ਉਸਨੇ ਸੁਖ ਪਾਇਆ : ਕਿਉਂਕਿ ਅੰਦਰ ਸੁਖ ਮੌਜੂਦ ਹੈ। ਸੁਖ ਤੁਹਾਡਾ ਸੁਭਾਅ ਹੈ।

ਮਨ ਮੈਂ ਰਹਿਣਾ...! ਮਨ ਵਿਚ ਰਹਿਣ ਦਾ ਅਰਥ ਹੁੰਦਾ ਹੈ : ਅੰਦਰ ਰਹਿਣਾ।

ਉੱਥੇ ਰਹਿਣਾ ਜਿੱਥੇ ਤੁਸੀਂ ਹੋ। ਉੱਥੋਂ ਕਦੇ ਨ ਹਟਣਾ। ਉੱਥੋਂ ਹਟੇ ਕਿ ਭਟਕੇ। ਹਟਾਉਂਦਾ ਕੌਣ ਹੈ? ਵਾਸਨਾ ਹਟਾਉਂਦੀ ਹੈ, ਇੱਛਾ ਹਟਾ ਲੈਂਦੀ ਹੈ, ਚਾਹਤ ਹਟਾ ਲੈਂਦੀ ਹੈ। ਚਾਹਤ ਕਹਿੰਦੀ ਹੈ : ਇੱਥੇ ਬੈਠੇ-ਬੈਠੇ ਕੀ ਕਰ ਰਹੇ ਹੋ ਅੰਦਰ? ਉਠੋ, ਟੁਰੋ, ਬਹੁਤ ਕੁਝ ਕਰਨਾ ਹੈ ਦੁਨੀਆਂ ਵਿਚ। ਬਹੁਤ ਯਾਤ੍ਰਾਵਾਂ ਕਰਨੀਆਂ ਹਨ, ਪੂਰੀਆਂ ਕਰੋ। ਇਵੇਂ ਤਾਂ ਜਿੰਦਗੀ ਗੁਆ ਦਿਓਗੇ।

ਅਸੀਂ ਸਭ ਟੁਰ ਪੈਂਦੇ ਹਾਂ। ਸਾਰੀ ਦੁਨੀਆਂ ਟੁਰ ਰਹੀ ਹੈ। ਇਸ ਲਈ ਟੁਰਨਾ ਹੀ ਠੀਕ ਮਾਲੂਮ ਹੁੰਦਾ ਹੈ। ਠੀਕ ਹੈ ਟੁਰਨਾ ਹੀ, ਕਿਉਂਕਿ ਸਾਰੇ ਹੀ ਟੁਰ ਰਹੇ ਹਨ। ਮਨੁੱਖ ਤਾਂ ਅਨੁਕਰਣ (ਨਕਲ) ਕਰਦਾ ਹੈ। ਪਿਓ ਚਲ ਰਿਹਾ ਹੈ, ਭਰਾ ਚਲ ਰਿਹਾ ਹੈ, ਮਿਤ੍ਰ ਚਲ ਰਹੇ ਹਨ, ਗੁਆਂਢ ਦੇ ਲੋਗ ਚਲ ਰਹੇ ਹਨ। ਸਭ ਚਲ ਰਹੇ ਹਨ ਬਾਹਰ—ਤੁਸੀਂ ਵੀ ਭਜੋ। ਤੁਸੀਂ ਵੀ ਛਿਟਕੇ ਅੰਦਰੋਂ। ਤੁਸੀਂ ਵੀ ਮਨ ਦਾ ਵਿਓਪਾਰ ਸ਼ੁਰੂ ਕੀਤਾ। ਤੁਸੀਂ ਕਿਹਾ : ਇਹ ਹੋ ਜਾਏ, ਉਹ ਹੋ ਜਾਏ। ਮੇਰੇ ਕੋਲ ਜਦ ਇੰਨਾ ਸਭ ਹੋਏਗਾ, ਤਦ ਸੁਖੀ ਹੋਵਾਂਗਾ।

ਮੈਂ ਤੁਹਾਨੂੰ ਕਹਿਣਾ ਚਾਹੁੰਦਾ ਹਾਂ ਅਤੇ ਸਦਾ ਤੋਂ ਬੁੱਧ ਪੁਰਸ਼ਾਂ ਨੇ ਇਹ ਹੀ ਕਿਹਾ ਹੈ ਕਿ ਜੇਕਰ ਤੁਸੀਂ ਸੁਖੀ ਹੋਣਾ ਚਾਹੁੰਦੇ ਹੋ ਤਾਂ ਕਿਤੇ ਵੀ ਜਾਣ ਦੀ ਲੋੜ ਨਹੀਂ ਹੈ। ਲਾਓਤਸੁ ਦਾ ਵਚਨ ਹੈ : ਆਪਣਾ ਕਮਰਾ ਵੀ ਛਡੱਣ ਦੀ ਲੋੜ ਨਹੀਂ। ਕਿਉਂਕਿ ਸੁਖ ਤੁਹਾਡੀ ਸੰਪਦਾ ਹੈ। ਇਹ ਧਰਮ ਦਾ ਆਧਾਰਭੂਤ ਸਤਯ ਹੈ : ਸੁਖ ਕਮਾਉਂਣਾ ਨਹੀਂ ਹੁੰਦਾ, ਸੁਖ ਮਿਲਿਆ ਹੋਇਆ ਹੈ। ਸੁਖ ਪ੍ਰਸਾਦ ਹੈ ; ਪਰਮਾਤਮਾ ਨੇ ਦਿੱਤਾ ਹੀ ਹੋਇਆ ਹੈ। ਪਰ ਤੁਸੀਂ ਉਸ ਪ੍ਰਸਾਦ ਨੂੰ ਵੇਖੋ ਕਦੀ ਤੁਸੀਂ ਤਾਂ ਪਿੱਠ ਕੀਤੀ ਹੋਈ ਹੈ ਪ੍ਰਸਾਦ ਵਲ। ਤੁਸੀਂ ਤਾਂ ਭੱਜੇ ਜਾਂਦੇ ਹੋ ਬਾਹਰ। ਤੁਸੀਂ ਤਾਂ ਰੁਕਦੇ ਹੀ ਨਹੀਂ ਹੋ ਘੜੀ-ਪਲ ਲਈ। ਤੁਹਾਡੀ ਦੌੜ ਤਾਂ ਲਗਾਤਾਰ ਚਲ ਰਹੀ ਹੈ ਦਿਨ-ਭਰ ਸੋਚਦੇ ਹੋ, ਸੋਚਣ ਵਿਚ ਦੌੜਦੇ ਹੋ। ਰਾਤ-ਭਰ ਸੁਫ਼ਨੇ ਵੇਖਦੇ ਹੋ, ਸੁਫ਼ਨਿਆਂ ਵਿਚ ਦੌੜਦੇ ਹੋ। ਭਜਦੇ ਹੀ ਚਲੇ ਜਾਂਦੇ ਹੋ। ਰੁਕੋਗੇ ਕਦੋਂ? ਜਿਸ ਦਿਨ ਠਹਿਰ ਜਾਓਗੇ, ਜਿਸ ਦਿਨ ਰੁੱਕ ਜਾਓਗੇ, ਉਸੇ ਦਿਨ ਅਚਾਨਕ ਚੌਂਕੋਗੇ, ਵਿਸ਼ਵਾਸ ਵੀ ਨਹੀਂ ਆਏਗਾ, ਅਵਾਕ ਰਹਿ ਜਾਓਗੇ, ਠਗੇ ਕਿ ਮੈਂ ਕਿਉਂ ਇੰਨਾ ਵਿਅਰਥ ਦੌੜਿਆ !

ਜਿਸ ਨੂੰ ਮੈਂ ਲਭਦਾ ਸੀ ਉਹ ਮੇਰੇ ਅੰਦਰ ਮੌਜੂਦ ਹੈ।

ਮਨ ਮੈਂ ਰਹਿਣਾ, ਭੇਦ ਨ ਕਹਿਣਾ...!

ਇਹ ਜੋ ਮਨ ਦੇ ਅੰਦਰ ਤੁਹਾਨੂੰ ਅਨੁਭਵ ਵਿਚ ਆਏ, ਇਸ ਨੂੰ ਕਿਸੇ ਨੂੰ ਕਹਿਣਾ ਨ। ਕਿਉਂ, ਇਸ ਭੇਦ ਨੂੰ ਕਿਉਂ ਨ ਕਹਿਣਾ? ਕਿਉਂਕਿ ਇਹ ਭੇਦ ਅਜਿਹਾ ਹੈ ਕਿ ਤੁਸੀਂ ਜਿਸ ਨੂੰ ਵੀ ਕਹੋਗੇ ਉਹ ਹੀ ਹੱਸੇਗਾ। ਹੋ ਸਕਦਾ ਹੈ ਅੱਜੇ ਤੁਹਾਡੇ ਵਿਚ ਇੰਨੀ ਸਾਮ੍ਰਥਾ ਨ ਹੋਵੇ ਕਿ ਤੁਸੀਂ ਦੂਜਿਆਂ ਦਾ ਹਾਸਾ ਝੱਲ ਸਕੋ। ਕਿਉਂਕਿ ਇਹ ਭੇਦ ਤੁਸੀਂ, ਜਿਸ ਨੂੰ ਕਹੋਗੇ, ਉਹ ਹੀ ਤੁਹਾਨੂੰ ਪਾਗਲ ਸਮਝੇਗਾ।

ਹੋ ਸਕਦਾ ਹੈ ਅੱਜੇ ਤੁਸੀਂ ਕੱਚੇ-ਕੱਚੇ ਹੋਵੋ, ਅੱਜੇ ਨਵੇਂ-ਨਵੇਂ ਅੰਦਰ ਦੀ ਯਾਤ੍ਰਾ ਤੇ ਟੁਰੇ ਕਿੱਤੇ ਲੋਗਾਂ ਦਾ ਹਸੱਣਾ ਤੁਹਾਨੂੰ ਛਿਟਕਾ (ਬਿਦਕਣਾ) ਨ ਦੇਵੇ। ਕਿੱਤੇ ਅਜਿਹਾ ਨ ਹੋਵੇ ਕਿ ਲੋਗ ਤੁਹਾਨੂੰ ਪਾਗਲ ਕਹਿਣ ਲਗਣ, ਤੁਹਾਨੂੰ ਵੀ ਸ਼ੱਕ ਹੋ ਜਾਏ ਕਿ ਕੌਣ ਜਾਣੇ! ਆਦਮੀ ਲੋਕਾਂ ਦੇ ਮਨੋਵਿਚਾਰ ਨਾਲ ਜੀਉਂਦੇ ਹਨ। ਜੋ ਲੋਗ ਕਹਿੰਦੇ ਹਨ ਉਹ ਹੀ ਤੁਸੀਂ ਮੰਨ ਲੈਂਦੇ ਹੋ। ਹੋਰ ਤੁਸੀਂ ਮਾਨਤਾ ਪਾਓਗੇ ਕਿੱਥੋਂ? ਤੁਹਾਡੇ ਕੋਲ ਅੱਜੇ ਇੰਨੀ ਤਾਂ ਸ਼ਮਤਾ (ਤਾਕਤ) ਨਹੀਂ ਹੈ, ਇੰਨਾ ਤਾਂ ਬੋਧ (ਗਿਆਨ) ਨਹੀਂ ਹੈ ਕਿ ਤੁਸੀਂ ਆਪਣੀ ਮਾਨਤਾ ਆਪਣੇ ਅੰਦਰੋਂ ਪਾ ਸਕੋ। ਤੁਸੀਂ ਆਪਣੀ ਮਾਨਤਾ ਬਾਹਰੋਂ ਪਾਉਂਦੇ ਹੋ। ਇਸ ਲਈ ਤਾਂ ਤੁਸੀਂ ਇੰਨੇ ਉਤਾਵਲੇ ਹੁੰਦੇ ਹੋ ਕਿ ਕੋਈ ਤਾਰੀਫ਼ ਕਰੇ ਅਤੇ ਇੰਨੇ ਡੱਰੇ ਹੁੰਦੇ ਹੋ ਕਿ ਕਿੱਤੇ ਨਿੰਦਾ ਨ ਹੋ ਜਾਏ।

ਦੁਨੀਆਂ ਵਿਚ ਇੰਨੇ ਲੋਗ ਜੋ ਤੁਹਾਨੂੰ ਨੈਤਿਕ ਮਾਲੂਮ ਹੁੰਦੇ ਹਨ, ਇਸ ਦਾ ਕਾਰਣ ਇਨ੍ਹਾਂ ਦਾ ਨੈਤਿਕ ਹੋਣਾ ਨਹੀਂ ਹੈ : ਇਸ ਦਾ ਕੁਲ ਕਾਰਣ ਇੰਨਾ ਹੈ, ਇਹ ਡੱਰੇ ਹੋਇ ਹਨ ਕਿ ਲੋਗ ਕੀ ਕਹਿਣਗੇ? ਇਹ ਭੈਅ-ਭੀਤ ਲੋਗ ਹਨ : ਇਨ੍ਹਾਂ ਦੀ ਨੀਤੀ ਵਿਚ ਭੈਅ ਹੈ।

ਜੇਕਰ ਇਨ੍ਹਾਂ ਨੂੰ ਪੱਕਾ ਭਰੋਸਾ ਆ ਜਾਏ ਕਿ ਅਸੀਂ ਫੜੇ ਨਹੀਂ ਜਾਵਾਂਗੇ, ਕਿ ਫੜਣ ਦਾ ਕੋਈ ਉਪਾਅ ਹੀ ਨਹੀਂ ਹੈ ਸਾਨੂੰ, ਤਾਂ ਇਹ ਸਾਰੇ ਲੋਗ ਅਨੀਤੀ ਵਿਚ ਉਤਰ ਜਾਣਗੇ।

ਇਸ ਲਈ ਅਕਸਰ ਅਜਿਹਾ ਹੁੰਦਾ ਹੈ, ਜਿਹੜੇ ਲੋਗ ਸੱਤਾ (ਪਾਵਰ) ਵਿਚ ਪਹੁੰਚ ਜਾਂਦੇ ਹਨ, ਉਹ ਅਨੈਤਿਕ ਹੋ ਜਾਂਦੇ ਹਨ।

ਲਾਰਡ ਏਕਟਨ ਦਾ ਪ੍ਰਸਿਧੱ ਵਚਨ ਹੈ : Power Corrupts and Corrupts Absolutely। ਸੱਤਾ ਲੋਕਾਂ ਨੂੰ ਭ੍ਰਿਸ਼ਟ ਕਰ ਦਿੰਦੀ ਹੈ, ਕੁਝ ਹਿਸਿਆਂ ਵਿਚ ਹੀ ਨਹੀਂ, ਪੂਰੀ ਤਰ੍ਹਾਂ ਭ੍ਰਿਸ਼ਟ ਕਰ ਦਿੰਦੀ ਹੈ, ਪੂਰਣ ਸਮਗ੍ਰਤਾ ਨਾਲ ਭ੍ਰਿਸ਼ਟ ਕਰ ਦਿੰਦੀ ਹੈ। ਕਿਉਂ ? ਮੈਂ ਏਕਟਨ ਦੀ ਗੱਲ ਨਾਲ ਸਹਿਮਤ ਵੀ ਹਾਂ ਅਤੇ ਨਹੀਂ ਵੀ। ਸਹਿਮਤ ਇਸ ਲਈ ਹਾਂ ਕਿ ਤੱਥ ਤਾਂ ਇਹ ਹੀ ਹੈ ਕਿ ਸੱਤਾ ਲੋਕਾਂ ਨੂੰ ਭ੍ਰਿਸ਼ਟ ਕਰਦੀ ਵਿਖਾਈ ਦਿੰਦੀ ਹੈ। ਚੰਗੇ-ਭਲੇ ਲੋਗ ਸਤਾ ਵਿਚ ਪਹੁੰਚਦੇ ਹੀ ਭ੍ਰਿਸ਼ਟ ਹੋ ਜਾਂਦੇ ਹਨ। ਸਿੱਧੇ-ਸਾਦੇ ਲੋਗ, ਜਿਨ੍ਹਾਂ ਨੂੰ ਤੁਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਸੱਤਾ ਵਿਚ ਪਹੁੰਚ ਕੇ ਭ੍ਰਿਸ਼ਟ ਹੋ ਜਾਣਗੇ, ਸੱਤਾ ਵਿਚ ਜਾਂਦੇ ਸਾਰ ਇੱਕਦਮ ਉਨ੍ਹਾਂ ਦੇ ਅੰਦਰ ਫਣ ਉਗ ਆਉਂਦੇ ਹਨ, ਜ਼ਹਿਰ ਦੀਆਂ ਗ੍ਰੰਥੀਆਂ ਨਿਕਲ ਆਉਂਦੀਆਂ ਹਨ। ਕੀ ਹੋ ਜਾਂਦਾ ਹੈ ਸੱਤਾ ਵਿਚ ਪਹੁੰਚਣ ਨਾਲ ਲੋਕਾਂ ਨੂੰ ? ਸੋ ਏਕਟਨ ਦੀ ਗੱਲ ਤਥਯਗਤ ਤਾਂ ਮਾਲੂਮ ਹੁੰਦੀ ਹੈ ਕਿ ਸੱਤਾ ਲੋਕਾਂ ਨੂੰ ਭ੍ਰਿਸ਼ਟ ਕਰਦੀ ਹੈ, ਕਿਉਂਕਿ ਇਹ ਰੋਜ਼ ਵਿਖਾਈ ਦਿੰਦਾ ਹੈ।

ਗਾਂਧੀ ਬਾਬਾ ਦੇ ਚੇਲਿਆਂ ਨੂੰ ਵੇਖਿਆ, ਤੀਹ ਸਾਲਾਂ ਤੋਂ ਇਸ ਦੇਸ਼ ਵਿਚ ਕੀ ਕਰ ਰਹੇ ਹਨ? ਚੰਗੇ ਲੋਗ ਸਨ। ਬੁਰੇ ਲੋਗ ਸਨ, ਅਜਿਹਾ ਨਹੀਂ ਕਹਿ ਸਕਦੇ। ਜਦ ਤੱਕ ਸੱਤਾ ਵਿਚ ਨਹੀਂ ਸਨ ਤਦ ਤੱਕ ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਬੁਰੇ ਲੋਗ ਸਾਬਿਤ ਹੋਣਗੇ ਨ ਸ਼ਰਾਬ ਪੀਂਦੇ ਸਨ, ਨ ਮਾਂਸ ਖਾਂਦੇ ਸਨ, ਖਦਰ ਪਾਉਂਦੇ ਸਨ, ਹਥਾਂ ਨਾਲ ਬੁਣਾਈ ਕਰਦੇ ਸਨ, ਚਰਖਾ ਚਲਾਉਂਦੇ ਸਨ। ਸਿਗਰੇਟ ਨਹੀਂ, ਪਾਨ ਨਹੀਂ, ਤੰਬਾਕੂ ਨਹੀਂ: ਵਰਤ ਉਪਵਾਸ ਨਿਯਮ ਕਰਦੇ ਸਨ, ਦੇਸ਼ ਦੀ ਸੇਵਾ ਕਰਦੇ ਸਨ। ਚੰਗੇ ਲੋਗ ਸਨ—ਸੇਵਕ ਸਨ। ਫ਼ਿਰ ਕੀ ਹੋਇਆ, ਸੱਤਾ ਵਿਚ ਜਾਂਦੇ ਹੀ ਕਿਵੇਂ ਇਹ ਸ਼ਕਲ ਬਦਲ ਗਈ?

ਤਾਂ ਏਕਟਨ ਦੀ ਗੱਲ ਠੀਕ ਤਾਂ ਲਗਦੀ ਹੈ, ਫ਼ਿਰ ਵੀ ਮੈਂ ਕਹਿੰਦਾ ਹਾਂ ਉਸ ਵਿਚ ਇੱਕ ਭੁੱਲ ਹੈ; ਅਤੇ ਭੁੱਲ ਇਹ ਹੈ ਕਿ ਸੱਤਾ ਲੋਕਾਂ ਨੂੰ ਵਿਕ੍ਰਤ(ਖ਼ਰਾਬ) ਨਹੀਂ ਕਰਦੀ, ਸੱਤਾ ਕੇਵਲ ਲੋਕਾਂ ਦੇ ਚੇਹਰੇ ਉਘਾੜ ਦਿੰਦੀ ਹੈ। ਸੱਤਾ ਵਿਕ੍ਰਤ ਨਹੀਂ ਕਰਦੀ, ਸੱਤਾ ਕੇਵਲ ਨੰਗਾ ਕਰ ਦਿੰਦੀ ਹੈ। ਸੱਤਾ ਤੋਂ ਪਹਿਲਾਂ ਆਦਮੀ ਕਪੜਿਆਂ ਵਿਚ ਲੁੱਕਿਆ ਹੁੰਦਾ ਹੈ, ਕਿਉਂਕਿ ਸੱਤਾ ਤੋਂ ਪਹਿਲਾਂ ਤੁਹਾਨੂੰ ਫੜੇ ਜਾਣ ਦਾ ਡੱਰ ਹੁੰਦਾ ਹੈ। ਤੁਹਾਡੇ ਕੋਲ ਤਾਕਤ ਕਿੰਨੀ ਹੈ, ਸਾਮ੍ਰਥ ਕਿੰਨੀ ਹੈ? ਸੱਤਾ ਵਿਚ ਪੁੱਜ ਕੇ ਤੁਹਾਡੇ ਹਥ ਸਾਮ੍ਰਥ (ਤਾਕਤ) ਆ ਜਾਂਦੀ ਹੈ।

ਫ਼ਿਰ ਤੁਸੀਂ ਜੋ ਚਾਹੋ ਕਰ ਸਕਦੇ ਹੋ। ਕੌਣ ਤੁਹਾਨੂੰ ਪਕੜੇਗਾ? ਤੁਸੀਂ ਖ਼ੁਦ ਪਕੜਣ ਵਾਲੇ ਹੋ, ਪਕੜੇਗਾ ਤੁਹਾਨੂੰ ਕੌਣ? ਤੁਹਾਡੇ ਹਥ ਵਿਚ ਸਾਰੀ ਤਾਕਤ ਹੈ। ਜਿਸ ਦੇ ਹਥ ਵਿਚ

ਲਾਠੀ ਹੈ, ਉਸੇ ਦੀ ਭੈਂਸ ਹੈ। ਸੱਤਾ ਦੀ ਲਾਠੀ ਤੁਹਾਨੂੰ ਤਸੱਲੀਬਖ਼ਸ਼ ਬਣਾ ਦਿੰਦੀ ਹੈ ਕਿ ਹੁਣ ਦਿਲ ਖੋਲ੍ਹ ਕੇ ਕਰੋ, ਜੋ ਤੁਸੀਂ ਸਦਾ ਕਰਨਾ ਚਾਹੁੰਦੇ ਸੀ ਅਤੇ ਨਹੀਂ ਕਰ ਸਕੇ, ਕਿਉਂਕਿ ਸੱਤਾ ਨਹੀਂ ਸੀ ਕਰਨ ਦੀ। ਫੜੇ ਜਾਂਦੇ।

ਸੱਤਾ ਕਿਸੇ ਨੂੰ ਵਿਕ੍ਰਤ (ਖ਼ਰਾਬ) ਨਹੀਂ ਕਰਦੀ; ਮੇਰੇ ਦੇਖੇ ਤਾਂ ਸੱਤਾ ਵਿਚ ਜਾਣ ਲਈ ਉਤਸੁਕ ਉਹ ਹੀ ਲੋਗ ਹਨ ਜੋ ਵਿਕ੍ਰਤ ਹਨ। ਪਰ ਤੁਹਾਨੂੰ ਖੇਡਣ ਦਾ ਖੁੱਲ੍ਹ ਕੇ ਮੌਕਾ ਨਹੀਂ ਹੈ। ਹਥ ਕਮਜ਼ੋਰ ਹਨ। ਦਿਲ ਵਿਚ ਤਾਂ ਪੂਰੀ ਅੱਗ ਭਰੀ ਹੈ, ਪਰ ਡੱਰਦੇ ਹਨ, ਕਿ ਹੁਣੇ ਪਰਗਟ ਕਰਾਂਗੇ ਤਾਂ ਜੋ ਥੋੜ੍ਹਾ-ਬਹੁਤ ਸਨਮਾਨ ਹੈ ਉਹ ਵੀ ਖੁੱਸ ਜਾਏਗਾ। ਸੱਤਾ ਵਿਚ ਪਹੁੰਚ ਗਏ ਤਾਂ ਕੌਣ ਸਨਮਾਨ ਖੋਹੇਗਾ? ਸੱਤਾ ਵਿਚ ਪਹੁੰਚ ਕੇ ਜੋ ਕਰਾਂਗੇ ਉਹ ਹੀ ਠੀਕ ਹੋਇਗਾ। ਸ਼ਕਤੀਸ਼ਾਲੀ ਜੋ ਕਰਦਾ ਹੈ ਉਹ ਹੀ ਠੀਕ ਹੈ। ਸ਼ਕਤੀਸ਼ਾਲੀ ਉੱਤੇ ਕੋਈ ਨਿਯਮ ਲਾਗੂ ਨਹੀਂ ਹੁੰਦਾ, ਸ਼ਕਤੀਸ਼ਾਲੀ ਨਿਯਮਾਂ ਤੋਂ ਉਪੱਰ ਹੁੰਦਾ ਹੈ। ਹੋਰ ਸਭ ਉੱਤੇ ਨਿਯਮ ਲਾਗੂ ਹੁੰਦੇ ਹਨ। ਇਸ ਲਈ ਸੱਤਾ ਭ੍ਰਿਸ਼ਟ ਕਰਦੀ ਨਹੀਂ। ਸੱਤਾ ਕੇਵਲ ਉਘਾੜ ਕੇ ਰੱਖ ਦਿੰਦੀ ਹੈ। ਸੱਤਾ ਤੁਹਾਡੀ ਨੰਗੀ ਤਸਵੀਰ ਜ਼ਾਹਿਰ ਕਰ ਦਿੰਦੀ ਹੈ, ਤੁਸੀਂ ਕਿਹੋ ਜਿਹੇ ਹੋ, ਤੁਸੀਂ ਕੌਣ ਹੋ, ਤੁਸੀਂ ਕੀ ਹੋ? ਅਸੀਂ ਲੋਗਾਂ ਤੋਂ ਪ੍ਰਸ਼ੰਸਾ (ਤਾਰੀਫ਼) ਚਾਹੁੰਦੇ ਹਾਂ ਤਾਂ ਅਸੀਂ ਨੈਤਿਕ ਹੁੰਦੇ ਹਾਂ। ਅਸੀਂ ਲੋਕਾਂ ਦੀ ਨਿੰਦਾ ਤੋਂ ਡੱਰਦੇ ਹਾਂ ਤਾਂ ਅਸੀਂ ਇਸ ਤਰ੍ਹਾਂ ਚਲਦੇ ਹਾਂ ਸੋਚ-ਸਮਝ ਕੇ ਕਿ ਨਿੰਦਾ ਨ ਹੋਵੇ। ਕਦਮ ਫੂਕ-ਫੂਕ ਕੇ ਰਖੱਦੇ ਹਾਂ। ਇਸ ਲਈ ਜਦ ਅੰਦਰੂਨੀ ਅਨੁਭੂਤੀ (ਅਨੁਭਵ) ਤੁਹਾਨੂੰ ਹੋਣ ਲੱਗੇ ਅਤੇ ਬੇਸ਼ਰਤ ਸੁਖ ਮਿਲਣ ਲਗੇ ਤੁਹਾਡੇ ਅੰਦਰ ਇੱਕ ਝਰਨਾ ਫੁੱਟੇ ਰਸ ਦਾ, ਕਿਸੇ ਨੂੰ ਕਹਿਣਾ ਨਹੀਂ, ਗੋਰਖ ਕਹਿੰਦੇ ਹਨ।

ਗੋਰਖ ਪਤੇ ਦੀ ਗੱਲ ਕਹਿ ਰਹੇ ਹਨ, ਭੇਦ ਨ ਖੋਲ੍ਹਣਾ। ਇਹ ਨਵੀਂ-ਨਵੀਂ ਕੋਂਪਲ ਨਿਕਲ ਰਹੀ ਹੈ, ਲੋਗ ਇਸ ਉੱਤੇ ਟੁੱਟ ਪੈਣਗੇ, ਇਸ ਨੂੰ ਤੋੜ ਦੇਣਗੇ। ਲੋਗ ਇਸ ਨੂੰ ਤੋੜਣ ਵਿਚ ਉਤਾਵਲੇ ਹਨ, ਕਿਉਂਕਿ ਇਹ ਕੋਂਪਲ ਉਨ੍ਹਾਂ ਦੇ ਅੰਦਰ ਨਹੀਂ ਨਿਕਲੀ ਅਤੇ ਤੁਸੀਂ ਕਿਵੇਂ ਹਿੰਮਤ ਕੀਤੀ? ਅਸੀਂ ਸਾਰੇ ਦੁਖੀ ਹਾਂ ਅਤੇ ਤੁਸੀਂ ਸੁਖੀ ਹੋ ਗਏ !

ਈਰਸ਼ਾ ਜਾਗੇਗੀ ਭਿਅੰਕਰ ਈਰਸ਼ਾ ਜਾਗੇਗੀ ! ਉਨ੍ਹਾਂ ਦੀ ਈਰਸ਼ਾ ਸ਼ਾਇਦ ਤੁਸੀਂ ਨ ਸਹਿ ਪਾਓ, ਅੱਜੇ ਤੁਸੀਂ ਨਵੇਂ-ਨਵੇਂ ਹੋ ਇਸ ਯਾਤ੍ਰਾ ਉੱਤੇ।

ਭੇਦ ਨ ਕਹਿਣਾ... ! ਇਸ ਲਈ ਜਦ ਅੰਦਰ ਕੁਝ ਰਸ ਉਮਗਣ ਲਗੇ, ਫੁੱਲ ਖਿੜਣ ਲਗਣ, ਦਸੱਣਾ ਹੀ ਨ ਕਿਸੇ ਨੂੰ, ਚੁਪਚਾਪ ਸੰਭਾਲ ਕੇ ਰੱਖ ਲੈਣਾ। ਆਪਣੇ ਗੁਰੂ ਨੂੰ ਕਹਿ ਦੇਣਾ, ਆਪਣੇ ਗੁਰੂ ਭਰਾਵਾਂ ਨਾਲ ਕਹਿ ਲੈਣਾ। ਜੋ ਸਮਝ ਸਕਣ ਉਨ੍ਹਾਂ ਨੂੰ ਕਹਿ ਦੇਣਾ, ਪਰ ਉਸਦੀ ਘੋਸ਼ਣਾ (ਐਲਾਨ) ਲੋਕਾਂ ਵਿਚ ਕਦੇ ਨ ਕਰਨਾ। ਨਚੱਣ ਨ ਲਗਣਾ ਰਾਹਾਂ ਉੱਤੇ ਜਦ ਤੁਹਾਡੇ ਅੰਦਰ ਨਾਚ ਆਏ, ਨਹੀਂ ਤਾਂ ਪੁਲਿਸ ਫੜ ਕੇ ਲੈ ਜਾਏਗੀ। ਘਰ ਦੇ ਲੋਗ ਹੀ ਮਨੋਚਿਕਿਤਸਕ ਦੇ ਕੋਲ ਲੈ ਕੇ ਪਹੁੰਚ ਜਾਣਗੇ; ਇੰਜੈਕਸ਼ਨ ਲਗਵਾਉਣ ਲਗਣਗੇ, ਕਿ ਇਨ੍ਹਾਂ ਨੂੰ ਕੁਝ ਗੜਬੜ ਹੋ ਗਈ ਹੈ !

ਕਦੇ ਕੋਈ ਆਦਮੀ ਸੜਕ ਉੱਤੇ ਨਚੱਦਾ ਹੈ !

ਬਟਰੇਂਡ ਰਸੇਲ ਪਹਿਲੀ ਵਾਰ ਇੱਕ ਆਦਿਵਾਸੀ ਸਮਾਜ ਵਿਚ ਗਿਆ। ਪੂਰੇ ਚੰਦ੍ਰਮਾਂ ਦੀ ਰਾਤ ... ਅਤੇ ਜਦ ਆਦਿਵਾਸੀ ਨਚੱਣ ਲਗੇ ਢੋਲ ਮੰਜੀਰੇ ਵਜਣ ਲਗੇ ਤਾਂ ਰਸੇਲ ਦੇ

ਮਨ ਵਿਚ ਉਠਿਆ ਕਿ ਸਭਯ ਆਦਮੀ ਨੇ ਕਿੰਨਾ ਗੁਆ ਦਿੱਤਾ ਹੈ। ਸਭਿਅਤਾ ਦੇ ਨਾਮ ਉੱਤੇ ਸਾਡੇ ਕੋਲ ਹੈ ਕੀ? ਨ ਢੋਲ ਵਜਦੇ ਹਨ ਨ ਮੰਜੀਰਾ ਵਜਦਾ ਹੈ, ਨ ਕੋਈ ਨਚੱਣ ਦੀ ਸ਼ਮਤਾ ਰਹਿ ਗਈ ਹੈ; ਪੈਰ ਹੀ ਨਚੱਣਾ ਭੁੱਲ ਗਏ ਹਨ । ਰਸੇਲ ਨੇ ਲਿਖਿਆ ਹੈ ਕਿ ਉਸ ਰਾਤ ਪੂਰੇ ਚੰਦ੍ਰਮਾਂ ਦੇ ਹੇਠਾਂ ਬ੍ਰਿੱਛਾਂ ਦੇ ਹੇਠਾਂ ਨਚੱਦੇ ਹੋਏ ਨੰਗੇ ਆਦਿਵਾਸੀਆਂ ਨੂੰ ਵੇਖਕੇ ਮੇਰੇ ਮਨ ਵਿਚ ਇਹ ਸਵਾਲ ਉਠਿਆ ਕਿ ਅਸੀਂ ਪਾਇਆ ਕੀ ਹੈ ਪ੍ਰਗਤੀ ਦੇ ਨਾਮ ਉੱਤੇ? ਉਸਨੇ ਇਹ ਵੀ ਲਿਖਿਆ ਹੈ ਕਿ ਜੇਕਰ ਲੰਦਨ ਪਰਤ ਕੇ ਮੈਂ ਟ੍ਰੈਫਿਲਗਰ ਸਕਵਾਯਰ ਵਿਚ ਖੜੇ ਹੋ ਕੇ ਨਚੱਣ ਲਗਾਂ ਤਾਂ ਝੱਟ-ਪੱਟ ਫੜ ਲਿਆ ਜਾਵਾਂਗਾ।

ਲੋਗ ਸਮਝਣਗੇ ਪਾਗਲ ਹੋ ਗਿਆ।

ਲੋਗ ਦੁਖ ਨੂੰ ਤਾਂ ਸਮਝਦੇ ਹਨ, ਸੁਖ ਅਤੇ ਆਨੰਦ ਨੂੰ ਸਮਝਦੇ ਹਨ ਪਾਗਲਪਣਾ। ਹਾਲਤਾਂ ਇੰਨੀਆਂ ਵਿਗੜ ਗਈਆਂ ਹਨ ਕਿ ਇਸ ਦੁਨੀਆਂ ਵਿਚ ਕੇਵਲ ਪਾਗਲ ਹੀ ਹਸੱਦੇ ਹਨ, ਬਾਕੀ ਸਮਝਦਾਰਾਂ ਨੂੰ ਤਾਂ ਹਸੱਣ ਦੀ ਫੁਰਸਤ ਕਿੱਥੇ ਹੈ? ਸਮਝਦਾਰਾਂ ਦੇ ਹ੍ਰਿਦੇ ਤਾਂ ਸੁੱਕ ਗਏ ਹਨ। ਸਮਝਦਾਰ ਰੁਪਏ ਗਿਣਨ ਵਿਚ ਉਲਝੇ ਹਨ। ਸਮਝਦਾਰ ਮਹੱਤਵਕਾਂਕਸ਼ਾ ਦੀਆਂ ਪੌੜੀਆਂ ਚੱੜ੍ਹ ਰਹੇ ਹਨ। ਸਮਝਦਾਰ ਤਾਂ ਕਹਿੰਦੇ ਹਨ ਦਿੱਲੀ ਚਲੋ। ਫੁਰਸਤ ਕਿੱਥੇ ਹੈ ਹਸੱਣ ਦੀ, ਦੋ ਗੀਤ ਗਾਉਂਣ ਦੀ, ਇੱਕ ਤਾਰਾ ਵਜਾਉਂਣ ਦੀ, ਤਾਰਿਆਂ ਦੀ ਛਾਵੇਂ ਦਰਖੱਤਾਂ ਦੇ ਹੇਠ ਨਚੱਣ ਦੀ। ਸੂਰਜ ਨੂੰ ਵੇਖਣ ਦੀ, ਫੁੱਲਾਂ ਨਾਲ ਗੱਲਾਂ ਕਰਨ ਦੀ, ਬ੍ਰਿੱਛਾਂ ਨੂੰ ਗੱਲ ਨਾਲ ਲਾਉਂਣ ਦੀ ਫੁਰਸਤ ਕਿਸ ਨੂੰ ਹੈ? ਇਹ ਤਾਂ ਆਖਿਰ ਦੀਆਂ ਗੱਲਾਂ ਹਨ ਜਦ ਸਭ ਪੂਰਾ ਹੋ ਜਾਏਗਾ—ਧਨ ਹੋਏਗਾ, ਪਦ ਹੋਏਗਾ, ਪ੍ਰਤਿਸ਼ਠਾ ਹੋਏਗੀ, ਤਦ ਬੈਠ ਲਵਾਂਗੇ ਦਰਖੱਤਾਂ ਦੇ ਹੇਠਾਂ। ਪਰ ਇਹ ਦਿਨ ਕਦੇ ਆਉਂਦਾ ਨਹੀਂ, ਨ ਕਦੇ ਆਇਆ ਹੈ, ਨ ਕਦੇ ਆਏਗਾ। ਇਸੇ ਤਰ੍ਹਾਂ ਜ਼ਿੰਦਗੀ ਤੁਸੀਂ ਲੰਘਾ ਦਿੰਦੇ ਹੋ ਰੋਂਦੇ-ਰੋਂਦੇ ਚੀਕਦੇ-ਚੀਕਦੇ। ਇਵੇਂ ਹੀ ਆਉਂਦੇ ਹੋ ਇਵੇਂ ਹੀ ਚਲੇ ਜਾਂਦੇ ਹੋ—ਖ਼ਾਲੀ ਹਥ ਆਏ, ਖ਼ਾਲੀ ਹਥ ਗਏ।

ਤਾਂ ਜੇਕਰ ਤੁਹਾਨੂੰ ਕਦੇ ਅੰਦਰਲਾ ਰਸ ਜਨਮਦਾ ਲਗੇ ਅਤੇ ਅੰਦਰ ਸਵਾਦ ਆਉਂਣ ਲੱਗੇ ... ਅਤੇ ਦੇਰ ਨਹੀਂ ਲਗਦੀ ਆਉਂਣ ਵਿਚ, ਜ਼ਰਾ ਅੰਦਰ ਪਰਤੋ ਕਿ ਉਹ ਸਭ ਮੌਜੂਦ ਹੈ। ਸਰੋਵਰ ਵਲ ਪਿੱਠ ਕਰਕੇ ਖਲੋਤੇ ਹੋ, ਇਸ ਲਈ ਪਿਆਸੇ ਹੋ। ਬਦਲੋ ਰੁੱਖ; ਸੰਸਾਰ ਵਲ ਪਿੱਠ ਕਰੋ ਤੇ ਆਪਣੇ ਵਲ ਮੂੰਹ ਕਰੋ। ਤੁਸੀਂ ਚਕਿਤ (ਹੈਰਾਨ) ਹੋ ਜਾਓਗੇ ਕਿ ਕਿਉਂ ਤੁਸੀਂ ਪਿਆਸੇ ਸੀ ਇੰਨੇ ਦਿਨਾਂ ਤੱਕ ! ਤੁਸੀਂ ਰੋਵੋਗੇ, ਇਸ ਲਈ ਕਿ ਕਿੰਨਾ ਗਵਾਇਆ ਅਤੇ ਹਸੋਗੇ ਇਸ ਲਈ ਕਿ ਇਹ ਵੀ ਖ਼ੂਬ ਰਹੀ, ਜੋ ਆਪਣੇ ਕੋਲ ਸੀ ਉਸ ਦੀ ਤਲਾਸ਼ ਕਰ ਰਹੇ ਸੀ! ਜੋ ਮਿਲਿਆ ਹੀ ਸੀ ਉਸ ਨੂੰ ਲੱਭਣ ਨਿਕਲੇ ਸੀ, ਜੋ ਨਹੀਂ ਮਿਲਦਾ ਸੀ ਉਸ ਲਈ ਤੜਫ਼ ਰਹੇ ਸੀ, ਪਰੇਸ਼ਾਨ ਹੋ ਰਹੇ ਸੀ। ਹੋਰ ਮਿਲ ਸਕਦਾ ਨਹੀਂ ਸੀ, ਕਿਉਂਕਿ ਜੋ ਅੰਦਰ ਹੋਏਗਾ ਬਾਹਰ ਨਹੀਂ ਮਿਲੇਗਾ। ਜੋ ਜਿੱਥੇ ਹੈ ਉੱਥੇ ਹੀ ਮਿਲੇਗਾ।

ਪਰ ਕਹਿ ਨ ਦੇਣਾਂ, ਕਿਉਂਕਿ ਉਸ ਘੜੀ ਵਿਚ ਇੱਕਦਮ ਐਲਾਨ ਕਰਨ ਦੀ ਭਾਵਨਾ ਉਠਦੀ ਹੈ, ਸੁਭਾਵਿਕ ਭਾਵਨਾ ਉਠਦੀ ਹੈ—ਕਿ ਜਾਈਏ ਅਤੇ ਹੋਰਾਂ ਨੂੰ ਵੀ ਕਹਿ ਦੇਈਏ, ਜੋ ਭਟਕ ਰਹੇ ਹਨ ਹਨੇਰੇ ਵਿਚ। ਪਰ ਉਹ ਭਟਕਣ ਵਾਲੇ ਇੰਨੀ ਆਸਾਨੀ ਨਾਲ ਰਾਜ਼ੀ ਨਹੀਂ ਹੋ ਜਾਣਗੇ। ਉਨ੍ਹਾਂ ਦੇ ਅਹੰਕਾਰ ਉਨ੍ਹਾਂ ਦੀ ਭਟਕਣਾਂ ਦੇ ਅੰਗ ਬਣ ਗਏ ਹਨ।

ਤੁਸੀਂ ਜੇਕਰ ਜਾ ਕੇ ਉਨ੍ਹਾਂ ਨੂੰ ਕਹੋਗੇ ਕਿ ਭਟਕੋ ਨ, ਵਿਅਰਥ ਭਟਕ ਰਹੇ ਹੋ; ਵੇਖੋ ਮੈਨੂੰ ਮਿਲ ਗਿਆ; ਵੇਖੋ ਮੇਰੇ ਵਲ। ਮੇਰੀਆਂ ਅੱਖਾਂ ਵਿਚ ਝਾਕੋ ! ਉਹ ਹਸਣਗੇ ਉਹ ਕਹਿਣਗੇ ਇੱਕ ਆਦਮੀ ਹੋਰ ਗਿਆ ਕੰਮੋਂ। ਤੁਸੀਂ ਪਾਗਲ ਹੋ ਗਏ।

ਪਛੱਮ ਦੇ ਬਹੁਤ ਵਡੇ ਮਨੋਵਿਗਿਆਨਕ ਆਰ-ਡੀ-ਲੈਂਗ ਨੇ ਇੱਕ ਨਵਾਂ ਉਦਾਹਰਣ ਦਿੱਤਾ ਹੈ। ਲੈਂਗ ਨੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪਛਿੱਮ ਦੇ ਪਾਗਲਖਾਨਿਆਂ ਵਿਚ ਅਜਿਹੇ ਬਹੁਤ ਸਾਰੇ ਲੋਗ ਹਨ, ਜੋ ਜੇਕਰ ਅਤੀਤ ਵਿਚ ਕਦੇ ਪੂਰਬ ਦੇ ਦੇਸਾਂ ਵਿਚ ਪੈਦਾ ਹੋਏ ਹੁੰਦੇ ਤਾਂ ਪਰਮਹੰਸ ਸਮਝੇ ਜਾਂਦੇ; ਜਿਨ੍ਹਾਂ ਨੂੰ ਲੋਗ ਮਸਤ ਫ਼ਕੀਰ ਸਮਝਦੇ, ਜਿਨ੍ਹਾਂ ਦੀ ਲੋਗ ਪੂਜਾ ਕਰਦੇ। ਹੋਰ ਜਦ ਆਰ-ਡੀ-ਲੈਂਗ ਜਿਹਾ ਵਿਚਾਰਸ਼ੀਲ ਮਨੋਵਿਗਿਆਨਕ ਕੁਝ ਕਹਿੰਦਾ ਹੈ ਤਾਂ ਉਸ ਵਿਚ ਅਰਥ ਹੁੰਦਾ ਹੈ। ਜੀਵਨ ਭਰ ਪਾਗਲਾਂ ਦਾ ਅਧਯਨ ਕਰਕੇ (ਰਿਸਰਚ ਕਰਕੇ) ਉਸਨੇ ਇਹ ਨਤੀਜੇ ਦਿੱਤੇ ਹਨ ਕਿ ਬਹੁਤ ਸਾਰੇ ਅਜਿਹੇ ਲੋਗ ਹਨ, ਬੰਦ ਹਨ, ਜੋ ਜੇਕਰ ਪੂਰਬ ਵਿਚ ਹੁੰਦੇ ਤਾਂ ਰਾਮਕ੍ਰਿਸ਼ਨ ਹੁੰਦੇ। ਤੁਸੀਂ ਪੱਕਾ ਸਮਝੋ ਜੇਕਰ ਰਾਮ-ਕ੍ਰਿਸ਼ਨ ਪਛਿੱਮ ਵਿਚ ਹੁੰਦੇ ਤਾਂ ਕਿਸੇ ਹੌਸਪੀਟਲ ਵਿਚ ਰੱਖੇ ਜਾਂਦੇ, ਹਿਸਟੀਰਿਆ ਦੇ ਮਰੀਜ਼ ਸਮਝੇ ਜਾਂਦੇ। ਉਹ ਸੰਜੋਗ ਸੀ ਕਿ ਉਹ ਭਾਰਤ ਵਿਚ ਪੈਦਾ ਹੋਏ ਅਤੇ ਸੰਜੋਗ ਸੀ ਕਿ ਸਮਾਂ ਚੰਗਾ ਸੀ ਜਦ ਪੈਦਾ ਹੋਏ।

ਜੇਕਰ ਪੈਦਾ ਹੁੰਦੇ ਕਲੱਕਤੇ ਵਿਚ ਤਾਂ ਦਕਸ਼ਿਣੇਸ਼ਵਰ ਦੇ ਮੰਦਰ ਵਿਚ ਨਹੀਂ ਹੁੰਦੇ, ਵੱਡੇ ਬਾਜ਼ਾਰ ਦੇ ਹੌਸਪੀਟਲ ਵਿਚ ਹੁੰਦੇ। ਅਤੇ ਲਖ ਚੀਖਦੇ, ਕੌਣ ਸੁਣਦਾ? ਲਖ ਚੀਖਦੇ ਕਿ ਮੈਨੂੰ ਗਿਆਨ ਹੋ ਗਿਆ ਹੈ; ਲੋਗ ਕਹਿੰਦੇ ਸ਼ਾਂਤ ਰਹੋ, ਸਭ ਪਾਗਲਾਂ ਨੂੰ ਹੋ ਜਾਂਦਾ ਹੈ। ਲਖ ਕਹਿੰਦੇ ਕਿ ਮੈਨੂੰ ਕਾਲੀ ਮਾਂ ਦੇ ਦਰਸ਼ਨ ਹੋ ਰਹੇ ਹਨ; ਲੋਗ ਕਹਿੰਦੇ ਸ਼ਾਂਤ ਰਹੋ, ਤੈਨੂੰ ਭਰਮ ਹੋ ਰਹੇ ਹਨ।

ਮਨੋਵਿਗਿਆਨਕ ਤਾਂ ਹੁਣ ਵੀ ਆਖਦੇ ਹਨ ਕਿ ਰਾਮਕ੍ਰਿਸ਼ਨ ਨੂੰ ਮਿਰਗੀ ਦੀ ਬੀਮਾਰੀ ਸੀ, ਹਿਸਟੀਰਿਆ ਸੀ। ਇਹ ਜੋ ਬੇਹੋਸ਼ ਹੋ ਕੇ ਡਿੱਗ ਪੈਂਦੇ ਸਨ, ਇਹ ਕੋਈ ਸਮਾਧੀ ਵਗ਼ੈਰਾ ਨਹੀਂ ਹੈ। ਮਨੋਵਿਗਿਆਨਕ ਤਾਂ ਇਹ ਵੀ ਕਹਿੰਦੇ ਹਨ ਕਿ ਜੀਸਸ ਵੀ ਵਿਛਿੱਪਤ (ਪਾਗਲ) ਸਨ। ਕਿਉਂਕਿ ਪਾਗਲ ਆਦਮੀ ਹੀ ਆਕਾਸ਼ ਨਾਲ ਗੱਲਾਂ ਕਰਦਾ ਹੈ। ਕੋਈ ਸਮਝਦਾਰ ਆਦਮੀ ਆਕਾਸ਼ ਨਾਲ ਗੱਲਾਂ ਕਰਦੇ ਹਨ? ਜੀਸਸ ਝੁੱਕ ਜਾਂਦੇ, ਗੋਡੇ ਟੇਕ ਦਿੰਦੇ, ਆਕਾਸ਼ ਨਾਲ ਗੱਲਾਂ ਕਰਦੇ ਅਤੇ ਇਸ ਤਰ੍ਹਾਂ ਗੱਲਾਂ ਕਰਦੇ ਜਿਵੇਂ ਆਕਾਸ਼ ਵਿਚ ਕੋਈ ਹੋਵੇ। ਪੁਕਾਰਦੇ ਆਪਣੇ ਪਿਤਾ ਨੂੰ ਕਿ—ਅੱਬਾ ! ਪਾਗਲ ਹੋ ਗਏ ਹੋ, ਕੌਣ ਅੱਬਾ ਹੈ ਉੱਥੇ ਆਕਾਸ਼ ਵਿਚ? ਮਨੋਵਿਗਿਆਨਕ ਕਹਿਣਗੇ ਹੇਲਯੂਸਿਨੇਸ਼ਨ, ਵਿਭ੍ਰਮ (ਧੋਖਾ) ਹੋ ਰਿਹਾ ਹੈ। ਇਹ ਆਦਮੀ ਰੋਗੀ ਹੋ ਗਿਆ ਹੈ, ਇਸ ਨੂੰ ਰਾਹ ਤੇ ਲਾਓ।

ਉਹ ਤਾਂ ਚੰਗਾ ਹੋਇਆ ਕਿ ਬੁੱਧ, ਮਹਾਵੀਰ, ਕ੍ਰਿਸ਼ਨ, ਕਰਾਇਸਟ ਪਹਿਲਾਂ ਹੀ ਨਿਪਟ ਗਏ। ਮੁਸੀਬਤਾਂ ਤਾਂ ਹੁਣ ਹਨ; ਮੁਸੀਬਤਾਂ ਵੱਧ ਗਈਆਂ ਹਨ। ਠੀਕ ਕਹਿੰਦੇ ਹਨ ਗੋਰਖ, ਸਾਧਕ ਲਈ ਬਿਲਕੁੱਲ ਠੀਕ ਇਸ਼ਾਰਾ ਦੇ ਰਹੇ ਹਨ।

ਮਨ ਮੈਂ ਰਹਿਣਾ, ਭੇਦ ਨ ਕਹਿਣਾ...!

ਕਿਸੇ ਨੂੰ ਕਹਿਣਾ ਹੀ ਨ ਕਿ ਅੰਦਰ ਕੀ ਹੋ ਰਿਹਾ ਹੈ ! ਚੁਪ-ਚਾਪ ਮਨ ਹੀ ਮਨ ਵਿਚ

ਰਸ ਲੈਣਾ; ਡੁਬੱਦੇ ਜਾਣਾ। ਹਾਂ, ਕਦੇ ਕੋਈ ਮਿਲ ਜਾਏ ਅੰਦਰ ਦਾ ਯਾਤ੍ਰੀ, ਉਸ ਨਾਲ ਗੁਫ਼ਤਗੂ ਕਰ ਲੈਣਾ। ਸਤਸੰਗ ਦਾ ਇਹ ਹੀ ਅਰਥ ਹੈ ਜਿੱਥੇ ਚਾਰ ਦੀਵਾਨੇ ਬੈਠ ਜਾਂਦੇ ਹਨ, ਇੱਕ-ਦੂਜੇ ਦੀ ਕਹਿ ਲੈਂਦੇ ਹਨ, ਸੁਣ ਲੈਂਦੇ ਹਨ। ਜਿੱਥੇ ਸਮਝ ਸਕਦੇ ਹੋਣ ਲੋਗ ਉੱਥੇ ਕਹਿ ਦੇਣਾ, ਬਾਕੀਆਂ ਤੋਂ ਤਾਂ ਲੁਕਾਈ ਰਖੱਣਾ। ਇਹ ਭੇਦ ਦੀ ਗੱਲ ਸਭਨਾਂ ਨੂੰ ਕਹਿ ਦੇਣ ਦੀ ਨਹੀਂ ਹੈ।

ਭੇਦ ਨ ਕਹਿਣਾ, ਬੋਲਿਬਾ ਅਮ੍ਰਿਤ-ਵਾਣੀ...!

ਅਤੇ ਤੁਹਾਡੇ ਅੰਦਰ ਜੋ ਹੋਇਆ ਹੈ ਉਸਦੀ ਤਾਂ ਕੋਈ ਖ਼ਬਰ ਨ ਦੇਣਾ, ਪਰ ਤੁਹਾਡੇ ਵਚਨਾਂ ਵਿਚ ਉਸਦਾ ਅਮ੍ਰਿਤ ਝਰੇ(ਵਰ੍ਹੇ)। ਉਸਦੀ ਤਾਂ ਕੁਝ ਗੱਲ ਨ ਕਹਿਣਾ ਕਿ ਮੇਰੇ ਅੰਦਰ ਅਮ੍ਰਿਤ ਦਾ ਸ਼ਰੋਤ ਮਿਲ ਗਿਆ ਹੈ ਮੈਨੂੰ, ਕਿ ਪਰਮਾਤਮਾ ਮਿਲ ਗਿਆ ਹੈ ਮੈਨੂੰ, ਕਿ ਆਤਮਾ ਮਿਲ ਗਈ ਮੈਨੂੰ। ਕਦੇ ਨ ਕਹਿਣਾ ! ਛੇਤੀ ਨ ਕਰਨਾ। ਇਹ ਤਾਂ ਅੰਤਿਮ ਘੜੀ ਵਿਚ ਇਸਦੀ ਘੋਸ਼ਣਾ ਕਰਨੀ ਚਾਹੀਦੀ, ਜਦ ਦੁਨੀਆਂ ਭਰ ਵੀ ਤੁਹਾਡੇ ਵਿਪਰੀਤ ਹੋ ਜਾਏ ਤਾਂ ਵੀ ਤੁਹਾਨੂੰ ਰੱਤੀ-ਭਰ ਭੇਦ (ਫ਼ਰਕ) ਨ ਪਵੇ। ਤੁਸੀਂ ਇਕੱਲੇ ਵੀ ਰਹਿ ਜਾਓ ਤਾਂ ਤੁਹਾਨੂੰ ਸ਼ੱਕ ਪੈਦਾ ਨ ਹੋਵੇ। ਇਕੱਲੇ ਹੋਣ ਵਿਚ ਸੰਦੇਹ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ।

ਨਵੇਂ-ਨਵੇਂ ਯਾਤ੍ਰੀ ਨੂੰ ਤਾਂ ਹੋ ਜਾਂਦਾ ਹੈ। ਕਿਉਂਕਿ ਅਸੀਂ ਇਸੇ ਤਰ੍ਹਾਂ ਸੋਚਦੇ ਹਾਂ ਕਿ ਜਿੱਥੇ ਬਹੁਤੇ ਲੋਗ ਜਾ ਰਹੇ ਹਨ ਉੱਥੇ ਸੱਚ ਹੋਏਗਾ, ਨਹੀਂ ਤਾਂ ਇੰਨੇ ਲੋਗ ਕਿਉਂ ਜਾਂਦੇ? ਇਸ ਲਈ ਤਾਂ ਦੁਨੀਆਂ ਭਰ ਦੇ ਧਰਮ ਆਪਣੀ ਭੀੜ ਵਧਾਉਂਣ ਦੀ ਕੋਸ਼ਿਸ਼ ਕਰਦੇ ਹਨ।

ਕਿਉਂਕਿ ਜਿੰਨੀ ਵਡੀ ਭੀੜ ਹੋਵੇ ਉਨਾਂ ਹੀ ਭਰੋਸਾ ਆਉਂਦਾ ਹੈ ਕਿ ਜਰੂਰ ਸਾਡੇ ਕੋਲ ਸੱਚ ਹੋਏਗਾ।

ਇਸਾਈ ਜੇਕਰ ਕਹਿੰਦੇ ਹਨ ਕਿ ਸਾਡੇ ਕੋਲ ਸੱਚ ਹੈ, ਤਾਂ ਕਾਰਨ ਕੀ? ਕਾਰਣ ਇਹ ਹੈ ਕਿ ਸਾਡੇ ਕੋਲ ਕਰੀਬ-ਕਰੀਬ ਦੁਨੀਆਂ ਦੀ ਇੱਕ ਤਿਹਾਈ ਸੰਖਿਆ ਇਸਾਈ ਹੈ।

ਜੈਨੀ ਜੇਕਰ ਦਾਵਾ ਕਰਨ ਤਾਂ ਕੀ ਕਰਨ? ਮੁਸ਼ਕਿਲ ਨਾਲ ਤਿੰਨ ਲਖ ਜੈਨ ਹਨ। ਇਸਾਈ ਹਨ ਇੱਕ ਅਰਬ। ਤੀਹ ਲਖ ਜੈਨ। ਮਹਾਵੀਰ ਨੂੰ ਹੋਏ ਪੱਚੀ ਸੌ ਸਾਲ ਹੋ ਗਏ। ਜੇਕਰ ਤੀਹ ਜੋੜਿਆਂ ਨੂੰ ਵੀ ਉਨ੍ਹਾਂ ਨੇ ਪ੍ਰਭਾਵਿਤ ਕੀਤਾ ਸੀ ਤਾਂ ਹੁਣ ਤੱਕ ਤੀਹ ਲਖ ਬੱਚੇ ਉਨ੍ਹਾਂ ਦੇ ਪੈਦਾ ਹੋ ਜਾਂਦੇ। ਬੱਚੇ ਇੰਨੇ ਜ਼ੋਰ ਨਾਲ ਵੱਧਦੇ ਹਨ—ਹੋਰ ਭਾਰਤ ਵਿਚ ! ਤੀਹ ਦੰਪਤੀ ਹੁੰਦੇ ਤਾਂ ਕਾਫ਼ੀ ਸੀ, ਕਿਉਂਕਿ ਜੇਕਰ ਬਾਰਾਂ-ਬਾਰਾਂ ਵੀ ਇੱਕ-ਇੱਕ ਜੋੜਾ ਪੈਦਾ ਕਰਦਾ, ਫ਼ਿਰ ਹਰ ਇੱਕ ਬਾਰਾਂ-ਬਾਰਾਂ ਵਿਚੋਂ ਬਾਰਾਂ-ਬਾਰਾਂ ਪੈਦਾ ਕਰਦੇ, ਤਾਂ ਪੱਚੀ ਸੌ ਸਾਲਾਂ ਵਿਚ ਸੰਖਿਆ ਤੀਹ ਲਖ ਤੋਂ ਉਪੱਰ ਹੋ ਜਾਂਦੀ, ਤੁਸੀਂ ਹਿਸਾਬ ਲਾ ਲੈਣਾ। ਤੀਹ ਲਖ ਆਦਮੀ ! ਸਾਫ਼ ਹੈ ਕਿ ਸੱਚ ਹੋ ਨਹੀਂ ਸਕਦਾ। ਨਹੀਂ ਤਾਂ ਇੰਨੇ ਲੋਗ ਪ੍ਰਭਾਵਿਤ ਹੋਏ!

ਇਹ ਦੁਨੀਆਂ ਭੀੜ ਨਾਲ ਜੀਉਂਦੀ ਹੈ। ਬ੍ਰਨਾਡਸ਼ਾਹ ਨੂੰ ਇੱਕ ਆਦਮੀ ਕਹਿ ਰਿਹਾ ਸੀ, ਇੱਕ ਇਸਾਈ ਕਹਿ ਰਿਹਾ ਸੀ ਕਿ ਇੰਨੇ ਲੋਗ ਮੰਨਦੇ ਹਨ ਤਾਂ ਸੱਚ ਹੋਏਗਾ ਹੀ। ਬ੍ਰਨਾਡਸ਼ਾਹ ਨੇ ਕਿਹਾ, ਮਾਫ਼ ਕਰਨਾ, ਇੰਨੇ ਲੋਗ ਮੰਨਦੇ ਹਨ ਇਸੇ ਲਈ ਸੱਚ ਨਹੀਂ ਹੋ ਸਕਦਾ। ਸੱਚ ਤਾਂ ਕਦੇ-ਕਦਾਈਂ ਹੁੰਦਾ ਹੈ। ਇੱਕ-ਅੱਧ ਦੇ ਜੀਵਨ ਵਿਚ ਪ੍ਰਗਟ ਹੁੰਦਾ ਹੈ।

ਬਾਕੀ ਲੋਗ ਤਾਂ ਝੂਠ ਵਿਚ ਜੀਉਂਦੇ ਹਨ, ਕਿਉਂਕਿ ਝੂਠ ਵਿਚ ਬਹੁਤ ਸਾਂਤਵਨਾ (ਤਸੱਲੀ) ਹੈ ਝੂਠ ਚਾਦਰ ਤਾਣ ਕੇ ਸੌਂ ਜਾਣ ਦਾ ਉਪਾਅ ਹੈ। ਝੂਠ ਨਿੰਦ੍ਰਾ ਹੈ। ਬਹੁਤੇ ਲੋਗ ਸੁੱਤੇ ਹੋਏ ਹਨ। ਸੱਚ ਤਾਂ ਜਾਗੇ ਹੋਇ ਨੂੰ ਮਿਲਦਾ ਹੈ।

ਤਾਂ ਜਦ ਤੱਕ ਅਜਿਹੀ ਹਾਲਤ ਨ ਆ ਜਾਏ ਤੁਹਾਡੇ ਅੰਦਰ, ਇੰਨੀ ਦ੍ਰਿੜ੍ਹਤਾ ਨ ਹੋ ਜਾਏ ਕਿ ਸਾਰੀ ਦੁਨੀਆਂ ਵੀ ਕਹੇ ਕਿ ਤੁਸੀਂ ਪਾਗਲ ਹੋ ਤਾਂ ਵੀ ਤੁਹਾਨੂੰ ਸ਼ੱਕ ਪੈਦਾ ਨ ਹੋਵੇ ਤਦ ਤੱਕ ਚੁੱਪ ਰਹਿਣਾ, ਤਦ ਤੱਕ ਗੁਪ-ਚੁਪ ਰਹਿਣਾ। ਤਦ ਤੱਕ ਪਕਣ ਦੇਣਾ। ਤਦ ਤੱਕ ਪ੍ਰੌੜ੍ਹਤਾ ਨੂੰ ਜਨਮਦੇ ਰਹਿਣ ਦੇਣਾ। ਤਦ ਤੱਕ ਦ੍ਰਿੜ੍ਹਤਾ ਨੂੰ ਪੈਦਾ ਹੋਣ ਦੇਣਾ। ਤਦ ਤੱਕ ਪਕੜਣ ਦੇਣਾ ਜੜ੍ਹਾਂ ਨੂੰ—ਗਹਿਰੇ ਹੋਰ ਗਹਿਰੇ ਤੁਹਾਡੀ ਚੇਤਨਾ ਵਿਚ। ਫ਼ੈਲਣ ਦੇਣਾ ਇਸ ਗਿਆਨ ਦੇ ਬ੍ਰਿਛ ਨੂੰ। ਹਾਂ, ਇੱਕ ਦਿਨ ਜਦ ਬ੍ਰਿਛ ਇੰਨਾ ਮਜ਼ਬੂਤ ਹੋ ਜਾਏਗਾ ਕਿ ਉਸ ਨੂੰ ਬਾੜ ਲਾਉਂਣ ਦੀ ਕੋਈ ਜ਼ਰੂਰਤ ਨ ਰਹਿ ਜਾਏਗੀ, ਤਦ ਘੋਸ਼ਣਾ ਆਪਣੇ-ਆਪ ਹੋ ਜਾਏਗੀ, ਫ਼ਿਰ ਕਰਨ ਦੀ ਲੋੜ ਨਹੀਂ ਪੈਂਦੀ।

ਅੱਜੇ ਤਾਂ ਤੁਸੀਂ ਨਿੱਕੀ-ਨਿੱਕੀ ਗੱਲ ਤੋਂ ਚਿੰਤਿਤ ਹੋ ਜਾਓਗੇ।

ਸੋਚੋ, ਤੁਸੀਂ ਕਿਸੇ ਨੂੰ ਆਖਿਆ ਕਿ ਮੈਨੂੰ ਧਿਆਨ ਲਗ ਰਿਹਾ ਹੈ ਉਸਨੇ ਕਿਹਾ, 'ਹੋਸ਼ ਦੀਆਂ ਗੱਲਾਂ ਕਰ ਰਹੇ ਹੋ?

ਧਿਆਨ ਹੁੰਦਾ ਹੀ ਨਹੀਂ; ਇਹ ਤਾਂ ਸਭ ਭਰਮ ਹਨ ਮਨ ਦੇ।' ਤੁਹਾਨੂੰ ਸ਼ੱਕ ਪੈਦਾ ਹੋ ਜਾਏਗਾ। ਤੁਸੀਂ ਸਾਰੀ ਰਾਤ ਚਿੰਤਿਤ ਹੋ ਜਾਓਗੇ ਕਿ ਧਿਆਨ ਹੁੰਦਾ ਹੈ ਕਿ ਨਹੀਂ। ਧਿਆਨ ਕਰਨ ਬੈਠੋਗੇ ਤਾਂ ਇਹ ਸ਼ੱਕ ਤੁਹਾਨੂੰ ਘੇਰ ਲਵੇਗਾ ਕਿ ਹੁੰਦਾ ਵੀ ਹੈ ਕਿ ਨਹੀਂ, ਤੁਸੀਂ ਬੇ-ਕਾਰ ਹੀ ਸਮਾਂ ਖ਼ਰਾਬ ਕਰ ਰਹੇ ਹੋ? ਅਤੇ ਜੇਕਰ ਬਹੁਤ ਲੋਗ ਕਹਿਣ ਵਾਲੇ ਮਿਲ ਜਾਣ ਤਾਂ ਬਹੁਤ ਮੁਸ਼ਕਿਲ ਹੋ ਜਾਂਦੀ ਹੈ।

ਤੁਹਾਡਾ ਚਿੱਤ ਅੱਜੇ ਬਾਹਰੋਂ ਬਹੁਤ ਆਂਦੋਲਿਤ (ਅਸਰਦਾਰ) ਹੁੰਦਾ ਹੈ, ਇਸ ਲਈ ਚੁੱਪ ਰਹਿਣਾ। ਪਰ ਤੁਹਾਡੀ ਵਾਣੀ ਵਿਚ ਅਮ੍ਰਿਤ ਵਗਣ ਲਗੇ। ਅਮ੍ਰਿਤ ਦੀ ਗੱਲ ਨ ਕਰਨਾ ਪਰ ਤੁਹਾਡੀ ਵਾਣੀ ਵਿਚ ਮਿਠਾਸ ਆਉਂਣ ਲਗੇ। ਤੁਹਾਡੀ ਵਾਣੀ ਵਿਚ ਸਵਾਦ ਵਗਣ ਲਗੇ। ਕਹਿਣਾ ਨ ਸਿੱਧਾ-ਸਿੱਧਾ ਕਿ ਕੀ ਮੈਨੂੰ ਮਿਲ ਗਿਆ ਹੈ, ਪਰ ਤੁਹਾਡੇ ਉਠਣ ਵਿਚ ਬੈਠਣ ਵਿਚ, ਤੁਹਾਡੇ ਚਲਣ ਵਿਚ ਫ਼ਰਕ ਪੈਣ ਲਗੇਗਾ, ਕ੍ਰਾਂਤੀ ਤਾਂ ਹੋਣ ਲਗੇਗੀ। ਤੁਸੀਂ ਬੋਲੋਗੇ, ਤਦ ਤੁਹਾਡੇ ਬੋਲਣ ਵਿਚ ਇੱਕ ਮਿਠਾਸ ਹੋਏਗੀ, ਜਿਹੜੀ ਕਦੇ ਵੀ ਨਹੀਂ ਸੀ। ਤੁਹਾਡੇ ਬੋਲਣ ਵਿਚ ਇੱਕ ਗੀਤ ਹੋਵੇਗਾ, ਇੱਕ ਛੰਦ ਹੋਵੇਗਾ, ਜਿਹੜਾ ਕਦੇ ਵੀ ਨਹੀਂ ਸੀ। ਉਹ ਹੀ ਛੰਦ ਉਨ੍ਹਾਂ ਲੋਕਾਂ ਨੂੰ ਤੁਹਾਡੇ ਕੋਲ ਲਿਆਉਂਣ ਲਗੇਗਾ, ਜੋ ਛੰਦ ਦੀ ਤਲਾਸ਼ ਵਿਚ ਹਨ। ਉਹ ਹੀ ਛੰਦ ਲੋਕਾਂ ਨੂੰ ਆਕਰਸ਼ਿਤ (ਖਿਚਣਾ) ਕਰਨ ਲਗੇਗਾ। ਉਹ ਤੁਹਾਨੂੰ ਪੁਛੱਣ ਲਗਣਗੇ ਤੁਹਾਨੂੰ ਕੀ ਹੋ ਗਿਆ? ਜਦ ਕੋਈ ਤੁਹਾਡੇ ਬਹੁਤ ਨੇੜੇ ਆ ਕੇ ਮੁਮੁਕਛਾ (ਇੱਛਾ) ਕਰੇ ਤਾਂ ਉਸ ਨੂੰ ਕਹਿ ਦੇਣਾ, ਨਹੀਂ ਤਾਂ ਭੇਦ ਨੂੰ ਲੁੱਕਾ ਕੇ ਰਖੱਣਾ।

ਮਨ ਮੈਂ ਰਹਿਣਾ, ਭੇਦ ਨ ਕਹਿਣਾ, ਬੋਲਿਬਾ ਅਮ੍ਰਤ-ਬਾਣੀ।
ਆਗਿਲਾ ਅਗਨੀ ਹੋਇਬਾ ਅਵਧੂ ...।

ਹੋਰ ਜੇਕਰ ਸਾਹਮਣੇ ਵਾਲਾ ਆਦਮੀ ਅੱਗ-ਬਬੂਲਾ ਹੋ ਉਠੇ, ਕ੍ਰੋਧ ਨਾਲ ਤਿਲਮਿਲਾ

ਉਠੇ, ਪਾਗਲ ਹੋ ਉਠੇ, ਤਾਂ ਆਪ ਹੋਇਬਾ ਪਾਣੀ, ਤਾਂ ਤੁਸੀਂ ਬਿਲਕੁੱਲ ਪਾਣੀ ਹੋ ਜਾਣਾ। ਜਦ ਸਾਹਮਣੇ ਕੋਈ ਪ੍ਰਜਵਲਿਤ ਹੋ ਜਾਏ ਕ੍ਰੋਧ ਨਾਲ ਤਾਂ ਤੁਸੀਂ ਪਾਣੀ ਹੋ ਜਾਣਾ, ਤੁਸੀਂ ਉਸ ਉੱਤੇ ਮੀਂਹ ਵਾਂਗ ਵਰ੍ਹ ਜਾਣਾ। ਇਹ ਤੁਹਾਡੀ ਜੀਵਨ-ਚਰਯਾ (ਚਾਲ) ਹੋਵੇ। ਅਜਿਹਾ ਤੁਹਾਡਾ ਵਿਅਕਤਿੱਤਵ (ਪਰਸਨੈਲਟੀ) ਹੋਵੇ। ਅਜਿਹੀ ਤੁਹਾਡੀ ਅਭਿਵਯਕਤਿ (ਪ੍ਰਗਟਾਅ) ਹੋਵੇ। ਇਸੇ ਤੋਂ ਹੀ ਪਤਾ ਲਗਣ ਲਗੇਗਾ ਹੌਲੀ-ਹੌਲੀ ਉਨ੍ਹਾਂ ਨੂੰ, ਜਿਹੜੇ ਤਲਾਸ਼ ਕਰ ਰਹੇ ਹਨ। ਉਨ੍ਹਾਂ ਨੂੰ ਸੁਰਾਗ ਮਿਲੇਗਾ। ਇਸ ਦੀ ਘੋਸ਼ਣਾ (ਐਲਾਨ) ਨਹੀਂ ਕਰਨੀ ਪੈਂਦੀ, ਡੌਂਡੀ ਨਹੀਂ ਪਿਟਣੀ ਪੈਂਦੀ। ਇਵੇਂ ਹੀ ਇਵੇਂ ਹੌਲੀ-ਹੌਲੀ ਤੁਹਾਡੇ ਸਵਾਸ ਉਨ੍ਹਾਂ ਨਾਸਾਪੁਟਾਂ ਵਿਚ ਪੁੱਜ ਜਾਣਗੇ ਜੋ ਉਤਸੁਕ ਹਨ, ਜੋ ਖੋਜੀ ਹਨ। ਤੁਹਾਡੀ ਇਹ ਜੋ ਬੀਨ ਅੰਦਰ ਵਜੇਗੀ, ਇਹ ਹੌਲੀ-ਹੌਲੀ ਤੁਹਾਡੇ ਵਿਅਕਤਿਤਵ ਨੂੰ ਰੂਪਾਂਤਰਿਤ ਕਰੇਗੀ; ਅਤੇ ਜਿਨ੍ਹਾਂ ਨੂੰ ਖੋਜ ਹੈ, ਜਿਨ੍ਹਾਂ ਨੂੰ ਪਿਆਸ ਹੈ, ਉਨ੍ਹਾਂ ਦੇ ਅੰਦਰ ਦੀ ਵੀਣਾ ਵੀ ਤੁਹਾਡੀ ਟੰਕਾਰ ਨਾਲ ਗੂੰਜਣ ਲਗੇਗੀ। ਉਹ ਲੋਕ ਆਉਂਣ ਲਗਣਗੇ, ਉਹ ਲੋਗ ਦੂਰੋਂ-ਦੂਰੋਂ ਵੀ ਆਉਂਣ ਲਗਣਗੇ।

ਕਿਉਂਕਿ ਇੱਥੇ ਕਿਹੜਾ ਹੈ ਜੋ ਅੰਮ੍ਰਿਤ ਦੀ ਤਲਾਸ਼ ਨਹੀਂ ਕਰਨਾ ਚਾਹੁੰਦਾ ! ਇੱਥੇ ਕੌਣ ਹੈ ਜਿਹੜਾ ਆਨੰਦ ਦੀ ਖੋਜ ਵਿਚ ਨਹੀਂ ਹੈ? ਗਲਤ ਦਿਸ਼ਾਵਾਂ ਵਿਚ ਲੱਭ ਰਹੇ ਹਨ ਲੋਗ, ਪਰ ਲੱਭ ਤਾਂ ਲੋਗ ਆਨੰਦ ਹੀ ਰਹੇ ਹਨ। ਜਦ ਵੀ ਉਨ੍ਹਾਂ ਨੂੰ ਕੋਈ ਅਜਿਹਾ ਵਿਅਕਤੀ ਮਿਲ ਜਾਏਗਾ ਜੋ ਆਨੰਦਿਤ ਹੈ; ਤਾਂ ਉਸ ਦਾ ਪ੍ਰਭਾਵ ਕਿਹਾ ਨਹੀਂ ਜਾ ਸਕਦਾ।

ਰਹੀਮ ਨੇ ਕਿਹਾ ਹੈ :

ਦੋਨੋਂ ਰਹਿਮਨ ਏਕ ਸੇ, ਜੌਂ ਲੌਂ ਬੋਲਤ ਨਾਹਿ
ਜਾਨ ਪਰਤ ਹੈ ਕਾਕ ਪਿਕ, ਰਿਤੁ ਵਸੰਤ ਮਾਹਿ॥

ਕਾਂ ਅਤੇ ਕੋਇਲ ਇੱਕੋ-ਜਿਹੇ ਲਗਦੇ ਹਨ ਜਦ ਤੱਕ ਬੋਲਣ ਨ; ਜਦ ਵਸੰਤ ਆ ਜਾਂਦਾ ਹੈ ਤਦ ਭੇਦ ਖੁੱਲ੍ਹ ਜਾਂਦਾ ਹੈ। ਕਾਂ ਵੀ ਕਾਲਾ ਹੈ ਕੋਇਲ ਵੀ ਕਾਲੀ ਹੈ, ਉਪੱਰ ਕੋਈ ਭੇਦ (ਫ਼ਰਕ) ਮਾਲੂਮ ਨਹੀਂ ਹੁੰਦਾ। ਤੁਸੀਂ ਜਦ ਬੋਲੋ, ਤੁਸੀਂ ਜਦ ਵਿਓਹਾਰ ਕਰੋ, ਜਦ ਤੁਸੀਂ ਕਿਸੇ ਦਾ ਹਥ ਹਥ ਵਿਚ ਲਓ, ਜਦ ਤੁਸੀਂ ਕਿਸੇ ਨੂੰ ਗਲੇ ਨਾਲ ਲਗਾਓ, ਤਦ ਫ਼ਰਕ ਪਤਾ ਲਗੇਗਾ।

ਜਾਨ ਪਰਤ ਹੈ ਕਾਕ ਪਿਕ, ਰਿਤੂ ਬਸੰਤ ਕੇ ਮਾਹਿਂ। ਤੁਹਾਡਾ ਪ੍ਰੇਮ, ਤੁਹਾਡਾ ਮਿੱਠਾਪਨ, ਤੁਹਾਡਾ ਪ੍ਰਸਾਦ ਬਸੰਤ ਬਣ ਜਾਏ, ਉਸੀ ਵੇਲੇ ਫ਼ਰਕ ਪਤਾ ਚਲੇਗਾ।

ਆਗਿਲਾ ਅਗਨੀ ਹੋਇਬਾ ਅਵਧੂ ਤੌਂ ਆਪਣ ਹੋਇਬਾ ਪਾਣੀ।

ਅਤੇ ਇਹ ਸਮਝ ਲੈਣਾ, ਇਹ ਬਹੁਤ ਹੈਰਾਨੀ ਦੀ ਗੱਲ ਹੈ, ਪਰ ਸਮਝ ਲੈਣੀ ਚਾਹੀਦੀ ਹੈ।

ਇੱਕ ਮਹਿਲਾ (ਔਰਤ) ਮੈਨੂੰ ਮਿਲਣ ਆਈ। ਇੱਕ ਬਹੁਤ ਵੱਡੇ ਸਮ੍ਰੱਧ ਪਰਿਵਾਰ ਦੀ ਮਹਿਲਾ ਹੈ, ਪੜ੍ਹੀ ਲਿਖੀ। ਉਸਨੇ ਮੈਨੂੰ ਕਿਹਾ ਧਿਆਨ ਸਿਖਣ ਆਈ ਹਾਂ। ਪਰ ਇਸ ਤੋਂ ਪਹਿਲਾਂ ਕਿ ਧਿਆਨ ਸਿੱਖਾਂ ਇੱਕ ਗੱਲ ਪੁੱਛਣੀ ਹੈ। ਧਿਆਨ ਸਿਖਣ ਨਾਲ ਮੇਰੇ ਦਾਂਪਤਯ (ਪਤੀ-ਪਤਨੀ) ਵਿਚ, ਮੇਰੇ ਪਰਿਵਾਰਿਕ ਜੀਵਨ ਵਿਚ ਕੋਈ ਅੜਚਨ ਤਾਂ ਨਹੀਂ ਆਏਗੀ?

ਇਸ ਦੇ ਪਹਿਲਾਂ ਕਿ ਮੈਂ ਕੁਝ ਬੋਲਾਂ, ਉਸ ਨੇ ਖ਼ੁਦ ਹੀ ਕਿਹਾ, ਇਹ ਤਾਂ ਮੈਂ ਜਾਣਦੀ

ਹਾਂ, ਅੜਚਨ ਕਿਉਂ ਆਏਗੀ, ਧਿਆਨ ਤਾਂ ਚੰਗੀ ਚੀਜ਼ ਹੈ; ਧਿਆਨ ਨਾਲ ਕਿਉਂ ਅੜਚਨ ਆਏਗੀ? ਪਰ ਮੈਂ ਪੁੱਛ ਰਹੀ ਹਾਂ, ਕਿਉਂਕਿ ਮੇਰੇ ਪਤੀ ਨੇ ਮੈਨੂੰ ਕਿਹਾ ਹੈ ਕਿ ਧਿਆਨ ਸਿਖਣ ਤੋਂ ਪਹਿਲਾਂ ਇਹ ਪੁੱਛ ਲੈਣਾ।

ਮੈਂ ਉਸ ਮਹਿਲਾ ਨੂੰ ਕਿਹਾ ਕਿ ਫ਼ਿਰ ਬੇਹਤਰ ਹੈ ਤੂੰ ਧਿਆਨ ਨ ਸਿੱਖ, ਅੜਚਨ ਤਾਂ ਆਏਗੀ।

ਹੋਰ ਵੱਡੀ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਜੇਕਰ ਤੁਸੀਂ ਕੁਝ ਬੁਰੇ ਕੰਮ ਸਿੱਖੋ ਤਾਂ ਕੁਝ ਜ਼ਿਆਦਾ ਅੜਚਨ ਨਹੀਂ ਆਉਂਦੀ। ਜਿਵੇਂ ਪਤਨੀ ਜਾਂ ਪਤੀ ਸ਼ਰਾਬ ਪੀਣ ਲਗਣ ਤਾਂ ਥੋੜ੍ਹੀ ਹੀ ਅੜਚਨ ਆਏਗੀ। ਜੂਆ ਖੇਡਣ ਲਗ ਪੈਣ ਤਾਂ ਥੋੜ੍ਹੀ ਹੀ ਅੜਚਨ (ਰੁਕਾਵਟ) ਆਏਗੀ। ਸੱਚ ਤਾਂ ਇਹ ਹੈ, ਇਹ ਵੀ ਹੋ ਸਕਦਾ ਹੈ ਕਿ ਅੜਚਨ ਬਿਲਕੁੱਲ ਨ ਆਏ। ਇਹ ਵੀ ਹੋ ਸਕਦਾ ਹੈ ਕਿ ਜਿੱਥੇ ਪਹਿਲਾਂ ਅੜਚਨ ਸੀ ਉਹ ਅੜਚਨ ਵੀ ਚਲੀ ਜਾਏ, ਸੁਵਿਧਾ ਹੋ ਜਾਏ। ਤੁਸੀਂ ਚੌਂਕੋਂਗੇ ਥੋੜ੍ਹਾ, ਕਿਉਂਕਿ ਤੁਹਾਨੂੰ ਮਨ ਦੇ ਡੂੰਘੇ ਰਹੱਸਾਂ (ਰਾਜ਼ਾਂ) ਦਾ ਬੋਧ (ਗਿਆਨ) ਨਹੀਂ ਹੈ। ਪਤਨੀਆਂ ਨੂੰ ਬਹੁਤ ਮਜ਼ਾ ਆਉਂਦਾ ਹੈ ਪਤੀਆਂ ਨੂੰ ਸੁਧਾਰਣ ਵਿਚ। ਜੇਕਰ ਪਤੀ ਬਿਲਕੁੱਲ ਠੀਕ-ਠਾਕ ਹੋਵੇ, ਪਤਨੀ ਨੂੰ ਰਸ ਹੀ ਨਹੀਂ ਰਹਿ ਜਾਂਦਾ। ਜੇਕਰ ਪਤੀ ਸ਼ਰਾਬ ਪੀਂਦਾ ਹੈ, ਸਿਗਰੇਟ ਪੀਂਦਾ ਹੈ ਤਾਂ ਪਤਨੀ ਉਸ ਉੱਤੇ ਹਾਵੀ ਹੋ ਜਾਂਦੀ ਹੈ। ਪਤਨੀ ਪਵਿੱਤ੍ਰ ਹੋ ਜਾਂਦੀ ਹੈ। ਕਿਉਂਕਿ ਅੱਜੇ ਭਾਰਤ ਦੀਆਂ ਇਸਤ੍ਰੀਆਂ ਨੇ ਇੰਨੀ ਹਿੰਮਤ ਨਹੀਂ ਇਕੱਠੀ ਕੀਤੀ ਕਿ ਸ਼ਰਾਬ ਪੀਣ ਅਤੇ ਸਿਗਰੇਟ ਪੀਣ, ਤਾਂ ਖ਼ੁਦ ਤਾਂ ਪੀ ਨਹੀਂ ਸਕਦੀ, ਉਸਦੀ ਹਿੰਮਤ ਨਹੀਂ ਹੈ; ਸਦੀਆਂ ਨੇ ਤੋੜ ਦਿੱਤੀ ਹੈ ਹਿੰਮਤ। ਕਲਪਣਾ ਵਿਚ ਵੀ ਨਹੀਂ ਆਉਂਦਾ ਕਿ ਅਸੀਂ ਸ਼ਰਾਬ ਪੀਵੀਏ, ਸਿਗਰੇਟ ਪੀਵੀਏ ਇਹ ਤਾਂ ਹੋ ਹੀ ਨਹੀਂ ਸਕਦਾ। ਤਾਂ ਫ਼ਿਰ ਇੱਕ ਸੁਵਿਧਾ ਮਿਲ ਜਾਂਦੀ ਹੈ, ਪਤੀ ਦੀ ਨਿੰਦਾ ਕਰਨ ਦੀ ਸੁਵਿਧਾ ਮਿਲ ਜਾਂਦੀ ਹੈ। ਪਤੀ ਤੇ ਕਬਜ਼ਾ ਰਖੱਣ ਦੀ ਸੁਵਿਧਾ ਮਿਲ ਜਾਂਦੀ ਹੈ। ਪਤੀ ਘਰ 'ਚ ਆਉਂਦਾ ਹੈ ਤਾਂ ਵੈਸੇ ਵੀ ਡੱਰਿਆ ਹੋਇਆ ਆਉਂਦਾ ਹੈ, ਕਿਉਂਕਿ ਸਿਗਰੇਟ ਪੀਂਦਾ ਹੈ। ਜੇਕਰ ਪਤੀ ਇੱਕਦਮ ਸਿਗਰੇਟ ਪੀਣਾ ਬੰਦ ਕਰ ਦੇਵੇ, ਸ਼ਰਾਬ ਪੀਣੀ ਬੰਦ ਕਰ ਦੇਵੇ ਤਾਂ ਜੋ ਪਤਨੀ ਵੀਹਾਂ ਸਾਲਾਂ ਤੋਂ ਮਾਲਿਕ ਬਣੀ ਬੈਠੀ ਸੀ, ਉਸ ਦੀ ਸਾਰੀ ਮਾਲਕੀਅਤ ਡਿੱਗ ਜਾਏਗੀ। ਉਸ ਨੂੰ ਜੋ ਰਸ ਸੀ ਉਹ ਰਸ ਗੁਆਚ ਜਾਏਗਾ। ਬੁਰਾਈ ਤੋਂ ਲੋਗ ਇੰਨੇ ਪਰੇਸ਼ਾਨ ਨਹੀਂ ਹੁੰਦੇ, ਕਿਉਂਕਿ ਜੋ ਆਦਮੀ ਬੁਰਾ ਕਰ ਰਿਹਾ ਹੈ ਉਹ ਦੀਨ ਹੋ ਜਾਂਦਾ ਹੈ ਅਤੇ ਦੂਜੇ ਦੇ ਅਹੰਕਾਰ ਨੂੰ ਭਰਨ ਦਾ ਕਾਰਣ ਹੋ ਜਾਂਦਾ ਹੈ।

ਅਸੀਂ ਸਾਰੇ ਚਾਹੁੰਦੇ ਹਾਂ : ਬਾਕੀ ਲੋਗ ਸਾਡੇ ਕੋਲੋਂ ਦੀਨ ਹੋਣ, ਸਾਡੇ ਤੋਂ ਹੀਨ ਹੋਣ। ਇਹ ਸਾਡੀ ਅੰਦਰੂਨੀ ਆਕਾਂਕਸ਼ਾ (ਇੱਛਾ) ਹੈ। ਇਸ ਦੇ ਦੋ ਉਪਾਅ ਹਨ : ਇੱਕ ਤਾਂ ਇਹ ਕਿ ਅਸੀਂ ਸਰੇਸ਼ਠ (ਉੱਤਮ) ਹੋ ਜਾਈਏ ਤਾਂ ਉਹ ਦੀਨ ਹੋ ਜਾਣ; ਅਤੇ ਦੂਜਾ ਇਹ ਕਿ ਉਹ ਦੀਨ ਹੋ ਜਾਣ ਤੇ ਅਸੀਂ ਜਿਹੋ ਜਿਹੇ ਹਾਂ ਉਸੇ ਤਰ੍ਹਾਂ ਦੇ ਰਹੀਏ, ਪਰ ਅਸੀਂ ਉੱਤਮ ਹੋ ਗਏ। ਅਕਸਰ ਅਜਿਹਾ ਹੋ ਜਾਂਦਾ ਹੈ, ਤੁਹਾਡੇ ਤਥਾਕਥਿਤ ਸਾਧੂ ਅਤੇ ਸੰਤ ਇਸੇ ਲਈ ਤਿਆਗ ਅਤੇ ਤਪਸਿਆ, ਵਰਤ ਅਤੇ ਉਪਵਾਸ ਕਰ ਪਾਉਂਦੇ ਹਨ ਕਿ ਇਸ ਤੋਂ ਵੱਧ ਸੁਵਿਧਾ ਪੂਰਣ ਅਹੰਕਾਰ ਨੂੰ ਭਰਨ ਦਾ ਹੋਰ ਕੋਈ ਉਪਾਅ ਨਹੀਂ ਹੈ। ਇਨ੍ਹਾਂ ਨਿੱਕੀਆਂ-ਨਿੱਕੀਆਂ

ਚੀਜਾਂ ਨੂੰ ਛੱਡ ਕੇ ਉਹ ਸਿੰਘਾਸਣਾਂ ਤੇ ਵਿਰਾਜਮਾਨ ਹੋ ਜਾਂਦੇ ਹਨ—ਕਿਉਂਕਿ ਉਹ ਸਿਗਰੇਟ ਨਹੀਂ ਪੀਂਦੇ, ਕਿਉਂਕਿ ਉਹ ਪਾਨ ਨਹੀਂ ਖਾਂਦੇ, ਕਿਉਂਕਿ ਉਹ ਤਮਬਾਕੂ ਨਹੀਂ ਖਾਂਦੇ, ਕਿਉਂਕਿ ਉਹ ਰਾਤ ਨੂੰ ਪਾਣੀ ਨਹੀਂ ਪੀਂਦੇ, ਕਿਉਂਕਿ ਉਹ ਪਾਣੀ ਛਾਣ ਕੇ ਪੀਂਦੇ ਹਨ, ਕਿਉਂਕਿ ਉਹ ਇਹ ਨਹੀਂ ਖਾਂਦੇ ਉਹ ਨਹੀਂ ਖਾਂਦੇ। ਇਨ੍ਹਾਂ ਛੋਟੀਆਂ (ਤੁੱਛ) ਗੱਲਾਂ ਦੇ ਆਧਾਰ ਤੇ ਅਹੰਕਾਰ ਨੂੰ ਬਹੁਤ ਪ੍ਰਤਿਸ਼ਠਾ ਮਿਲ ਜਾਂਦੀ ਹੈ। ਇਨ੍ਹਾਂ ਸਸਤਾ ਅਹੰਕਾਰ ਮਿਲਦਾ ਹੋਵੇ ਤਾਂ ਕੌਣ ਛੱਡੇ! ਅਹੰਕਾਰ ਲਈ ਤਾਂ ਆਦਮੀ ਕੀ ਨਹੀਂ ਕਰਨ ਲਈ ਰਾਜੀ ਹੋ ਜਾਂਦਾ ਹੈ! ਇਹ ਤਾਂ ਬਹੁਤ ਸਸਤੇ ਤਿਆਗ ਹਨ, ਇਨ੍ਹਾਂ ਵਿਚ ਰੱਖਿਆ ਹੀ ਕੀ ਹੈ? ਜੇਕਰ ਪਰਿਵਾਰ ਵਿਚ ਕੋਈ ਵਿਅਕਤੀ ਹੀਣਤਾਪੂਰਨ ਕੰਮ ਕਰ ਰਿਹਾ ਹੈ ਤਾਂ ਦੂਜੇ ਉਸਦੇ ਉਪੱਰ ਹਾਵੀ ਰਹਿਣ ਵਿਚ ਸੁਵਿਧਾ ਪਾਉਂਦੇ ਹਨ।

ਮੈਂ ਉਸ ਮਹਿਲਾ ਨੂੰ ਕਿਹਾ ਕਿ ਇਹ ਮੈਂ ਨਹੀਂ ਕਹਿ ਸਕਦਾ ਕਿ ਧਿਆਨ ਕਰਨ ਨਾਲ ਅੜਚਨ ਨ ਆਏਗੀ; ਧਿਆਨ ਕਰਨ ਨਾਲ ਬਹੁਤ ਅੜਚਨ ਆਏਗੀ, ਕਿਉਂਕਿ ਘਰ ਦੀ ਪੂਰੀ ਰਾਜਨੀਤਿ ਬਦਲ ਜਾਏਗੀ। ਘਰ ਦੀ ਰਾਜਨੀਤਿ ਵਿਚ ਵੱਡਾ ਉਲਟ-ਫ਼ੇਰ ਹੋ ਜਾਏਗਾ। ਤੂੰ ਜੇਕਰ ਧਿਆਨ ਕਰੇਂਗੀ ਤਾਂ ਅੜਚਨਾਂ (ਗੁੰਝਲਾਂ) ਸ਼ੁਰੂ ਹੋਣਗੀਆਂ। ਤੂੰ ਸ਼ਾਂਤ ਹੋਵੇਂਗੀ, ਪਤੀ ਅੱਗ ਬਬੂਲਾ ਹੋਣਗੇ ਅਤੇ ਤੂੰ ਸ਼ਾਂਤ ਹੀ ਰਹੇਂਗੀ, ਤਾਂ ਤੂੰ ਸੋਚਦੀ ਹੈਂ ਪਤੀ ਦੇ ਅਹੰਕਾਰ ਨੂੰ ਕਿੰਨੀ ਸੱਟ ਵਜੇਗੀ? ਇਸ ਲਈ ਤੂੰ ਸੋਚ ਕੇ ਆ, ਤੂੰ ਜਾ ਫ਼ਿਰ ਸੋਚ ਕੇ ਆਵੀਂ! ਫ਼ਰਕ ਤਾਂ ਪੈਣ ਵਾਲੇ ਹਨ। ਮੈਂ ਅਨੁਭਵ ਕਰਦਾ ਹਾਂ ਰੋਜ਼ ਫ਼ਰਕ ਪੈਂਦੇ ਹਨ। ਇੱਕ ਮਹਿਲਾ ਨੇ ਕੋਈ ਤਿੰਨ ਸਾਲ ਧਿਆਨ ਕੀਤਾ ਹੈ, ਅੜਚਨ ਸ਼ੁਰੂ ਹੋ ਗਈ, ਕਿਉਂਕਿ ਕਾਮਵਾਸਨਾ ਵਿਚ ਕੋਈ ਰਸ ਨਹੀਂ ਹੈ। ਪਤੀ ਇੱਕਦਮ ਪਾਗਲ ਹੁੰਦੇ ਜਾ ਰਹੇ ਹਨ। ਪਤੀ ਇੱਕਦਮ ਵਿਛਿਪਤ ਹੁੰਦੇ ਜਾ ਰਹੇ ਹਨ।

ਮੈਂ ਉਸ ਮਹਿਲਾ ਨੂੰ ਕਿਹਾ ਵੀ ਕਿ ਤੂੰ ਅਭਿਨਯ ਕਰ ਘਟੋ-ਘੱਟ, ਰੋਜ਼-ਰੋਜ਼ ਝਗੜਾ ਕਰਨ ਨਾਲ ਹੀ ਫ਼ਾਇਦਾ ਹੈ ? ਪਤੀ ਦੀ ਮੰਗ ਹੈ ਪੂਰੀ ਕਰਦੇ—ਅਭਿਨਯ ਦੀ ਤਰ੍ਹਾਂ। ਉਸਨੇ ਕਿਹਾ, ਠੀਕ ਹੈ।

ਧਿਆਨੀ ਵਿਅਕਤੀ ਅਭਿਨਯ ਕਰ ਸਕਦਾ ਹੈ, ਬਹੁਤ ਸਰਲਤਾ ਨਾਲ। ਧਿਆਨੀ ਹੀ ਅਭਿਨਯ ਕਰ ਸਕਦਾ ਹੈ। ਅੰਦਰ ਦੂਰ ਬਾਹਰੋਂ ਇੱਕ ਖੇਡ ਕਰ ਸਕਦਾ ਹੈ। ਪਰ ਜਦ ਬਾਹਰੋਂ ਪਤਨੀ ਖੇਡ ਕਰ ਰਹੀ ਹੋਵੇ ਤਾਂ ਵੀ ਪਤੀ ਨੂੰ ਅੜਚਨ ਹੈ।

ਪਤੀ ਮੇਰੇ ਕੋਲ ਆਏ। ਉਨ੍ਹਾਂ ਨੇ ਕਿਹਾ, ਇਹ ਤੁਸੀਂ ਇੱਕ ਹੋਰ ਨਵੀਂ ਸਿਖਿਆ ਦੇ ਦਿੱਤੀ ਉਸਨੂੰ। ਹੁਣ ਮੈਂ ਹੋਰ ਬੁੱਧੂ ਮਾਲੂਮ ਹੁੰਦਾ ਹਾਂ। ਉਹ ਖੇਡ ਕਰ ਰਹੀ ਹੈ। ਜਦ ਕੋਈ ਦੂਜਾ ਸਾਹਮਣੇ ਖੇਡ ਕਰ ਰਿਹਾ ਹੋਵੇ ਅਤੇ ਸਾਨੂੰ ਸਾਫ਼ ਪਤਾ ਹੈ ਕਿ ਉਸ ਨੂੰ ਕੋਈ ਰਸ ਨਹੀਂ ਹੈ, ਬਸ ਦਿਖਾਵਾ ਕਰ ਰਹੀ ਹੈ, ਤਾਂ ਸਾਨੂੰ ਹੋਰ ਗਲਾਨੀ ਹੁੰਦੀ ਹੈ। ਤੁਸੀਂ ਸਾਡਾ ਸਾਰਾ ਜੀਵਨ ਬਰਬਾਦ ਕਰ ਦਿੱਤਾ।

ਤਦ ਮੈਂ ਉਸ ਮਹਿਲਾ ਨੂੰ ਕਿਹਾ, ਤੂੰ ਫ਼ਿਰ ਪੁੱਛ ਕੇ ਆ, ਸਮਝ ਕੇ ਆ। ਫ਼ਰਕ ਤਾਂ ਹੋਣਗੇ। ਧਿਆਨ ਤੇਰੀਆਂ ਉਚਾਈਆਂ ਵਧਾਏਗਾ, ਗਹਿਰਾਈਆਂ ਵਧਾਏਗਾ। ਨਿਸ਼ਚਿਤ ਹੀ ਘਰ ਦੀ ਸਾਰੀ ਵਿਵਸਥਾ (ਪ੍ਰਬੰਧ) ਬਦਲ ਜਾਏਗੀ। ਕਿਉਂਕਿ ਜੋ ਕੱਲ੍ਹ ਤੇਰੇ ਤੋਂ ਉੱਚੇ ਸਨ,

ਨੀਵੇਂ ਪੈਣ ਲਗਣਗੇ। ਜੋ ਕੱਲ੍ਹ ਤੇਰੇ ਤੋਂ ਡੂੰਘੇ ਸਨ, ਉਥਲੇ ਪੈਣ ਲਗਣਗੇ। ਉਨ੍ਹਾਂ ਸਭ ਦੇ ਅਹੰਕਾਰ ਨੂੰ ਸੱਟ ਵਜੇਗੀ। ਉਹ ਬਦਲਾ ਲੈਣਗੇ

ਪੰਜ ਸਾਲ ਹੋ ਗਏ ਉਹ ਮਹਿਲਾ ਵਾਪਸ ਨਹੀਂ ਪਰਤੀ।

ਖਿਆਲ ਰਖਣਾ, ਜਿਵੇਂ ਹੀ ਤੁਹਾਡੇ ਜੀਵਨ ਵਿਚ ਥੋੜ੍ਹੀ ਅੰਤਰ ਜਿਓਤੀ ਜਾਗੇਗੀ, ਫ਼ਰਕ ਪੈਣਗੇ ਨ ਕਹੋ ਤਾਂ ਵੀ ਫ਼ਰਕ ਪੈਣਗੇ। ਭੇਦ ਨੂੰ ਲੁਕਾਈ ਰੱਖੋ ਤਾਂ ਵੀ ਫ਼ਰਕ ਪੈਣਗੇ ਤੁਸੀਂ ਉਹੋ ਜਿਹਾ ਹੀ ਤਾਂ ਵਰਤਾਅ ਨਹੀਂ ਕਰ ਸਕਦੇ ਜਿਹੋ-ਜਿਹਾ ਕਲ ਤੱਕ ਕਰਦੇ ਸੀ। ਬਸੰਤ ਆ ਗਿਆ, ਹੁਣ ਤਾਂ ਕਾਂ ਅਤੇ ਕੋਇਲ ਦਾ ਭੇਦ ਸਾਫ਼ ਹੋ ਜਾਏਗਾ। ਕਾਂ ਨਾਰਾਜ਼ ਹੋਣਗੇ। ਕਾਂ ਕੋਇਲ ਉੱਤੇ ਬਹੁਤ ਨਾਰਾਜ਼ ਹਨ। ਕੁਦਰਤੀ ਗੱਲ ਹੈ: ਕੋਇਲ ਕੂਕਦੀ ਹੈ, ਸਾਰੇ ਲੋਗ ਗੱਦ-ਗੱਦ ਹੋ ਜਾਂਦੇ ਹਨ। ਕਾਂ ਵੀ ਵਿਚਾਰਾ ਬਹੁਤ ਕੋਸ਼ਿਸ਼ ਕਰਦਾ ਹੈ ਕਿ ਕੋਈ ਤਾਂ ਤਾੜੀਆਂ ਵਜਾਏ। ਲੋਗ ਤਾੜੀ ਵਜਾਉਂਦੇ ਹਨ ਕਾਂ ਉਡਾਉਂਣ ਲਈ ਕਿ ਜਾਓ, ਭੱਜੋ, ਕਿ ਹੁਣ ਮੁੜ ਕੇ ਇਧੱਰ ਨ ਆਉਂਣਾ।

ਇੱਕ ਕਾਂ ਉਡਿਆ ਜਾ ਰਿਹਾ ਸੀ। ਕੋਇਲ ਨੇ ਪੁੱਛਿਆ ਕਿ ਚਾਚਾ ਕਿੱਥੇ ਜਾ ਰਹੇ ਹੋ? ਉਸਨੇ ਕਿਹਾ ਮੈਂ ਪੂਰਬ ਜਾ ਰਿਹਾ ਹਾਂ। ਇਧੱਰ ਨਹੀਂ ਰਹਿਣਾ ਹੁਣ। ਇਧੱਰ ਦੇ ਲੋਗ ਗਲਤ ਹਨ। ਕੋਈ ਮੇਰੇ ਗੀਤ ਦਾ, ਮੇਰੇ ਗਾਉਂਣ ਦਾ ਸਵਾਗਤ ਨਹੀਂ ਕਰਦਾ ਹੈ।

ਮੈਂ ਪੂਰਬ ਜਾ ਰਿਹਾ ਹਾਂ। ਮੈਂ ਸੁਣਿਆ ਹੈ ਪੂਰਬ ਦੇ ਲੋਗ ਬਹੁਤ ਭਲੇ ਹਨ। ਕੋਇਲ ਨੇ ਕਿਹਾ ਕਿ ਮੈਂ ਇੱਕ ਗੱਲ ਤੁਹਾਨੂੰ ਕਹਿ ਦਿਆਂ ਕਿ ਤੁਸੀਂ ਚਾਹੇ ਪੂਰਬ ਜਾਓ, ਚਾਹੇ ਪੱਛਮ, ਚਾਹੇ ਕਿੱਤੇ ਵੀ ਜਾਓ; ਜਦ ਤੱਕ ਤੁਹਾਡਾ ਗੱਲਾ ਅਜਿਹਾ ਹੈ ਜਿਵੇਂ ਦਾ ਹੈ ਤਦ ਤੱਕ ਤੁਸੀਂ ਸਭ ਥਾਂ ਪਰੇਸ਼ਾਨੀ ਉਠਾਓਗੇ। ਗਲੇ ਨੂੰ ਬਦਲੋ। ਪੂਰਬ-ਪੱਛਮ ਜਾਣ ਨਾਲ ਕੁਝ ਵੀ ਨਹੀਂ ਹੋਵੇਗਾ। ਪੂਰਬ ਦੇ ਲੋਗ ਵੀ ਇਹੋ-ਜਿਹੇ ਹੀ ਹਨ।

ਇੱਕ ਸੂਫ਼ੀ ਕਹਾਣੀ ਹੈ। ਇੱਕ ਆਦਮੀ ਇੱਕ ਨਗਰ ਦੇ ਦਰਵਾਜ਼ੇ ਉੱਤੇ ਬੈਠਾ ਹੈ, ਬੁੱਢਾ ਆਦਮੀ। ਇੱਕ ਸਵਾਰ ਰੁੱਕਿਆ, ਘੋੜਸਵਾਰ ਤੇ ਉਸ ਨੇ ਪੁੱਛਿਆ, ਇਸ ਨਗਰ ਵਿਚ ਲੋਗ ਕਿਹੋ ਜਿਹੇ ਹਨ? ਉਸ ਬੁੱਢੇ ਨੇ ਪੁੱਛਿਆ, ਕੀ ਕਾਰਨ ਹੈ ਤੇਰੇ ਪੁੱਛਣ ਦਾ, ਕਿਸ ਲਈ ਪੁੱਛਦੇ ਹੋ? ਉਸ ਘੋੜਸਵਾਰ ਨੇ ਕਿਹਾ ਕਿ ਮੈਂ ਜਿਸ ਨਗਰ ਤੋਂ ਆ ਰਿਹਾ ਹਾਂ ਉਸ ਨਗਰ ਦੇ ਲੋਗ ਬਹੁਤ ਬੁਰੇ ਹਨ, ਮੈਂ ਉਨ੍ਹਾਂ ਕੋਲੋਂ ਬੇਚੈਨ ਹੋ ਗਿਆ, ਪਰੇਸ਼ਾਨ ਹੋ ਗਿਆ; ਛੱਡ ਦਿੱਤਾ ਮੈਂ ਉਹ ਨਗਰ। ਹੁਣ ਮੈਂ ਨਵੇਂ ਨਗਰ ਵਿਚ ਨਿਵਾਸ ਦਾ ਇੰਤਜ਼ਾਮ ਕਰਨਾ ਚਾਹੁੰਦਾ ਹਾਂ। ਤਾਂ ਮੈਂ ਤੁਹਾਨੂੰ ਪੁੱਛਦਾ ਹਾਂ, ਇਸ ਨਗਰ ਦੇ ਲੋਗ ਕਿਹੋ ਜਿਹੇ ਹਨ?

ਉਸ ਬੁੱਢੇ ਨੇ ਕਿਹਾ, 'ਭਰਾਵਾ ਤੂੰ ਅੱਗੇ ਵੱਧ, ਇਸ ਨਗਰ ਦੇ ਲੋਗ ਹੋਰ ਵੀ ਲੁੱਚੇ ਹਨ, ਹੋਰ ਵੀ ਬੁਰੇ ਹਨ ਅਤੇ ਅਬਦੂ (ਬੁਰੇ)। ਇੱਥੇ ਤਾਂ ਤੂੰ ਮੁਸੀਬਤ ਵਿਚ ਪੈ ਜਾਏਂਗਾ, ਤੂੰ ਕਿੱਤੇ ਹੋਰ ਲੱਭ।'

ਉਹ ਘੋੜਸਵਾਰ ਅੱਗੇ ਵੱਧ ਗਿਆ। ਉਸਦੇ ਪਿੱਛੇ ਹੀ ਇੱਕ ਬੈਲਗਡੀ ਆ ਕੇ ਰੁੱਕੀ ਅਤੇ ਇੱਕ ਆਦਮੀ ਨੇ ਝਾਂਕ ਕੇ ਵੇਖਿਆ ਅਤੇ ਕਿਹਾ ਕਿ ਬਾਬਾ, ਇਸ ਪਿੰਡ ਦੇ ਲੋਗ ਕਿਹੋ ਜਿਹੇ ਹਨ ? ਮੈਂ ਨਵਾਂ ਨਿਵਾਸ ਲੱਭ ਰਿਹਾ ਹਾਂ।

ਉਸ ਬੁੱਢੇ ਨੇ ਫ਼ਿਰ ਪੁੱਛਿਆ ਕਿ ਤੂੰ ਜਿਸ ਪਿੰਡ ਨੂੰ ਛੱਡ ਕੇ ਆਇਆ ਹੈਂ ਉਸ ਪਿੰਡ ਦੇ

ਲੋਗ ਕਿਹੋ ਜਿਹੇ ਸਨ? ਉਸ ਆਦਮੀ ਦੀਆਂ ਅੱਖਾਂ ਵਿਚ ਅਥਰੂ ਆ ਗਏ। ਉਸਨੇ ਕਿਹਾ, ਮੈਂ ਛਡਣਾ ਨਹੀਂ ਚਾਹੁੰਦਾ ਸੀ, ਮਜਬੂਰੀ ਵਿਚ ਛਡਣਾ ਪਿਆ। ਉਸ ਪਿੰਡ ਦੇ ਲੋਗ ਬਹੁਤ ਪਿਆਰੇ ਸਨ। ਹੁਣ ਕਿਤੇ ਵੀ ਰਹਾਂ ਪਰ ਉਸ ਪਿੰਡ ਦੇ ਲੋਕਾਂ ਦੀ ਯਾਦ ਮੈਨੂੰ ਸਤਾਉਂਦੀ ਰਹੇਗੀ। ਮਜਬੂਰੀ ਸੀ ਆਰਥਿਕ ਰੂਪ ਨਾਲ ਪਰੇਸ਼ਾਨ ਹੋ ਗਿਆ। ਛੱਡਿਆ ਹੈ ਇਸ ਲਈ ਕਿ ਕੁਝ ਕਮਾ ਲਵਾਂ, ਕਿਤੇ ਹੋਰ ਆਪਣੀ ਕਿਸਮਤ ਨੂੰ ਅਜ਼ਮਾ ਲਵਾਂ। ਇੱਛਾ ਇੱਕ ਹੀ ਹੈ ਕਿ ਜਦ ਵੀ ਕਿਸਮਤ ਸਾਥ ਦੇ ਦੇਵੇਗੀ, ਵਾਪਸ ਪਰਤ ਜਾਵਾਂਗਾ। ਵਸਾਂਗਾ ਤਾਂ ਉਸੇ ਪਿੰਡ ਵਿਚ, ਆਖਰਕਾਰ ਤਾਂ ਉਸੇ ਪਿੰਡ ਵਿਚ ਮਰਨਾ ਚਾਹਾਂਗਾ। ਜੇਕਰ ਜੀ ਨ ਸਕਿਆ ਤਾਂ ਘਟੋ-ਘੱਟ ਮਰਨਾ ਤਾਂ ਉਸੇ ਪਿੰਡ ਵਿਚ ਚਾਹਾਂਗਾ।

ਉਸ ਬੁੱਢੇ ਨੇ ਕਿਹਾ ਤੇਰਾ ਸਵਾਗਤ ਹੈ, ਤੂੰ ਇਸ ਪਿੰਡ ਦੇ ਲੋਕਾਂ ਨੂੰ ਉਸ ਪਿੰਡ ਦੇ ਲੋਕਾਂ ਤੋਂ ਵੀ ਵੱਧ ਪਿਆਰੇ ਪਾਏਂਗਾ। ਅੰਦਰ ਆ ਜਾਓ।

ਇੱਕ ਆਦਮੀ ਬੈਠਾ ਇਹ ਸਾਰੀਆਂ ਗੱਲਾਂ ਸੁਣ ਰਿਹਾ ਸੀ। ਪਹਿਲੇ ਘੋੜਸਵਾਰ ਦੀ ਵੀ ਗੱਲ ਸੁਣੀ ਸੀ, ਇਸ ਬੁੱਢੇ ਦਾ ਜਵਾਬ ਸੁਣਿਆ ਸੀ ; ਇਸ ਬੈਲਗੱਡੀ ਵਾਲੇ ਆਦਮੀ ਦੀ ਵੀ ਗੱਲ ਸੁਣੀ, ਇਸ ਬੁੱਢੇ ਦਾ ਜਵਾਬ ਸੁਣਿਆ। ਉਸ ਆਦਮੀ ਨੇ ਕਿਹਾ, ਤੂੰ ਮੈਨੂੰ ਹੈਰਾਨੀ ਵਿਚ ਪਾ ਦਿੱਤਾ। ਇੱਕ ਆਦਮੀ ਨੂੰ ਕਿਹਾ ਇਸ ਪਿੰਡ ਵਿਚ ਬਹੁਤ ਲੁੱਚੇ-ਲਫੰਗੇ ਲੋਗ ਹਨ ਤੂੰ ਅੱਗੇ ਵੱਧ ਜਾ; ਅਤੇ ਦੂਜੇ ਨੂੰ ਕਿਹਾ ਇਸ ਪਿੰਡ ਦੇ ਬਹੁਤ ਪਿਆਰੇ ਲੋਗ ਹਨ ਤੈਨੂੰ ਕਿਤੇ ਜਾਣ ਦੀ ਲੋੜ ਨਹੀਂ ਹੈ, ਤੇਰਾ ਸਵਾਗਤ ਹੈ।

ਉਹ ਬੁੱਢਾ ਕਹਿਣ ਲਗਾ। ਆਦਮੀ ਉਹੋ ਜਿਹੇ ਹੀ ਹੁੰਦੇ ਹਨ ਜਿਸ ਤਰ੍ਹਾਂ ਦੇ ਤੁਸੀਂ ਹੁੰਦੇ ਹੋ। ਆਦਮੀ ਸਭ ਥਾਂ ਇੱਕੋ ਜਿਹੇ ਹਨ। ਅਸਲੀ ਸਵਾਲ ਤੁਹਾਡਾ ਹੈ। ਖ਼ਿਆਲ ਰਖਣਾ!

ਆਗਿਲਾ ਅਗਨੀ ਹੋਇਬਾ ਅਵਧੂ, ਤੌਂ ਆਪਣ ਹੋਇਬਾ ਪਾਣੀ।

ਦੂਜਾ ਅੱਗ ਹੋ ਜਾਏ ਤਾਂ ਤੁਸੀਂ ਪਾਣੀ ਹੋ ਜਾਣਾ, ਅੱਗ ਬੁਝ ਜਾਏਗੀ। ਜਿਹੜਾ ਵਿਅਕਤੀ ਧਿਆਨ ਦੇ ਜਗਤ ਵਿਚ ਉਤਰਦਾ ਹੈ, ਅੰਤਰਯਾਤ੍ਰਾ ਉੱਤੇ ਜਾਂਦਾ ਹੈ, ਉਸ ਨੂੰ ਰੋਜ਼-ਰੋਜ਼ ਅਜਿਹੇ ਲੋਗ ਮਿਲ ਜਾਣਗੇ ਜੋ ਅਗਨੀ ਹੋ ਜਾਣਗੇ। ਤੁਸੀਂ ਹੈਰਾਨ ਹੋਵੋਗੇ ਜਾਣ ਕੇ ਇਹ ਗੱਲ ਕਿ ਫ੍ਰੇਡਰਿਕ ਨੀਤਸ਼ੇ, ਜਰਮਨੀ ਦੇ ਵਡੇ ਵਿਚਾਰਕ ਨੇ ਜੀਸਸ ਦੇ ਖ਼ਿਲਾਫ਼ ਬਹੁਤ ਸਾਰੀਆਂ ਗੱਲਾਂ ਲਿਖੀਆਂ। ਉਨ੍ਹਾਂ ਵਿਚ ਇੱਕ ਗੱਲ ਇਹ ਵੀ ਲਿਖੀ ਹੈ, ਜਿਹੜੀ ਕਿ ਸ਼ਾਇਦ ਤੁਸੀਂ ਕਦੇ ਸੋਚੀ ਵੀ ਨ ਹੋਵੇ। ਕੋਈ ਸ਼ਾਇਦ ਹੀ ਸੋਚੇ। ਜੀਸਸ ਦਾ ਵਚਨ ਹੈ: ਜਿਹੜਾ ਤੁਹਾਡੀ ਇੱਕ ਗਲ੍ਹ ਉੱਤੇ ਥੱਪੜ ਮਾਰੇ ਉਸਦੇ ਮੂਹਰੇ ਦੂਜੀ ਗੱਲ੍ਹ ਵੀ ਕਰ ਦੇਣਾ। ਜਿਹੜਾ ਤੁਹਾਡਾ ਕੋਟ ਖੋਹ ਲਵੇ, ਉਸ ਨੂੰ ਕਮੀਜ਼ ਵੀ ਦੇ ਦੇਣਾ ਅਤੇ ਜੋ ਤੁਹਾਨੂੰ ਆਖੇ ਕਿ ਚਲੋ ਇੱਕ ਮੀਲ ਮੇਰੀ ਪੰਡ (ਬੋਝਾ) ਚੁੱਕ ਕੇ ਤਾਂ ਉਸਦੇ ਨਾਲ ਦੋ ਮੀਲ ਚਲੇ ਜਾਣਾ।' ਇਹ ਬਹੁਤ ਪਿਆਰਾ ਵਚਨ ਹੈ। ਜੀਸਸ ਆਪਣੀ ਭਾਸ਼ਾ ਵਿਚ ਕਹਿ ਰਹੇ ਹਨ :

ਆਗਿਲਾ ਅਗਨੀ ਹੋਇਬਾ ਅਵਧੂ ਤੌਂ ਆਪਣ ਹੋਇਬਾ ਪਾਣੀ।

ਤਾਂ ਤੁਸੀਂ ਪਾਣੀ ਹੋ ਜਾਣਾ ਦੂਜਾ ਅੱਗ ਹੋਵੇ ਤਾਂ। ਇੱਕ ਗੱਲ੍ਹ ਉੱਤੇ ਥੱਪੜ ਮਾਰੇ ਤਾਂ ਦੂਜਾ ਅੱਗੇ ਕਰ ਦੇਣਾ।

ਜੀਸਸ ਨੇ ਕਦੇ ਕਲਪਣਾ ਵਿਚ ਵੀ ਨਹੀਂ ਸੋਚਿਆ ਹੋਵੇਗਾ ਕਿ ਕੋਈ ਇਸ ਦਾ ਵੀ

ਖੰਡਨ ਕਰੇਗਾ। ਨੀਤਸ਼ੇ ਨੇ ਹੋਰ ਗੱਲਾਂ ਵਿਚ ਇਸਦਾ ਵੀ ਖੰਡਨ ਕੀਤਾ ਹੈ। ਨੀਤਸ਼ੇ ਨੇ ਕਿਹਾ ਹੈ, ਇਹ ਅਪਮਾਨਜਨਕ ਵਿਉਹਾਰ ਹੈ। ਜੇਕਰ ਮੈਂ ਕਿਸੇ ਦੀ ਗੱਲ੍ਹ ਉੱਤੇ ਥੱਪੜ ਮਾਰਾਂ ਅਤੇ ਉਹ ਦੂਜਾ ਗੱਲ੍ਹ ਮੇਰੇ ਮੂਹਰੇ ਕਰ ਦੇਵੇ, ਤਾਂ ਉਹ ਮੈਨੂੰ ਕੀੜਾ-ਮਕੌੜਾ ਸਮਝ ਰਿਹਾ ਹੈ !

ਉਸਨੇ ਮੈਨੂੰ ਆਦਮੀ ਹੋਣ ਦਾ ਵੀ ਆਦਰ ਨਹੀਂ ਦਿੱਤਾ।

ਥੋੜ੍ਹਾ ਸੋਚਣਾ ! ਨੀਤਸ਼ੇ ਕਹਿੰਦਾ ਹੈ, ਜਦ ਮੈਂ ਕਿਸੇ ਦੀ ਗੱਲ੍ਹ ਤੇ ਥੱਪੜ ਮਾਰਾਂ ਅਤੇ ਉਹ ਜੇਕਰ ਸਚਮੁਚ ਮੇਰਾ ਸਨਮਾਨ ਕਰਦਾ ਹੈ ਤਾਂ ਉਸਨੂੰ ਵੀ ਮੈਨੂੰ ਥੱਪੜ ਮਾਰਨਾ ਚਾਹੀਦਾ ਹੈ। ਤਾਂ ਅਸੀਂ ਬਰਾਬਰ ਹੋਏ ਅਤੇ ਜੀਸਸ ਤਾਂ ਬਹੁਤ ਅਹੰਕਾਰ ਦੀ ਗੱਲ ਸਿੱਖਾ ਰਹੇ ਹਨ, ਉਹ ਕਹਿ ਰਹੇ ਹਨ ਉਹ ਕੀ ਹੈ, ਦੋ ਕੌਡੀਆਂ ਦਾ ਆਦਮੀ ! ਚਲੋ ਮਾਰ ਲਿਆ, ਮਾਰ ਲਿਆ। ਜਿਵੇਂ ਕਹਿੰਦੇ ਹਨ ਨ ਕਿ ਹਾਥੀ ਟੁਰਿਆ ਜਾਂਦਾ ਹੈ, ਕੁੱਤੇ ਭੌਂਕਦੇ ਰਹਿੰਦੇ ਹਨ। ਪਰ ਹਾਥੀ ਦਾ ਟੁਰਦੇ ਜਾਣਾ, ਕੁਤਿਆਂ ਦਾ ਭੌਂਕਣਾ ਸਿਰਫ਼ ਇਹ ਹੀ ਕਹਿ ਰਿਹਾ ਹੈ ਕਿ ਹਾਥੀ ਕਹਿੰਦਾ ਹੈ ਭੌਂਕਦੇ ਰਹੋ, ਤੁਹਾਡੇ ਭੌਂਕਣ ਵਿਚ ਮੁੱਲ ਕੀ ਹੈ?

ਤੁਸੀਂ ਹੋ ਕਿਸ ਖੇਤ ਦੀ ਮੂਲੀ। ਭੌਂਕਦੇ ਰਹੋ, ਵਿਅਰਥ ਰੌਲਾ-ਰਪਾ ਪਾਉਂਦੇ ਰਹੋ; ਮੇਰਾ ਕੀ ਬਣਦਾ-ਵਿਗੜਦਾ ਹੈ, ਮੈਂ ਤਾਂ ਹਾਥੀ ਹਾਂ।

ਪਰ ਇਹ ਤਾਂ ਬਹੁਤ ਅਹੰਕਾਰ ਦੀ ਗੱਲ ਹੈ, ਨੀਤਸ਼ੇ ਕਹਿੰਦਾ ਹੈ। ਨੀਤਸ਼ੇ ਨੇ ਕਿਹਾ ਹੈ ਕਿ ਇਹ ਤਾਂ ਬਹੁਤ ਅਹੰਕਾਰ ਦੀ ਗੱਲ ਹੈ ਕਿ ਮੈਂ ਬਹੁਤ ਪਵਿੱਤ੍ਰ ਆਤਮਾ ਹਾਂ। ਤੁਸੀਂ ਥੱਪੜ ਮਾਰਿਆ, ਲਓ ਦੂਜਾ ਗੱਲ੍ਹ ਵੀ। ਤਾਂ ਤੁਸੀਂ ਇਹ ਨ ਸੋਚਣਾ ਕਿ ਦੂਜਾ ਅੱਗ ਹੋ ਜਾਏ ਤਾਂ ਤੁਸੀਂ ਪਾਣੀ ਹੋ ਜਾਓ ਤਾਂ ਇਸ ਨਾਲ ਉਹ ਸ਼ਾਂਤ ਹੋ ਜਾਏਗਾ। ਜ਼ਰੂਰੀ ਨਹੀਂ ਹੈ। ਹੋ ਸਕਦਾ ਹੈ ਕਿ ਉਹ ਹੋਰ ਅੱਗ ਹੋ ਉਠੇ। ਤਦ ਤੁਹਾਨੂੰ ਹੋਰ ਪਾਣੀ ਹੋਣਾ ਪਏਗਾ। ਕੋਈ ਨਹੀਂ ਜਾਣਦਾ ਕਿ ਉਹ ਕਿਹੋ ਜਿਹਾ ਵਰਤਾਅ ਕਰੇਗਾ। ਇਸ ਭ੍ਰਾਂਤੀ ਵਿਚ ਨ ਰਹਿਣਾ। ਬਹੁਤ ਸਾਰੇ ਲੋਗ ਇਸੇ ਭਰਮ ਵਿਚ ਰਹਿੰਦੇ ਹਨ ਕਿ ਜਦ ਅਸੀਂ ਪਾਣੀ ਹੋ ਜਾਵਾਂਗੇ ਤਾਂ ਦੂਜਾ ਵੀ ਪਾਣੀ-ਪਾਣੀ ਹੋ ਜਾਏਗਾ। ਇਹ ਤੁਹਾਡਾ ਭਰਮ ਹੈ, ਤੁਸੀਂ ਸਮਝੇ ਹੀ ਨਹੀਂ ਫ਼ਿਰ ਸੂਤਰ ਨੂੰ। ਜ਼ਰੂਰੀ ਨਹੀਂ ਹੈ ਕਿ ਦੂਜਾ ਪਾਣੀ ਹੋ ਜਾਏ; ਦੂਜੇ ਦੀ ਅੱਗ ਹੋਰ ਬਹੁਤ ਭਾਂਬੜ ਮਚਾ ਸਕਦੀ ਹੈ ਕਿ ਅੱਛਾ, ਤਾਂ ਤੁਸੀਂ ਆਪਣੇ ਆਪ ਨੂੰ ਕੋਈ ਮਹਾਤਮਾ ਸਮਝਿਆ ਹੈ ! ਕਿ ਮੈਂ ਥੱਪੜ ਮਾਰਿਆ ਅਤੇ ਤੁਸੀਂ ਦੂਜੀ ਗੱਲ੍ਹ ਕਰ ਰਹੇ ਹੋ ਅੱਗੇ !

ਹੋਰ ਜੇਕਰ ਤੁਸੀਂ ਇਸ ਲਈ ਦੂਜੀ ਗੱਲ੍ਹ ਅੱਗੇ ਕੀਤੀ ਹੈ ਕਿ ਇਸ ਤਰ੍ਹਾਂ ਦੂਜਾ ਆਦਮੀ ਵਿਨਮ੍ਰ (ਨਿਮਰਤਾਵਾਨ) ਹੋ ਜਾਏਗਾ ਤਾਂ ਤੁਸੀਂ ਵੀ ਗਲਤ ਕਾਰਣ ਨਾਲ ਗੱਲ੍ਹ ਅੱਗੇ ਕੀਤਾ ਹੈ। ਤੁਸੀਂ ਵੀ ਸਮਝੇ ਨਹੀਂ ਰਾਜ਼। ਇਹ ਤਾਂ ਫ਼ਿਰ ਦੂਜੇ ਨੂੰ ਹਰਾਉਣ ਦੀ ਹੀ ਤਰਕੀਬ ਹੋਈ। ਇਹ ਤਾਂ ਫ਼ਿਰ ਥੱਪੜ ਹੀ ਮਾਰਨਾ ਹੋਇਆ। ਇਹ ਬਹੁਤ ਸੂਖਮ, ਥੱਪੜ ਹੋਇਆ। ਇਹ ਪਰੋਕਸ਼ (ਗੁਪਤ) ਥੱਪੜ ਹੋਇਆ। ਪਰ ਤੁਸੀਂ ਥੱਪੜ ਤਾਂ ਮਾਰ ਦਿੱਤਾ ਦੂਜੇ ਦੀ ਗੱਲ੍ਹ ਤੇ ਕਿ ਵੇਖ, ਤੂੰ ਹੈਂ ਕੁੱਤਾ ਅਤੇ ਮੈਂ ਹਾਂ ਹਾਥੀ; ਭੌਂਕ, ਸਾਡਾ ਕੀ ਵਿਗੜਦਾ ਹੈ ! ਇਹ ਰਹੀ ਦੂਜੀ ਗੱਲ੍ਹ, ਇਸ ਉੱਤੇ ਵੀ ਮਾਰ ਲੈ 'ਤੇ ਹੋ ਜਾ ਨੀਵਾਂ !

ਮੈਂ ਸੁਣਿਆ ਹੈ, ਇੱਕ ਇਸਾਈ ਫ਼ਕੀਰ ਨੂੰ ਇੱਕ ਅਜਨਬੀ ਨੇ ਥੱਪੜ ਮਾਰਿਆ।

ਫ਼ਕੀਰ ਅਜਿਹਾ ਹੀ ਰਿਹਾ ਹੋਣਾ ਜਿਹੋ-ਜਿਹੇ ਫ਼ਕੀਰ ਹੁੰਦੇ ਹਨ। ਉਸਨੇ ਦੂਜੀ ਗੱਲ੍ਹ ਵੀ ਕਰ ਦਿੱਤੀ, ਨਿਯਮ ਦੇ ਮੁਤਾਬਿਕ ਉਸ ਆਦਮੀ ਨੇ ਦੂਜੀ ਗੱਲ੍ਹ ਤੇ ਵੀ ਥੱਪੜ ਜੜ ਦਿੱਤਾ। ਉਸਨੇ ਕਿਹਾ ਕਿ ਇਹ ਵੀ ਚੰਗਾ ਮੌਕਾ ਮਿਲਿਆ ਹੈ ਕਿ ਜੇਕਰ ਬੁੱਧੂ ਦੂਜੀ ਗੱਲ੍ਹ ਕਰ ਰਿਹਾ ਹੈ ਤਾਂ ਇਸ ਨੂੰ ਵੀ ਕਿਉਂ ਛੱਡਣਾ ! ਉਸਨੇ ਹੋਰ ਕਰਾਰਾ ਮਾਰਿਆ। ਲੇਕਿਨ ਜਿਵੇਂ ਹੀ ਉਸ ਨੇ ਕਰਾਰਾ ਮਾਰਿਆ, ਉਹ ਬਹੁਤ ਚੌਂਕਿਆ। ਦੂਜੀ ਗੱਲ੍ਹ ਦੇ ਦਿਖਾਉਣ ਨਾਲ ਨਹੀਂ ਚੌਂਕਿਆ ਸੀ ਇਨ੍ਹਾ, ਜਿੰਨਾ ਚੌਂਕਿਆ, ਕਿਉਂਕਿ ਤਦ ਉਹ ਫ਼ਕੀਰ ਇੱਕਦਮ ਝਪਟਾ ਮਾਰ ਕੇ ਉਸਦੀ ਛਾਤੀ 'ਤੇ ਚੜ੍ਹ ਬੈਠਾ ਅਤੇ ਲੱਗਾ ਮਾਰਨ। ਉਸ ਆਦਮੀ ਨੇ ਕਿਹਾ, ਓਏ ਵੀਰਾ, ਤੂੰ ਫ਼ਕੀਰ ਹੈਂ, ਇਸਾਈ ਫ਼ਕੀਰ, ਤੂੰ ਇਹ ਕੀ ਕਰ ਰਿਹਾ ਹੈਂ? ਫ਼ਕੀਰ ਨੇ ਕਿਹਾ ਕਿ ਤੀਜੀ ਤਾਂ ਕੋਈ ਗੱਲ੍ਹ ਹੈ ਨਹੀਂ, ਹੁਣ ਮੈਂ ਤੈਨੂੰ ਮਜ਼ਾ ਚਖਾਵਾਂਗਾ।

ਜੀਸਸ ਦੇ ਨਿਯਮ ਦਾ ਪਾਲਨ ਹੋ ਚੁਕਿਆ, ਹੁਣ ਸਾਡੇ ਨਾਲ ਮੁਕਾਬਲਾ ਹੈ। ਫ਼ਕੀਰ ਤਾਂ ਮਸਤੰਡ ਸੀ। ਉਸਨੇ ਬਹੁਤ ਧੁਨਾਈ ਕਰ ਦਿੱਤੀ। ਉਸਨੇ ਕਿਹਾ, ਜੀਸਸ ਨੇ ਕਿਹਾ ਦੂਜੀ ਗੱਲ੍ਹ; ਦੂਜੀ ਗੱਲ੍ਹ ਤਾਂ ਖ਼ਤਮ, ਹੁਣ ਤਾਂ ਅਸੀਂ ਸੁਤੰਤਰ ਹਾਂ।

ਤੁਸੀਂ ਦੂਜੇ ਨੂੰ ਹਰਾਉਣ ਲਈ ਜੇਕਰ ਦੂਜੀ ਗੱਲ੍ਹ ਕਰ ਰਹੇ ਹੋ ਤਾਂ ਇਸੇ ਫ਼ਕੀਰ ਦੀ ਹਾਲਤ ਵਿਚ ਹੋ; ਛੇਤੀਂ ਹੀ ਤੁਸੀਂ ਉਛੱਲ ਪਓਗੇ।

ਜਿਸ ਦਿਨ ਜੀਸਸ ਨੇ ਇਹ ਕਿਹਾ ਸੀ ਕਿ ਜੋ ਤੁਹਾਡਾ ਅਪਮਾਨ ਕਰੇ, ਨਿੰਦਾ ਕਰੇ, ਉਸ ਨੂੰ ਮਾਫ਼ ਕਰ ਦੇਣਾ—ਇਕ ਸ਼ਿਸ਼ ਨੇ ਪੁੱਛਿਆ ਕਿੰਨੀ ਵਾਰੀ? ਸੋਚ ਲਓ, ਜੋ ਵੀ ਸ਼ਿਸ਼ ਰਿਹਾ ਹੋਏਗਾ ਉਸਦਾ ਮਤਲਬ ਸਾਫ਼ ਹੈ। ...ਕਿੰਨੀ ਵਾਰ? ਉਹ ਇਹ ਕਹਿ ਰਿਹਾ ਹੈ ਕਿ ਤੁਸੀਂ ਹੱਦ ਬਣਾਓ, ਉਸਤੋਂ ਬਾਅਦ ਫ਼ਿਰ ਅਸੀਂ ਮੁਖ਼ਤਿਆਰ ਹੋਵਾਂਗੇ ਖ਼ੁਦ। ਜੀਸਸ ਨੇ ਕਿਹਾ : ਸਤ ਵਾਰ। ਉਸ ਆਦਮੀ ਨੇ ਕਿਹਾ, ਠੀਕ ਹੈ। ਪਰ ਜਿਸ ਢੰਗ ਨਾਲ ਉਸਨੇ ਕਿਹਾ, ਠੀਕ ਹੈ, ਉਸਦਾ ਮਤਲਬ ਸੀ ਕਿ ਅਠਵੀਂ ਵਾਰ ਦੇਖ ਲਵਾਂਗੇ ਅਤੇ ਅਜਿਹਾ ਵੀ ਹੁੰਦਾ ਹੈ ਨ, ਕਿ ਸੌ ਸੁਨਾਰ ਦੀਆਂ ਤੇ ਇੱਕ ਲੁਹਾਰ ਦੀ। ਇੱਕ ਵਿਚ ਹੀ ਠਿਕਾਣੇ ਲਾ ਦਿਆਂਗੇ, ਤੁਸੀਂ ਘਬਰਾਓ ਨ। ਸਤ ਵਾਰੀ ਠੁੱਕ-ਠੁੱਕ ਜੋ ਉਹ ਕਰਦਾ ਹੈ ਸੁਨਾਰ ਦੇ ਵਾਂਗ ਖਟਰ-ਪਟਰ ... ਇੱਕੋ ਹੀ... ਲੁਹਾਰ ਦਾ ਜੋ ਹਥੌੜਾ ਪਏਗਾ—ਛਠੀ ਦਾ ਦੁੱਧ ਯਾਦ ਆ ਜਾਏਗਾ।

ਤਾਂ ਜੀਸਸ ਨੇ ਕਿਹਾ ਕਿ, ਸਤ ਵਾਰ ਨਹੀਂ, ਸੱਤਰ ਵਾਰ ! ਪਰ ਹੋਏਗਾ ਕੀ, ਸੱਤਰ ਵਾਰ ਨਾਲ ਵੀ ਕੀ ਹੋਏਗਾ? ਜੇਕਰ ਵ੍ਰਿਤਿ (ਬਿਰਤੀ) ਉਸੇ ਤਰ੍ਹਾਂ ਦੀ ਹੈ ਤਾਂ ਅਠਤਰਵੇਂ ਵਾਰ...। ਨਹੀਂ ਸਤ ਸੌ ਸਤ ਬਾਰ ਨਾਲ ਵੀ ਕੁਝ ਨਹੀਂ ਹੋਏਗਾ। ਇਸ ਲਈ ਤਾਂ ਦੁਨੀਆਂ-ਭਰ ਦੇ ਇੰਨੇ ਚੰਗੇ ਨਿਯਮ ਬਣਦੇ ਹਨ।

ਪਰ ਕੋਈ ਪਰਿਮਾਣ ਨਹੀਂ ਹੁੰਦਾ, ਕਿਉਂਕਿ ਹਰ ਨਿਯਮ ਦੀ ਸੀਮਾਂ (ਹੱਦ) ਆ ਜਾਂਦੀ ਹੈ, ਹਰ ਨਿਯਮ ਦੀ ਮਰਿਆਦਾ ਹੈ। ਇਸ ਲਈ ਤਾਂ ਨਿਯਮ ਨੂੰ ਮਰਿਆਦਾ ਕਹਿੰਦੇ ਹਨ। ਮਰਿਆਦਾ ਦਾ ਮਤਲਬ ਹੁੰਦਾ ਹੈ ਉਸਦੀ ਹੱਦ ਹੈ। ਕੋਈ ਨਿਯਮ ਹੱਦ ਤੋਂ ਬਾਹਰ ਨਹੀਂ ਹੋ ਸਕਦਾ।

ਆਤਮਾ ਹੀ ਅਸੀਮ (ਹੱਦੋਂ ਪਰੇ) ਹੋ ਸਕਦੀ ਹੈ।

ਇਸ ਲਈ ਇਹ ਨਿਯਮ ਨਹੀਂ ਹੈ। ਇਸ ਨੂੰ ਤੁਸੀਂ ਆਤਮ ਭਾਵ ਦੀ ਤਰ੍ਹਾਂ ਸਮਝਣਾ।

ਮਨ ਮੈਂ ਰਹਿਣਾ, ਭੇਦ ਨ ਕਹਿਣਾ ਬੋਲਿਬਾ ਅਮ੍ਰਿਤ-ਬਾਣੀ।
ਆਗਿਲਾ ਅਗਨੀ ਹੋਇਬਾ ਅਵਧੂ ਤੌਂ ਆਪਣ ਹੋਇਬਾ ਪਾਣੀ॥

ਇਹ ਤੁਹਾਡੇ ਅੰਤਰ ਦਾ ਭਾਵ ਹੋਣਾ ਚਾਹੀਦਾ, ਕਿਸੇ ਨਿਯਮ ਦੇ ਮੁਤਾਬਿਕ ਨਹੀਂ। ਇਹ ਭਾਵ ਤੁਹਾਡੇ ਪ੍ਰੇਮ ਤੋਂ ਜਾਗਣਾ ਚਾਹੀਦਾ, ਤੁਹਾਡੀ ਬੁੱਧੀ ਤੋਂ ਨਹੀਂ, ਤੁਹਾਡੇ ਹਿਸਾਬ ਤੋਂ ਨਹੀਂ। ਇਹ ਤੁਹਾਡੀ ਸਹਿਜ ਦਸ਼ਾ ਹੋਣੀ ਚਾਹੀਦੀ ਹੈ। ਇਹ ਤਾਂ ਤਦ ਹੀ ਹੁੰਦਾ ਹੈ, ਜਦ ਤੁਸੀਂ ਆਪਣੇ ਆਤਮਭਾਵ ਵਿਚ ਪੂਰੀ ਤਰ੍ਹਾਂ ਲੀਨ ਹੋ ਜਾਂਦੇ ਹੋ। ਹੋਰ, ਖ਼ਿਆਲ ਰਖੱਣਾ, ਇੱਕ ਅਪੂਰਵ ਕ੍ਰਾਂਤੀ ਘੱਟਦੀ ਹੈ : ਜਦ ਤੁਸੀਂ ਆਪਣੇ ਆਤਮਾ-ਭਾਵ ਵਿਚ ਪੂਰਨਲੀਨ ਹੋ ਜਾਂਦੇ ਹੋ, ਤਦ ਹੀ ਤੁਹਾਨੂੰ ਪਤਾ ਚਲੇਗਾ ਕਿ ਆਤਮਾ ਨਹੀਂ ਹੈ, ਪਰਮਾਤਮਾ ਹੈ। ਤੁਹਾਡੀ ਆਤਮਾ ਤੋਂ ਜਿੰਨੀ ਦੂਰੀ ਹੈ ਉਸਦੇ ਕਾਰਣ ਹੀ ਪਰਮਾਤਮਾ ਵਖੱਰਾ ਮਾਲੂਮ ਪੈ ਰਿਹਾ ਹੈ।

ਜਿਸ ਦਿਨ ਤੁਹਾਡੀ ਆਤਮਾ ਤੋਂ ਦੂਰੀ ਸਮਾਪਤ ਹੋ ਗਈ, ਪਰਮਾਤਮਾ ਦੀ ਵੀ ਦੂਰੀ ਸਮਾਪਤ ਹੋ ਗਈ। ਫ਼ਿਰ ਆਤਮਾ ਹੀ ਪਰਮਾਤਮਾ ਹੈ। ਫ਼ਿਰ ਤੁਸੀਂ ਇੱਕ ਰੰਗ ਹੋਏ। ਫ਼ਿਰ ਤੁਸੀਂ ਅਦਵੈਤ (ਦੋ ਤੋਂ ਪਾਰ ਇੱਕ) ਹੋਏ।

ਰਹਿਮਨ ਪ੍ਰੀਤਿ ਸਰਾਹਿਯੇ, ਮਿਲੇ ਹੋਤ ਰੰਗ ਦੂਨ।
ਜਯੋਂ ਜਰਦੀ ਹਰਦੀ ਤਜੈ, ਤਜੈ ਸਫ਼ੇਦੀ ਚੂਨ।

ਇਸ ਤਰ੍ਹਾਂ ਇੱਕ ਹੋ ਜਾਓ ... ਰਹਿਮਨ ਪ੍ਰੀਤਿ ਸਰਾਹਿਯੇ ...।

ਤਦ ਹੀ ਪ੍ਰੀਤਿ ਦੀ ਸਰਾਹਨਾ ਕੀਤੀ ਜਾ ਸਕਦੀ ਹੈ ਕਿ ਦੋ ਰੰਗਾਂ ਦਾ ਇੱਕ ਰੰਗ ਹੋ ਜਾਏ।

ਮਿਲੇ ਹੋਤ ਰੰਗ ਦੂਨ। ਉਹ ਜਿਹੜੇ ਦੋ ਸਨ ਹੁਣ ਤੱਕ, ਉਨ੍ਹਾਂ ਦਾ ਰੰਗ ਇੱਕ ਹੋ ਜਾਏ।

ਜਯੋਂ ਜਰਦੀ ਹਰਦੀ ਤਜੈ...। ਜਿਵੇਂ ਤੁਸੀਂ ਵੇਖਿਆ ਨ ਹਲਦੀ ਅਤੇ ਚੂਨਾ ਮਿਲ ਜਾਂਦੇ ਹਨ ਤਾਂ ਦੋਵੇਂ ਆਪਣਾ ਰੰਗ ਛੱਡ ਦਿੰਦੇ ਹਨ।

ਜਯੋਂ ਜਰਦੀ ਹਰਦੀ ਤਜੈ...। ਹਲਦੀ ਆਪਣਾ ਪੀਲਾਪਨ ਛੱਡ ਦਿੰਦੀ ਹੈ।

ਤਜੈ ਸਫ਼ੇਦੀ ਚੂਨ...। ਅਤੇ ਚੂਨਾ ਆਪਣੀ ਸਫ਼ੇਦੀ ਛੱਡ ਦਿੰਦਾ ਹੈ, ਇੱਕ ਨਵਾਂ ਰੰਗ ਪੈਦਾ ਹੁੰਦਾ ਹੈ। ਲਾਲੀ ਪੈਦਾ ਹੁੰਦੀ ਹੈ। ਦੋਵੇਂ ਮਿਲ ਕੇ ਲਾਲ ਹੋ ਜਾਂਦੇ ਹਨ। ਇਵੇਂ ਹੀ ਤੁਸੀਂ ਅਤੇ ਪਰਮਾਤਮਾ ਜਦ ਇੱਕ ਹੋ ਜਾਓ ਤਾਂ ਪ੍ਰੇਮ ਘੱਟਿਆ ਅਤੇ ਇਹ ਘਟਨਾ ਕਦੇ ਵੀ ਘੱਟ ਸਕਦੀ ਹੈ। ਜਦ ਤੁਸੀਂ ਅੰਤਰਮੁਖ ਹੋਣ ਲੱਗੋ। ਉੱਥੇ ਪਰਮਾਤਮਾ ਲੁੱਕਿਆ ਹੋਇਆ ਤੁਹਾਡੀ ਉਡੀਕ ਕਰਦਾ ਹੈ।

ਗੋਰਸ਼ ਕਹੈ ਸੁਨਹੁਰੇ ਅਵਧੂ, ਜਗ ਮੇਂ ਐਸੇ ਰਹਣਾਂ।
ਆਸ਼ੈਂ ਦੇਸ਼ਿਬਾ ਕਾਨੈਂ ਸੁਣਿਬਾ ਮੁਸ਼ ਥੈਂ ਕਛੂ ਨ ਕਹਣਾਂ॥

ਇਸ ਤਰ੍ਹਾਂ ਜਗ ਵਿਚ ਰਹਿਣਾ—ਜਿਵੇਂ ਦਰਪਨ (ਸ਼ੀਸ਼ਾ)। ਦਰਪਨ... ਵਿਚ ਤਾਂ ਛਾਂ ਬਣਦੀ ਹੈ ; ਸੁੰਦਰ ਆਦਮੀ ਦਾ ਸੁੰਦਰ ਅਕਸ (ਬਿੰਬ) ਬਣਦਾ ਹੈ। ਕਰੂਪ ਆਦਮੀ ਦਾ ਕਰੂਪ ਬਿੰਬ ਬਣਦਾ ਹੈ। ਪਰ ਦਰਪਨ ਕੁਝ ਕਹਿੰਦਾ ਨਹੀਂ, ਦਰਪਨ ਵੱਕਤਵਯ ਨਹੀਂ

ਦਿੰਦਾ। ਦਰਪਣ ਇਹ ਵੀ ਨਹੀਂ ਕਹਿੰਦਾ ਕਿ ਆਹਾ ਕਿੰਨੇ ਸੋਹਣੇ ! ਦਰਪਣ ਇਹ ਵੀ ਨਹੀਂ ਕਹਿੰਦਾ ਕਿ ਚਲੋ, ਚਲੋ ਅੱਗੇ ਵੱਧੋ; ਕਿੱਥੋਂ ਦਾ ਭਿਆਨਕ ਕਰੂਪ ਆਦਮੀ ਮੇਰੇ ਵਿਚ ਪ੍ਰਤਿਬਿੰਬ (ਅਕਸ) ਬਣਾ ਰਿਹਾ ਹੈ, ਕਿ ਮੈਨੂੰ ਵੀ ਕਰੂਪ ਕਰ ਰਿਹਾ ਹੈ ! ਦਰਪਨ ਤਾਂ ਸਾਖਸ਼ੀ ਰਹਿੰਦਾ ਹੈ। ਇਹ ਸਾਖਸ਼ੀ ਦਾ ਸੂਤਰ ਹੈ।

ਗੋਰਸ਼ ਕਹੈ ਸੁਨਹੁਰੇ ਅਵਧੂ, ਜਗ ਮੇਂ ਐਸੇ ਰਹਣਾਂ।

ਇਹ ਜਗ ਵਿਚ ਰਹਿਣ ਦੀ ਕਲਾ ਹੈ—ਸਾਖਸ਼ੀ ਭਾਵ।

ਆਸ਼ੈਂ ਦੇਖਿਬਾ ਕਾਨੈਂ ਸੁਣਿਬਾ, ਮੁਸ਼ ਥੈਂ ਕਛੂ ਨ ਕਹਣਾਂ। ਦੇਖ ਲੈਣਾ, ਸੁਣ ਲੈਣਾ, ਲੰਘ ਜਾਣਾ। ਇਹ ਸਿਰਫ਼ ਨਾਟਕ ਹੈ, ਇਹ ਪਰਦੇ ਉੱਤੇ ਚਲਦੀ ਫ਼ਿਲਮ ਹੈ। ਇੱਥੇ ਸਿਰਫ਼ ਧੁੱਪ-ਛਾਂ ਦੀ ਖੇਡ ਹੈ। ਇਸ ਵਿਚ ਬਹੁਤ ਨ ਉਲਝ ਜਾਣਾ।

ਮੁੱਲਾ ਨਸਰੁਦੀਨ ਫ਼ਿਲਮ ਵੇਖਣ ਗਿਆ। ਪਹਿਲੀ-ਪਹਿਲੀ ਵਾਰ ਫ਼ਿਲਮ ਵੇਖਣ ਗਿਆ ਸੀ। ਪਹਿਲਾ ਸ਼ੋ ਖ਼ਤਮ ਹੋ ਗਿਆ, ਪਰ ਉਹ ਉਠਿਆ ਨਹੀਂ। ਮੈਨੇਜਰ ਨੇ ਥਿਏਟਰ ਦੇ ਅੰਦਰ ਆ ਕੇ ਕਿਹਾ ਕਿ ਹੁਣ ਜਾਓ ਮੁੱਲਾ, ਸ਼ੋ ਖ਼ਤਮ ਹੋ ਗਿਆ। ਪਰ ਉਹ ਉਠਿਆ ਨਹੀਂ। ਉਸਨੇ ਕਿਹਾ ਕਿ ਪੈਸੇ ਲਓ ਦੂਜੇ ਸ਼ੋ ਦੇ, ਪਰ ਦੂਜਾ ਵੀ ਵੇਖਾਂਗਾ। ਦੂਜਾ ਵੀ ਵੇਖ ਲਿਆ ਫ਼ਿਰ ਵੀ ਗਿਆ ਨਹੀਂ। ਜਦ ਮੈਨੇਜਰ ਨੇ ਕਿਹਾ ਮੁੱਲਾ ਕੀ ਕਰ ਰਹੇ ਹੋ ਹੁਣ, ਉਸਨੇ ਕਿਹਾ ਕਿ ਪੈਸੇ ਲੈ ਲਓ, ਤੀਜਾ ਸ਼ੋ ਵੀ ਵੇਖਾਂਗਾ। ਮੈਨੇਜਰ ਨੇ ਪੁੱਛਿਆ, ਪਰ ਗੱਲ ਕੀ ਹੈ, ਉਹ ਹੀ ਫ਼ਿਲਮ ਵਾਰ-ਵਾਰ ਵੇਖਣਾ? ਉਸਨੇ ਕਿਹਾ, ਕਾਰਨ ਤੁਸੀਂ ਸਮਝਣਾ ਹੈ, ਸਮਝ ਲਓ। ਇੱਕ ਸੀਨ (ਚਿਤ੍ਰ) ਆਉਂਦਾ ਹੈ ਜਿਸ ਵਿਚ ਕੁਝ ਇਸਤ੍ਰੀਆਂ ਆਪਣੇ ਕਪੜੇ ਉਤਾਰ ਕੇ ਤਾਲਾਬ ਵਿਚ ਉਤਰ ਰਹੀਆਂ ਹਨ। ਬਸ ਉਨ੍ਹਾਂ ਨੇ ਸਾਰੇ ਕਪੜੇ ਉਤਾਰ ਦਿੱਤੇ ਹਨ, ਆਖ਼ਰੀ ਕਪੜਾ ਰਹਿ ਗਿਆ ਹੈ ਅਤੇ ਤਦ ਹੀ ਇੱਕ ਰੇਲਗੱਡੀ ਲੰਘ ਜਾਂਦੀ ਹੈ। ਤਾਲਾਬ ਦੇ ਕਿਨਾਰੇ ਤੇ ਪਟਰੀ ਹੈ ਰੇਲ ਦੀ, ਸੋ ਰੇਲਗੱਡੀ ਆ ਜਾਂਦੀ ਹੈ।

ਰੇਲਗੱਡੀ ਦੀ ਆੜ ਵਿਚ ਇਸਤ੍ਰੀਆਂ ਲੁੱਕ ਜਾਂਦੀਆਂ ਹਨ। ਜਦ ਤੱਕ ਰੇਲਗੱਡੀ ਨਿਕਲਦੀ ਹੈ, ਤਦ ਤੱਕ ਉਹ ਪਾਣੀ ਵਿਚ ਉਤਰ ਚੁਕੀਆਂ ਸਨ। ਤਾਂ ਮੈਂ ਇਹ ਦੇਖ ਰਿਹਾ ਹਾਂ ਰੇਲਗੱਡੀ ਕਦੇ ਤਾਂ ਲੇਟ ਹੋਵੇਗੀ। ਮੈਂ ਜਾਣ ਵਾਲਾ ਨਹੀਂ ਹਾਂ। ਆਖ਼ਰ ਹੈ ਤਾਂ ਹਿੰਦੋਸਤਾਨੀ ਰੇਲਗੱਡੀ, ਕਦੇ ਤਾਂ ਲੇਟ ਹੋਵੇਗੀ। ਮੈਂ ਤਾਂ ਪੂਰੀ ਹੀ ਖੇਡ ਵੇਖ ਕੇ ਜਾਵਾਂਗਾ।

ਹੱਸੋ ਨ, ਕਿਉਂਕਿ ਤੁਸੀਂ ਵੀ ਫ਼ਿਲਮ ਜਦ ਵੇਖਦੇ ਹੋ ਤਾਂ ਇਵੇਂ ਹੀ ਪ੍ਰਭਾਵਿਤ ਹੋ ਜਾਂਦੇ ਹੋ। ਜਦ ਛੋਟੇ-ਛੋਟੇ ਪਿੰਡਾਂ ਵਿਚ ਪਹਿਲੀ ਵਾਰੀ ਫ਼ਿਲਮ ਚਲਦੀ ਹੈ ਤਾਂ ਲੋਗ ਪੈਸੇ ਸੁਟਣ ਲਗਦੇ ਹਨ; ਜਿਸ ਤਰ੍ਹਾਂ ਕਿ ਪਿੰਡਾਂ ਵਿਚ ਆਦਤ ਹੈ। ਨੌਟੰਕੀ ਵਗ਼ੈਰਾ ਹੁੰਦੀ ਹੈ, ਕੋਈ ਨੱਚਿਆ, ਤਾਂ ਉਨ੍ਹਾਂ ਨੇ ਪੈਸੇ ਸੁੱਟੇ। ਫ਼ਿਲਮ ਉੱਤੇ ਪੈਸੇ ਸੁਟਣ ਲਗਦੇ ਹਨ, ਛੋਟੇ-ਛੋਟੇ ਪਿੰਡਾਂ ਵਿਚ। ਮੈਂ ਵੇਖਿਆ ਹੈ ਛੋਟੇ-ਛੋਟੇ ਪਿੰਡਾਂ ਵਿਚ ਪੈਸੇ ਸੁੱਟਦੇ ਫ਼ਿਲਮ ਉੱਤੇ। ਕੋਈ ਨੱਚ ਰਹੀ ਹੈ ਨਰਤਕੀ, ਉਹ ਪੈਸੇ ਸੁਟਣ ਲਗਦੇ ਹਨ। ਕੋਈ ਨਰਤਕੀ ਜਦ ਨੱਚਦੀ ਹੈ ਤੇ ਉਸ ਦਾ ਘਗਰਾ ਉਪੱਰ ਉਠਣ ਲਗਦਾ ਹੈ ਨਾਚ ਵਿਚ ਤਾਂ ਉਹ ਝੁੱਕ-ਝੁੱਕ ਕੇ ਹੇਠਾਂ ਵੇਖਣ ਲਗਦੇ ਹਨ। ਉੱਥੇ ਕੁਝ ਵੀ ਨਹੀਂ ਹੈ, ਧੁੱਪ-ਛਾਂ ਦੀ ਖੇਡ ਹੈ। ਪਰ ਲੋਕ, ਲੋਕਾਂ ਹੀ ਵਰਗੇ ਲੋਕ ਹਨ। ਇਹ ਹੀ ਉਨ੍ਹਾਂ ਦਾ ਜ਼ਿੰਦਗੀ ਭਰ ਦਾ ਢੰਗ ਹੈ।

ਹੋਰ ਇਹ ਛੋਟਿਆਂ ਦੀ ਗੱਲ ਨਹੀਂ। ਈਸ਼ਵਰ ਚੰਦ੍ਰ ਵਿਦਿਆਸਾਗਰ ਦੇ ਜੀਵਨ ਵਿਚ ਉਲੇਖ ਹੈ, ਇੱਕ ਨਾਟਕ ਵੇਖਣ ਗਏ ... ਬੰਗਾਲ ਦੇ ਪ੍ਰਸਿੱਧ ਪੰਡਿਤ ਨਾਮੀ ਵਿਅਕਤੀ, ਬੜੇ ਸਦਾਚਾਰੀ... ਤਾਂ ਉਨ੍ਹਾਂ ਨੂੰ ਪਹਿਲੀ ਹੀ ਪੰਕਤੀ ਵਿਚ ਬਿਠਾਇਆ ਗਿਆ ਸੀ। ਨਾਟਕ ਸ਼ੁਰੂ ਹੋਇਆ। ਨਾਟਕ ਵਿਚ ਇੱਕ ਦੁਸ਼ਟ ਪਾਤ੍ਰ ਹੈ, ਉਹ ਸਭ ਤਰ੍ਹਾਂ ਦੀਆਂ ਦੁਸ਼ਟਤਾਵਾਂ ਕਰ ਰਿਹਾ ਹੈ। ਸਦਾਚਾਰੀ ਈਸ਼ਵਰ ਚੰਦ੍ਰ ਵਿਦਿਆਸਾਗਰ ਨੂੰ ਬਹੁਤ ਗੁੱਸਾ ਆ ਰਿਹਾ ਸੀ। ਸਦਾਚਾਰੀਆਂ ਨੂੰ ਬਹੁਤ ਛੇਤੀ ਗੁੱਸਾ ਆ ਜਾਂਦਾ ਹੈ।

ਇੰਨਾ ਕ੍ਰੋਧ ਚੜ੍ਹਣ ਲਗਾ ਉਸਦੀਆਂ ਹਰਕਤਾਂ ਉੱਤੇ, ਕਿ ਜਦ ਆਖ਼ਰੀ ਹਰਕਤ ਉਸਨੇ ਕੀਤੀ ਤਾਂ ਉਹ ਬਰਦਾਸ਼ਤ ਨ ਕਰ ਸਕੇ। ਆਖ਼ਰੀ ਹਰਕਤ ਇਹ ਸੀ ਕਿ ਉਸਨੇ ਇੱਕ ਇਸਤ੍ਰੀ ਨੂੰ ਜੰਗਲ ਵਿਚੋਂ ਲੰਘਦੇ ਹੋਏ ਫੜ ਲਿਆ, ਖਿੱਚ ਕੇ ਉਸਦੀ ਸਾੜ੍ਹੀ ਉਤਾਰਨ ਲਗਾ। ਹੁਣ ਈਸ਼ਵਰ ਚੰਦ੍ਰ ਦਾ ਬਸ ਨਹੀਂ ਰਿਹਾ।

ਜਿਵੇਂ ਕਹਾਣੀ ਹੈ ਨ ਕਿ ਦ੍ਰੋਪਤੀ ਦੀ ਸਾੜ੍ਹੀ ਉਤਾਰੀ ਜਾਣ ਲਗੀ ਤਾਂ ਕ੍ਰਿਸ਼ਨ ਇੱਕਦਮ ਆ ਗਏ ਅਤੇ ਵਧਾ ਦਿੱਤਾ ਉਹਨਾਂ ਨੇ ਦ੍ਰੋਪਤੀ ਦਾ ਪੱਲਾ, ਅਤੇ ਪੱਲਾ ਵਧੱਦਾ ਹੀ ਗਿਆ... ਈਸ਼ਵਰ ਚੰਦ੍ਰ ਵੀ ਕਿਵੇਂ ਛਡਣ! ਭੁੱਲ ਹੀ ਗਏ ਕਿ ਨਾਟਕ ਹੈ, ਕਢ ਲਿਆ ਜੁਤਾ, ਚੜ੍ਹ ਗਏ ਮੰਚ ਉੱਤੇ, ਲਗੇ ਕੁੱਟਣ ਉਸ ਆਦਮੀ ਨੂੰ। ਉਸ ਆਦਮੀ ਨੇ ਜ਼ਿਆਦਾ ਬੁੱਧੀਮਾਨੀ ਦਾ ਲਕਸ਼ਣ ਦੱਸਿਆ। ਉਸਨੇ ਉਨ੍ਹਾਂ ਦੀ ਜੁੱਤੀ ਆਪਣੇ ਹਥ ਵਿਚ ਲੈ ਲਈ, ਆਪਣੇ ਸਿਰ ਉੱਤੇ ਰੱਖ ਲਈ ਅਤੇ ਕਿਹਾ ਕਿ ਤੁਸੀਂ ਜਿੰਨਾ ਸਨਮਾਨ ਮੈਨੂੰ ਦਿੱਤਾ ਕਿਸੇ ਨੇ ਨਹੀਂ ਦਿੱਤਾ। ਮੈਂ ਇਹ ਨਹੀਂ ਸੋਚਦਾ ਸੀ ਕਿ ਮੇਰਾ ਅਭਿਨੈ ਐਨਾ ਕੁਸ਼ਲ ਹੈ ਕਿ ਤੁਹਾਡੇ ਵਰਗਾ ਬੁੱਧੀਮਾਨ ਅਤੇ ਧੋਖਾ ਖਾ ਜਾਏ। ਇਹ ਤਾਂ ਸਿਰਫ਼ ਅਭਿਨੈ ਹੈ। ਪਹਿਲੀ ਤਾਂ ਗੱਲ ਇਹ ਕੋਈ ਔਰਤ ਨਹੀਂ ਹੈ। ਇਹ ਸਾਡੇ ਮੈਨੇਜਰ ਸਾਹਿਬ ਹਨ। ਧੋਤੀ ਪੂਰੀ ਮੈਂ ਖ਼ੁਦ ਹੀ ਨਹੀਂ ਖਿੱਚ ਸਕਦਾ ਸੀ। ਤੁਸੀਂ ਨਾਹਕ ਮਿਹਨਤ ਕੀਤੀ। ਜ਼ਰਾ ਗੌਰ ਨਾਲ ਤਾਂ ਵੇਖੋ, ਮੈਨੇਜਰ ਸਾਹਿਬ ਨੂੰ ਪਛਾਣਦੇ ਨਹੀਂ ਤੁਸੀਂ? ਮੈਂ ਜੁੱਤੀ ਤੁਹਾਨੂੰ ਵਾਪਸ ਦਿਆਂਗਾ ਨਹੀਂ, ਕਿਉਂਕਿ ਇਹ ਮੇਰਾ ਇਨਾਮ ਹੈ।

ਉਹ ਜੁੱਤੀ ਹੁਣ ਵੀ ਰੱਖੀ ਹੋਈ ਹੈ ਉਸਦੇ ਪਰਿਵਾਰ ਵਿਚ, ਸੰਭਾਲ ਕੇ ਉਨ੍ਹਾਂ ਨੇ ਇੱਕ ਕੱਚ ਦੀ ਮੰਜੂਸ਼ਾ (ਪਿਟਾਰੀ) ਵਿਚ ਉਹ ਜੁੱਤੀ ਰੱਖੀ ਹੈ—ਇਸੇ ਯਾਦਦਾਸ਼ਤ ਲਈ ਕਿ ਕਦੇ ਉਨ੍ਹਾਂ ਦੇ ਘਰ ਵਿਚ ਇੱਕ ਅਜਿਹਾ ਕਲਾਕਾਰ ਵੀ ਹੋਇਆ ਸੀ, ਜਿਸ ਦੇ ਅਭਿਨੈ ਨੂੰ ਵੇਖ ਕੇ ਈਸ਼ਵਰ ਚੰਦ੍ਰ ਵਿਦਿਆਸਾਗਰ ਵਰਗੇ ਵੀ ਧੋਖਾ ਖਾ ਗਏ ਸਨ। ਤਾਂ ਛੋਟੇ-ਛੋਟੇ ਆਦਮੀਆਂ ਦੀ ਗੱਲ ਤਾਂ ਛੱਡ ਦਿਓ, ਤੁਹਾਡੇ ਵੱਡੇ-ਵੱਡੇ ਪੰਡਿਤ ਵੀ ਬਹੁਤ ਅਲਗ ਨਹੀਂ ਹਨ। ਅਤੇ ਉਹ ਤੁਹਾਡੇ ਜੀਵਨ-ਭਰ ਦੀ ਆਦਤ ਹੈ। ਤੁਸੀਂ ਛੇਤੀ ਹੀ ਕਰਤਾ ਹੋ ਜਾਂਦੇ ਹੋ। ਸਾਖ਼ਸ਼ੀ ਨਹੀਂ ਰਹਿ ਪਾਉਂਦੇ। ਸਾਖ਼ਸ਼ੀ ਹੋਣ ਵਿਚ ਸਾਰ ਹੈ।

ਗੋਰਖ਼ ਕਹੈ ਸੁਣਹੁਰੇ ਅਵਧੂ, ਜਗ ਮੇਂ ਐਸੇ ਰਹਣਾਂ।
ਆਂਸ਼ੈਂ ਦੇਖ਼ਿਬਾ ਕਾਨੈਂ ਸੁਣਿਬਾ ਮੁਸ਼ ਥੈਂ ਕਛੂ ਨ ਕਹਣਾਂ॥

ਕਰਤਾ ਵਿਚ ਹੀ ਤੁਹਾਡਾ ਅਹੰਕਾਰ ਹੈ। ਜਿਸ ਦਿਨ ਤੁਸੀਂ ਸਾਖ਼ਸ਼ੀ ਹੋਏ, ਅਹੰਕਾਰ ਗਿਆ। ਫ਼ਿਰ ਕੀ ਅਹੰਕਾਰ ਬਚਦਾ ਹੈ ? ਸਿਰਫ਼ ਵੇਖਣ ਵਾਲੇ ਹੋ, ਦਰਸ਼ਕ। ਦਰਪਨ ਦਾ

ਕੀ ਅਹੰਕਾਰ? ਅਤੇ ਜਿਸਦਾ ਅਹੰਕਾਰ ਗਿਆ ਉਸਦਾ ਬੋਝ (ਭਾਰ) ਗਿਆ। ਜਿਹੜਾ ਨਿਰਭਾਰ ਹੋਇਆ, ਉਹ ਹੀ ਉੱਡ ਸਕਦਾ ਹੈ ਪਰਮਾਤਮਾ ਤੱਕ।

ਭਾਰ ਝੌਂਕਿ ਕੈ ਭਾਰ ਮੈਂ, ਰਹਿਮਨ ਉਤਰੇ ਪਾਰ
ਪੈ ਬੂੜੇਂ ਮੰਝਧਾਰ ਮੇਂ, ਜਿਨਕੇ ਸਿਰ ਪਰ ਭਾਰ।

ਰਹੀਮ ਨੇ ਕਿਹਾ, ਭਾਰ ਨੂੰ ਭਾੜ ਵਿਚ ਹੀ ਝੋਂਕ ਦਿੱਤਾ। ਭਾਰ ਝੌਂਕਿ ਕੈ ਭਾਰ ਮੈਂ ... ਉਹ ਜਿਹੜਾ ਭਾਰ ਸੀ ਉਸਨੂੰ ਭਾੜ ਵਿਚ ਝੋਂਕ ਦਿੱਤਾ।

ਰਹਿਮਨ ਉਤਰੇ ਪਾਰ। ਪੈ ਬੂੜੇਂ ਮੰਝਧਾਰ ਮੇਂ...।

ਪਰ ਉਹ ਵਿਚਾਰੇ ਡੁੱਬ ਗਏ ਮੰਝਧਾਰ ਵਿਚ, ਜਿਨਕੇ ਸਿਰ ਪਰ ਭਾਰ।

ਭਾਰ ਕੀ ਹੈ ? ਅਹੰਕਾਰ ਦਾ, ਕਰਤਾ ਦਾ। ਜਿਵੇਂ ਹੀ ਤੁਸੀਂ ਸਾਖਛੀ ਹੋਏ, ਨਿਰਭਾਰ ਹੋਏ। ਸਾਖਸ਼ੀ ਹੋਏ ਕਿ ਸ਼ੂਨਯ ਹੋਏੇ। ਦਰਪਨ ਤਾਂ ਸਦਾ ਸ਼ੂਨਯ ਹੈ; ਪ੍ਰਤਿਬਿੰਬ ਬਣਦੇ ਹਨ, ਮਿਟਦੇ ਹਨ, ਦਰਪਨ ਦਾ ਕੀ ਬਣਦਾ, ਮਿਟਦਾ ਹੈ। ਦਰਪਣ ਤਾਂ ਸਿਰਫ਼ ਵੇਖਦਾ ਹੈ।

ਆਸ਼ੈਂ ਦੇਖਿਬਾ ਕਾਨੈਂ ਸੁਣਿਬਾ ਮੁਸ਼ ਥੈਂ ਕਛੂ ਨ ਕਹਣਾ॥
ਰਹਿਮਨ ਪੈੜਾ ਪ੍ਰੇਮ ਕੋ, ਨਿਪਟ ਸਿਲਸਿਲੀ ਗੈਲ
ਬਿਛਲਤ ਪਾਂਵ ਪਿਪੀਲਿਕੋ, ਲੋਗ ਲਦਾਵਤ ਬੈਲ॥

ਕਹਿੰਦੇ ਹਨ, ਇਹ ਜੋ ਪ੍ਰੇਮ ਦਾ ਪੰਥ ਹੈ ਪਰਮਾਤਮਾ ਦੇ ਵਲ ਜਾਣ ਵਾਲਾ

... ਰਹਿਮਨ ਪੈੜਾ ਪ੍ਰੇਮ ਕੋ ...

ਇਹ ਜਿਹੜਾ ਪ੍ਰੇਮ ਦਾ ਪੰਥ ਹੈ, ਨਿਪਟ ਸਿਲਸਿਲੀ ਗੈਲ।

ਇਹ ਬਹੁਤ ਸਿਲ੍ਹਾ ਸਿਲ੍ਹਾ ਚਿਕਨਾ ਹੈ। ਬਿਛਲਤ ਪਾਂਵ ਪਿਪੀਲਿਕੋ...

ਇੱਥੇ ਤਾਂ ਚੀਟੀਆਂ ਦੇ ਵੀ ਪੈਰ ਫ਼ਿਸਲ ਜਾਂਦੇ ਹਨ। ਉਨਾ ਵੀ ਭਾਰ ਰੁਕਾਵਟ ਬਣ ਜਾਂਦਾ ਹੈ। ਅਤੇ ਲੋਗ ਹਨ ਕਿ ਬੈਲਾਂ ਨੂੰ ਲਦਕੇ ਚਲਣ ਦੀ ਕੋਸ਼ਿਸ਼ ਕਰ ਰਹੇ ਹਨ—ਜਿੱਥੇ ਚੀਂਟੀਆਂ ਵੀ ਫ਼ਿਸਲ ਕੇ ਡਿੱਗ ਪੈਂਦੀਆਂ ਹਨ; ਜਿੱਥੇ ਜ਼ਰਾ ਕੁ ਜਿੰਨਾਂ ਸੂਖਸ਼ਮ (ਮਹੀਨ) ਅਹੰਕਾਰ ਵੀ ਡਿੱਗਾ ਦੇਣ ਲਈ ਕਾਫ਼ੀ ਹੈ—ਚੀਂਟੀ ਜਿਹਾ ਅਹੰਕਾਰ ...। ਉੱਥੇ ਲੋਗ ਬੈਲ ਲਦਕੇ ਟੁਰਨ ਦੀ ਕੋਸ਼ਿਸ਼ ਕਰ ਰਹੇ ਹਨ।

ਅਹੰਕਾਰ ਜਿੰਨਾ ਵੱਡਾ ਉਨਾ ਹੀ ਤੁਹਾਡੇ ਉੱਤੇ ਬੋਝ ਹੈ। ਅਹੰਕਾਰ ਬਿਲਕੁੱਲ ਹੀ ਚਲਾ ਜਾਏ ... ਅਤੇ ਕਿਵੇਂ ਜਾਂਦਾ ਹੈ ?

ਸੂਤਰ ਇਹ ਹੀ ਹੈ, ਬੁਨਿਆਦੀ ਸੂਤ੍ਰ ਇਹ ਹੀ ਹੈ, ਵਿਗਿਆਨ ਇਹ ਹੀ ਹੈ: ਕਰਤਾ ਨ ਬਣੋ ਅਤੇ ਅਹੰਕਾਰ ਵਿਦਾ ਹੋ ਜਾਏਗਾ, ਸਾਖਸ਼ੀ ਰਹੋ।

ਨਾਥ ਕਹੈ ਤੁਮ ਆਪਾ ਰਾਸ਼ੋ ਹਠ ਕਰਿ ਬਾਦ ਨ ਕਰਣਾਂ।
ਯਹੁ ਜਗ ਹੈ ਕਾਂਟੇ ਕੀ ਬਾੜੀ ਦੇਸ਼ਿ ਦੇਸ਼ਿ ਪਗ ਧਰਣਾਂ॥

ਕਹਿੰਦੇ ਹਨ ਗੋਰਖ, ਤੁਮ ਆਪਾ ਰਾਸ਼ੋ ! ਅਹੰਕਾਰ ਜਾਣ ਦਿਓ ਤੁਸੀਂ ਆਤਮਾ ਨੂੰ ਬਚਾਓ। ਆਤਮਾ ਅਤੇ ਅਹੰਕਾਰ ਦੋ ਵੱਖ-ਵੱਖ ਚੀਜ਼ਾਂ ਹਨ। ਅਹੰਕਾਰ ਭਰਮ ਹੈ ਤੁਹਾਡਾ; ਤੁਹਾਡੀ ਹੀ ਨਿਰਮਿਤ ਪ੍ਰਕ੍ਰਿਯਾ ਹੈ ਅਤੇ ਆਤਮਾ ਪਰਮਾਤਮਾ ਦਾ ਪ੍ਰਸਾਦ ਹੈ। ਆਤਮਾ ਉਹ ਹੈ ਜੋ ਤੁਸੀਂ ਲੈ ਕੇ ਆਏ ਹੋ, ਅਹੰਕਾਰ ਉਹ ਹੈ ਜੋ ਤੁਸੀਂ ਅਰਜਿਤ (ਪੈਦਾ ਕਰਨਾ)

ਕਰ ਲਿਆ। ਆਤਮਾ ਤਾਂ ਦਰਪਣ ਵਰਗੀ ਹੈ, ਸਾਖਸ਼ੀ ਮਾਤ੍ਰ; ਅਹੰਕਾਰ ਕਰਤਾ ਹੋ ਗਿਆ ਹੈ, ਭੋਕਤਾ ਹੋ ਗਿਆ ਹੈ।

ਨਾਥ ਕਹੈ ਤੁਮ ਆਪਾ ਰਾਸ਼ੋ...!

ਬਸ ਆਤਮਾ ਬਚ ਜਾਏ, ਬਹੁਤ ; ਅਹੰਕਾਰ ਨੂੰ ਜਾਣ ਦਿਓ। ਹੋਰ ਅਹੰਕਾਰ ਜਾਏ ਤਾਂ ਹੀ ਆਤਮਾ ਦਾ ਪਤਾ ਲੱਗੇ ਕਿ ਮੈਂ ਕੌਣ ਹਾਂ। ਅੱਜੇ ਤਾਂ ਤੁਸੀਂ ਪਤਾ ਨਹੀਂ ਕੀ-ਕੀ ਆਪਣੇ ਆਪ ਨੂੰ ਸਮਝ ਰੱਖਿਆ ਹੈ। ਕੋਈ ਸਮਝਦਾ ਹੈ ਮੈਂ ਡਾਕਟਰ ਹਾਂ, ਕੋਈ ਸਮਝਦਾ ਹੈ ਮੈਂ ਇੰਜੀਨੀਅਰ ਹਾਂ। ਕੋਈ ਸਮਝਦਾ ਹੈ ਕਿ ਮੈਂ ਇਹ, ਕੋਈ ਸਮਝਦਾ ਹੈ ਮੈਂ ਉਹ। ਆਤਮਾ ਨ ਤਾਂ ਡਾਕਟਰ ਹੈ ਨ ਤਾਂ ਇੰਜੀਨੀਅਰ ਹੈ, ਆਤਮਾ ਤਾਂ ਬਸ ਖ਼ਾਲੀ ਦਰਪਨ ਹੈ। ਇੰਜੀਨੀਅਰ ਦੀ ਛਾਪ ਪੈ ਗਈ, ਤੁਸੀਂ ਇੰਜੀਨੀਅਰ ਹੋ ਗਏ।

ਇੰਜੀਨੀਅਰਿੰਗ ਕਾਲਜ ਵਿਚ ਪੜ੍ਹ ਆਏ, ਤੁਸੀਂ ਇੰਜੀਨੀਅਰ ਹੋ ਗਏ ਡਾਕਟਰ ਹੋ ਗਏ, ਵਕੀਲ ਹੋ ਗਏ, ਮਜਿਸਟ੍ਰੇਟ ਹੋ ਗਏ, ਦੁਕਾਨਦਾਰ ਹੋ ਗਏ, ਇਹ ਹੋ ਗਏ, ਉਹ ਹੋ ਗਏ ਜੋ ਤੁਹਾਡੇ ਚਿੱਤ ਉੱਤੇ ਛਾਪ ਪਾ ਦਿੱਤੀ ਗਈ ਉਹ ਹੀ ਤੁਸੀਂ ਹੋ ਗਏ। ਅਤੇ ਕਦੇ-ਕਦੇ ਤਾਂ ਭੁੱਲ ਕੇ ਵੀ ਛਾਪ ਪੈ ਜਾਂਦੀ ਹੈ।

ਕੱਲ੍ਹ ਮੈਂ ਇੱਕ ਵਿਅਕਤੀ ਦੀ ਜੀਵਨ ਕਥਾ ਪੜ੍ਹ ਰਿਹਾ ਸੀ। ਜਦ ਉਹ ਆੱਕਸਫੋਰਡ ਯੂਨਿਵਰਸਿਟੀ ਵਿਚ ਪੜ੍ਹਣ ਗਿਆ, ਨਵਾਂ-ਨਵਾਂ ਤਾਂ ਬਹੁਤ ਸੰਕੋਚੀ ਸੀ, ਸ਼ਰਮੀਲਾ ਸੀ। ਉਸ ਤੋਂ ਕਲਰਕ ਨੇ ਪੁੱਛਿਆ, ਕੀ ਪੜ੍ਹਨਾ ਹੈ ? ਤਾਂ ਉਸਨੇ ਕਿਹਾ ਥਿਯੋਲਾਜੀ, ਧਰਮ-ਸ਼ਾਸਤ੍ਰ। ਪਰ ਕਲਰਕ ਨੇ ਸਮਝਿਆ, ਜਿਯੋਲਾਜੀ, ਭੂਗਰਭ ਸ਼ਾਸਤ੍ਰ। ਸੰਕੋਚੀ ਆਦਮੀ ਸੀ, ਕਲਰਕ ਨੇ ਜਿਯੋਲਾਜੀ ਲਿਖ ਦਿੱਤਾ, ਉਸਨੇ ਵੇਖ ਵੀ ਲਿਆ ਕਿ ਜਿਯੋਲਾਜੀ, ਪਰ ਸੰਕੋਚੀ ਅਜਿਹਾ ਸੀ ਕਿ ਨਹੀਂ ਬੋਲਿਆ ਕੁਝ, ਕਿਹਾ ਕਿ ਠੀਕ ਹੈ। ਜਿਯੋਲਾਜੀ ਪੜ੍ਹਿਆ ਛੇ ਸਾਲ ਪੜ੍ਹਕੇ ਜਿਯੋਲਾਜੀ ਵਿਚ ਗੋਲਡ ਮੈਡਲ ਲੈ ਕੇ ਨਿਕਲਿਆ, ਤਦ ਉਸਨੇ ਜ਼ਾਹਿਰ ਕੀਤਾ ਲੋਕਾਂ ਨੂੰ ਕਿ ਇਹ ਬਿਲਕੁੱਲ ਹੀ ਦੁਰਘਟਨਾ ਹੈ, ਮੈਂ ਤਾਂ ਥਿਯੋਲਾਜੀ ਪੜ੍ਹਣ ਆਇਆ ਸੀ ਅਤੇ ਬਦਕਿਸਮਤੀ ਕਿ ਜਿਯੋਲਾਜਿਸਟ ਹੋ ਗਏ; ਹੋਰ ਨ ਛੋਟੇ-ਮੋਟੇ ਜਿਯੋਲਾਜਿਸਟ--ਗੋਲਡ ਮੈਡਲਿਸਟ! ਹੁਣ ਤਾਂ ਫ਼ਸ ਗਏ ਜ਼ਿੰਦਗੀ-ਭਰ ਲਈ, ਹੁਣ ਤਾਂ ਕੋਈ ਉਪਾਅ ਨ ਰਿਹਾ।

ਅਤੇ ਉਸਨੇ ਤਦ ਦੱਸਿਆ ਕਿ ਛੇ ਸਾਲ ਕਿਹੜੀ ਮੁਸੀਬਤ ਵਿਚੋਂ ਲੰਘਿਆ ਹਾਂ, ਮੈਂ ਹੀ ਜਾਣਦਾ ਹਾਂ। ਸੰਕੋਚ ਹੀ ਸੰਕੋਚ ਵਿਚ ਇੱਕ ਸਾਲ ਬੀਤ ਗਿਆ, ਫ਼ਿਰ ਇਹ ਸੋਚਿਆ ਕਿ ਹੁਣ ਕਹਿਣਾ ਹੋਰ ਬੁਧੂਪਨ ਹੋਏਗਾ। ਇੱਕ ਸਾਲ ਕਿਉਂ ਗਵਾਇਆ ? ਫ਼ਿਰ ਦੋ ਸਾਲ ਬੀਤ ਗਏ, ਫ਼ਿਰ ਹੋਰ ਬੁਧੂਪਨ ਹੋਏਗਾ। ਫ਼ਿਰ ਤਾਂ ਡਿਗਰੀ ਵੀ ਇੱਕ ਮਿਲ ਗਈ, ਫ਼ਿਰ ਹੋਰ ਮੁਸ਼ਕਿਲ ਹੋ ਗਈ। ਫ਼ਿਰ ਮੈਂ ਸੋਚਿਆ, ਹੁਣ ਜੋ ਹੋਣਾ ਸੀ ਹੋ ਗਿਆ, ਭਗਵਾਨ ਦੀ ਇਹ ਹੀ ਮਰਜ਼ੀ ਕਿ ਜਿਯੋਲਾਜਿਸਟ ਹੀ ਹੋਣਾ ਹੈ, ਤਾਂ ਜਿਯੋਲਾਜਿਸਟ ਹੀ ਹੋ ਕੇ ਮਰਨਾ ਹੈ। ਉਹ ਜਗਤ ਦਾ ਮਸ਼ਹੂਰ ਜਿਯੋਲਾਜਿਸਟ ਹੋ ਗਿਆ।

ਗਏ ਸੀ ਰਾਮ ਭਜਨ ਨੂੰ ਵੇਲਣ ਲਗੇ ਕਪਾਸ (ਰੂੰ)!

ਤੁਸੀਂ ਕੀ ਹੋ ?

ਉਸਦੀ ਜਦ ਮੈਂ ਇਹ ਗੱਲ ਪੜ੍ਹ ਰਿਹਾ ਸੀ ਤਾਂ ਮੈਨੂੰ ਯਾਦ ਆਇਆ ਆਪਣਾ ਸੰਜੋਗ। ਮੈਂ ਜਦ ਕਾਲਜ ਵਿਚ ਭਰਤੀ ਹੋਣ ਗਿਆ ਤਾਂ ਮੈਂ ਕਲਮ ਭੁੱਲ ਗਿਆ ਲਿਜਾਣਾ, ਤਾਂ ਮੈਂ ਉੱਥੇ ਖਲੋਤਾ ਸੀ ਕਿ ਕਿਸੇ ਤੋਂ ਕਲਮ (ਪੈੱਨ) ਮਿਲ ਜਾਏ। ਇੱਕ ਨੌਜਵਾਨ ਉੱਥੇ ਕਲਮ ਲਈ ਖਲੋਤਾ ਸੀ, ਫ਼ਾਰਮ ਭਰ ਰਿਹਾ ਸੀ, ਪਰ ਬਹੁਤ ਸੋਚ ਵਿਚ ਪਿਆ ਸੀ। ਤਾਂ ਮੈਂ ਪੁੱਛਿਆ : ਭਾਈ, ਤੂੰ ਜਦ ਤੱਕ ਸੋਚ ਰਿਹਾਂ ਹੈਂ, ਕਲਮ ਮੈਨੂੰ ਦੇ ਦੇ। ਮੈਂ ਆਪਣਾ ਫ਼ਾਰਮ ਭਰਿਆ। ਉਸਨੇ ਮੇਰਾ ਫ਼ਾਰਮ ਵੇਖਿਆ, ਉਸਨੇ ਕਿਹਾ ਕਿ ਠੀਕ ਹੈ, ਉਸਨੇ ਉਹ ਹੀ ਫ਼ਾਰਮ ਖ਼ੁਦ ਵੀ ਭਰ ਦਿੱਤਾ। ਮੈਂ ਪੁੱਛਿਆ ਕਿ ਤੂੰ ਮੇਰਾ ਫ਼ਾਰਮ ਵੇਖਕੇ ਭਰਿਆ ਹੈ? ਉਸਨੇ ਕਿਹਾ ਮੈਂ ਇਸੇ ਸੋਚ ਵਿਚ ਪਿਆ ਸੀ ਕਿ ਕੀ ਭਰਨਾ ਹੈ, ਕਿਹੜਾ ਵਿਸ਼ਾ (ਸਬਜੈਕਟ) ਪੜ੍ਹਨਾ ਹੈ? ਤੁਸੀਂ ਬਹੁਤ ਕ੍ਰਿਪਾ ਕੀਤੀ ਕਿ ਆ ਗਏ, ਕਿ ਮੈਨੂੰ ਵਿਸ਼ੇ ਦਾ ਬੋਧ ਹੋ ਗਿਆ ਕਿ ਇਹ ਵੀ ਸਬਜੈਕਟ ਭਰ ਦੇਣਾ ਹੈ। ਕਿਉਂਕਿ ਮੈਂ ਫ਼ਿਲਾਸਫ਼ੀ ਭਰਿਆ ਸੀ, ਉਨ੍ਹਾਂ ਨੇ ਵੀ ਫ਼ਿਲਾਸਫ਼ੀ ਭਰ ਦਿੱਤਾ, ਹੁਣ ਉਹ ਫ਼ਿਲਾਸਫ਼ੀ ਦੇ ਪ੍ਰੋਫ਼ੈਸਰ ਹੋ ਗਏ ਹਨ। ਕੁਲ ਮਾਮਲਾ ਇੰਨਾ ਸੀ ਕਿ ਉਨ੍ਹਾਂ ਦੇ ਕੋਲ ਕਲਮ ਸੀ ਅਤੇ ਮੇਰੇ ਕੋਲ ਕਲਮ ਨਹੀਂ ਸੀ, ਇਸ ਕਾਰਨ। ਹੁਣ ਉਨ੍ਹਾਂ ਨੂੰ ਤੁਸੀਂ ਪੁੱਛੋ ਤੁਸੀਂ ਕੌਣ ਹੋ ? ਉਹ ਕਹਿੰਦੇ ਹਨ, ਮੈਂ ਪ੍ਰੋਫ਼ੈਸਰ ਹਾਂ, ਫ਼ਿਲਾਸਫ਼ੀ ਦਾ ਪ੍ਰੋਫ਼ੈਸਰ।

ਇਹ ਸੰਜੋਗ ਦੀਆਂ ਗੱਲਾਂ ਹਨ। ਇਹ ਤੁਸੀਂ ਨਹੀਂ ਹੋ, ਤੁਸੀਂ ਤਾਂ ਉਹ ਹੋ ਜੋ ਤੁਸੀਂ ਮਾਂ ਦੇ ਢਿੱਡ ਵਿਚ ਸੀ, ਉਸ ਤੋਂ ਵੀ ਪਹਿਲਾਂ ਸੀ। ਤੁਸੀਂ ਤਾਂ ਉਹ ਹੋ ਜੋ ਤੁਸੀਂ ਆਪਣੀ ਡੂੰਘੀ ਨੀਂਦ ਵਿਚ ਵੀ ਹੁੰਦੇ ਹੋ—ਨ ਡਾਕਟਰ, ਨ ਇੰਜੀਨੀਅਰ, ਨ ਪ੍ਰੋਫ਼ੈਸਰ। ਤੁਸੀਂ ਤਾਂ ਉਹ ਹੋ ਜੋ ਤੁਸੀਂ ਮੌਤ ਤੋਂ ਪਿੱਛੋਂ ਵੀ ਹੋਵੋਗੇ। ਤੁਸੀਂ ਆਤਮਾ ਹੋ; ਉਹ ਵੀ ਤੁਹਾਡਾ ਸਭਾਅ ਹੈ ਸਰੂਪ ਹੈ।

ਨਾਥ ਕਹੈ ਤੁਮ ਆਪਾ ਰਾਸ਼ੋ ਹਠ ਕਰਿ ਬਾਦ ਨ ਕਰਣਾਂ।

ਤੁਸੀਂ ਆਪਣੀ ਆਤਮਾ ਸੰਭਾਲੋ ਅਤੇ ਵਿਅਰਥ ਦੇ ਵਿਵਾਦ (ਜਿਰਹਾ) ਵਿਚ ਨ ਪੈਣਾ, ਕਿ ਆਤਮਾ ਹੈ ਜਾਂ ਨਹੀਂ ਹੈ; ਹੈ ਤਾਂ ਕਿਹੋ ਜਿਹੀ ਹੈ; ਲਾਲ ਹੈ, ਕਾਲੀ ਕਿ ਪੀਲੀ ਕਿ ਹਰੀ। ਵਿਅਰਥ ਜਿਰਹ ਵਿਚ ਨ ਪੈਣਾ, ਨਹੀਂ ਤਾਂ ਜਿਰਹਾ ਵਿਚ ਹੀ ਜੀਵਨ ਗੁਆ ਦਿਓਗੇ। ਅੱਖਾਂ ਅੰਦਰ ਮੋੜੋ, ਜੋ ਹੈ ਉਸਨੂੰ ਵੇਖੋ। ਕਿਸ ਕੋਲੋਂ ਪੁੱਛਣਾ ਹੈ, ਕੌਣ ਤੁਹਾਨੂੰ ਜਵਾਬ ਦੇ ਸਕਦਾ ਹੈ? ਜਵਾਬ ਤੁਹਾਨੂੰ ਆਪਣੇ ਅੰਦਰ ਹੀ ਪਾਉਣਾ ਹੈ। ਕਿਤਾਬਾਂ ਵਿਚ ਨ ਜਾਓ, ਸਿੱਧਾਤਾਂ ਵਿਚ ਨ ਜਾਓ ਅਤੇ ਵਿਅਰਥ ਦੇ ਵਿਵਾਦ ਵਿਚ ਨ ਪਵੋ।

ਲੋਗ ਘੰਟਿਆਂ ਵਿਵਾਦ ਵਿਚ ਲਗੇ ਰਹਿੰਦੇ ਹਨ, ਜ਼ਿੰਦਗੀ ਵਿਵਾਦਾਂ ਵਿਚ ਲੰਘਾ ਦਿੰਦੇ ਹਨ। ਕੁਝ ਹਨ ਜੋ ਕਹਿੰਦੇ ਹਨ, ਆਤਮਾ ਨਹੀਂ ਹੈ, ਕਿ ਆਤਮਾ ਮਰ ਜਾਏਗੀ। ਉਹ ਵੀ ਅੱਜੇ ਮਰੇ ਨਹੀਂ ਹਨ, ਪਰ ਕਹਿੰਦੇ ਹਨ ਆਤਮਾ ਮਰ ਜਾਏਗੀ। ਕੁਝ ਹਨ ਜੋ ਕਹਿੰਦੇ ਹਨ ਕਿ ਨਹੀਂ, ਆਤਮਾ ਅਮਰ ਹੈ, ਮਰ ਕੇ ਵੀ ਰਹੇਗੀ; ਆਤਮਾ ਸਦਾ ਰਹਿਣ ਵਾਲੀ ਹੈ (ਸ਼ਾਸ਼ਵਤ)। ਅੱਜੇ ਇਹ ਵੀ ਨਹੀਂ ਮਰੇ, ਜਿਰਹਾ ਚਲ ਰਹੀ ਹੈ ! ਕਿਸ ਵਿਵਾਦ ਵਿਚ ਪਏ ਹੋ ? ਆਤਮਾ ਹੈ ਤੁਹਾਡੇ ਅੰਦਰ; ਮਰੇਗੀ, ਨਹੀਂ ਮਰੇਗੀ, ਇਹ ਕੱਲ੍ਹ ਦੀ ਗੱਲ ਹੈ। ਹੁਣ ਜੋ ਹੈ ਘਟੋ-ਘੱਟ ਉਸ ਨਾਲ ਤਾਂ ਪਛਾਣ ਕਰੋ ! ਜ਼ਰਾ ਤਲਾਸ਼ ਤਾਂ ਕਰੋ। ਖੋਜ ਤਾਂ ਕਰੋ। ਜੇਕਰ

ਨਹੀਂ ਹੋਏਗੀ ਤਾਂ ਨਹੀਂ ਮਿਲੇਗੀ। ਨ ਮਿਲੇ ਤਾਂ ਕਹਿ ਦੇਣਾ ਕਿ ਨਹੀਂ ਹੈ। ਪਰ ਜੋ ਵੀ ਅੰਦਰ ਗਿਆ ਹੈ ਉਨ੍ਹਾਂ ਵਿਚੋਂ ਇੱਕ ਨੇ ਵੀ ਪਰਤ ਕੇ ਇਹ ਨਹੀਂ ਕਿਹਾ ਕਿ ਨਹੀਂ ਹੈ। ਨਿਰਅਪਵਾਦ (ਨਿਰਦੋਸ਼) ਰੂਪ ਨਾਲ ਜਿਨ੍ਹਾਂ ਲੋਕਾਂ ਨੇ ਅੰਤਹਕਰਣ ਵਿਚ ਗਮਨ (ਡੁੱਬਨਾ) ਕੀਤਾ ਹੈ ਉਨ੍ਹਾਂ ਨੇ ਕਿਹਾ ਹੈ—ਹੈ। ਅਤੇ ਜਿਹੜੇ ਕਹਿੰਦੇ ਹਨ ਕਿ ਨਹੀਂ ਹੈ ਉਹ ਅੰਦਰ ਗਏ ਹੀ ਨਹੀਂ ਹਨ।

ਮਾਰਕਸ ਨੇ ਕਦੇ ਧਿਆਨ ਨਹੀਂ ਕੀਤਾ, ਕਹਿੰਦਾ ਹੈ ਆਤਮਾ ਨਹੀਂ ਹੈ। ਇਹ ਗੱਲ ਬਹੁਤ ਮੂਰਖਤਾਪੂਰਣ ਹੈ। ਧਿਆਨ ਤਾਂ ਕਰਦਾ!

ਇਹ ਤਾਂ ਅਜਿਹਾ ਹੋਇਆ ਕਿ ਕੋਈ ਆਦਮੀ ਕਹੇ ਕਿ ਪਾਣੀ ਪੀਣ ਨਾਲ ਪਿਆਸ ਨਹੀਂ ਬੁਝਦੀ, ਪਾਣੀ ਉਸਨੇ ਕਦੇ ਪੀਤਾ ਨ ਹੋਵੇ, ਕੀ ਉਸਦੀ ਗੱਲ ਤੁਸੀਂ ਮਨੋਗੇ? ਮਾਰਕਸ ਕਹਿੰਦਾ ਹੈ ਕਿ ਮੈਂ ਵਿਗਿਆਨਕ ਸਮਾਜਵਾਦੀ ਹਾਂ।

ਕੀ ਖ਼ਾਕ ਵਿਗਿਆਨ ਹੈ? ਵਿਗਿਆਨ ਦੀ ਪਹਿਲੀ (ਪ੍ਰਥਮ) ਸ਼ਰਤ ਵੀ ਪੂਰੀ ਨਹੀਂ ਕੀਤੀ। ਵਿਗਿਆਨ ਦੀ ਪਹਿਲੀ ਸ਼ਰਤ ਹੈ : ਉਹ ਹੀ ਕਹਿਣਾ ਜੋ ਪ੍ਰਯੋਗ ਨਾਲ ਸਿੱਧ ਹੈ। ਵਿਗਿਆਨ ਦੀ ਹੋਰ ਕੀ ਸ਼ਰਤ ਹੁੰਦੀ ਹੈ ? ਮਾਰਕਸ ਕਹਿੰਦਾ ਹੈ : ਧਰਮ ਅਵਿਗਿਆਨਿਕ ਹੈ। ਤੁਸੀਂ ਪ੍ਰਯੋਗ ਦੀ ਸ਼ਰਤ ਤਾਂ ਪੂਰੀ ਕਰੋ।

ਬੁੱਧ ਨੇ ਧਿਆਨ ਕੀਤਾ, ਮਹਾਵੀਰ ਨੇ ਧਿਆਨ ਕੀਤਾ, ਜੀਸਸ ਨੇ ਧਿਆਨ ਕੀਤਾ, ਲਾਓਤਸੁ ਨੇ ਧਿਆਨ ਕੀਤਾ, ਗੋਰਖ ਨੇ ਧਿਆਨ ਕੀਤਾ, ਜਿਨ੍ਹਾਂ ਨੇ ਵੀ ਧਿਆਨ ਕੀਤਾ ਉਨ੍ਹਾਂ ਨੇ ਕਿਹਾ—ਹੈ। ਅੰਦਰ ਗਏ ਤਾਂ ਕਿਵੇਂ ਇਨਕਾਰ ਕਰਨ? ਜਦ ਹੈ ਤਾਂ ਕਿਵੇਂ ਇਨਕਾਰ ਕਰਨ? ਜਿਹੜਾ ਅੱਖਾਂ ਖੋਲ੍ਹੇਗਾ, ਕਿਵੇਂ ਸੂਰਜ ਨੂੰ ਨਾਂਹ ਕਰੇਗਾ? ਹਾਂ ਅੱਖਾਂ ਜੋ ਬੰਦ ਕੀਤੀ ਬੈਠਾ ਹੈ ਉਹ ਨਾਂਹ ਕਰ ਸਕਦਾ ਹੈ। ਉੱਲੂ ਨਾਂਹ ਕਰ ਸਕਦੇ ਹਨ, ਉਹ ਅੱਖਾਂ ਬੰਦ ਕੀਤੀ ਬੈਠੇ ਹਨ। ਜਦ ਤੁਹਾਡੀ ਸਵੇਰ ਹੁੰਦੀ ਹੈ, ਉੱਲੂ ਦੀ ਰਾਤ ਹੁੰਦੀ ਹੈ।

ਇਧੱਰ ਨੇੜੇ ਹੀ ਅਲਮੰਡ ਦੇ ਇੱਕ ਝਾੜ ਉੱਤੇ ਇੱਕ ਦਿਨ ਮੈਂ ਇੱਕ ਉੱਲੂ ਦੀ ਗੱਲ ਸੁਣੀ, ਸਵੇਰਾ ਹੋ ਰਿਹਾ ਹੈ, ਸੂਰਜ ਨਿਕਲ ਰਿਹਾ ਹੈ। ਇੱਕ ਉੱਲੂ ਆ ਕੇ ਬੈਠਾ। ਨੇੜੇ ਹੀ ਇੱਕ ਗਲਹਿਰੀ ਬੈਠੀ ਸਵੇਰੇ ਦੀ ਤਾਜ਼ਗੀ ਵਿਚ ਤਿਆਰ ਹੋ ਰਹੀ ਹੈ, ਦਿਨ ਦੀ ਯਾਤ੍ਰਾ ਸ਼ੁਰੂ ਹੋਣ ਨੂੰ ਹੈ। ਇੱਕ ਮਹਾਨ ਦਿਨ ਫ਼ਿਰ ਪੈਦਾ ਹੋਇਆ। ਹੁਣੇ-ਹੁਣੇ ਜਾਗੀ ਹੈ ਗਲਹਿਰੀ। ਉੱਲੂ ਨੇ ਗਲਹਿਰੀ ਤੋਂ ਪੁੱਛਿਆ ਕਿ ਐ ਗਲਹਿਰੀ, ਰਾਤ ਹੋਣ ਦੇ ਨੇੜੇ ਹੈ, ਇਸ ਦਰਖ਼ੱਤ ਉੱਤੇ ਵਿਸ਼ਰਾਮ ਠੀਕ ਹੋਇਗਾ? ਗਲਹਿਰੀ ਨੇ ਕਿਹਾ, ਮਾਫ਼ ਕਰਨਾ, ਰਾਤ ਨਹੀਂ, ਸਵੇਰ ਹੋ ਰਹੀ ਹੈ। ਉੱਲੂ ਨੇ ਕਿਹਾ, ਚੁੱਪ, ਬਕਵਾਸ ਬੰਦ ਕਰ। ਮੈਂ ਜਾਣਦਾ ਹਾਂ ਕਿ ਰਾਤ ਹੋ ਰਹੀ ਹੈ, ਹਨੇਰਾ ਹੋ ਰਿਹਾ ਹੈ। ਹੁਣ ਗਲਹਿਰੀ ਉੱਲੂ ਨਾਲ ਕੀ ਝੰਜਟ ਵਿਚ ਪਵੇ, ਅਤੇ ਝੰਜਟ ਕਰੇ ਕਿ ਹਮਲਾ ਕਰ ਦੇਵੇ, ਉੱਲੂ, ਉੱਲੂ ਹੈ ! ਤਾਂ ਗਲਹਿਰੀ ਨੇ ਕਿਹਾ, ਤੁਸੀਂ ਠੀਕ ਹੀ ਕਹਿੰਦੇ ਹੋਵੋਗੇ। ਜਦ ਉਹ ਦੂਰ ਸ਼ਾਖ ਉੱਤੇ ਚਲੀ ਗਈ ਤਾਂ ਉਸਨੇ ਕਿਹਾ ਹੁਣ ਮੈਂ ਦੱਸਦੀ ਹਾਂ ਤੈਨੂੰ ਕਿ ਤੂੰ ਠੀਕ ਨਹੀਂ ਕਹਿੰਦਾ। ਸਿਰਫ਼ ਤੂੰ ਉੱਲੂ ਹੈਂ, ਤੇਰੀਆਂ ਅੱਖਾਂ ਬੰਦ ਹੋ ਰਹੀਆਂ ਹਨ। ਅੱਖਾਂ ਬੰਦ ਹੋਣ ਦੇ ਕਾਰਨ ਤੂੰ ਸੋਚਦਾ ਹੈਂ ਰਾਤ ਹੋ ਗਈ ਹੈ ? ਅੱਖਾਂ ਖੋਲ੍ਹ, ਸੂਰਜ ਨਿਕਲ ਰਿਹਾ ਹੈ।

ਪਰ ਉੱਲੂ ਕਿਵੇਂ ਮੰਨ ਸਕਦੇ ਹਨ? ਉੱਲੂ ਲਈ ਤਾਂ ਰਾਤ ਵਿਚ ਦਿਨ ਹੁੰਦਾ ਹੈ। ਦਿਨ ਵਿਚ ਰਾਤ ਹੁੰਦੀ ਹੈ।

ਜਿਹੜੇ ਬਾਹਰ ਜੀ ਰਹੇ ਹਨ, ਉਨ੍ਹਾਂ ਲਈ ਅੰਦਰ ਆਤਮਾ ਹੈ ਇਸ ਦੀ ਸਵੀਕ੍ਰਿਤੀ (ਮਨਜ਼ੂਰੀ) ਨਹੀਂ ਹੋ ਸਕਦੀ। ਜਿਹੜੇ ਅੰਦਰ ਅੱਖਾਂ ਨੂੰ ਪਰਤਾਉਂਦੇ ਹਨ, ਅੰਦਰ ਅੱਖਾਂ ਨੂੰ ਖੋਲ੍ਹਦੇ ਹਨ, ਉਹ ਹੀ ਕੇਵਲ ਕਹਿ ਸਕਦੇ ਹਨ। ਸੋ ਤੁਸੀਂ ਵਾਦ-ਵਿਵਾਦ ਵਿਚ ਨ ਪੈਣਾ, ਵਿਅਰਥ ਸਮਾਂ ਖ਼ਰਾਬ ਨ ਕਰਨਾ, ਜਿੰਨਾ ਵਾਦ-ਵਿਵਾਦ ਵਿਚ ਸਮਾਂ ਹੋਵੇ ਉਨਾ ਧਿਆਨ ਵਿਚ ਲਾ ਦੇਣਾ।

ਯਹੁ ਜਗ ਹੈ ਕਾਂਟੇ ਕੀ ਬਾੜੀ...!

ਇੱਥੇ ਬਹੁਤ ਉਲਝਨਾਂ ਹਨ, ਇੱਥੇ ਬਹੁਤ ਕੰਡੇ ਹਨ। ਅਤੇ ਵਾਦ-ਵਿਵਾਦ ਵੱਡੇ ਤੋਂ ਵੱਡਾ ਕੰਡਾ ਹੈ। ਕਿਉਂਕਿ ਵਾਦ-ਵਿਵਾਦ ਵਿਚ ਲੋਗ ਜ਼ਿੰਦਗੀ ਗੁਆ ਦਿੰਦੇ ਹਨ, ਫ਼ਿਰ ਜਿਦਾਂ ਪੈਦਾ ਹੋ ਜਾਂਦੀਆਂ ਹਨ, ਹੱਠ ਪੈਦਾ ਹੋ ਜਾਂਦੇ ਹਨ।

ਹਠ ਕਰਿ ਬਾਦ ਨ ਕਰਣਾਂ...!

ਹੱਠ ਪੈਦਾ ਹੋ ਜਾਂਦੇ ਹਨ ਕਿ ਜੋ ਮੈਂ ਕਿਹਾ ਉਹ ਠੀਕ ਹੋਣਾ ਹੀ ਚਾਹੀਦਾ ਹੈ, ਕਿਉਂਕਿ ਅਹੰਕਾਰ ਦਾਅ ਤੇ ਲਗ ਗਿਆ। ਲੋਕਾਂ ਨੇ ਵਿਵਾਦ ਸਤਯ ਦੇ ਕਾਰਣ ਥੋੜ੍ਹੇ ਹੀ ਹੋ ਰਹੇ ਹਨ, ਸਤਯ ਨਾਲ ਕਿਸ ਨੂੰ ਲੈਣਾ-ਦੇਣਾ ਹੈ ! ਵਿਵਾਦ ਹੁੰਦੇ ਹਨ ਅਹੰਕਾਰਾਂ ਦੇ ਕਾਰਣ। ਮੈਂ ਠੀਕ ਕਿ ਤੂੰ ਠੀਕ, ਇਹ ਅਸਲੀ ਸਵਾਲ ਹੈ। ਠੀਕ ਨਾਲ ਕਿਸੇ ਨੂੰ ਕੀ ਲੈਣਾ ਹੈ ? ਪਰ ਮੈਂ ਜੋ ਕਿਹਾ ਉਹ ਠੀਕ ਹੋਣਾ ਹੀ ਚਾਹੀਦਾ ਹੈ, ਕਿਉਂਕਿ ਉਹ ਮੈਂ ਕਿਹਾ। ਖ਼ਿਆਲ ਰਖੱਣਾ, ਵਿਵਾਦ ਦਾ ਵੱਕਤਵਯ ਇਹ ਹੀ ਹੁੰਦਾ ਹੈ ਕਿ ਜੋ ਮੈਂ ਕਹਿੰਦਾ ਹਾਂ ਉਹ ਠੀਕ ਹੈ, ਕਿਉਂਕਿ ਮੈਂ ਕਹਿੰਦਾ ਹਾਂ। ਇਹ ਕੋਈ ਸਤਯ ਦੇ ਖੋਜੀ ਦੀ ਗੱਲ ਨਹੀਂ ਹੈ।

ਸਤਯ ਦਾ ਖੋਜੀ ਇਹ ਕਹਿੰਦਾ ਹੈ—ਮੈਂ ਕੀ ਕਹਾਂ; ਸਤਯ ਜਿੱਥੇ ਹੋਵੇ ਮੈਂ ਉਸੇ ਦੇ ਨਾਲ ਖੜਾ ਹੋਣ ਲਈ ਰਾਜ਼ੀ ਹਾਂ।

ਦੁਨੀਆਂ ਵਿਚ ਦੋ ਤਰ੍ਹਾਂ ਦੇ ਲੋਗ ਹਨ। ਇੱਕ, ਜਿਹੜੇ ਕਹਿੰਦੇ ਹਨ ਸਤਯ ਨੂੰ ਮੇਰੇ ਪਿੱਛੇ ਖੜਾ ਹੋਣਾ ਪਏਗਾ; ਜਿੱਥੇ ਮੈਂ ਖਲੋਤਾ ਹੋਵਾਂ ਉੱਥੇ ਹੀ ਸਤਯ ਨੂੰ ਖਲੋਣਾ ਹੋਏਗਾ; ਸਤਯ ਮੇਰੀ ਛਾਂ ਬਣੇ। ਇਹ ਵਿਵਾਦ ਹੈ। ਜੋ ਕਹਿੰਦਾ ਹੈ ਮੈਂ ਸਤਯ ਦੀ ਛਾਂ ਬਣਾਂ; ਜਿੱਥੇ ਸਤਯ ਹੋਵੇ ਮੈਂ ਉੱਥੇ ਹੀ ਖਲੋ ਜਾਵਾਂਗਾ। ਮੈਂ ਸਤਯ ਦੇ ਪਿੱਛੇ ਟੁਰਨ ਵਾਲਾ ਹਾਂ। ਮੈਂ ਸਤਯ ਦੀ ਛਾਂ ਬਣਨਾ ਚਾਹੁੰਦਾ ਹਾਂ। ਇਹ ਖੋਜੀ ਦਾ ਲੱਛਣ ਹੈ।

ਤਾਂ ਬਹੁਤ ਪੈਰ ਵੇਖ-ਵੇਖ ਕੇ ਰਖੱਣਾ, ਇੱਥੇ ਬਹੁਤ ਕੰਡਿਆਂ ਦੀਆਂ ਝਾੜੀਆਂ ਹਨ। ਅਤੇ ਸਭ ਤੋਂ ਵੱਡੇ ਕੰਡਿਆਂ ਦੀਆਂ ਝਾੜੀਆਂ ਸਿੱਧਾਂਤਾਂ ਦੀਆਂ ਹਨ। ਸਿੱਧਾਂਤਾਂ ਵਿਚ ਲੋਗ ਉਲਝ ਜਾਂਦੇ ਹਨ, ਧਿਆਨ ਭੁੱਲ ਜਾਂਦੇ ਹਨ। ਅਕਸਰ ਅਜਿਹਾ ਹੋ ਜਾਂਦਾ ਹੈ ਕਿ ਪਰਮਾਤਮਾ ਦੇ ਪੱਖ ਵਿਚ ਵਿਵਾਦ ਕਰਨ ਵਾਲਿਆਂ ਨੂੰ ਵੀ ਪ੍ਰਾਰਥਨਾ ਕਰਨ ਦੀ ਫ਼ੁਰਸਤ ਨਹੀਂ ਮਿਲਦੀ। ਇਹ ਤਾਂ ਬਹੁਤ ਵਿਅਰਥ ਗੱਲ ਹੋ ਗਈ।

ਭੋਜਨ ਦੇ ਸੰਬੰਧ ਵਿਚ ਵਿਵਾਦ ਚਲਦਾ ਹੈ, ਭੋਜਨ ਕਦ ਪਕਾਓਗੇ? ਪਾਣੀ ਦੇ ਸੰਬੰਧ ਵਿਚ ਵਿਵਾਦ ਕਰੋਗੇ, ਸਰੋਵਰ ਕਦ ਲਭੋਂਗੇ ?

ਏਕ ਸਾਧੈ ਸਬ ਸਧੈ, ਸਬ ਸਾਧੈ ਸਬ ਜਾਯ
ਰਹਿਮਨ ਮੂਲਹਿੰ ਸੀਂਚਿਬੋ, ਫੂਲਹਿ ਫਲਹਿ ਅਘਾਯ

ਰਹੀਮ ਨੇ ਕਿਹਾ : ਇੱਕ ਨੂੰ ਸਾਧ ਲਓ ਸਭ ਸੱਧ ਜਾਏਗਾ; ਉਹ ਇੱਕ ਤੁਹਾਡੇ ਅੰਦਰ ਮੌਜੂਦ ਹੈ--ਉਹ ਤੁਸੀਂ ਹੋ। ਇੱਕ ਸਾਧੈ ਸਬ ਸਧੈ, ਸਬ ਸਾਧੈ ਸਬ ਜਾਯ। ਤੁਸੀਂ ਵਿਅਰਥ ਦੇ ਵਿਵਾਦ ਵਿਚ, ਵੱਡੇ-ਵੱਡੇ ਸਿੱਧਾਂਤਾਂ ਵਿਚ, ਵੇਦ, ਕੁਰਾਨ, ਬਾਈਬਲ ਵਿਚ ਅਤੇ ਇਨ੍ਹਾਂ ਨੂੰ ਸਿੱਧ ਕਰਨ ਵਿਚ ਨ ਉਲਝ ਜਾਣਾ, ਨਹੀਂ ਤਾਂ ਸਭ ਗੁਆ ਬੈਠੋਗੇ। ਇੱਕ ਤਾਂ ਸਾਧ ਲਓ।

ਜਦ ਸ਼ਵੇਤਕੇਤੂ ਆਪਣੇ ਗੁਰੂ ਦੇ ਘਰੋਂ ਵਾਪਸ ਪਰਤਿਆ ਪਿਤਾ ਦੇ ਘਰ ਤਾਂ ਉਦਾਲਕ ਨੇ ਪੁੱਛਿਆ ਕਿ ਪੁੱਤਰ ਤੂੰ ਕੀ-ਕੀ ਪੜ੍ਹ ਕੇ ਆਇਆ ਹੈਂ ? ਤਾਂ ਉਸਨੇ ਦੱਸਿਆ ਕਿ ਵੇਦ ਪੜ੍ਹੇ, ਉਪਨਿਸ਼ਦ ਪੜ੍ਹੇ ਬ੍ਰਾਹਮਣ ਗਰੰਥ ਪੜ੍ਹੇ, ਆਰਣਯਕ ਪੜ੍ਹੇ, ਪੁਰਾਣ ਪੜ੍ਹੇ, ਵਿਆਕਰਣ, ਭਾਸ਼ਾ (ਜੋ-ਜੋ ਉਸ ਸਮੇਂ ਉਪਲਬੱਧ ਸੀ) ਸਭ ਪੜ੍ਹ ਕੇ ਆਇਆ ਹਾਂ। ਜੋ ਵੀ ਗੁਰੂ ਦੇ ਸਕਦੇ ਸਨ, ਸਭ ਲੈ ਕੇ ਆ ਗਿਆ ਹਾਂ।

ਪਿਤਾ ਉਦਾਸ ਹੋ ਗਏ, ਕਥਾ ਕਹਿੰਦੀ ਹੈ। ਸ਼ਵੇਤਕੇਤੂ ਨੇ ਪੁੱਛਿਆ, ਪਰ ਤੁਸੀਂ ਪ੍ਰਸੰਨ ਨਹੀਂ ਹੋ, ਮੈਂ ਸਭ ਤੋਂ ਉਚੀਆਂ ਉਪਾਧੀਆਂ ਲੈ ਕੇ ਆਇਆ ਹਾਂ। ਪੂਰਣ ਰੂਪ ਨਾਲ ਸਨਮਾਨਿਤ ਹੋ ਕੇ ਆਇਆ ਹਾਂ। ਮੇਰੇ ਸਰਟੀਫ਼ਿਕੇਟ ਵੇਖੋ।

ਲੇਕਿਨ ਪਿਤਾ ਨੇ ਕਿਹਾ, ਮੈਂ ਤੇਰੇ ਕੋਲੋਂ ਇੱਕ ਗੱਲ ਪੁੱਛਦਾ ਹਾਂ : ਤੂੰ ਉਹ ਇੱਕ ਜਾਣਿਆ ਜਿਸ ਨੂੰ ਜਾਨਣ ਨਾਲ ਸਭ ਜਾਣ ਲਿਆ ਜਾਂਦਾ ਹੈ? ਸ਼ਵੇਤਕੇਤੂ ਨੇ ਕਿਹਾ, ਉਹ ਇੱਕ ਕੌਣ ਹੈ? ਮੈਂ ਸਭ ਜਾਣਿਆ। ਜੋ ਵੀ ਉਪਲਬੱਧ ਸੀ ਗੁਰੂਘਰ ਵਿਚ, ਗੁਰੂਕੁਲ ਵਿਚ, ਮੈਂ ਸਭ ਜਾਣ ਕੇ ਆਇਆ ਹਾਂ।

ਪਿਤਾ ਨੇ ਕਿਹਾ, ਇਹ ਕੁਝ ਕੰਮ ਦਾ ਨਹੀਂ ਹੈ। ਤੂੰ ਜਾਹ ਵਾਪਿਸ, ਇੱਕ ਨੂੰ ਜਾਣਕੇ ਆ; ਤੂੰ ਅਨੇਕ ਨੂੰ ਜਾਣ ਕੇ ਆਇਆ ਹੈਂ। ਅਨੇਕ ਨਾਲ ਕੀ ਹੋਵੇਗਾ ? ਇੱਕ ਨੂੰ ਜਾਣ ਕੇ ਆ। ਤੂੰ ਕੌਣ ਹੈਂ, ਇਹ ਜਾਣ ਕੇ ਆ। ਜਦ ਤੱਕ ਤੂੰ ਆਤਮਾ ਨਹੀਂ ਜਾਣੀ, ਤਦ ਤੱਕ ਕੁਝ ਵੀ ਨਹੀਂ ਜਾਣਿਆ। ਅਤੇ ਧਿਆਨ ਰੱਖ ਮੈਂ ਬੁੱਢਾ ਹੋ ਗਿਆ ਹਾਂ। ਸ਼ਾਇਦ ਤੂੰ ਇੱਕ ਨੂੰ ਜਾਣਕੇ ਪਰਤੇਂ, ਮੈਨੂੰ ਪਾਵੇਂ ਜਾਂ ਨ ਪਾਵੇਂ, ਪਰ ਇੱਕ ਗੱਲ ਤੈਨੂੰ ਕਹਿ ਜਾਣਾ ਚਾਹੁੰਦਾ ਹਾਂ, ਸਾਡੇ ਘਰ ਵਿਚ ਨਾਮ-ਮਾਤ੍ਰ ਦੇ ਬ੍ਰਾਹਮਣ ਨਹੀਂ ਹੋਇ ਹਨ, ਅਸੀਂ ਬ੍ਰਹਮ ਨੂੰ ਜਾਣ ਕੇ ਆਪਣੇ ਆਪ ਨੂੰ ਬ੍ਰਾਹਮਣ ਕਹਿੰਦੇ ਰਹੇ ਹਾਂ। ਇੰਨਾ ਖ਼ਿਆਲ ਰਖੀਂ। ਜਦ ਤੱਕ ਬ੍ਰਹਮ ਨੂੰ ਨ ਜਾਣ ਲਵੇਂ ਤਦ ਤੱਕ ਆਪਣੇ ਆਪ ਨੂੰ ਬ੍ਰਾਹਮਣ ਨ ਸਮਝਣਾ। ਸਾਡੇ ਕੁਲ ਵਿਚ ਪੈਦਾਇਸ਼ੀ ਬ੍ਰਾਹਮਣ ਨਹੀਂ ਹੋਏ। ਸਾਡੇ ਕੁਲ ਵਿਚ ਬ੍ਰਹਮ ਨੂੰ ਜਾਣ ਕੇ ਹੀ ਬ੍ਰਾਹਮਣ ਹੋਏ ਹਨ। ਇਹ ਹੀ ਮੇਰੇ ਪਿਤਾ ਨੇ ਮੈਨੂੰ ਆਖਿਆ ਸੀ; ਇਹ ਹੀ ਮੈਂ ਤੈਨੂੰ ਕਹਿੰਦਾ ਹਾਂ। ਇੱਕ ਨੂੰ ਜਾਣ ਕੇ ਆ, ਤਦ ਹੀ ਤੂੰ ਬ੍ਰਾਹਮਣ ਹੈਂ। ਬ੍ਰਾਹਮਣ ਦੇ ਘਰ ਜਨਮ ਲੈਣ ਨਾਲ ਕੋਈ ਬ੍ਰਾਹਮਣ ਨਹੀਂ ਹੁੰਦਾ ਹੈ।

ਰਹਿਮਨ ਮੂਲਹਿ ਸੀਂਚਿਬੋ ਫੂਲਹਿ ਫਲਹਿ ਅਘਾਯ।

ਪੱਤੇ-ਪੱਤੇ ਨ ਸਿੰਜਦੇ ਫ਼ਿਰੋ, ਮੂਲ ਨੂੰ ਸਿੰਜੋ। ਮੂਲ ਤੁਹਾਡੀ ਆਤਮਾ ਹੈ। ਉੱਥੋਂ ਹੀ

ਦੁਆਰ ਹੈ ਪਰਮਾਤਮਾ ਦਾ। ਉਸ ਇੱਕ ਮੂਲ ਨੂੰ ਸਿੰਜਣ ਨਾਲ ਖ਼ੂਬ ਪੱਤਿਆਂ ਨਾਲ ਭਰ ਜਾਓਗੇ, ਖ਼ੂਬ ਡਾਲੀਆਂ 'ਚੋਂ ਡਾਲੀਆਂ ਹੋਣਗੀਆਂ।

ਪੰਛੀ ਤੁਹਾਡੇ ਉੱਤੇ ਬਸੇਰਾ ਕਰਨਗੇ, ਘੌਂਸਲੇ ਬਨਾਉਣਗੇ ।

ਤੁਹਾਡੀ ਛਾਂ ਵਿਚ ਬੈਠਣਗੇ।

ਤੁਹਾਡੇ ਵਿਚ ਫ਼ਲ ਵੀ ਲਗਣਗੇ, ਭੁੱਖੇ ਦੀ ਭੁੱਖ ਵੀ ਮਿਟੇਗੀ, ਪਿਆਸ ਵੀ ਬੁੱਝੇਗੀ। ਤੁਹਾਡੇ ਵਿਚ ਫ਼ੁੱਲ ਵੀ ਲਗਣਗੇ ਲੋਕਾਂ ਦੀ ਸੁੰਦਰਤਾ ਦੀ ਭੁੱਖ ਵੀ ਤ੍ਰਿਪਤ ਹੋਵੇਗੀ ਤੁਸੀਂ ਭਰੇ-ਪੂਰੇ ਹੋ ਜਾਓਗੇ। ਪਰ ਇੱਕ ਨੂੰ ਸਿੰਜੋ।

ਆਸਣ ਦ੍ਰਿੜ ਅਹਾਰ ਦ੍ਰਿੜ ਜੇ ਨਯਦ੍ਰਾ ਦ੍ਰਿੜ ਹੋਈ।
ਗੋਰਸ਼ ਕਹੈ ਸੁਣੋਂ ਰੇ ਪੂਤਾ, ਮਰੈ ਨ ਬੂਢਾ ਹੋਈ॥

ਕਿਵੇਂ ਉਸ ਨੂੰ ਸਾਧੋਗੇ, ਕਿਵੇਂ ਉਸ ਇੱਕ ਨੂੰ ਜਾਣੋਂਗੇ?

ਆਸਣ ਦ੍ਰਿੜ! ਬੈਠਣਾ ਸਿੱਖੋ। ਖ਼ਿਆਲ ਰਖੱਣਾ, ਆਸਣ ਤੋਂ ਅਰਥ ਸਿਰਫ਼ ਸ਼ਰੀਰਕ ਆਸਣ ਦਾ ਨਹੀਂ ਹੈ; ਅੰਦਰ ਇਵੇਂ ਬੈਠ ਜਾਓ ਕਿ ਕੋਈ ਹਿੱਲ-ਜੁੱਲ ਨ ਹੋਵੇ। ਬਾਹਰ ਦਾ ਆਸਣ ਤਾਂ ਅੰਦਰ ਦੇ ਆਸਣ ਲਈ ਸਿਰਫ਼ ਇੱਕ ਆਯੋਜਨ (ਇੰਤਜ਼ਾਮ) ਹੈ। ਬਾਹਰ ਸ਼ਰੀਰ ਨ ਹਿੱਲੇ-ਜੁੱਲੇ, ਇਸ ਤਰ੍ਹਾਂ ਬੈਠ ਜਾਓ ਥਿਰ। ਇਹ ਤਾਂ ਕੇਵਲ ਸ਼ੁਰੂਆਤ ਹੈ, ਫ਼ਿਰ ਅੰਦਰ ਮਨ ਨ ਹਿੱਲੇ, ਕੋਈ ਕੰਪਨ ਨ ਹੋਵੇ। ਜਦ ਮਨ ਅਤੇ ਤਨ ਦੋਵੇਂ ਨਹੀਂ ਹਿਲਦੇ, ਤਾਂ ਆਸਣ। ਤਦ ਬਾਹਰ-ਅੰਦਰ ਤੁਸੀਂ ਠਹਿਰ ਗਏ, ਰੁੱਕ ਗਏ ਯਾਨੀ ਹੁਣ ਕੋਈ ਵਾਸਣਾ ਨਹੀਂ ਹੈ। ਰੁੱਕ ਗਏ ਯਾਨੀ ਹੁਣ ਕੋਈ ਇੱਛਾ ਨਹੀਂ ਹੈ। ਰੁੱਕ ਗਏ ਯਾਨੀ ਹੁਣ ਚਿੱਤ ਵਿਚ ਚੰਚਲ ਲਹਿਰਾਂ ਨਹੀਂ ਉਠ ਰਹੀਆਂ।

ਹੁਣ ਚਿੱਤ ਇੱਕ ਝੀਲ ਹੋ ਗਿਆ ਹੈ।

ਆਸਣ ਦ੍ਰਿੜ ਆਹਾਰ ਦ੍ਰਿੜ ...।

ਅਤੇ ਓਨਾ ਹੀ ਭੋਜਨ ਲਵੋ ਜਿੰਨਾ ਜ਼ਰੂਰੀ ਹੈ। ਵਿਅਰਥ ਦੀਆਂ ਚੀਜ਼ਾਂ ਨ ਖਾਂਦੇ ਫ਼ਿਰੋ। ਵਿਅਰਥ ਦੀਆਂ ਚੀਜ਼ਾਂ ਨ ਆਪਣੇ ਸ਼ਰੀਰ ਵਿਚ ਭਰਦੇ ਫ਼ਿਰੋ। ਜੋ ਜ਼ਰੂਰੀ ਹੈ, ਜੋ ਲੋੜੀਂਦਾ ਹੈ, ਉਹ ਪੂਰਾ ਕਰ ਲਓ। ਅਤੇ ਇਸ ਵਿਚ ਦ੍ਰਿੜ੍ਹਤਾ ਬਣਾਓ। ਕੁਝ ਲੋਗ ਹਨ, ਜਿਨ੍ਹਾਂ ਦਾ ਕੁਲ੍ਹ ਜੀਵਨ ਵਿਚ ਕੰਮ ਇੰਨਾ ਹੀ ਹੈ : ਇੱਕ ਪਾਸਿਓਂ ਪਾਓ ਭੋਜਨ ਦੂਜੇ ਪਾਸਿਓਂ ਕੱਢੋ ਭੋਜਨ, ਇੰਨਾ ਹੀ ਉਨ੍ਹਾਂ ਦਾ ਕੰਮ ਹੈ। ਅਜਿਹੇ-ਅਜਿਹੇ ਲੋਗ ਹਨ, ਜਿਵੇਂ ਸਮ੍ਰਾਟ ਨੀਰੋ ਹੋਇਆ, ਉਹ ਆਪਣੇ ਨਾਲ ਚਾਰ ਡਾਕਟਰ ਰਖੱਦਾ ਸੀ। ਉਹ ਭੋਜਨ ਕਰਦਾ, ਉਸ ਨੂੰ ਭੋਜਨ ਵਿਚ ਬਹੁਤ ਰਸ ਸੀ। ਕਿੰਨਾ ਹੀ ਰਸ ਹੋਵੇ, ਕਿੰਨੀ ਵਾਰੀ ਭੋਜਨ ਕਰੋਗੇ? ਇੱਕ ਵਾਰ, ਦੋ ਵਾਰ, ਤਿੰਨ ਵਾਰ, ਚਾਰ ਵਾਰ, ਪੰਜ ਵਾਰ, ਕਿੰਨੀ ਵਾਰੀ ਭੋਜਨ ਕਰੋਗੇ?

ਪਰ ਭੋਜਨ ਦਾ ਰਸ ਅਜਿਹਾ ਸੀ ਕਿ ਉਸ ਦਾ ਚਿੱਤ ਭਰਦਾ ਹੀ ਨਹੀਂ ਸੀ। ਤਾਂ ਡਾਕਟਰ ਉਸਨੂੰ ਵਮਨ (ਉਲਟੀ) ਕਰਵਾ ਦਿੰਦੇ ਸਨ। ਉਹ ਡਾਕਟਰ ਉਸਦੇ ਨਾਲ ਰਹਿੰਦੇ ਸਨ; ਉਹ ਭੋਜਨ ਕਰਦਾ, ਡਾਕਟਰ ਛੇਤੀ-ਛੇਤੀ ਉਸਨੂੰ ਵਮਨ ਦੀ ਦਵਾਈ ਦੇ ਕੇ ਵਮਨ ਕਰਵਾ ਦਿੰਦੇ ਤਾਂ ਕਿ ਉਹ ਫ਼ਿਰ ਭੋਜਨ ਕਰ ਸਕੇ। ਇਹ ਜ਼ਰਾ ਬਹੁਤ ਜ਼ਿਆਦਤੀ ਮਾਲੂਮ ਹੁੰਦੀ ਹੈ, ਪਰ ਮੈਂ ਅਜਿਹੇ ਲੋਕਾਂ ਨੂੰ ਜਾਣਦਾ ਹਾਂ ਜਿਹੜੇ ਵਮਨ ਕਰਦੇ ਹਨ।

ਇੱਕ ਯੁਵਤੀ ਅਮਰੀਕਾ ਤੋਂ ਆਈ, ਉਹ ਅੱਜ ਕੋਈ ਪੰਦਰਾਂ ਸਾਲਾਂ ਤੋਂ ਨਿਯਮ ਨਾਲ ਇਹ ਕੰਮ ਕਰ ਰਹੀ ਹੈ : ਖਾਣਾ ਖਾ ਲਵੇਗੀ ਅਤੇ ਵਮਨ ਕਰ ਦੇਵੇਗੀ, ਤਾਂ ਕਿ ਫਿਰ ਖਾਣਾ ਖਾ ਸਕੇ। ਫਿਰ ਤਾਂ ਮੈਂ ਹੋਰ ਦੋ-ਚਾਰ ਲੋਕਾਂ ਦੇ ਸੰਪਰਕ ਵਿਚ ਆਇਆ। ਮੇਰੇ ਕੋਲ ਤਾਂ ਸਭ ਤਰ੍ਹਾਂ ਦੇ ਮਰੀਜ਼ ਆਉਂਦੇ ਹਨ, ਜਿਨ੍ਹਾਂ ਦਾ ਕੰਮ ਹੀ ਇਹੋ ਹੈ ਅਤੇ ਜਿਹੜੇ ਨਹੀਂ ਵੀ ਅਜਿਹਾ ਕਰਦੇ, ਉਹ ਠੂਸ-ਠੂਸ ਕੇ ਖਾਂਦੇ ਰਹਿੰਦੇ ਹਨ, ਜਿਵੇਂ ਜ਼ਿੰਦਗੀ ਬਸ ਭੋਜਨ ਹੈ। ਜ਼ਿੰਦਗੀ ਕੁਝ ਜ਼ਿਆਦਾ ਵੀ ਹੈ, ਜ਼ਿੰਦਗੀ ਭਜਨ ਵੀ ਹੈ ! ਅਤੇ ਭੋਜਨ ਨੂੰ ਹੀ ਜਿਸਨੇ ਸਭ ਸਮਝ ਲਿਆ, ਉਹ ਬਹੁਤ ਨੀਵੇਂ ਤਲ ਤੇ ਜੀਉਂਦਾ ਹੈ, ਜਦ ਤੱਕ ਭੁੱਖ ਨ ਜਾਗੇ। ਇੰਨਾ ਭੋਜਨ ਕਰੋ ਜਿੰਨਾ ਭੁੱਖ ਲਈ ਜ਼ਰੂਰੀ ਹੈ।

ਤੁਸੀਂ ਆਪਣੇ ਸਾਧੂ-ਸੰਤਾਂ ਨੂੰ ਵੇਖੋ, ਤੁਸੀਂ ਬਹੁਤ ਹੈਰਾਨ ਹੋ ਜਾਓਗੇ। ਹਿੰਦੂ ਸੰਨਿਆਸੀਆਂ ਨੂੰ ਵੇਖੋ, ਤੁਸੀਂ ਬਹੁਤ ਹੈਰਾਨ ਹੋ ਜਾਓਗੇ, ਜੇਕਰ ਉਨ੍ਹਾਂ ਦੀ ਤੋਂਦ ਨ ਹੋਵੇ ਤਾਂ ਉਹ ਸੁਆਮੀ ਹੀ ਨਹੀਂ ! ਕੁਲ ਕੰਮ ... ਗੱਲਾਂ ਭਜਨ ਦੀਆਂ ਕਰ ਰਹੇ ਹਨ, ਪਰ ਕਰ ਰਹੇ ਹੋਣਗੇ ਸਿਰਫ਼ ਭੋਜਨ। ਤੁਸੀਂ ਜਾ ਕੇ ਵੇਖ ਸਕਦੇ ਹੋ ਅਤੇ ਜਿੰਨੀ ਵੱਡੀ ਤੋਂਦ ਓਨਾ ਵੱਡਾ ਸੁਆਮੀ! ਕੁਲ ਕੰਮ ਇੰਨਾ ਹੈ--ਗੱਲਾਂ ਭਜਨ ਦੀਆਂ ਕਰਦੇ ਰਹੋ ਅਤੇ ਭੋਜਨ ਕਰਦੇ ਰਹੋ। ਤਾਂ ਭੋਜਨ ਕਰਨਾ ਹੈ, ਭੋਜਨ ਨੂੰ ਚਾਹੁਣਾ ਹੈ, ਇਸ ਲਈ ਭਜਨ ਦੀਆਂ ਗੱਲਾਂ ਕਰਦੇ ਰਹੋ। ਇਹ ਕਿਹੋ ਜਿਹਾ ਸੰਨਿਆਸ, ਇਹ ਕਿਹੋ ਜਿਹੇ ਸਾਧੂ !

ਆਸਣ ਦ੍ਰਿੜ ਅਹਾਰ ਦ੍ਰਿੜ ਜੇ ਨਯੰਦ੍ਰਾ ਦ੍ਰਿੜ ਹੋਈ।

ਤਾਂ ਪਹਿਲਾਂ ਆਸਣ ਨੂੰ ਸੰਭਾਲ ਲਓ, ਫਿਰ ਭੋਜਨ ਨੂੰ ਸੰਭਾਲ ਲਓ, ਫਿਰ ਨਿੰਦ੍ਰਾ ਨੂੰ ਸੰਭਾਲ ਲਓ—ਬਸ ਇਹ ਤਿੰਨ ਬਹੁਤ ਮਹੱਤਵਪੂਰਣ ਗੱਲਾਂ ਹਨ, ਜੋ ਤੁਸੀਂ ਸੰਭਾਲ ਸਕੋ, ਤਾਂ ਆਤਮਾ ਨੂੰ ਜਾਨਣ ਲਈ ਕੋਈ ਅੜਚਨ ਨਹੀਂ ਰਹਿ ਜਾਂਦੀ।

ਇਹ ਤਿੰਨ ਰੁਕਾਵਟਾਂ ਹਨ।

ਨਿੰਦ੍ਰਾ ਦ੍ਰਿੜ ਦਾ ਕੀ ਅਰਥ ਹੋਏਗਾ? ਜਿਸਦਾ ਆਸਣ ਸੰਭਲ ਗਿਆ, ਜੋ ਬਿਲਕੁੱਲ ਸ਼ਾਂਤ ਹੋ ਕੇ ਬੈਠਣ ਵਿਚ ਕੁਸ਼ਲ ਹੋ ਗਿਆ, ਜਿਸਦੇ ਅੰਦਰੋਂ ਵਿਚਾਰਾਂ ਦੀਆਂ ਤਰੰਗਾਂ ਚੱਲੀਆਂ ਗਈਆਂ, ਜਿਸਦਾ ਭੋਜਨ ਸੰਭਲ ਗਿਆ, ਜਿਹੜਾ ਦੇਹ ਨੂੰ ਇੰਨਾ ਦਿੰਦਾ ਹੈ ਜਿੰਨਾ ਜ਼ਰੂਰੀ ਹੈ, ਨ ਘੱਟ ਨ ਵੱਧ। ਘੱਟ ਵੀ ਨ ਦੇਣਾ। ਇਧੱਰ ਇੱਕ ਪਾਸੇ ਹਿੰਦੂ ਸਾਧੂ ਹਨ, ਜਿਨ੍ਹਾਂ ਦੀ ਤੋਂਦ ਹੀ ਪ੍ਰਮਾਣ ਹੈ ਉਨ੍ਹਾਂ ਦੀ ਸਾਧੂਤਾ ਦੀ; ਅਤੇ ਇਧੱਰ ਫਿਰ ਜੈਨ ਸਾਧੂ ਹਨ, ਜਿਨ੍ਹਾਂ ਦਾ ਹੱਡੀ-ਹੱਡੀ ਹੀ ਹੋ ਜਾਣਾ ਪ੍ਰਮਾਣ ਹੈ, ਉਨ੍ਹਾਂ ਦੀ ਸਾਧੂਤਾ ਦਾ। ਇਹ ਦੋਵੇਂ ਇੱਕ ਹੀ ਸਿੱਕੇ ਦੇ ਦੋ ਪਹਿਲੂ ਹਨ। ਇਨ੍ਹਾਂ ਵਿਚ ਕੋਈ ਭੇਦ ਨਹੀਂ ਹੈ। ਇੱਕ ਬਹੁਤਾ ਖਾ ਰਿਹਾ ਹੈ, ਇੱਕ ਘੱਟ ਖਾ ਰਿਹਾ ਹੈ। ਦੋਵੇਂ ਹੀ ਅਤਿ ਉੱਤੇ ਚਲੇ ਗਏ ਹਨ। ਹੋਣਾ ਹੈ ਅੱਧ ਵਿਚ, ਹੋਣਾ ਹੈ ਸਮਯਕ। ਤਾਂ ਭੋਜਨ ਸੰਭਾਲ ਲਓ। ਇਹ ਦੋ ਚੀਜ਼ਾਂ ਸੰਭਲ ਜਾਣ ਤਾਂ ਫਿਰ ਤੀਜੀ ਚੀਜ਼ ਸੰਭਾਲਣ ਦੀ ਕ੍ਰਿਆ ਸ਼ੁਰੂ ਹੁੰਦੀ ਹੈ। ਫਿਰ ਨਿੰਦ੍ਰਾ ਸੰਭਾਲ ਲਓ।

ਨਿੰਦ੍ਰਾ ਸੰਭਾਲਣ ਦਾ ਕੀ ਅਰਥ ਹੋਏਗਾ? ਇਹ ਸੂਤਰ ਬਹੁਤ ਡੂੰਘਾ ਹੈ। ਨਿੰਦ੍ਰਾ ਸੰਭਾਲਣ ਦਾ ਅਰਥ ਹੈ, ਜਿਵੇਂ ਜਾਗਣੇ ਵਿਚ ਵਿਚਾਰ ਸ਼ਾਂਤ ਹੋ ਗਏ, ਇਵੇਂ ਹੀ ਸੁਫ਼ਨੇ ਵੀ ਸ਼ਾਂਤ ਹੋ ਜਾਣ ਸੁੱਤੇ ਪਿਆਂ ਵਿਚ। ਹੋ ਜਾਂਦੇ ਹਨ। ਕਿਉਂਕਿ ਸੁਫ਼ਨੇ ਵੀ ਵਿਚਾਰਾਂ ਦੇ ਕਾਰਣ

ਉਠਦੇ ਹਨ। ਵਿਚਾਰਾਂ ਦਾ ਹੀ ਪ੍ਰਤਿਫਲ ਹਨ ਸੁਫ਼ਨੇ, ਵਿਚਾਰਾਂ ਦੀ ਹੀ ਗੂੰਜ-ਅਨੁਗੂੰਜ ਹਨ। ਦਿਨ-ਰਾਤ ਖ਼ੂਬ ਸੋਚਦੇ ਹੋ ਤਾਂ ਰਾਤ-ਭਰ ਖ਼ੂਬ ਸੁਫ਼ਨੇ ਵੇਖਦੇ ਹੋ। ਜੋ ਸੋਚਦੇ ਹੋ ਉਸੇ ਦੇ ਸੁਫ਼ਨੇ ਵੇਖਦੇ ਹੋ।

ਜੋ ਭੋਜਨਭੱਟ (ਖਾਣ ਦੇ ਰਸੀਆ) ਹਨ, ਉਹ ਰਾਤ ਵੀ ਸੁਫ਼ਨਿਆਂ ਵਿਚ ਭੋਜਨ ਕਰਦੇ ਰਹਿੰਦੇ ਹਨ। ਰਾਜ ਮਹਲਾਂ ਵਿਚ ਉਨ੍ਹਾਂ ਨੂੰ ਨਿਮੰਤ੍ਰਣ ਮਿਲਦਾ ਹੈ। ਸਵਾਦਿੱਸ਼ਟ ਭੋਜਨ ਚਲਦੇ ਰਹਿੰਦੇ ਹਨ। ਜਿਹੜੇ ਕਾਮੀ ਹਨ, ਉਹ ਕਾਮਵਾਸਨਾ ਦੇ ਸੁਫ਼ਨੇ ਵੇਖਦੇ ਰਹਿੰਦੇ ਹਨ। ਜੋ ਧਨ ਦੇ ਲਾਲਚੀ ਹਨ, ਉਹ ਧਨ ਦੀ ਲਾਲਸਾ ਦੇ ਸਫ਼ਨੇ ਵੇਖਦੇ ਰਹਿੰਦੇ ਹਨ। ਜੋ ਪਦ-ਲੋਲੁਪ (ਲਾਲਚੀ) ਹਨ, ਉਹ ਸੁਫ਼ਨੇ ਵਿਚ ਬਾਦਸ਼ਾਹ ਹੋ ਜਾਂਦੇ ਹਨ।

ਤੁਹਾਡੇ ਸੁਫ਼ਨੇ ਤੁਹਾਡੇ ਚਿੱਤ ਦੇ ਹੀ ਵਿਕਾਰਾਂ ਦੇ ਪ੍ਰਤਿਫਲ ਹਨ। ਨੀਂਦ ਵਿਚ ਵੀ ਉਨ੍ਹਾਂ ਦੀ ਗੂੰਜ ਸੁਣਾਈ ਪੈਂਦੀ ਰਹਿੰਦੀ ਹੈ। ਜਦ ਤੁਸੀਂ ਸ਼ਾਂਤ ਹੋ ਕੇ ਬੈਠਣਾ ਸਿੱਖ ਜਾਓਗੇ, ਭੋਜਨ ਸੰਯਤ ਹੋ ਜਾਏਗਾ—ਅਤੇ ਭੋਜਨ ਦੇ ਸੰਯਤ ਹੋਣ ਵਿਚ ਖ਼ਿਆਲ ਰਖੱਣਾ, ਜੋ ਵੀ ਤੁਸੀਂ ਅੰਦਰ ਪਾਉਂਦੇ ਹੋ ... ਉਹ ਸਭ ਭੋਜਨ ਵਿਚ ਸ਼ਾਮਿਲ ਹੈ। ਵਿਅਰਥ ਦੀ ਕਿਤਾਬ ਨ ਪੜ੍ਹੋ, ਕਿਉਂਕਿ ਉਹ ਵੀ ਭੋਜਨ ਹੈ, ਤੁਸੀਂ ਅੰਦਰ ਪਾ ਰਹੇ ਹੋ। ਵਿਅਰਥ ਦੀਆਂ ਗੱਲਾਂ ਨ ਸੁਣੋ, ਕਿਉਂਕਿ ਉਹ ਵੀ ਭੋਜਨ ਹੈ, ਤੁਸੀਂ ਅੰਦਰ ਸੁੱਟ ਰਹੇ ਹੋ।

ਕੋਈ ਕਹਿੰਦਾ ਹੀ ਨਹੀਂ ਕਿਸੇ ਨੂੰ।

ਜੇਕਰ ਤੁਹਾਡੇ ਘਰ ਕੋਈ ਕੂੜਾ ਸੁੱਟ ਜਾਏ, ਤੁਸੀਂ ਫ਼ੌਰਨ ਨਾਂਹ ਕਰੋਗੇ; ਪਰ ਤੁਹਾਡੀ ਖੋਪੜੀ ਵਿਚ ਕੋਈ ਆ ਕੇ ਵਿਅਰਥ ਦੀਆਂ ਅਫ਼ਵਾਹਾਂ ਭਰ ਜਾਏ, ਤਾਂ ਤੁਸੀਂ ਇਨਕਾਰ ਹੀ ਨਹੀਂ ਕਰਦੇ, ਤੁਸੀਂ ਸਗੋਂ ਬਿਲਕੁੱਲ ਕੰਨ ਲਾ ਕੇ ਸੁਣਦੇ ਹੋ ਕਿ ਹਾਂ ਭਾਈ 'ਹੋਰ ਸੁਣਾਓ, ਅਗੇ ਕੀ ਹੋਇਆ ? ਸੋਚੋ ਤਾਂ ਤੁਸੀਂ, ਕੀ ਤੁਸੀਂ ਕੂੜਾ ਮਨ ਵਿਚ ਭਰ ਰਹੇ ਹੋ ਇਹ ਸਭ ਆਹਾਰ ਹੈ। ਕੰਨਾਂ ਤੋਂ ਜਾਏ, ਅੱਖਾਂ ਤੋਂ ਜਾਏ, ਮੂੰਹ ਤੋਂ ਜਾਏ, ਨੱਕ ਤੋਂ ਜਾਏ, ਇਹ ਸਭ ਆਹਾਰ ਹੈ। ਇਹ ਸਭ ਇੰਦ੍ਰੀਆਂ ਭੋਜਨ ਲੈਂਦੀਆਂ ਹਨ।

ਤਾਂ ਭੋਜਨ ਦ੍ਰਿੜ ਕਰਨ ਦਾ ਅਰਥ ਹੈ : ਵਿਅਰਥ ਨੂੰ ਅੰਦਰ ਨ ਜਾਣ ਦਿਓ। ਵਿਅਰਥ ਤੋਂ ਸਾਵਧਾਨ ਰਹੋ। ਉਹ ਹੀ ਵੇਖੋ ਜੋ ਵੇਖਣਾ ਜ਼ਰੂਰੀ ਹੈ। ਅਤੇ ਤੁਹਾਡੇ ਜੀਵਨ ਵਿਚ ਸਾਧੂਤਾ ਆਪਣੇ-ਆਪ ਉਤਰਨ ਲਗੇਗੀ ਅਤੇ ਫ਼ਿਰ ਤੁਹਾਡੀ ਨੀਂਦ ਵੀ ਸੱਧ ਜਾਵੇਗੀ। ਫ਼ਿਰ ਨੀਂਦ ਵਿਚ ਵੀ ਤੁਸੀਂ ਸ਼ਾਂਤ ਰਹੋਗੇ। ਸੁਫ਼ਨੇ ਵਿਦਾ ਹੋ ਜਾਣਗੇ। ਇੱਕ ਅਪੂਰਵ ਘਟਨਾ (ਵਾਕਿਆ) ਘੱਟਦੀ ਹੈ। ਜਿਸ ਦਿਨ ਨੀਂਦ ਵਿਚ ਸਫ਼ਨੇ ਵਿਦਾ ਹੋ ਜਾਂਦੇ ਹਨ, ਉਸ ਦਿਨ ਤੁਸੀਂ ਸੁਤੇ ਵੀ ਹੋ ਅਤੇ ਜਾਗੇ ਵੀ ਰਹਿੰਦੇ ਹੋ।

ਇਸ ਲਈ ਕ੍ਰਿਸ਼ਨ ਨੇ ਕਿਹਾ ਹੈ ਕਿ ਜਦ ਸਭ ਸੌਂ ਜਾਂਦੇ ਹਨ ਤਦ ਵੀ ਯੋਗੀ ਜਾਗਦਾ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਯੋਗੀ ਬੈਠੇ ਹਨ ਜਾਂ ਖਲੋਤੇ ਹਨ ਕਮਰੇ ਵਿਚ ਅਤੇ ਜਾਗ ਰਹੇ ਹਨ। ਇਸ ਦਾ ਅਰਥ ਇਹ ਹੈ ਕਿ ਸ਼ਰੀਰ ਸੌਂ ਜਾਂਦਾ ਹੈ, ਪਰ ਅੰਦਰ ਇੱਕ ਜੋਤ ਜਗਦੀ ਰਹਿੰਦੀ ਹੈ। ਇੱਕ ਹੋਸ਼ ਸਧਿਆ ਹੀ ਰਹਿੰਦਾ ਹੈ।

ਗੋਰਸ਼ ਕਹੈ ਸੁਣੌਂ ਰੇ ਪੂਤਾ...!

ਇਸ ਲਈ ਕਹਿੰਦੇ ਹਨ ਆਪਣੇ ਸ਼ਿਸ਼ਿਆਂ ਨੂੰ ਕਿ ਹੇ ਪੁਤੱਰੋ, ਸੁਣੋ । ਮਰੇ ਨ ਬੂਢਾ

ਹੋਈ ! ਅਜਿਹਾ ਜੇਕਰ ਹੋ ਜਾਏ ਤਾਂ ਫ਼ਿਰ ਨ ਤਾਂ ਤੁਸੀਂ ਜਾਣੋਗੇ ਕਦੇ ਕਿ ਬੁਢਾਪਾ ਆਇਆ ਅਤੇ ਨ ਤੁਸੀਂ ਜਾਣੋਗੇ ਕਿ ਕਦੇ ਮੌਤ ਆਈ। ਇਸਦਾ ਇਹ ਮਤਲਬ ਨਹੀਂ ਹੈ ਕਿ ਬੁੱਢੇ ਨਹੀਂ ਹੋਵੋਗੇ ਸ਼ਰੀਰ ਹੀ ਬੁੱਢਾ ਹੋਵੇਗਾ, ਪਰ ਤੁਸੀਂ ਬੁੱਢੇ ਨਹੀਂ ਹੋਵੋਗੇ। ਸ਼ਰੀਰ ਹੀ ਮਰੇਗਾ, ਤੁਸੀਂ ਅੰਮ੍ਰਿਤ ਹੋ ਗਏ।

ਗੋਰਖ ਲਈ ਦੋ ਨਾਮ ਪ੍ਰਚਲਿਤ ਹਨ। ਇੱਕ ਨਾਮ ਹੈ ਗੋਰਖ-ਗੋਪਾਲ। ਉਹ ਸਦਾ ਤਾਜ਼ੇ ਰਹੇ, ਜੁਆਨ ਰਹੇ।

ਦੂਜਾ ਨਾਮ ਹੈ : ਬੂੜ੍ਹਾਂ ਬਾਲਾਂ ਬੁੱਢੇ ਹੋ ਗਏ, ਪਰ ਫ਼ਿਰ ਵੀ ਬਾਲਕ (ਬੱਚਾ) ਦੇ ਵਾਂਗ ਰਹੇ, ਉਨੇ ਹੀ ਤਾਜ਼ੇ। ਜਿਵੇਂ ਸਵੇਰ ਦੀ ਤਾਜ਼ੀ-ਤਾਜ਼ੀ ਔਸ, ਸਵੇਰੇ ਖਿੜੀ ਹੋਈ ਫ਼ੁੱਲ ਦੀ ਕਲੀ ... ਅਜਿਹੇ ਹੀ ਤਾਜ਼ੇ ਰਹੇ। ਉਨ੍ਹਾਂ ਦੀ ਤਾਜ਼ਗੀ ਕਦੇ ਨਹੀਂ ਗਈ।

ਗੋਰਸ਼ ਕਹੈ ਸੁਣੌਂ ਰੇ ਪੂਤਾ, ਮਰੈ ਨ ਬੂਢਾ ਹੋਈ।
ਸ਼ਾਯੇਂ ਭੀ ਮਰਿਯੇਂ ਅਣਸ਼ਾਯੇਂ ਭੀ ਮਰਿਯੇ।
ਗੋਰਸ਼ ਕਹੈ ਪੂਤ ਸੰਜਮਿ ਹੀ ਤਾਰਿਯੇ।

ਖਾਓਗੇ ਤਾਂ ਵੀ ਮਰੋਗੇ, ਨਹੀਂ ਖਾਓਗੇ ਤਾਂ ਵੀ ਮਰੋਗੇ, ਮੌਤ ਤਾਂ ਹੋਣ ਵਾਲੀ ਹੈ। ਸਿਰਫ਼ ਇੱਕ ਦੀ ਮੌਤ ਨਹੀਂ ਹੁੰਦੀ, ਜਿਹੜਾ ਸੰਜਮ ਨੂੰ ਉਪਲਬੱਧ ਹੋ ਗਿਆ ਹੈ।

ਸੰਜਮ ਦੇ ਉਹ ਤਿੰਨ ਸੂਤਰ ਹਨ: ਆਸਣ ਦ੍ਰਿੜ ਅਹਾਰ ਦ੍ਰਿੜ, ਤੇ ਨਿਯੰਦ੍ਰਾ ਦ੍ਰਿੜ ਹੋਈ। ਫ਼ਿਰ ਕੋਈ ਮੌਤ ਨਹੀਂ ਹੈ।

ਫ਼ਿਰ ਸ਼ਾਸ਼ਵਤ ਦਾ ਅਨੁਭਵ ਹੈ (ਸਦਾ ਰਹਿਣ ਵਾਲੇ ਦਾ)।

ਮਧਿ ਨਿਰੰਤਰ ਕੀਜੈ ਵਾਸ।

ਇਸ ਲਈ ਹਰ ਚੀਜ਼ ਵਿਚ ਮਧਯ ਨੂੰ ਲਭ ਲਓ, ਨ ਜ਼ਿਆਦਾ ਖਾਓ, ਨ ਜ਼ਿਆਦਾ ਸੌਂਵੋ। ਨ ਘੱਟ ਖਾਓ, ਨ ਘੱਟ ਸੌਂਵੋ। ਹਰ ਸ਼ੈ ਵਿਚ ਮਧਯ ਨੂੰ ਲਭ ਲਵੋ; ਨ ਜ਼ਿਆਦਾ ਬੋਲੋ, ਨ ਘੱਟ ਬੋਲੋ। ਦਰਮਿਆਨ ਨੂੰ ਲਭਦੇ ਜਾਓ।

ਤੁਸੀਂ ਵੇਖਿਆ ਨ ਕਦੇ ਰੱਸੀ ਉੱਤੇ ਨੱਟ ਤੁਰਦਾ ਹੈ, ਬਸ ਉਸੇ ਤਰ੍ਹਾਂ ਆਪਣੇ ਆਪ ਨੂੰ ਸੰਭਾਲਦੇ ਰਹੋ ਰੱਸੀ ਉੱਤੇ, ਮਧਯ ਵਿਚ। ਨ ਬਹੁਤਾ ਸੱਜੇ ਝੁਕੋ, ਨ ਬਹੁਤ ਖੱਬੇ ਝੁਕੋ; ਝੁੱਕੇ ਕਿ ਡਿੱਗੇ। ਸੰਭਾਲਦੇ ਰਹੋ ਵਿਚਕਾਰ। ਹਰ ਚੀਜ਼ ਦਾ ਦਰਮਿਆਨ ਖੋਜ ਲਓ ਅਤੇ ਤੁਹਾਨੂੰ ਜੀਵਨ ਦੀ ਸਮਗ੍ਰਤਾ, ਸਮਯਕਤਾ ਉਪਲਬੱਧ ਹੋ ਜਾਏਗੀ।

ਨਿਹਚਲ ਮਨੂਵਾ ਥਿਰ ਹੋਈ ਸਾਂਸ...!

ਅਤੇ ਜਦ ਠੀਕ-ਠੀਕ ਮਧਯ ਸੱਧ ਜਾਂਦਾ ਹੈ, ਤਾਂ ਮਨ ਨਿਸ਼ਚਲ ਹੋ ਜਾਂਦਾ ਹੈ, ਇੰਨਾ ਨਿਸ਼ਚਲ ਕਿ ਸੁਵਾਸ ਵੀ ਚਲਣੀ ਬੰਦ ਹੋ ਜਾਂਦੀ ਹੈ। ਤਦ ਸਮਾਧੀ ਫ਼ਲਿਤ ਹੁੰਦੀ ਹੈ। ਉੱਥੇ ਨ ਮਨ ਚੰਚਲ ਹੁੰਦਾ ਹੈ, ਨ ਸੁਵਾਸ ਚੰਚਲ ਹੁੰਦੀ ਹੈ।

ਖ਼ਿਆਲ ਰਖਣਾ, ਜਦ ਸਮਾਧੀ ਫ਼ਲੇ ਤਾਂ ਘਬਰਾ ਨ ਜਾਣਾ। ਇੱਥੇ ਇਹ ਰੋਜ਼ ਹੁੰਦਾ ਹੈ। ਜਦ ਕਿਸੇ ਸੰਨਿਆਸੀ ਨੂੰ ਪਹਿਲੀ ਸਮਾਧੀ ਦਾ ਅਨੁਭਵ ਹੁੰਦਾ ਹੈ ਤਾਂ ਉਹ ਘਬਰਾ ਜਾਂਦਾ ਹੈ। ਘਬਰਾਹਟ ਇਹ ਹੁੰਦੀ ਹੈ ਕਿ ਸੁਆਸ ਬੰਦ ਹੋ ਜਾਂਦੇ ਹਨ। ਉਸ ਨੂੰ ਲਗਦਾ ਹੈ ਕਿ ਮਰਿਆ-ਮਰਿਆ। ਪਰ ਇਹ ਮੌਤ ਨਹੀਂ ਹੈ, ਇਹ ਨਵੇਂ ਜੀਵਨ ਦੀ ਸ਼ੁਰੂਆਤ ਹੈ।


ਮਰੌ ਵੇ ਜੋਗੀ ਮਰੌ ਮਰੌ ਮਰਣ ਹੈ ਮੀਠਾ।
ਤਿਸ ਮਰਣੀ ਮਰੌ ਜਿਸ ਮਰਣੀ ਗੋਰਸ਼ ਮਰਿ ਦੀਠਾ ॥

ਇਹ ਉਸ ਮੌਤ ਦਾ ਆਰੰਭ ਹੈ, ਜਿਸਦੇ ਬਾਅਦ ਪਰਮ ਜੀਵਨ ਹੈ।

ਮਰੋ। ਅਜਿਹੀ ਮਰਨੀ ਮਰੋ ਜਿਸ ਤਰ੍ਹਾਂ ਗੋਰਖ ਮਰਿਆ ਅਤੇ ਮਰ ਕੇ ਵੇਖਿਆ। ਹੋਰ ਜੋ ਦੇਖਿਆ, ਉਹ ਸਦਾ ਰਹਿਣ ਵਾਲਾ ਹੈ, ਅੰਮ੍ਰਿਤ ਹੈ !

ਅੱਜ ਇੰਨਾ ਹੀ।





ਛੇਵਾਂ ਪ੍ਰਵਚਨ

ਸਾਧਨਾ : ਸਮਝ ਦਾ ਪ੍ਰਤਿਫਲ



ਤੁਸੀਂ ਗੋਰਖਨਾਥ ਜੀ ਨੂੰ ਭਾਰਤ ਦੇ ਚਾਰ ਚੋਟੀਸਥਲ ਦੇ ਪ੍ਰਗਯਾ (ਬੁੱਧ) ਪੁਰਸ਼ਾਂ ਵਿਚ ਰੱਖਿਆ ਹੈ। ਪਰ ਅਚਰਜ ਹੈ ਕਿ ਅਜਿਹੇ ਚੋਟੀ ਦੇ ਮਹਾਂਪੁਰਸ਼ ਦੇ ਜਨਮ-ਸਥਾਨ ਅਤੇ ਸਮੇਂ ਦਾ ਵੀ ਪਤਾ ਨਹੀਂ ਹੈ ! ਅਜਿਹਾ ਕਿਉਂ ?

- - -

ਮੈਂ ਸੰਸਾਰਿਕ ਅਰਥਾਂ ਵਿਚ ਸਭ ਤਰ੍ਹਾਂ ਸੁਖੀ ਹਾਂ, ਪਰ ਫਿਰ ਵੀ ਸੁਖੀ ਨਹੀਂ ਹਾਂ। ਮੇਰੇ ਦੁਖ ਦਾ ਕਾਰਣ ਵੀ ਸਮਝ ਵਿਚ ਨਹੀਂ ਆਉਂਦਾ। ਤੁਸੀਂ ਮਾਰਗ ਦਰਸ਼ਨ ਦਿਓ।

- - -

ਜੀਵਨ ਇੰਨਾ ਪਿਆਰਾ ਕਿਉਂ ਹੈ ?

- - -

ਜੀਵਨ ਦੇ ਸੁਖ-ਦੁਖਾਂ ਨੂੰ ਅਸੀਂ ਕਿਵੇਂ ਸਮਭਾਵ (ਇੱਕੋ ਜਿਹੇ ਭਾਵ) ਨਾਲ ਸਵੀਕਾਰ ਕਰੀਏ ?

- - -

ਮੈਂ ਤੁਹਾਡਾ ਆਸ਼ੀਰਵਾਦ ਚਾਹੁੰਦਾ ਹਾਂ। ਪਰ ਆਸ਼ੀਰਵਾਦ ਤੋਂ ਕੀ ਚਾਹੁੰਦਾ ਹਾਂ, ਇਹ ਜ਼ਰਾ ਵੀ ਸਪੱਸ਼ਟ ਨਹੀਂ ਹੈ। ਉਸ ਨੂੰ ਵੀ ਤੁਸੀਂ ਹੀ ਸਪੱਸ਼ਟ ਕਰੋ। ਮੇਰੇ ਵਲੋਂ ਇੰਨਾ ਹੀ ਨਿਸ਼ਚਿਤ ਹੈ ਕਿ ਆਪ ਦਾ ਆਸ਼ੀਰਵਾਦ ਚਾਹੁੰਦਾ ਹਾਂ।

ਪਹਿਲਾ ਸਵਾਲ : ਤੁਸੀਂ ਗੋਰਖਨਾਥ ਜੀ ਨੂੰ ਭਾਰਤ ਦੇ ਚਾਰ ਚੋਟੀਸਥਲ ਦੇ ਪ੍ਰਗਯਾ (ਬੁੱਧ) ਪੁਰਸ਼ਾਂ ਵਿਚ ਰਖਿਆ ਹੈ। ਪਰ ਅਚਰਜ ਹੈ ਕਿ ਅਜਿਹੇ ਚੋਟੀ ਦੇ ਮਹਾਂਪੁਰਸ਼ ਦੇ ਜਨਮ-ਸਥਾਨ ਅਤੇ ਸਮੇਂ ਦਾ ਵੀ ਪਤਾ ਨਹੀਂ ਹੈ ! ਅਜਿਹਾ ਕਿਉਂ ?

ਆਨੰਦ ਮੈਤ੍ਰੇਯ, ਇਸ ਸੰਬੰਧ ਵਿਚ ਪੱਛਮ ਅਤੇ ਪੂਰਬ ਦੀਆਂ ਦ੍ਰਿਸ਼ਟੀਆਂ ਭਿੰਨ ਹਨ। ਪੱਛਮ ਸੋਚਦਾ ਹੈ ਇਤਿਹਾਸ ਦੀ ਭਾਸ਼ਾ ਵਿਚ, ਪੂਰਬ ਸੋਚਦਾ ਹੈ ਪੁਰਾਣ ਦੀ ਭਾਸ਼ਾ ਵਿਚ। ਇਤਿਹਾਸ ਘਟਨਾਂਵਾਂ (ਤੱਥਯਾਂ) ਦਾ ਹੁੰਦਾ ਹੈ, ਪੁਰਾਣ ਸਤਯਾਂ ਦਾ। ਤਥਯ (ਘਟਨਾ) ਇੱਕ ਵਿਸ਼ੇਸ਼ (ਖ਼ਾਸ) ਸਥਾਨ ਵਿਚ ਵਾਪਰਦਾ ਹੈ ਅਤੇ ਖ਼ਾਸ ਸਮੇਂ ਦੀ ਸੀਮਾਂ ਹੁੰਦੀ ਹੈ। ਤਥਯ ਸਾਮਯਿਕ ਹੁੰਦਾ ਹੈ, ਸਮੇਂ ਦੀ ਘਟਨਾ (ਵਾਕਿਯਾ) ਸਤਯ ਸ਼ਾਸ਼ਵਤ (ਸਦਾ ਰਹਿਣ ਵਾਲਾ) ਹੈ। ਉਸ ਦੀ ਅਭਿਵਯਕਤਿ (ਪ੍ਰਗਟਾਵ) ਵੀ ਸਮੇਂ ਵਿਚ ਹੁੰਦੀ ਹੈ, ਤਾਂ ਵੀ ਉਹ ਸਮੇਂ ਵਿਚ ਬਝਿਆ ਨਹੀਂ ਹੈ।

ਇਸ ਲਈ ਪੂਰਬ ਵਿਚ ਅਸੀਂ ਜ਼ਰਾ ਵੀ ਚਿੰਤਾ ਨਹੀਂ ਕੀਤੀ। ਨ ਰਾਮ ਦਾ ਠੀਕ-ਠੀਕ ਇਤਿਹਾਸ ਪਤਾ ਹੈ, ਨ ਕ੍ਰਿਸ਼ਨ ਦਾ। ਜੋ ਸਾਡੇ ਹਥ ਵਿਚ ਹੈ, ਕਹਾਣੀਆਂ ਹਨ। ਪੱਛਮ ਦੀ ਨਜ਼ਰ ਨਾਲ ਵੇਖੋ ਤਾਂ ਬਸ ਕਹਾਣੀਆਂ ਮਾਤ੍ਰ ਹਨ, ਕਪੋਲ-ਕਲਪਨਾਵਾਂ ਹਨ। ਕਿਉਂਕਿ ਜਦ ਤੱਕ ਠੋਸ ਪ੍ਰਮਾਣ ਨ ਹੋਵੇ, ਪੱਛਮ ਕਿਸੇ ਗੱਲ ਨੂੰ ਇਤਿਹਾਸ ਕਬੂਲ ਨਹੀਂ ਕਰਦਾ। ਜੈਨੀਆਂ ਦੇ ਚੱਵੀ ਤੀਰਥੰਕਰ ਕਪੋਲ-ਕਲਪਨਾਵਾਂ ਮਲੂਮ ਹੁੰਦੇ ਹਨ, ਪਰ ਕੋਈ ਪ੍ਰਮਾਣ ਨਹੀਂ ਹੈ। ਬੁੱਧ ਵੀ ਠੀਕ-ਠੀਕ ਕਿਸ ਤਿਥਿ-ਤਾਰੀਖ਼ ਨੂੰ ਪੈਦਾ ਹੋਏ, ਪੱਕਾ ਕਰਨਾ ਮੁਸ਼ਕਿਲ ਹੈ। ਅਸੀਂ ਚਿੰਤਾ ਹੀ ਨਹੀਂ ਕੀਤੀ ਇਸ ਗੱਲ ਦੀ। ਇਸ ਨਾਲ ਫ਼ਰਕ ਵੀ ਕੀ ਪੈਂਦਾ ਹੈ? ਬੁੱਧ 'ਆ' ਨਾਮ ਦੇ ਪਿੰਡ ਵਿਚ ਪੈਦਾ ਹੋਣ ਕਿ 'ਬਾ' ਨਾਮ ਦੇ ਪਿੰਡ 'ਚ ਪੈਦਾ ਹੋਣ, ਇਸ ਨਾਲ ਫ਼ਰਕ ਕੀ ਪੈਂਦਾ ਹੈ ? ਅਤੇ ਬੁੱਧ ਇਸ ਸੰਨ ਵਿਚ ਪੈਦਾ ਹੋਣ ਕਿ ਉਸ ਸੰਨ ਵਿਚ, ਕੀ ਫ਼ਰਕ ਪਏਗਾ? ਅਸੀਂ ਬੁੱਧਤਵ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਬੁੱਧ ਦੇ ਵਿਯਕਤਿੱਤਵ (ਹੋਂਦ) ਤੋਂ ਕੀ ਲੈਣਾ-ਦੇਣਾ ਹੈ? ਉਨ੍ਹਾਂ ਦੀ ਦੇਹ ਤਾਂ ਛਣ-ਭੰਗੁਰ ਹੈ, ਅੱਜ ਹੈ ਅਤੇ ਕੱਲ੍ਹ ਨਹੀਂ ਹੋ ਜਾਏਗੀ। ਉਨ੍ਹਾਂ ਦਾ ਸੰਦੇਸ਼ (ਸੁਨੇਹਾ) ਸਦਾ ਰਹਿਣ ਵਾਲਾ ਹੈ ਅਤੇ ਉਹ ਸੁਨੇਹਾ ਇੱਕ ਬੁੱਧ ਦਾ ਹੀ ਨਹੀਂ, ਉਹ ਸੁਨੇਹਾ ਸਮੱਸਤ (ਸਾਰੇ) ਬੁੱਧਾਂ ਦਾ ਹੈ। ਇਸ ਲਈ ਇਹ ਵੀ ਧਿਆਨ ਰਖੱਣਾ ਕਿ ਜਦ ਅਸੀਂ ਬੁੱਧ ਦੀ ਮੂਰਤੀ ਬਣਾਈ ਤਾਂ ਅਸੀਂ ਇਸ ਦੀ ਬਹੁਤ ਫ਼ਿਕਰ ਨਹੀਂ ਕੀਤੀ ਕਿ ਬੁੱਧ ਅਜਿਹੇ ਹੀ ਲਗਦੇ ਹਨ ਜਾਂ ਨਹੀਂ। ਅਸੀਂ ਬੁੱਧ ਦੀ ਮੂਰਤੀ (ਪ੍ਰਤਿਮਾ) ਗੌਤਮ ਬੁੱਧ ਨੂੰ ਵੇਖ ਕੇ ਨਹੀਂ ਬਣਾਈ, ਅਸੀਂ ਬੁੱਧ ਦੀ ਪ੍ਰਤਿਮਾ ਬਣਾਈ ਹੈ ਸਾਰੇ ਬੁੱਧਾਂ ਦੇ ਸਾਰ-ਨਿਚੋੜ ਦੀ ਤਰ੍ਹਾਂ। ਬੁੱਧ ਕਿਵੇਂ ਬੈਠਦੇ ਹਨ, ਕਿਵੇਂ ਉਠਦੇ ਹਨ—ਸਾਰੇ ਬੁੱਧਾਂ ਦਾ ਜੋ ਸਾਰ-ਨਿਚੋੜ ਹੈ, ਉਹ ਅਸੀਂ ਬੁੱਧ ਦੀ ਪ੍ਰਤਿਮਾ ਵਿਚ ਢਾਲਿਆ ਹੈ। ਬੁੱਧ ਦੀ ਪ੍ਰਤਿਮਾ ਸਾਰੇ ਬੁੱਧ ਪੁਰਸ਼ਾਂ ਦਾ ਪ੍ਰਤੀਕ ਹੈ।

ਇਸ ਲਈ ਤੁਸੀਂ ਹੈਰਾਨ ਹੋਵੋਗੇ, ਜੈਨ ਮੰਦਰ ਵਿਚ ਜਾਣਾ ਕਦੇ, ਚੌਵੀ ਤੀਰਥੰਕਰਾਂ ਦੀਆਂ ਮੂਰਤੀਆਂ ਵੇਖ ਕੇ ਤੁਸੀਂ ਹੈਰਾਨ ਹੋਵੋਗੇ, ਉਹ ਬਿਲਕੁੱਲ ਇੱਕੋ ਜਿਹੀਆਂ ਮਾਲੂਮ ਹੁੰਦੀਆਂ ਹਨ। ਹੁਣ ਇਹ ਚੌਵੀ ਵਿਅਕਤੀ ਇੱਕੋ-ਜਿਹੇ ਨਹੀਂ ਹੋ ਸਕਦੇ। ਦੁਨੀਆਂ ਵਿਚ ਦੋ

ਵਿਅਕਤੀ ਵੀ ਇੱਕ ਜਿਹੇ ਨਹੀਂ ਹੁੰਦੇ, ਤਾਂ ਚੌਵੀ ਵਿਅਕਤੀ ਤਾਂ ਕਿਵੇਂ ਇੱਕੋ ਜਿਹੇ ਹੋ ਸਕਦੇ ਹਨ? ਜੁੜਵਾਂ ਬੱਚੇ ਵੀ ਬਿਲਕੁੱਲ ਇੱਕੋ-ਜਿਹੇ ਨਹੀਂ ਹੁੰਦੇ, ਤਾਂ ਇਹ ਚੌਵੀ ਵਿਅਕਤੀ ਸਮੇਂ ਦੀ ਵੱਡੀ ਲੰਮੀ ਯਾਤ੍ਰਾ ਵਿਚ, ਬਹੁਤ ਦੂਰ-ਦੂਰ, ਜਿਨ੍ਹਾਂ ਦੇ ਵਿਚ ਹਜ਼ਾਰਾਂ ਸਾਲਾਂ ਦਾ ਫ਼ਾਸਲਾ ਹੈ, ਕਿਵੇਂ ਇੱਕੋ ਜਿਹੇ ਹੋ ਸਕਦੇ ਹਨ? ਇਹ ਇੱਕੋ ਜਿਹੇ ਨਹੀਂ ਸਨ। ਪਰ ਇਨ੍ਹਾਂ ਦੇ ਅੰਦਰ ਕੁਝ ਸੀ ਜੋ ਇੱਕੋ-ਜਿਹਾ ਸੀ।

ਉਹ ਹੀ ਧਿਆਨ, ਉਹ ਹੀ ਸਮਾਧੀ, ਉਹ ਹੀ ਰਸ-ਧਾਰ ...। ਉਸ ਅੰਦਰਲੇ ਇੱਕੋ-ਜਿਹੇ ਪਨ ਦੇ ਕਾਰਣ ਅਸੀਂ ਬਾਹਰ ਦੀ ਪ੍ਰਤਿਮਾ ਉੱਤੇ ਧਿਆਨ ਨਹੀਂ ਦਿੱਤਾ, ਅਸੀਂ ਅੰਦਰਲੀ ਅਨੁਭੂਤੀ (ਅਨੁਭਵ) ਨੂੰ ਸਮੂਣ ਰੱਖਿਆ। ਬਾਹਰ ਦੀ ਪ੍ਰਤਿਮਾ ਉਸ ਅੰਦਰਲੀ ਅਨੁਭੂਤੀ ਦੀ ਦਿਸ਼ਾ-ਸੂਚਕ ਮਾਤ੍ਰ ਹੈ। ਇਹ ਜੈਨ ਤੀਰਥੰਕਰਾਂ ਦੀਆਂ ਮੂਰਤੀਆਂ ਤਥਯਗਤ (ਘਟਨਾਂਵਾਂ) ਨਹੀਂ ਹਨ, ਸਤਯਗਤ (ਸਚਾਈਆਂ) ਹਨ।

ਤਥਯ ਤਾਂ ਬਾਹਰੀ ਹੁੰਦਾ ਹੈ। ਜਿਵੇਂ ਤੁਸੀਂ ਇੱਕ ਗੁਲਾਬ ਦਾ ਫ਼ੁੱਲ ਵੇਖਿਆ, ਇਹ ਤਥਯ ਹੈ। ਤੁਸੀਂ ਦੋ ਗੁਲਾਬ ਦੇ ਫ਼ੁੱਲ ਵੇਖੇ ਇਹ ਤੱਥ ਹੈ ਅਤੇ ਤੁਸੀਂ ਹਜ਼ਾਰਾਂ ਗੁਲਾਬ ਦੇ ਫ਼ੁੱਲਾਂ ਦਾ ਇਤ੍ਰ ਨਿਚੋੜ ਲਿਆ। ਇਹ ਸਤਯ ਹੈ। ਇਸ ਦਾ ਕਿਸੇ ਇੱਕ ਫ਼ੁੱਲ ਨਾਲ ਕੁਝ ਲੈਣਾ-ਦੇਣਾ ਨਹੀਂ ਹੈ; ਇਹ ਸਾਰ ਹੈ।

ਇਸ ਲਈ ਇਸ ਦੇਸ਼ ਦੀ ਚਿੰਤਾ ਬਹੁਤ ਭਿੰਨ ਹੈ। ਇਸ ਦੇਸ਼ ਨੇ ਫ਼ਿਕਰ ਨਹੀਂ ਕੀਤੀ ਕਿ ਗੋਰਖ ਕਿੱਥੇ ਪੈਦਾ ਹੋਏ। ਵੱਖ-ਵੱਖ ਦਾਵੇਦਾਰ ਹਨ। ਕੋਈ ਕਹਿੰਦਾ ਹੈ ਪੰਜਾਬ, ਕੋਈ ਕਹਿੰਦਾ ਹੈ ਬੰਗਾਲ, ਅਤੇ ਸਭ ਤੋਂ ਵੱਡਾ ਦਾਵਾ ਨੇਪਾਲ ਦਾ ਹੈ। ਕਿਉਂਕਿ ਨੇਪਾਲੀ ਕਹਿੰਦੇ ਹਨ ਕਿ ਗੋਰਖ ਜਿਸ ਪਿੰਡ ਵਿਚ ਪੈਦਾ ਹੋਏ ਉਸ ਦਾ ਨਾਮ ਹੈ ਗੋਰਖਾਲੀ। ਇਸ ਲਈ ਨੇਪਾਲੀਆਂ ਦੀ ਇੱਕ ਜਾਤਿ ਹੈ ਗੋਰਖਾ। ਉਹ ਗੋਰਖ ਦੇ ਨਾਮ ਤੇ ਹੈ। ਪਰ ਗੋਰਖ ਦੀ ਭਾਸ਼ਾ ਸੰਕੇਤ ਦਿੰਦੀ ਹੈ ਕਿ ਜਿਵੇਂ ਉਹ ਬੰਗਾਲ ਵਿਚ ਪੈਦਾ ਹੋਏ ਹੋਣ : ਹੱਸਿਬਾ ਖੇਲਿਬਾ ਕਰਿਬਾ ਧਿਯਾਨੰ। ਉਨ੍ਹਾਂ ਦਾ ਵਿਅਕਤਿਤਵ ਬਹੁਆਯਾਮੀ (ਬਹੁਤ ਤਰ੍ਹਾਂ ਦਾ) ਮਾਲੂਮ ਹੁੰਦਾ ਹੈ।

ਮੇਰੇ ਵੇਖੇ ਉਹ ਬੰਗਾਲ ਤੋਂ ਲੈ ਕੇ ਕਸ਼ਮੀਰ ਤੱਕ, ਨੇਪਾਲ ਤੋਂ ਲੈ ਕੇ ਕਨਿਯਾਂਕੁਮਾਰੀ ਤੱਕ ਪਰਿਬ੍ਰਾਜਕ (ਪੂਰੀ ਤਰ੍ਹਾਂ ਹਰ ਥਾਂ ਨ ਰਹਿਣਾ) ਰਹੇ ਹੋਣਗੇ। ਬਹੁਤ ਜਗ੍ਹਾ ਠਹਿਰੇ ਹੋਣਗੇ, ਬਹੁਤ ਥਾਵਾਂ ਤੇ ਉਨ੍ਹਾਂ ਦੇ ਪ੍ਰੇਮੀ ਪੈਦਾ ਹੋਏ ਹੋਣਗੇ। ਬਹੁਤ ਜਗ੍ਹਾ ਲੋਕਾਂ ਨੂੰ ਅਜਿਹਾ ਲਗਿਆ ਹੋਵੇਗਾ ਕਿ ਉਹ ਸਾਡੇ ਹਨ। ਇੰਨਾਂ ਪਿਆਰਾ ਵਿਅਕਤੀ ਕਿਸ ਨੂੰ ਨਹੀਂ ਪਿਆਰਾ ਲਗਦਾ। ਜਿਨ੍ਹਾਂ ਨੂੰ ਆਪਣਾ ਲਗਿਆ ਹੋਵੇਗਾ, ਉਨ੍ਹਾਂ ਨੇ ਆਪਣੀਆਂ ਕਹਾਣੀਆਂ ਘੜ ਲਈਆਂ ਹੋਣਗੀਆਂ।

ਕਹਾਣੀਆਂ ਪ੍ਰੀਤਿਕਰ ਹਨ। ਕਹਾਣੀਆਂ ਸਚਾਈ ਦੇ ਸੰਬੰਧ ਵਿਚ ਕੁਝ ਨਹੀਂ ਕਹਿੰਦੀਆਂ, ਪਰ ਗੋਰਖ ਅਤੇ ਲੋਕਾਂ ਦੇ ਵਿਚਕਾਰ ਜੋ ਭਾਵ ਘੱਟਿਆ ਹੋਏਗਾ; ਉਸ ਦੇ ਸੰਬੰਧ ਵਿਚ ਕੁਝ ਕਹਿੰਦੀਆਂ ਹਨ। ਗੋਰਖ ਬੰਗਾਲ ਗਏ ਤਾਂ ਬੰਗਾਲੀ ਹੋ ਗਏ ਹੋਣਗੇ। ਅਜਿਹੇ ਡੁੱਬ ਗਏ ਹੋਣਗੇ ਬੰਗਾਲ ਦੀ ਜੀਵਨ-ਧਾਰਾ ਵਿਚ, ਕਿ ਲੋਕਾਂ ਨੂੰ ਲੱਗੇ ਹੋਣਗੇ ਬੰਗਾਲੀ ਹਨ।

ਇਧੱਰ ਮੇਰੇ ਕੋਲ ਲੋਗ ਆ ਜਾਂਦੇ ਹਨ। ਜੇਕਰ ਮੈਂ ਜੀਸਸ ਉੱਤੇ ਬੋਲਦਾ ਹਾਂ ਤਾਂ

ਇਸਾਈ ਮੈਨੂੰ ਆ ਕੇ ਕਹਿੰਦੇ ਹਨ, ਕੀ ਤੁਸੀਂ ਇਸਾਈ ਹੋ? ਜੇਕਰ ਮੈਂ ਬੁੱਧ ਉੱਤੇ ਬੋਲਦਾ ਹਾਂ ਤਾਂ ਬੋਧ ਆ ਜਾਂਦੇ ਹਨ ਤੇ ਪੁਛੱਦੇ ਹਨ ਕਿ ਕੀ ਤੁਸੀਂ ਬੁੱਧ ਦੇ ਅਨੁਜਾਈ (ਪੈਰੋਕਾਰ) ਹੋ? ਜਦ ਮੈਂ ਨਾਨਕ ਤੇ ਬੋਲਿਆ ਤਾਂ ਸਿੱਖਾਂ ਨੇ ਆ ਕੇ ਮੈਨੂੰ ਕਿਹਾ ਕਿ ਜੋ ਅਸੀਂ ਕਦੇ ਨਹੀਂ ਸੋਚਿਆ ਸੀ, ਉਹ ਅਰਥ ਤੁਸੀਂ ਪ੍ਰਗਟ ਕਰ ਦਿੱਤਾ, ਤੁਸੀਂ ਹੀ ਸੱਚੇ ਸਿੱਖ ਹੋ! ਮੈਂ ਜਿਸ ਉੱਤੇ ਬੋਲਦਾ ਹਾਂ ਉਸਦੇ ਨਾਲ ਤੱਲੀਨ (ਇੱਕ-ਮਿਕ) ਹੋ ਜਾਂਦਾ ਹਾਂ; ਉਸ ਨੂੰ ਬੋਲਣ ਦਿੰਦਾ ਹਾਂ ਆਪਣੇ ਆਪ ਤੋਂ। ਤਾਂ ਸਿੱਖਾਂ ਨੂੰ ਲਗ ਸਕਦਾ ਹੈ ਕਿ ਸਿੱਖ ਹਾਂ ਅਤੇ ਬੋਧਾਂ ਨੂੰ ਕਿ ਬੁੱਧ ਹਾਂ, ਇਸਾਈਆਂ ਨੂੰ ਕਿ ਇਸਾਈ ਹਾਂ।

ਅਜਿਹਾ ਹੀ ਲੱਗਾ ਹੋਏਗਾ। ਜਿੱਥੇ ਗਏ ਹੋਣਗੇ, ਜਿੱਥੇ ਠਹਿਰੇ ਹੋਣਗੇ, ਜਿੱਥੇ ਉਨ੍ਹਾਂ ਦੇ ਪੈਰ ਪਏ ਹੋਣਗੇ ਉੱਥੋਂ ਦੇ ਲੋਕਾਂ ਨੂੰ ਲੱਗਾ ਹੋਵੇਗਾ—ਆਪਣੇ ਹਨ। ਇਹ ਉਨ੍ਹਾਂ ਦੇ ਪ੍ਰੇਮ ਦੇ ਕਾਰਨ ਲੱਗਾ ਹੋਏਗਾ। ਅਤੇ ਇਸਲਈ ਗੱਲ ਹੋਰ ਵੀ ਮੁਸ਼ਕਿਲ ਹੋ ਗਈ ਤੈ ਕਰਨੀ ਕਿ ਉਹ ਕਿੱਥੇ ਪੈਦਾ ਹੋਏ, ਕਦ ਪੈਦਾ ਹੋਏ। ਫਿਰ ਇਹੋ ਜਿਹੇ ਵਿਅਕਤੀ ਨ ਤਾਂ ਆਪਣੇ ਜਨਮ ਦੀ ਚਰਚਾ ਕਰਦੇ ਹਨ, ਨਾ ਆਪਣੇ ਘਰ-ਦੁਆਰ ਦੀ ਚਰਚਾ ਕਰਦੇ ਹਨ। ਅਜਿਹੇ ਵਿਅਕਤੀਆਂ ਦਾ ਕੀ ਘਰ ਤੇ ਕੀ ਦੁਆਰ? ਇਹ ਸਾਰਾ ਆਕਾਸ਼ ਉਨ੍ਹਾਂ ਦਾ ਘਰ ਹੈ। ਇਹ ਸਾਰੀ ਧਰਤੀ ਉਨ੍ਹਾਂ ਦੀ ਹੈ।

ਕੱਲ੍ਹ ਹੀ ਮੇਰੇ ਖ਼ਿਲਾਫ਼ ਕਿਸੇ ਹਿੰਦੂ ਸੰਨਿਆਸੀ ਦਾ ਲਿਖਿਆ ਹੋਇਆ ਇੱਕ ਖ਼ਤ ਕਰੰਟ ਵਿਚ ਛਪਿਆ ਹੈ, ਉਹ ਵੇਖ ਰਿਹਾ ਸੀ। ਉਸ ਨੇ ਸਰਕਾਰ ਅੱਗੇ ਪ੍ਰਾਰਥਨਾ ਕੀਤੀ ਹੈ ਕਿ ਮੈਂ ਦੇਸ਼-ਧ੍ਰੋਹੀ ਹਾਂ, ਮੇਰੇ ਉੱਤੇ ਅਦਾਲਤ ਵਿਚ ਮੁਕਦਮਾ ਚਲਾਉਂਣਾ ਚਾਹੀਦਾ ਹੈ। ਉਸਦੀ ਗੱਲ ਠੀਕ ਹੈ। ਸਰਕਾਰ ਨੂੰ ਉਸ ਦੀ ਗੱਲ ਤੇ ਧਿਆਨ ਦੇਣਾ ਚਾਹੀਦਾ ਹੈ।

ਮੈਨੂੰ ਦੇਸ਼ ਧ੍ਰੋਹੀ ਕਿਹਾ ਜਾ ਸਕਦਾ ਹੈ, ਕਿਉਂਕਿ ਦੇਸ਼ਾਂ ਵਿਚ ਮੇਰਾ ਕੋਈ ਭਰੋਸਾ ਨਹੀਂ ਹੈ। ਮੇਰੇ ਲਈ ਨ ਕੋਈ ਦੇਸ਼ ਹੈ ਨ ਕੋਈ ਪ੍ਰਦੇਸ; ਮੈਨੂੰ ਤਾਂ ਇਹ ਸਾਰੀ ਧਰਤੀ ਆਪਣੀ ਮਾਲੂਮ ਹੁੰਦੀ ਹੈ।

ਜਿਸ ਸੰਨਿਆਸੀ ਨੇ ਇਹ ਕਿਹਾ ਹੈ.. ਹਿੰਦੂ ਮਤਾਨਤਾ.. ਉਸ ਨੂੰ ਅੜਚਨ ਹੁੰਦੀ ਹੋਵੇਗੀ ਕਿ ਮੈਂ ਆਪਣੇ ਨੂੰ ਹਿੰਦੂ ਘੋਸ਼ਿਤ (ਐਲਾਨ) ਕਿਉਂ ਨਹੀਂ ਕਰਦਾ। ਮੈਂ ਨਹੀਂ ਹਾਂ। ਮੈਂ ਕਿਸੇ ਹੱਦ ਵਿਚ ਬਝਿਆ ਨਹੀਂ ਹਾਂ। ਮਸਜਿਦ ਵੀ ਮੇਰੀ ਹੈ ਮੰਦਰ ਵੀ ਮੇਰਾ ਹੈ ਅਤੇ ਗਿਰਜਾ ਵੀ ਗੁਰਦੁਆਰਾ ਵੀ...। ਹੋਰ ਰਾਸ਼ਟਰਾਂ ਵਿਚ ਮੇਰਾ ਭਰੋਸਾ ਨਹੀਂ ਹੈ। ਮੈਂ ਤਾਂ ਮੰਨਦਾ ਹਾਂ ਰਾਸ਼ਟਰਾਂ ਦੇ ਕਾਰਣ ਹੀ ਮਨੁਖ ਜਾਤਿ ਪੀੜਤ ਹੈ। ਰਾਸ਼ਟਰ ਮਿੱਟ ਜਾਣੇ ਚਾਹੀਦੇ ਹਨ। ਹੋ ਚੁੱਕੇ ਬਹੁਤ ਰਾਸ਼ਟਰਗਾਨ, ਉੱਡ ਚੁੱਕੇ ਬਹੁਤ ਝੰਡੇ, ਹੋ ਚੁਕੀਆਂ ਬਹੁਤ ਮੂੜ੍ਹਤਾਵਾਂ ਧਰਤੀ ਉੱਤੇ; ਹੁਣ ਤਾਂ ਮਨੁੱਖ ਦੀ ਏਕਤਾ ਸਵੀਕਾਰ ਕਰੋ।

ਹੁਣ ਤਾਂ ਇੱਕ ਧਰਤੀ ਅਤੇ ਇੱਕ ਮਨੁੱਖ...। ਇਹ ਰਾਸ਼ਟਰੀ ਸਰਕਾਰਾਂ ਜਾਣੀਆਂ ਚਾਹੀਦੀਆਂ। ਅਤੇ ਜਦ ਤੱਕ ਇਹ ਨਹੀਂ ਜਾਣਗੀਆਂ ਤਦ ਤੱਕ ਮਨੁੱਖ ਦੀਆਂ ਸਮਸਿਆਵਾਂ ਹੱਲ ਨਹੀਂ ਹੋ ਸਕਣਗੀਆਂ, ਕਿਉਂਕਿ ਮਨੁੱਖ ਦੀਆਂ ਸਮਸਿਆਵਾਂ ਹੁਣ ਰਾਸ਼ਟਰਾਂ ਤੋਂ ਵਡੀਆਂ ਸਮਸਿਆਵਾਂ ਹਨ।

ਜਿਵੇਂ ਅੱਜ ਭਾਰਤ ਗਰੀਬ ਹੈ। ਭਾਰਤ ਆਪਣੀ ਹੀ ਕੋਸ਼ਿਸ਼ ਨਾਲ ਇਸ ਗਰੀਬੀ 'ਚੋਂ

ਬਾਹਰ ਨਹੀਂ ਨਿਕਲ ਸਕੇਗਾ, ਕੋਈ ਉਪਾਅ ਨਹੀਂ ਹੈ। ਭਾਰਤ ਗਰੀਬੀ 'ਚੋਂ ਬਾਹਰ ਨਿਕਲ ਸਕਦਾ ਹੈ, ਜੇਕਰ ਸਾਰੀ ਮਨੁੱਖਤਾ ਦਾ ਸਹਿਯੋਗ ਮਿਲੇ। ਕਿਉਂਕਿ ਹੁਣ ਮਨੁੱਖਤਾ ਦੇ ਕੋਲ ਇਸ ਤਰ੍ਹਾਂ ਦੀ ਤਕਨੀਕ, ਇਸ ਤਰ੍ਹਾਂ ਦਾ ਵਿਗਿਆਨ ਮੌਜੂਦ ਹੈ ਕਿ ਇਸ ਦੇਸ਼ ਦੀ ਗਰੀਬੀ ਮਿੱਟ ਜਾਏ।

ਪਰ ਜੇਕਰ ਤੁਸੀਂ ਆਂਕੜੇ ਰਹੋ ਕਿ ਅਸੀਂ ਆਪਣੀ ਗਰੀਬੀ ਖੁਦ ਹੀ ਮਿਟਾਵਾਂਗੇ, ਤਾਂ ਤੁਸੀਂ ਹੀ ਤਾਂ ਇਸ ਗਰੀਬੀ ਨੂੰ ਬਨਾਉਣ ਵਾਲੇ ਹੋ, ਤੁਸੀਂ ਮਿੱਟਾਓਗੇ ਕਿਵੇਂ? ਤੁਹਾਡੀ ਬੁੱਧੀ ਇਸ ਦੇ ਅੰਦਰ ਆਧਾਰ ਹੈ, ਤੁਸੀਂ ਇਸ ਨੂੰ ਮਿਟਾਓਗੇ ਕਿਵੇਂ?

ਤੁਹਾਨੂੰ ਆਪਣੇ ਦੁਆਰ-ਦਰਵਾਜ਼ੇ ਖੋਲ੍ਹਣੇ ਹੋਣਗੇ। ਤੁਹਾਨੂੰ ਆਪਣਾ ਮਸਤਿਕ (ਦਿਮਾਗ) ਫ਼ੈਲਾਉਂਣਾ ਹੋਏਗਾ। ਤੁਹਾਨੂੰ ਮਨੁੱਖਤਾ ਦਾ ਸਹਿਯੋਗ ਲੈਣਾ ਹੋਇਗਾ।

ਹੋਰ ਅਜਿਹਾ ਨਹੀਂ ਕਿ ਤੁਹਾਡੇ ਕੋਲ ਕੁਝ ਵੀ ਦੇਣ ਲਈ ਨਹੀਂ ਹੈ। ਤੁਹਾਡੇ ਕੋਲ ਕੁਝ ਦੇਣ ਲਈ ਹੈ ਦੁਨੀਆਂ ਨੂੰ। ਤੁਸੀਂ ਦੁਨੀਆਂ ਨੂੰ ਧਿਆਨ ਦੇ ਸਕਦੇ ਹੋ। ਜੇਕਰ ਅਮਰੀਕਾ ਨੇ ਧਿਆਨ ਲਭੱਣਾ ਹੈ ਤਾਂ ਆਪਣੇ ਬਲਬੂਤੇ ਤੇ ਨਹੀਂ ਲੱਭ ਸਕੇਗਾ ਅਮਰੀਕਾ। ਉਸ ਨੂੰ ਭਾਰਤ ਵਲ ਨਜ਼ਰ ਚੁਕਣੀ ਪਏਗੀ। ਪਰ ਉਹ ਸਮਝਦਾਰ ਲੋਗ ਹਨ; ਧਿਆਨ ਸਿਖਣ ਪੂਰਬ ਚਲੇ ਆਉਂਦੇ ਹਨ। ਕੋਈ ਅੜਚਨ ਨਹੀਂ ਹੈ ਉਨ੍ਹਾਂ ਨੂੰ, ਕੋਈ ਰੁਕਾਵਟ ਨਹੀਂ ਹੈ।

ਬੁੱਧੀਮਾਨੀ ਦਾ ਲਛੱਣ ਇਹ ਹੀ ਹੈ ਕਿ ਜੋ ਜਿੱਥੋਂ ਮਿਲ ਸਕਦਾ ਹੈ ਲੈ ਲਿਆ ਜਾਏ। ਇਹ ਸਾਰੀ ਧਰਤੀ ਸਾਡੀ ਹੈ। ਇਸ ਨੂੰ ਖੰਡਾਂ ਵਿਚ ਵੰਡ ਕੇ ਅਸੀਂ ਉਪੱਦਰ ਖੜਾ ਕਰ ਲਿਆ ਹੈ। ਅੱਜ ਮਨੁੱਖ ਦੇ ਕੋਲ ਅਜਿਹੇ ਸਾਧਨ ਮੌਜੂਦ ਹਨ ਕਿ ਜੇਕਰ ਰਾਸ਼ਟਰ ਮਿੱਟ ਜਾਣ ਤਾਂ ਸਾਰੀਆਂ ਸਮਸਿਆਵਾਂ (ਤਕਲੀਫਾਂ) ਮਿੱਟ ਜਾਣ। ਸਾਰੀ ਮਨੁੱਖਤਾ ਜੇਕਰ ਇਕੱਠੀ ਹੋ ਕੇ ਉਪਾਅ ਕਰੇ, ਤਾਂ ਕੋਈ ਵੀ ਸਮਸਿਆ ਧਰਤੀ ਉੱਤੇ ਬਚੱਣ ਦਾ ਕੋਈ ਵੀ ਕਾਰਣ ਨਹੀਂ ਹੈ।

ਪਰ ਪੁਰਾਣੀਆਂ ਆਦਤਾਂ ਹਨ। ਸਾਡਾ ਰਾਸ਼ਟਰ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ'। ਅਤੇ ਇਸੇ ਤਰ੍ਹਾਂ ਦੀਆਂ ਮੂਰਤਾਵਾਂ ਹੋਰ ਰਾਸ਼ਟਰਾਂ ਵਿਚ ਵੀ ਹਨ। ਉਨ੍ਹਾਂ ਨੂੰ ਵੀ ਇਹੀ ਖ਼ਿਆਲ ਹੈ।

ਇਨ੍ਹਾਂ ਹੀ ਅਹੰਕਾਰਾਂ ਦੇ ਕਾਰਣ ਸੰਘਰਸ਼ ਹੈ। ਫ਼ਿਰ ਸੰਘਰਸ਼ ਅਤੇ ਰਾਸ਼ਟਰਾਂ ਦੀਆਂ ਹੱਦਾਂ ਦੇ ਕਾਰਣ ਮਨੁੱਖ ਦੀ ਸਾਰੀ ਸ਼ਕਤੀ ਲੜਾਈਆਂ ਵਿਚ ਲਗ ਜਾਂਦੀ ਹੈ।

ਤੁਹਾਨੂੰ ਜਾਣ ਕੇ ਇਹ ਹੈਰਾਨੀ ਹੋਵੇਗੀ ਕਿ ਹੁਣ ਸਾਡੇ ਕੋਲ ਇੰਨਾਂ ਯੁੱਧ ਦਾ ਸਾਮਾਨ ਇਕੱਠਾ ਹੋ ਗਿਆ ਹੈ ਸਾਰੀ ਦੁਨੀਆਂ ਵਿਚ, ਰੂਸ ਅਤੇ ਅਮਰੀਕਾ ਵਿਚ ਖ਼ਾਸ ਕਰ, ਕਿ ਇੱਕ-ਇੱਕ ਆਦਮੀ ਨੂੰ ਇੱਕ-ਇੱਕ ਹਜ਼ਾਰ ਵਾਰ ਮਾਰਿਆ ਜਾ ਸਕਦਾ ਹੈ! ਸਾਡੇ ਕੋਲ ਇੱਕ ਹਜ਼ਾਰ ਧਰਤੀਆਂ ਨੂੰ ਬਰਬਾਦ ਕਰਨ ਦਾ ਸਾਧਨ ਉਪਸਥਿਤ ਹੋ ਗਿਆ ਹੈ; ਇੱਕ ਹੀ ਧਰਤੀ ਹੈ ਹਾਲਾਂਕਿ। ਅੰਬਾਰ (ਢੇਰ) ਲਗਦੇ ਜਾ ਰਹੇ ਹਨ ਅਸਤ੍ਰ-ਸ਼ਸਤ੍ਰਾਂ ਦੇ...! ਅਤੇ ਕਿਸੇ ਵੀ ਦਿਨ ਕਿਸੇ ਇੱਕ ਪਾਗਲ ਰਾਜਨੀਤਕ ਦੀ ਧੁਨ ਅਤੇ ਇਹ ਸਾਰੀ ਧਰਤੀ ਮਿੱਟੀ ਦਾ ਢੇਰ, ਸੁਆਹ ਦਾ ਇੱਕ ਢੇਰ ਰਹਿ ਜਾਏਗੀ। ਰਾਜਨੀਤਕਾਂ ਤੋਂ ਪਾਗਲਪਨ ਦੀ ਉਪੇਕਸ਼ਾ (ਉਮੀਦ) ਕੀਤੀ ਜਾ ਸਕਦੀ ਹੈ। ਹੋਰ ਕਿਸ ਕੋਲੋਂ ਕਰੋਗੇ ? ਇੱਕ ਰਾਜਨੀਤਕ ਦੇ

ਪਾਗਲ ਹੋਣ ਨਾਲ ਇਸ ਸਾਰੀ ਦੁਨੀਆਂ ਵਿਚ ਅਜਿਹੀ ਭਿਅੰਕਰ ਉਥਲ-ਪੁਥਲ ਹੋ ਜਾਏਗੀ ਕਿ ਤੁਹਾਨੂੰ ਸੋਚਣ-ਸਮਝਣ ਦਾ ਮੌਕਾ ਵੀ ਨਹੀਂ ਮਿਲੇਗਾ। ਪੰਜ-ਸਤ ਮਿੰਟ ਲਗਣਗੇ, ਸਾਰੀ ਦੁਨੀਆਂ ਨੂੰ ਸੁਆਹ ਹੋ ਜਾਣ ਵਿਚ। ਖ਼ਬਰ ਵੀ ਨਹੀਂ ਪੁੱਜ ਸਕੇਗੀ ਅਤੇ ਮੌਤ ਆ ਜਾਏਗੀ। ਜਿੱਥੇ ਇੰਨਾ ਭਿਆਨਿਕ ਹਿੰਸਾ ਦਾ ਆਯੋਜਨ ਹੋ ਗਿਆ ਹੋਵੇ, ਹੁਣ ਪੁਰਾਣੇ ਰਾਸ਼ਟਰਾਂ ਦੀਆਂ ਧਾਰਣਾਵਾਂ ਕੰਮ ਨਹੀਂ ਦੇ ਸਕਦੀਆਂ। ਹੁਣ ਖ਼ਤਰਾ ਹੈ। ਇਨ੍ਹਾਂ ਹੀ ਰਾਸ਼ਟਰਾਂ ਦੇ ਕਾਰਣ ਇਹ ਅਸਤ੍ਰ-ਸ਼ਸਤ੍ਰ ਇਕੱਠੇ ਹੋ ਰਹੇ ਹਨ—ਆਪਣੀ ਸੁਰਖਿਆ ਕਰਨੀ ਹੈ...। ਕਿੱਤੇ ਦੂਜਾ ਅੱਗੇ ਨ ਵੱਧ ਜਾਏ, ਉਸ ਤੋਂ ਸਾਨੂੰ ਅੱਗੇ ਰਹਿਣਾ ਹੈ।

ਮਨੁੱਖ ਜਾਤੀ ਦੀ ਅੱਸੀ ਫ਼ੀਸਦੀ ਤਾਕਤ ਯੁੱਧ ਵਿਚ ਚਲੀ ਜਾਂਦੀ ਹੈ। ਇਹ ਹੀ ਅੱਸੀ ਫ਼ੀਸਦੀ ਸ਼ਮਤਾ ਜੇਕਰ ਖੇਤਾਂ ਵਿਚ ਲਗੇ, ਬਗੀਚਿਆਂ 'ਚ ਲੱਗੇ, ਕਾਰਖ਼ਾਨਿਆਂ 'ਚ ਲਗੇ, ਇਹ ਧਰਤੀ ਸਵਰਗ ਹੋ ਜਾਏ! ਜਿਹੜਾ ਸੁਫ਼ਨਾ ਤੁਹਾਡੇ ਰਿਸ਼ੀ-ਮਹਾਂਰਿਸ਼ੀ ਵੇਖਦੇ ਸਨ ਆਕਾਸ਼ ਵਿਚ ਸਵਰਗ ਦਾ, ਉਹ ਹੁਣ ਧਰਤੀ ਤੇ ਬਣ ਸਕਦਾ ਹੈ, ਕੋਈ ਰੁਕਾਵਟ ਨਹੀਂ। ਪਰ ਪੁਰਾਣੀਆਂ ਆਦਤਾਂ...। ਇਹ ਸਾਡਾ ਦੇਸ਼, ਉਹ ਉਨ੍ਹਾਂ ਦਾ ਦੇਸ਼ ...।

ਸਾਨੂੰ ਵੀ ਲੜਣਾ ਹੈ, ਉਨ੍ਹਾਂ ਨੇ ਵੀ ਲੜਣਾ ਹੈ...। ਗਰੀਬ ਤੋਂ ਗਰੀਬ ਦੇਸ਼ ਵੀ ਅਣੂ ਬੰਬ ਬਣਾਉਣ ਦੀ ਕੋਸ਼ਿਸ਼ ਵਿਚ ਲਗਾ ਹੈ। ਭੁੱਖੇ ਮਰ ਰਹੇ ਹਨ, ਪਰ ਅਣੂ ਬੰਬ ਬਣਾਉਣਾ ਹੈ। ਭਾਰਤ ਵਰਗੇ ਦੇਸ਼ ਦੇ ਪਿੱਛੇ ਵੀ ਉਹ ਹੀ ਭਾਵ ਹੈ ਗਹਿਰਾਈ ਵਿਚ। ਭੁੱਖੇ ਮਰ ਜਾਣਾ, ਪਰ ਆਪਣੀ ਸ਼ਾਨ ਰੱਖਣੀ ਹੈ।

ਮੇਰੀ ਤਾਂ ਰਾਸ਼ਟਰਾਂ ਵਿਚ ਮਾਨਤਾ ਨਹੀਂ। ਜੇਕਰ ਮੇਰੀ ਸੁਣੀ ਜਾਏ ਤਾਂ ਮੈਂ ਤਾਂ ਕਹਾਂਗਾ ਕਿ ਭਾਰਤ ਨੂੰ ਪਹਿਲਾ ਦੇਸ਼ ਹੋਣਾ ਚਾਹੀਦਾ ਜਿਹੜਾ ਰਾਸ਼ਟਰੀਅਤਾ ਛੱਡ ਦੇਵੇ। ਇਹ ਚੰਗਾ ਹੋਵੇਗਾ ਕਿ ਕ੍ਰਿਸ਼ਨ, ਬੁੱਧ, ਪਤੰਜਲੀ ਅਤੇ ਗੋਰਖ ਦਾ ਦੇਸ਼ ਰਾਸ਼ਟਰੀਅਤਾ ਛੱਡ ਦੇਵੇ ਅਤੇ ਕਹਿ ਦੇਣ ਕਿ ਅਸੀਂ ਅੰਤਰ-ਰਾਸ਼ਟਰੀ ਭੂਮੀ ਹਾਂ। ਭਾਰਤ ਨੂੰ ਸੰਯੁਕਤ ਰਾਸ਼ਟਰ ਸੰਘ ਦੀ ਧਰਤੀ ਬਣ ਜਾਣਾ ਚਾਹੀਦਾ ਹੈ। ਕਹਿ ਦੇਣਾ ਚਾਹੀਦਾ, ਕਿ ਇਹ ਪਹਿਲਾ ਰਾਸ਼ਟਰ ਹੈ ਜੋ ਅਸੀਂ ਸੰਯੁਕਤ ਰਾਸ਼ਟਰ ਸੰਘ ਨੂੰ ਸੌਂਪਦੇ ਹਾਂ—ਸਾਂਭੋ। ਕੋਈ ਤਾਂ ਸ਼ੁਰੂਆਤ ਕਰੇ...। ਅਤੇ ਇਹ ਸ਼ੁਰੂਆਤ ਹੋ ਜਾਏ ਤਾਂ ਯੁੱਧਾਂ ਦੀ ਕੋਈ ਜ਼ਰੂਰਤ ਨਹੀਂ ਹੈ।

ਇਹ ਲੜਾਈਆਂ ਜਾਰੀ ਰਹਿਣਗੀਆਂ, ਜਦ ਤੱਕ ਹੱਦਾਂ ਰਹਿਣਗੀਆਂ। ਇਹ ਹੱਦਾਂ ਖ਼ਤਮ ਹੋਣੀਆਂ ਚਾਹੀਦੀਆਂ।

ਤਾਂ ਠੀਕ ਹੀ ਕਹਿੰਦੇ ਹੋ, ਕਹਿ ਸਕਦੇ ਹੋ ਮੈਨੂੰ ਦੇਸ਼ ਦ੍ਰੋਹੀ—ਇਨ੍ਹਾਂ ਅਰਥਾਂ ਵਿਚ ਕਿ ਮੈਂ ਮਾਨਵਦ੍ਰੋਹੀ ਨਹੀਂ ਹਾਂ। ਪਰ ਤੁਹਾਡੇ ਸਭ ਦੇਸ਼ ਪ੍ਰੇਮੀ ਮਾਨਵਦ੍ਰੋਹੀ ਹਨ। ਦੇਸ਼-ਪ੍ਰੇਮ ਦਾ ਅਰਥ ਹੀ ਹੁੰਦਾ ਹੈ ਮਾਨਵ-ਦ੍ਰੋਹ। ਦੇਸ਼-ਪ੍ਰੇਮ ਦਾ ਅਰਥ ਹੁੰਦਾ ਹੈ ਖੰਡਾਂ ਵਿਚ ਵੰਡੋ। ਤੁਸੀਂ ਵੇਖਿਆ ਨ, ਜਿਹੜਾ ਆਦਮੀ ਪ੍ਰਦੇਸ ਨੂੰ ਪ੍ਰੇਮ ਕਰਦਾ ਹੈ ਉਹ ਦੇਸ਼ ਦਾ ਦੁਸ਼ਮਣ ਬਣ ਜਾਂਦਾ ਹੈ। ਮੈਂ ਦੁਸ਼ਮਣ ਨਹੀਂ ਹਾਂ ਦੇਸ਼ ਦਾ, ਕਿਉਂਕਿ ਮੇਰੀ ਧਾਰਣਾ ਅੰਤਰਰਾਸ਼ਟਰੀ ਹੈ। ਇਹ ਸਾਰੀ ਧਰਤੀ ਇੱਕ ਹੈ। ਮੈਂ ਵੱਡੇ ਲਈ ਛੋਟੇ ਨੂੰ ਵਿਸਰਜਿਤ ਕਰ ਦੇਣਾ ਚਾਹੁੰਦਾ ਹਾਂ।

ਇਨ੍ਹਾਂ ਨਿੱਕੇ-ਨਿੱਕੇ ਘੇਰਿਆਂ ਨੇ, ਬਾੜਾਂ ਨੇ ਮਨੁੱਖ ਨੂੰ ਬਹੁਤ ਪਰੇਸ਼ਾਨ ਕੀਤਾ ਹੈ। ਤਿੰਨ ਹਜ਼ਾਰ ਸਾਲਾਂ ਵਿਚ ਪੰਜ-ਹਜ਼ਾਰ ਯੁੱਧ ਲੜੇ ਗਏ ਹਨ। ਪਹਿਲਾਂ ਤਾਂ ਠੀਕ ਸੀ ਕਿ ਤੀਰ

ਕਮਾਨ ਨਾਲ ਚਲ ਰਹੇ ਸਨ ਯੁੱਧ, ਚਲਦੇ ਰਹਿੰਦੇ ਕੋਈ ਹਰਜ਼ ਨਹੀਂ ਸੀ। ਥੋੜ੍ਹੇ-ਬਹੁਤ ਲੋਗ ਮਰਦੇ ਸਨ ਤਾਂ ਕੋਈ ਅੜਚਨ ਨਹੀਂ ਹੋ ਜਾਂਦੀ ਸੀ। ਹੁਣ ਯੁੱਧ ਸਮਗਰ ਯੁੱਧ ਹਨ। ਹੁਣ ਇਹ ਪੂਰੀ ਮਨੁੱਖ ਜਾਤੀ ਦੀ ਆਤਮ ਹਤਿਆ ਹੈ। ਹੁਣ ਹਰ ਥਾਂ ਹਿਰੋਸ਼ਿਮਾ ਬਣ ਸਕਦਾ ਹੈ—ਕਿਸੇ ਵੀ ਦਿਨ, ਕਿਸੇ ਵੀ ਛਿਣ। ਇਸ ਯੁੱਧ ਦੀ ਭਿਆਨਕਤਾ ਨੂੰ ਸਮਝੋ ਅਤੇ ਇਸ ਵਿਚ ਜਿੰਨੀ ਊਰਜਾ ਜਾ ਰਹੀ ਹੈ, ਉਹ ਸੋਚੋ। ਇਹ ਹੀ ਊਰਜਾ ਸਾਰੀ ਧਰਤੀ ਨੂੰ ਹਰਿਆਲੀ ਨਾਲ ਭਰ ਸਕਦੀ ਹੈ, ਵੈਭਵ ਨਾਲ ਭਰ ਸਕਦੀ ਹੈ। ਮਨੁੱਖ ਪਹਿਲੀ ਵਾਰ ਆਨੰਦ ਮਗਨ ਹੋ ਕੇ ਨੱਚ ਸਕਦਾ ਹੈ, ਪ੍ਰਭੂ ਦੇ ਗੀਤ ਗਾ ਸਕਦਾ ਹੈ, ਧਿਆਨ ਦੀ ਤਲਾਸ਼ ਕਰ ਸਕਦਾ ਹੈ।

ਪਰ ਇਹ ਨਹੀਂ ਹੋਏਗਾ। ਇਹ ਤੁਹਾਡੇ ਤਥਾ-ਕਥਿਤ ਦੇਸ਼ ਪ੍ਰੇਮੀ, ਇਹ ਰਾਸ਼ਟਰਵਾਦੀ...।

ਰਾਸ਼ਟਰਵਾਦ ਮਹਾਂਪਾਪ ਹੈ। ਇਹ ਰਾਸ਼ਟਰਵਾਦ ਦੇ ਕਾਰਣ ਹੀ ਦੁਨੀਆਂ ਵਿਚ ਸਾਰੇ ਉਪੱਦਰ ਹੁੰਦੇ ਰਹੇ। ਮੈਂ ਰਾਸ਼ਟਰਵਾਦੀ ਨਹੀਂ ਹਾਂ। ਮੈਂ ਤਾਂ ਸਾਰੀਆਂ ਹੱਦਾਂ ਤੋੜ ਦੇਣੀਆਂ ਚਾਹੁੰਦਾ ਹਾਂ। ਇਸ ਧਰਤੀ ਉੱਤੇ ਜਿਨ੍ਹਾਂ ਲੋਕਾਂ ਨੇ ਵੀ ਪਰਮਾਤਮਾ ਦੀ ਨਿੱਕੀ-ਜਿਹੀ ਝਲਕ ਪਾਈ ਹੈ, ਉਨ੍ਹਾਂ ਦੀਆਂ ਕੋਈ ਹੱਦਾਂ ਨਹੀਂ ਹਨ। ਉਹ ਕਿਸੇ ਦੇਸ਼, ਕਿਸੇ ਜਾਤ, ਕਿਸੇ ਵਰਗ, ਕਿਸੇ ਸੰਪ੍ਰਦਾਇ, ਕਿਸੇ ਵਰਣ ਦੇ ਨਹੀਂ ਹੁੰਦੇ ਉਹ ਸਭ ਦੇ ਹਨ, ਸਭ ਉਨ੍ਹਾਂ ਦੇ ਹਨ।

ਫਿਰ ਇਸ ਤਰ੍ਹਾਂ ਦੇ ਵਿਅਕਤੀ, ਗੋਰਖ ਵਰਗੇ ਵਿਅਕਤੀ, ਇਸ ਗੱਲ ਦੀ ਚਿੰਤਾ ਹੀ ਨਹੀਂ ਲੈਂਦੇ ਕਿ ਕਦ ਅਸੀਂ ਪੈਦਾ ਹੋਏ, ਇਸ ਦੀ ਗੱਲ ਕਰੀਏ; ਕਿਸ ਘਰ ਵਿਚ ਪੈਦਾ ਹੋਏ ਇਸ ਦੀ ਗੱਲ ਕਰੀਏ ਕਿਸ ਪਿੰਡ 'ਚ ਪੈਦਾ ਹੋਏ, ਇਸ ਦੀ ਗੱਲ ਕਰੀਏ। ਇਹ ਵਿਅਰਥ ਦੀਆਂ ਗੱਲਾਂ ਹਨ, ਕਿਉਂਕਿ ਗੋਰਖ ਜਾਣਦੇ ਹਨ—ਕਿ ਨ ਅਸੀਂ ਕਦੇ ਪੈਦਾ ਹੋਇ ਅਤੇ ਨ ਅਸੀਂ ਕਦੇ ਮਰਾਂਗੇ। ਉਹ ਤਾਂ ਦੇਹਵਾਦੀਆਂ ਦੀਆਂ ਗੱਲਾਂ ਹਨ। ਇਹ ਤਾਂ ਜਿਨ੍ਹਾਂ ਦੀ ਸ਼ਰੀਰ ਨਾਲ ਮੋਹ ਦੀ ਲਾਲਸਾ ਹੈ, ਉਨ੍ਹਾਂ ਦੀਆਂ ਗੱਲਾਂ ਹਨ। ਗੋਰਖ ਵਰਗੇ ਵਿਅਕਤੀ ਨੇ ਤਾਂ ਉਸ ਨੂੰ ਜਾਣ ਲਿਆ ਹੈ, ਜੋ ਨ ਕਦੇ ਪੈਦਾ ਹੁੰਦਾ ਹੈ, ਨ ਕਦੇ ਮਰਦਾ ਹੈ, ਨ ਮਰ ਸਕਦਾ ਹੈ, ਨ ਪੈਦਾ ਹੋ ਸਕਦਾ ਹੈ। ਅਜਨਮੇ ਨੂੰ, ਅਨਾਦਿ ਨੂੰ, ਅਨੰਤ ਨੂੰ ਜਾਣ ਲੈਣ ਦੇ ਬਾਅਦ ਕੌਣ ਜਨਮ ਦੀਆਂ ਗੱਲਾਂ ਕਰੇ? ਕਿਸ ਦੀ ਗੱਲ ਕਰਨੀ ਹੈ?

ਇਸ ਲਈ ਇਸ ਤਰ੍ਹਾਂ ਦੇ ਲੋਗ ਗੱਲ ਨਹੀਂ ਕਰਦੇ। ਕੁਦਰਤੀ : ਉਨ੍ਹਾਂ ਦੇ ਪਿੱਛੇ ਬਹੁਤ ਸਾਰੀਆਂ ਕਥਾਵਾਂ ਤਾਂ ਛੁਟ ਜਾਂਦੀਆਂ ਹਨ, ਪਰ ਸੁਨਿਸ਼ਚਿਤ ਤਥਯ ਨਹੀਂ ਛੁਟਦੇ, ਅਜਿਹੇ ਲੋਗ ਇੰਨੇ ਵਿਰਾਟ ਚਿੱਤ ਹੁੰਦੇ ਹਨ ਕਿ ਕਿਸੇ ਵੀ ਤਰ੍ਹਾਂ ਦੇ ਵਿਸ਼ੇਸ਼ਣਾਂ ਨੂੰ ਅੰਗੀਕਾਰ ਨਹੀਂ ਕਰਦੇ। ਕਿਉਂਕਿ ਵਿਸ਼ੇਸ਼ਣ (ਫ਼ਰਕ ਕਰਨਾ) ਤਾਂ ਅਗਿਆਨ ਦਾ ਹੀ ਸੂਚਕ ਹੈ। ਜੋ ਕਹਿੰਦਾ ਹੈ ਮੈਂ ਹਿੰਦੂ ਹਾਂ, ਮੁਸਲਮਾਨ ਹਾਂ ਇਸਾਈ ਹਾਂ—ਇਹ ਅਗਿਆਨੀ ਦਾ ਲੱਛਣ ਹੈ। ਜਿੱਥੇ ਪ੍ਰਕਾਸ਼ ਜਾਗਿਆ ਉੱਥੇ ਵਿਸ਼ੇਸ਼ਣ ਗਏ; ਵਿਸ਼ੇਸ਼ਣ ਤਾਂ ਹਨੇਰੇ ਵਿਚ ਹੀ ਜਿਉਂਦੇ ਹਨ। ਉੱਥੇ ਤਾਂ ਵਿਸ਼ੇਸ਼ਣ (ਫ਼ਰਕ ਨ ਕਰਨਾ) ਸ਼ੂਨਯ ਪ੍ਰਕਾਸ਼ ਹੋ ਜਾਂਦਾ ਹੈ। ਇਸ ਕਾਰਣ ਨਹੀਂ ਕੁਝ ਪੱਕਾ ਪਤਾ ਚਲਦਾ, ਕਿੱਥੇ ਪੈਦਾ ਹੋਏ, ਕਦੋਂ ਪੈਦਾ ਹੋਏ।

ਲੇਕਿਨ ਕੁਝ ਲੋਗ ਖੋਜ-ਬੀਨ ਵਿਚ ਲਗੇ ਰਹਿੰਦੇ ਹਨ। ਕੁਝ ਲੋਗ ਆਪਣੀ ਜ਼ਿੰਦਗੀ ਇਸੇ ਵਿਚ ਲਾਉਂਦੇ ਹਨ। ਇਸੇ ਤਰ੍ਹਾਂ ਦੇ ਲੋਗ ਵਿਸ਼ਵ-ਵਿਦਿਆਲਿਆਂ ਵਿਚ ਸ਼ੋਧ ਕਰਦੇ

ਹਨ, ਵੱਡੇ ਸ਼ੋਧ ਕਰਤਾ ਹੋ ਜਾਂਦੇ ਹਨ। ਉਨ੍ਹਾਂ ਨੂੰ ਉਪਾਧੀਆਂ ਮਿਲਦੀਆਂ ਹਨ—ਪੀ.ਐੱਚ.ਡੀ., ਡੀ.ਲਿੱਟ ਅਤੇ ਡੀ.ਫਿਲ.। ਉਨ੍ਹਾਂ ਦਾ ਬਹੁਤ ਸਨਮਾਨ ਹੁੰਦਾ ਹੈ। ਉਨ੍ਹਾਂ ਦਾ ਕੰਮ ਕੀ ਹੈ? ਉਨ੍ਹਾਂ ਦਾ ਕੰਮ ਇਹ ਹੈ ਕਿ ਉਹ ਤੈਅ ਕਰਦੇ ਹਨ ਕਿ ਗੋਰਖਨਾਥ ਕਦ ਪੈਦਾ ਹੋਏ ਸਨ। ਕੋਈ ਕਹਿੰਦਾ ਹੈ ਦਸਵੀਂ ਸਦੀ ਦੇ ਅੰਤ ਵਿਚ ਕੋਈ ਕਹਿੰਦਾ ਹੈ ਗਿਆਰਵੀਂ ਸਦੀ ਦੇ ਪ੍ਰਾਰੰਭ ਵਿਚ। ਇਸ ਉੱਤੇ ਬਹੁਤ ਵਿਵਾਦ (ਜਿਰਹਾ) ਹੈ। ਵੱਡੇ-ਵੱਡੇ ਵਿਸ਼ਵ ਵਿਦਿਆਲਿਆਂ ਦੇ ਗਿਆਨੀ ਸਿਰ ਖਪਾ ਕੇ ਖੋਜ ਵਿਚ ਲੱਗੇ ਰਹਿੰਦੇ ਹਨ ਸ਼ਾਸਤ੍ਰਾਂ ਦੀ, ਪ੍ਰਮਾਣਾਂ ਦੀ। ਇਸਦੀ, ਉਸਦੀ। ਉਨ੍ਹਾਂ ਦੀ ਪੂਰੀ ਜ਼ਿੰਦਗੀ ਇਸੇ ਵਿਚ ਜਾਂਦੀ ਹੈ। ਇਸ ਤੋਂ ਵੱਡਾ ਅਗਿਆਨ ਹੋਰ ਕੀ ਹੋਵੇਗਾ?

ਗੋਰਖ ਕਦ ਪੈਦਾ ਹੋਏ ਇਸ ਨੂੰ ਜਾਣ ਕੇ ਕਰੋਗੇ ਵੀ ਕੀ? ਇਸ ਨੂੰ ਜਾਣ ਲਿਆ ਤਾਂ ਪਾਓਗੇ ਕੀ? ਗੋਰਖ ਨ ਵੀ ਪੈਦਾ ਹੋਏ ਹੋਣ ਇਹ ਵੀ ਸਿੱਧ ਹੋ ਜਾਏ, ਤਾਂ ਵੀ ਕੀ ਫ਼ਾਇਦਾ ਹੈ? ਹੋਏ ਹੋਣ ਨ ਹੋਏ ਹੋਣ, ਅਰਥਹੀਣ ਹੈ।

ਗੋਰਖ ਨੇ ਕੀ ਜੀਵਿਆ ਉਸਦਾ ਸਵਾਦ ਲਓ।

ਇਸ ਲਈ ਤੁਹਾਡੇ ਵਿਸ਼ਵ ਵਿਦਿਆਲੇ ਅਜਿਹੇ ਵਿਅਰਥ ਦੇ ਕੰਮਾਂ ਵਿਚ ਲਗੇ ਹਨ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਨੂੰ ਵਿਸ਼ਵ ਵਿਦਿਆਲੇ ਕਹੋ ਜਾਂ ਨ ਕਹੋ।

ਇਨ੍ਹਾਂ ਦਾ ਕੰਮ ਹੀ... ਤੁਹਾਡੇ ਵਿਸ਼ਵ ਵਿਦਿਆਲੇ ਵਿਚ ਚਲਣ ਵਾਲੀ ਜਿੰਨੀ ਸ਼ੋਧ ਹੈ, ਸਾਰੀ ਕੂੜਾ-ਕਰਕਟ ਹੈ।

ਮੈਂ ਇੱਕ ਥਾਂ ਬੋਲ ਰਿਹਾ ਸੀ। ਇੱਕ ਬਹੁਤ ਵੱਡੇ ਸ਼ੋਧਕਰਤਾ, (ਖੋਜੀ) ਵੱਡੇ ਪੰਡਿਤ ਖੜੇ ਹੋਏ ਅਤੇ ਉਨ੍ਹਾਂ ਨੇ ਮੇਰੇ ਕੋਲੋਂ ਪੁੱਛਿਆ ਕਿ ਤੁਸੀਂ ਸਿਰਫ਼ ਮੇਰੇ ਇੱਕ ਸਵਾਲ ਦਾ ਜਵਾਬ ਦੇ ਦਿਓ ਕਿ ਬੁੱਧ ਅਤੇ ਮਹਾਵੀਰ ਵਿਚੋਂ ਉਮਰ ਵਿਚ ਕੌਣ ਵੱਡਾ ਸੀ। ਦੋਵੇਂ ਸਮਸਾਮਯਿਕ (ਇੱਕੋ ਸਮੇਂ ਦੇ) ਸਨ।

ਕਿਉਂਕਿ ਮੈਂ ਇਸੇ ਉੱਤੇ ਤੀਹ ਸਾਲਾਂ ਤੋਂ ਸ਼ੋਧ (ਖੋਜ) ਕਰ ਰਿਹਾ ਹਾਂ।

ਮੈਂ ਉਨ੍ਹਾਂ ਵਲ ਬਹੁਤ ਦਿਆ-ਭਾਵ ਨਾਲ ਵੇਖਿਆ। ਮੈਂ ਉਨ੍ਹਾਂ ਨੂੰ ਕਿਹਾ ਤੁਹਾਡੇ ਤੀਹ ਸਾਲ ਗਏ। ਹੁਣ ਬੁੱਧ ਉਮਰ ਵਿਚ ਛੋਟੇ ਸਨ ਕਿ ਵੱਡੇ ਸਨ, ਇਸ ਤੋਂ ਕੀ ਲਾਭ? ਉਨ੍ਹਾਂ ਨੇ ਮੈਨੂੰ ਕਿਹਾ ਕਿ ਇਤਿਹਾਸ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਮੈਂ ਕਿਹਾ, ਜੇਕਰ ਤੁਸੀਂ ਪੱਕਾ ਵੀ ਕਰ ਦਿੱਤਾ ਕਿ ਬੁੱਧ ਵੱਡੇ ਸਨ ਜਾਂ ਮਹਾਵੀਰ ਵੱਡੇ ਸਨ, ਤੁਹਾਨੂੰ ਕੀ ਮਿਲੇਗਾ? ਇਤਿਹਾਸ ਜੋ ਪੜ੍ਹਨਗੇ ਉਨ੍ਹਾਂ ਨੂੰ ਕੀ ਮਿਲੇਗਾ? ਤੇ ਤੀਹ ਸਾਲ ਤੁਸੀਂ ਆਪਣੀ ਜ਼ਿੰਦਗੀ ਦੇ ਗੁਆ ਦਿੱਤੇ ! ਲੋਗ ਸੋਚਦੇ ਹਨ ਕਿ ਤੁਸੀਂ ਇੱਕ ਬਹੁਤ ਮਹਤੱਵਪੂਰਨ ਕੰਮ ਵਿਚ ਲਗੇ ਹੋ।

ਕਦੇ-ਕਦੇ ਤਥਾ-ਕਥਿਤ ਗਿਆਨ ਦੇ ਨਾਮ ਉੱਤੇ ਅਜਿਹੀਆਂ ਮੂੜ੍ਹਤਾਵਾਂ ਚਲਦੀਆਂ ਹਨ ਕਿ ਜੇਕਰ ਤੁਸੀਂ ਗੌਰ ਨ ਕਰੋ ਤਾਂ ਤੁਹਾਨੂੰ ਖ਼ਿਆਲ ਹੀ ਨਹੀਂ ਆਏਗਾ।

ਬੁੱਧ ਦੇ ਅੰਤਰਤਮ ਵਿਚ ਉਤਰੋ, ਮਹਾਵੀਰ ਦੇ ਅੰਤਰਤਮ ਵਿਚ ਉਤਰੋ, ਤਾਂ ਤੁਸੀਂ ਪਾਓਗੇ ਉੱਥੇ ਦੋ ਵਿਅਕਤੀ ਵੀ ਨਹੀਂ ਹਨ—ਇੱਕ ਹੀ ਹੈ। ਉੱਥੇ ਇੱਕ ਹੀ ਨਿਰਮਲ ਆਕਾਸ਼ ਹੈ, ਇੱਕ ਹੀ ਸੰਗੀਤ ਹੈ, ਇੱਕ ਹੀ ਆਨੰਦ ਉਤਸਵ ਹੈ।

ਝੇਨ ਫ਼ਕੀਰ ਠੀਕ ਕਹਿੰਦੇ ਹਨ ਕਿ ਬੁੱਧ ਹੋਏ ਹੀ ਕਿੱਥੇ। ਬੁੱਧ ਨੂੰ ਮੰਨਣ ਵਾਲੇ ਲੋਕ

ਹਨ, ਕਹਿੰਦੇ ਹਨ ਬੁੱਧ ਹੋਏ ਹੀ ਕਿੱਥੇ, ਕਦੇ ਨਹੀਂ ਹੋਏ, ਸਭ ਵਿਅਰਥ ਦੀਆਂ ਗੱਲਾਂ ਹਨ। ਰੋਜ਼ ਬੁੱਧ ਦੀ ਪੂਜਾ ਕਰਦੇ ਹਨ ਅਤੇ ਕਹਿੰਦੇ ਹਨ, ਬੁੱਧ ਕਦੇ ਹੋਏ ਨਹੀਂ, ਸਭ ਝੂਠੀਆਂ ਗੱਲਾਂ ਹਨ। ਕੀ ਮਤਲਬ ਹੋਏਗਾ ਝੇਨ ਫ਼ਕੀਰਾਂ ਦਾ? ਉਹ ਇਹ ਹੀ ਕਹਿ ਰਹੇ ਹਨ ਕਿ ਕਹੋ ਹੋਏ, ਤਾਂ ਬਸ ਚਲੇ ਕੁਝ ਲੋਗ ਲਭਣ ਕਿ ਕਦ ਹੋਏ, ਕਿ ਕਿਸ ਤਾਰੀਖ ਨੂੰ ਹੋਏ। ਇਸੇ ਵਿਚ ਉਹ ਵਕਤ ਗੁਆ ਦੇਣਗੇ। ਇਸ ਲਈ ਅਸੀਂ ਕਹਿੰਦੇ ਹਾਂ ਕਿ ਹੋਏ ਹੀ ਨਹੀਂ, ਝੰਜਟ ਛੱਡੋ। ਲੇਕਿਨ ਬੁੱਧ ਦੇ ਅੰਦਰ ਜੋ ਵਾਪਰਿਆ ਹੈ, ਉਹ ਜ਼ਰੂਰ ਵਾਪਰਿਆ ਹੈ। ਕਿਸ ਦੇ ਅੰਦਰ ਵਾਪਰਿਆ ਹੈ ਇਹ ਗੱਲ ਮਹੱਤਵਪੂਰਨ ਨਹੀਂ ਹੈ।

ਉਨ੍ਹਾਂ ਦਾ ਨਾਮ ਗੌਤਮ ਸੀ ਕਿ ਕੁਝ ਹੋਰ ਸੀ; ਉਨ੍ਹਾਂ ਦੇ ਪਿਤਾ ਇਹ ਸਨ ਕਿ ਉਹ ਸਨ—ਇਨ੍ਹਾਂ ਸਭ ਗੱਲਾਂ ਨਾਲ ਕੋਈ ਮਤਲਬ ਨਹੀਂ ਹੈ।

ਬੁੱਧ ਦੇ ਅੰਦਰ ਕੁਝ ਘੱਟਿਆ ਹੈ। ਬ੍ਰਿਛ ਦੇ ਹੇਠਾਂ ਬੈਠੇ ਹਨ ਇੱਕ ਸਵੇਰੇ।

ਉਹ ਜਿਸ ਤਰ੍ਹਾਂ ਦੇ ਸ਼ਾਮ ਨੂੰ ਬੈਠੇ ਸਨ ਉਸੇ ਤਰ੍ਹਾਂ ਦੇ ਸਵੇਰੇ ਨਹੀਂ ਉੱਠੇ, ਕੁਝ ਨਵੇਂ ਆਦਮੀ ਹੋ ਕੇ ਉੱਠੇ। ਉਹ ਹੀ ਅਸਲੀ ਜਨਮ ਹੈ। ਉਸ ਨੂੰ ਹੀ ਜਨਮ ਕਹੋ। ਅਤੇ ਉਸਦਾ ਤਾਰੀਖ਼, ਦਿਨ, ਮਹੀਨੇ ਅਤੇ ਸਾਲ ਨਾਲ ਕੋਈ ਸੰਬੰਧ ਨਹੀਂ ਹੈ। ਇੱਕ ਘੜੀ ਅਜਿਹੀ ਆਈ ਜਦ ਵਿਚਾਰ ਸ਼ਾਂਤ ਹੋ ਗਏ, ਸ਼ੂਨਯ ਹੋ ਗਏ। ਚੇਤਨਾ ਸ਼ੁੱਧ ਦਰਪਨ ਬਣੀ।

ਇਵੇਂ ਹੀ ਤੁਹਾਡੀ ਚੇਤਨਾ ਬਣੇ, ਇਸ ਦੀ ਪ੍ਰਕ੍ਰਿਆ ਵਿਚ ਸਮਾਂ ਲਾਓ। ਚੰਗਾ ਇਹ ਹੀ ਹੈ ਕਿ ਤੁਸੀਂ ਹੀ ਬੁੱਧ ਹੋ ਜਾਓ। ਚੰਗਾ ਇਹ ਹੀ ਹੈ ਕਿ ਤੁਹਾਡੇ ਅੰਦਰ ਗੋਰਖ ਦਾ ਨਾਦ ਗੂੰਜੇ। ਬਜਾਏ ਤੁਸੀਂ ਗੋਰਖ ਦੀ ਪੁਰਾਣੀ ਕਹਾਣੀ ਵਿਚ ਜਾਓ, ਚੰਗਾ ਹੋਵੇ ਜੇ ਤੁਸੀਂ ਗੋਰਖ ਦੇ ਅੰਤਸ ਵਿਚ ਜਾਓ।

ਇਸ ਲਈ ਇਸ ਦੇਸ਼ ਨੇ ਠੀਕ ਹੀ ਕੀਤਾ ਕਿ ਵਿਅਰਥ ਗੱਲਾਂ ਦਾ ਵਿਚਾਰ ਨਹੀਂ ਕੀਤਾ, ਵਿਅਰਥ ਗੱਲਾਂ ਨੂੰ ਵਿਚਾਲੇ ਲਿਆਏ ਹੀ ਨਹੀਂ। ਜੋ ਸਾਰ ਹੈ ਓਨਾ ਕਿਹਾ। ਕਿਉਂਕਿ ਆਦਮੀ ਅਜਿਹਾ ਉਪੱਦਰੀ ਹੈ, ਅਜਿਹਾ ਅਗਿਆਨੀ ਹੈ ਕਿ ਜ਼ਰਾ ਕੁ ਜਿੰਨਾ ਆਸਾਰ ਹਥ ਲਗ ਜਾਏ ਤਾਂ ਉਸ ਨੂੰ ਤਾਂ ਸੰਭਾਲ ਕੇ ਰੱਖ ਲੈਂਦਾ ਹੈ ਅਤੇ ਸਾਰ ਨੂੰ ਭੁੱਲ ਜਾਂਦਾ ਹੈ।

ਇਸ ਲਈ ਆਸਾਰ ਦੀ ਅਸੀਂ ਗੱਲ ਨਹੀਂ ਕੀਤੀ ਹੈ। ਸਾਰ ਹੀ ਸਾਰ ਦੀ ਗੱਲ ਕੀਤੀ ਹੈ ਕਿ ਤੁਸੀਂ ਕੁਝ ਵੀ ਫੜੋਗੇ ਤਾਂ ਸਾਰ ਹੀ ਹਥ 'ਚ ਆਏਗਾ। ਤੁਹਾਨੂੰ ਆਸਾਰ ਮਿਲੇ ਹੀ ਨ, ਇਸ ਲਈ ਅਸੀਂ ਸਾਰਾ ਆਸਾਰ ਮਿਟਾ ਦਿੱਤਾ ਹੈ, ਪੂੰਝ ਸੁਟਿਆ ਹੈ।

ਅਸੀਂ ਜਿਹੜੀਆਂ ਪਿਆਰੀਆਂ ਕਥਾਵਾਂ ਘੜੀਆਂ ਹਨ, ਉਹ ਜ਼ਰੂਰੀ ਨਹੀਂ ਹੈ ਕਿ ਹੋਈਆਂ ਹੀ ਹੋਣ। ਹੋਣ ਦੀ ਜ਼ਰੂਰਤ ਵੀ ਨਹੀਂ ਹੈ; ਉਹ ਪ੍ਰਤੀਕ ਹਨ। ਪ੍ਰਤੀਕ ਕਾਵਯਾਤਮਿਕ ਹੁੰਦੇ ਹਨ। ਇਤਿਹਾਸ ਨਾਲ ਉਨ੍ਹਾਂ ਦਾ ਸੰਬੰਧ ਨਹੀਂ ਹੁੰਦਾ, ਅੰਤਰਆਤਮਾ ਨਾਲ ਉਨ੍ਹਾਂ ਦਾ ਸੰਬੰਧ ਹੁੰਦਾ ਹੈ। ਜਿਵੇਂ ਅਸੀਂ ਕਿਹਾ ਕਿ ਬੁੱਧ ਨੂੰ ਗਿਆਨ ਹੋਇਆ ਤਾਂ ਬੇਮੌਸਮੀ ਫੁੱਲ ਖਿੜ ਗਏ। ਹੁਣ ਇਹ ਕੋਈ ਇਤਿਹਾਸ ਨਹੀਂ ਹੈ, ਬੇਮੌਸਮ ਫੁੱਲ ਨਹੀਂ ਖਿੜਦੇ ਕਦੇ। ਅਸੀਂ ਲਿਖਿਆ ਹੈ ਕਿ ਜਦ ਬੁੱਧ ਜੰਗਲ ਵਿਚੋਂ ਲੰਘਦੇ ਸਨ, ਜੇਕਰ ਕਿਸੇ ਸੁੱਕੇ ਬ੍ਰਿਛ ਦੇ ਹੇਠਾਂ ਬੈਠ ਜਾਂਦੇ ਤਾਂ ਉਸ ਵਿਚ ਹਰੇ ਪੱਤੇ ਆ ਜਾਂਦੇ। ਅਜਿਹਾ ਕਿਤੇ ਨਹੀਂ ਹੁੰਦਾ। ਬੁੱਧ ਦੇ ਧਿਆਨ

ਨੂੰ, ਬੁੱਧ ਦੀ ਸਮਾਧੀ ਨੂੰ ਵੇਖਕੇ ਬ੍ਰਿਛ ਵਿਚ ਹਰੇ ਪੱਤੇ ਨਿਕਲ ਆਉਣ, ਇਹ ਇਤਿਹਾਸ ਨਹੀਂ ਹੈ। ਪਰ ਜਿਥੇ ਬੁੱਧ ਦੇ ਚਰਨ ਪੈਂਦੇ ਹਨ, ਉੱਥੇ ਹਰਿਆਲੀ ਫ਼ੈਲਦੀ ਹੈ, ਇੰਨਾ ਸੂਚਕ ਹੈ। ਉੱਥੇ ਜੀਵਨ ਹਰਾ ਹੁੰਦਾ ਹੈ। ਉੱਥੇ ਜੀਵਨ ਵਿਚ ਨਵੀਂ ਉਮੰਗ ਆਉਂਦੀ ਹੈ। ਨਵਾਂ ਪ੍ਰਸਾਦ ਬਰਸਦਾ ਹੈ। ਬੁੱਧ ਇੱਕ ਬਰਖਾ ਹਨ ਅਮ੍ਰਿਤ ਦੀ, ਇਸ ਗੱਲ ਨੂੰ ਕਹਿਣ ਦਾ ਇਹ ਕਾਵਯਆਤਮਿਕ (ਕਵਿਤਾ ਦਾ) ਢੰਗ ਹੋਇਆ, ਇਸ ਤੋਂ ਜ਼ਿਆਦਾ ਨਹੀਂ।

ਜੀਸਸ ਨੂੰ ਸੂਲੀ ਲਗੀ ਅਤੇ ਉਹ ਪੁਨਰਜੀਵਿਤ ਹੋਏ। ਹੁਣ ਇਹ ਪੁਨਰਜੀਵਿਤ ਹੋਣਾ ਕੋਈ ਇਤਿਹਾਸਿਕ ਘਟਨਾ ਨਹੀਂ ਹੈ; ਇਹ ਪੁਨਰਜੀਵਿਤ ਹੋਣਾ ਇੱਕ ਗਹਿਰਾ ਪ੍ਰਤੀਕ ਹੈ, ਕਾਵਯ ਹੈ। ਇੰਨਾਂ ਹੀ ਕਿਹਾ ਜਾ ਸਕਦਾ ਹੈ ਕਿ ਜੀਸਸ ਵਰਗੇ ਵਿਅਕਤੀ ਦੀ ਮ੍ਰਿਤਯੂ ਹੋ ਹੀ ਨਹੀਂ ਸਕਦੀ। ਮ੍ਰਿਤਯੂ ਤਾਂ ਅਗਿਆਨੀਆਂ ਦੀ ਹੁੰਦੀ ਹੈ। ਜਿਨ੍ਹਾਂ ਨੇ ਮੰਨ ਰੱਖਿਆ ਹੈ ਕਿ ਅਸੀਂ ਦੇਹ ਹਾਂ, ਉਹ ਮਰਦੇ ਹਨ। ਜਿਨ੍ਹਾਂ ਨੇ ਜਾਣ ਲਿਆ ਕਿ ਅਸੀਂ ਦੇਹ ਦੇ ਅੰਦਰ ਅਦੇਹੀ ਹਾਂ, ਉਹ ਕਿਵੇਂ ਮਰ ਸਕਦੇ ਹਨ? ਉਨ੍ਹਾਂ ਦਾ ਤਾਂ ਸੂਲੀ ਵੀ ਸਿੰਘਾਸਣ ਹੈ। ਉਨ੍ਹਾਂ ਦੀ ਮ੍ਰਿਤਯੂ ਨਹੀਂ ਹੁੰਦੀ। ਉਹ ਤਾਂ ਜੀਉਂਦੇ ਅੰਮ੍ਰਿਤ ਵਿਚ ਹਨ, ਮਰਦੇ ਅੰਮ੍ਰਿਤ ਵਿਚ ਹਨ। ਉਨ੍ਹਾਂ ਦਾ ਅੰਮ੍ਰਿਤ ਜਾਰੀ ਰਹਿੰਦਾ ਹੈ। ਅੰਮ੍ਰਿਤ ਦੀ ਧਾਰ ਵੱਗਦੀ ਰਹਿੰਦੀ ਹੈ ... ਦੇਹ ਵਿਚ ਤਾਂ ਦੇਹ ਵਿਚ, ਦੇਹ ਵਿਚ ਨਹੀਂ ਤਾਂ ਦੇਹ ਦੇ ਬਾਹਰ।

ਪਰ ਲੋਗ ਇਨ੍ਹਾਂ ਨੂੰ ਇਤਿਹਾਸਿਕ ਤੱਥ ਸਿੱਧ ਕਰਨ ਦੀ ਕੋਸ਼ਿਸ਼ ਵਿਚ ਲਗ ਜਾਂਦੇ ਹਨ ਅਤੇ ਅੜਚਨ ਪੈ ਜਾਂਦੀ ਹੈ! ਮੈਂ ਤੁਹਾਨੂੰ ਕੁਝ ਹੀ ਦਿਨ ਪਹਿਲਾਂ ਕਿਹਾ ਕਿ ਮਹਾਵੀਰ ਨੂੰ ਡੰਗਿਆ ਸੱਪ ਨੇ ਤਾਂ ਦੁੱਧ ਨਿਕਲਿਆ। ਹੁਣ ਅਜਿਹੇ ਜੈਨ ਹਨ ਜਿਹੜੇ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਇਤਿਹਾਸਿਕ ਤੱਥ ਹੈ ਕਿ ਦੁੱਧ ਨਿਕਲਿਆ। ਉਹ ਖੁਦ ਵੀ ਨਾ-ਸਮਝੀ ਕਰਦੇ ਹਨ ਅਤੇ ਦੂਜਿਆਂ ਨੂੰ ਵੀ ਨਾਸਮਝ ਕਰਨ ਦੀ ਹਲਾ-ਸ਼ੇਰੀ (ਅਵਾਹਨ) ਦਿੰਦੇ ਹਨ। ਇੰਨਾਂ ਹੀ ਜ਼ਾਹਿਰ ਹੈ ਕਿ ਦੁੱਧ ਪ੍ਰਤੀਕ ਹੈ ਪ੍ਰੇਮ ਦਾ। ਜਦ ਮਾਂ ਦੇ ਪੇਟ ਵਿਚ ਬੱਚਾ ਆਉਂਦਾ ਹੈ ਤਾਂ ਉਸ ਦੇ ਪ੍ਰੇਮ ਦੇ ਆਵਿਰਭਾਵ (ਉਤਪਤੀ) ਵਿਚ ਉਸ ਬੱਚੇ ਦੇ ਪੋਸ਼ਣ ਲਈ ਮਾਂ ਦੇ ਥਣ ਦੁੱਧ ਨਾਲ ਭਰ ਜਾਂਦੇ ਹਨ। ਮਾਂ ਵਗੱਣ ਲਗਦੀ ਹੈ ਬੱਚੇ ਲਈ ਦੁੱਧ ਦੀ ਧਾਰ ਵਿਚ। ਮਾਂ ਦੇ ਦੁੱਧ ਵਿਚ ਬੱਚੇ ਨੂੰ ਜੀਵਨ ਮਿਲਣ ਲਗਦਾ ਹੈ।

ਪ੍ਰੇਮ ਜੀਵਨਦਾਈ ਹੈ! ਬਸ ਇੰਨਾ ਹੀ ਪ੍ਰਤੀਕ ਹੈ ਇਸ ਕਥਾ ਵਿਚ ਕਿ ਸੱਪ ਨੇ ਵੀ ਡੰਗਿਆ ਮਹਾਵੀਰ ਨੂੰ ਤਾਂ ਵੀ ਮਹਾਵੀਰ ਦੇ ਹ੍ਰਿਦੇ ਵਿਚ ਕਰੁਣਾ ਹੀ ਹੈ, ਪ੍ਰੇਮ ਹੀ ਹੈ। ਇਸਨੂੰ ਇਵੇਂ ਕਹੀਏ ਕਵਿਤਾ ਵਿਚ ! ਇਸ ਨੂੰ ਇਵੇਂ ਕਿਹਾ ਕਵਿਤਾ ਵਿਚ ਡੰਗਿਆ ਤਾਂ ਮਹਾਵੀਰ ਦੀ ਦੇਹ ਚੋਂ ਖੂਨ ਨਹੀਂ ਨਿਕਲਿਆ, ਦੁੱਧ ਨਿਕਲਿਆ। ਨਿਕਲਣਾ ਸੀ ਖੂਨ, ਨਿਕਲਿਆ ਦੁੱਧ। ਇਹ ਤਾਂ ਕਵਿਤਾ ਹੈ। ਪਿਆਰੀ ਕਵਿਤਾ ਹੈ, ਜੇਕਰ ਕਵਿਤਾ ਦੀ ਤਰ੍ਹਾਂ ਸਮਝੋ। ਪਰ ਜੇਕਰ ਜ਼ਿੱਦ ਕਰਕੇ ਬੈਠ ਜਾਓ ਕਿ ਇਹ ਕੋਈ ਵੈਗਿਆਨਿਕ ਵੱਕਤਵਯ ਹੈ ਤਾਂ ਤੁਸੀਂ ਮੂੜ੍ਹਤਾ ਕਰ ਲਈ।

ਅਸੀਂ ਉਨ੍ਹਾਂ ਸਾਰੇ ਅਪੂਰਵ-ਪੁਰਸ਼ਾਂ ਦੇ ਕੋਲ ਕਹਾਣੀਆਂ ਘੜੀਆਂ ਹਨ। ਉਹ ਸਭ ਕਹਾਣੀਆਂ ਬਹੁਤ ਪ੍ਰੀਤਿਕਰਨ ਹਨ। ਉਨ੍ਹਾਂ ਕਹਾਣੀਆਂ ਨੂੰ ਤੁਸੀਂ ਇਸ਼ਾਰੇ ਸਮਝਣਾ। ਸਹੀ-ਗਲਤ ਦਾ ਸੰਬੰਧ ਹੀ ਨਹੀਂ ਹੈ, ਉਨ੍ਹਾਂ ਤੋਂ ਕੁਝ ਇਸ਼ਾਰੇ...। ਇਸ਼ਾਰੇ ਪਕੜ ਵਿਚ ਆ

ਜਾਣ, ਕਹਾਣੀਆਂ ਪਿੱਛੇ ਛੁਟ ਜਾਣਗੀਆਂ। ਤੁਸੀਂ ਇੱਕ ਯਾਤਰਾ ਤੇ ਸੰਲਗਨ ਹੋ ਜਾਓਗੇ। ਫ਼ਿਕਰ ਛੱਡੋ ਇਸ ਦੀ ਕਿ ਗੋਰਖ ਕਿੱਥੇ ਪੈਦਾ ਹੋਏ, ਕਦ ਪੈਦਾ ਹੋਏ। ਇਹ ਕੰਮ ਪੰਡਿਤਾਂ ਉੱਤੇ ਛੱਡ ਦਿਓ। ਆਖਰ ਉਨ੍ਹਾਂ ਵਿਚਾਰਿਆਂ ਨੂੰ ਵੀ ਤਾਂ ਕੁਝ ਕੰਮ ਚਾਹੀਦਾ ਹੈ ਨ! ਇਹ ਖੋਜੀਆਂ ਉੱਤੇ ਛੱਡ ਦਿਓ, ਨਹੀਂ ਤਾਂ ਕੌਣ ਉਨ੍ਹਾਂ ਨੂੰ ਪੀ.ਐਚ.ਡੀ. ਦੇਵੇਗਾ।

ਗੋਰਖ ਨੇ ਬਹੁਤ ਕਿਰਪਾ ਕੀਤੀ ਕਿ ਲਿਖ ਕੇ ਨਹੀਂ ਗਏ। ਲਿਖ ਜਾਂਦੇ ਤਾਂ ਪਤਾ ਨਹੀਂ ਕਿੰਨੇ ਲੋਕਾਂ ਦੀ ਡਾਕਟਰੇਟ ਰਹਿ ਜਾਂਦੀ। ਇਹ ਵੀ ਉਨ੍ਹਾਂ ਦੀ ਅਨੁਕੰਪਾ (ਕਿਰਪਾ) ਹੈ, ਕੁਝ ਖ਼ਬਰ ਨਹੀਂ ਦੇ ਗਏ, ਕਿੱਥੇ ਪੈਦਾ ਹੋਏ, ਸੋ ਪਤਾ ਨਹੀਂ ਕਿੰਨੇ ਲੋਗ ਸੰਲਗਨ (ਰੁਝੇ ਹੋਏ) ਹਨ, ਇਸੇ ਕੰਮ ਵਿਚ। ਮੂੜ੍ਹਾਂ ਨੂੰ ਕੁਝ ਤਾਂ ਚਾਹੀਦਾ ਸੰਲਗਨ ਹੋਣ ਲਈ ! ਸਮਝਦਾਰ ਇਨ੍ਹਾਂ ਗੱਲਾਂ ਵਿਚ ਨ ਉਲਝਣ।

ਗੋਰਖ ਦਾ ਸੰਦੇਸ਼ ਪਛਾਣੋ। ਗੋਰਖ ਦੇ ਸੂਤਰਾਂ ਨੂੰ ਹ੍ਰਿਦੇ ਵਿਚ ਉਤਰਨ ਦਿਓ। ਹੋਏ ਹੋਣ ਗੋਰਖ ਤਾਂ ਠੀਕ, ਨ ਹੋਏ ਹੋਣ ਤਾਂ ਵੀ ਚਲੇਗਾ; ਸੂਤਰ ਮਹੱਤਵਪੂਰਨ ਹਨ। ਗੋਰਖ ਦੇ ਹੋਣ, ਨ ਹੋਣ ਨਾਲ ਸੂਤਰਾਂ ਦੀ ਮਹੱਤਾ ਵਿਚ ਕੋਈ (ਫ਼ਰਕ) ਭੇਦ ਨਹੀਂ ਪੈਂਦਾ।

ਕੀ ਤੁਸੀਂ ਸੋਚਦੇ ਹੋ ਕ੍ਰਿਸ਼ਨ ਹੋਏ ਹੋਣ ਤਾਂ ਗੀਤਾ ਜ਼ਿਆਦਾ ਮੁੱਲਵਾਨ ਹੋ ਜਾਏਗੀ ਅਤੇ ਕ੍ਰਿਸ਼ਨ ਨ ਹੋਏ ਹੋਣ ਤਾਂ ਗੀਤਾ ਦਾ ਮੁੱਲ ਗੁਆਚ ਜਾਏਗਾ? ਕੀ ਪਾਗਲਪਨ ਦੀਆਂ ਗੱਲਾਂ ਕਰਦੇ ਹੋ? ਆਈਂਸਟੀਨ ਹੋਏ ਹੋਣ ਤਾਂ ਸਾਪੇਕਸ਼ਵਾਦ ਦਾ ਸਿੱਧਾਂਤ ਜ਼ਿਆਦਾ ਮੁੱਲਵਾਨ ਹੋ ਜਾਏਗਾ? ਆਈਂਸਟੀਨ ਦੇ ਹੋਣ ਨਾਲ ਸਾਪੇਕਸ਼ਵਾਦ ਦੇ ਸਿੱਧਾਂਤ ਵਿਚ ਕੁਝ ਬਲ ਮਿਲਦਾ ਹੈ ? ਕੋਈ ਬਲ ਨਹੀਂ ਮਿਲਦਾ ? ਆਈਂਸਈਨ ਹੋਏ ਹੋਣ ਕਿ ਨ ਹੋਏ ਹੋਣ, ਸਾਪੇਕਸ਼ਵਾਦ ਦਾ ਸਿੱਧਾਂਤ ਆਪਣੇ-ਆਪ ਵਿਚ ਸਬਲ ਹੈ। ਉਸਦੀ ਭਿੱਤੀ (ਦੀਵਾਰ) ਉਸੇ ਵਿਚ ਹੀ ਹੈ। ਜਿਸ ਨੇ ਉਸ ਨੂੰ ਜਨਮ ਦਿੱਤਾ; ਇਹ ਗੱਲ ਗੌਣ ਹੈ।

ਤੁਹਾਨੂੰ ਪਤਾ ਹੈ ਕਿਸ ਨੇ ਪਹਿਲੀ ਵਾਰ ਅੱਗ ਬਾਲੀ? ਵੈਗਿਆਨਿਕ ਕਹਿੰਦੇ ਹਨ ਕਿ ਦੁਨੀਆਂ ਦਾ ਸਭ ਤੋਂ ਵੱਡਾ ਅਵਿਸ਼ਕਾਰ ਹੈ ਅੱਗ ਦਾ; ਕਿਸ ਨੇ ਸਭ ਤੋਂ ਪਹਿਲਾਂ ਬਾਲੀ, ਸਾਨੂੰ ਕੁਝ ਪਤਾ ਨਹੀਂ ਹੋ ਗਏ ਹੋਣਗੇ ਘਟੋ-ਘੱਟ ਪੰਜਾਹ ਹਜ਼ਾਰ ਸਾਲ ਜਾਂ ਉਸ ਤੋਂ ਵੀ ਜ਼ਿਆਦਾ, ਜਦ ਕਿਸੇ ਆਦਮੀ ਨੇ ਅੱਗ ਜਲਾਈ ਹੋਵੇਗੀ। ਉਸ ਦਾ ਨਾਮ ਤਾਂ ਕਿਸੇ ਨੂੰ ਵੀ ਪਤਾ ਨਹੀਂ ਹੈ। ਪਰ ਉਸ ਦੇ ਨਾਮ ਦੇ ਨ ਹੋਣ ਨਾਲ ਕੀ ਤੁਸੀਂ ਅੱਗ ਤੇ ਰੋਟੀ ਨਹੀਂ ਸੇਕ ਲੈਂਦੇ ਹੋ? ਜਦੋਂ ਸਰਦੀ ਲਗਦੀ ਹੈ ਤੇ ਕੋਲ ਬੈਠ ਕੇ ਤਾਪ ਨਹੀਂ ਲੈਂਦੇ ਹੋ? ਉਸ ਨਾਲ ਕੀ ਲੈਣਾ-ਦੇਣਾ ਹੈ ਕਿ 'ਅ' ਸੀ ਕਿ 'ਬ' ਸੀ ਕਿ 'ਸ' ਸੀ, ਕਾਲਾ ਸੀ, ਕਿ ਗੋਰਾ ਸੀ, ਹਿੰਦੁਸਤਾਨ ਵਿਚ ਵਾਪਰੀ ਗੱਲ ਕਿ ਅਫ਼ਰੀਕਾ ਵਿਚ ਵਾਪਰੀ ਗੱਲ? ਕਿੱਥੇ ਸਭ ਤੋਂ ਪਹਿਲਾਂ ਅੱਗ ਬਲੀ, ਕਿਸ ਨੇ ਬਾਲੀ, ਕੀ ਫ਼ਰਕ ਪੈਂਦਾ ਹੈ? ਅਸੀਂ ਜਾਣਦੇ ਹਾਂ ਕਿ ਅੱਗ ਬਹੁਤ ਕੀਮਤੀ ਹੈ ਆਪਣੇ-ਆਪ ਵਿਚ। ਅਜਿਹੀਆਂ ਹੀ ਸਾਧਨਾ ਦੀਆਂ ਪ੍ਰਕ੍ਰਿਆਵਾਂ ਹਨ—ਅੱਗ ਹਨ—ਬਲਦੀ ਅੱਗ; ਜੇਕਰ ਹਿੰਮਤ ਹੈ ਤਾਂ ਛਲਾਂਗ ਲਾ ਲਓ।

ਮਰੋ ਵੇ ਜੋਗੀ ਮਰੋ ਮਰੋ ਮਰਣ ਹੈ ਮੀਠਾ।
ਤਿਸ ਮਰਣੀ ਮਰੋ ਜਿਸ ਮਰਣੀ ਗੋਰਸ਼ ਮਰਿ ਦੀਠਾ॥

ਉਸੇ ਅੱਗ ਵਿਚ ਤੁਸੀਂ ਵੀ ਕੁੱਦ ਪਓ, ਜਿਸ ਵਿਚ ਗੋਰਖ ਕੁੱਦ ਪਏ। ਉਸੇ ਨਿਰਵਿਚਾਰ

ਦੀ ਅਗਨੀ ਵਿਚ ਤੁਸੀਂ ਵੀ ਸੜਕੇ ਸੁਆਹ ਹੋ ਜਾਓ। ਤੁਹਾਡੀ ਸੁਆਹ ਵਿਚੋਂ ਉਠੇਗਾ ਇੱਕ ਨਵਾਂ ਰੂਪ, ਇੱਕ ਨਵਾਂ ਆਲੋਕ, ਇੱਕ ਨਵਾਂ ਜੀਵਨ, ਜਿਹੜਾ ਸਦਾ ਰਹਿਣ ਵਾਲਾ ਹੈ।

ਦੂਜਾ ਸਵਾਲ : ਮੈਂ ਸੰਸਾਰਿਕ ਅਰਥਾਂ ਵਿਚ ਸਭ ਤਰ੍ਹਾਂ ਸੁਖੀ ਹਾਂ, ਪਰ ਫ਼ਿਰ ਵੀ ਸੁਖੀ ਨਹੀਂ ਹਾਂ। ਮੇਰੇ ਦੁਖ ਦਾ ਕਾਰਣ ਵੀ ਸਮਝ ਵਿਚ ਨਹੀਂ ਆਉਂਦਾ। ਤੁਸੀਂ ਮਾਰਗ ਦਰਸ਼ਨ ਦਿਓ।

ਸੰਸਾਰਿਕ ਅਰਥਾਂ ਵਿਚ ਜੋ ਸਭ ਭਾਂਤਿ ਸੁਖੀ ਹੁੰਦਾ ਹੈ ਉਸੇ ਨੂੰ ਪਹਿਲੀ ਵਾਰ ਪਤਾ ਲਗਦਾ ਹੈ ਕਿ ਸੁਖ ਵਿਚ ਕੁਝ ਸਾਰ ਨਹੀਂ ਹੈ। ਦੁਖੀ ਨੂੰ ਤਾਂ ਪਤਾ ਹੀ ਨਹੀਂ ਲਗਦਾ ਹੈ। ਦੁਖੀ ਤਾਂ ਇਸੇ ਆਸ ਵਿਚ ਜੀਊਂਦਾ ਹੈ ਕਿ ਸੰਸਾਰਿਕ ਸੁਖ ਮਿਲ ਜਾਣਗੇ ਤਾਂ ਸਭ ਠੀਕ ਹੋ ਜਾਏਗਾ। ਦੁਖੀ ਆਦਮੀ ਦੀ ਆਸ ਵਿਚ ਬਹੁਤ ਜੀਵੰਤਤਾ ਹੁੰਦੀ ਹੈ। ਦੁਖੀ ਆਦਮੀ ਦੀਆਂ ਅੱਖਾਂ ਵਿਚ ਆਸ ਦੀ ਜੋਤੀ ਹੁੰਦੀ ਹੈ। ਸਿਰਫ਼ ਸੁਖੀ ਆਦਮੀ ਦੀਆਂ ਅੱਖਾਂ 'ਚੋਂ ਜੋਤ ਗੁਆਚ ਜਾਂਦੀ ਹੈ। ਇਸ ਲਈ ਮੈਂ ਲਗਾਤਾਰ ਆਖਦਾ ਹਾਂ ਕਿ ਸਿਰਫ਼ ਸੁਖੀ ਆਦਮੀ, ਤਥਾ-ਕਥਿਤ ਸੰਸਾਰਿਕ ਅਰਥਾਂ ਵਿਚ ਸੁਖੀ ਆਦਮੀ ਹੀ ਧਾਰਮਿਕ ਯਾਤ੍ਰਾ ਉੱਤੇ ਨਿਕਲ ਸਕਦਾ ਹੈ।

ਜਦ ਤੁਹਾਡੇ ਕੋਲ ਸਭ ਤਥਾ-ਕਥਿਤ ਸੁਖ ਹਨ ਅਤੇ ਫ਼ਿਰ ਵੀ ਸੁਖ ਨਹੀਂ ਹੈ, ਤਦ ਇੱਕ ਗੱਲ ਸਾਫ਼ ਹੋ ਗਈ ਕਿ ਇਸ ਸੰਸਾਰ ਵਿਚ ਸੁਖ ਨਹੀਂ ਹੋ ਸਕਦਾ ਹੈ। ਬਾਹਰੋਂ ਤੁਸੀਂ ਜੋ ਇਕੱਠਾ ਕਰ ਸਕਦੇ ਸੀ, ਕਰ ਲਿਆ, ਤੁਸੀਂ ਹੁਣ ਇੱਕ ਸਥਿਤੀ (ਹਾਲਤ) ਵਿਚ ਹੋ ਜਿੱਥੇ ਸਾਰੇ ਭਰਮ ਟੁੱਟ ਗਏ, ਜਿਥੇ ਸਾਰੀਆਂ ਮ੍ਰਿਗ-ਮਰੀਚਿਕਾਵਾਂ ਦੇ ਸੁਫ਼ਨੇ ਉਖੱੜ ਗਏ, ਤੁਸੀਂ ਘੁੰਡ ਚੁੱਕ ਕੇ ਵੇਖ ਲਿਆ, ਅੰਦਰ ਕੁਝ ਵੀ ਨਹੀਂ ਹੈ, ਅੰਦਰ ਕੋਈ ਵੀ ਨਹੀਂ ਹੈ, ਅੰਦਰ ਖ਼ਾਲੀਪਨ ਹੈ। ਅੜਚਨ ਜ਼ਰੂਰ ਹੁੰਦੀ ਹੈ।

ਜਦ ਕੋਈ ਸੰਸਾਰਿਕ ਅਰਥਾਂ ਵਿਚ ਸਭ ਤਰ੍ਹਾਂ ਨਾਲ ਸੁਖੀ ਹੁੰਦਾ ਹੈ ਤਾਂ ਅੜਚਨ ਉਸਨੂੰ ਹੁੰਦੀ ਹੈ ਕਿ ਫ਼ਿਰ ਮਾਮਲਾ ਕੀ ਹੈ? ਹੁਣ ਮੈਨੂੰ ਚਾਹੀਦਾ, ਅਜਿਹਾ ਤਾਂ ਕੁਝ ਵੀ ਨਹੀਂ; ਸਭ ਮੇਰੇ ਕੋਲ ਹੈ—ਧਨ ਹੈ, ਪਦ ਹੈ, ਪ੍ਰਤਿਸ਼ਠਾ ਹੈ, ਪਰਿਵਾਰ ਹੈ, ਸਭ ਤਰ੍ਹਾਂ ਸੁਖੀ ਮੈਨੂੰ ਹੋਣਾ ਚਾਹੀਦਾ। ਇਹ ਹੀ ਤਾਂ ਮੈਂ ਮੰਗਦਾ ਸੀ। ਇਨ੍ਹਾਂ ਦੇ ਹੀ ਨ ਹੋਣ ਦੇ ਕਾਰਣ ਹੁਣ ਤੱਕ ਦੁਖੀ ਸਾਂ, ਹੁਣ ਦੁਖੀ ਕਿਉਂ ਹਾਂ? ਹੁਣ ਤਾਂ ਮੈਨੂੰ ਦੁਖੀ ਨਹੀਂ ਹੋਣਾ ਚਾਹੀਦਾ। ਤੁਹਾਡਾ ਭਰਮ ਟੁੱਟਿਆ। ਤੁਸੀਂ ਜਿਨ੍ਹਾਂ ਕਾਰਣਾਂ ਕਰਕੇ ਸੋਚਦੇ ਸੀ ਕਿ ਦੁਖੀ ਹੋ ਉਹ ਅਸਲੀ ਕਾਰਣ ਨਹੀਂ ਸਨ। ਤੁਸੀਂ ਜੋ ਸੋਚਦੇ ਸੀ ਕਿ ਇੰਨੀਆਂ ਚੀਜ਼ਾਂ ਮੇਰੇ ਕੋਲ ਹੋ ਜਾਣਗੀਆਂ ਤਾਂ ਮੈਂ ਸੁਖੀ ਹੋ ਜਾਵਾਂਗਾ, ਹੁਣ ਤੁਹਾਨੂੰ ਪਤਾ ਲੱਗਾ ਕਿ ਉਹ ਸਭ ਚੀਜ਼ਾਂ ਹਨ ਅਤੇ ਸੁਖ ਨਹੀਂ ਆਇਆ। ਤਾਂ ਤੁਹਾਡੇ ਸੁਖ ਦੇ ਸੰਬੰਧ ਦਾ ਸਾਰਾ ਵਿਸ਼ਲੇਸ਼ਣ (ਅਨੈਲੇਸਿਜ਼) ਗਲਤ ਸੀ; ਕੁਝ ਹੋਰ ਚਾਹੀਦਾ ਸੀ। ਜਿਸ ਨਾਲ ਸੁਖ ਮਿਲਦਾ ਹੈ। ਕੁਝ ਅੰਦਰ ਜਾਗਣਾ ਚਾਹੀਦਾ, ਉਸ ਨਾਲ ਸੁਖ ਮਿਲਦਾ ਹੈ।

ਸੁਖ ਬਾਹਰ ਦੀ ਕਿਸੇ ਸ਼ਰਤ ਦੇ ਪੂਰੇ ਹੋਣ ਨਾਲ ਨਹੀਂ ਮਿਲਦਾ। ਸੁਖ ਆਤਮ-ਜਾਗ੍ਰਤੀ

ਦੀ ਛਾਂ ਹੈ। ਸੁਖ ਤਾਂ ਪਰਮਾਤਮਾ ਦੇ ਮਿਲਣ ਨਾਲ ਹੀ ਮਿਲਦਾ ਹੈ ਅਤੇ ਪਰਮਾਤਮਾ ਤੁਹਾਡੇ ਅੰਦਰ ਲੁੱਕਿਆ ਬੈਠਾ ਹੈ, ਪਰ ਤੁਸੀਂ ਬਾਹਰ ਭਜਦੇ ਚਲੇ ਜਾਂਦੇ ਹੋ। ਤੁਸੀਂ ਪਿੱਠ ਕਰ ਰੱਖੀ ਹੈ, ਉਸਦੇ ਵਲ। ਤੁਸੀਂ ਪਰਮਾਤਮਾ ਨੂੰ ਵੀ ਲਭੱਣ ਜਾਂਦੇ ਹੋ ਤਾਂ ਬਾਹਰ ਜਾਂਦੇ ਹੋ—ਕਾਸ਼ੀ, ਕਾਬ੍ਹਾ, ਕੈਲਾਸ਼। ਤੁਸੀਂ ਪਰਮਾਤਮਾ ਨੂੰ ਵੀ ਲਭੱਦੇ ਹੋ ਮੰਦਰ, ਮਸਜਿਦ, ਗੁਰਦੁਆਰੇ ...। ਤੁਸੀਂ ਅੱਖਾਂ ਬੰਦ ਕਦ ਕਰੋਗੇ? ਤੁਸੀਂ ਆਪਣੇ ਅੰਦਰ ਕਦ ਝਾਂਕੋਗੇ? ਤੁਸੀਂ ਲੱਭਣ ਵਾਲੇ ਵਿਚ ਕਦ ਲੱਭੋਗੇ? ਇਹ ਤੁਹਾਡੇ ਅੰਦਰ ਜੋ ਚੇਤਨਾ ਹੈ, ਜ਼ਰਾ ਇਸ ਨਾਲ ਸੰਬੰਧ ਬਣਾਓ, ਜ਼ਰਾ ਇਸ ਵਿਚ ਜੱੜ੍ਹਾਂ ਫੈਲਾਓ। ਜ਼ਰਾ ਇਸ ਨਾਲ ਪਰਿਚੈ (ਵਾਕਫ਼ੀਅਤ) ਬਣਾਓ। ਬਸ ਇਸ ਦੇ ਪਰਿਚੈ ਨਾਲ ਹੀ ਸੁਖ ਪੈਦਾ ਹੁੰਦਾ ਹੈ। ਸੰਸਾਰ ਵਿਚ ਨ ਤਾਂ ਸੁਖ ਹੈ, ਨ ਹੋ ਸਕਦਾ ਹੈ; ਨ ਕਦੇ ਹੋਇਆ ਹੈ, ਨ ਕਦੇ ਹੋਏਗਾ। ਸੁਖ ਤਾਂ ਕੇਵਲ ਤਦ ਹੁੰਦਾ ਹੈ ਜਦ ਸਾਡੇ ਅੰਤਰਤਮ ਵਿਚ ਲੁੱਕੇ ਮਾਲਿਕ ਨਾਲ ਮਿਲਣ ਹੁੰਦਾ ਹੈ।

ਜਬ ਤੁਮਹੀ ਅਨਜਾਨ ਬਨ ਕਰ ਰਹਿ ਗਏ,
ਵਿਸ਼ਵ ਕੀ ਪਹਿਚਾਨ ਲੇਕਰ ਕਿਆ ਕਰੂੰ ?
ਜਬ ਨ ਤੁਮ ਸੇ ਸਨੇਹ ਕੇ ਦੋ ਕਣ ਮਿਲੇ,
ਵਯਥਾ ਕਹਨੇ ਕੇ ਲਿਏ ਦੋ ਛਣ ਮਿਲੇ;
ਜਬ ਤੁਮਹੀ ਨੇ ਕੀ ਸਤਤ ਅਵਹੇਲਨਾ,
ਵਿਸ਼ਵ ਕਾ ਸੰਮਾਨ ਲੇਕਰ ਕਿਆ ਕਰੂੰ ?
ਜਬ ਤੁਮਹੀ ਅਨਜਾਨ ਬਨ ਕਰ ਰਹਿ ਗਏ,
ਵਿਸ਼ਵ ਕੀ ਪਹਿਚਾਨ ਲੇਕਰ ਕਿਆ ਕਰੂੰ ?

ਏਕ ਆਸ਼ਾ, ਏਕ ਹੀ ਅਰਮਾਨ ਥਾ,
ਬਸ ਤੁਮ ਹੀ ਪਰ ਹ੍ਰਿਦੇ ਕੋ ਅਭਿਮਾਨ ਥਾ;
ਪਰ ਨ ਜਬ ਤੁਮ ਹੀ ਹਮੇਂ ਅਪਨਾ ਸਕੇ,
ਵਿਅਰਥ ਯਹ ਅਭਿਮਾਨ ਲੇਕਰ ਕਿਆ ਕਰੂੰ ?
ਜਬ ਤੁਮਹੀ ਅਨਜਾਨ ਬਨ ਕਰ ਰਹਿ ਗਏ,
ਵਿਸ਼ਵ ਕੀ ਪਹਿਚਾਨ ਲੇਕਰ ਕਿਆ ਕਰੂੰ ?

ਦੂੰ ਤੁਮਹੇਂ ਕੈਸੇ ਜਲਨ ਅਪਨੀ ਦਿਖਾ?
ਦੂੰ ਤੁਮਹੇਂ ਅਪਨੀ ਲਗਨ ਕੈਸੇ ਦਿਖਾ?
ਜੋ ਸਵਰਿਤ ਹੋਕਰ ਨ ਕੁੱਛ ਭੀ ਕਹਿ ਸਕੇਂ,
ਮੈਂ ਭਲਾ ਵੇ ਗਾਨ ਲੇਕਰ ਕਿਆ ਕਰੂੰ ?
ਜਬ ਤੁਮਹੀ ਅਨਜਾਨ ਬਨ ਕਰ ਰਹਿ ਗਏ,
ਵਿਸ਼ਵ ਕੀ ਪਹਿਚਾਨ ਲੇਕਰ ਕਿਆ ਕਰੂੰ ?

ਸ਼ਲਭ ਕਾ ਥਾ ਪ੍ਰਸ਼ਨ ਦੀਪਕ ਸੇ ਯਹੀ,
ਮੀਨ ਨੇ ਯਹ ਬਾਤ ਜੀਵਨ ਸੇ ਕਹੀ;
ਹੋਂ ਵਿਲਗ ਤੁਮ ਸੇ ਨ ਜੋ ਫ਼ਿਰ ਭੀ ਮਿਟੇ;
ਮੈਂ ਭਲਾ ਵੇ ਪ੍ਰਾਣ ਲੇਕਰ ਕਿਆ ਕਰੂੰ ?
ਜਬ ਤੁਮਹੀ ਅਨਜਾਨ ਬਨ ਕਰ ਰਹਿ ਗਏ,
ਵਿਸ਼ਵ ਕੀ ਪਹਿਚਾਨ ਲੇਕਰ ਕਿਆ ਕਰੂੰ ?

ਅਰਚਨਾ ਨਿਸ਼ਪ੍ਰਾਣ ਕੀ ਕਬ ਤੱਕ ਕਰੂੰ,
ਕਾਮਨਾ ਵਰਦਾਨ ਕੀ ਕਬ ਤੱਕ ਕਰੂੰ;
ਜੋ ਬਨਾ ਯੁਗ-ਯੁਗ ਪਹੇਲੀ ਸਾ ਰਹੇ,
ਮੌਨ ਵਹ ਭਗਵਾਨ ਲੇਕਰ ਕਿਆ ਕਰੂੰ ?
ਜਬ ਤੁਮਹੀ ਅਨਜਾਨ ਬਨ ਕਰ ਰਹਿ ਗਏ,
ਵਿਸ਼ਵ ਕੀ ਪਹਿਚਾਨ ਲੇਕਰ ਕਿਆ ਕਰੂੰ?

ਪਰਮਾਤਮਾ ਨਾਲ ਪਛਾਣ ਹੋਵੇ, ਉਸ ਨਾਲ ਥੋੜ੍ਹਾ ਨਾਤਾ ਬਣੇ, ਨੇਹ-ਨਾਤਾ ਬਣੇ, ਉਸ ਨਾਲ ਥੋੜ੍ਹਾ ਪ੍ਰੇਮ ਦਾ ਸੂਤਰ ਜੁੜੇ। ਕੱਚਾ ਧਾਗਾ ਹੀ ਸਹੀ ਉਸਦੇ ਪ੍ਰੇਮ ਦਾ—ਅਤੇ ਸੁਖ ਦੀ ਅਨੰਤ ਬਾਰਸ਼ ਹੋ ਜਾਂਦੀ ਹੈ। ਸਾਰਾ ਸੰਸਾਰ ਪਾ ਕੇ ਜੋ ਨਹੀਂ ਮਿਲਦਾ, ਉਹ ਸਮਾਧੀ ਦਾ ਇੱਕ ਛਣ ਪਾ ਕੇ ਮਿਲ ਜਾਂਦਾ ਹੈ।

ਸੰਪਦਾ ਅੰਦਰ ਹੈ। ਸੰਪਦਾ ਤੁਸੀਂ ਲੈ ਕੇ ਆਏ ਹੋ। ਸੁਖ ਤੁਹਾਡਾ ਸੁਭਾਅ ਹੈ। ਸੁਖ ਨੂੰ ਅਰਜਿਤ (ਪੈਦਾ) ਨਹੀਂ ਕਰਨਾ ਹੈ। ਹੋਰ ਸੁਖ ਲਈ ਕੋਈ ਸ਼ਰਤ ਪੂਰੀ ਨਹੀਂ ਕਰਨੀ; ਸੁਖ ਬੇਸ਼ਰਤ ਹੈ, ਕਿਉਂਕਿ ਸੁਖ ਸੁਭਾਅ ਹੈ।

ਦੁਖੀ ਹੋਣਾ ਵਿਭਾਵ ਹੈ, ਸੁਖੀ ਹੋਣਾ ਸਹਿਜ ਘਟਨਾ ਹੈ।

ਜਿਵੇਂ ਅੱਗ ਗਰਮ ਹੈ, ਇਹ ਉਸ ਦਾ ਸਭਾਓ ਹੈ—ਇਸੇ ਤਰ੍ਹਾਂ ਮਨੁੱਖ ਆਨੰਦਿਤ ਹੋਵੇ, ਇਹ ਉਸਦਾ ਸੁਭਾਅ ਹੈ! ਆਨੰਦਿਤ ਮਨੁੱਖ ਨੂੰ ਵੇਖ ਕੇ ਇਹ ਨ ਸੋਚਣਾ ਕਿ ਕੁਝ ਵਿਸ਼ਿਸ਼ਟਤਾ (ਖਾਸੀਅਤ) ਹੋ ਗਈ। ਆਨੰਦਿਤ ਮਨੁੱਖ ਸਾਮਾਨਯ (ਆਮ) ਮਨੁੱਖ ਹੈ, ਸਰਲ ਮਨੁੱਖ ਹੈ। ਦੁਖੀ ਮਨੁੱਖ ਨੂੰ ਵੇਖ ਕੇ ਸਮਝਣਾ ਕਿ ਕੁਝ ਗੜਬੜ ਹੈ, ਕੁਝ ਖਾਸੀਅਤ ਹੈ। ਦੁਖੀ ਆਦਮੀ ਅਸਾਧਾਰਣ ਆਦਮੀ ਹੈ, ਕਿਉਂਕਿ ਜੋ ਨਹੀਂ ਹੋਣਾ ਚਾਹੀਦਾ ਉਹ ਉਸ ਨੇ ਕਰਕੇ ਵਿਖਾ ਦਿੱਤਾ। ਸੁਖੀ ਆਦਮੀ ਤਾਂ ਉਹ ਹੀ ਕਰ ਰਿਹਾ ਹੈ ਜੋ ਹੋਣਾ ਚਾਹੀਦਾ। ਜਿਵੇਂ ਕੋਇਲ ਕੂਕੇ, ਗੀਤ ਗਾਏ; ਇਸ ਨੂੰ ਤੁਸੀਂ ਕੁਝ ਖ਼ਾਸੀਅਤ ਤਾਂ ਨਹੀਂ ਕਹਿੰਦੇ। ਹਾਂ, ਕੋਇਲ ਇੱਕ ਦਿਨ ਕਾਂ ਦੇ ਵਾਂਗੂ ਕਾਂ-ਕਾਂ ਕਰਨ ਲਗੇ ਤਾਂ ਅੜਚਨ ਹੋਏਗੀ।

ਮੱਨੁਖ ਦਾ ਸੁਖ ਇੱਕਦਮ ਸਹਜ ਗੱਲ ਹੈ। ਜਿਵੇਂ ਦਰਖ਼ੱਤ ਹਰੇ ਹੁੰਦੇ ਹਨ ਅਤੇ ਫ਼ੁੱਲਾਂ ਵਿਚ ਸੁਗੰਧ ਹੁੰਦੀ ਹੈ ਅਤੇ ਪੰਛੀ ਖੰਭ ਪਸਾਰ ਕੇ ਆਕਾਸ਼ ਵਿਚ ਉਡਦੇ ਹਨ, ਅਜਿਹਾ ਹੀ ਸੁਖ ਮਨੁੱਖ ਦਾ ਸੁਭਾਅ ਹੈ। ਇਸ ਸੁਭਾਅ ਨੂੰ ਅਸੀਂ ਸਚਿੱਦਾਨੰਦ ਕਿਹਾ ਹੈ। ਇਸ ਦੇ ਤਿੰਨ ਲਛੱਣ ਹਨ—ਸਤ੍ਹ, ਚਿੱਤ, ਆਨੰਦ। ਸਤ੍ਹ ਦਾ ਅਰਥ ਹੁੰਦਾ ਹੈ : ਜੋ ਹੈ ਅਤੇ ਕਦੇ ਮਿਟੇਗਾ

ਨਹੀਂ, ਜੋ ਸ਼ਾਸ਼ਵਤ (ਸਦਾ ਰਹਿਣ ਵਾਲਾ) ਹੈ। ਚਿੱਤ ਦਾ ਅਰਥ ਹੁੰਦਾ ਹੈ : ਚੈਤਨਯ, ਜਾਗਰਣ, ਧਿਆਨ, ਸਮਾਧੀ ਅਤੇ ਆਨੰਦ ਪਰਾਕਾਸ਼ਠਾ (ਚਰਚ ਸੀਮਾਂ-ਅਨੰਤ) ਹੈ। ਜੋ ਹੈ ਅਤੇ ਧਿਆਨ ਮਗਨ ਹੈ। ਉਸ ਵਿਚ ਆਨੰਦ ਦੀ ਸੁਵਾਸ ਉਠਦੀ ਹੈ।

ਸਤ੍ਹ ਬਣੋ, ਤਾਂ ਕਿ ਚਿੱਤ ਬਣ ਸਕੋ। ਅਤੇ ਜਿਸ ਦਿਨ ਤੁਸੀਂ ਚਿੱਤ ਬਣੇ, ਉਸੇ ਦਿਨ ਆਨੰਦ ਦੀ ਸੁਵਾਸ ਉਠੇਗੀ। ਸਤ੍ਹ ਦੇ ਦਰਖ਼ੱਤ ਉੱਤੇ ਚਿੱਤ ਦੇ ਫ਼ੁੱਲ ਲਗਦੇ ਹਨ, ਆਨੰਦ ਦੀ ਸੁਗੰਧ ਬਿਖਰਦੀ ਹੈ।

ਕੀ ਤੁਹਾਡੇ ਕੋਲ ਹੈ, ਕੀ ਤੁਹਾਡੇ ਕੋਲ ਨਹੀਂ ਹੈ—ਇਸ ਨਾਲ ਸੁਖ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਕੀ ਤੁਸੀਂ ਹੋ, ਇਸ ਦੇ ਨਾਲ ਸੁਖ ਦਾ ਸੰਬੰਧ ਹੈ? ਚੀਜ਼ਾਂ ਕਿੰਨੀਆਂ ਹੀ ਇਕੱਠੀਆਂ ਕਰ ਲਓ, ਉਨ੍ਹਾਂ ਨਾਲ ਸ਼ਾਇਦ ਤੁਹਾਡੀਆਂ ਚਿੰਤਾਵਾਂ ਵੱਧ ਜਾਣ, ਪਰੇਸ਼ਾਨੀਆਂ ਵੱਧ ਜਾਣ, ਪਰ ਸੁਖ ਨਹੀਂ ਵੱਧੇਗਾ। ਉਨ੍ਹਾਂ ਤੋਂ ਦੁਖ ਵੱਧ ਸਕਦਾ ਹੈ ਜ਼ਰੂਰ, ਪਰ ਸੁਖ ਦੇ ਵਧੱਣ ਦਾ ਕੋਈ ਸੰਬੰਧ ਨਹੀਂ।

ਹੋਰ ਮੈਂ ਇਹ ਨਹੀਂ ਕਹਿ ਰਿਹਾ, ਕਿ ਤੁਸੀਂ ਚੀਜ਼ਾਂ ਛੱਡ ਦਿਓ, ਕਿ ਘਰੋਂ ਭੱਜ ਜਾਓ, ਕਿ ਬਾਜ਼ਾਰ ਦਾ ਤਿਆਗ ਕਰ ਦਿਓ। ਨਹੀਂ, ਮੇਰੀ ਗੱਲ ਗਲਤ ਨ ਸਮਝ ਲੈਣਾ। ਜੋ ਹੈ, ਠੀਕ ਹੈ; ਨ ਛੱਡ ਕੇ ਭੱਜ ਜਾਣ ਵਿਚ ਕੁਝ ਹੋਣ ਵਾਲਾ ਹੈ, ਨ ਪਕੜੇ ਰਹਿਣ ਨਾਲ ਕੁਝ ਹੋਣ ਵਾਲਾ ਹੈ। ਤੁਸੀਂ ਜਿੱਥੇ ਹੋ ਉੱਥੇ ਹੀ ਰਹੋ, ਪਰ ਤਲਾਸ਼ ਅੰਦਰ ਸ਼ੁਰੂ ਕਰੋ। ਬਹੁਤ ਹੋ ਚੁੱਕੀ ਬਾਹਰ ਦੀ ਖੋਜ, ਹੁਣ ਅੰਦਰ ਜਾਓ। ਹੁਣ ਉਸਦੇ ਨਾਲ ਪਛਾਣ ਕਰੋ, ਜਿਸ ਨਾਲ ਪਛਾਣ ਹੋ ਜਾਂਦੀ ਹੈ ਤਾਂ ਸਭ ਮਿਲ ਜਾਂਦਾ ਹੈ, ਸਭ ਇੱਛਾਵਾਂ ਝੱਟ-ਪੱਟ ਪੂਰੀਆਂ ਹੋ ਜਾਂਦੀਆਂ ਹਨ।

ਤੀਜਾ ਸਵਾਲ : ਜੀਵਨ ਇੰਨਾ ਪਿਆਰਾ ਕਿਉਂ ਹੈ? ਹਰ ਇੱਕ ਵਸਤੂ, ਵਿਅਕਤੀ, ਸ੍ਰਿਸ਼ਠੀ, ਜ਼ਾਹਿਰ-ਨਾ ਜ਼ਾਹਿਰ ਭੀ। ਰੰਗ, ਨਾਦ, ਗਤਿ, ਰੁਚੀ, ਕਲਹ ਭੀ! ਭਗਵਾਨ ਇਸ ਦਾ ਸਮਰਣ ਕਰਨ ਨਾਲ ਵੀ ਹ੍ਰਿਦੇ ਭਰ ਆਉਂਦਾ ਹੈ, ਅਥਰੂ ਵੱਗਦੇ ਹਨ, ਸਾਹ ਖਿੱਚ ਜਾਂਦਾ ਹੈ। ਗੱਲ-ਬਾਤ ਬੰਦ ਹੋ ਜਾਂਦੀ ਹੈ। ਰੁਦਨ ਹੁੰਦਾ ਹੈ।

ਕੁਝ ਦੱਸ ਨਹੀਂ ਸਕਦੀ ਭਗਵਾਨ! ਅੱਖਾਂ ਬੰਦ ਹੁੰਦੀਆਂ ਹਨ ਅਤੇ ਬੈਠ ਜਾਂਦੀ ਹਾਂ।

ਆਨੰਦ ਭਾਰਤੀ! ਜੀਵਨ ਪਿਆਰਾ ਹੀ ਹੋ ਸਕਦਾ ਹੈ, ਕਿਉਂਕਿ ਜੀਵਨ ਪਰਮਾਤਮਾ ਹੈ ਜੀਵਨ ਉਸ ਪਰਮ ਪਿਆਰੇ ਦੀ ਅਭਿਵਿਅਕਤੀ (ਸਾਖ਼ਸ਼ਾਤਕਾਰ) ਹੈ। ਉਹ ਹੀ ਤਾਂ ਪ੍ਰਗਟ ਹੋਇਆ ਹੈ ਅਨੰਤ-ਅਨੰਤ ਰੂਪਾਂ ਵਿਚ। ਤੁਸੀਂ ਮੰਦਰ ਬਣਾ ਕੇ ਉਸ ਨੂੰ ਝੁਠਲਾ ਦਿੱਤਾ, ਕਿਉਂਕਿ ਉਸ ਦਾ ਮੰਦਰ ਤਾਂ ਸਭ ਪਾਸੇ ਹੈ। ਜਿੱਥੇ ਝੁੱਕ ਗਏ ਉੱਥੇ ਹੀ ਉਸਦਾ ਮੰਦਰ। ਜਿੱਥੇ ਅੱਖ ਖੁਲ੍ਹੀ ਉੱਥੇ ਹੀ ਉਸਦੀ ਛਵੀ। ਜਿੱਥੇ ਸੁਨਣ ਲਈ ਰਾਜ਼ੀ ਹੋਏ ਉੱਥੇ ਹੀ ਉਸਦਾ ਨਾਦ। ਜੋ ਦੇਖੋ, ਜੋ ਸੁਣੋ, ਜੋ ਚਲੋ, ਸਭ ਉਹ ਹੀ ਹੈ।

ਇਸ ਲਈ ਤਾਂ ਉਪਨਿਸ਼ਦ ਕਹਿ ਸਕੇ : ਅੰਨ ਬ੍ਰਹਮ। ਅਜਿਹਾ ਵਕਤਵਯ (ਕਥਨ) ਦੁਨੀਆਂ ਦੇ ਕਿਸੇ ਸ਼ਾਸਤ੍ਰ ਵਿਚ ਨਹੀਂ ਹੈ। ਅਤੇ ਜਦ ਪਹਿਲੀ ਵਾਰ ਉਪਨਿਸ਼ਦਾਂ ਦੇ

ਅਨੁਵਾਦ ਕੀਤੇ ਗਏ ਅਤੇ ਜਦ ਅੰਗਰੇਜ਼ੀ ਵਿਚ ਲਿਖਿਆ ਗਿਆ 'ਫੂਡ ਇਜ਼ ਗਾਡ', ਲੋਗ ਬਹੁਤ ਹੈਰਾਨ ਹੋਏ—ਭੋਜਨ ਅਤੇ ਭਗਵਾਨ। ਹੁਣ ਅਨੁਵਾਦ ਵੀ ਕੀ ਕਰੋ? ਥੋੜ੍ਹੇ ਚੌਂਕੇ ਕਿ ਇਹ ਕਿਸ ਤਰ੍ਹਾਂ ਦਾ ਕਥਨ ਹੈ। ਸਮਝੇ ਵੀ ਨਹੀਂ। ਸਿੱਧਾ-ਸਿੱਧਾ ਸ਼ਾਬਦਿਕ ਅਨੁਵਾਦ ਕਰ ਦਿੱਤਾ—ਫੂਡ ਇਜ਼ ਗਾਡ, ਅੰਨ ਬ੍ਰਹਮ। ਭੁੱਲ ਹੋ ਗਈ।

ਇੰਨੇ ਮਹਤੱਵਪੂਰਨ ਵਚਨਾਂ ਦੇ ਸਿੱਧੇ-ਸਿੱਧੇ ਅਨੁਵਾਦ ਨਹੀਂ ਹੁੰਦੇ, ਇੰਨੇ ਮਹਤੱਵ ਵਚਨਾਂ ਦੇ ਤਾਂ ਕੇਵਲ ਪਰੋਕਸ਼ (ਦ੍ਰਿਸ਼ਟੀ ਤੋਂ ਬਾਹਰ) ਅਨੁਵਾਦ ਹੁੰਦੇ ਹਨ। ਅਜਿਹੇ ਵਚਨਾਂ ਨੂੰ ਸਮਝਾਇਆ ਜਾ ਸਕਦਾ ਹੈ, ਸਿੱਧਾ-ਸਿੱਧਾ ਅਨੁਵਾਦਿਤ ਨਹੀਂ ਕੀਤਾ ਜਾ ਸਕਦਾ। ਇਹ ਤਾਂ ਬਹੁਤ ਮਹੱਤਵਪੂਰਨ ਵਚਨ ਹੈ।

ਉਪਨਿਸ਼ਦ ਇਹ ਕਹਿ ਰਹੇ ਹਨ ਕਿ ਸਵਾਦ ਵੀ ਲਓਗੇ ਤਾਂ ਉਸੇ ਦਾ, ਹੋਰ ਤਾਂ ਕੋਈ ਹੈ ਨਹੀਂ। ਲੈਣ ਵਾਲਾ ਵੀ ਉਹ ਹੀ ਹੈ; ਉਹ ਜਿਹੜਾ ਅੰਦਰ ਬੈਠਾ ਸੁਵਾਦ ਲੈ ਰਿਹਾ ਹੈ, ਉਹ ਵੀ ਉਹ ਹੀ ਹੈ; ਅਤੇ ਜਿਸ ਦਾ ਸਵਾਦ ਲੈ ਰਿਹਾ ਹੈ ਉਹ ਵੀ ਉਹ ਹੀ ਹੈ। ਤੁਸੀਂ ਤੋੜਿਆ ਦਰਖ਼ੱਤ ਤੋਂ ਇੱਕ ਨਾਸ਼ਪਾਤੀ ਦਾ ਫ਼ੱਲ; ਨਾਸ਼ਪਾਤੀ ਵਿਚ ਵੀ ਉਹ ਹੀ ਹੈ, ਤੁਹਾਡੇ ਵਿਚ ਵੀ ਉਹ ਹੀ ਹੈ, ਤੁਸੀਂ ਦੋਵੇਂ ਭਿੰਨ ਨਹੀਂ ਹੋ। ਉਹ ਇੱਕ ਢੰਗ ਸੀ ਉਸ ਦੇ ਪ੍ਰਗਟ ਹੋਣ ਦਾ, ਤੁਸੀਂ ਦੂਜੇ ਢੰਗ ਹੋ ਉਸਦੇ ਪ੍ਰਗਟ ਹੋਣ ਦੇ। ਪਰਮਾਤਮਾ ਅਨੰਤ ਰੂਪਾਂ ਵਿਚ ਅਭਿਵਿਅੰਜਿਤ (ਪ੍ਰਗਟ) ਹੋਇਗਾ ਹੈ। ਇਹ ਸਾਰੇ ਗੀਤ ਉਸਦੇ ਹਨ। ਗਾਇਕ ਇੱਕ ਹੈ। ਪਿਆਰਾ ਤਾਂ ਹੋਇਗਾ ਹੀ ਜਗਤ ਅਤੇ ਜੀਵਨ।

ਪਰ ਮੈਂ ਸਮਝਦਾ ਹਾਂ ਆਨੰਦ ਭਾਰਤੀ ਦੀ ਕੀ ਅੜਚਨ ਹੈ। ਸਾਨੂੰ ਸਦੀਆਂ ਤੋਂ ਸਿਖਾਇਆ ਗਿਆ ਹੈ ਕਿ ਜੀਵਨ ਪਾਪ ਹੈ। ਸਾਨੂੰ ਸਮਝਾਇਆ ਗਿਆ ਹੈ ਕਿ ਜੀਵਨ ਤਾਂ ਸਾਡੇ ਪਿੱਛਲੇ ਜਨਮਾਂ ਦੇ ਪਾਪਾਂ ਦਾ ਫੱਲ ਹੈ, ਪਿਆਰਾ ਕਿਵੇਂ ਹੋ ਸਕਦਾ ਹੈ? ਜਿਨ੍ਹਾਂ ਨੇ ਵੀ ਜੀਵਨ ਨੂੰ ਪਾਪ ਕਿਹਾ ਹੈ, ਉਨ੍ਹਾਂ ਨੇ ਪਰਮਾਤਮਾ ਨੂੰ ਪਾਪ ਕਹਿ ਦਿੱਤਾ! ਨਹੀਂ ਸਮਝੇ ਉਹ ਉਪਨਿਸ਼ਦਾਂ ਦੇ ਵਚਨ ਹਨ। ਜਿਨ੍ਹਾਂ ਨੇ ਜੀਵਨ ਨੂੰ ਪਾਪਾਂ ਦਾ ਫੱਲ ਕਹਿ ਦਿੱਤਾ, ਉਨ੍ਹਾਂ ਨੇ ਪਰਮਾਤਮਾ ਦੇ ਪ੍ਰਸਾਦ ਦਾ ਤ੍ਰਿਸਕਾਰ ਕਰ ਦਿੱਤਾ।

ਇਸ ਲਈ ਜੋ ਮੇਰੇ ਕੋਲ ਆਏ ਹਨ, ਜੋ ਮੇਰੇ ਕੋਲ ਹੌਲੀ-ਹੌਲੀ ਧਿਆਨ ਦੀਆਂ ਪੌੜੀਆਂ ਉਤਰ ਰਹੇ ਹਨ, ਉਨ੍ਹਾਂ ਨੂੰ ਅੱਜ ਨਹੀਂ ਕੱਲ੍ਹ ਇਹ ਅੜਚਨ ਆਏਗੀ, ਜਿਵੇਂ ਆਨੰਦ ਭਾਰਤੀ ਨੂੰ ਆ ਗਈ। ਇੱਕ ਦਿਨ ਅਜਿਹਾ ਹੋਏਗਾ ਅਚਾਨਕ ਸਵੇਰੇ ਜਾਗ ਕੇ ਤੁਸੀਂ ਪਾਓਗੇ ਕਿ ਸਾਰਾ ਜਗਤ ਅਪੂਰਣ ਰੂਪ ਨਾਲ ਪ੍ਰੀਤੀਕਰ ਹੈ, ਸਾਰਾ ਜੀਵਨ ਉਸਦੇ ਨਾਦ ਨਾਲ ਭਰਿਆ ਹੈ। ਉਸੇ ਦੀ ਵੀਣਾਂ ਵਜ ਰਹੀ ਹੈ। ਉਹ ਹੀ ਗਾਉਂਦਾ ਹੈ ਪੰਛੀਆਂ ਵਿਚ। ਉਹ ਹੀ ਵਗੱਦਾ ਹੈ ਸਰ-ਸਰਿਤਾਵਾਂ (ਸਰੋਵਰ-ਝਰਨੇ ਆਦਿ) ਵਿਚ। ਉਹ ਹੀ ਸਾਗਰ ਵਿਚ ਉਤੰਗ (ਉਛਲਦੀਆਂ ਲਹਿਰਾਂ) ਲਹਿਰਾਂ ਉਠਾਉਂਦਾ ਹੈ। ਉਹ ਹੀ ਚੰਨ-ਤਾਰਿਆਂ ਵਿਚੋਂ ਝਾਂਕਦਾ ਹੈ। ਜੁਗਨੂੰ ਤੋਂ ਲੈ ਕੇ ਸੂਰਜ ਤੱਕ ਉਸੇ ਦਾ ਪ੍ਰਕਾਸ਼ ਹੈ। ਪਾਪੀਆਂ ਵਿਚ ਵੀ ਉਹ ਹੀ ਬੈਠਾ ਹੈ, ਉਨਾ ਹੀ ਜਿੰਨਾ ਪੁੰਨ ਆਤਮਾਵਾਂ ਵਿਚ; ਰਤੀ ਭਰ ਘੱਟ ਨਹੀਂ।

ਰਾਵਣ ਵਿਚ ਤੁਸੀਂ ਸੋਚਦੇ ਹੋ ਰਾਮ ਘੱਟ ਹੈ? ਉਨੇ ਹੀ ਰਾਮ ਰਾਵਣ ਵਿਚ ਹਨ, ਜਿੰਨੇ

ਰਾਮ ਵਿਚ, ਜ਼ਰਾ ਵੀ ਭੇਦ-ਭਾਵ ਨਹੀਂ ਹੈ; ਭੇਦ-ਭਾਵ ਹੋ ਹੀ ਨਹੀਂ ਸਕਦਾ। ਇਹ ਦੂਜੀ ਗੱਲ ਹੈ ਕਿ ਰਾਮ-ਲੀਲ੍ਹਾ ਲਈ ਦੋ ਹਿੱਸਿਆਂ ਵਿਚ ਵੰਡਣਾ ਜ਼ਰੂਰੀ ਹੈ।

ਤੁਸੀਂ ਸੋਚਦੇ ਹੋ ਰਾਵਣ ਦੇ ਬਿਨਾਂ ਰਾਮਲੀਲ੍ਹਾ ਹੋ ਸਕੇਗੀ? ਕਿਵੇਂ ਹੋਏਗੀ; ਸਹਾਰਾ ਹੀ ਢਹਿ ਜਾਏਗਾ। ਰਾਵਣ ਤੋਂ ਬਿਨਾਂ ਰਾਮ ਹੋ ਸਕਣਗੇ, ਤੁਸੀਂ ਸੋਚਦੇ ਹੋ? ਅਸੰਭਵ ਹੈ। ਜ਼ਰਾ ਲਿਖ ਕੇ ਵੇਖੋ ਕੋਈ ਕਥਾ ਰਾਮ ਦੀ; ਰਾਵਣ ਨੂੰ ਛੱਡ ਦਿਓ, ਸਿਰਫ਼ ਰਾਮ ਹੀ ਰਾਮ ਦੀ ਕਥਾ ਲਿਖੋ। ਤੁਸੀਂ ਖ਼ੁਦ ਹੀ ਪਾਓਗੇ ਬਿਲਕੁੱਲ ਬੇ-ਸੁਆਦ ਹੋ ਗਈ। ਕੁਝ ਰਸ ਨ ਰਿਹਾ, ਕੁਝ ਅਰਥ ਨ ਰਿਹਾ। ਖਲੋਤੇ ਹਨ ਧਨੁਸ਼-ਬਾਣ ਲਈ, ਖ਼ੁਦ ਵੀ ਥਕ ਜਾਣਗੇ, ਤੁਸੀਂ ਵੀ ਥਕ ਜਾਓਗੇ। ਬੈਠੀ ਹੈ ਸੀਤਾ ਮਾਂ ਅਤੇ ਰਾਮਚੰਦਰ ਜੀ। ਨ ਕੋਈ ਚੋਰੀਂ ਲੈ ਜਾਂਦਾ, ਨ ਕੋਈ ਘਟਨਾ ਘੱਟੀ।

ਜ਼ਰਾ ਇੱਕ-ਅੱਧ ਵਾਰੀ ਕਿਸੇ ਪਿੰਡ ਵਿਚ ਰਾਮਲੀਲ੍ਹਾ ਕਰਕੇ ਤਾਂ ਵੇਖੋ ਬਿਨਾਂ ਰਾਵਣ ਦੇ ਪਹਿਲੇ ਦਿਨ ਲੋਗ ਆਉਣਗੇ, ਫ਼ਿਰ ਦੂਜੇ ਦਿਨ ਬੰਦ ਹੋ ਜਾਣਗੇ ਕਿ ਸਾਰ ਹੀ ਕੀ ਹੈ? ਸਜਿਆ ਹੈ ਦਰਬਾਰ, ਬੈਠੇ ਹਨ ਰਾਮਚੰਦ੍ਰ ਜੀ। ਲੋਗ ਹੀ ਖਲੋਕੇ ਪੁਛੱਣ ਲਗਣਗੇ ਕਿ ਹੁਣ ਰਾਮਲੀਲ੍ਹਾ ਕਦੋਂ ਹੋਏਗੀ ਸ਼ੁਰੂ, ਇਹ ਕੀ ਹੋ ਰਿਹਾ ਹੈ?

ਜੀਵਨ ਦੀ ਅਭਿਵਿਅਕਤੀ ਦਵਿੰਦ (ਕਲਹ) ਵਿਚ ਹੈ। ਜੀਵਨ ਦ੍ਵੰਦਾਤਮਕ (ਸੁਖ-ਦੁਖ ਦਾ ਘੋਲ) ਹੈ, ਡਾਯਲੇਕਟਿਕਲ ਹੈ। ਇਸ ਲਈ ਇੱਥੇ ਪ੍ਰਕਾਸ਼ ਹੈ ਅਤੇ ਹਨੇਰਾ ਹੈ, ਜਨਮ ਹੈ ਅਤੇ ਮੌਤ ਹੈ, ਅੱਛਾ ਹੈ ਅਤੇ ਬੁਰਾ ਹੈ, ਸਫ਼ੇਦ ਹੈ ਅਤੇ ਕਾਲਾ ਹੈ, ਸੁੰਦਰ ਹੈ ਅਤੇ ਕਰੂਪ ਹੈ, ਰਾਮ ਹੈ ਤੇ ਰਾਵਣ ਹੈ। ਜੋ ਜਾਣਦੇ ਹਨ ਉਹ ਕਹਿਣਗੇ; ਦੋਹਾਂ ਵਿਚ ਉਸੇ ਦੀ ਹੀ ਖੇਡ ਹੈ ਅਤੇ ਜੋ ਅਜਿਹਾ ਜਾਣ ਲੈਣ, ਫ਼ਿਰ ਉਨ੍ਹਾਂ ਨੂੰ ਅੜਚਨ ਨਹੀਂ ਰਹਿ ਜਾਂਦੀ; ਫ਼ਿਰ ਜੀਵਨ ਬਹੁਤ ਪਿਆਰਾ ਲੱਗੇਗਾ। ਫ਼ਿਰ ਤਾਂ ਜੀਵਨ ਵਿਚ ਤੁਹਾਨੂੰ ਸਭ ਥਾਂ ਸੁੰਦਰਤਾ ਦਾ ਅਨੁਭਵ ਹੋਏਗਾ, ਕਿਉਂਕਿ ਉਸਦੀ ਛਾਪ ਪਾਓਗੇ। ਥਾਂ-ਥਾਂ ਉਸਦੀਆਂ ਪਗਧਵਨੀਆਂ (ਪੈਰਾਂ ਦੀ ਆਹਟ) ਸੁਣਾਈ ਪੈਣਗੀਆਂ।

ਦਿਲ ਹੈ ਫ਼ਿਰਦੌਸ ਕੀ ਬਹਾਰੋਂ ਮੇਂ
ਫ਼ਿਕਰ-ਏ-ਤੂਬਾ ਕੇ ਸ਼ਾਖ਼-ਸਾਰੋਂ ਮੇਂ
ਹਾਏ ਮਦਹੋਸ਼ ਰਾਤ ਕਾ ਅਫ਼ਸੂੰ
ਮੈਂ ਜ਼ਮੀਂ ਪਰ ਹੂੰ ਰੂਹ ਤਾਰੋਂ ਮੇਂ।

ਜ਼ਰਾ ਸਮਝ ਆਏਗੀ ਤਾਂ ਤੁਸੀਂ ਜ਼ਮੀਨ ਉੱਤੇ ਨਹੀਂ ਰਹਿ ਜਾਓਗੇ; ਜ਼ਮੀਨ ਉੱਤੇ ਵੀ ਰਹੋਗੇ ਅਤੇ ਤੁਹਾਡੀ ਰੂਹ ਤਾਰਿਆਂ ਵਿਚ ਹੋਏਗੀ। ਤੁਸੀਂ ਫ਼ੈਲਣ ਲਗੋਗੇ। ਤੁਹਾਡੀ ਆਤਮਾ ਵਿਰਾਟ ਹੋਣ ਲਗੇਗੀ। ਤੁਹਾਡੇ ਵਿਚ ਕਮਲ ਖਿੜਣ ਲਗਣਗੇ।

ਤੇਰੇ ਗੀਤੋਂ ਕੀ ਲੈ ਅਰੇ ਤੌਬਾ !
ਯਹ ਤਰਬ, ਯਹ ਨਿਸ਼ਾਤ ਔਰ ਯਹ ਲੋਚ।
ਕਿਉਂ ਨ ਦੁਨੀਆਂ ਪਿਘਲ ਕੇ ਬਹ ਜਾਏ
ਇੱਕ ਜ਼ਰਾ ਤੂ ਹੀ ਅਪਨੇ ਦਿਲ ਮੇਂ ਸੋਚ।

ਏ ਕਿ ਤੂ ਰਾਗਿਨੀ ਮੇਂ ਹੈ ਮਦਹੋਸ਼
ਏ ਕਿ ਤੂ ਗੁਮ ਹੈ ਮਸਤ ਤਾਨੋਂ ਮੇਂ
ਥਮ, ਕਿ ਗੀਤ ਅਪਨੇ ਬਾਜ਼ੂਓਂ ਪੇ ਮੁਝੇ
ਲਿਏ ਜਾਤਾ ਹੈ ਆਸਮਾਨੋਂ ਮੇਂ !

ਜ਼ਰਾ ਤੁਸੀਂ ਖੁੱਲ੍ਹੋ। ਜ਼ਰਾ ਤੁਸੀਂ ਜਾਗ ਕੇ ਵੇਖੋ। ਜ਼ਰਾ ਆਪਣੇ ਤਥਾ-ਕਥਿਤ ਸਾਧੂ-ਸੰਨਿਆਸੀਆਂ ਦੁਆਰਾ ਦਿੱਤੀ ਗਈ ਸਿਖਿਆ ਨੂੰ ਹਟਾ ਕੇ ਰੱਖੋ ਇੱਕ ਪਾਸੇ।

ਫ਼ਿਰ ਤੋਂ ਅੱਖਾਂ ਖੋਲ੍ਹੋ। ਫ਼ਿਰ ਤੋਂ ਪਛਾਣ ਲਓ ਪ੍ਰਕ੍ਰਿਤੀ (ਕੁਦਰਤ) ਦੀ ਅਤੇ ਤੁਸੀਂ ਹੈਰਾਨ ਹੋ ਜਾਓਗੇ।

ਏ ਕਿ ਤੂ ਰਾਗਿਨੀ ਮੇਂ ਹੈ ਮਦਹੋਸ਼
ਏ ਕਿ ਤੂ ਗੁਮ ਹੈ ਮਸਤ ਤਾਨੋਂ ਮੇਂ
ਥਮ, ਕਿ ਗੀਤ ਅਪਨੇ ਬਾਜ਼ੂਓਂ ਪੇ ਮੁਝੇ
ਲਿਏ ਜਾਤਾ ਹੈ ਆਸਮਾਨੋਂ ਮੇਂ !

ਤੁਹਾਨੂੰ ਸਭ ਪਾਸਿਆਂ ਤੋਂ ਉਸਦਾ ਗੀਤ ਘੇਰ ਲਵੇਗਾ, ਕਿ ਤੁਸੀਂ ਉਡਣ ਲਗੋਗੇ ਅਸਮਾਨਾਂ ਵਿਚ, ਕਿ ਤੁਸੀਂ ਡਰਨ ਲਗੋਗੇ, ਕਿ ਤੁਸੀਂ ਘਬਰਾ ਜਾਓਗੇ ਕਿ ਇਹ ਕੀ ਹੁੰਦਾ ਜਾ ਰਿਹਾ ਹੈ ! ਇੰਨੀ ਸੁੰਦਰਤਾ ਹੈ ! ਇੰਨਾ ਅਚਾਨਕ ਬਰਸ ਉਠੇ, ਜਿਵੇਂ ਬੂੰਦ ਵਿਚ ਆ ਜਾਏ ਸਾਗਰ !

ਆਨੰਦ ਭਾਰਤੀ ਠੀਕ ਹੀ ਪੁੱਛਦੀ ਹੈ। ਮਸਤ ਹੋ ਰਹੀ ਹੈ, ਆਨੰਦ ਮਗਨ ਹੋ ਰਹੀ ਹੈ। ਇੰਨੀ ਮਸਤ ਹੋ ਰਹੀ ਹੈ ਕਿ ਪਹਿਲਾਂ ਅੱਗੇ ਬੈਠਦੀ ਸੀ, ਹੁਣ ਉਸ ਨੂੰ ਪਿੱਛੇ ਬਿਠਾਉਣਾ ਪੈਂਦਾ ਹੈ। ਕਿਉਂਕਿ ਅੱਗੇ ਬੈਠੇ-ਬੈਠੇ ਉਹ ਮਸਤ ਹੋਣ ਲਗਦੀ ਸੀ, ਇਸ ਲਈ ਦੂਜਿਆਂ ਨੂੰ ਰੁਕਾਵਟ ਸ਼ੁਰੂ ਹੋ ਜਾਂਦੀ ਸੀ। ਹਸੱਣ ਲਗਦੀ, ਬੇਵਜ੍ਹਾ ! ਵਜ੍ਹਾ ਨਾਲ ਹੱਸੋ ਤਾਂ ਠੀਕ ਹੈ। ਕਿ ਮੈਂ ਕੋਈ ਕਹਾਣੀ ਕਹੀ, ਕਿ ਕੋਈ ਚੁਟਕੁਲਾ ਕਿਹਾ ਕਿ ਤੁਸੀਂ ਹੱਸੋ ਤਾਂ ਠੀਕ। ਪਰ ਆਨੰਦ ਭਾਰਤੀ ਇੰਨੀ ਦੇਰ ਰੁਕਦੀ ਹੀ ਨ ਕਿ ਮੈਂ ਚੁਟਕੁਲਾ ਕਹਾਂ, ਪਹਿਲਾਂ ਹੀ ਹੱਸ ਪੈਂਦੀ।

ਮੰਨ ਕੇ ਹੀ ਟੁਰਦੀ ਕਿ ਕਹੂੰਗਾ ਹੀ, ਕਹਿੰਦਾ ਹੀ ਹੋਵਾਂਗਾ, ਹੁਣ ਕੀ ਰੁਕਣਾ! ਤਾਂ ਬੀਚਾਰੀ ਨੂੰ ਪਿੱਛੇ ਬੈਠਣਾ ਪੈ ਰਿਹਾ ਹੈ। ਇੱਕ ਮਸਤੀ ਆ ਰਹੀ ਹੈ, ਇੱਕ ਆਨੰਦ-ਭਾਵ ਆ ਰਿਹਾ ਹੈ। ਆਸਮਾਨਾਂ ਵਿਚ ਉਡੱਦੀ ਜਾ ਰਹੀ ਹੈ।

ਤਾਂ ਲਗੇਗਾ ਜੀਵਨ ਇੰਨਾ ਪਿਆਰਾ ਕਿਉਂ ਹੈ? ਜਵਾਬ ਮੈਂ ਕੀ ਦਿਆਂ ? ਜੀਵਨ ਪਿਆਰਾ ਹੈ। ਕੁਝ ਹੋਰ ਕੀਤਾ ਨਹੀਂ ਜਾ ਸਕਦਾ। ਜੀਵਨ ਸਦਾ ਤੋਂ ਪਿਆਰਾ ਹੈ। ਸਿਰਫ਼ ਤੁਹਾਡੀਆਂ ਅੱਖਾਂ ਤੇ ਪਰਦੇ ਸਨ; ਪਰਦੇ ਖਿਸਕਣੇ ਸ਼ੁਰੂ ਹੋ ਗਏ। ਤੁਹਾਡੀਆਂ ਅੱਖਾਂ ਤੇ ਸਿੱਧਾਂਤਾਂ ਦਾ ਜਾਲ ਸੀ। ਜਾਲ ਟੁੱਟਣਾ ਸ਼ੁਰੂ ਹੋ ਗਿਆ। ਜਾਲੀ ਟੁੱਟਣੀ ਸ਼ੁਰੂ ਹੋ ਗਈ।

ਹੋਰ ਮੇਰਾ ਕੰਮ ਇੱਥੇ ਕੀ ਹੈ—ਤੁਹਾਡੀਆਂ ਅੱਖਾਂ ਦੀ ਧੂੜ ਥੋੜ੍ਹੀ ਸਾਫ਼ ਕਰਾਂ; ਤੁਹਾਡੀਆਂ ਅੱਖਾਂ ਤੋਂ ਥੋੜ੍ਹੀ ਧੂੜ ਪੂੰਝਾਂ, ਤਾਂ ਕਿ ਅੱਖਾਂ ਦਰਪਨ ਬਣ ਜਾਣ ਅਤੇ ਚੀਜ਼ਾਂ ਦਾ ਪ੍ਰਤੀਬਿੰਬ (ਅਕਸ) ਉਹੋ ਜਿਹਾ ਬਨਣ ਲਗੇ ਜਿਹੋ ਜਿਹੀਆਂ ਚੀਜ਼ਾਂ ਹਨ।

ਤੁਮਹਾਰੇ ਨਾਮ ਜੈਸੀ, ਛਲਕਦੇ ਜਾਮ ਜੈਸੀ,
ਮੁਹੱਬਤ ਸੀ ਨਸ਼ੀਲੀ, ਸ਼ਰਦ ਕੀ ਚਾਂਦਨੀ ਹੈ॥
ਹ੍ਰਦਯ ਕੋ ਮੋਹਤੀ ਹੈ, ਪ੍ਰਣਯ ਸੰਗੀਤ ਜੈਸੀ,
ਨਯਨ ਕੋ ਸੋਹਤੀ ਹੈ, ਸਪਨ ਕੇ ਮੀਤ ਜੈਸੀ,
ਤੁਮਹਾਰੇ ਰੂਪ ਜੈਸੀ, ਬਸਨਤੀ ਧੂਪ ਜੈਸੀ,
ਮਧੁਸਮ੍ਰਿਤਿ ਸੀ ਰਸੀਲੀ, ਸ਼ਰਦ ਕੀ ਚਾਂਦਨੀ ਹੈ॥

ਚਾਂਦਨੀ ਖਿਲ ਰਹੀ ਹੈ, ਤੁਮਹਾਰੇ ਹਾਸ ਜੈਸੀ,
ਉਮੰਗੇ ਭਰ ਰਹੀ ਹੈ, ਮਿਲਨ ਕੀ ਆਸ ਜੈਸੀ,
ਪ੍ਰਣਯ ਕੀ ਬਾਂਹ ਜੈਸੀ, ਅਲਕ ਕੀ ਛਾਂਹ ਜੈਸੀ,
ਪ੍ਰਿਯੇ ਤੁਮ ਸੀ ਲਜੀਲੀ, ਸ਼ਰਦ ਕੀ ਚਾਂਦਨੀ ਹੈ॥
ਹੁਈ ਹੈ ਕਿਆ ਨ ਜਾਨੇ, ਅਨੋਖੀ ਬਾਤ ਜੈਸੀ,
ਭਰੇ ਪੁਲਕਨ ਬਦਨ ਮੇਂ, ਪ੍ਰਥਮ ਮਧੁਰਾਤ ਜੈਸੀ,
ਹੰਸੀ ਦਿਲ ਖੋਲ੍ਹ ਪੂਨਮ, ਗਯਾ ਅਬ ਹਾਰ ਸੰਯਮ,
ਵਚਨ ਸੇ ਭੀ ਹਠੀਲੀ, ਸ਼ਰਦ ਕੀ ਚਾਂਦਨੀ ਹੈ॥
ਤੁਮਹਾਰੇ ਨਾਮ ਜੈਸੀ, ਛਲਕਤੇ ਜਾਮ ਜੈਸੀ,
ਮੁਹੱਬਤ ਸੀ ਨਸ਼ੀਲੀ, ਸ਼ਰਦ ਕੀ ਚਾਂਦਨੀ ਹੈ॥

ਅਸਤਿੱਤਵ (ਕੁਦਰਤ) ਤਾਂ ਬਹੁਤ ਹੀ ਪ੍ਰੀਤੀਕਰ ਸੁੰਦਰਤਾ ਨਾਲ ਭਰਿਆ ਹੈ। ਇੱਥੇ ਤਾਂ ਚਾਂਦਨੀ ਹੀ ਚਾਂਦਨੀ ਹੈ। ਇੱਥੇ ਤਾਂ ਚੰਨ ਹੀ ਚੰਨ ਹੈ। ਇੱਥੇ ਸਭ ਸੀਤਲ ਹੈ; ਸਿਰਫ਼ ਤੁਸੀਂ ਤਪੇ ਹੋਏ ਨ ਰਹਿ ਜਾਓ। ਤੁਹਾਡਾ ਤਾਪ (ਗਰਮੀ) ਜ਼ਰਾ ਘੱਟ ਹੋਵੇ।

ਧਿਆਨ ਹੋਰ ਕੀ ਹੈ? ਤੁਹਾਡੀ ਗਰਮੀ ਨੂੰ ਘੱਟ ਕਰਨ ਦੀ ਪ੍ਰਕ੍ਰਿਆ ਹੈ, ਤੁਹਾਡਾ ਤਾਪ-ਮਾਨ ਥੋੜ੍ਹਾ ਹੇਠਾਂ ਡਿੱਗਾਉਣ ਦਾ ਉਪਾਅ ਹੈ। ਲੋਗ ਬਹੁਤ ਉਤਪਤ ਹਨ। ਲੋਗ ਬਹੁਤ ਜਵੱਰਗ੍ਰਸਤ ਹਨ। ਲੋਗ ਵਿਛਿਪਤ (ਪਾਗਲ) ਹਨ ਹਜ਼ਾਰਾਂ ਵਾਸਨਾਵਾਂ ਨੇ ਉਨ੍ਹਾਂ ਨੂੰ ਤਪਾਇਆ ਹੋਇਆ ਹੈ। ਉਨ੍ਹਾਂ ਦੇ ਚਿੱਤ ਵਿਚ ਬਹੁਤ ਆਪਾ-ਧਾਪੀ ਹੈ; ਸ਼ਾਂਤੀ ਦਾ ਛਿਣ ਹੀ ਨਹੀਂ ਆਉਂਦਾ, ਵਿਸ਼ਰਾਮ ਦੀ ਘੜੀ ਹੀ ਨਹੀਂ ਆਉਂਦੀ।

ਰੁਕੇ ਪਾਂਵ ਤੋ ਮਿਲੇ ਗਾਂਵ! ਪਰ ਪੈਰ ਰੁਕਦੇ ਨਹੀਂ ਅਤੇ ਪਿੰਡ ਮਿਲਦਾ ਨਹੀਂ। ਰੁੱਕੋ ਤਾਂ ਮੰਜ਼ਿਲ ਹੁਣੇ ਹੈ, ਇੱਥੇ ਹੈ। ਮਗਰ ਤੁਸੀਂ ਹੋ ਕਿ ਭਜਦੇ ਚਲੇ ਜਾਂਦੇ ਹੋ, ਤੁਸੀਂ ਹੋ ਕਿ ਦੌੜਦੇ ਚਲੇ ਜਾਂਦੇ ਹੋ। ਤੁਸੀਂ ਸੋਚਦੇ ਹੋ ਕਿ ਜਿੰਨੀ ਤੇਜ਼ੀ ਨਾਲ ਦੌੜਾਂਗਾ, ਓਨੀ ਛੇਤੀ ਪਹੁੰਚਾਂਗਾ। ਤੁਸੀਂ ਜਿੰਨੀ ਤੇਜ਼ੀ ਨਾਲ ਭਜੋਗੇ, ਓਨੀ ਦੂਰ ਨਿਕਲ ਜਾਓਗੇ। ਕਿਉਂਕਿ ਮੰਜ਼ਿਲ ਉੱਥੇ ਹੈ ਜਿਥੇ ਤੁਸੀਂ ਹੋ। ਮੰਜ਼ਿਲ ਕਿੱਤੇ ਹੋਰ ਨਹੀਂ ਹੈ। ਪਰਮਾਤਮਾ ਇੱਥੇ ਹੈ, ਇਹ ਹੀ ਮੇਰੀ ਉਦਘੋਸ਼ਣਾ (ਪਰਮ ਸੂਚਨਾ) ਹੈ। ਪਰਮਾਤਮਾ ਹੁਣੇ ਹੈ, ਇਹ ਹੀ ਮੇਰੀ ਦੇਸ਼ਨਾ ਹੈ। ਹੁਣੇ ਅਤੇ ਇੱਥੇ। ਕੱਲ੍ਹ ਉੱਤੇ ਨ ਟਾਲਣਾ ਅਤੇ ਤਦ ਅਚਾਨਕ ਤੁਹਾਡੀਆਂ ਅੱਖਾਂ ਉੱਤੋਂ ਪਰਦਾ ਉਠ ਜਾਏਗਾ। ਕੱਲ੍ਹ ਦਾ ਪਰਦਾ ਤੁਹਾਡੀ ਅੱਖ ਉੱਤੇ ਪਿਆ ਹੈ।

ਤੁਸੀਂ ਕਹਿੰਦੇ ਹੋ ਕੱਲ੍ਹ ਹੋਏਗਾ, ਕੱਲ੍ਹ ਹੋਏਗਾ ...। ਅਤੇ ਇਸ ਜ਼ਿੰਦਗੀ ਦੇ ਕੱਲ੍ਹ ਚੁਕ ਜਾਂਦੇ ਹਨ ਤਾਂ ਤੁਸੀਂ ਕਹਿੰਦੇ ਹੋ ਅਗਲੀ ਜ਼ਿੰਦਗੀ ਵਿਚ ਹੋਏਗਾ, ਫਿਰ ਕੱਲ੍ਹ ...।

ਹੋਰ ਜੇਕਰ ਅਗਲੀ ਜ਼ਿੰਦਗੀ ਦੇ ਕੱਲ੍ਹ ਵੀ ਚੁਕ ਜਾਂਦੇ ਹਨ ਤਾਂ ਤੁਸੀਂ ਕਹਿੰਦੇ ਹੋ ਪਰਲੋਕ ਵਿਚ ਹੋਏਗਾ। ...ਹੋਰ ਅੱਗੇ ਦਾ ਕੱਲ੍ਹ, ਪਰ ਤੁਸੀਂ ਕੱਲ੍ਹ ਉੱਤੇ ਟਾਲੀ ਜਾਂਦੇ ਹੋ। ਤੁਸੀਂ ਕੱਲ੍ਹ ਉੱਤੇ ਟਾਲ ਕੇ ਪਰਮਾਤਮਾ ਨੂੰ ਝੂਠਾ ਕਰ ਦਿੱਤਾ।

ਪਰਮਾਤਮਾ ਹੁਣੇ ਹੈ, ਇੱਥੇ, ਇਸੇ ਛਿਣ; ਤੁਹਾਡੀ ਅੱਖ ਤੋਂ ਜ਼ਰਾ ਘੁੰਡ ਸਰਕੇ। ਹਟਾਓ ਬੁਰਕੇ, ਹਟਾਓ ਇਹ ਘੁੰਡ ! ਹੋਰ ਘੁੰਡ ਹੈ ਕੀ ? ਵਿਅਰਥ ਦੇ ਵਿਚਾਰ, ਜਿਹੜੇ ਸਦੀਆਂ ਤੋਂ ਤੁਹਾਡੇ ਸਿਰ ਉੱਤੇ ਥੋਪ ਦਿੱਤੇ ਗਏ ਹਨ। ਤੁਹਾਡੀ ਖੋਪੜੀ ਵਿਚ ਸ਼ਾਸਤ੍ਰ ਭਰੇ ਪਏ ਹਨ, ਇਸ ਲਈ ਸੱਚ ਪ੍ਰਗਟ ਨਹੀਂ ਹੋ ਪਾਉਂਦਾ।

ਗੋਰਖ ਵੇਖਦੇ ਹੋ, ਵਾਰ-ਵਾਰ ਕਹਿੰਦੇ ਹਨ : ਹੇ ਪੰਡਿਤ ਪੜ੍ਹ ਕੇ ਤਾਂ ਖ਼ੂਬ ਵੇਖ ਲਿਆ। ਹੁਣ ਰਹਿ ਕੇ ਵੇਖੋ ! ਹਮ ਰਹਤਾ ਕਾ ਸਾਥੀ, ਕਿ ਅਸੀਂ ਤਾਂ ਉਨ੍ਹਾਂ ਦੇ ਸੰਗੀ-ਸਾਥੀ ਹਾਂ ਜੋ ਰਹਿ ਰਹੇ ਹਨ।

ਜੀਓ ਪਰਮਾਤਮਾ ਨੂੰ, ਪ੍ਰਾਰਥਨਾਵਾਂ ਬਹੁਤ ਹੋ ਚੁਕੀਆਂ। ਪਰਮਾਤਮਾ ਨੂੰ ਖਾਓ, ਪਰਮਾਤਮਾ ਨੂੰ ਪੀਓ, ਪਰਮਾਤਮਾ ਨੂੰ ਓਢੋ, ਪਰਮਾਤਮਾ ਨੂੰ ਪਹਿਨੋ, ਪਰਮਾਤਮਾ ਵਿਚ ਜਾਗੋ, ਪਰਮਾਤਮਾ ਵਿਚ ਸੌਂਵੋਂ, ਜੀਓ ਪਰਮਾਤਮਾ ਨੂੰ ! ਹੋ ਚੁਕੀਆਂ ਪ੍ਰਾਰਥਨਾਵਾਂ ਬਹੁਤ, ਪੂਜਾਵਾਂ ਬਹੁਤ? ਅਰਚਨਾ, ਯੱਗ, ਹਵਨ ਬਹੁਤ ਹੋ ਚੁੱਕੇ; ਉਨ੍ਹਾਂ ਨਾਲ ਕੁਝ ਵੀ ਨਹੀਂ ਹੋਇਆ। ਜੀਓ। ਅੰਨ ਬ੍ਰਹਮ ! ਸਵਾਦ ਲਓ ! ਭੋਜਨ ਵੀ ਕਰੋ ਤਾਂ ਯਾਦ ਰਖੱਣਾ—ਉਹ ਹੀ ਹੈ ! ਕਿਸੇ ਨਾਲ ਗੱਲ ਕਰੋ ਤਾਂ ਯਾਦ ਰਖੱਣਾ ਉੱਥੇ ਹੀ ਹੈ। ਹੌਲੀ-ਹੌਲੀ ਪਛਾਣ ਗੂੜੀ ਹੋਵੇਗੀ। ਹੌਲੀ-ਹੌਲੀ ਪ੍ਰਾਣ ਉਸਦੀ ਖ਼ੂਬਸੂਰਤੀ ਨਾਲ ਅਭਿਭੂਤ (ਵਿਆਕੁਲ) ਹੋਣਗੇ। ਉਹ ਪਿਆਰਾ ਵਿਖਾਈ ਪਏਗਾ।

ਵੇਣੀ ਮੇਂ ਤਾਰਕ-ਫ਼ੂਲ ਗੂੰਥ, ਨਿਸ਼ਿ ਨੇ ਮੇਰਾ ਸ੍ਰਿੰਗਾਰ ਕੀਯਾ;
ਰਾਕਾ-ਸ਼ਸ਼ਿ ਨੇ ਬਨ ਸ਼ੀਸ਼ ਫ਼ੂਲ, ਛਵਿ ਕਾ ਮੋਹਕ ਸੰਸਾਰ ਦਿਯਾ;
ਉਸ਼ਾ ਉਨਕੀ ਪਦ-ਲਾਲੀ ਸੇ, ਹੰਸ ਮੇਰੀ ਮਾਂਗ ਸੰਵਾਰ ਗਈ !
ਮੈਂ ਤੋ ਉਨ ਪਰ ਬਲਿਹਾਰ ਗਈ।

ਬਿਨ ਮਾਂਗੇ ਪਿਆਰ-ਦੁਲਾਰ ਦੀਯਾ, ਸੰਮਾਨ ਔਰ ਸਤਿਕਾਰ ਦੀਯਾ;
ਰਹਿ ਗਈ ਮੁਕਤਿ ਕਰਬੱਧ ਖੜੀ, ਮੈਂਨੇ ਬੰਧਨ ਸਵੀਕਾਰ ਕੀਯਾ;
ਵੇ ਹਾਰ-ਹਾਰ ਕਰ ਜੀਤ ਗਏ, ਮੈਂ ਜੀਤ-ਜੀਤ ਕਰ ਹਾਰ ਗਈ !
ਮੈਂ ਤੋ ਉਨ ਪਰ ਬਲਿਹਾਰ ਗਈ !

ਉਨ ਕੀ ਛਾਯਾ ਮੇਂ ਪਲੀ ਸਦਾ, ਉਨਕੇ ਪੀਛੇ ਹੀ ਚਲੀ ਸਦਾ;
ਉਨਕੇ ਹੀ ਜੀਵਨ-ਮੰਦਿਰ ਮੇਂ, ਮੈਂ ਮੋਮ ਦੀਪ ਸੀ ਜਲੀ ਸਦਾ;

ਮੈਂ ਉਨਕੋ ਪਾ ਜਗ ਭੂਲ ਗਈ, ਅਪਨੇ ਕੋ ਮੈਂ ਵਿਸਾਰ ਗਈ।
ਮੈਂ ਤੋ ਉਨ ਪਰ ਬਲਿਹਾਰ ਗਈ !
ਕਬ ਚਾਹਾ ਪਿਆਰ-ਦੁਲਾਰ ਮਿਲੇ, ਫੂਲੋਂ ਕਾ ਮ੍ਰਿਦੁ ਗਲਹਾਰ ਮਿਲੇ;
ਪੂਜਾ-ਅਰਚਨ ਹੀ ਧਯੇਯ ਰਹਾ, ਬਸ, ਪੂਜਾ ਕਾ ਅਧਿਕਾਰ ਮਿਲੇ;
ਉਨਕੇ ਸ਼੍ਰੀ ਚਰਣੋਂ ਪਰ ਹੰਸ ਕਰ, ਮੈਂ ਤਨ, ਮਨ ਸਬ-ਕੁਛ ਵਾਰ ਗਈ!
ਮੈਂ ਤੋ ਉਨ ਪਰ ਬਲਿਹਾਰ ਗਈ !

ਕਿੱਥੇ ਲਭੱਣ ਜਾ ਰਹੇ ਹੋ ? ਬਲਿਹਾਰ ਹੋਣਾ ਹੈ ਤਾਂ ਇਸੇ ਛੱਣ ਹੋ ਜਾਓ,ਕਿਉਂਕਿ ਉਹ ਮੌਜੂਦ ਹੈ।

ਉਨਕੇ ਸ਼੍ਰੀ ਚਰਣੋਂ ਪਰ ਹੰਸ ਕਰ, ਮੈਂ ਤਨ-ਮਨ ਸਬ-ਕੁਛ ਵਾਰ ਗਈ !
ਮੈਂ ਤੋ ਉਨ ਪਰ ਬਲਿਹਾਰ ਗਈ !
ਮੈਂ ਉਨ ਕੋ ਪਾ ਜਗ ਭੂਲ ਗਈ, ਅਪਨੇ ਕੋ ਮੈਂ ਵਿਸਾਰ ਗਈ !
ਮੈਂ ਤੋ ਉਨ ਪਰ ਬਲਿਹਾਰ ਗਈ !
ਵੇ ਹਾਰ-ਹਾਰ ਕਰ ਜੀਤ ਗਏ, ਮੈਂ ਜੀਤ-ਜੀਤ ਕਰ ਹਾਰ ਗਈ !
ਮੈਂ ਤੋ ਉਨ ਪਰ ਬਲਿਹਾਰ ਗਈ !
ਉਸ਼ਾ ਉਨ ਕੀ ਪਦ-ਲਾਲੀ ਸੇ, ਹੱਸ ਮੇਰੀ ਮਾਂਗ ਸੰਵਾਰ ਗਈ !
ਮੈਂ ਤੋ ਉਨ ਪਰ ਬਲਿਹਾਰ ਗਈ !

ਪਰਮਾਤਮਾ ਕੋਈ ਵਿਅਕਤੀ ਨਹੀਂ ਹੈ, ਜਿਸ ਨਾਲ ਤੁਹਾਡਾ ਕਦੇ ਮਿਲਨ ਹੋਏਗਾ। ਪਰਮਾਤਮਾ ਇਸੇ ਅਸਤਿਤਵ ਦਾ ਦੂਜਾ ਨਾਮ ਹੈ। ਮਿਲਨ ਹੋ ਰਿਹਾ ਹੈ, ਪਰ ਤੁਹਾਡੀ ਭ੍ਰਾਂਤ ਧਾਰਣਾ ਕਿ ਪਰਮਾਤਮਾ ਕੋਈ ਵਿਅਕਤੀ ਹੈ, ਕਿ ਮਿਲੇਗਾ ਕਿੱਤੇ ਰਾਮ ਦੇ ਰੂਪ ਵਿਚ,ਕ੍ਰਿਸ਼ਨ ਦੇ, ਬੁੱਧ ਦੇ, ਕਿ ਮਹਾਵੀਰ ਦੇ ਰੂਪ ਵਿਚ। ਇਸੇ ਕਰਕੇ ਤੁਸੀਂ ਭਟਕੇ ਹੋ, ਇਸੇ ਲਈ ਮਿਲਨਾ ਨਹੀਂ ਹੋ ਪਾ ਰਿਹਾ ਹੈ। ਤੁਹਾਡੀ ਧਾਰਣਾ ਅੜਚਨ ਬਣਾ ਰਹੀ ਹੈ। ਪਰਮਾਤਮਾ ਸਾਹਮਣੇ ਖਲੋਤਾ ਹੈ, ਪਰ ਤੁਸੀਂ ਕਹਿੰਦੇ ਹੋ ਜਦ ਤੱਕ ਧਨੁਸ਼-ਬਾਣ ਹਥ ਨ ਲਵੋਗੇ ...ਤਬ ਲਗਿ ਝੁਕੇ ਨ ਮਾਥ। ਮੱਥਾ ਸਾਡਾ ਝੁਕਣ ਵਾਲਾ ਨਹੀਂ। ...ਪਹਿਲਾਂ ਧਨੁਸ਼-ਬਾਣ ਲਓ ਹਥ ਵਿਚ। ਤੁਹਾਡੀਆਂ ਸ਼ਰਤਾਂ ਹਨ। ਤੁਹਾਡੇ ਨਿੱਕੇ-ਨਿੱਕੇ ਲੋਕਾਂ ਦੀਆਂ ਸ਼ਰਤਾਂ ਤਾਂ ਠੀਕ ਹਨ; ਇਹ ਤੁਲਸੀ ਦਾਸ ਦਾ ਵਚਨ ਹੈ।

ਤੁਲਸੀ ਦਾਸ ਨੂੰ ਲੈ ਗਏ ਕੁਝ ਮਿਤ੍ਰ ਕ੍ਰਿਸ਼ਨ ਦੇ ਮੰਦਰ ਵਿਚ। ਸਭ ਤਾਂ ਝੁਕੇ, ਤੁਲਸੀ ਦਾਸ ਨਹੀਂ ਝੁਕੇ। ਉਨ੍ਹਾਂ ਨੇ ਕਿਹਾ ਮੇਰਾ ਮੱਥਾ ਨਹੀਂ ਝੁਕੇਗਾ। ਮੈਂ ਤਾਂ ਬਸ ਇੱਕ ਹੀ ਜਾਣਦਾ ਹਾਂ—ਧਨੁਸ਼-ਬਾਣ ਹਥ ਵਿਚ ਜੋ ਲੈਂਦਾ ਹੈ। ਹੁਣ ਓਪਰ ਕ੍ਰਿਸ਼ਨ ਖਲੋਤੇ ਹਨ ਬੰਸਰੀ ਬਜਾਉਂਦੇ, ਮੋਰ-ਮੁਕਟ ਬੰਨ੍ਹ ਕੇ। ਕ੍ਰਿਸ਼ਨ ਨਹੀਂ ਜਚਦੇ ਤੁਲਸੀ ਦਾਸ ਨੂੰ। ਕਿਹੋ-ਜਿਹਾ ਸੰਕੀਰਣ (ਤੁੱਛ-ਛੋਟਾ-ਸ਼ੂਦਰ) ਚਿੱਤ ਹੈ ਸਾਡਾ, ਤਥਾ-ਕਥਿਤ ਮਹਾਤਮਾਵਾਂ ਦਾ ਵੀ! ਰਾਮਚੰਦ੍ਰ ਜੀ ਨੂੰ ਬੰਸਰੀ ਨਹੀਂ ਬਜਾਉਣ ਦਿਓਗੇ? ਧਨੁਸ਼ ਬਾਣ ਹੀ ਲਈ ਰਖੱਣ ਚੌਵੀ ਘੰਟੇ?

ਆਦਮੀਆਂ ਨੂੰ ਵੀ ਛੁੱਟੀ ਮਿਲਦੀ ਹੈ। ਓਵਰ ਟਾਈਮ ਵੀ ਮੁੱਕ ਜਾਂਦਾ ਹੈ। ਪਰ ਉਹ ਕਹਿੰਦੇ ਹਨ ਜਦ ਤੱਕ ਧਨੁਸ਼-ਬਾਣ ਨ ਹਥ 'ਚ ਲਓਗੇ, ਮੈਂ ਨਹੀਂ ਝੁਕਾਂਗਾ। ਮੈਂ ਤਾਂ ਸਿਰਫ਼ ਇੱਕ ਦੇ ਸਾਹਮਣੇ ਝੁਕਦਾ ਹਾਂ—ਧਨੁਸ਼ ਬਾਣ ਵਾਲੇ ਦੇ।

ਇਹ ਜ਼ਰਾ ਖ਼ਿਆਲ ਕਰਨਾ, ਇਹ ਆਦਮੀ ਝੁਕਣਾ ਜਾਣਦਾ ਹੀ ਨਹੀਂ। ਇਹ ਤਾਂ ਕਹਿ ਰਿਹਾ ਹੈ ਕਿ ਝੁਕਾਂਗਾ ਵੀ ਤਦ ਜਦ ਮੇਰੀ ਸ਼ਰਤ ਪੂਰੀ ਹੋਵੇ। ਇਹ ਝੁਕਣਾ ਵੀ ਸ਼ਰਤ ਸਹਿਤ ਹੈ। ਇਸ ਝੁਕਣੇ ਵਿਚ ਵੀ ਅਹੰਕਾਰ ਹੈ।

ਇਹ ਕਹਿੰਦਾ ਹੈ ਮੇਰੀ ਸ਼ਰਤ ਪੂਰੀ ਕਰੋ ਤਾਂ ਮੈਂ ਝੁਕਾਂ। ਇਹ ਸੌਦਾ ਹੈ ਸਾਫ਼। ਜੇਕਰ ਝੁਕਾਉਂਣਾ ਹੋਵੇ ਮੈਨੂੰ, ਜੇਕਰ ਰਸ ਹੋ ਤੁਹਾਨੂੰ ਕਿ ਮੈਂ ਝੁਕਾਂ ਤਾਂ ਮੇਰੀ ਸ਼ਰਤ ਪੂਰੀ ਕਰੋ। ਮੈਂ ਤਾਂ ਆਪਣੀ ਧਾਰਨਾ ਦੇ ਸਾਹਮਣੇ ਝੁਕਾਂਗਾ। ਇਹ ਅਹੰਕਾਰ ਹੈ। ਤੁਸੀਂ ਕਿਹੋ ਜਿਹੇ ਹੋ, ਮੈਨੂੰ ਕੁਝ ਲੈਣਾ ਦੇਣਾ ਨਹੀਂ ਹੈ। ਹੁਣੇ ਤੁਸੀਂ ਬੰਸਰੀ ਵਜਾ ਰਹੇ ਹੋ, ਇਹ ਮੋਰ-ਮੁਕਟ ਬੰਨ੍ਹ ਕੇ ਖਲੋਤੇ ਹੋ, ਖਲੋਤੇ ਰਹੋ।

ਇਹ ਮੇਰੀ ਮਾਨਯਤਾ ਨਹੀਂ, ਮੈਂ ਤਾਂ ਆਪਣੀ ਮਾਨਯਤਾ ਦੇ ਸਾਹਮਣੇ ਝੁਕਾਂਗਾ। ਲੈ ਲਓ ਧਨੁਸ਼ ਬਾਣ ਹਥ ਵਿਚ ਤਾਂ ਮੈਂ ਝੁਕ ਜਾਵਾਂ।

ਇਹ ਹੀ ਅੜਚਨ ਹੈ। ਹੁਣ ਇਸ ਵਿਚਾਰੇ ਬ੍ਰਿਛ ਧਨੁਸ਼ ਬਾਣ ਕਿਵੇਂ ਹਥ ਵਿਚ ਲੈਣ? ਇਹ ਸੂਰਜ ਕਿਵੇਂ ਧਨੁਸ਼ ਬਾਣ ਹਥ 'ਚ ਲਵੇ ? ਇਹ ਚੰਨ-ਤਾਰੇ ਕਿਵੇਂ ਧਨੁਸ਼ ਬਾਣ ਹਥ ਵਿਚ ਲੈਣ? ਕਠਿਨਾਈ ਹੈ। ਅਤੇ ਪਰਮਾਤਮਾ ਖਲੋਤਾ ਹੈ ਸੂਰਜ ਦੇ ਵਾਂਗ ਦੁਆਰ ਉੱਤੇ ਆ ਕੇ, ਪਰ ਤੁਸੀਂ ਨਹੀਂ ਝੁਕੋਗੇ। ਬਾਬਾ ਤੁਲਸੀ ਦਾਸ ਨਹੀਂ ਝੁਕਿਆ ਤਾਂ ਤੁਸੀਂ ਕਿਵੇਂ ਝੁਕੋਗੇ ! ...ਧਨੁਸ਼ ਬਾਣ ਲਓ ਹਥ 'ਚ ਤਾਂ ਝੁਕਾਂਗਾ।

ਅਸਤਿਤਵ ਤੀਰ-ਕਮਾਨ ਹਥ ਵਿਚ ਨਹੀਂ ਲੈ ਸਕਦਾ ਅਤੇ ਨ ਬੰਸਰੀ ਹੱਥ 'ਚ ਲੈ ਸਕਦਾ ਹੈ। ਅਸਤਿਤਵ ਕੋਈ ਵਿਅਕਤੀ ਥੋੜ੍ਹੇ ਹੀ ਹੈ। ਪਰ ਅਸੀਂ ਵਿਅਕਤੀ ਦੀ ਧਾਰਣਾ ਬਣਾ ਰੱਖੀ ਹੈ ਕਿ ਪਰਮਾਤਮਾ ਕੋਈ ਵਿਅਕਤੀ ਹੈ। ਬਸ ਭਟਕਦੇ ਰਹੋ। ਤੁਹਾਨੂੰ ਕਦੇ ਪਰਮਾਤਮਾ ਨਹੀਂ ਮਿਲੇਗਾ ਅਤੇ ਜੇਕਰ ਕਦੇ ਮਿਲ ਜਾਏ ਤੀਰ ਕਮਾਨ ਹਥ ਵਿਚ ਲਈ, ਤਾਂ ਸਮਝ ਰੱਖਣਾ ਕਿ ਇਹ ਤੁਹਾਡੇ ਮਨ ਦਾ ਭਰਮ ਹੈ, ਤੁਹਾਡੀ ਕਲਪਨਾ ਦਾ ਜਾਲ ਹੈ, ਇਹ ਤੁਹਾਡਾ ਸੁਫ਼ਨਾ। ਇਹ ਤੁਸੀਂ ਇੰਨੇ ਦਿਨਾਂ ਤੱਕ ਸੁਫ਼ਨਾ ਵੇਖਿਆ ਹੈ ਕਿ ਹੁਣ ਤੁਸੀਂ ਖੁੱਲ੍ਹੀਆਂ ਅੱਖਾਂ ਨਾਲ ਵੀ ਵੇਖਣ ਲਗੇ ਹੋ।

ਇਹ ਦਿਵਾਸਵਪਨ (ਦਿਨ ਦਾ ਸੁਫ਼ਨਾ) ਹੈ। ਇਹ ਇੱਕ ਭਰਮ 'ਚ ਰੱਖਣ ਵਾਲਾ ਹੈ।

ਇਹ ਕੋਈ ਪਰਮਾਤਮਾ ਨਹੀਂ ਹੈ ਜੋ ਤੁਹਾਡੇ ਅੰਦਰ ਜਦ ਤੁਸੀਂ ਅੱਖਾਂ ਬੰਦ ਕਰਦੇ ਹੋ, ਧਨੁਸ਼ ਬਾਣ ਲੈ ਕੇ ਖਲੋ ਜਾਂਦਾ ਹੈ। ਕਿ ਬੰਸਰੀ ਬਜਾਉਂਦਾ ਹੈ, ਕਿ ਸੂਲੀ ਉੱਤੇ ਲਟਕਿਆ ਹੋਇਆ ਜੀਸਸ ...। ਇਹ ਤਾਂ ਤੁਹਾਡੀ ਮਾਨਤਾ ਹੈ। ਤੁਸੀਂ ਇਸ ਮਾਨਯਤਾ ਨੂੰ ਬਚਪਨ ਤੋਂ ਇੰਨਾ ਦੋਹਰਾਇਆ ਹੈ, ਇੰਨਾ ਦੋਹਰਾਇਆ ਹੈ, ਇੰਨਾ ਦੋਹਰਾਇਆ ਹੈ ਕਿ ਦੋਹਰਾ-ਦੋਹਰਾ ਕੇ ਤੁਸੀਂ ਆਪਣੇ-ਆਪ ਨੂੰ ਆਤਮ-ਸਮੋਹਿਤ ਕਰ ਲਿਆ ਹੈ। ਹੁਣ ਤੁਹਾਨੂੰ ਵਿਖਾਈ ਪੈ ਰਿਹਾ ਹੈ। ਇਹ ਤੁਸੀਂ ਕੋਈ ਵੀ ਚੀਜ਼ ਇਸ ਤਰ੍ਹਾਂ ਵੇਖ ਸਕਦੇ ਹੋ। ਜ਼ਰਾ ਦੋਹਰਾਈ ਚਲੇ ਜਾਓ, ਦੋਹਰਾਈ ਚਲੇ ਜਾਓ, ਜ਼ਿੱਦ ਕਰੀ ਚਲੇ ਜਾਓ; ਕੋਈ ਵੀ ਚੀਜ਼ ਤੁਹਾਨੂੰ ਅਜਿਹੀ ਹੀ

ਵਿਖਾਈ ਪੈਣੀ ਸ਼ੁਰੂ ਹੋ ਜਾਏਗੀ। ਤੁਸੀਂ ਥੋੜ੍ਹੇ ਪ੍ਰਯੋਗ ਕਰਕੇ ਵੇਖੋ। ਨਾਗਾਰਜੁਨ ਦੇ ਕੋਲ ਇੱਕ ਯੁਵਕ (ਨੌਜਵਾਨ) ਗਿਆ ਅਤੇ ਉਸ ਨੇ ਕਿਹਾ ਕਿ ਮੈਨੂੰ ਪਰਮਾਤਮਾ ਦਾ ਅਨੁਭਵ ਹੋਣਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਦੀ ਛਵੀ ਸਾਹਮਣੇ ਖੜੀ ਹੋ ਜਾਂਦੀ ਹੈ। ਅੱਖਾਂ ਬੰਦ ਕਰਦਾ ਹਾਂ, ਮੰਦ-ਮੰਦ ਮੁਸਕਰਾਉਂਦੇ ਪਰਮਾਤਮਾ ਸਾਹਮਣੇ ਖਲੋਤੇ, ਬਹੁਤ ਰਸ ਆਉਂਦਾ ਹੈ।

ਨਾਗਾਰਜੁਨ ਨੇ ਕਿਹਾ : ਤੂੰ ਇਕ ਕੰਮ ਕਰ। ਨਾਗਾਰਜੁਨ ਇੱਕ ਫ਼ੱਕੜ ਸਾਧੂ ਸੀ, ਅਨੋਖਾ ਸਾਧੂ ਸੀ; ਜਿਹੋ ਜਿਹਾ ਗੋਰਖ, ਅਜਿਹਾ ਹੀ ਆਦਮੀ। ਉਸਨੇ ਕਿਹਾ, ਤੂੰ ਇੱਕ ਕੰਮ ਕਰ, ਫ਼ਿਰ ਪਿੱਛੇ ਗੱਲ ਕਰਾਂਗੇ ਇਸ ਅਨੁਭਵ ਦੀ। ਤੂੰ ਸਾਹਮਣੇ ਇਹ ਜਿਹੜੀ ਛੋਟੀ ਜਿਹੀ ਗੁਫ਼ਾ ਹੈ, ਇਸਦੇ ਅੰਦਰ ਬੈਠ ਜਾ ਅਤੇ ਤਿੰਨ ਦਿਨਾਂ ਤੱਕ ਇਹ ਹੀ ਸੋਚ ਕਿ ਮੈਂ ਆਦਮੀ ਨਹੀਂ ਹਾਂ, ਭੈਂਸ (ਮੱਝ) ਹਾਂ।

ਉਸਨੇ ਕਿਹਾ : ਕੀ ਮਾਮਲਾ, ਕਿਉਂ ਸੋਚਾਂ? ਨਾਗਾਰਜੁਨ ਨੇ ਕਿਹਾ, ਜੇਕਰ ਮੇਰੇ ਨਾਲ ਕੁਝ ਸੰਬੰਧ ਰਖੱਣਾ ਹੈ ਅਤੇ ਕੁਝ ਸਮਝਣਾ ਹੈ ਤਾਂ ਇਹ ਕਰਨਾ ਪਏਗਾ; ਇੱਕ ਨਿੱਕਾ ਜਿਹਾ ਪ੍ਰਯੋਗ ਹੈ, ਇਸ ਤੋਂ ਬਾਅਦ ਫ਼ਿਰ ਰਹੱਸ ਖੋਲਾਂਗਾ । ਤਿੰਨ ਦਿਨ ਉਹ ਆਦਮੀ ਬੈਠਾ ਰਿਹਾ; ਜ਼ਿੱਦੀ ਆਦਮੀ ਸੀ। ਜਿਹੜਾ ਭਗਵਾਨ ਦੀ ਛਵੀ ਤੱਕ ਨੂੰ ਖਿਚ ਲਿਆਇਆ ਸੀ, ਮੱਝ ਵਿਚ ਕੀ ਰੱਖਿਆ ਹੈ? ਲੱਗ ਪਿਆ ਜ਼ੋਰ ਨਾਲ, ਤਿੰਨ ਦਿਨ ਨ ਸੁੱਤਾ, ਨ ਖਾਧਾ, ਨ ਪੀਤਾ! ਭੁੱਖਾ ਤ੍ਰਿਹਾਇਆ, ਥਕਿਆ-ਮਾਂਦਾ ਰੱਟਦਾ ਹੀ ਰਿਹਾ ਇੱਕ ਗੱਲ ਕਿ ਮੈਂ ਮੱਝ ਹਾਂ। ਇੱਕ ਦਿਨ, ਦੋ ਦਿਨ, ਦੂਜੇ ਹੀ ਦਿਨ ਗਫ਼ਾ ਦੇ ਅੰਦਰੋਂ ਮੱਝ ਦੇ ਅੜਿੰਗਣ ਦੀ ਆਵਾਜ਼ ਸੁਣਾਈ ਪੈਣ ਲੱਗੀ। ਬਾਹਰੋਂ ਗੁਫ਼ਾ ਵਿਚ ਲੋਗ ਝਾਂਕ ਕੇ ਵੇਖਣ ਲੱਗੇ ਕਿ ਮਾਮਲਾ ਕੀ ਹੈ? ਸੀ ਤਾਂ ਆਦਮੀ ਹੀ, ਪਰ ਅੰਦਰੋਂ ਮੱਝ ਦੀ ਆਵਾਜ਼ ਨਿਕਲਣ ਲੱਗੀ, ਅੜਿੰਗਣ ਲਗਾ। ਤੀਜੇ ਦਿਨ ਜਦ ਆਵਾਜ਼ ਬਹੁਤ ਹੋ ਗਈ ਅਤੇ ਨਾਗਾਰਜੁਨ ਨੂੰ ਬਹੁਤ ਵਿਘਨ-ਬਾਧਾ ਪੈਣ ਲਗੀ ਉਸਦੀ ਆਵਾਜ਼ ਨਾਲ, ਤਾਂ ਨਾਗਾਰਜੁਨ ਉਠਿਆ ਆਪਣੀ ਗੁਫ਼ਾ ਵਿਚੋਂ, ਗਿਆ ਅਤੇ ਕਿਹਾ ਕਿ ਮਿਤ੍ਰ ਹੁਣ ਬਾਹਰ ਆ ਜਾਓ। ਉਹ ਬਾਹਰ ਆਉਂਣ ਦੀ ਕੋਸ਼ਿਸ਼ ਕਰੇ ਪਰ ਬਾਹਰ ਨਿਕਲ ਨ ਸਕੇ।

ਨਾਗਾਰਜੁਨ ਨੇ ਪੁੱਛਿਆ, ਗੱਲ ਕੀ ਹੈ? ਉਸਨੇ ਕਿਹਾ, ਨਿਕਲਾਂ ਕਿਵੇਂ, ਮੇਰੇ ਸਿੰਗ... ਦਰਵਾਜ਼ਾ ਛੋਟਾ ਹੈ। ਨਾਗਾਰਜੁਨ ਨੇ ਉਸ ਨੂੰ ਹਿਲਾਇਆ ਅਤੇ ਕਿਹਾ : ਅੱਖਾਂ ਖੋਲ੍ਹ ਨਾ-ਸਮਝ! ਇਹ ਮੈਂ ਤੈਨੂੰ ਇਸ ਲਈ ਕਹਿਣ ਲਈ ਕਿਹਾ ਕਿ ਮੈਂ ਸਮਝ ਗਿਆ ਤੈਨੂੰ ਵੇਖਕੇ ਕਿ ਜਿਸ ਨੂੰ ਤੂੰ ਪਰਮਾਤਮਾ ਸਮਝ ਰਿਹਾ ਹੈਂ ਉਹ ਤੇਰਾ ਆਤਮ-ਸੰਮੋਹਨ ਹੈ। ਹੁਣ ਵੇਖ ਤੂੰ ਆਪਣੇ-ਆਪ ਨੂੰ ਮੱਝ ਸਮਝ ਲਿਆ। ਤਿੰਨਾਂ ਦਿਨਾਂ ਵਿਚ ਭੈਂਸ ਹੋ ਗਿਆ। ਹੋਇਆ ਕੁਝ ਵੀ ਨਹੀਂ ਹੈ : ਤੂੰ ਉਹੋ-ਜਿਹੇ ਦਾ ਉਹੋ-ਜਿਹਾ ਆਦਮੀ ਹੈਂ; ਦਰਵਾਜ਼ਾ ਉਹ ਹੀ। ਜਿਸ ਤਰ੍ਹਾਂ ਦਾ ਤੂੰ ਅੰਦਰ ਆਇਆ ਸੀ ਉਹੋ ਜਿਹੇ ਦਾ ਉਹੋ ਜਿਹਾ ਹੈਂ। ਨਿਕਲ ਬਾਹਰ! ਅੱਖਾਂ ਖੋਲ੍ਹੀਆਂ, ਥੋੜ੍ਹਾ ਚੌਂਕਿਆ। ਧੱਕਾ ਮਾਰਿਆ ਉਸਨੂੰ ਤਾਂ ਬਾਹਰ ਨਿਕਲ ਆਇਆ। ਪਰ ਹੁਣੇ ਹੀ ਉਸਦੇ ਸਿੰਗ ਅਟਕਣ ਲੱਗੇ ਸਨ।

ਤੁਸੀਂ ਵੇਖਿਆ ਹੋਏਗਾ, ਜੇਕਰ ਕਿਸੇ ਸਮੋਹਿਤ ਕਰਨ ਵਾਲੇ ਨੂੰ ਮੰਚ ਉੱਤੇ, ਕਿਸੇ ਜਾਦੂਗਰ ਨੂੰ, ਤਾਂ ਉਹ ਸਮੋਹਿਤ ਕਰ ਦਿੰਦਾ ਹੈ ਲੋਕਾਂ ਨੂੰ। ਸਿਰਫ਼ ਉਨ੍ਹਾਂ ਨੂੰ ਭਾਵ ਬਿਠਾ

ਦਿੰਦਾ ਹੈ ਮਨ ਵਿਚ। ਬਸ ਜੋ ਭਾਵ ਬਿਠਾ ਦਿੰਦਾ ਹੈ ਉਹ ਹੀ ਉਹ ਕਰਨ ਲਗਦੇ ਹਨ। ਉਹੋ ਜਿਹਾ ਹੀ ਵਿਓਹਾਰ ਕਰਨ ਲਗਦੇ ਹਨ।

ਜਿਸ ਨੂੰ ਤੁਸੀਂ ਧਰਮ ਦੇ ਨਾਮ ਨਾਲ ਜਾਣਿਆ ਹੈ ਉਹ ਆਤਮ-ਸਮੋਹਨ ਤੋਂ ਜ਼ਿਆਦਾ ਨਹੀਂ ਹੈ। ਵਾਸਤਵਿਕ (ਅਸਲੀ) ਧਰਮ ਸਾਰੇ ਸੰਮੋਹਨਾਂ ਤੋਂ ਮੁਕਤ ਹੋਣ ਦਾ ਨਾਮ ਹੈ ਅਤੇ ਤਦ ਪਰਮਾਤਮਾ ਵਿਅਕਤੀ ਨਹੀਂ ਹੈ, ਤਦ ਪਰਮਾਤਮਾ ਸਮਸ਼ਟਿ (ਸਭਕੁਛ) ਹੈ। ਤਦ ਪਰਮਾਤਮਾ ਇਸ ਸਾਰੇ ਅਸਤਿਤਵ ਦਾ ਜੋੜ ਮਾਤ੍ਰ ਹੈ। ਅਤੇ ਤਦ ਅਨੋਖੀ ਧਾਰ ਵਗਦੀ ਹੈ। ਕਿਉਂਕਿ ਜਿੱਥੇ ਜਾਓ, ਉਸੇ ਨਾਲ ਮਿਲਣ ਹੋ ਜਾਂਦਾ ਹੈ। ਫਿਰ ਜਗਤ, ਫਿਰ ਜੀਵਨ ਬਹੁਤ ਪਿਆਰਾ ਹੈ। ਅਤੇ ਜਦ ਜੀਵਨ ਅਜਿਹਾ ਪਿਆਰਾ ਹੈ ਤਦ ਹੀ ਸਮਝਣਾ ਕਿ ਧਰਮ ਦਾ ਤੁਹਾਡੇ ਜੀਵਨ ਵਿਚ ਪ੍ਰਕਾਸ਼ ਹੋਇਆ, ਧਰਮ ਦੀ ਪਹਿਲੀ ਬੂੰਦ ਪਈ।

ਆਨੰਦ ਭਾਰਤੀ ! ਸ਼ੁਭ ਹੋ ਰਿਹਾ ਹੈ। ਇਸ ਨੂੰ ਚਿੰਤਾ ਨ ਬਨਾਉਂਣਾ, ਸੰਦੇਹ (ਸ਼ੱਕ) ਨ ਕਰਨਾ, ਸਵਾਲ ਨ ਉਠਾਉਂਣਾ—ਇਸ ਵਿਚ ਡੁਬੱਣਾ ਅਤੇ ਗਹਿਰੇ ਡੁਬੱਣਾ। ਪਰਮਾਤਮਾ ਸੁੰਦਰਤਾ ਹੈ, ਪਰਮ ਸੁੰਦਰਤਾ ਹੈ। ਜਿੱਥੇ ਸੁੰਦਰਤਾ ਵਿਖਾਈ ਪਵੇ, ਸਮਝਣਾ ਉਸੇ ਦੀ ਪਦ-ਚਾਪ (ਪੈਰਾਂ ਦੀ ਆਹਟ) ਸੁਣਾਈ ਪਈ। ਪਰਮਾਤਮਾ ਸੰਗੀਤ ਹੈ, ਪਰਮ ਸੰਗੀਤ ਹੈ। ਜਿੱਥੇ ਨਾਦ ਦਾ ਅਨੁਭਵ ਹੋਵੇ, ਜਾਨਣਾ ਉਹ ਹੀ ਗੁਣਗੁਣਾਇਆ। ਪਰਮਾਤਮਾ ਪ੍ਰਕਾਸ਼ ਹੈ, ਫਿਰ ਚਾਹੇ ਦੀਵੇ ਦਾ ਹੋਵੇ ਅਤੇ ਚਾਹੇ ਚੰਨ-ਤਾਰਿਆਂ ਦਾ। ਜਿੱਥੇ ਪ੍ਰਕਾਸ਼ ਵਿਖਾਈ ਪਏ ਉਸੇ ਨੂੰ ਪਛਾਨਣਾ। ਪਰਮਾਤਮਾ ਚੈਤੰਨਯ ਹੈ (ਚੇਤਨਾ) ਫਿਰ ਚਾਹੇ ਤੁਹਾਡੇ ਅੰਦਰ ਹੋਵੇ, ਚਾਹੇ ਤੁਹਾਡੇ ਬੱਚੇ ਦੇ, ਚਾਹੇ ਤੁਹਾਡੇ ਗੁਆਂਢੀ ਦੇ। ਪਰਮਾਤਮਾ ਜੀਵਨ ਹੈ, ਫਿਰ ਤੁਹਾਡਾ ਜੀਵਨ ਹੋਵੇ ਕਿ ਪੰਛੀ ਦਾ, ਕਿ ਪਸ਼ੂ ਦਾ, ਕਿ ਪੌਦੇ ਦਾ।

ਪਰਮਾਤਮਾ ਨੂੰ ਉਸਦੀਆਂ ਅਨੰਤ ਭਾਵ-ਭੰਗਿਮਾਵਾਂ ਵਿਚ ਪਛਾਣੋ। ਕਿੰਨਾ ਵਿਰਾਟ ਮੰਦਰ ਉਸ ਨੇ ਦਿੱਤਾ ਹੈ ਜਿਸ ਦਾ ਚੰਦੋਆ ਆਕਾਸ਼ ਹੈ ! ਕਿੰਨਾ ਵਿਰਾਟ ਮੰਦਰ ਉਸਨੇ ਦਿੱਤਾ ਹੈ ਜਿੱਥੇ ਰੋਜ਼ ਰਾਤ ਦੀਵਾਲੀ ਹੈ ! ਕਿੰਨੇ ਦੀਵੇ ਬਾਲਦਾ ਹੈ ! ਵੈਗਿਆਨਿਕ ਗਿਣਤੀ ਨਹੀਂ ਕਰ ਸਕੇ ਹਨ ਹੁਣ ਤੱਕ। ਤੁਸੀਂ ਖ਼ਾਲੀ ਅੱਖਾਂ ਨਾਲ ਜੋ ਗਿਣਤੀ ਕਰ ਸਕਦੇ ਹੋ ਤਾਰਿਆਂ ਦੀ ਉਹ ਤਿੰਨ ਹਜ਼ਾਰ ਤੋਂ ਜ਼ਿਆਦਾ ਨਹੀਂ ਹੁੰਦੀ। ਵੈਗਿਆਨਿਕ ਜੋ ਗਿਣਤੀ ਕਰਦੇ ਹਨ, ਉਹ ਥਕ ਗਏ ਗਿਣਤੀ ਕਰਦ-ਕਰਦੇ। ਚਾਰ ਅਰਬ ਤਾਰਿਆਂ ਦੀ ਗਿਣਤੀ ਹੋ ਚੁੱਕੀ। ਪਰ ਇਹ ਸਿਰਫ਼ ਸ਼ੁਰੂਆਤ ਹੈ। ਅੱਜੇ ਤਾਰੇ ਹੋਰ ਹਨ, ਅੱਜੇ ਹੋਰ ਹਨ। ਜਿੰਨੀ ਵੈਗਿਆਨਿਕ ਗਿਣਤੀ ਕਰਦੇ ਜਾਂਦੇ ਹਨ, ਲਗਦਾ ਹੈ, ਹੋਰ ਅੱਗੇ, ਹੋਰ ਅੱਗੇ ...। ਕੋਈ ਅੰਤ ਨਹੀਂ ਮਾਲੂਮ ਹੁੰਦਾ। ਰੋਜ਼ ਰਾਤ ਦੀਵਾਲੀ ਹੁੰਦੀ ਹੈ ਅਤੇ ਕਿਹੋ ਜਿਹੇ ਅੰਨ੍ਹੇ ਲੋਗ ਹਨ, ਕੋਈ ਵੇਖਦਾ ਹੀ ਨਹੀਂ ਦੀਵਾਲੀ ਨੂੰ ! ਰੋਜ਼ ਸਵੇਰੇ ਉਸਦੀ ਹੋਲੀ ਹੁੰਦੀ ਹੈ, ਕਿੰਨੀ ਗੁਲਾਲ ਉਡਦੀ ਹੈ, ਕਿੰਨੇ ਫ਼ੁੱਲ ਖਿੜਦੇ ਹਨ, ਕਿੰਨੀ ਖ਼ੁਸ਼ਬੂ ਫ਼ੈਲਦੀ ਹੈ, ਕਿੰਨਾ ਅਤਰ ਛਿੜਕਿਆ ਜਾਂਦਾ ਹੈ; ਪਰ ਲੋਗ ਅੰਨ੍ਹੇ ਹਨ। ਰੋਜ਼ ਸਵੇਰੇ ਉਸਦੀ ਸ਼ਹਿਨਾਈ ਵਜਦੀ ਹੈ, ਕਿੰਨੇ-ਕਿੰਨੇ ਕੰਠਾਂ ਤੋਂ। ਮਗਰ ਲੋਗ ਬਹਿਰੇ ਹਨ।

ਜੀਸਸ ਨੇ ਬਾਰ-ਬਾਰ ਕਿਹਾ ਹੈ: ਜੇਕਰ ਅੱਖਾਂ ਹਨ ਤਾਂ ਵੇਖ ਲਓ, ਜੇਕਰ ਕੰਨ ਹੋਣ ਤਾਂ ਸੁਣ ਲਓ। ਕੀ ਤੁਸੀਂ ਸੋਚਦੇ ਹੋ ਜੀਸਸ ਬੋਲੇ ਅਤੇ ਅੰਨ੍ਹਿਆਂ ਦੇ ਕਿਸੇ ਆਸ਼੍ਰਮ ਵਿਚ ਬੋਲ

ਰਹੇ ਸੀ? ਜੀਸਸ ਤੁਹਾਡੇ ਹੀ ਵਰਗੇ ਲੋਕਾਂ ਨਾਲ ਬੋਲ ਰਹੇ ਸਨ, ਜਿਨ੍ਹਾਂ ਦੀਆਂ ਅੱਖਾਂ ਵੀ ਸਨ, ਕੰਨ ਵੀ ਸਨ; ਪਰ ਨ ਤਾਂ ਅੱਖਾਂ ਵੇਖਦੀਆਂ ਹਨ, ਨ ਕੰਨ ਸੁਣਦੇ ਹਨ। ਅੱਖਾਂ ਬਹੁਤ ਸੀਮਿਤ ਹੋ ਗਈਆਂ ਹਨ, ਬਹੁਤ ਸ਼ੂਦਰ ਵੇਖਦੀਆਂ ਹਨ। ਕੰਨ ਵੀ ਬਹੁਤ ਸੀਮਿਤ ਹੋ ਗਏ ਹਨ, ਬਹੁਤ ਸ਼ੂਦਰ ਸੁਣਦੇ ਹਨ। ਮੈਂ ਤੁਹਾਨੂੰ ਸਿਖਾਉਂਦਾ ਹਾਂ ਸੰਵੇਦਨਸ਼ੀਲਤਾ। ਤੁਹਾਡੀ ਹਰ ਇੱਕ ਇੰਦ੍ਰੀ ਗਹਿਰੇ ਰੂਪ ਨਾਲ ਸੰਵੇਦਨਸ਼ੀਲ ਹੋ ਜਾਏ। ਤੁਹਾਡੀ ਹਰ ਇੱਕ ਇੰਦ੍ਰੀ ਆਪਣੀ ਪਰਿਪੂਰਣਤਾ ਨਾਲ ਸੰਵੇਦਨਸ਼ੀਲ ਹੋ ਜਾਏ।

ਤੁਹਾਡੀ ਹਰ ਇੱਕ ਇੰਦ੍ਰੀ ਅਜਿਹੀ ਬਲ ਉਠੇ ਜਿਵੇਂ ਮਸ਼ਾਲ ਬਲਦੀ ਹੈ, ਦੋਹਾਂ ਪਾਸਿਆਂ ਤੋਂ ਇਕੱਠੀ ਅਤੇ ਤਦ ਸਾਰੇ ਅਨੁਭਵ ਉਸਦੇ ਹੀ ਅਨੁਭਵ ਹਨ। ਜੀਵਨ ਨਿਸ਼ਚਿਤ ਹੀ ਪਿਆਰਾ ਹੈ।

ਚੌਥਾ ਸਵਾਲ : ਜੀਵਨ ਦੇ ਸੁਖ-ਦੁਖਾਂ ਨੂੰ ਅਸੀਂ ਕਿਵੇਂ ਸਮਭਾਵ (ਇੱਕੋ ਜਿਹੇ ਭਾਵ) ਨਾਲ ਸਵੀਕਾਰ ਕਰੀਏ ?

ਉਹ ਹੀ ਦਿੰਦਾ ਹੈ ਸੁਖ, ਉਹ ਹੀ ਦਿੰਦਾ ਦੁਖ; ਦੇਣ ਵਾਲਾ ਮਾਲਿਕ ਇੱਕ ਹੈ। ਸਭ ਉਸੇ ਤੋਂ ਆਉਂਦਾ ਹੈ। ਸਮਭਾਵ ਨਾਲ ਸਵੀਕਾਰ ਕਰ ਲਓ ਤਾਂ ਇਹ ਸਚਾਈ ਤੁਹਾਨੂੰ ਵਿਖਾਈ ਪੈ ਜਾਏ ਕਿ ਸਭ ਉਸੇ ਤੋਂ ਆਉਂਦਾ ਹੈ। ਉਸ ਤੋਂ ਸਿਵਾ ਕੋਈ ਹੈ ਹੀ ਨਹੀਂ।

ਫਿਰ ਦੁਖ ਦੀ ਵੀ ਆਪਣੀ ਮਹਿਮਾਂ ਹੈ। ਦੁਖ ਵਿਅਰਥ ਨਹੀਂ ਹੈ। ਦੁਖ ਮਾਂਜਦਾ ਹੈ, ਨਿਖਾਰਦਾ ਹੈ; ਦੁਖ ਜਗਾਉਂਦਾ ਹੈ, ਦੁਖ ਗਹਿਰਾਈ ਦਿੰਦਾ ਹੈ। ਦੁਖ ਹੀ ਤੁਹਾਨੂੰ ਇਸ ਲਾਇਕ ਬਣਾਉਂਦਾ ਹੈ ਕਿ ਸੁਖ ਹੋ ਸਕੇ। ਇਸ ਲਈ ਦੁਖ ਨੂੰ ਵੀ ਦੁਸ਼ਮਣ ਨ ਮੰਨ ਲੈਣਾ। ਜਿਸ ਨੇ ਦੁਖ ਨੂੰ ਦੁਸ਼ਮਣ ਮੰਨ ਲਿਆ ਉਹ ਸੁਖ ਤੋਂ ਵੀ ਵਾਂਜਿਆ ਰਹਿ ਜਾਏਗਾ।

ਦੁਖ ਨੂੰ ਵੀ ਉਸ ਦੀ ਪੌੜੀ ਮੰਨਣਾ, ਉਸਦੇ ਮੰਦਰ ਦੀ ਪੌੜੀ। ਹਾਂ, ਚੜ੍ਹਣ ਵਿਚ ਕਠਿਨਾਈ ਹੁੰਦੀ ਹੈ, ਮੰਨਿਆ; ਥਕਾਨ ਵੀ ਆਉਂਦੀ ਹੈ, ਸਾਹ ਵੀ ਚੜ੍ਹ ਜਾਂਦਾ ਹੈ, ਪਸੀਨਾ ਵੀ ਆਉਂਦਾ ਹੈ, ਮੰਨਿਆ। ਪਰ ਉਸ ਦੇ ਮੰਦਰ ਦੀ ਪੌੜੀ ਹੈ; ਉਸਦਾ ਮੰਦਰ ਬਹੁਤ ਉੱਚਾ ਹੈ। ਬਹੁਤ ਪੌੜੀਆਂ ਹਨ ਉਸਦੇ ਮੰਦਰ ਦੀਆਂ। ਉਸਦਾ ਮੰਦਰ ਗੌਰੀਸ਼ੰਕਰ ਦਾ ਸ਼ਿੱਖਰ ਹੈ। ਚੜ੍ਹਣ ਵਿਚ ਔਖਿਆਈ, ਜ਼ਰੂਰ ਹੈ, ਪਰ ਜਿੰਨੀ ਔਖਿਆਈ ਚੜ੍ਹਣ ਵਿਚ ਹੈ ਓਨਾ ਹੀ ਪਹੁੰਚਣ ਦਾ ਆਨੰਦ ਹੈ। ਉਸਦੇ ਮੰਦਰ ਤੱਕ ਪਹੁੰਚਣ ਲਈ ਕੋਈ ਹੈਲੀਕਾਪਟਰ ਨਹੀਂ ਹਨ। ਅਤੇ ਚੰਗਾ ਹੀ ਹੈ ਹੈਲੀਕਾਪਟਰ ਨਹੀਂ ਹਨ, ਨਹੀਂ ਤਾਂ ਤੁਸੀਂ ਉਸਦੇ ਮੰਦਰ ਵਿਚ ਵੀ ਜਾ ਕੇ ਪੁੱਜ ਜਾਂਦੇ ਅਤੇ ਤੁਹਾਨੂੰ ਕੁਝ ਆਨੰਦ ਦਾ ਅਨੁਭਵ ਵੀ ਨ ਹੁੰਦਾ।

ਤੁਸੀਂ ਇਸ ਗੱਲ ਦਾ ਖ਼ਿਆਲ ਕੀਤਾ ਹੈ, ਜਿਸ ਚੀਜ਼ ਨੂੰ ਪਾਉਂਣ ਵਿਚ ਜਿੰਨਾ ਕਸ਼ਟ ਉਠਾਉਂਣਾ ਪੈਂਦਾ ਹੈ, ਉਸ ਨੂੰ ਪਾਕੇ ਓਨਾ ਹੀ ਆਨੰਦ ਅਨੁਭਵ ਹੁੰਦਾ ਹੈ—ਕਸ਼ਟ ਦੀ ਬਰਾਬਰੀ ਵਿਚ ਹੀ ! ਜਿਹੜੀ ਚੀਜ਼ ਤੁਹਾਨੂੰ ਮੁਫ਼ਤ ਮਿਲ ਜਾਏ, ਉਸ ਲਈ ਧੰਨਵਾਦ ਦੇਣ ਤੱਕ ਦਾ ਵੀ ਮਨ ਨਹੀਂ ਹੁੰਦਾ।

ਇਹ ਹੀ ਤਾਂ ਹੋਇਆ ਹੈ। ਤੁਹਾਨੂੰ ਜੀਵਨ ਮਿਲਿਆ ਮੁਫ਼ਤ, ਜ਼ਰਾ ਸੋਚੋ, ਤੁਸੀਂ

ਧੰਨਵਾਦ ਦਿੱਤਾ ਕਿਸੇ ਨੂੰ? ਪਰਮਾਤਮਾ ਨੂੰ ਧੰਨਵਾਦ ਦਿੱਤਾ ਜੀਵਨ ਦੇਣ ਲਈ? ਮੁਫ਼ਤ ਮਿਲ ਗਿਆ, ਕੀ ਦੇਣਾ ਧੰਨਵਾਦ, ਕਿਸ ਨੂੰ ਦੇਣਾ ਧੰਨਵਾਦ? ਸਿਕੰਦਰ ਨੂੰ ਇੱਕ ਗਿਆਨੀ ਨੇ ਕਿਹਾ ਕਿ ਤੂੰ ਇੰਨਾ ਵੱਡਾ ਸਾਮਰਾਜ ਬਣਾਲਿਆ, ਇਸਦਾ ਕੁਝ ਸਾਰ ਨਹੀਂ ਹੈ; ਮੈਂ ਇਸ ਨੂੰ ਦੋ ਕੌਡੀ ਦਾ ਸਮਝਦਾ ਹਾਂ। ਸਿਕੰਦਰ ਬਹੁਤ ਨਾਰਾਜ਼ ਹੋ ਗਿਆ। ਉਸ ਨੇ ਉਸ ਫ਼ਕੀਰ ਨੂੰ ਕਿਹਾ : ਇਸਦਾ ਤੈਨੂੰ ਠੀਕ-ਠੀਕ ਜਵਾਬ ਦੇਣਾ ਹੋਏਗਾ, ਨਹੀਂ ਤਾਂ ਕਤਲ ਕਰਵਾ ਦਿਆਂਗਾ। ਤੂੰ ਮੇਰਾ ਅਪਮਾਨ ਕੀਤਾ ਹੈ। ਮੇਰੀ ਜੀਵਨ ਭਰ ਦੀ ਮਿਹਨਤ ਅਤੇ ਤੂੰ ਕਹਿੰਦਾ ਹੈਂ ਕੁਝ ਵੀ ਨਹੀਂ ਦੋ ਕੌਡੀ।

ਉਸ ਫ਼ਕੀਰ ਨੇ ਕਿਹਾ : ਤਾਂ ਫ਼ਿਰ ਅਜਿਹਾ ਸਮਝ ਕਿ ਇੱਕ ਰੇਗਿਸਤਾਨ ਵਿਚ ਤੂੰ ਭਟਕ ਗਿਆ ਹੈਂ। ਤ੍ਰੇਹ ਲਗੀ ਹੈ ਜ਼ੋਰ ਦੀ, ਤੂੰ ਮਰਦਾ ਜਾ ਰਿਹਾ ਹੈਂ।

ਮੈਂ ਮੌਜੂਦ ਹਾਂ, ਮੇਰੇ ਕੋਲ ਮਟਕੀ ਹੈ, ਪਾਣੀ ਭਰਿਆ ਹੋਇਆ ਹੈ ਸਾਫ਼ ਸੁਥਰਾ। ਪਰ ਮੈਂ ਕਹਿੰਦਾ ਹਾਂ ਪਾਣੀ ਦਿਆਂਗਾ ਇੱਕ ਗਲਾਸ, ਪਰ ਕੀਮਤ ਲਵਾਂਗਾ। ਜੇਕਰ ਮੈਂ ਅੱਧਾ ਸਾਮਰਾਜ ਮੰਗਾਂ ਤੇਰੇ ਕੋਲੋਂ, ਤੂੰ ਦੇ ਸਕੇਂਗਾ?

ਸਿਕੰਦਰ ਨੇ ਕਿਹਾ, ਜੇਕਰ ਮੈਂ ਮਰ ਰਿਹਾ ਹਾਂ, ਅਤੇ ਰੇਗਿਸਤਾਨ ਵਿਚ ਹਾਂ ਅਤੇ ਤ੍ਰੇਹ ਲਗੀ ਹੈ ਤਾਂ ਅੱਧਾ ਕੀ ਮੈਂ ਪੂਰਾ ਦੇ ਦਿਆਂਗਾ। ਤਾਂ ਉਸ ਫ਼ਕੀਰ ਨੇ ਕਿਹਾ, ਗੱਲ ਮੁੱਕ ਗਈ, ਇੱਕ ਗਲਾਸ ਦੀ ਕੀਮਤ... ਇੱਕ ਗਲਾਸ ਪਾਣੀ ਕੀਮਤ ਹੈ ਤੇਰੇ ਸਾਮਰਾਜ ਦੀ।

ਅਤੇ ਤੂੰ ਕਹਿੰਦਾ ਹੈਂ, ਦੋ ਕੌਡੀ। ਦੋ ਕੌਡੀ ਵੀ ਨਹੀਂ ਹੈ, ਕਿਉਂਕਿ ਪਾਣੀ ਤਾਂ ਮੁਫ਼ਤ ਮਿਲਦਾ ਹੈ।

ਜੀਵਨ ਬਚਾਉਣ ਲਈ ਸਿਕੰਦਰ ਆਪਣਾ ਪੂਰਾ ਸਾਮਰਾਜ ਦੇਣ ਲਈ ਰਾਜ਼ੀ ਹੈ; ਪਰ ਤੁਸੀਂ ਜੀਵਨ ਪਾਇਆ ਹੈ, ਇਸ ਦੇ ਲਈ ਤੁਸੀਂ ਧੰਨਵਾਦ ਦਿੱਤਾ ? ਜਿਸ ਦੇ ਲਈ ਤੁਸੀਂ ਪੂਰੀ ਬਾਦਸ਼ਾਹਤ ਦੇ ਸਕਦੇ ਹੋ ਸਾਰੀ ਧਰਤੀ ਦੀ, ਉਹ ਤੁਹਾਨੂੰ ਮੁਫ਼ਤ ਮਿਲਿਆ ਹੈ—ਅਤੇ ਤੁਸੀਂ ਧੰਨਵਾਦ ਵੀ ਨਹੀਂ ਦਿੱਤਾ ਹੈ, ਤੁਸੀਂ ਉਪਕਾਰ ਵੀ ਸਵੀਕਾਰ ਨਹੀਂ ਕੀਤਾ!

ਤੁਹਾਨੂੰ ਕਿੰਨਾ ਮਿਲਿਆ ਹੈ, ਜ਼ਰਾ ਸੋਚੋ। ਤੁਹਾਡੇ ਹ੍ਰਿਦੇ ਵਿਚ ਪ੍ਰੇਮ ਦੀ ਸੰਭਾਵਨਾ ਹੈ, ਤੁਸੀਂ ਧੰਨਵਾਦ ਦਿੱਤਾ? ਤੁਹਾਡੇ ਕੰਠ ਵਿਚੋਂ ਗੀਤ ਪੈਦਾ ਹੋ ਸਕਦੇ ਹਨ, ਤੁਸੀਂ ਧੰਨਵਾਦ ਦਿੱਤਾ ? ਤੁਹਾਡੀਆਂ ਅੱਖਾਂ ਖੁੱਲ੍ਹਦੀਆਂ ਹਨ ਅਤੇ ਤੁਸੀਂ ਜਗਤ ਦੀ ਅਪੂਰਵ ਸੁੰਦਰਤਾ ਨੂੰ ਵੇਖ ਸਕਦੇ ਹੋ, ਤੁਸੀਂ ਧੰਨਵਾਦ ਦਿੱਤਾ? ਜ਼ਰਾ ਕਿਸੇ ਅੰਨ੍ਹੇ ਆਦਮੀ ਕੋਲੋਂ ਪੁੱਛੋ ਕਿ ਜੇਕਰ ਤੈਨੂੰ ਅੱਖਾਂ ਮਿਲ ਜਾਣ ਤਾਂ ਤੂੰ ਕੀ ਦੇਣ ਲਈ ਤਿਆਰ ਹੈਂ? ਉਹ ਕਹੇਗਾ, ਮੈਂ ਆਪਣਾ ਸਭ ਕੁਝ ਦੇਣ ਲਈ ਤਿਆਰ ਹਾਂ, ਅੱਖਾਂ ਮਿਲ ਜਾਣ, ਬਸ ਅੱਖਾਂ ਮਿਲ ਜਾਣ। ਮੈਂ ਕੀ ਹਾਂ ਜੋ ਬਚਾਵਾਂ, ਸਭ ਦੇ ਦਿਆਂਗਾ।

ਪਰ ਤੁਸੀਂ ਅੱਖਾਂ ਦੇ ਪਾਉਣ ਵਿਚ ਕੋਈ ਗੌਰਵ ਅਨੁਭਵ ਕੀਤਾ ?

ਮਨੁੱਖ ਨੂੰ ਜੋ ਮੁਫ਼ਤ ਵਿਚ ਮਿਲ ਜਾਂਦਾ ਹੈ ਉਸਦਾ ਕੋਈ ਮੁੱਲ ਨਹੀਂ ਹੁੰਦਾ। ਪਰਮਾਤਮਾ ਨੇ ਬਹੁਤ ਦਿੱਤਾ ਹੈ ਤੁਹਾਨੂੰ ਜੋ ਅਨਮੋਲ ਹੈ, ਪਰ ਤੁਸੀਂ ਉਸ ਨੂੰ ਨਿਰਮੂਲ ਸਮਝ ਰਹੇ ਹੋ। ਪਰ ਇੱਕ ਗੱਲ ਮੁੱਲ ਤੋਂ ਹੀ ਚੁਕਾਉਣ (ਅਦਾ ਕਰਨ) ਨਾਲ ਮਿਲਦੀ ਹੈ—ਪਹਾੜ ਚੜ੍ਹਨਾ ਪੈਂਦਾ ਹੈ ਪਰਮਾਤਮਾ ਦਾ। ਤੁਹਾਨੂੰ ਪਹਾੜ ਚੜ੍ਹਨਾ ਹੀ ਹੋਏਗਾ। ਪਹਾੜ ਦੀ ਚੜ੍ਹਾਈ ਵਿਚ

ਦੁਖ ਵੀ ਹੋਣਗੇ, ਜੇਕਰ ਤੁਸੀਂ ਮੰਦਰ ਵਲ ਜਾ ਰਹੇ ਹੋ ਤਾਂ ਦੁਖ, ਦੁਖ ਮਾਲੂਮ ਨਹੀਂ ਹੁੰਦੇ।

ਮੈਂ ਸੁਣਿਆ ਹੈ, ਇੱਕ ਸੰਨਿਆਸੀ ਹਿਮਾਲਿਆ ਦੀ ਤੀਰਥ ਯਾਤਰਾ ਲਈ ਗਿਆ ਸੀ! ਥਕਿਆ-ਟੁੱਟਿਆ ਪਸੀਨੇ-ਪਸੀਨੇ। ਸਾਹ ਚੜ੍ਹ ਗਿਆ, ਚੜ੍ਹਾਈ ਭਾਰੀ ਹੈ। ਉਸਦੇ ਸਾਹਮਣੇ ਹੀ ਪਹਾੜੀ ਕੁੜੀ, ਹੋਏਗੀ ਕੋਈ ਨੌਂ ਦਸ ਸਾਲਾਂ ਦੀ, ਆਪਣੇ ਛੋਟੇ ਭਰਾ ਨੂੰ ਮੋਢੇ ਉੱਤੇ ਚੁੱਕੀ ਚੜ੍ਹਾਈ ਚੜ੍ਹ ਰਹੀ ਹੈ। ਪਸੀਨੇ ਨਾਲ ਲੱਥ-ਪੱਥ ਹੈ, ਥਕੀ-ਮਾਂਦੀ ! ਸੰਨਿਆਸੀ ਜਦ ਪਹੁੰਚਿਆ ਉਸ ਕੁੜੀ ਦੇ ਕੋਲ ਤਾਂ ਉਸ ਨੇ ਕਿਹਾ : ਬੇਟੀ—ਸਹਾਨੁਭੂਤਿ (ਹਮਦਰਦੀ) ਦੇ ਸਵਰ ਵਿਚ, ਪ੍ਰੇਮ ਦੇ ਭਾਵ ਨਾਲ—ਕਿ ਮੈਂ ਵੀ ਬਹੁਤ ਥਕ ਗਿਆ ਹਾਂ, ਤੂੰ ਵੀ ਬਹੁਤ ਥਕ ਗਈ ਹੋਵੇਂਗੀ। ਕਿੰਨਾ ਭਾਰ ਚੁੱਕ ਕੇ ਟੁਰ ਰਹੀ ਹੈਂ ! ਉਸ ਕੁੜੀ ਨੇ ਕ੍ਰੋਧ ਨਾਲ ਸੰਨਿਆਸੀ ਵਲ ਵੇਖਿਆ ਅਤੇ ਕਿਹਾ : ਸਵਾਮੀ ਜੀ ਭਾਰ ਤਾਂ ਤੁਸੀਂ ਚੁਕਿਆ ਹੋਇਆ ਹੈ; ਇਹ ਮੇਰਾ ਨਿੱਕਾ ਵੀਰ ਹੈ, ਭਾਰ ਨਹੀਂ ਹੈ। ਜਿੱਥੇ ਪ੍ਰੇਮ ਹੈ, ਉੱਥੇ ਭਾਰ ਨਹੀਂ ਹੈ।

ਹਾਲਾਂ ਕਿ ਛੋਟੇ ਭਰਾ ਨੂੰ ਵੀ ਤਕੜੀ ਉੱਤੇ ਰੱਖੋ ਤਾਂ ਭਾਰ ਨਿਕਲੇਗਾ, ਪਰ ਪ੍ਰੇਮ ਦੀ ਤਕੜੀ ਉੱਤੇ ਭਾਰ ਖ਼ਤਮ ਹੋ ਗਿਆ। ਪ੍ਰੇਮ ਦਾ ਜਾਦੂ ਵੇਖਦੇ ਹੋ, ਗੁਰੂਤਵਾਕਰਸ਼ਣ ਦੇ ਨਿਯਮ ਨੂੰ ਖ਼ਤਮ ਕਰ ਦਿੱਤਾ ਪ੍ਰੇਮ ਦੇ ਜਾਦੂ ਨੇ। ਸਵਾਮੀ ਜੀ ਵੀ ਆਪਣੀ ਪੋਟਲੀ ਲਈ ਚੜ੍ਹ ਰਹੇ ਹਨ। ਉਸ ਪੋਟਲੀ ਵਿਚ ਵੀ ਵਜ਼ਨ ਹੈ। ਤਕੜੀ ਉੱਤੇ ਤੋਲੋਗੇ ਤਾਂ ਸ਼ਾਇਦ ਛੋਟੇ ਭਰਾ ਤੋਂ ਵਜ਼ਨ ਜ਼ਿਆਦਾ ਨਿਕਲੇ, ਪਰ ਪ੍ਰੇਮ ਦੀ ਤਕੜੀ ਵਿਚ ਛੋਟੇ ਭਰਾ ਦਾ ਕੋਈ ਵਜ਼ਨ ਨਹੀਂ ਹੈ। ਕੁੜੀ ਨਾਰਾਜ਼ ਹੋ ਗਈ। ਇਸ ਗੱਲ ਤੋਂ ਨਾਰਾਜ਼ ਹੋ ਗਈ ਕਿ ਤੂੰ ਮੇਰੇ ਭਰਾ ਨੂੰ ਵਜ਼ਨ ਕਿਹਾ! ਭਾਰ ਤਾਂ ਤੁਸੀਂ ਚੁਕਿਆ ਹੈ, ਇਹ ਮੇਰਾ ਛੋਟਾ ਵੀਰ ਹੈ।

ਤੁਸੀਂ ਜੇਕਰ ਪਰਮਾਤਮਾ ਦੇ ਮੰਦਰ ਦੀਆਂ ਪੌੜੀਆਂ ਚੜ੍ਹਦੇ ਵੇਲੇ ਸੋਚੋ ਕਿ ਕਠਿਨਾਈ ਹੋ ਰਹੀ ਹੈ, ਕੀ ਤੁਸੀਂ ਕਹੋਗੇ ਇਹ ਕਠਿਨਾਈ ਹੈ ? ਪਿਆਰੇ ਦੇ ਮੰਦਰ ਵਲ ਜਾਂਦੇ ਹੋ ਤਾਂ ਫ਼ਿਰ ਕੋਈ ਕਠਿਨਾਈ ਨਹੀਂ ਹੈ। ਜੀਵਨ ਜੇਕਰ ਸੱਚ ਦੀ ਖੋਜ ਹੈ ਤਾਂ ਫ਼ਿਰ ਸੁਖ ਅਤੇ ਦੁਖ ਦੋਵੇਂ ਸਮਾਨ ਰੂਪ ਨਾਲ ਸਵੀਕਾਰ ਹੋ ਜਾਂਦੇ ਹਨ। ਫ਼ਿਰ ਕੋਈ ਅੜਚਨ ਨਹੀਂ ਰਹਿ ਜਾਂਦੀ।

ਧੂਪ-ਛਾਂ ਹੈ ਪਿਆਰ ਤੁਮਹਾਰਾ,
ਕਭੀ ਹੰਸਾਏ, ਕਭੀ ਰੁਲਾਏ, ਹਾਥ ਨ ਆਏ!

ਕਭੀ ਕਭੀ ਨੰਦਨ-ਕੁਸੁਮੋਂ ਸੇ
ਭਰ ਜਾਤੀ ਹੈ ਮੇਰੀ ਝੋਲੀ,
ਕਭੀ ਰਾਹ ਕੀ ਧੂਲ ਨਿਗੋੜੀ
ਕਰ ਜਾਤੀ ਹੈ ਕਰੂਰ ਠਿਠੋਲੀ;
ਇਸੀ ਲੀਏ ਤੋ ਬਿਲਖ-ਬਿਲਖ ਕਰ ਕਹਤੀ ਹੂੰ ਮੈਂ
ਬੈਰੀ ਹੈ ਯਾ ਮੀਤ ਹਮਾਰਾ,
ਗਲੇ ਲਗਾਏ, ਯਾ ਠੁਕਰਾਏ, ਬਾਜ਼ ਨ ਆਏ!
ਧੂਪ-ਛਾਂਹ ਹੈ ਪਿਆਰ ਤੁਮਹਾਰਾ,
ਕਭੀ ਹੰਸਾਏ ਕਭੀ ਰੁਲਾਏ, ਹਾਥ ਨ ਆਏ!

ਮੁਖਰਿਤ ਹੋ ਜਾਤਾ ਅਪਨੇ ਮੇਂ
ਕਭੀ-ਕਭੀ ਤੋ ਸੂਨਾਪਨ ਭੀ
ਔਰ ਕਭੀ ਤੋ ਭਰੇ ਜਗਤ ਮੇਂ
ਪਾਸ ਨ ਰਹਤਾ ਅਪਨਾ ਮਨ ਭੀ;
ਇਸੀ ਲਿਏ ਤੋ ਸਿਸਕ-ਸਿਸਕ ਕਰ ਕਹਤੀ ਹੂੰ ਮੈਂ
ਮੌਜ ਕਹੂੰ ਯਾ ਇਸੇ ਕਿਨਾਰਾ
ਕਭੀ ਡੁਬਾਏਂ, ਪਾਰ ਲਗਾਏਂ, ਆਸ ਜਗਾਏਂ।
ਧੂਪ-ਛਾਂ ਹੈ ਪਿਆਰ ਤੁਮਹਾਰਾ
ਕਭੀ ਹੰਸਾਏ, ਕਭੀ ਰੁਲਾਏ, ਹਾਥ ਨ ਆਏ।

ਕਭੀ ਕਲਪਨਾ ਕੇ ਧਾਗੋਂ ਮੇਂ
ਬੰਧ ਜਾਤੇ ਹੈਂ ਛਣ ਅਨਜਾਨੇ,
ਕਭੀ ਨਯਨ ਕੇ ਯਮੁਨਾ-ਜਲ ਮੇਂ
ਬਹ ਜਾਤੇ ਹੈਂ ਘਰ-ਪਹਚਾਨੇ;
ਇਸੀ ਲੀਏ ਤੋ ਤੜਪ-ਤੜਪ ਕਰ ਕਹਤੀ ਹੂੰ ਮੈਂ
ਹੈ ਕੈਸਾ ਅਨਮੋਲ ਸਹਾਰਾ,
ਦੀਪ ਬੁਝਾਏ, ਸ੍ਵਪਨ ਸਜਾਏ, ਨੀਂਦ ਨ ਆਏ !
ਧੂਪ ਛਾਂ ਹੈ ਪਿਆਰ ਤੁਮਹਾਰਾ।
ਕਭੀ ਹੰਸਾਏ, ਕਭੀ ਰੁਲਾਏ, ਹਾਥ ਨ ਆਏ !

ਸਭ ਉਸਦਾ ਹੈ, ਧੁੱਪ ਵੀ ਉਸਦੀ, ਛਾਂ ਵੀ ਉਸਦੀ। ਦੁਖ ਵੀ ਉਸਦਾ, ਸੁਖ ਵੀ ਉਸਦਾ। ਜੀਵਨ ਵੀ ਉਸਦਾ ਦਿੱਤਾ ਹੋਇਆ, ਮੌਤ ਵੀ ਉਸਦੀ ਦਿੱਤੀ ਹੋਈ। ਜਦ ਸਭ ਕੁਝ ਉਸਦਾ ਹੈ ਤਾਂ ਅਨਾਯਾਸ (ਅਚਾਨਕ) ਸਮਭਾਵ ਸੱਧ ਜਾਂਦਾ ਹੈ। ਇਸ ਭੇਦ ਨੂੰ ਸਮਝਣਾ।

ਹੋ ਸਕਦਾ ਹੈ ਪੁੱਛਣ ਵਾਲੇ ਨੇ ਸੋਚਿਆ ਹੋਵੇ ਕਿ ਮੈਂ ਕੋਈ ਪ੍ਰਕ੍ਰਿਯਾ ਸਮਝਾਵਾਂਗਾ ਕਿ ਅਜਿਹਾ ਸਮਭਾਵ ਸਾਧੋ। ਜੇਕਰ ਤੁਸੀਂ ਸਮਭਾਵ ਸਾਧੋਗੇ ਕਿਸੇ ਪ੍ਰਕ੍ਰਿਯਾ ਨਾਲ ਤਾਂ ਉਪੱਰ-ਉਪੱਰ ਰਹੇਗਾ। ਸਾਧਿਆ ਹੋਇਆ ਕਦੇ ਅੰਦਰ ਨਹੀਂ ਜਾਂਦਾ, ਸਾਧਿਆ ਹੋਇਆ ਉਪੱਰ ਰਹਿ ਜਾਂਦਾ ਹੈ। ਬਸ ਤੁਹਾਡੇ ਕਪੜੇ ਰੰਗ ਜਾਣਗੇ ਤੁਸੀਂ ਅਨਰੰਗੇ ਰਹਿ ਜਾਓਗੇ। ਸਾਧਿਆ ਹੋਇਆ ਪਰਤ ਉੱਤੇ ਹੁੰਦਾ ਹੈ—ਬਾਹਰੀ ਪਰਤ ਉੱਤੇ—ਅੰਤਸਤਲ (ਅੰਦਰੂਨੀ -ਹਿੱਸਾ) ਨਹੀਂ ਛੂਹ ਪਾਉਂਦਾ ਉਸ ਨਾਲ। ਅੰਤਸਤਲ ਤਾਂ ਤਦ ਹੀ ਛੂੰਹਦਾ ਹੈ ਜਦ ਤੁਸੀਂ ਸਮਝੋ। ਸਾਧਨਾ ਦੀ ਗੱਲ ਨਹੀਂ ਹੈ, ਸਮਝਣ ਦੀ ਗੱਲ ਹੈ। ਬਸ ਸਮਝੋ ਕਿ ਸਭ ਉਸਦਾ ਹੈ।

ਸਾਧਨਾ ਕੀ ਹੈ? ਸਾਧਨਾ ਦਾ ਮਤਲਬ ਹੈ ਕਿ ਦੁਖ ਆਏ, ਆਕੜ ਕੇ ਖਲੋਤੇ ਰਹੇ ਕਿ

ਨਹੀਂ ਪ੍ਰਭਾਵਿਤ ਹੋਵਾਂਗੇ ! ਲੰਘ ਜਾਵਾਂਗੇ ਅਪ੍ਰਭਾਵਿਤ, ਅੰਦੋਲਿਤ ਨਹੀਂ ਹੋਵਾਂਗੇ। ਇਹ ਤਾਂ ਆਕੜ ਲੈ ਆਵੇਗਾ। ਇਹ ਸਾਧਨਾ ਨਹੀਂ ਹੋਵੇਗੀ। ਇਸ ਤਰ੍ਹਾਂ ਅਹੰਕਾਰ ਹੋਰ ਮਜ਼ਬੂਤ ਹੋ ਜਾਵੇਗਾ। ਇਸ ਤਰ੍ਹਾਂ ਤੁਸੀਂ ਪਿਘਲੋਗੇ ਨਹੀਂ, ਇਸ ਤਰ੍ਹਾਂ ਤਾਂ ਤੁਸੀਂ ਹੋਰ ਜਮ ਜਾਓਗੇ, ਹੋਰ ਪਥੱਰ ਹੋ ਜਾਓਗੇ। ਇਸ ਲਈ ਤਾਂ ਤੁਹਾਡੇ ਤਥਾ-ਕਥਿਤ ਸਾਧੂ-ਸੰਨਿਆਸੀ ਪਥਰੀਲੇ ਹੋ ਜਾਂਦੇ ਹਨ। ਉਨ੍ਹਾਂ ਦੇ ਜੀਵਨ ਵਿਚ ਜ਼ਰਾ ਵੀ ਸੁੰਦਰਤਾ ਨਹੀਂ ਰਹਿ ਜਾਂਦੀ। ਉਨ੍ਹਾਂ ਦੇ ਜੀਵਨ ਵਿਚੋਂ ਸੰਗੀਤ ਦੀ ਸੰਭਾਵਨਾ ਹੀ ਨਸ਼ਟ ਹੋ ਜਾਂਦੀ ਹੈ। ਪਰ ਟੁਰੇ ਹਨ ਪਰਮ ਸੰਗੀਤ ਨੂੰ ਲਭੱਣ। ਹੋਰ ਉਨ੍ਹਾਂ ਦੇ ਜੀਵਨ ਵਿਚ ਤੁਸੀਂ ਕੋਈ ਕਾਵਯ ਨਹੀਂ ਪਾਓਗੇ; ਰੁੱਖਾ-ਸੁੱਕਾ ਹੋ ਜਾਂਦਾ ਹੈ ਉਨ੍ਹਾਂ ਦਾ ਜੀਵਨ! ਕਿਉਂ? ਸਾਧਨਾ ਦੇ ਕਾਰਣ। ਜ਼ਬਰਦਸਤੀ ਕਰ ਰਹੇ ਹਨ ਆਪਣੇ ਨਾਲ। ਸਾਧਨਾ ਹੈ, ਕਸ਼ਟ ਸਾਧਨਾ ਹੈ। ਤਾਂ ਕੀ ਕਰੀਏ, ਕੰਡਿਆਂ ਦੀ ਸੇਜ ਬਣਾ ਲੈਣਗੇ, ਉਸ ਉੱਤੇ ਲੰਮੇ ਪੈ ਜਾਣਗੇ। ਕਿਉਂਕਿ ਕਸ਼ਟ ਨੂੰ ਸਾਧਨਾ ਹੈ। ਸਮਭਾਵ ਰਖੱਣਾ ਹੈ, ਕੰਡਿਆਂ ਦੀ ਸੇਜ ਹੋਵੇਗੀ ਤਾਂ ਵੀ ਉਵੇਂ ਹੀ ਸੌਂਵਾਂਗੇ ਜਿਵੇਂ ਕਿ ਸੁੰਦਰ ਪਲੰਘ ਉੱਤੇ ਸੁੱਤੇ ਹਾਂ।

ਪਰ ਜਿਹੜਾ ਆਦਮੀ ਕੰਡਿਆਂ ਦੀ ਸੇਜ ਉੱਤੇ ਸੌਂਦਾ ਹੈ, ਉਸ ਦੀ ਦੇਹ ਸੰਵੇਦਨਸ਼ੀਲਤਾ ਗੁਆ ਦਿੰਦੀ ਹੈ; ਉਸਦੀ ਦੇਹ ਜੱੜ੍ਹ ਹੋ ਜਾਂਦੀ ਹੈ; ਉਸਦੀ ਦੇਹ ਮੁਰਦਾ ਹੋ ਜਾਂਦੀ ਹੈ; ਉਸਦੀ ਦੇਹ ਵਿਚੋਂ ਜੀਵਨ ਖ਼ਤਮ ਹੋ ਜਾਂਦਾ ਹੈ। ਜੀਵਨ ਅੰਦਰ ਸਰਕ ਜਾਂਦਾ ਹੈ। ਉਪਵਾਸ ਕਰੋ ਕਿ ਅਸੀਂ ਤਾਂ ਭੁੱਖ ਸਾਧਾਂਗੇ, ਕਿ ਭੁੱਖ ਲਗੇਗੀ ਤਾਂ ਵੀ ਅਸੀਂ ਸਮਾਨ-ਭਾਵ ਨਾਲ ਰਹਾਂਗੇ। ਤਾਂ ਸਾਧ ਲੈ ਸਕਦੇ ਹੋ। ਪਰ ਇਹ ਸਾਧਨਾ ਸੱਚੀ ਨ ਹੋਈ। ਸੱਚੀ ਸਾਧਨਾ ਸਮਝ ਦਾ ਪ੍ਰਤਿਫਲ ਹੈ—ਸਮਝ ਦੇ ਹੀ ਪਿੱਛੇ ਆਉਂਦੀ ਹੈ ਛਾਂ ਦੇ ਵਾਂਗ। ਤਾਂ ਮੈਂ ਤਾਂ ਤੁਹਾਨੂੰ ਕਹਿੰਦਾ ਹਾਂ ਇੰਨਾ ਹੀ ਸਮਝੋ।

ਧੂਪ-ਛਾਂਹ ਹੈ ਪਿਆਰ ਤੁਮਹਾਰਾ,
ਕਭੀ ਹੰਸਾਏ, ਕਭੀ ਰੁਲਾਏ, ਹਾਥ ਨ ਆਏ!
ਬੈਰੀ ਹੈ ਯਾ ਮੀਤ ਹਮਾਰਾ,
ਗਲੇ ਲਗਾਏ, ਯਾ ਠੁਕਰਾਏ, ਬਾਜ ਨ ਆਏ!
ਮੌਜ ਕਹੂੰ ਯਾ ਇਸੇ ਕਿਨਾਰਾ,
ਕਭੀ ਡੁਬਾਏ, ਪਾਰ ਲਗਾਏ, ਆਸ ਜਗਾਏ!
ਹੈ ਕੈਸਾ ਅਨਮੋਲ ਸਹਾਰਾ,
ਦੀਪ ਬੁਝਾਏ, ਸਵਪਨ ਸਜਾਏ, ਨੀਂਦ ਨ ਆਏ!
ਧੂਪ-ਛਾਂਹ ਹੈ ਪਯਾਰ ਤੁਮਹਾਰਾ,
ਕਭੀ ਹੰਸਾਏ, ਕਭੀ ਰੁਲਾਏ, ਹਾਥ ਨ ਆਏ!

ਟੁਰੋ ਇਸ ਰਹੱਸ ਦੇ ਜਗਤ ਵਿਚ। ਜੋ ਹਥਾਂ ਦੀ ਪਕੜ ਵਿਚ ਨਹੀਂ ਆਉਂਦਾ, ਉਸਦੀ ਖੋਜ ਕਰੋ। ਜਿਹੜਾ ਕਿਸੇ ਵੀ ਪਕੜ ਵਿਚ ਨਹੀਂ ਆਉਂਦਾ ਉਸਨੂੰ ਲੱਭਣ ਚਲੋ। ਫ਼ਿਰ ਲੱਭਾਂਗੇ ਕਿਵੇਂ, ਜੋ ਪਕੜ ਵਿਚ ਹੀ ਨਹੀਂ ਆਉਂਦਾ ? ਪਰਮਾਤਮਾ ਤਾਂ ਤੁਹਾਡੀ ਪਕੜ

ਵਿਚ ਨਹੀਂ ਆਉਂਦਾ, ਪਰ ਤੁਸੀਂ ਉਸ ਦੀ ਪਕੜ ਵਿਚ ਆ ਜਾ ਸਕਦੇ ਹੋ। ਉਸ ਨੂੰ ਲੱਭੋਗੇ ਤਾਂ ਤੁਸੀਂ ਉਸਦੀ ਪਕੜ ਵਿਚ ਆ ਜਾਓਗੇ, ਤੁਸੀਂ ਉਸ ਦੀ ਗਿਰਫ਼ਤ ਵਿਚ ਆ ਜਾਓਗੇ ਅਤੇ ਉਹ ਹੀ ਹੈ ਮਿਲਨ।

ਆਖਰੀ ਸਵਾਲ : ਮੈਂ ਤੁਹਾਡਾ ਆਸ਼ੀਰਵਾਦ ਚਾਹੁੰਦਾ ਹਾਂ। ਪਰ ਆਸ਼ੀਰਵਾਦ ਤੋਂ ਕੀ ਚਾਹੁੰਦਾ ਹਾਂ, ਇਹ ਜ਼ਰਾ ਵੀ ਸਪੱਸ਼ਟ ਨਹੀਂ ਹੈ। ਉਸ ਨੂੰ ਵੀ ਤੁਸੀਂ ਹੀ ਸਪੱਸ਼ਟ ਕਰੋ। ਮੇਰੇ ਵਲੋਂ ਇੰਨਾ ਹੀ ਨਿਸ਼ਚਿਤ ਹੈ ਕਿ ਆਪ ਦਾ ਆਸ਼ੀਰਵਾਦ ਚਾਹੁੰਦਾ ਹਾਂ।

ਇਹ ਸੁੰਦਰ ਹੈ, ਇਹ ਗੱਲ ਸੁੰਦਰ ਹੈ। ਤੁਸੀਂ ਤਾਂ ਜੋ ਵੀ ਆਸ਼ੀਰਵਾਦ ਚਾਹੋ ਉਸ ਵਿਚ ਗਲਤੀ ਹੋ ਜਾਏਗੀ; ਤੁਹਾਡੀ ਕੋਈ ਮੰਗ ਸ਼ਾਮਿਲ ਹੋ ਜਾਏਗੀ। ਤੁਹਾਡੀ ਕੋਈ ਵਾਸਨਾ ਪਿਛਲੇ ਦਰਵਾਜ਼ੇ ਤੋਂ ਆ ਜਾਏਗੀ। ਤੁਹਾਡੀ ਕਾਮਨਾ ਵੀ ਹੋਏਗੀ ਤੁਹਾਡੀ ਮੰਗ ਵਿਚ। ਤੁਹਾਡਾ ਮੰਗਿਆ ਗਿਆ ਆਸ਼ੀਰਵਾਦ ਤਾਂ ਗਲਤ ਹੋ ਜਾਏਗਾ।

ਆਸ਼ੀਰਵਾਦ ਮੰਗਣਾ ਹੋਵੇ ਤਾਂ ਇਵੇਂ ਹੀ ਮੰਗਣਾ ਚਾਹੀਦਾ ਹੈ ਕਿ ਮੈਨੂੰ ਪਤਾ ਨਹੀਂ ਕਿ ਮੈਂ ਕੀ ਚਾਹੁੰਦਾ ਹਾਂ, ਬਸ ਆਸ਼ੀਰਵਾਦ ਚਾਹੁੰਦਾ ਹਾਂ ਅਤੇ ਤਦ ਜੋ ਤੁਸੀਂ ਸੋਚ ਵੀ ਨਹੀਂ ਸਕਦੇ ਉਹ ਮਿਲ ਜਾਂਦਾ ਹੈ। ਜਿਸ ਨੂੰ ਤੁਸੀਂ ਕਲਪਨਾ ਵਿਚ ਵੀ ਨਹੀਂ ਵਿਚਾਰ ਸਕਦੇ ਸੀ, ਉਹ ਮਿਲ ਸਕਦਾ ਹੈ। ਉਹ ਤੁਹਾਡੀ ਕਲਪਨਾ ਵਿਚ ਅੱਜੇ ਹੈ ਵੀ ਨਹੀਂ, ਜੋ ਤੁਹਾਨੂੰ ਮਿਲਣਾ ਚਾਹੀਦਾ, ਜਿਸਦੇ ਮਿਲਣ ਨਾਲ ਤੁਸੀਂ ਤ੍ਰਿਪਤ ਹੋ ਜਾਓਗੇ। ਹੋਵੇ ਵੀ ਕਿਵੇਂ ਕਲਪਨਾ ਵਿਚ ? ਤੁਹਾਡਾ ਅਨੁਭਵ ਹੀ ਨਹੀਂ ਹੈ ਉਸ ਕਿਰਣ ਦਾ। ਉਹ ਬੂੰਦ ਹੀ ਤੁਹਾਡੇ ਕੰਠ ਵਿਚ ਨਹੀਂ ਉਤਰੀ।

ਇਸ ਲਈ ਤੇਰਾ ਸਵਾਲ ਪਿਆਰਾ ਹੈ। ਤੇਰਾ ਸਵਾਲ ਅਰਥ-ਪੂਰਣ ਹੈ। ਚੰਗਾ ਕੀਤਾ ਤੂੰ ਆਸ਼ੀਰਵਾਦ ਨਾਲ ਕੋਈ ਸ਼ਰਤ ਨਹੀਂ ਲਗਾਈ। ਲੋਗ ਸ਼ਰਤਾਂ ਲਾ ਦਿੰਦੇ ਹਨ। ਲੋਗ ਸ਼ਰਤ ਤੋਂ ਬਿਨਾਂ ਆਸ਼ੀਰਵਾਦ ਮੰਗਦੇ ਹੀ ਨਹੀਂ।

ਕੋਈ ਚੁਣਾਓ ਲੜਦਾ ਹੈ ਤਾਂ ਮੇਰੇ ਕੋਲ ਆ ਜਾਂਦਾ ਹੈ ਕਿ ਆਸ਼ੀਰਵਾਦ ਦਿਓ। ਮੈਂ ਉਸਨੂੰ ਆਖਦਾ ਹਾਂ ਤੁਸੀਂ ਮੈਨੂੰ ਵੀ ਫਸਾਓਗੇ। ਤੁਸੀਂ ਤਾਂ ਨਰਕ ਜਾਓਗੇ—ਪੱਕਾ, ਤੁਸੀਂ ਮੈਨੂੰ ਵੀ ਲੈ ਜਾਓਗੇ। ਮੈਂ ਤਾਂ ਇੱਕ ਹੀ ਆਸ਼ੀਰਵਾਦ ਦੇ ਸਕਦਾ ਹਾਂ ਕਿ ਭਗਵਾਨ ਕਰੇ ਤੁਸੀਂ ਚੁਣਾਓ ਵਿਚ ਨ ਜਿੱਤੋ ! ਕਿਉਂਕਿ ਜਿੱਤੇ ਕਿ ਗਏ ! ਹਾਰੇ ਤਾਂ ਕੁਝ ਸੰਭਾਵਨਾ ਬਾਕੀ ਰਹਿ ਜਾਂਦੀ ਹੈ ਕਿ ਤੁਹਾਡੇ ਜੀਵਨ ਵਿਚ ਕੁਝ ਹੋ ਜਾਏਗਾ। ਜਿੱਤੇ ਕਿ ਗਏ। ਜਿਹੜਾ ਜਿਤਿਆ ਉਹ ਤਾਂ ਇਸ ਤਰ੍ਹਾਂ ਅਹਿਕਾਰ ਨਾਲ ਭਰ ਜਾਂਦਾ ਹੈ ਕਿ ਫ਼ਿਰ ਉਸਦੇ ਜੀਵਨ ਵਿਚ ਕੁਝ ਨਹੀਂ ਹੋ ਸਕਦਾ। ਜਿੱਤ ਦਾ ਜ਼ਹਿਰ ਜੋ ਪੀਣ ਲਗਾ, ਉਹ ਹੌਲੀ-ਹੌਲੀ ਹੋਰ ਜ਼ਹਿਰ ਮੰਗਦਾ ਹੈ, ਹੋਰ ਜ਼ਹਿਰ ਮੰਗਦਾ ਹੈ। ਉਹ ਨਸ਼ਾ ਸ਼ਰਾਬ ਵਰਗਾ ਹੈ, ਸ਼ਰਾਬ ਤੋਂ ਜ਼ਿਆਦਾ ਘਾਤਕ। ਕਿਉਂਕਿ ਸ਼ਰਾਬ ਦਾ ਨਸ਼ਾ ਤਾਂ ਸ਼ਾਮ ਨੂੰ ਪੀਓ ਸਵੇਰੇ ਉਤਰ ਜਾਂਦਾ ਹੈ; ਪਦ-ਲਿਪਸਾ (ਲਾਲਸਾ) ਦਾ ਜੋ ਨਸ਼ਾ ਪੀ ਲੈਂਦੇ ਹਨ, ਫ਼ਿਰ ਉਤਰਦਾ ਹੀ ਨਹੀਂ, ਚੜ੍ਹਦਾ ਹੀ ਚਲਾ ਜਾਂਦਾ ਹੈ। ਇੱਕ ਪਦ ਮਿਲੇ ਤਾਂ ਹੋਰ ਅੱਗੇ ਦਾ ਪਦ ਹੈ, ਉਹ ਮਿਲਣਾ ਚਾਹੀਦਾ। ਹੋਰ ਜੇਕਰ ਅੱਗੇ

ਕੁਝ ਮਿਲਣ ਨੂੰ ਨਹੀਂ ਬਚਿਆ ਤਾਂ ਜੋ ਮਿਲ ਗਿਆ ਹੈ, ਉਹ ਹੁਣ ਖੁਸਣਾ ਨਹੀਂ ਚਾਹੀਦਾ। ਇਹ ਤਾਂ ਪਾਗਲਪਨ ਸਮਾਪਤ ਹੁੰਦਾ ਹੀ ਨਹੀਂ ਹੈ।

ਮੇਰੇ ਕੋਲ ਲੋਗ ਆ ਜਾਂਦੇ ਹਨ, ਉਹ ਕਹਿੰਦੇ ਹਨ ਕਿ ਪਤਨੀ ਬੀਮਾਰ ਹੈ, ਆਸ਼ੀਰਵਾਦ ਦੇ ਦਿਓ, ਕਿ ਬੱਚੇ ਦੀ ਨੌਕਰੀ ਨਹੀਂ ਲਗ ਰਹੀ, ਆਸ਼ੀਰਵਾਦ ਦੇ ਦਿਓ। ਤੁਸੀਂ ਆਸ਼ੀਰਵਾਦ ਨੂੰ ਵੀ ਕਿਹੜੇ ਨਿੱਕੇ-ਮੋਟੇ ਕੰਮਾਂ ਵਿਚ ਲਾਉਂਣ ਚਲੇ ਹੋ। ਨੌਕਰੀ ਨਹੀਂ ਮਿਲ ਰਹੀ ਤਾਂ ਨੌਕਰੀ ਲਭੱਣ ਦੇ ਢੰਗ ਹਨ। ਪਤਨੀ ਬੀਮਾਰ ਹੈ ਤਾਂ ਇਲਾਜ ਦੇ ਉਪਾਅ ਹਨ। ਇਸ ਲਈ ਆਸ਼ੀਰਵਾਦ ਨੂੰ ਵਿਚਾਲੇ ਲਿਆਉਂਣ ਦੀ ਕੀ ਜ਼ਰੂਰਤ ਹੈ? ਹੋਰ ਜੇਕਰ ਆਸ਼ੀਰਵਾਦਾਂ ਨਾਲ ਨੌਕਰੀਆਂ ਮਿਲਦੀਆਂ ਹੁੰਦੀਆਂ ਅਤੇ ਆਸ਼ੀਰਵਾਦਾਂ ਨਾਲ ਜੇਕਰ ਪਤਨੀਆਂ ਠੀਕ ਹੁੰਦੀਆਂ ਹੋਂਦੀਆਂ, ਤਾਂ ਇਹ ਦੇਸ਼ ਤਾਂ ਕਦੇ ਬੀਮਾਰ ਹੋ ਹੀ ਨਹੀਂ ਸਕਦਾ ਸੀ; ਇਹ ਤਾਂ ਕਦੇ ਗਰੀਬ ਹੋ ਹੀ ਨਹੀਂ ਸਕਦਾ ਸੀ।

ਇੱਥੇ ਇੰਨੇ ਆਸ਼ੀਰਵਾਦ ਦੇਣ ਵਾਲੇ ਹਨ--ਸੰਤ, ਮਹੰਤ, ਸਾਧੂ, ਸੰਨਿਆਸੀ, ਮਹਾਤਮਾ! ਇੱਥੇ ਘਾਟਾ ਕੀ ਹੈ, ਆਸ਼ੀਰਵਾਦ ਦੇਣ ਵਾਲਿਆਂ ਦਾ? ਇੱਥੇ ਤਾਂ ਆਸ਼ੀਰਵਾਦ ਹੀ ਆਸ਼ੀਰਵਾਦ ਦਿੱਤੇ ਜਾ ਰਹੇ ਹਨ। ਨ ਤਾਂ ਆਸ਼ੀਰਵਾਦ ਨਾਲ ਢਿੱਡ ਭਰਦਾ ਹੈ ਕਿਸੇ ਦਾ, ਨ ਨੌਕਰੀ ਮਿਲਦੀ ਹੈ; ਪਰ ਇੱਕ ਖ਼ਤਰਾ ਹੋ ਜਾਂਦਾ ਹੈ, ਆਸ਼ੀਰਵਾਦ ਮੰਗਣ ਵਾਲਾ ਆਦਮੀ ਹੋਰ ਉਪਾਅ ਛੱਡ ਦਿੰਦਾ ਹੈ; ਉਹ ਸੋਚਦਾ ਹੈ ਆਸ਼ੀਰਵਾਦ ਮਿਲ ਗਿਆ, ਸਭ ਠੀਕ ਹੈ। ਹੁਣ ਕੀ ਕਰਨਾ ਹੈ ਡਾਕਟਰ ਦੇ ਕੋਲ ਜਾ ਕੇ? ਅਤੇ ਜੇਕਰ ਇੱਕ ਆਸ਼ੀਰਵਾਦ ਨਹੀਂ ਫ਼ਲਦਾ, ਤਾਂ ਉਹ ਇਹ ਨਹੀਂ ਸੋਚਦਾ ਕਿ ਮੈਂ ਕੁਝ ਗਲਤੀ ਕੀਤੀ ਸੀ, ਉਹ ਇਹ ਹੀ ਸੋਚਦਾ ਹੈ ਕਿ ਅਸੀਂ ਕੁਝ ਗਲਤ ਆਦਮੀ ਤੋਂ ਆਸ਼ੀਰਵਾਦ ਮੰਗ ਲਿਆ, ਹੁਣ ਕਿਸੇ ਠੀਕ ਕੋਲੋਂ ਮੰਗਾਂਗੇ, ਬਸ ਇਵੇਂ ਹੀ ਜ਼ਿੰਦਗੀ ਬੀਤਦੀ ਹੈ।

ਇਵੇਂ ਹੀ ਇਸ ਦੇਸ਼ ਦੀ ਜ਼ਿੰਦਗੀ ਬੀਤਦੀ ਰਹੀ ਹੈ। ਇਹ ਦੇਸ਼ ਦਰਿਦ੍ਰ ਹੁੰਦਾ ਗਿਆ, ਦੀਨ ਹੁੰਦਾ ਗਿਆ, ਦਾਸ ਹੁੰਦਾ ਗਿਆ, ਇਸ ਦੇ ਪਿੱਛੇ ਵੱਡੇ ਤੋਂ ਵੱਡੇ ਕਾਰਣਾਂ ਵਿਚ ਇੱਕ ਕਾਰਣ ਇਹ ਆਸ਼ੀਰਵਾਦ ਮੰਗਣ ਦੀ ਬਿਰਤੀ (ਆਦਤ) ਹੈ।

ਆਸ਼ੀਰਵਾਦ ਨਾਲ ਇਸ ਜਗਤ ਦਾ ਕੋਈ ਸੰਬੰਧ ਨਹੀਂ ਜੁੜਦਾ; ਆਸ਼ੀਰਵਾਦ ਦੂਜੇ ਹੀ ਲੋਕ ਦੀ ਗੱਲ ਹੈ। ਬੇਸ਼ਰਤ ਹੀ ਮੰਗੋ ਤਾਂ ਹੀ ਕੁਝ ਹੋ ਸਕਦਾ ਹੈ। ਆਸ਼ੀਰਵਾਦ ਨਾਲ ਕੁਝ ਹੁੰਦਾ ਹੈ ਜ਼ਰੂਰ—ਧਨ ਪੈਦਾ ਨਹੀਂ ਹੁੰਦਾ, ਧਿਆਨ ਪੈਦਾ ਹੁੰਦਾ ਹੈ। ਸ਼ਰੀਰ ਦੀ ਬੀਮਾਰੀ ਨਹੀਂ ਮਿੱਟ ਸਕਦੀ ਆਸ਼ੀਰਵਾਦ ਨਾਲ, ਨਹੀਂ ਤਾਂ ਚਿਕਿਤਸਾ-ਸ਼ਾਸਤ੍ਰਾਂ (ਡਾਕਟਰੀ ਕਿਤਾਬਾਂ) ਦੀ ਜ਼ਰੂਰਤ ਹੀ ਨ ਰਹਿ ਜਾਏ। ਹਾਂ, ਆਤਮਾ ਦੀ ਬੀਮਾਰੀ ਮਿੱਟ ਸਕਦੀ ਹੈ। ਪਰ ਆਤਮਾ ਦੀ ਬੀਮਾਰੀ ਦਾ ਤਾਂ ਤੁਹਾਨੂੰ ਪਤਾ ਨਹੀਂ ਹੈ! ਧਿਆਨ ਵਰ੍ਹ ਸਕਦਾ ਹੈ ਆਸ਼ੀਰਵਾਦ ਨਾਲ; ਪਰ ਤੁਹਾਡੇ ਅੰਦਰ ਤਾਂ ਮੰਗ ਧਨ ਦੀ ਹੈ, ਧਿਆਨ ਦੀ ਨਹੀਂ। ਤੁਸੀਂ ਤਾਂ ਧਿਆਨ ਵੀ ਕਰਦੇ ਹੋ ਇਸ ਆਸ ਨਾਲ ਕਿ ਸ਼ਾਇਦ ਇਸਦੇ ਨਾਲ ਧਨ ਮਿਲੇ।

ਮੇਰੇ ਕੋਲ ਲੋਗ ਆਉਂਦੇ ਹਨ, ਉਹ ਕਹਿੰਦੇ ਹਨ ਮਹਾਂਰਿਸ਼ੀ ਮਹੇਸ਼ ਯੋਗੀ ਤਾਂ ਕਹਿੰਦੇ ਹਨ ਕਿ ਜੋ ਧਿਆਨ ਕਰੇਗਾ, ਉਸ ਨੂੰ ਉਸ ਜਗਤ ਵਿਚ ਤਾਂ ਬਹੁਤ ਮਿਲੇਗਾ ਹੀ ਮਿਲੇਗਾ, ਇਸ ਜਗਤ ਵਿਚ ਵੀ ਮਿਲੇਗਾ। ਸੰਸਾਰਿਕ ਲਾਭ ਵੀ ਹੋਵੇਗਾ। ਤੁਸੀਂ ਕੀ ਕਹਿੰਦੇ ਹੋ?

ਧਿਆਨ ਨਾਲ ਜੇਕਰ ਸੰਸਾਰਿਕ ਲਾਭ ਹੁੰਦਾ ਤਾਂ ਇਹ ਦੇਸ਼ ਤਾਂ ਸ਼ਿਖਰ ਉੱਤੇ ਹੁੰਦਾ ਵੈਭਵ ਦੇ। ਇਸ ਦੇਸ਼ ਨੇ ਜਿੰਨਾ ਧਿਆਨ ਕੀਤਾ ਹੈ, ਕਿਸੇ ਹੋਰ ਨੇ ਕੀਤਾ ਹੈ ? ਬੁੱਧ ਨੇ ਧਿਆਨ ਕੀਤਾ ਸਮਾਧੀ ਨੂੰ ਉਪਲਬੱਧ ਹੋਏ। ਕਹਾਣੀ ਕਹਿੰਦੀ ਹੈ ਕਿ ਫੁੱਲ ਵਰ੍ਹੇ; ਨੋਟ ਵਰ੍ਹੇ ਅਜਿਹਾ ਮੈਂ ਨਹੀਂ ਸੁਣਿਆ। ਫ਼ਿਰ ਤੋਂ ਲਿਖੋ ਕਹਾਣੀ, ਤਾਂਕਿ ਮਹਾਂਰਿਸ਼ੀ ਮਹੇਸ਼ ਯੋਗੀ ਦੇ ਨਾਲ ਸੰਬੰਧ ਬਣ ਸਕੇ। ਫ਼ਿਰ ਤੋਂ ਲਿਖੋ ਕਹਾਣੀ। ਮਹਾਵੀਰ ਸਮਾਧੀ ਨੂੰ ਉਪਲਬੱਧ ਹੋਏ, ਕੇਵਲ ਗਿਆਨ ਉਤਪੰਨ ਹੋਇਆ, ਤਾਂ ਆਕਾਸ਼ ਤੋਂ ਫ਼ੁੱਲ ਬਰਸਦੇ ਹਨ, ਦੇਵਤਾ ਮਧੁਰ-ਨਾਦ ਕਰਦੇ ਹਨ। ਪਾਗਲ ਰਹੇ ਹੋਣਗੇ ਦੇਵਤਾ, ਫ਼ੁੱਲ ਬਰਸਾਉਂਣ ਨਾਲ ਕੀ ਹੋਵੇਗਾ, ਓਏ ਹੀਰੇ ਜਵਾਹਰਾਤ ਬਰਸਾਉਂਦੇ। ਕੁਝ ਦੇਣਾ ਸੀ ਤਾਂ ਕੁਝ ਮਤਲਬ ਦੀ ਗੱਲ ਦਿੰਦੇ, ਵਿਚਾਰੇ ਮਹਾਵੀਰ ਵੈਸੇ ਹੀ ਨੰਗੇ ਖਲੋਤੇ ਸਨ। ਇਨ੍ਹਾਂ ਨੂੰ ਕੁਝ ਦੇਣਾ ਸੀ; ਘਟੋ-ਘੱਟ ਕਪੜੇ-ਲੱਤੇ ਸੁਟਦੇ। ਭੁੱਖੇ-ਭਾਣੇ ਰਹਿੰਦੇ ਸਨ, ਕੁਝ ਧਨ-ਦੌਲਤ ਦੇ ਦਿੰਦੇ। ਫ਼ੁੱਲ ਸੁੱਟ ਰਹੇ, ਭੁੱਖੇ ਆਦਮੀ ਦਾ ਮਜ਼ਾਕ ਉਡਾ ਰਹੇ ! ਨੰਗੇ ਖਲੋਤੇ ਆਦਮੀ ਉੱਤੇ ਸ਼ਹਿਨਾਈ ਵਜਾ ਰਹੇ ਹਨ।

ਉਹ ਤਾਂ ਮਹਾਵੀਰ ਭਲੇ ਆਦਮੀ ਸਨ, ਨਹੀਂ ਤਾਂ ਸ਼ਹਿਨਾਈ ਤੋੜ ਦਿੰਦੇ ਅਤੇ ਦੇਵੀ-ਦੇਵਤਿਆਂ ਦੀ ਮਾਰ ਕੁਟਾਈ ਕਰ ਦਿੰਦੇ, ਕਿ ਮਜ਼ਾਕ ਕਰ ਰਹੇ ਹੋ ?

ਮਹਾਂਰਿਸ਼ੀ ਯੋਗੀ ਦਾ ਉਨ੍ਹਾਂ ਨੂੰ ਕੁਝ ਪਤਾ ਨਹੀਂ ਸੀ ਕਿ ਅੱਗੇ ਜਾਕੇ ਹਾਲਤਾਂ ਕਿਹੋ ਜਿਹੀਆਂ ਹੋ ਜਾਣ ਵਾਲੀਆਂ ਹਨ। ਪਰ ਮੈਂ ਮਹਾਂਰਿਸ਼ੀ ਮਹੇਸ਼ ਯੋਗੀ ਦਾ ਕਾਰਣ ਸਮਝਦਾ ਹਾਂ। ਅਮਰੀਕਾ ਵਿਚ ਜੇਕਰ ਪਰਚਾਰ ਕਰਨਾ ਹੋਵੇ ਤਾਂ ਅਮਰੀਕਾ ਦੀ ਉਤਸੁਕਤਾ ਧਨ ਵਿਚ ਹੈ, ਧਿਆਨ ਵਿਚ ਨਹੀਂ ਹੈ। ਮਹਾਂਰਿਸ਼ੀ ਮਹੇਸ਼ ਯੋਗੀ ਕੁਸ਼ਲ ਵਿਕਰੇਤਾ (ਵਿਓਪਾਰੀ) ਹਨ; ਜੋ ਤੁਹਾਡੀ ਮਰਜ਼ੀ ਉਹ ਹੀ ਦੇਣ ਲਈ ਰਾਜ਼ੀ ਹਨ। ਗ੍ਰਾਹਕ ਜੋ ਮੰਗੇ ਉਹ ਹੀ ਦੇਣਾ ਪੈਂਦਾ ਹੈ। ਦੁਕਾਨਦਾਰ ਇਸਦੀ ਫ਼ਿਕਰ ਨਹੀਂ ਕਰਦਾ ਕਿ ਗ੍ਰਾਹਕ ਦੀ ਕੀ ਜ਼ਰੂਰਤ ਹੈ। ਜੋ ਮੰਗੇ, ਗਲਤ ਮੰਗੇ ਤਾਂ ਗਲਤ ਵੀ ਦਿੰਦਾ ਹੈ; ਜਿਹੋ ਜਿਹਾ ਕਹੇ ਉਸੇ ਤਰ੍ਹਾਂ ਹੀ ਰਾਜ਼ੀ ਹੋ ਜਾਂਦਾ ਹੈ। ਕੁਸ਼ਲ ਦੁਕਾਨਦਾਰ ਮੰਨਦੇ ਹਨ ਕਿ ਗ੍ਰਾਹਕ ਹਮੇਸ਼ਾ ਠੀਕ ਹੈ। ਉਹ ਜੋ ਕਹੇ ਠੀਕ ਹੈ, ਜਿਸ ਤਰ੍ਹਾਂ ਕਹੇ ਠੀਕ ਹੈ। ਅਮਰੀਕਾ ਵਿਚ ਵੇਚਣਾ ਹੈ ਧਿਆਨ—ਅਤੇ ਇਹ ਵਿਕਰੀ ਚਲ ਰਹੀ ਹੈ ਉਥੇ—ਵੇਚਣਾ ਹੈ ਧਿਆਨ। ਅਮਰੀਕਾ ਕਹਿੰਦਾ ਹੈ ਕਿ ਤੰਦਰੁਸਤੀ ਚਾਹੀਦੀ ਹੈ, ਤਾਂ ਤੰਦਰੁਸਤੀ ਮਿਲੇਗੀ, ਧਨ ਚਾਹੀਦਾ, ਤਾਂ ਧਨ ਮਿਲੇਗਾ, ਵਿਓਪਾਰ ਦੀ ਕੁਸ਼ਲਤਾ ਚਾਹੀਦੀ ਹੈ ਤਾਂ ਵਿਓਪਾਰ ਵਿਚ ਕੁਸ਼ਲਤਾ ਮਿਲੇਗੀ। ਇਸ ਤਰ੍ਹਾਂ ਦੀ ਮੂੜ੍ਹਤਾਪੂਰਨ ਗੱਲ ਨੂੰ ਮੈਂ ਸਮਰਥਨ ਨਹੀਂ ਦੇ ਸਕਦਾ ਹਾਂ। ਜੇਕਰ ਧਿਆਨ ਨਾਲ ਇਹ ਹੁੰਦਾ, ਹੁੰਦਾ ਤਾਂ ਇਸ ਦੇਸ਼ ਵਿਚ ਇਹ ਸਭ ਵਰ੍ਹ ਗਿਆ ਹੁੰਦਾ, ਸੋਨਾ-ਚਾਂਦੀ ਕਦੇ ਦਾ। ਤੁਸੀਂ ਜੋ ਉਹ ਕਹਾਣੀਆਂ ਵੀ ਸੁਣਦੇ ਹੋ ਕਿ ਇਹ ਦੇਸ਼ ਕਦੇ ਸੋਨੇ ਦੀ ਚਿੜੀ ਸੀ, ਉਹ ਵੀ ਕਹਾਣੀ ਹੈ। ਇਹ ਸੋਨੇ ਦੀ ਚਿੜੀ ਸੀ, ਜੇਕਰ ਤੁਸੀਂ ਇਸ ਦੇਸ਼ ਦੇ ਰਾਜਿਆਂ-ਮਹਾਰਾਜਿਆਂ ਦੇ ਸੰਬੰਧ ਵਿਚ ਵਿਚਾਰ ਕਰੋ, ਤਾਂ ਉਹ ਤਾਂ ਹੁਣ ਵੀ ਹੈ। ਇਸ ਦੇਸ਼ ਦੇ ਆਮ ਆਦਮੀ ਲਈ ਸੋਚੋ ਤਾਂ ਇਹ ਹਮੇਸ਼ਾ ਤੋਂ ਦੀਨ ਅਤੇ ਭਿਖਾਰੀ ਹੈ। ਇਹ ਕੋਈ ਅੱਜ ਹੀ ਦੀਨ ਅਤੇ ਭਿਖਾਰੀ ਨਹੀਂ ਹੋ ਗਿਆ ਹੈ। ਹੋਰ ਜੇਕਰ ਰਾਜੇ-ਮਹਾਰਾਜਿਆਂ ਦੀ ਗੱਲ ਸੋਚੋ ਤਾਂ ਉਹ ਹੁਣ ਵੀ ਧਨੀ ਹਨ। ਬਦਲ ਗਏ ਹਨ ਢੰਗ। ਹੁਣ ਉਦਯੋਗਪਤੀ ਹੋਏਗਾ; ਰਾਜਾ-ਮਹਾਰਾਜਾ ਹੁਣ ਨਹੀਂ

ਰਹੇ। ਕੋਈ ਹੋਰ ਹੋਏਗਾ—ਉਨ੍ਹਾਂ ਨੂੰ ਤੁਸੀਂ ਹੁਣ ਵੀ ਵੇਖੋ ਤਾਂ ਹੁਣ ਵੀ ਸੋਨੇ ਦੀ ਚਿੜੀ ਹਨ। ਸੋਨੇ ਦੀ ਚਿੜੀ ਇਹ ਦੇਸ਼ ਕਦੇ ਵੀ ਨਹੀਂ ਰਿਹਾ। ਹਾਂ, ਇਸ ਦੇਸ਼ ਦੇ ਕੁਝ ਲੋਕਾਂ ਦੇ ਕੋਲ ਸੋਨਾ ਰਿਹਾ ਹੈ ਅਤੇ ਉਨ੍ਹਾਂ ਦੇ ਕੋਲ ਸੋਨਾ ਰਿਹਾ ਇਸ ਕਾਰਣ ਹੈ ਕਿ ਹੋਰ ਲੋਕਾਂ ਦੇ ਕੋਲੋਂ ਸੋਨਾ ਖੁਸ ਗਿਆ ਹੈ। ਧਿਆਨ ਨਾਲ ਧਨ ਨਹੀਂ ਮਿਲਦਾ, ਧਿਆਨ ਨਾਲ ਕੁਝ ਹੋਰ ਮਿਲਦਾ ਹੈ, ਜੋ ਪਰਮ ਧਨ ਹੈ। ਧਿਆਨ ਨਾਲ ਕੁਝ ਮਿਲਦਾ ਹੈ, ਜੋ ਇਸ ਲੋਕ ਦਾ ਨਹੀਂ ਹੈ, ਪਰਲੋਕ ਦਾ ਹੈ। ਧਿਆਨ ਨਾਲ ਪਰਲੋਕ ਇਸ ਲੋਕ ਵਿਚ ਉਤਰਦਾ ਹੈ। ਤੂੰ ਠੀਕ ਕੀਤਾ ਆਸ਼ੀਰਵਾਦ ਮੰਗਿਆ; ਹੋਰ ਕੀ ਮੰਗਣਾ ਹੈ, ਇਸ ਨੂੰ ਅਨ-ਕਿਹਾ ਛੱਡ ਦਿੱਤਾ। ਇੱਕ ਹੀ ਗੱਲ ਮੰਗਣੇ ਜੋਗੀ ਹੈ-

ਇਸ ਜਗ ਦਾ ਕਣ-ਕਣ ਬਦਲੇ ਪਰ,
ਪ੍ਰਿਯ ਮੰਦਿਰ ਕੀ ਰਾਹ ਨ ਬਦਲੇ, ਪੂਜਾ ਕਾ ਉਤਸ਼ਾਹ ਨ ਬਦਲੇ
ਅੰਕਿਤ ਹੁਈ ਯਹੀਂ ਪਰ ਮੇਰੇ, ਅੰਤਰ ਕੇ ਭਾਵੋਂ ਕੀ ਭਾਸ਼ਾ
ਇਸੇ ਸਵਾਤਿ-ਸਾ ਸਮਝ, ਤ੍ਰਿਸ਼ਾ ਕੋ, ਤ੍ਰਸ਼ਟਿ ਸਮਝਤਾ ਚਾਤਕ ਪਿਆਸਾ
ਜੀਵਨ ਕਾ ਕਣ-ਕਣ ਬਦਲੇ ਪਰ, ਦ੍ਰਗ ਕਾ ਪੁੰਨਯ ਪਰਵਾਹ ਨ ਬਦਲੇ
ਪ੍ਰਿਯ ਮੰਦਿਰ ਕੀ ਰਾਹ ਨ ਬਦਲੇ

ਯਹ ਅਰਚਨ ਕੇ ਫ਼ੂਲ ਸੁਕੋਮਲ, ਅਕਛਤ, ਸ਼ੁਚਿ ਵਨਦਨ—ਅਭਿਨਦਨ
ਸ਼ਵਾਸੋਂ ਕੀ ਰੋਲੀ ਆਂਸੂ ਕੀ, ਅੰਜਲਿ ਪ੍ਰਾਣੋਂ ਕਾ ਆਮੰਤ੍ਰਣ
ਮੰਦਿਰ ਕਾ ਕਣ-ਕਣ ਬਦਲੇ, ਪਰ ਮੇਰੇ ਪ੍ਰਭੂ ਕੀ ਚਾਹ ਨ ਬਦਲੇ
ਪ੍ਰਿਯ ਮੰਦਿਰ ਕੀ ਰਾਹ ਨ ਬਦਲੇ

ਵਹਾਂ ਪਹੁੰਚਨੇ ਸੇ ਪ੍ਰਿਯ ਮੁਝਕੋ, ਪ੍ਰਤਿਦਿਨ ਚੱਲਨੇ ਕੀ ਤੈਯਾਰੀ
ਔਰ ਮਧੁਰ ਆਸ਼ਾ ਆਏਗੀ, ਏਕ ਦਿਵਸ ਮੇਰੀ ਭੀ ਬਾਰੀ
ਮਧੁਰ ਮਿਲਨ ਕਾ ਕਣ-ਕਣ ਬਦਲੇ, ਕਿੰਤੂ ਵਿਰਹ ਕੀ ਆਹ ਨ ਬਦਲੇ
ਪ੍ਰਿਯ ਮੰਦਿਰ ਕੀ ਰਾਹ ਨ ਬਦਲੇ

ਇੱਕ ਹੀ ਮੰਗੋ ਆਸ਼ੀਰਵਾਦ, ਕਿ ਪਰਮਾਤਮਾ ਵਿਚ ਲੌ ਜਾਗੇ—ਜਾਗੀ ਰਹੇ। ਇੱਕ ਹੀ ਮੰਗੋ ਆਸ਼ੀਰਵਾਦ, ਅਸੀਂ ਉਸ ਨੂੰ ਕਿਵੇਂ ਜਾਣ ਲਈਏ, ਜਿਹੜਾ ਸਭ ਦਾ ਆਧਾਰ ਹੈ, ਸਭ ਦਾ ਸ਼ਰੋਤ ਹੈ।

ਇਸ ਜਗ ਕਾ ਕਣ-ਕਣ ਬਦਲੇ ਪਰ
ਪ੍ਰਿਯ ਮੰਦਿਰ ਕੀ ਰਾਹ ਨ ਬਦਲੇ
ਪੂਜਾ ਕਾ ਉਤਸ਼ਾਹ ਨ ਬਦਲੇ !

ਅੱਜ ਇੰਨਾ ਹੀ।



ਸਤਵਾਂ ਪ੍ਰਵਚਨ

ਇਕਾਂਤ ਵਿਚ ਰਮੋ



ਜੋਗੀ ਹੋਇ ਪਰ ਨਿੰਦਯਾ ਝਸ਼ੈ। ਮਦਮਾਸ ਅਰੁ ਭਾਂਗਿ ਜੋ ਭਸ਼ੈ॥
ਇਕੋਤਰ ਸੈ ਪੁਰਿਸ਼ਾ ਨਰਕਹਿ ਜਾਈ। ਸਤਿ–ਸਤਿ ਭਾਸ਼ੰਤ ਸ੍ਰੀ ਗੋਰਸ਼ਰਾਈ॥
ਏਕਾਏਕੀ ਸਿਧ ਨਾਂਉਂ, ਦੋਇ ਰਮਤਿ ਤੇ ਸਾਧਵਾ।
ਚਾਰਿ ਪੰਚ ਕੁਟੰਬ ਨਾਂਉਂ, ਦਸ ਬੀਸ ਤੇ ਲਸਕਰਾ॥
ਮਹਮਾਂ ਧਰਿ ਮਹਮਾਂ ਕੂੰ ਮੇਟੈ, ਸਤਿ ਕਾ ਸਬਦ ਵਿਚਾਰੀ।
ਨਾਂਨਹਾਂ ਹੋਇ ਜਿਨਿ ਸਤਗੁਰ ਸ਼ੋਜਯਾ, ਤਿਨ ਸਿਰ ਕੀ ਪੋਟ ਉਤਾਰੀ॥
ਜੇ ਆਸਾ ਤੇ ਆਪਦਾ, ਜੇ ਸੰਸਾ ਤੇ ਸੋਗ।
ਗੁਰਮੁਸ਼ਿ ਬਿਨਾਂ ਨ ਭਾਜਸੀ (ਗੋਰਸ਼) ਯੇ ਦੂਨਯੋਂ ਬੜ ਰੋਗ॥
ਜਪ ਤਪ ਜੋਗੀ ਸੰਜਮ ਸਾਰ। ਬਾਲੇ ਕੰਦ੍ਰਪ ਕੀਆ ਛਾਰ॥
ਯੇਹਾ ਜੋਗੀ ਜਗ ਮੈਂ ਜੋਯ। ਦੂਜਾ ਪੇਟ ਭਰੈ ਸਭ ਕੋਯ॥
ਕੈਸੇ ਬੋਲੌਂ ਪੰਡਿਤਾ, ਦੇਵ ਕੌਂਨੇ ਠਾਂਈਂ।
ਨਿਜ ਤਤ ਨਿਹਾਰਤਾਂ ਅਮਹੇਂ ਤੁਮਹੇਂ ਨਹੀਂ॥
ਪਾਸ਼ਾਂਣ ਚੀ ਦੇਵਲੀ ਪਾਸ਼ਾਣ ਚਾ ਦੇਵ, ਪਾਸ਼ਾਂਣ ਪੂਜਿਲਾ ਕੈਸੇ ਫੀਟਿਲਾ ਸਨੇਹ।
ਸਰਜੀਵ ਤੋੜਿਲਾ ਨਿਰਜੀਵ ਪੂਜਿਲਾ, ਪਾਪ ਚੀ ਕਰਣੀ ਕੈਸੇ ਦੂਤਰ ਤਿਰੀਲਾ॥
ਤੀਰਥਿ ਤੀਰਥਿ ਸਨਾਂਨ ਕਰੀਲਾ, ਬਾਹਰ ਧੋਇ ਕੈਸੇ ਭੀਤਰ ਭੇਦਿਲਾ।
ਆਦਿਨਾਥ ਨਾਤੀ ਮਛੰਿਦਰ ਨਾਥ ਪੂਤਾ, ਨਿਜ ਤਾਤ ਨਿਹਾਰੈ ਗੋਰਸ਼ ਅਵਧੂਤਾ॥

ਏਕ ਅਦਦ ਉਧੜੀ ਸੀ ਜਿੰਦਗੀ
ਟਾਂਕਤੇ-ਨ-ਟਾਂਕਤੇ
ਆਗੇ ਯੋਂ ਚਲ ਦੇਨੇ ਮੇਂ ਕਯਾ ਤੁਕ ?
ਰੋਨਾ ਹੀ ਰੋਨਾ, ਆਪਾ ਖੋਨਾ
ਰੋਨਾ-ਕਲਪਨਾ, ਅਕਾਰਥ ਹੈ
ਘੁਟੇ-ਘੁਟੇ ਜੀਨਾ, ਕੇਵਲ ਵਿਸ਼ ਪੀਨਾ
ਭਟਕਨਾ, ਅਕਾਰਥ ਹੈ
ਸਾਰਥਕਤਾ, ਕੁਛ ਤੋ ਸੰਜੋਯੇ ਹੈ—
ਚਿਰਿ—ਚੁਰਮੁਰ ਕੀ—ਚੁਕ-ਚੁਕ-ਚਿਕ
ਚੁਕ-ਚੁਕ, ਆਗੇ ਯੋਂ ਚਲ ਦੇਨੇ ਮੇਂ ਕਯਾ ਤੁਕ ?
ਫਣ ਦੋ-ਯਾ-ਚਾਰ
ਜਿਸਕੋ ਜੀਨਾ ਕਹਤੇ—ਜਾਨਨਾ
ਨਹੀਂ ਗੁਨਾਂਹ
ਔਰ ਪੰਕਿਤਕਾਏਂ, ਗੀਤ ਕਿਸੀ ਕੀ
ਮਨ ਮੇਂ ਬਾਂਚਨਾ, ਨਹੀਂ ਗੁਨਾਂਹ
ਤੇਰੀ ਮਨ ਭਾਸ਼ਾ ਮੇਂ ਹੀ ਗਾਤੇ—ਭਾਨੁ-ਕਾਂਤ-ਰੰਜਕ-ਅੰਜੁਮ
—ਪਿਕ-ਸ਼ੁਕ। ਆਗੇ ਯੋਂ ਚਲੇ ਦੇਨੇ ਮੇਂ ਕਯਾ ਤੁਕ ?
ਘੇਰੇ ਮੇਂ ਜੀਵਨ, ਆਖੋਂ ਪਰ ਪੱਟੀਆਂ
—ਯਾਤਨਾ, ਨਿਰੰਤਰਤਾ, ਲੀਕ-ਲੀਕ ਗਾੜੀ
ਚਾਬੁਕ-ਦਰ-ਚਾਬੁਕ—ਭਾਗਨਾ
ਨਿਰੰਤਰਤਾ, ਮਸ਼ੀਨੀ ਕਰਿਸ਼ਮੇ—
ਕਟ-ਚਿਟ-ਚਿਟ-ਪਟ
ਕੁਛ ਰੁੱਕ, ਆਗੇ ਯੋਂ ਚਲ ਦੇਨੇ ਮੇਂ ਕਯਾ ਤੁਕ ?
ਇਹ ਅਦਦ ਉਧੜੀ ਸੀ ਜ਼ਿੰਦਗੀ
ਟਾਂਕਤੇ-ਨ-ਟਾਂਕਤੇ
ਆਗੇ ਯੋਂ ਚਲ ਦੇਨੇ ਮੇਂ ਕਯਾ ਤੁਕ ?

ਮਨੁੱਖ ਟੁਰਦਾ ਹੀ ਚਲਾ ਜਾਂਦਾ ਹੈ—ਬਿਨਾਂ ਸੋਚੇ, ਕਿਉਂ; ਬਿਨਾਂ ਸੋਚੇ, ਕਿਧਰੋਂ; ਬਿਨਾਂ ਸੋਚੇ, ਕਿਸ ਪਾਸੇ ? ਇਹ ਵੀ ਨਹੀਂ ਸੋਚਦਾ ਕਿ ਮੈਂ ਕੌਣ ਹਾਂ ਅਤੇ ਭਜਦਾ ਜਾਂਦਾ ਹੈ। ਅਜਿਹੀ ਭੱਜ-ਦੌੜ ਦਾ ਕੀ ਪਰਿਣਾਮ ਹੋਏਗਾ ? ਕੀ ਹਥ ਲਗੇਗਾ ? ਆਗੇ ਯੋਂ ਚਲ ਦੇਨੇ ਮੇਂ ਕਯਾ ਤੁਕ ?

ਥੋੜ੍ਹਾ ਰੁੱਕੋ, ਇੱਕ ਵਾਰ ਫ਼ਿਰ ਤੋਂ ਵਿਚਾਰ ਕਰੋ। ਮੈਂ ਕੌਣ ਹਾਂ, ਇਸ ਸਵਾਲ ਨੂੰ ਜਗਣ ਦਿਓ, ਕਿਉਂਕਿ ਇਸ ਸਵਾਲ ਦੇ ਡੂੰਘੇ ਜਵਾਬ ਜਾਨਣ ਤੇ, ਤੁਹਾਡੇ ਪ੍ਰਾਣ-ਪ੍ਰਾਣ ਵਿਚ ਇਸੇ

ਸਵਾਲ ਦੇ ਤੀਰ ਦੇ ਚੁੱਭ ਜਾਣ ਨਾਲ, ਜੀਵਨ ਦਾ ਰਹੱਸ ਆਪਣਾ ਪਰਦਾ ਉਠਾਉਂਦਾ ਹੈ।

ਪਰ ਧਰਮ ਦੇ ਨਾਮ ਉੱਤੇ ਜਿਹੜੇ ਲੋਗ ਮੰਦਿਰਾਂ-ਮਸਜਿਦਾਂ, ਦੇਵਾਲਿਆਂ ਵਿਚ ਬੈਠ ਗਏ ਹਨ, ਉਹ ਵੀ ਰੁੱਕੇ ਨਹੀਂ ਹਨ ਉਹ ਵੀ ਚਲ ਰਹੇ ਹਨ। ਉਨ੍ਹਾਂ ਦੀ ਦੌੜ ਜਾਰੀ ਹੈ। ਤੁਸੀਂ ਧਨ ਪਾਉਂਣਾ ਚਾਹੁੰਦੇ ਹੋ, ਉਹ ਸੁਵਰਗ ਪਾਣਾ ਚਾਹੁੰਦੇ ਹਨ। ਤੁਸੀਂ ਪਦ ਪਾਉਂਣਾ ਚਾਹੁੰਦੇ ਹੋ, ਉਹ ਪਰਮਾਤਮਾ ਪਾਉਂਣਾ ਚਾਹੁੰਦੇ ਹਨ। ਪਰ ਚਾਹ ਜਿੱਥੇ ਹੈ ਓਥੇ ਪਾਗਲਪਨ ਹੈ। ਅਤੇ ਜਿੱਥੇ ਚਾਹ ਹੈ ਉੱਥੇ ਪ੍ਰਤਿਸਪ੍ਰਧਾ ਹੈ ਅਤੇ ਜਿੱਥੇ ਚਾਹ ਹੈ ਉੱਥੇ ਪ੍ਰਤਿਯੋਗਤਾ ਹੈ ਪੂਰਾ ਬਾਜ਼ਾਰ ਹੈ। ਜਿੱਥੇ ਚਾਹ ਹੈ ਓਥੇ ਭੈਅ ਹੈ- ਕਿੱਤੇ ਮੈਂ ਹਾਰ ਨ ਜਾਵਾਂ, ਕਿੱਤੇ ਦੂਜਾ ਮੇਰੇ ਤੋਂ ਪਹਿਲਾਂ ਜਿੱਤ ਨ ਜਾਏ ! ਜਿੱਥੇ ਚਾਹ ਹੈ, ਉੱਥੇ ਨਿੰਦਾ ਹੈ, ਵਿਰੋਧ ਹੈ। ਜਿੱਥੇ ਚਾਹ ਹੈ ਉੱਥੇ ਸੰਘਰਸ਼ ਹੈ, ਉੱਥੇ ਤਣਾਅ ਹੈ। ਚਾਹ ਦੇ ਜਾਂਦਿਆਂ ਹੀ ਜੀਵਨ ਵਿਚ ਇੱਕ ਅਪੂਰਵ ਵਿਸ਼ਰਾਮ ਆ ਜਾਂਦਾ ਹੈ। ਚਾਹ ਦੇ ਜਾਂਦਿਆਂ ਹੀ ਪਤਝੜ ਦੇ ਦਿਨ ਗਏ, ਬਸੰਤ ਆਇਆ।

ਧਾਰਮਿਕ ਕੌਣ ਹੈ? ਉਹ ਨਹੀਂ ਜਿਸਨੇ ਚਾਹ ਬਦਲ ਲਈ; ਸਗੋਂ ਉਹ ਜਿਸਨੇ ਚਾਹ ਸਮਝ ਲਈ। ਚਾਹਤ ਦੌੜਾਉਂਦੀ ਹੈ, ਬੇਤੁਕ ਦੁੜਾਉਂਦੀ ਹੈ, ਵਿਅਰਥ ਦੌੜਾਉਂਦੀ ਹੈ। ਨਿਰਰਥਕ ਦੌੜਾਉਂਦੀ ਹੈ, ਦੌੜਣ ਲਈ ਦੌੜਾਉਂਦੀ ਹੈ। ਫ਼ਿਰ ਦੌੜਣਾ ਆਦਤ ਹੋ ਜਾਂਦੀ ਹੈ, ਆਦਮੀ ਦੌੜਦਾ ਹੀ ਚਲਾ ਜਾਂਦਾ ਹੈ। ਜਦ ਤੱਕ ਕਬਰ ਵਿਚ ਨ ਡਿੱਗ ਪਵੇ, ਦੌੜ ਜਾਰੀ ਰਹਿੰਦੀ ਹੈ। ਪਹੁੰਚਦਾ ਕਿੱਤੇ ਨਹੀਂ। ਸਾਰੀ ਨੱਠ-ਭੱਜ ਦੇ ਬਾਅਦ ਅਸੀਂ ਕਬਰ ਵਿਚ ਪੁੱਜ ਜਾਂਦੇ ਹਾਂ। ਹਥ ਕੁਝ ਵੀ ਨਹੀਂ ਲਗਦਾ; ਸ਼ਾਇਦ ਕੁਝ ਲੈ ਕੇ ਆਏ ਸੀ ਉਹ ਵੀ ਗੁਆ ਬੈਠਦੇ ਹਾਂ। ਪਰ ਦੌੜ ਨੇ ਇੰਨੀ ਬੁਰੀ ਤਰ੍ਹਾਂ ਫ਼ੜਿਆ ਹੋਇਆ ਹੈ ਮਨ ਨੂੰ, ਕਿ ਜੇਕਰ ਅਸੀਂ ਕਦੇ ਦੌੜ ਦੀ ਵਿਅਰਥਤਾ ਤੋਂ ਜਾਗਦੇ ਵੀ ਹਾਂ ਤਾਂ ਨਵੀਂ ਦੌੜ ਸ਼ੁਰੂ ਕਰ ਦਿੰਦੇ ਹਾਂ। ਜ਼ੰਜੀਰਾਂ ਵਿਚ ਅਸੀਂ ਇਸ ਤਰ੍ਹਾਂ ਬੱਝ ਗਏ ਹਾਂ ਕਿ ਕਦੇ ਜੇਕਰ ਜ਼ੰਜੀਰਾਂ ਦੀ ਪੀੜਾ ਸਾਲਦੀ ਹੈ ਤਾਂ ਅਸੀਂ ਨਵੀਆਂ ਜ਼ੰਜੀਰਾਂ ਢਾਲ ਲੈਂਦੇ ਹਾਂ। ਇਹ ਵੀ ਹੋ ਸਕਦਾ ਹੈ ਕਿ ਲੋਹੇ ਦੀਆਂ ਜ਼ੰਜੀਰਾਂ ਦੀ ਥਾਂ ਤੁਸੀਂ ਸੋਨੇ ਦੀਆਂ ਜ਼ੰਜੀਰਾਂ ਢਾਲ ਲਓ। ਅਤੇ ਇਹ ਵੀ ਹੋ ਸਕਦਾ ਹੈ ਕਿ ਸੋਨੇ ਦੀਆਂ ਜ਼ੰਜੀਰਾਂ ਉੱਤੇ ਹੀਰੇ-ਜਵਾਹਰਾਤ ਜੱੜ੍ਹ ਲਓ, ਲੇਕਿਨ ਜ਼ੰਜੀਰਾਂ-ਜ਼ੰਜੀਰਾਂ, ਹਨ।

ਇੱਥੇ ਸਾਂਸਾਰਿਕ ਤਾਂ ਬਝਿਆ ਹੀ ਹੋਇਆ ਹੈ, ਇੱਥੇ ਤਥਾ-ਕਥਿਤ ਆਧਿਆਤਮਿਕ ਲੋਗ ਵੀ ਬੱਝੇ ਹੋਏ ਹਨ। ਮੁਕਤ ਤਾਂ ਉਹ ਹੀ ਹੈ ਜਿਸ ਦੀ ਕੋਈ ਚਾਹ ਨਹੀਂ; ਜਿਹੜਾ ਪਰਮਾਤਮਾ ਨੂੰ ਵੀ ਚਾਹੁੰਦਾ ਨਹੀਂ; ਜਿਸ ਨੇ ਚਾਹ ਦੀ ਵਿਅਰਥਤਾ ਸਮਝ ਲਈ ਕਿ ਚਾਹਤ ਭਟਕਾਉਂਦੀ ਹੈ, ਦੌੜਾਉਂਦੀ ਹੈ; ਜਿਸ ਨੇ ਚਾਹਤ ਦੇ ਬੁਖ਼ਾਰ ਦੀ ਤਪਸ਼ ਸਮਝ ਲਈ; ਜਿਸ ਨੇ ਚਾਹਤ ਦਾ ਪਾਗਲਪਨ ਸਮਝ ਲਿਆ; ਜਿਸ ਨੇ ਚਾਹ ਨੂੰ ਨਜ਼ਰ ਭਰਕੇ ਵੇਖ ਲਿਆ ਅਤੇ ਚਾਹ ਨੂੰ ਡਿੱਗ ਜਾਣ ਦਿੱਤਾ ਤੇ ਨਵੀਂ ਚਾਹਤ ਨਹੀਂ ਉਠਾਈ। ਜਿਹੜਾ ਅਜਿਹਾ ਚਾਹ-ਸ਼ੂਨਯ ਹੋ ਜਾਂਦਾ ਹੈ ਉਸ ਨੂੰ ਪਰਮਾਤਮਾ ਮਿਲਦਾ ਹੈ। ਉਸ ਨੂੰ ਮਿਲਿਆ ਹੀ ਹੋਇਆ ਹੈ। ਇਧੱਰ ਗਈ ਚਾਹ, ਉਧੱਰ ਅੱਖਾਂ ਖੁੱਲ੍ਹੀਆਂ। ਇਧੱਰ ਮਿੱਟੀ ਚਾਹ, ਉਧੱਰ ਪਰਮਾਤਮਾ ਅਵਤਰਿਤ ਹੋਇਆ। ਲੁੱਕਿਆ ਹੀ ਸੀ, ਰਾਹ ਤੱਕਦਾ ਸੀ ਕਿ ਚਾਹ ਹਟ ਜਾਏ ਤਾਂ ਆਮਣਾ-ਸਾਹਮਣਾ ਹੋ ਜਾਏ। ਤੁਸੀਂ ਹੀ ਥੋੜ੍ਹੇ ਉਸਦੇ ਦਰਸ-ਪਰਸ ਦੇ ਲਾਲਾਇਤ (ਕਾਹਲਾ) ਹੋ, ਉਹ ਵੀ ਤੁਹਾਡੇ ਦਰਸ-ਪਰਸ ਨੂੰ ਲਾਲਾਇਤ (ਕਾਹਲਾ) ਹੈ।

ਪਰ ਵਿਚਕਾਰ ਖਲੋਤੀ ਹੈ ਚਾਹ ਦੀ ਇੱਕ ਦੀਵਾਰ।

ਚਾਹ ਦਾ ਕੀ ਅਰਥ ਹੁੰਦਾ ਹੈ ? ਚਾਹ ਦਾ ਅਰਥ ਹੁੰਦਾ ਹੈ; ਜਿਹੋ-ਜਿਹਾ ਮੈਂ ਹਾਂ ਉਹੋ ਜਿਹਾ ਨਹੀਂ, ਮੈਨੂੰ ਕੁਝ ਹੋਰ ਹੋਣਾ ਹੈ; ਚਾਹ ਦਾ ਅਰਥ ਹੁੰਦਾ ਹੈ; ਜਿੱਥੇ ਮੈਂ ਹਾਂ ਉੱਥੇ ਨਹੀਂ, ਮੈਨੂੰ ਕਿੱਤੇ ਹੋਰ ਹੋਣਾ ਹੈ। ਚਾਹ ਦਾ ਅਰਥ ਹੈ; ਅੱਜ?

ਅੱਜ ਸੁਖ ਨਹੀਂ ਹੈ, ਸੁਖ ਕੱਲ੍ਹ ਹੋਏਗਾ। ਚਾਹ ਕਹਿੰਦੀ ਹੈ; ਚੱਲੋ, ਦੌੜੋ, ਪਹੁੰਚੋ।

ਚਾਹ ਛੱਡਣ ਦਾ ਅਰਥ ਹੁੰਦਾ ਹੈ : ਮੈਂ ਜਿੱਥੇ ਹਾਂ, ਸੰਤੁਸ਼ਟ ਹਾਂ ਜਿਸ ਤਰ੍ਹਾਂ ਦਾ ਹਾਂ ਆਨੰਦਿਤ ਹਾਂ, ਇਸ ਤੋਂ ਇਲਾਵਾ ਹੋਰ ਹੋਣ ਦੀ ਕੋਈ ਇੱਛਾ ਨਹੀਂ ਹੈ।

ਸਭ ਇੱਛਾਵਾਂ ਕੁਛ ਹੋਰ ਹੋਣਦੀਆਂ ਇੱਛਾਵਾਂ ਹਨ। ਇਸ ਲਈ ਸਭ ਇੱਛਾਵਾਂ ਤੁਹਾਨੂੰ ਤੁਹਾਡੇ ਕੇਂਦਰ ਤੋਂ ਅਲਗ ਕਰ ਦਿੰਦੀਆਂ ਹਨ।

ਜਿਵੇਂ ਹੀ ਇੱਛਾ ਗਈ, ਤੁਸੀਂ ਆਪਣੇ ਕੇਂਦਰ ਉੱਤੇ ਵਿਰਾਜਮਾਨ ਹੋ ਗਏ। ਕੇਂਦਰ ਉੱਤੇ ਵਿਰਾਜਮਾਨ ਹੁੰਦੇ ਹੀ ਪਾਇਆ ਜਾਂਦਾ ਹੈ, ਕਿ ਭਗਤ ਹੀ ਭਗਵਾਨ ਹੈ।

ਅੱਜ ਦੇ ਸੂਤਰ : ਜੋਗੀ ਹੋਇ ਪਰ ਨਿੰਦਯਾ ਝਖੈ। ਮਦਮਾਸ ਅਰੁ ਭਾਂਗਿ ਜੋ ਭਖੈ।

ਇਕੋਤਰ ਸੈ ਪੁਰਿਸ਼ਾ ਨਰਕਹਿ ਜਾਈ।
ਸਤਿ-ਸਤਿ ਭਾਸ਼ੰਤ ਸ੍ਰੀ ਗੋਰਸ਼ਰਾਈ॥
ਜੋਗੀ ਹੋਇ ਪਰ ਨਿੰਦਯਾ ਝਖੈ!

ਕਹਿੰਦੇ ਹਨ ਯੋਗੀ ਹੋ ਕੇ ਪਰ ਦੀ ਨਿੰਦਾ ਕਰੋਗੇ ਤਾਂ ਯੋਗ ਗੁੰਮ ਹੋ ਗਿਆ।

ਇੱਥੇ ਕੁਝ ਗੱਲਾਂ ਸਮਝ ਲੈਣੀਆਂ ਜ਼ਰੂਰੀ ਹਨ। ਪਹਿਲੀ ਗੱਲ ਨਿੰਦਾ ਅਤੇ ਆਲੋਚਨਾ ਦਾ ਭੇਦ ਸਮਝ ਲੈਣਾ ਜ਼ਰੂਰੀ ਹੈ। ਕਿਉਂਕਿ ਆਲੋਚਨਾ ਤਾਂ ਗੋਰਖ ਵੀ ਕਰ ਰਹੇ ਹਨ। ਇਹ ਵੀ ਆਲੋਚਨਾ ਦੇ ਸੂਤਰ ਹਨ। ਇਹ ਕਹਿਣਾ ਕਿ ...

ਜੋਗੀ ਹੋਇ ਪਰ ਨਿੰਦਯਾ ਝਖੈ। ਮਦਮਾਸ ਅਰੁ ਭਾਂਗਿ ਜੋ ਭਖੈ। ... ਕਿ ਜੋਗੀ ਹੋ ਕੇ ਜੋ ਪਰਾਏ ਦੀ ਨਿੰਦਾ ਕਰੇਗਾ, ਸ਼ਰਾਬ-ਮਾਂਸ ਖਾਏਗਾ, ਭੰਗ ਪੀਵੇਗਾ, ਅਜਿਹੇ ਲੋਕ ਹਜ਼ਾਰਾਂ ਦੀ ਤਾਦਾਦ ਵਿਚ ਹਨ, ਨਰਕ ਵਿਚ ਪੈਂਦੇ ਹਨ।

ਇਕੋਤਰ ਸੈ ਪੁਰਿਸ਼ਾ ਨਰਕਹਿ ਜਾਈ। ਅਜਿਹੇ ਲੋਕ ਅਨੰਤ ਸੰਖਿਆ ਵਿਚ ਹਨ, ਨਰਕ ਵਿਚ ਪੈ ਜਾਂਦੇ ਹਨ।

ਗੋਰਖ ਕਹਿੰਦੇ ਹਨ: ਮੈਂ ਤੁਹਾਨੂੰ ਸੱਚ-ਸੱਚ ਕਹਿ ਰਿਹਾ ਹਾਂ, ਸੁਣ ਲਓ।

ਆਲੋਚਨਾ ਤਾਂ ਇਸ ਵਿਚ ਵੀ ਹੈ, ਨਿੰਦਾ ਇਸ ਵਿਚ ਨਹੀਂ ਹੈ। ਆਲੋਚਨਾ ਅਤੇ ਨਿੰਦਾ ਦਾ ਭੇਦ ਜ਼ਰਾ ਬਾਰੀਕ ਹੈ ਅਤੇ ਸਮਝ ਵਿਚ ਨ ਆਏ ਤਾਂ ਭੁੱਲ ਹੋ ਸਕਦੀ ਹੈ। ਆਲੋਚਨਾ ਤਾਂ ਬੁੱਧ ਨੇ ਵੀ ਕੀਤੀ, ਮਹਾਵੀਰ ਨੇ ਵੀ ਕੀਤੀ। ਆਲੋਚਨਾ ਤਾਂ ਕ੍ਰਾਇਸਟ ਨੇ ਵੀ ਕੀਤੀ, ਮੁਹੰਮਦ ਨੇ ਵੀ ਕੀਤੀ। ਅਜਿਹਾ ਕੋਈ ਸਤਿਗੁਰੂ ਨਹੀਂ ਹੋਇਆ ਧਰਤੀ ਉੱਤੇ ਜਿਸਨੇ ਆਲੋਚਨਾ ਨ ਕੀਤੀ ਹੋਵੇ। ਭੇਦ ਕੀ ਹੈ ?

ਆਲੋਚਨਾ ਅਤੇ ਨਿੰਦਾ ਦਾ ਭੇਦ ਸੂਖਮ ਹੈ। ਕਦੇ-ਕਦੇ ਨਿੰਦਾ ਆਲੋਚਨਾ ਵਰਗੀ ਮਾਲੂਮ ਹੋ ਸਕਦੀ ਹੈ। ਬਹੁਤ ਨੇੜੇ ਦਾ ਨਾਤਾ-ਰਿਸ਼ਤਾ ਹੈ। ਉਨ੍ਹਾਂ ਦਾ ਰੰਗ-ਰੂਪ ਇੱਕੋ ਜਿਹਾ ਹੈ, ਪਰ ਉਨ੍ਹਾਂ ਦੀ ਆਤਮਾ ਬਹੁਤ ਭਿੰਨ ਹੈ। ਆਲੋਚਨਾ ਹੁੰਦੀ ਹੈ ਕਰੁਣਾ ਨਾਲ,

ਨਿੰਦਾ ਹੁੰਦੀ ਹੈ ਨਫ਼ਰਤ ਨਾਲ। ਆਲੋਚਨਾ ਹੁੰਦੀ ਹੈ ਜਗਾਉਂਣ ਲਈ, ਨਿੰਦਾ ਹੁੰਦੀ ਹੈ ਮਿਟਾਉਂਣ ਲਈ। ਆਲੋਚਨਾ ਦਾ ਲਕਸ਼ (ਨਿਸ਼ਾਨਾ) ਹੁੰਦਾ ਹੈ ਸਤਯ ਦਾ ਅਵਿਸ਼ਕਾਰ, ਨਿੰਦਾ ਦਾ ਲਕਸ਼ ਹੁੰਦਾ ਹੈ ਦੂਜੇ ਦੇ ਅਹੰਕਾਰ ਨੂੰ ਡਿਗਾਉਂਣਾ, ਧੂੜ-ਮਿੱਟੀ ਵਿਚ ਮਿਲਾ ਦੇਣਾ, ਪੈਰਾਂ ਹੇਠ ਦਬਾ ਦੇਣਾ। ਨਿੰਦਾ ਦਾ ਲਕਸ਼ ਹੁੰਦਾ ਹੈ ਦੂਜੇ ਦੀ ਆਤਮਾ ਨੂੰ ਕਿਸੇ ਤਰ੍ਹਾਂ ਚੋਟ ਪਹੁੰਚਾਣੀ, ਕਿਸੇ ਤਰ੍ਹਾਂ ਘਾਇਲ ਕਰਨਾ। ਆਲੋਚਨਾ ਦਾ ਲਕਸ਼ ਹੁੰਦਾ ਹੈ, ਸਤਯ ਨੂੰ ਕਿਵੇਂ ਲਭੀਏ ? ਧੂੜ ਵਿਚ ਪਿਆ ਹੀਰਾ ਹੈ, ਇਸ ਨੂੰ ਕਿਵੇਂ ਧੋ ਲਈਏ, ਸ਼ੁੱਧ ਕਰ ਲਈਏ ?

ਆਲੋਚਨਾ ਬਹੁਤ ਹੀ ਮੈਤ੍ਰੀਪੂਰਣ ਹੈ, ਚਾਹੇ ਕਿੰਨੀ ਹੀ ਕਠੋਰ ਕਿਉਂ ਨ ਹੋਵੇ, ਫ਼ਿਰ ਵੀ ਉਸ ਵਿਚ ਮੈਤ੍ਰੀ (ਦੋਸਤਾਨਾਪਨ) ਹੈ ਅਤੇ ਨਿੰਦਾ ਚਾਹੇ ਕਿੰਨੀ ਹੀ ਮਿੱਠੀ ਕਿਉਂ ਨ ਹੋਵੇ, ਮਧੁਰ ਕਿਉਂ ਨ ਹੋਵੇ ਉਸ ਵਿਚ ਜ਼ਹਿਰ ਹੈ। ਸ਼ਾਇਦ ਜ਼ਹਿਰ ਨੂੰ ਸ਼ਕਰ ਵਿਚ ਲਪੇਟ ਕੇ ਦਿੱਤਾ ਜਾ ਰਿਹਾ ਹੈ। ਨਿੰਦਾ ਉਠਦੀ ਹੈ ਅਹੰਕਾਰ-ਭਾਵ ਨਾਲ—ਮੈਂ ਤੁਹਾਡੇ ਤੋਂ ਵੱਡਾ, ਤੁਹਾਨੂੰ ਛੋਟਾ ਕਰਕੇ ਵਿਖਾਵਾਂਗਾ। ਆਲੋਚਨਾ ਦਾ ਸੰਬੰਧ ਅਹੰਕਾਰ ਨਾਲ ਨਹੀਂ ਹੈ। ਆਲੋਚਨਾ ਦਾ ਸੰਬੰਧ ਮੈਂ-ਤੂੰ ਨਾਲ ਨਹੀਂ ਹੈ।

ਆਲੋਚਨਾ ਇਸ ਗੱਲ ਦਾ ਅਨਵੇਸ਼ਣ ਹੈ ਕਿ ਸਤਯ ਕੀ ਹੈ ਸਤਯ ਕਿਹੋ-ਜਿਹਾ ਹੈ? ਆਲੋਚਨਾ ਬਹੁਤ ਕਠੋਰ ਹੋ ਸਕਦੀ ਹੈ, ਕਿਉਂਕਿ ਕਦੇ-ਕਦੇ ਅਸਤਯ ਨੂੰ ਕਟੱਣ ਲਈ ਕਿਰਪਾਨ ਦੀ ਵਰਤੋਂ ਕਰਨੀ ਪੈਂਦੀ ਹੈ। ਅਸਤਯ ਦੀਆਂ ਚਟਾਨਾਂ ਹਨ ਤਾਂ ਸਤਯ ਦੇ ਹਥੌੜੇ ਅਤੇ ਛੈਣੀਆਂ ਬਨਾਉਂਣੀਆਂ ਪੈਂਦੀਆਂ ਹਨ। ਆਖਿਰ ਗੋਰਖ ਹਥੌੜੇ ਅਤੇ ਛੈਣੀ ਦੀ ਸੱਟ ਮਾਰ ਰਹੇ ਹਨ। ਫ਼ਿਰ ਗੋਰਖ ਦੇ ਪਿੱਛੇ ਆਉਂਣ ਵਾਲੇ ਕਬੀਰ ਹੋਰ ਵੀ ਧਾਰ ਰੱਖਦੇ ਹਨ, ਤਲਵਾਰ ਉੱਤੇ ਹੋਰ ਧਾਰ ਆ ਜਾਂਦੀ ਹੈ ! ਕਬੀਰ ਦੀ ਸੱਟ ਅਜਿਹੀ ਹੈ ਕਿ ਟੁਕੜੇ-ਟੁਕੜੇ ਕਰ ਜਾਏ; ਪਰ ਤੁਹਾਨੂੰ ਨਹੀਂ ਟੁਕੜੇ-ਟੁਕੜੇ ਕਰ ਜਾਏ, ਤੁਹਾਡੇ ਅਸਤਯ ਨੂੰ। ਜਦ ਤੁਸੀਂ ਚੋਰ ਉੱਤੇ ਹਮਲਾ ਕਰ ਦਿਓ ਤਾਂ ਨਿੰਦਾ ਹੈ ਅਤੇ ਜਦ ਤੁਸੀਂ ਚੋਰੀ ਉੱਤੇ ਹਮਲਾ ਕਰੋ ਤਾਂ ਆਲੋਚਨਾ। ਜਦ ਤੁਸੀਂ ਪਾਪੀ ਨੂੰ ਨਫ਼ਰਤ ਕਰਨ ਲਗੋ ਤਾਂ ਨਿੰਦਾ ਅਤੇ ਜਦ ਤੁਸੀਂ ਪਾਪ ਨੂੰ ਨਫ਼ਰਤ ਕਰੋ ਤਾਂ ਆਲੋਚਨਾ।

ਨਿੰਦਾ ਤਾਂ ਯੋਗੀ ਨਹੀਂ ਕਰ ਸਕਦਾ। ਨਿੰਦਾ ਦਾ ਤਾਂ ਰਸ ਹੀ ਅਤਯੰਤ ਮੂਰਛਿਤ ਵਿਅਕਤੀਆਂ ਵਿਚ ਹੁੰਦਾ ਹੈ। ਨਿੰਦਾ ਦਾ ਮਨੋਵਿਗਿਆਨ ਕੀ ਹੈ ? ਮਨੋਵਿਗਿਆਨ ਬਹੁਤ ਸਿੱਧਾ-ਸਾਫ਼ ਹੈ। ਹਰ ਇੱਕ ਆਦਮੀ ਚਾਹੁੰਦਾ ਹੈ ਕਿ ਮੇਰੇ ਅਹੰਕਾਰ ਦੀ ਪ੍ਰਤਿਸ਼ਠਾ ਹੋਵੇ—ਕਿ ਮੈਂ ਸਭ ਤੋਂ ਵੱਡਾ। ਇਸ ਨੂੰ ਸਿੱਧ ਕਰਨਾ ਬਹੁਤ ਮੁਸ਼ਕਿਲ ਹੈ। ਮੈਂ ਸਭ ਤੋਂ ਵੱਡਾ, ਇਹ ਗੱਲ ਸਿੱਧ ਕਰਨੀ ਬਹੁਤ ਕਠਿਨ ਹੈ, ਕਿਉਂਕਿ ਹੋਰ ਵੀ ਸਾਰੇ ਲੋਕ ਇਸੇ ਨੂੰ ਸਿੱਧ ਕਰਨ ਵਿਚ ਲੱਗੇ ਹਨ। ਅਤੇ ਉਹ ਲੋਕ ਇੱਕ ਹੀ ਗੱਲ ਨੂੰ ਸਿੱਧ ਕਰਨਾ ਚਾਹੁੰਦੇ ਹਨ ਕਿ ਮੈਂ ਸਭ ਤੋਂ ਵੱਡਾ। ਕਿੰਨੇ ਲੋਕ ਵੱਡੇ ਹੋ ਸਕਦੇ ਹਨ ? ਇੰਨਾ ਘਮਾਸਾਨ ਚਲੇਗਾ, ਇਸ ਵਿਚ ਜਿੱਤ ਕਰੀਬ-ਕਰੀਬ ਅਸੰਭਵ ਹੈ, ਕੌਣ ਜਿੱਤ ਸਕੇਗਾ ? ਇੱਕ-ਇੱਕ ਆਦਮੀ ਅਰਬਾਂ ਆਦਮੀਆਂ ਦੇ ਖ਼ਿਲਾਫ਼ ਲੜੇਗਾ, ਹਾਰ ਨਿਸ਼ਚਿਤ ਹੈ। ਇੱਥੇ ਸਭ ਹੀ ਹਾਰ ਜਾਣਗੇ। ਇੱਥੇ ਕੋਈ ਉਪੱਰ ਚੱੜ੍ਹ ਨਹੀਂ ਸਕਦਾ। ਤਾਂ ਫ਼ਿਰ ਇੱਕ ਸਰਲ ਉਪਾਅ ਲਭਦਾ ਹੈ ਮਨ।

ਮਨ ਕਹਿੰਦਾ ਹੈ : ਮੈਂ ਸਭ ਤੋਂ ਵੱਡਾ ਹਾਂ, ਇਹ ਤਾਂ ਸਿੱਧ ਕਰਨਾ ਕਠਿਨ ਹੈ। ਪਰ ਕੋਈ ਮੇਰੇ ਤੋਂ ਵੱਡਾ ਨਹੀਂ ਹੈ, ਇਹ ਸਿੱਧ ਕਰਨਾ ਆਸਾਨ ਹੈ।

ਖ਼ਿਆਲ ਰਖੱਣਾ, ਕਿਸੇ ਚੀਜ਼ ਦੀ ਵਿਧਾਇਕਤਾ ਨੂੰ ਸਿੱਧ ਕਰਨਾ ਸਦਾ ਕਠਿਨ ਹੁੰਦਾ ਹੈ, ਨਕਾਰਾਤਮਕ ਵਕਤਵ ਸਦਾ ਆਸਾਨ ਹੁੰਦਾ ਹੈ। ਜਿਵੇਂ, ਜੇਕਰ ਸਿੱਧ ਕਰਨਾ ਚਾਹੋ ਕਿ ਈਸ਼ਵਰ ਹੈ ਤਾਂ ਬਹੁਤ ਮੁਸ਼ਕਿਲ ਗੱਲ ਹੈ। ਜੀਵਨ ਨੂੰ ਤਪਸਿਆ ਵਿਚੋਂ ਅਗਨੀ ਵਿਚੋਂ ਲੰਘਾਉਂਣਾ ਹੋਏਗਾ, ਤਦ ਵੀ ਕਦੋਂ ਹੋ ਪਾਏਗੀ ਇਹ ਸਿੱਧੀ, ਕੁਝ ਪਤਾ ਨਹੀਂ—ਇਸ ਜਨਮ ਵਿਚ, ਜਨਮਾਂ-ਜਨਮਾਂ ਵਿਚ। ਪਰ ਈਸ਼ਵਰ ਨਹੀਂ ਹੈ ਇਹ ਸਿੱਧ ਕਰਨਾ ਹੋਵੇ ਤਾਂ ਹੁਣੇ ਹੋ ਸਕਦਾ ਹੈ। ਇਸ ਵਿਚ ਕੁਝ ਅੜਚਨ ਨਹੀਂ ਹੈ; ਜ਼ਰਾ ਕੁ ਜਿੰਨੀ ਤਰਕ ਕੁਸ਼ਲਤਾ ਚਾਹੀਦੀ ਹੈ, ਬਸ। ਨਾਸਤਿਕ ਹੋਣਾ ਕੋਈ ਵੱਡੀ ਕੁਸ਼ਲਤਾ ਦੀ, ਬੁੱਧੀਮਾਨੀ ਦੀ ਗੱਲ ਨਹੀਂ ਹੈ; ਬੁੱਧੂ ਤੋਂ ਬੁੱਧੂ ਆਦਮੀ ਨਾਸਤਿਕ ਹੋ ਸਕਦਾ ਹੈ।

ਤੁਰਗਨੇਵ ਦੀ ਪ੍ਰਸਿੱਧ ਕਥਾ ਹੈ: ਮਹਾਂਮੂਰਖ । ਇੱਕ ਪਿੰਡ ਵਿਚ ਇੱਕ ਮਹਾਂਮੂਰਖ ਸੀ। ਉਹ ਬਹੁਤ ਪਰੇਸ਼ਾਨ ਸੀ, ਕਿਉਂਕਿ ਉਹ ਕੁਝ ਵੀ ਕਹਿੰਦਾ ਲੋਕ ਹੱਸ ਪੈਂਦੇ; ਲੋਕਾਂ ਨੇ ਉਸਨੂੰ ਮਹਾਂਮੂਰਖ ਮੰਨ ਹੀ ਲਿਆ ਸੀ। ਉਹ ਕਦੇ ਠੀਕ ਵੀ ਗੱਲ ਕਹਿੰਦਾ ਤਾਂ ਵੀ ਲੋਕ ਹੱਸ ਪੈਂਦੇ ਉਹ ਸੁੰਗੜਿਆ-ਸੁੰਗੜਿਆ ਜੀਉਂਦਾ ਸੀ, ਬੋਲਦਾ ਤੱਕ ਨਹੀਂ ਸੀ। ਨ ਬੋਲੇ ਤਾਂ ਲੋਕ ਹਸੱਦੇ ਸਨ, ਬੋਲੇ ਤਾਂ ਲੋਕ ਹਸੱਦੇ ਸਨ । ਕੁਝ ਕਰੇ ਤਾਂ ਲੋਕ ਹਸੱਦੇ ਸਨ, ਨ ਕਰੇ ਤਾਂ ਲੋਕ ਹਸੱਦੇ ਸਨ। ਉਸ ਪਿੰਡ ਵਿਚ ਇੱਕ ਫ਼ਕੀਰ ਆਇਆ। ਉਸ ਮਹਾਂਮੂਰਖ ਨੇ ਰਾਤ ਉਸ ਦੇ ਚਰਣ ਪਕੜੇ ਅਤੇ ਕਿਹਾ ਕਿ ਮੈਨੂੰ ਕੁਝ ਆਸ਼ੀਰਵਾਦ ਦਿਓ, ਮੇਰੀ ਜਿੰਦਗੀ ਕੀ ਇਵੇਂ ਹੀ ਬੀਤ ਜਾਏਗੀ, ਸੁੰਗੜੇ-ਸੰਗੜੇ ? ਕੀ ਮੈਂ ਮਹਾਂਮੂਰਖ ਦੀ ਤਰ੍ਹਾਂ ਹੀ ਮਰਾਂਗਾ, ਕੋਈ ਉਪਾਅ ਨਹੀਂ ਹੈ ਕਿ ਥੋੜ੍ਹੀ ਬੁੱਧੀ ਮੇਰੇ ਵਿਚ ਆ ਜਾਏ?

ਉਸ ਫ਼ਕੀਰ ਨੇ ਕਿਹਾ : ਉਪਾਅ ਹੈ, ਇਹ ਲੈ ਸੂਤਰ, ਤੂੰ ਨਿੰਦਾ ਸ਼ੁਰੂ ਕਰਦੇ। ਉਸ ਨੇ ਕਿਹਾ ਨਿੰਦਾ ਨਾਲ ਕੀ ਹੋਵੇਗਾ? ਫ਼ਕੀਰ ਨੇ ਕਿਹਾ : ਸਤ ਦਿਨ ਤੂੰ ਕਰ ਫ਼ਿਰ ਮੇਰੇ ਕੋਲ ਆਵੀਂ। ਉਸ ਮਹਾਂਮੂਰਖ ਨੇ ਪੁੱਛਿਆ: ਕਰਨਾ ਕੀ ਹੈ ਨਿੰਦਾ ਵਿਚ? ਉਸ ਫ਼ਕੀਰ ਨੇ ਕਿਹਾ: ਕੋਈ ਕੁਝ ਵੀ ਕਹੇ, ਤੂੰ ਨਕਾਰਾਤਮਕ ਉੱਤਰ (ਨਹੀਂ ਕਹਿਣ ਵਾਲਾ ਉੱਤਰ) ਦੇਵੀਂ। ਜਿਵੇਂ ਕੋਈ ਕਹੇ ਕਿ ਵੇਖੋ, ਕਿੰਨਾ ਸੁੰਦਰ ਸੂਰਜ ਨਿਕਲ ਰਿਹਾ ਹੈ ! ਤੂੰ ਆਖੀਂ ਇਸ ਵਿਚ ਕੀ ਸੁੰਦਰ ਹੈ? ਸਿੱਧ ਕਰੋ, ਸੁੰਦਰ ਕਿੱਥੇ ਹੈ, ਕੀ ਸੁੰਦਰ ਹੈ ? ਰੋਜ਼ ਨਿਕਲਦਾ ਹੈ, ਅਰਬਾਂ-ਖਰਬਾਂ ਸਾਲਾਂ ਤੋਂ ਨਿਕਲ ਰਿਹਾ ਹੈ। ਅੱਗ ਦਾ ਗੋਲਾ ਹੈ, ਸੁੰਦਰ ਕੀ ਹੈ ? ਕੋਈ ਕਹੇ ਵੇਖੋ ਜੀਸਸ ਦੇ ਵਚਨ ਕਿੰਨੇ ਪਿਆਰੇ ਹਨ ! ਤੂੰ ਝੱਟ-ਪੱਟ ਟੁੱਟ ਪਵੀਂ ਕਿ ਕੀ ਹੈ ਇਨ੍ਹਾਂ ਵਿਚ ਪਿਆਰਾ, ਕਿਹੜੀ ਗੱਲ ਖ਼ੂਬੀ ਦੀ ਹੈ ਇਨ੍ਹਾਂ ਵਿਚ, ਕਿਹੜੀ ਗੱਲ ਨਵੀਂ ਹੈ ? ਹਮੇਸ਼ਾ ਇਹ ਹੀ ਕਿਹਾ ਗਿਆ ਹੈ, ਸਭ ਪਿਟਿਆ-ਪਿਟਾਇਆ ਹੈ, ਸਭ ਬਾਸਾ ਹੈ, ਸਭ ਉਧਾਰ ਹੈ। ਤੂੰ ਨਕਾਰ ਹੀ ਕਰਨਾ। ਕੋਈ ਸੋਹਣੀ ਇਸਤ੍ਰੀ ਵਲ ਵੇਖ ਕੇ ਕਹੇ ਕਿੰਨੀ ਸੁੰਦਰ ਇਸਤ੍ਰੀ ਹੈ। ਤੂੰ ਕਹੀਂ ਇਸ ਵਿਚ ਹੈ ਕੀ ? ਜ਼ਰਾ ਨੱਕ ਲੰਮੀ ਹੋ ਗਈ ਤਾਂ ਹੋ ਕੀ ਗਿਆ, ਕਿ ਰੰਗ ਜ਼ਰਾ ਚਿੱਟਾ ਹੋ ਗਿਆ ਤਾਂ ਹੋ ਕੀ ਗਿਆ, ਚਿੱਟੇ ਤਾਂ ਕੋੜ੍ਹੀ ਵੀ ਹੁੰਦੇ ਹਨ। ਸੁੰਦਰ ਕਿੱਥੇ ਹੈ, ਸਿੱਧ ਕਰੋ। ਤੂੰ ਹਰ ਇੱਕ ਕੋਲੋਂ ਪ੍ਰਮਾਣ ਮੰਗੀਂ ਅਤੇ ਖ਼ਿਆਲ ਰਖੱਣਾ ਕਿ ਹਮੇਸ਼ਾ ਨਕਾਰ

ਵਿਚ ਰਹਿਣਾ; ਉਨ੍ਹਾਂ ਨੂੰ ਵਿਧੇਯ (ਭੰਬਲਭੂਸੇ 'ਚ) ਵਿਚ ਪਾਈ ਰਖੱਣਾ, ਤੂੰ ਨਕਾਰ 'ਚ ਰਹਿਣਾ। ਸਤਾਂ ਦਿਨਾਂ ਬਾਅਦ ਆ ਜਾਵੀਂ।

ਸਤ ਦਿਨਾਂ ਬਾਅਦ ਤਾਂ ਜਦ ਆਇਆ ਮਹਾਂਮੂਰਖ ਤਾਂ ਇਕੱਲਾ ਨਹੀਂ ਆਇਆ, ਉਸ ਦੇ ਕਈ ਸ਼ਿਸ਼ ਹੋ ਗਏ ਸਨ। ਉਹ ਅੱਗੇ-ਅੱਗੇ ਆ ਰਿਹਾ ਸੀ। ਫ਼ੁੱਲ-ਮਾਲਾਵਾਂ ਉਸਦੇ ਗੱਲ ਵਿਚ ਪਈਆਂ ਸਨ। ਬੈਂਡ-ਬਾਜੇ ਵਜ ਰਹੇ ਸਨ। ਉਸਨੇ ਫ਼ਕੀਰ ਨੂੰ ਕਿਹਾ, ਕਿ ਤਰਕੀਬ ਕੰਮ ਕਰ ਗਈ ! ਪਿੰਡ ਵਿਚ ਇੱਕਦਮ ਸੰਨਾਟਾ ਹੋ ਗਿਆ ਹੈ, ਜਿਧੱਰੋਂ ਵੀ ਨਿਕਲ ਜਾਵਾਂ ਲੋਕ ਸਿਰ ਨੀਵਾਂ ਕਰ ਲੈਂਦੇ ਹਨ। ਲੋਕਾਂ ਵਿਚ ਖ਼ਬਰ ਪੁੱਜ ਗਈ ਹੈ ਕਿ ਮੈਂ ਮਹਾਂਮੇਧਾਵੀ (ਪਹੁੰਚਿਆ ਹੋਇਆ) ਹਾਂ। ਮੇਰੇ ਸਾਹਮਣੇ ਕੋਈ ਜਿੱਤ ਨਹੀਂ ਸਕਦਾ। ਹੁਣ ਅੱਗੇ ਕੀ ਕਰਨਾ ਹੈ ?

ਫ਼ਕੀਰ ਨੇ ਕਿਹਾ : ਹੁਣ ਅੱਗੇ ਤਾਂ ਕੁਝ ਕਰਨਾ ਹੀ ਨ, ਬਸ ਤੂੰ ਇਸੇ ਉੱਤੇ ਰੁਕਿਆ ਰਹੀਂ। ਜੇਕਰ ਤੈਨੂੰ ਮੇਧਾ (ਉੱਚਾਪਨ) ਬਚਾਉਣੀ ਹੈ, ਕਦੇ ਵੀ ਵਿਧੇਯ ਵਿਚ ਨ ਪੈਣਾ। ਈਸ਼ਵਰ ਦੀ ਕੋਈ ਕਹੇ ਤਾਂ ਝੱਟ-ਪੱਟ, ਝੱਟ-ਪੱਟ ਨਾਸਤਿਕਤਾ ਪ੍ਰਗਟ ਕਰਨਾ। ਜੋ ਵੀ ਕਿਹਾ ਜਾਏ, ਤੂੰ ਹਮੇਸ਼ਾਂ ਨਕਾਰਾਤਮਕ ਉੱਤਰ ਦੇਣਾ, ਤੈਨੂੰ ਕੋਈ ਨਹੀਂ ਹਰਾ ਸਕੇਗਾ; ਕਿਉਂਕਿ ਨਕਾਰਾਤਮਕ ਉੱਤਰ ਨੂੰ ਅਸਿੱਧ ਕਰਨਾ ਬਹੁਤ ਮੁਸ਼ਕਿਲ ਹੈ, ਵਿਧਾਯਕ ਉੱਤਰ ਨੂੰ ਸਿੱਧ ਕਰਨਾ ਬਹੁਤ ਮੁਸ਼ਕਿਲ ਹੈ।

ਈਸ਼ਵਰ ਨੂੰ ਸਵੀਕਾਰ ਕਰਨ ਲਈ ਬਹੁਤ ਬੁੱਧੀਮਤਾ ਚਾਹੀਦੀ ਹੈ, ਬਹੁਤ ਸੂਖਮ ਸੰਵੇਦਨਾ ਚਾਹੀਦੀ ਹੈ। ਹ੍ਰਿਦੇ ਦਾ ਅਤਿਅੰਤ ਜਾਗਰੂਕ ਰੂਪ ਚਾਹੀਦਾ। ਚੈਤਨਯ ਦੀ ਨਿਖਰੀ ਹੋਈ ਦਸ਼ਾ ਚਾਹੀਦੀ, ਅੰਦਰ ਥੋੜ੍ਹੀ ਰੋਸ਼ਨੀ ਚਾਹੀਦੀ ਹੈ। ਪਰ ਈਸ਼ਵਰ ਨੂੰ ਨਾਂਹ ਕਰਨ ਲਈ ਕੁਝ ਵੀ ਨਹੀਂ ਚਾਹੀਦਾ। ਕੋਈ ਜ਼ਰੂਰਤ ਨਹੀਂ ਹੈ ਈਸ਼ਵਰ ਨੂੰ ਇਨਕਾਰ ਕਰਨ ਲਈ। ਇਸ ਲਈ ਲੋਕ ਦੁਨੀਆਂ ਵਿਚ ਨਿੰਦਾ ਕਰਦੇ ਹਨ।

ਨਿੰਦਾ ਦਾ ਮਨੋਵਿਗਿਆਨ ਸਸਤਾ ਮਨੋਵਿਗਿਆਨ ਹੈ, ਸੁਗਮ ਉਪਾਅ ਹੈ। ਇਸਤੋਂ ਤੁਹਾਡੀ ਪ੍ਰਤਿਭਾ ਸਿੱਧ ਹੋਏਗੀ ਅਤੇ ਉਸ ਵਿਚ ਕੁਝ ਖ਼ਰਚ ਤਾਂ ਲਗਦਾ ਨਹੀਂ। ਹਲਦੀ ਲੱਗੇ ਨ ਫਿਟਕੜੀ ਰੰਗ ਚੋਖਾ ਹੋ ਜਾਏ। ਇਸ ਵਿਚ ਕੁਝ ਖ਼ਰਚ ਹੁੰਦਾ ਹੀ ਨਹੀਂ। ਇਸ ਨੂੰ ਸਿਖੱਣ ਜਾਣ ਦੀ ਕਿੱਤੇ ਜ਼ਰੂਰਤ ਨਹੀਂ। ਇਸ ਲਈ ਕੋਈ ਸਤਿਸੰਗ ਕਰਨਾ ਜ਼ਰੂਰੀ ਨਹੀਂ। ਇਸ ਲਈ ਹਰ ਆਦਮੀ ਨਿੰਦਾ ਵਿਚ ਕੁਸ਼ਲ ਹੈ। ਤੁਸੀਂ ਚਾਰੇ ਪਾਸੇ ਲੋਕਾਂ ਨੂੰ ਵੇਖੋਗੇ ਨਿੰਦਾ ਰਸ ਲੈਂਦੇ। ਪਤਾ ਨਹੀਂ ਜਿਨ੍ਹਾਂ ਨੇ ਰਸਾਂ ਦੀ ਗਿਣਤੀ ਕੀਤੀ ਹੈ, ਉਨ੍ਹਾਂ ਨੇ ਨਿੰਦਾ ਰਸ ਕਿਉਂ ਛੱਡ ਦਿੱਤਾ? ਕਿਉਂਕਿ ਹੋਰ ਰਸ ਤਾਂ ਕੋਈ ਕਦੇ-ਕਦਾਈਂ ਲੈਂਦਾ ਹੈ।

ਨਿੰਦਾ ਰਸ ਤਾਂ ਲੋਕ ਰੋਜ਼ ਲੈਂਦੇ ਹਨ, ਸਵੇਰੇ ਤੋਂ ਸ਼ਾਮ ਤੱਕ। ਤੁਸੀਂ ਅਖ਼ਬਾਰ ਪੜ੍ਹਦੇ ਹੋ, ਇਸ ਲਈ ਕਿ ਕੁਝ ਨਿੰਦਾ-ਰਸ ਮਿਲ ਜਾਏ। ਜ਼ਰਾ ਕਿਸੇ ਦੀ ਨਿੰਦਾ ਹੋ ਰਹੀ ਹੋਵੇ ਤੁਸੀਂ ਇੱਕਦਮ ਚੌਕੰਨੇ ਹੋ ਕੇ ਸੁਨਣ ਲਗਦੇ ਹੋ। ਤੁਸੀਂ ਕਿਵੇਂ ਧਿਆਨ ਮਗਨ ਹੋ ਜਾਂਦੇ ਹੋ, ਜੇਕਰ ਕੋਈ ਆ ਕੇ ਦੱਸੇ ਕਿ ਗੁਆਂਢੀ ਦੀ ਇਸਤ੍ਰੀ ਕਿਸੇ ਦੇ ਨਾਲ ਭੱਜ ਗਈ। ਤੁਸੀਂ ਭੁੱਲ ਜਾਂਦੇ ਹੋ ਸਭ ਸੰਸਾਰ ਦੀਆਂ ਗੱਲਾਂ, ਉਸ ਛਣ ਧਿਆਨ ਅਜਿਹਾ ਲਗਦਾ ਹੈ।

ਤੁਸੀਂ ਕੁਰੇਦ-ਕੁਰੇਦ ਕੇ ਪੁੱਛਣ ਲਗਦੇ ਹੋ ਕਿ 'ਕੁਝ ਹੋਰ ਤਾਂ ਦੱਸੋ, ਕੁਝ ਅੱਗੇ ਤਾਂ ਕਹੋ। ਵਿਸਤਾਰ ਵਿਚ ਚਲੋ ਜ਼ਰਾ, ਇੰਨੇ ਥੋੜ੍ਹੇ ਵਿਚ ਨ ਕਹੋ। ਕਿੱਥੇ ਭੱਜੇ ਜਾ ਰਹੇ ਹੋ, ਪੂਰੀ ਗੱਲ ਕਹਿ ਕੇ ਜਾਓ। ਬੈਠੋ ਚਾਹ ਪੀ ਲਓ।' ਪਲਕ-ਪਾੜਵੇਂ ਬਿਛਾ ਦਿੰਦੇ ਹੋ।

ਜਿੱਥੇ ਤੁਹਾਨੂੰ ਲਗਦਾ ਹੈ ਕੁਝ ਨਿੰਦਾ ਹੋ ਰਹੀ ਹੈ, ਉੱਥੇ ਹੀ ਤੁਹਾਨੂੰ ਰਸ ਆਉਂਦਾ ਹੈ। ਰਸ ਆਉਂਦਾ ਹੈ, ਕਿਉਂਕਿ ਦੂਜਾ ਆਦਮੀ ਨੀਵਾਂ ਕੀਤਾ ਜਾ ਰਿਹਾ ਹੈ ਅਤੇ ਉਸ ਦੇ ਨੀਵੇਂ ਹੋਣ ਵਿਚ ਇੱਕ ਅੰਦਰੂਨੀ ਪ੍ਰਤੀਤ ਹੁੰਦੀ ਹੈ ਕਿ ਮੈਂ ਵੱਡਾ ਹਾਂ। ਇਸ ਲਈ ਜੇਕਰ ਕੋਈ ਭਿਖਾਰੀ ਰਾਹ ਵਿਚ ਪਏ ਕੇਲੇ ਦੇ ਛਿਲਕੇ ਤੋਂ ਫ਼ਿਸਲ ਕੇ ਡਿੱਗ ਪਵੇ ਤਾਂ ਤੁਹਾਨੂੰ ਓਨਾ ਰਸ ਨਹੀਂ ਆਉਂਦਾ ਹੈ, ਜਿੰਨਾ ਰਸ ਕੋਈ ਸਮ੍ਰਾਟ ਕੇਲੇ ਦੇ ਛਿਲਕੇ ਤੋਂ ਫ਼ਿਸਲ ਕੇ ਡਿੱਗ ਪਏ ਤਾਂ ਆਏ। ਦਿਲ ਖ਼ੁਸ਼ ਹੋ ਜਾਏਗਾ—ਜਿਸ ਨੂੰ ਮੁੱਲਾ-ਨਸਰੁਦੀਨ ਕਹਿੰਦਾ ਹੈ; ਦਿਲ ਦਾ ਗਾਰਡਨ-ਗਾਰਡਨ ਹੋ ਜਾਣਾ; ਬਾਗ-ਬਾਗ ਹੋ ਜਾਣ ਦਾ ਉਸਨੇ ਅਨੁਵਾਦ ਕੀਤਾ ਹੈ। ਜਦ ਪਹਿਲੀ ਵਾਰ ਉਸਨੇ ਮੈਨੂੰ ਕਿਹਾ, ਮੈਂ ਵੀ ਚੌਂਕਿਆ ਅਤੇ ਮੈਂ ਉਸ ਨੂੰ ਪੁੱਛਿਆ ਕਿ ਇਹ ਦਿਲ ਦਾ ਗਾਰਡਨ-ਗਾਰਡਨ ਹੋ ਜਾਣਾ ਕੀ ਹੈ। ਉਸਨੇ ਕਿਹਾ : ਓਏ, ਬਾਗ-ਬਾਗ ਹੋ ਜਾਣਾ! ਇਹ ਉਸਦਾ ਅੰਗਰੇਜ਼ੀ ਅਨੁਵਾਦ ਹੈ।

ਕੋਈ ਬਾਦਸ਼ਾਹ ਫ਼ਿਸਲ ਕੇ ਡਿੱਗ ਪਏ, ਤਾਂ ਕਿੰਨਾ ਚਿੱਤ ਪ੍ਰਸੰਨ ਹੁੰਦਾ ਹੈ ! ਇਸ ਲਈ ਜਦ ਤੁਹਾਨੂੰ ਖ਼ਬਰ ਮਿਲ ਜਾਂਦੀ ਹੈ ਕਿ ਕੋਈ ਪ੍ਰਧਾਨ ਮੰਤ੍ਰੀ, ਕੋਈ ਰਾਸ਼ਟ੍ਰਪਤੀ ਕਿਸੇ ਗਲਤ ਕੰਮ ਨੂੰ ਕਰਦੇ ਹੋਏ ਫੜ ਲਿਆ ਗਿਆ ਹੈ ਤਾਂ ਕਿਹੋ-ਜਿਹਾ ਨਿੰਦਾ ਦਾ ਰਸ ਫ਼ੈਲਦਾ ਹੈ। ਕੀ ਮਤਲਬ ਹੈ, ਕਿਸ ਨੂੰ ਲੈਣਾ-ਦੇਣਾ ਹੋਣਾ ਚਾਹੀਦਾ? ਕੋਈ ਪ੍ਰਧਾਨ ਮੰਤਰੀ ਜੇਕਰ ਕਿਸੇ ਇਸਤ੍ਰੀ ਦੇ ਪ੍ਰੇਮ ਵਿਚ ਪੈ ਗਿਆ ਹੈ, ਬਸ...।

ਜਿਵੇਂ ਕਿ ਕੋਈ ਬਹੁਤ ਅਨੋਖੀ ਗੱਲ ਹੋ ਗਈ ਹੈ। ਕਿੰਨਾ ਰਸ ਫ਼ੈਲਦਾ ਹੈ, ਕਿੰਨੇ ਲੋਕ ਉਤਸੁਕ ਹੋ ਜਾਂਦੇ ਹਨ। ਇਹ ਸਿਰਫ਼ ਇੱਕ ਗੱਲ ਦੱਸੀ ਜਾ ਰਹੀ ਹੈ, ਇਸ ਦੇ ਅੰਦਰ, ਸਿਰਫ਼ ਇੱਕ ਗੱਲ ਦੀ ਸੂਚਨਾ ਹੋ ਰਹੀ ਹੈ ਕਿ ਤੁਸੀਂ ਉਡੀਕ ਹੀ ਕਰ ਰਹੇ ਸੀ ਕਿ ਜ਼ਰਾ ਫ਼ਸੋ, ਜ਼ਰਾ ਕਿੱਤੇ ਡਿੱਗੋ, ਕਿ ਜ਼ਰਾ ਪੈਰ ਫ਼ਿਸਲੇ ਤੁਹਾਡਾ ਕਿਸੇ ਕੇਲੇ ਦੇ ਛਿਲਕੇ ਤੋਂ, ਤੁਸੀਂ ਚਾਰੇ ਖ਼ਾਨੇ ਚਿੱਤ ਹੋ ਜਾਓ।

ਇਹ ਦਿਲ ਵਿਚ ਤੁਹਾਡੇ ਇੱਛਾ ਹੀ ਸੀ।

ਇਸ ਲਈ ਜਿਹੜਾ ਵਿਅਕਤੀ ਵੀ ਚਾਰ ਪੰਜ ਸਾਲ ਸੱਤਾ ਵਿਚ ਰਹਿ ਜਾਂਦਾ ਹੈ। ਜਨਤਾ ਉਸੇ ਨੂੰ (ਪਾਵਰ) ਸੱਤਾ ਤੋਂ ਉਤਾਰਨ ਲਈ ਉਤਸੁਕ ਹੋ ਜਾਂਦੀ ਹੈ, ਕਾਹਲੀ ਪੈ ਜਾਂਦੀ ਹੈ। ਬਹੁਤ ਹੋ ਗਿਆ, ਇਹ ਆਦਮੀ ਡਿਗਣਾ ਹੀ ਚਾਹੀਦਾ ਹੈ। ਨਿੱਕੀਆਂ-ਨਿੱਕੀਆਂ ਗੱਲਾਂ ਫਿਰ ਖ਼ੂਬ ਵੱਡੀਆਂ-ਵੱਡੀਆਂ ਕਰਕੇ ਫ਼ੈਲਾਈਆਂ ਜਾਂਦੀਆਂ ਹਨ। ਲੋਕ ਉਨ੍ਹਾਂ ਨੂੰ ਸਵੀਕਾਰ ਕਰਨ ਲਈ ਰਾਜ਼ੀ ਹੁੰਦੇ ਹਨ।

ਤੁਸੀਂ ਮਜ਼ਾ ਵੇਖਿਆ, ਜੇਕਰ ਤੁਸੀਂ ਕਿਸੇ ਦੀ ਤਾਰੀਫ਼ ਕਰੋ ਕੋਈ ਸੁਨਣ ਲਈ ਰਾਜ਼ੀ ਨਹੀਂ ਹੈ, ਨ ਕੋਈ ਸਵੀਕਾਰ ਕਰਨ ਲਈ ਰਾਜ਼ੀ ਹੈ। ਜੇਕਰ ਤੁਸੀਂ ਕਹੋ ਕਿ ਫ਼ਲਾਂ ਵਿਅਕਤੀ ਵੇਖੋ, ਕਿਹੋ-ਜਿਹਾ ਮਹਾਤਮਾ ਹੋ ਗਿਆ! ਦੂਜਾ ਕਹੇਗਾ, ਓਏ ਸਭ ਵੇਖ ਲਏ ਮਹਾਤਮਾ। ਕਿੱਤੇ ਕੋਈ ਮਹਾਤਮਾ ਨ ਹੁੰਦਾ ਹੈ ਨ ਹੋਇਆ ਹੈ; ਸਭ ਧੋਖਾ-ਧੜੀ ਹੈ।

ਕੁਝ ਚਾਲਬਾਜ਼ੀ ਹੋਏਗੀ, ਜ਼ਰਾ ਰੁੱਕੋ, ਜ਼ਰਾ ਠਹਿਰੋ, ਜਦ ਪਕੜਿਆ ਜਾਏਗਾ ਤਦ ਪਤਾ ਚਲੇਗਾ। ਅਸੀਂ ਕਈਆਂ ਨੂੰ ਡਿਗਦਿਆਂ ਵੇਖ ਲਿਆ ਹੈ।

ਪਰ ਜੇਕਰ ਕੋਈ ਤੁਹਾਨੂੰ ਆਖੇ ਕਿ ਫ਼ਲਾਂ ਆਦਮੀ ਚੋਰੀ ਕਰ ਰਿਹਾ ਹੈ, ਫ਼ਲਾਂ ਆਦਮੀ ਬੇਈਮਾਨ ਹੈ, ਫ਼ਲਾਂ ਆਦਮੀ ਨੇ ਰਿਸ਼ਵਤ ਖਾਧੀ ਹੈ, ਤਾਂ ਤੁਸੀਂ ਕਦੇ ਇਨਕਾਰ ਨਹੀਂ ਕਰਦੇ ਕਿ ਨਹੀਂ-ਨਹੀਂ ਅਜਿਹਾ ਕਿਵੇਂ ਹੋ ਸਕਦਾ ਹੈ? ਤੁਸੀਂ ਤਾਂ ਝੱਟ-ਪੱਟ ਸਵੀਕਾਰ ਕਰ ਲੈਂਦੇ ਹੋ, ਜਿਵੇਂ ਤੁਸੀਂ ਪਹਿਲਾਂ ਤੋਂ ਹੀ ਮੰਨ ਕੇ ਬੈਠੇ ਸੀ। ਅਸੀਂ ਇਹ ਮੰਨ ਹੀ ਰੱਖਿਆ ਹੈ ਕਿ ਸਾਡੇ ਇਲਾਵਾ ਹੋਰ ਸਭ ਲੋਕ ਬੁਰੇ ਹਨ; ਕਈਆਂ ਦਾ ਪਤਾ ਲਗ ਗਿਆ ਹੈ, ਕਈਆਂ ਦਾ ਪਤਾ ਨਹੀਂ ਲਗਿਆ ਹੈ, ਕਦੇ ਲਗ ਜਾਏਗਾ, ਲੇਕਿਨ ਸਾਡੇ ਤੋਂ ਇਲਾਵਾ ਸਾਰੇ ਲੋਕ ਬੁਰੇ ਹਨ। ਇਹ ਤਾਂ ਸਾਡੀ ਸਵੀਕਾਰਿਤ ਮਾਨਤਾ ਹੈ। ਇਸ ਸਵੀਕਾਰਿਤ ਮਾਨਤਾ ਨੂੰ ਜੋ ਵੀ ਸਹਾਰਾ ਦੇ ਦਿੰਦਾ ਹੈ ਅਸੀਂ ਝੱਟ-ਪੱਟ ਅੰਗੀਕਾਰ ਕਰ ਲੈਂਦੇ ਹਾਂ।

ਹਾਲਤ ਸਾਡੀ ਅਜਿਹੀ ਹੈ ਕਿ ਜੇਕਰ ਕੋਈ ਤੁਹਾਨੂੰ ਆਖੇ ਕਿ ਫ਼ਲਾਂ ਆਦਮੀ ਵੇਖੋ ਕਿੰਨੀ ਪਿਆਰੀ ਬੰਸਰੀ ਵਜਾ ਰਿਹਾ ਹੈ ! ਤੁਸੀਂ ਕਹੋਗੇ ! ਉਹ ਕੀ ਖ਼ਾਕ ਬੰਸਰੀ ਬਜਾਏਗਾ, ਚੋਰ, ਲਫ਼ੰਗਾ, ਲੁੱਚਾ ! ਜਿਵੇਂ ਕੀ ਲੁੱਚਾ, ਲਫ਼ੰਗਾ ਅਤੇ ਚੋਰ ਹੋਣ ਨਾਲ ਬੰਸਰੀ ਬਜਾਉਂਣ ਵਿਚ ਕੋਈ ਰੁੱਕਾਵਟ ਪੈਂਦੀ ਹੋਵੇ ! ਪਰ ਤੁਸੀਂ ਝੱਟ-ਪੱਟ ਨਿੰਦਾ ਕਰ ਦਿੱਤੀ, ਕਿ ਉਹ ਕੀ ਖ਼ਾਕ ਬੰਸਰੀ ਵਜਾਏਗਾ, ਉਸ ਬੰਸਰੀ ਵਿਚ ਕੀ ਰੱਖਿਆ ਹੈ ? ਅਸੀਂ ਉਸ ਨੂੰ ਭਲੀ ਭਾਂਤਿ ਜਾਣਦੇ ਹਾਂ।

ਅਸੀਂ ਉਸ ਦੇ ਪਿਓ-ਦਾਦਿਆਂ ਨੂੰ ਵੀ ਜਾਣਦੇ ਹਾਂ, ਉਹ ਕੀ ਬੰਸਰੀ ਵਜਾਏਗਾ?

ਪਰ ਇਸ ਤੋਂ ਉਲਟ ਗੱਲ ਤੁਹਾਨੂੰ ਸੁਨਣ ਵਿਚ ਕਦੇ ਨਹੀਂ ਆਏਗੀ—ਕਿ ਕੋਈ ਕਹੇ ਕਿ ਵੇਖੋ, ਉਹ ਆਦਮੀ ਚੋਰ ਹੈ, ਬੇਈਮਾਨ ਹੈ, ਲਫ਼ੰਗਾ ਹੈ ਅਤੇ ਤੁਸੀਂ ਕਹੋ ਕਿ ਨਹੀਂ, ਇਹ ਕਿਵੇਂ ਹੋ ਸਕਦਾ ਹੈ, ਕਿਉਂਕਿ ਉਹ ਇੰਨੀ ਪਿਆਰੀ ਬੰਸਰੀ ਵਜਾਉਂਦਾ ਹੈ।

ਨਹੀਂ, ਨਹੀਂ ਇਹ ਨਹੀਂ ਹੋ ਸਕਦਾ। ਇੰਨੀ ਪਿਆਰੀ ਬੰਸਰੀ ਵਜਾਉਂਣ ਵਾਲਾ ਚੋਰ ਹੋਏਗਾ, ਲਫ਼ੰਗਾ ਹੋਏਗਾ, ਇਹ ਕਿਵੇਂ ਹੋ ਸਕਦਾ ਹੈ?

ਅਜਿਹਾ ਤੁਸੀਂ ਕਦੇ ਨਹੀਂ ਕਹੋਗੇ। ਇਹ ਤੁਹਾਡੇ ਅਹੰਕਾਰ ਦੇ ਵਿਪਰੀਤ ਹੈ। ਜੋ ਤੁਹਾਡੇ ਅਹੰਕਾਰ ਨੂੰ ਭਰਦਾ ਹੈ ਉਹ ਹੈ ਨਿੰਦਾ।

ਇਸ ਲਈ ਤਾਰੀਫ਼ ਤਾਂ ਲੋਕ ਬਹੁਤ ਬੇ-ਮਨ ਨਾਲ ਕਰਦੇ ਹਨ-ਬੜੇ-ਬੇ-ਮਨੇ ਹੋ ਕੇ, ਮਜਬੂਰੀ ਵਿਚ ਕਰਦੇ ਹਨ। ਕੁਝ ਲੈਣਾ ਹੋਵੇ ਤਾਰੀਫ਼ ਕਰਕੇ ਤਾਂ ਕਰਦੇ ਹਨ। ਇਸ ਲਈ ਉਪੱਰੋਂ-ਉਪੱਰੋਂ ਤਾਰੀਫ਼ ਕਰ ਦਿੰਦੇ ਹਨ, ਪਿੱਛੋਂ ਬਦਲਾ ਲੈਂਦੇ ਹਨ।

ਅਦਾਲਤ ਵਿਚ ਮੁਕਦਮਾ ਸੀ। ਇੱਕ ਨੇਤਾ ਜੀ ਨੇ ਅਦਾਲਤ ਵਿਚ ਇੱਕ ਆਦਮੀ ਉੱਤੇ ਮਾਨਹਾਨੀ ਦਾ ਮੁਕਦਮਾ ਚੱਲਾਇਆ ਸੀ। ਕਿਉਂਕਿ ਹੋਟਲ ਵਿਚ ਜਿੱਥੇ ਕਿ ਪੰਜਾਹ-ਸੱਠ ਲੋਕ ਮੌਜੂਦ ਸਨ, ਉਸ ਆਦਮੀ ਨੇ ਨੇਤਾ ਜੀ ਨੂੰ ਉੱਲੂ ਦਾ ਪੱਠਾ ਕਹਿ ਦਿੱਤਾ। ਸੁਭਾਵਿਕ ਹੈ : ਨੇਤਾ ਜੀ ਕੁਝ ਹੋ ਗਏ। ਉੱਲੂ ਦਾ ਪੱਠਾ ! ਇਸ ਨੂੰ ਮਜ਼ਾ ਚਖਾ ਕੇ ਰਹਾਂਗੇ।

ਮੁੱਲਾ ਨਸਰੁਦੀਨ ਨੇਤਾ ਜੀ ਦੀ ਬਗਲ ਵਿਚ ਹੀ ਖਲੋਤਾ ਸੀ, ਜਦ ਨੇਤਾ ਜੀ ਨੂੰ ਉੱਲੂ ਦਾ ਪੱਠਾ ਕਿਹਾ ਗਿਆ ਤਾਂ ਉਨ੍ਹਾਂ ਨੇ ਉਸ ਨੂੰ ਕਿਹਾ ਕਿ ਮੁੱਲਾ, ਗਵਾਹੀ ਦੇਣੀ ਹੋਏਗੀ, ਤੇਰੇ

ਸਾਹਮਣੇ ਕਿਹਾ ਸੀ। ਉਸਨੇ ਕਿਹਾ : ਹਾਂ ਬਿਲਕੁੱਲ ਗਵਾਹੀ ਦੇਵਾਂਗਾ, ਪਰਤੱਖ ਗਵਾਹ ਮੈਂ ਹਾਂ। ਮੇਰੇ ਸਾਹਮਣੇ ਗਾਲ੍ਹ ਕੱਢੀ ਗਈ ਹੈ, ਮੈਂ ਤੁਹਾਡੇ ਕੋਲ ਖਲੋਤਾ ਸੀ।

ਅਦਾਲਤ ਵਿਚ ਗਵਾਹੀਆਂ ਹੋਈਆਂ। ਮੁੱਲਾਂ ਨਸਰੁਦੀਨ ਤੋਂ ਪੁੱਛਿਆ ਮਜਿਸਟ੍ਰੇਟ ਨੇ ਕਿ ਉੱਥੇ ਪੰਜਾਹ ਲੋਕ ਸਨ, ਅਤੇ ਜਿਸ ਆਦਮੀ ਉੱਤੇ ਇਲਜ਼ਾਮ ਲਗਾਇਆ ਗਿਆ ਹੈ ਗਾਲ੍ਹ ਕਢਣ ਦਾ ਉਹ ਆਦਮੀ ਕਿਹੜਾ ਹੈ, ਮੈਂ ਕਿਸੇ ਦਾ ਨਾਮ ਲੈ ਕੇ ਨਹੀਂ ਕਿਹਾ : ਹਾਂ, ਮੈਂ ਉੱਲੂ ਦਾ ਪੱਠਾ ਸ਼ਬਦ ਉਪਯੋਗ (ਵਰਤਣਾ) ਕੀਤਾ ਸੀ। ਪਰ ਓਥੇ ਪੰਜਾਹ, ਸੱਠ ਲੋਕ ਸਨ, ਨੇਤਾ ਜੀ ਨੂੰ ਮੈਂ ਲਕਸ਼ (ਨਿਸ਼ਾਨਾ) ਕਰਕੇ ਇਹ ਨਹੀਂ ਕਿਹਾ ਹੈ। ਤੁਹਾਡੇ ਕੋਲ ਕੀ ਸਬੂਤ ਹੈ ਨਸਰੁਦੀਨ ਕਿ ਇਸ ਨੇ ਨੇਤਾ ਜੀ ਨੂੰ ਹੀ ਨਿਸ਼ਾਨਾ ਬਣਾ ਕੇ ਕਿਹਾ ਹੈ? ਨਸਰੁਦੀਨ ਨੇ ਕਿਹਾ : ਮੈਂ ਮੰਨਦਾ ਹਾਂ ਉੱਥੇ ਪੰਜਾਹ-ਸੱਠ ਲੋਕ ਸਨ, ਪਰ ਉੱਲੂ ਦਾ ਪੱਠਾ ਉੱਥੇ ਸਿਵਾਏ ਨੇਤਾ ਜੀ ਦੇ ਹੋਰ ਕੋਈ ਸੀ ਹੀ ਨਹੀਂ।

ਹੁਣ ਕੀ ਕਰੋਗੇ ? ਆਪਣਾ ਗਵਾਹ ਵੀ ਇਹ ਕਹਿ ਰਿਹਾ ਹੈ। ਤੁਸੀਂ ਚਾਹੁੰਦੇ ਹੋ ਜਿਹੜਾ ਸੱਤਾ ਵਿਚ ਹੈ, ਤਾਕਤ ਵਿਚ ਹੈ, ਪਦ ਉੱਤੇ ਹੈ, ਜਿਨ੍ਹਾਂ ਦੇ ਕੋਲ ਧਨ ਹੈ, ਉਹ ਚਾਰੇ ਖ਼ਾਨੇ ਚਿੱਤ ਡਿਗਣ; ਇਸ ਤਰ੍ਹਾਂ ਤੁਹਾਡੇ ਦਿਲ ਨੂੰ ਬਹੁਤ ਰਾਹਤ ਹੋਏਗੀ। ਦੁਨੀਆਂ ਵਿਚ ਜਦ ਕਦੇ ਕਿਸੇ ਦਾ ਪਤਨ ਹੁੰਦਾ ਹੈ, ਲੋਕਾਂ ਦੇ ਚਿੱਤ ਨੂੰ ਬਹੁਤ ਰਾਹਤ ਮਿਲਦੀ ਹੈ। ਬਹੁਤ ਹਲਕਾਪਨ ਆ ਜਾਂਦਾ ਹੈ। ਲੋਕ ਉਡੀਕ ਕਰਦੇ ਹਨ ਇਸਦੀ ਕਿ ਕਿਸੇ ਦਾ ਚਰਿਤ੍ਰ ਭ੍ਰਿਸ਼ਟ ਹੋ ਜਾਏ। ਇਸ ਉੱਤੇ ਬਹੁਤ ਦਾਰੋਮਦਾਰ ਹੈ ਉਨ੍ਹਾਂ ਦਾ। ਚਰਿਤ੍ਰ ਤਾਂ ਬਨਾਉਣਾ ਮੁਸ਼ਕਿਲ ਹੈ। ਆਪਣੇ ਜੀਵਨ ਨੂੰ ਤਾਂ ਗਰਿਮਾ (ਮਹਿਮਾਂ) ਦੇਣੀ ਮੁਸ਼ਕਿਲ ਹੈ, ਪਰ ਕਿਸੇ ਦੀ ਮਹਿਮਾਂ ਖੁਸ ਜਾਏ ਤਾਂ ਉਸ ਨੂੰ ਵੱਧਾ-ਚੜ੍ਹਾ ਕੇ ਚਰਚਾ ਕਰਨਾ ਤਾਂ ਆਸਾਨ ਹੈ। ਜਿੰਨੀ ਤੁਸੀਂ ਉਸਦੀ ਚਰਚਾ ਕਰਦੇ ਹੋ ਬੁਰਾਈ ਦੀ, ਓਨੇ ਹੀ ਤੁਸੀਂ ਅੰਦਰ ਚੰਗੇ ਹੁੰਦੇ ਜਾਂਦੇ ਹੋ। ਇਹ ਨਿੰਦਾ ਦਾ ਮਨੋਵਿਗਿਆਨ ਹੈ। ਇਹ ਅਹੰਕਾਰ ਦੀ ਛਾਂ ਹੈ ਅਤੇ ਅਹੰਕਾਰ ਦਾ ਪੋਸ਼ਣ ਵੀ।

ਪਰ ਇਸ ਦਾ ਅਰਥ ਇਹ ਨਹੀਂ ਕਿ ਮੈਂ ਤੁਹਾਨੂੰ ਕਹਿ ਰਿਹਾ ਹਾਂ ਤੁਸੀਂ ਅੰਨ੍ਹੇ ਦੀ ਤਰ੍ਹਾਂ ਜੀਉਂਣਾ; ਜਾਂ ਗੋਰਖ ਤੁਹਾਨੂੰ ਕਹਿ ਰਹੇ ਹਨ ਕਿ ਤੁਸੀਂ ਅੰਨ੍ਹਿਆਂ ਦੀ ਤਰ੍ਹਾਂ ਜੀਉਂਣਾ। ਜਿੱਥੇ ਤੁਸੀਂ ਗਲਤ ਵੇਖੋ, ਉੱਥੇ ਤੁਸੀਂ ਚੁਪ ਰਹਿ ਜਾਣਾ, ਇਹ ਮੈਂ ਨਹੀਂ ਕਹਿ ਰਿਹਾ ਹਾਂ, ਨ ਗੋਰਖ ਕਹਿ ਰਹੇ ਹਨ। ਕਿਉਂਕਿ ਜੇਕਰ ਗੋਰਖ ਇਹ ਕਹਿੰਦੇ, ਤਾਂ ਜੋ ਉਨ੍ਹਾਂ ਨੇ ਕਿਹਾ, ਇਹ ਵੀ ਨਹੀਂ ਕਹਿ ਸਕਦੇ ਸਨ। ਇਸ ਗੱਲ ਨੂੰ ਖ਼ਿਆਲ ਵਿਚ ਲੈ ਲੈਣਾ, ਇਹ ਵੀ ਤਾਂ ਗਲਤ ਵੇਖਿਆ ਨ! ਇਹ ਵੇਖਿਆ ਕਿ ਯੋਗੀ ਅਤੇ ਨਿੰਦਾ ਕਰ ਰਹੇ ਹਨ, ਕਿ ਯੋਗੀ ਅਤੇ ਸ਼ਰਾਬ-ਮਾਂਸ ਖਾ ਰਹੇ ਹਨ, ਭੰਗ ਪੀ ਰਹੇ ਹਨ। ਤਾਂ ਕਿਹਾ ਕਿ ਨਰਕ ਵਿਚ ਪਓਗੇ। ਇਸ ਨੂੰ ਤੁਸੀਂ ਨਿੰਦਾ ਨਹੀਂ ਸਮਝਣਾ। ਇਸ ਵਿਚ ਨਿੰਦਾ ਕੁਝ ਵੀ ਨਹੀਂ ਹੈ; ਇਸ ਵਿਚ ਸਹਿਜ ਕਰੁਣਾ ਹੈ। ਇਸ ਵਿਚ ਸਹਿਜ ਸਦਭਾਵ ਹੈ। ਉਨ੍ਹਾਂ ਨੂੰ ਨੀਵਾਂ ਵਿਖਾਉਂਣ ਨਾਲ ਕੋਈ ਮਤਲਬ ਨਹੀਂ ਹੈ। ਸੱਚ ਵਿਚ ਤਾਂ ਉਨ੍ਹਾਂ ਨੂੰ ਉਪੱਰ ਉਠਾਉਂਣ ਦੀ ਇੱਛਾ ਹੈ, ਉਨ੍ਹਾਂ ਨੂੰ ਜਗਾਉਂਣ ਦੀ ਇੱਛਾ ਹੈ। ਕਦੇ-ਕਦੇ ਜਗਾਉਂਣ ਵਾਲਾ ਵੀ ਦੁਸ਼ਮਣ ਮਲੂਮ ਹੁੰਦਾ ਹੈ। ਕਦੇ-ਕਦੇ ਤਾਂ ਅਜਿਹਾ ਹੋ ਜਾਂਦਾ ਹੈ, ਤੁਸੀਂ ਕਿਸੇ ਨੂੰ ਕਹਿ ਦਿੰਦੇ ਹੋ ਕਿ ਭਾਈ ਸਵੇਰੇ ਮੈਨੂੰ ਛੇਤੀ ਉਠਾ ਦੇਣਾ, ਟ੍ਰੇਨ ਪਕੜਨੀ ਹੈ ਚਾਰ ਵਜੇ ਦੀ ਅਤੇ ਤੁਸੀਂ ਤਾਂ ਤਿੰਨ ਬਜੇ ਉਠਦੇ ਹੀ ਹੋ ਬ੍ਰਹਮ ਮਹੂਰਤ ਵਿਚ, ਮੈਨੂੰ ਉਠਾ ਦੇਣਾ।

ਉਹ ਆਦਮੀ ਤੁਹਾਨੂੰ ਤਿੰਨ ਵਜੇ ਉਠਾਉਂਣ ਆਇਆ, ਤੁਸੀਂ ਮਨ ਹੀ ਮਨ ਵਿਚ ਗਾਲ੍ਹ ਕਢਦੇ ਹੋ—ਉਸ ਆਦਮੀ ਨੂੰ ਜਿਸ ਨੂੰ ਤੁਸੀਂ ਹੀ ਕਿਹਾ ਹੈ ਕਿ ਤਿੰਨ ਵਜੇ ਉਠਾ ਦੇਣਾ!

ਕਿ ਇਹ ਬਦਤਮੀਜ਼ ਆ ਗਿਆ, ਕਿ ਅਸੀਂ ਕਹਿ ਦਿੱਤਾ ਸੀ, ਪਰ ਗਲਤੀ ਹੋ ਗਈ, ਪਰ ਕੋਈ ਗਲਤੀ ਨੂੰ ਮੰਨ ਕੇ ਕਰਨ ਦੀ ਜਰੂਰਤ ਥੋੜ੍ਹੇ ਸੀ। ਜੇਕਰ ਉਹ ਤੁਹਾਨੂੰ ਖਿੱਚ ਕੇ ਵੀ ਉਠਾਉਂਣ ਲੱਗੇ, ਝਗੜਾ ਵੀ ਹੋ ਸਕਦਾ ਹੈ।

ਜਰਮਨੀ ਦਾ ਪ੍ਰਸਿਧ ਵਿਚਾਰਕ ਹੋਇਆ ਇਮੈਨੂਲ ਕਾਂਟ। ਉਸ ਨੇ ਇੱਕ ਨੌਕਰ ਰੱਖ ਛੱਡਿਆ ਸੀ। ਉਸ ਨੂੰ ਸਵੇਰੇ ਉਠਣ ਵਿਚ ਬਹੁਤ ਅੜਚਨ ਹੁੰਦੀ ਸੀ। ਨੌਕਰ ਦਾ ਸਿਰਫ਼ ਇੰਨਾ ਕੰਮ ਸੀ ਕਿ ਚਾਹੇ ਮਾਰ-ਕੁਟਾਈ ਹੋ ਜਾਏ, ਪਰ ਉਠਾ ਦੇਵੇ। ਮਾਰ-ਕੁਟਾਈ ਵੀ ਹੁੰਦੀ ਸੀ, ਇਸੇ ਲਈ ਨੌਕਰ ਵੀ ਰੱਖਿਆ ਹੋਇਆ ਸੀ। ਕਈ ਨੌਕਰ ਛੱਡ ਕੇ ਚਲੇ ਜਾਂਦੇ ਸਨ ਕਿ ਇਹ ਕੀ ਮਾਮਲਾ ਹੈ? ਪਰ ਉਹ ਕਹਿੰਦਾ ਕਿ ਤੁਹਾਨੂੰ ਰੱਖਿਆ ਹੀ ਇਸੇ ਕੰਮ ਲਈ ਹੈ। ਤੁਸੀਂ ਫ਼ਿਕਰ ਹੀ ਨ ਕਰਨਾ, ਮੈਂ ਤੁਹਾਨੂੰ ਇਹ ਤਾਂ ਨਹੀਂ ਕਹਿੰਦਾ ਕਿ ਮੈ ਤੁਹਾਨੂੰ ਮਾਰਾਂ ਤਾਂ ਤੁਸੀਂ ਮੈਨੂੰ ਨ ਮਾਰਨਾ।

ਕਈ ਤਰ੍ਹਾਂ ਦੇ ਲੋਕ ਹਨ ! ਹੁਣ ਤਾਂ ਪੱਛਮ ਵਿਚ ਇਸ ਤਰ੍ਹਾਂ ਦੇ ਵਿਦਯੁਤ-ਕੰਬਲ ਬਣ ਗਏ ਹਨ, ਜਿਨ੍ਹਾਂ ਵਿਚ ਤੁਸੀਂ ਅਲਾਰਮ ਭਰ ਦਿਓ, ਘੜੀ ਵੀ ਲੱਗੀ ਰਹਿੰਦੀ ਹੈ ਅਤੇ ਸਵੇਰੇ ਠੀਕ ਪੰਜ ਵਜੇ ਬਿਜਲੀ ਦਾ ਸ਼ਾਕ ...। ਜਿਹੜੇ ਨਹੀਂ ਉਠ ਸਕਦੇ ਉਨ੍ਹਾਂ ਲਈ ਇੰਤਜ਼ਾਮ ਕਰਨਾ ਪਏਗਾ। ਲੱਗਾ ਇੱਕ ਸ਼ਾਕ ਅਤੇ ਛਾਲ ਮਾਰ ਕੇ ਤੁਸੀਂ ਬਾਹਰ ਹੋਏ ! ਕਿਉਂਕਿ ਸਾਧਾਰਨ ਅਲਾਰਮ ਕੰਮ ਨਹੀਂ ਕਰਦੇ; ਲੋਕ ਉਨ੍ਹਾਂ ਨੂੰ ਬੰਦ ਕਰ ਦਿੰਦੇ ਹਨ। ਘੜੀ ਪਟਕ ਦਿੰਦੇ ਹਨ। ਖ਼ੁਦ ਆਪਣੀ ਘੜੀ। ਫ਼ਿਰ ਬਾਅਦ ਵਿਚ ਪਛਤਾਉਂਦੇ ਹਨ ਕਿ ਟੁੱਟ ਗਈ, ਪੰਜਾਹ ਰੁਪਏ ਦਾ ਨੁਕਸਾਨ ਹੋ ਗਿਆ। ਖ਼ੁਦ ਹੀ ਅਲਾਰਮ ਭਰਿਆ, ਖ਼ੁਦ ਹੀ ਘੜੀ ਸੁੱਟ ਦਿੰਦੇ ਹਨ। ਉਨ੍ਹਾਂ ਲਈ ਇੰਤਜ਼ਾਮ ਕਰਨੇ ਪਏ ਹਨ।

ਜਗਾਉਂਣ ਵਾਲਾ ਪ੍ਰੀਤੀਕਰ ਨਹੀਂ ਲਗਦਾ, ਕਿਉਂਕਿ ਉਸ ਵੇਲੇ ਤੁਸੀਂ ਮਿੱਠੀ ਨੀਂਦ ਵਿਚ ਗੁਆਚੇ ਹੋ; ਹੋ ਸਕਦਾ ਹੈ ਕੋਈ ਮਿੱਠਾ ਸੁਫ਼ਨਾ ਵੇਖ ਰਹੇ ਹੋ।

ਹੋ ਸਕਦਾ ਹੈ ਬਿਲਕੁੱਲ ਹੁਣੇ-ਹੁਣੇ ਬਸ ਕਿਲਯੋਪੇਟਰਾ ਨਾਲ ਮੇਲ ਹੋਣ ਵਾਲਾ ਸੀ, ਕਿ ਹੇਮਾ ਮਾਲਿਨੀ ਬਸ ਟੁਰੀ ਹੀ ਆ ਰਹੀ ਸੀ। ਬਸ ਜਫ਼ੀਆਂ ਪੈਣ ਹੀ ਵਾਲੀਆਂ ਸਨ ਅਤੇ ਇਹ ਨਾਮੁਰਾਦ ਆ ਗਿਆ, ਜਾਂ ਇਹ ਅਲਾਰਮ ਵਜ ਗਿਆ। ਅਜਿਹੀ ਘੜੀ ਨੂੰ ਕੋਈ ਬਰਦਾਸ਼ਤ ਕਰੇਗਾ?

ਇਸ ਲਈ ਬੁੱਧਾਂ ਨੂੰ ਅਸੀਂ ਬੜੀ ਮੁਸ਼ਕਿਲ ਨਾਲ ਸਵੀਕਾਰ ਕਰ ਪਾਉਂਦੇ ਹਾਂ; ਕਰਦੇ-ਕਰਦੇ ਹੀ ਸਵੀਕਾਰ ਕਰ ਪਾਉਂਦੇ ਹਾਂ। ਤੁਹਾਡੇ ਸੁਫ਼ਨੇ ਤੋੜ ਦੇਣ ਵਾਲੇ ਲੋਕ ਕਿਵੇਂ ਤੁਹਾਨੂੰ ਪ੍ਰੀਤੀਕਰ ਲਗਣਗੇ? ਤੁਸੀਂ ਨਾਰਾਜ਼ ਹੁੰਦੇ ਹੋ। ਇਸ ਤੋਂ ਇਹ ਨ ਸਮਝਣਾ, ਯੋਗੀ ਆਲੋਚਨਾ ਨਹੀਂ ਕਰੇਗਾ, ਹੋਰ ਕੌਣ ਕਰੇਗਾ? ਉਹ ਹੀ ਹਕਦਾਰ ਹੈ।

ਪਰ ਨਿੰਦਾ ਨਹੀਂ ਕਰੇਗਾ। ਉਸ ਦੀਆਂ ਅੱਖਾਂ ਵਿਚ ਤੁਹਾਡਾ ਅਪਮਾਨ ਨਹੀਂ ਹੋਏਗਾ। ਉਸਦੀ ਬੋਲੀ ਕਠੋਰ ਹੋ ਸਕਦੀ ਹੈ। ਉਸਦੀ ਬੋਲੀ ਬਹੁਤ ਤਿੱਖੀ ਹੋ ਸਕਦੀ ਹੈ। ਉਸਦੇ ਸ਼ਬਦ ਧਾਰ ਵਾਲੇ ਹੋ ਸਕਦੇ ਹਨ। ਹੋਣੇ ਹੀ ਚਾਹੀਦੇ ਹਨ।

ਕਬੀਰ ਨੇ ਤਾਂ ਕਿਹਾ ਹੈ : ਕਬੀਰਾ ਖੜਾ ਬਾਜ਼ਾਰ ਮੇਂ ਲੀਏ ਲੁਕਾਠੀ ਹਾਥ। ਲਾਠੀ ਹਥ ਵਿਚ ਲੈ ਕੇ ਖਲੋਤੇ ਹਨ, ਬਾਜ਼ਾਰ ਵਿਚ। ਜੋ ਘਰ ਬਾਰੇ ਆਪਣਾ, ਚਲੈ ਹਮਾਰੇ ਸਾਥ! ਹੋਵੇ ਤਿਆਰੀ ਤਾਂ ਘਰ 'ਚ ਅੱਗ ਲਾ ਦਿਓ ਅਤੇ ਚਲੋ ਸਾਡੇ ਨਾਲ। ਅਤੇ ਲਾਠੀ ਲਈ ਖਲੋਤੇ ਹਨ ... ਲੀਏ ਲੁਕਾਠੀ ਹਾਥ! ਫਿਰ ਪਿੱਛੇ ਪਰਤ ਕੇ ਵੀ ਨਹੀਂ ਵੇਖਣ ਦੇਣਗੇ, ਨਹੀਂ ਤਾਂ ਸਿਰ ਖੋਲ੍ਹ ਦੇਣਗੇ।

ਯੋਗੀ ਕਠੋਰ ਹੋ ਸਕਦਾ ਹੈ। ਪਰ ਕਠੋਰ ਹੁੰਦਾ ਹੈ ਤੁਹਾਡੀ ਗਲਤੀ ਉੱਤੇ, ਤੁਹਾਡੇ ਉੱਤੇ ਨਹੀਂ। ਤੁਹਾਡੇ ਉੱਤੇ ਤਾਂ ਉਸਦੀ ਬਹੁਤ ਕਿਰਪਾ ਹੈ, ਬਹੁਤ ਪ੍ਰੇਮ ਹੈ। ਇਸ ਲਈ ਕਦੇ-ਕਦੇ ਅੜਚਨ ਹੋ ਸਕਦੀ ਹੈ। ਕਦੇ-ਕਦੇ ਤੁਹਾਨੂੰ ਭਰਮ ਹੋ ਸਕਦਾ ਹੈ। ਪਰ ਸਾਫ਼ ਭੇਦ ਸਮਝ ਲੈਣਾ।

ਜੋਗੀ ਹੋਇ ਪਰ ਨਿੰਦਯਾ ਝਸ਼ੈ ! ਯੋਗੀ ਹੋ ਕੇ ਅਤੇ ਦੂਜੇ ਦੀ ਨਿੰਦਾ ਕਰੋਗੇ ? ਮਦਮਾਸ ਅਰੁ ਭਾਂਗ ਜੋ ਭਸ਼ੈ ... ਅਤੇ ਅਜੇ ਵੀ ਤੁਹਾਡੇ ਤੋਂ ਮਾਂਸ ਨਹੀਂ ਛੁਟਿਆ, ਮਦਿਰਾ ਨਹੀਂ ਛੁਟੀ? ਅਤੇ ਅੱਜੇ ਵੀ ਤੁਸੀਂ ਭੰਗ ਅਤੇ ਗਾਂਜੇ ਜਿਹੇ ਮਾਦਕ ਪਦਾਰਥਾਂ ਵਿਚ ਡੁਬੱਦੇ ਹੋ !

ਇਕ ਗੱਲ ਖ਼ਿਆਲ ਰਖਣਾ : ਜਿਹੜੇ ਜਾਗੇ ਹਨ ਉਹ ਤੁਹਾਡੇ ਮਾਂਸ-ਸ਼ਰਾਬ ਦੇ ਉਲਟ ਕਈ ਹੋਰ ਕਾਰਣਾਂ ਕਰਕੇ ਹਨ। ਤੁਸੀਂ ਵੀ ਉਨ੍ਹਾਂ ਦੇ ਉਲਟ ਹੁੰਦੇ ਹੋ, ਪਰ ਤੁਹਾਡੇ ਕਾਰਣ ਹੋਰ ਹਨ। ਤੁਸੀਂ ਕਹਿੰਦੇ ਹੋ ਸ਼ਰਾਬ ਨ ਪੀਣਾ, ਕਿਉਂਕਿ ਵਿਅਰਥ ਪੈਸਿਆਂ ਦਾ ਨੁਕਸਾਨ ਹੁੰਦਾ ਹੈ, ਤੰਦਰੁਸਤੀ ਖ਼ਰਾਬ ਹੁੰਦੀ ਹੈ। ਪਤਨੀ-ਬੱਚੇ ਭੁੱਖੇ ਮਰਨਗੇ, ਇਸ ਲਈ ਨ ਪੀਣਾ। ਇਹ ਕੋਈ ਕਾਰਣ ਜ਼ਿਆਦਾ ਦੇਰ ਤੱਕ ਸਾਥ ਦੇਣ ਵਾਲੇ ਨਹੀਂ ਹਨ। ਸਮਝੋ ਕਿ ਤੁਹਾਡੇ ਕੋਲ ਕਾਫ਼ੀ ਕੁਝ ਹੈ ਅਤੇ ਤੁਹਾਡੇ ਮਾਂਸ-ਮਦਿਰਾ ਪੀਣ ਨਾਲ, ਖਾਣ ਨਾਲ, ਬੱਚੇ-ਪਤਨੀ ਭੁੱਖੇ ਨਹੀਂ ਮਰ ਜਾਣਗੇ। ਤਾਂ ਫਿਰ ਕੀ ਅੜਚਨ ਹੈ? ਤਾਂ ਇਹ ਸਿਖਿਆ ਗਰੀਬਾਂ ਲਈ ਹੋਵੇਗੀ। ਅਮੀਰਾਂ ਲਈ ਨਹੀਂ, ਉਨ੍ਹਾਂ ਲਈ ਕੋਈ ਅੜਚਨ ਨਹੀਂ ਹੋਣੀ ਚਾਹੀਦੀ। ਤਾਂ ਇਹ ਤਾਂ ਬਹੁਤ ਵੱਡੀ ਸ਼ਰਤੀਆ ਸਿਖਿਆ ਹੋ ਗਈ। ਇਹ ਸਿਖਿਆ ਕਹਿੰਦੀ ਹੈ ਕਿ ਸ਼ਰੀਰ ਖ਼ਰਾਬ ਹੋ ਜਾਏਗਾ, ਪਰ ਸ਼ਰੀਰ ਤਾਂ ਖ਼ਰਾਬ ਹੋ ਹੀ ਜਾਂਦਾ ਹੈ। ਦਿਨ ਦੋ ਦਿਨ ਪਹਿਲਾਂ ਕਿ ਦਿਨ ਦੋ ਦਿਨ ਬਾਅਦ, ਇਸ ਦਾ ਕੀ ਮੁਲ ਹੈ? ਸੱਤਰ ਸਾਲ ਵਿਚ ਮਰੇ ਕਿ ਅੱਸੀ ਸਾਲ ਦੇ ਮਰੇ ... ਚੰਗਾ ਤਾਂ ਇਹ ਹੀ ਹੈ ਕਿ ਸੱਤਰ ਸਾਲਾਂ ਦੇ, ਮਰ ਗਏ ਹੁੰਦੇ, ਤਾਂ ਦਸ ਸਾਲ ਲਈ ਦੂਜੇ ਲਈ ਥਾਂ ਖ਼ਾਲੀ ਹੋ ਜਾਂਦੀ। ਦੁਨੀਆਂ ਵਿਚ ਜਗ੍ਹਾ ਉਂਝ ਹੀ ਘੱਟ ਹੈ। ਭੀੜ ਵੱਧਦੀ ਜਾਂਦੀ ਹੈ, ਹਥ ਹਿਲਾਉਂਣ ਦੀ ਥਾਂ ਨਹੀਂ ਰਹਿ ਗਈ ਹੈ।

ਤੁਸੀਂ ਜਿੰਨੀ ਛੇਤੀਂ ਵਿਦਾਂ ਹੋ ਜਾਓ ਓਨਾ ਚੰਗਾ ਹੈ। ਜੇ ਦਸ ਸਾਲ ਜ਼ਿਆਦਾ ਜੀਉਂਦੇ ਰਹੇ, ਇਸ ਨਾਲ ਦੁਨੀਆਂ ਦਾ ਕੁਝ ਹਿੱਤ ਨਹੀਂ ਹੈ, ਨ ਮਨੁੱਖ ਜਾਤਿ ਦਾ ਕੋਈ ਕਲਿਆਣ ਹੈ। ਫਿਰ ਦਸ ਸਾਲ ਪਹਿਲਾਂ ਮਰੇ ਕਿ ਦਸ ਸਾਲ ਬਾਦ ਮਰੇ, ਫ਼ਰਕ ਕੀ ਪੈਂਦਾ ਹੈ? ਦਸ ਸਾਲ ਹੋਰ ਰਹਿ ਜਾਂਦੇ, ਕੁਝ ਲੋਕਾਂ ਨੂੰ ਹੋਰ ਚੂਸਦੇ, ਕੁਝ ਹੋਰ ਧਨ ਇਕੱਠਾ ਕਰਦੇ, ਤਿਜੋਰੀ ਵਿਚ ਕੁਝ ਹੋਰ ਭਰਦੇ। ਲੋਕ ਤੁਹਾਤੋਂ ਹੋਰ ਪਰੇਸ਼ਾਨ ਹੁੰਦੇ, ਹੋਰ ਕੀ ਹੁੰਦਾ? ਹੋਰ ਤੁਹਾਡੀ ਜ਼ਿੰਦਗੀ ਸੀ ਹੀ ਕੀ ? ਕੋਈ ਤੁੱਕ ਤਾਂ ਸੀ ਨਹੀਂ, ਕੋਈ ਸੰਗਤਿ ਸੀ ਨਹੀਂ, ਕੋਈ ਸੰਗੀਤ ਸੀ ਨਹੀਂ। ਲੰਮਾ ਜੀ ਕੇ ਵੀ ਕੀ ਕਰੋਗੇ ? ਇਹ ਤਰਕ ਕੋਈ ਕੰਮ ਨਹੀਂ ਆਉਂਣ ਵਾਲੇ

ਅਤੇ ਫਿਰ ਇਹ ਤਰਕ ਸਹੀ ਵੀ ਨਹੀਂ। ਕਿਉਂਕਿ ਸ਼ਰਾਬ ਪੀਣ ਵਾਲੇ ਵੀ ਲੰਮੇ ਜੀਉਂਦੇ ਵੇਖੇ ਜਾਂਦੇ ਹਨ। ਸ਼ਰਾਬੀ ਛੇਤੀ ਨਹੀਂ ਮਰਦੇ। ਜੇਕਰ ਛੇਤੀ ਮਰਨਾ ਅਤੇ ਦੇਰ ਨਾਲ ਮਰਨਾ ਪ੍ਰਮਾਣਿਕ ਹੋਵੇ ਤਾਂ ਬਹੁਤ ਅੜਚਨ ਹੋ ਜਾਏਗੀ। ਸ਼ੰਕਰਾਚਾਰਿਆ ਤੇਤੀਆਂ ਸਾਲਾਂ ਦੇ ਮਰ ਗਏ; ਇਸ ਦਾ ਕੀ ਇਹ ਅਰਥ ਹੋਇਆ ਕਿ ਧਰਮ ਤੋਂ ਸਾਵਧਾਨ ? ਵਿਵੇਕਾਨੰਦ ਚੌਂਤੀਸ ਸਾਲਾਂ ਵਿਚ ਮਰ ਗਏ। ਇਸ ਦਾ ਕੀ ਅਰਥ ਹੋਇਆ ? ਇਸ ਦਾ ਅਰਥ ਇਹ ਹੋਇਗਾ ਕਿ ਭਾਈ, ਬਚਣਾ ! ਧਰਮ ਵਗੈਰਾ ਵਿਚ ਨ ਲਗਣਾ, ਵੇਖਿਆ ਵਿਵੇਕਾਨੰਦ ਦੀ ਕੀ ਗਤਿ ਹੋਈ ? ਵੇਖਿਆ ਸ਼ੰਕਰਾਚਾਰੀਆ ਵਿਚਾਰੇ, ਹੁਣੇ ਹੁੰਦੇ-ਹੁੰਦੇ ਜਵਾਨ ਵਿਦਾ ਹੋ ਗਏ ! ਇਸ ਤਰ੍ਹਾਂ ਕੁਝ ਉਮਰਾਂ ਨਹੀਂ ਵੰਡੀਆਂ ਜਾਂਦੀਆਂ।

ਮੋਰਾਰ ਜੀ ਦੇਸਾਈ ਨੂੰ ਕਿਸੇ ਨੇ ਪੁੱਛਿਆ ਬੀ.ਬੀ.ਸੀ. ਦੇ ਇਨਟਰਵਿਊ ਵਿਚ ਕਿ ਤੁਸੀਂ ਚਰਚਲ ਦੇ ਸੰਬੰਧ ਵਿਚ ਕੀ ਕਹਿੰਦੇ ਹੋ, ਕਿਉਂਕਿ ਉਹ ਤਾਂ ਖ਼ੂਬ ਪੀਂਦਾ ਸੀ—ਸਿਗਰੇਟ ਵੀ, ਸ਼ਰਾਬ ਵੀ, ਮਾਂਸ ਵੀ। ਬ੍ਰਹਮ ਮਹੂਰਤ ਵਿਚ ਕਦੇ ਉਠਦਾ ਹੀ ਨਹੀਂ ਸੀ, ਨੌਂ ਅਤੇ ਦਸ ਵਜੇ ਤੋਂ ਪਹਿਲਾਂ ਨਹੀਂ ਉਠਦਾ ਸੀ, ਪਰ ਜੀਵਿਆ ਖ਼ੂਬ। ਤਾਂ ਮੁਰਾਰ ਜੀ ਦੇਸਾਈ ਸੋਚਦੇ ਹਨ ਕਿ ਉਹ ਜੋ ਲੰਮਾ ਜੀ ਰਹੇ ਹਨ ਉਹ ਜੀਵਨ-ਜਲ ਪੀਣ ਦੀ ਵਜ੍ਹਾ ਨਾਲ। ਚਰਚਲ ਤਾਂ ਅਪਵਾਦ ਹੈ।

ਮੈਂ ਸੁਣਿਆ ਮੁੱਲਾ ਨਸਰੁਦੀਨ ਅੱਸੀਆਂ ਸਾਲਾਂ ਦਾ ਹੋ ਗਿਆ ਸੀ, ਪਰ ਹੁਣ ਵੀ ਤੈਰਾਕੀ ਵਿਚ ਅੱਵਲ ਆਉਂਦਾ ਸੀ। ਸੋ ਪਤਰਕਾਰ ਉਸ ਦੇ ਘਰ ਗਏ। ਜਨਮ ਦਿਨ ਉਸਦਾ ਮਨਾਇਆ ਜਾ ਰਿਹਾ ਸੀ ਅੱਸੀਵਾਂ। ਉਨ੍ਹਾਂ ਨੇ ਪੁੱਛਿਆ ਕਿ ਅੱਸੀ ਸਾਲਾਂ ਦੇ ਤੁਸੀਂ ਹੋ ਗਏ ਹੋ, ਤੁਹਾਡਾ ਰਾਜ਼ ਕੀ ਹੈ ? ਤੁਸੀਂ ਕਿਵੇਂ ਹੁਣ ਤੱਕ ਅੱਵਲ ਤੈਰਾਕ ... ਜਵਾਨ ਵੀ ਤੁਹਾਡੇ ਤੋਂ ਹਾਰ ਜਾਂਦੇ ਹਨ। ਤਾਂ ਉਸਨੇ ਕਿਹਾ : ਮੈਂ ਕਦੇ ਸ਼ਰਾਬ ਨਹੀਂ ਪੀਤੀ, ਮਾਂਸ ਨਹੀਂ ਖਾਧਾ, ਇਸਤ੍ਰੀਆਂ ਦੇ ਪਿੱਛੇ ਨਹੀਂ ਭਜਿਆ, ਭਟਕਿਆ। ਮੈਂ ਕਿਸੇ ਇਹੋ ਜਿਹੇ ਕੰਮ ਵਿਚ ਰਿਹਾ ਹੀ ਨਹੀਂ। ਇਸੇ ਕਾਰਣ।

ਹੈਰਾਨ ਹੋਏ ਲੋਕ, ਜਿਹੜੇ ਪੁੱਛਣ ਆਏ ਸਨ। ਪਰ ਮੁੱਲਾ ਨੇ ਕਿਹਾ : ਇਸ ਉੱਤੇ ਬਹੁਤ ਵਿਚਾਰ ਵਿਚ ਨ ਪਓ, ਮੈਂ ਕੁਝ ਵੀ ਨਹੀਂ ਹਾਂ। ਮੇਰੇ ਪਿਤਾ ਸੌ ਸਾਲ ਦੇ ਹੋ ਗਏ ਹਨ, ਪਰ ਘੋੜਸਵਾਰੀ ਵਿਚ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਹੈ। ਮੈਂ ਵੀ ਘੋੜਸਵਾਰੀ ਵਿਚ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ; ਜਵਾਨ ਤੋਂ ਜਵਾਨ ਨਹੀਂ ਕਰ ਸਕਦੇ। ਉਹ ਸ਼ਰਾਬ ਵੀ ਪੀਂਦੇ ਹਨ। ਮਾਫ਼ ਕਰਨਾ ਉਹ ਸ਼ਰਾਬ ਵੀ ਪੀਂਦੇ ਤੇ ਮਾਂਸ ਵੀ ਖਾਂਦੇ ਹਨ।

ਤਾਂ ਪਤਰਕਾਰਾਂ ਨੇ ਕਿਹਾ : ਅਸੀਂ ਤੁਹਾਡੇ ਪਿਤਾ ਜੀ ਨੂੰ ਮਿਲਣਾ ਚਾਹੁੰਦੇ ਹਾਂ। ਇਹ ਤਾਂ ਬਹੁਤ ਹੈਰਾਨੀ ਦੀ ਗੱਲ ਹੈ ਕਿ ਸ਼ਰਾਬ ਵੀ ਪੀਂਦੇ ਹਨ, ਮਾਂਸ ਵੀ ਖਾਂਦੇ ਹਨ, ਸੌ ਸਾਲ ਦੇ ਹੋ ਕੇ ਵੀ ਘੋੜਸਵਾਰੀ ਵਿਚ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਤੁਹਾਡਾ ਪਰਵਾਰ ਤਾਂ ਬਹੁਤ ਅਨੋਖਾ ਹੀ ਲਗਦਾ ਹੈ। ਪਿਤਾ ਜੀ ਕਿੱਥੇ ਹਨ, ਉਨ੍ਹਾਂ ਦੇ ਅਸੀਂ ਦਰਸ਼ਨ ਕਰਨਾ ਚਾਹੁੰਦੇ ਹਾਂ।

ਮੁੱਲਾ ਨਸਰੁਦੀਨ ਨੇ ਕਿਹਾ : ਇਹ ਨਹੀਂ ਹੋ ਸਕੇਗਾ, ਕਿਉਂਕਿ ਪਿਤਾ ਜੀ ਗਏ ਹਨ ਮੇਰੇ ਦਾਦੇ ਦੀ ਬਰਾਤ ਵਿਚ।

ਦਾਦੇ ਦੀ ਬਰਾਤ ? ਤਾਂ ਮੁੱਲਾ ਨੇ ਕਿਹਾ : ਹਾਂ ਮਜਬੂਰੀ ਸੀ।

ਤੁਹਾਡੇ ਦਾਦਾ ਜੀ ਵਿਆਹ ਕਰ ਰਹੇ ਹਨ ? ਉਨ੍ਹਾਂ ਲੋਕਾਂ ਨੇ ਪੁੱਛਿਆ।

ਮੁੱਲਾ ਨੇ ਕਿਹਾ : ਕਰ ਨਹੀਂ ਰਹੇ ਹਨ, ਕਰਨਾ ਪੈ ਰਿਹਾ ਹੈ; ਇਸਤ੍ਰੀ ਗਰਭਵਤੀ ਹੋ ਗਈ ਹੈ।

'ਦਾਦਾ ਜੀ ਦੀ ਉਮਰ ਕਿੰਨੀ ਹੈ ?' 'ਇੱਕ ਸੌ ਵੀਹ ਸਾਲ।'

ਕੀ ਹਿਸਾਬ ਲਾਓਗੇ, ਕਿਵੇਂ ਹਿਸਾਬ ਲਗਾਓਗੇ ? ਸ਼ਰਾਬ ਪੀਣ ਵਾਲੇ ਖ਼ੂਬ ਜੀਉਂਦੇ ਹਨ। ਤੁਸੀਂ ਇਸ ਤਰ੍ਹਾਂ ਦੇ ਤਰਕ ਦੇ ਕੇ ਕਿਸੇ ਨੂੰ ਸ਼ਰਾਬ ਪੀਣ ਤੋਂ ਨਹੀਂ ਬਚਾ ਸਕਦੇ। ਇਹ ਤਰਕ ਥੋਥੇ ਹਨ। ਇਨ੍ਹਾਂ ਤਰਕਾਂ ਵਿਚ ਕੋਈ ਬਲ ਨਹੀਂ। ਇਸ ਲਈ ਇਹ ਤਰਕ ਚਲਦੇ ਰਹਿੰਦੇ ਹਨ, ਅਤੇ ਲੋਕ ਸ਼ਰਾਬ ਪੀਂਦੇ ਰਹਿੰਦੇ ਹਨ, ਸਿਗਰੇਟ ਪੀਂਦੇ ਰਹਿੰਦੇ ਹਨ, ਮਾਂਸ ਖਾਂਦੇ ਰਹਿੰਦੇ ਹਨ। ਸਭ ਚਲਦਾ ਰਹਿੰਦਾ ਹੈ। ਇਹ ਤਰਕ ਵੀ ਚਲਦੇ ਰਹਿੰਦੇ ਹਨ ਅਤੇ ਹੋਰ ਬਾਕੀ ਸਭ ਵੀ ਚਲਦਾ ਰਹਿੰਦਾ ਹੈ। ਇਨ੍ਹਾਂ ਤਰਕਾਂ ਵਿਚ ਅਤੇ ਉਨ੍ਹਾਂ ਦੇ ਜੀਵਨ-ਵਿਹਾਰ ਵਿਚ ਕੋਈ ਸੰਬੰਧ ਕਦੇ ਨਿਰਮਿਤ ਨਹੀਂ ਹੁੰਦਾ।

ਜਦ ਬੁੱਧ ਪੁਰਸ਼ ਕਹਿੰਦੇ ਹਨ ਕਿ ਨ ਪੀਓ ਸ਼ਰਾਬ ਤਾਂ ਉਨ੍ਹਾਂ ਦੇ ਕਾਰਨ ਬਹੁਤ ਹੋਰ ਤਰ੍ਹਾਂ ਦੇ ਹੁੰਦੇ ਹਨ। ਇਸ ਲਈ ਨਹੀਂ ਕਿ ਤੁਸੀਂ ਬਹੁਤੇ ਜੀ ਲਵੋਗੇ; ਬਹੁਤਾ ਜੀ ਕੇ ਵੀ ਕੀ ਕਰੋਗੇ ? ਜੀਉਣ ਵਿਚ ਮੁਲ ਹੀ ਕੀ ਹੈ ? ਇਸ ਲਈ ਵੀ ਨਹੀਂ ਕਿ ਤੰਦਰੁਸਤੀ ਠੀਕ ਰਹੇਗੀ। ਤੰਦਰੁਸਤੀ ਦਾ ਕੋਈ ਅਧਿਆਤਮਿਕ ਮੁਲ ਥੋੜ੍ਹੇ ਹੀ ਹੈ। ਰੋਗੀ ਵਿਅਕਤੀ ਵੀ ਪਰਮਾਤਮਾ ਨੂੰ ਪਾ ਸਕਦਾ ਹੈ ਅਤੇ ਤੰਦਰੁਸਤ ਵਿਅਕਤੀ ਹੋ ਸਕਦਾ ਹੈ, ਇਸ ਲਈ ਪਰਮਾਤਮਾ ਨੂੰ ਨ ਪਾ ਸਕੇ ਕਿ ਸੇਹਤ ਦੇ ਕਾਰਣ ਸੰਸਾਰ ਵਿਚ ਉਲਝਿਆ ਰਹਿੰਦਾ ਹੈ ਕਿ ਅੱਜੇ ਤਾਂ ਮੈਂ ਤੰਦਰੁਸਤ ਹਾਂ। ਕਰ ਲਵਾਂਗੇ ਰਾਮ ਦਾ ਸਿਮਰਨ ਅੰਤ ਵਿਚ, ਅੱਜੇ ਤਾਂ ਭੋਗ ਲਈਏ। ਚਾਰ ਦਿਨਾਂ ਦੀ ਜ਼ਿੰਦਗੀ ਹੈ। ਅੱਜੇ ਤਾਂ ਮਜ਼ਾ ਕਰ ਲਈਏ।

ਨਹੀਂ, ਇਹ ਥੋਥੇ ਸਿੱਧਾਂਤ ਕਿਸੇ ਸਹਾਰੇ ਦੇ ਨਹੀਂ ਹਨ। ਫ਼ਿਰ ਗੋਰਖ ਵਰਗੇ ਵਿਅਕਤੀ ਕਿਉਂ ਕਹਿੰਦੇ ਹਨ ? ਉਨ੍ਹਾਂ ਦੇ ਕਹਿਣ ਦਾ ਕਾਰਣ ਬਹੁਤ ਅਨੂਠਾ ਹੈ। ਤੁਸੀਂ ਹੈਰਾਨ ਹੋਵੋਗੇ ਜਾਣ ਕੇ। ਮੈਂ ਵੀ ਚਾਹੁੰਦਾ ਹਾਂ ਤੁਸੀਂ ਸ਼ਰਾਬ ਤੋਂ ਮੁਕਤ ਹੋ ਜਾਓ, ਪਰ ਮੇਰਾ ਕਾਰਣ ਉਹ ਨਹੀਂ ਹੈ ਜੋ ਮੁਰਾਰਜੀ ਦੇਸਾਈ ਦਾ ਹੈ। ਮੈਂ ਵੀ ਚਾਹੁੰਦਾ ਹਾਂ ਤੁਸੀਂ ਸ਼ਰਾਬ ਤੋਂ ਮੁਕਤ ਹੋ ਜਾਓ, ਕਿਉਂਕਿ ਇੱਕ ਹੋਰ ਵੱਡੀ ਸ਼ਰਾਬ ਹੈ। ਜੇਕਰ ਤੁਸੀਂ ਇਸੇ ਵਿਚ ਉਲਝੇ ਰਹੇ ਤਾਂ ਉਸ ਵੱਡੀ ਸ਼ਰਾਬ ਨੂੰ ਤੁਸੀਂ ਕਦੇ ਨਹੀਂ ਪੀ ਪਾਓਗੇ। ਮੈਂ ਤੁਹਾਨੂੰ ਅਸਲੀ ਮਧੁਸ਼ਾਲਾ ਵਿਚ ਲੈ ਜਾਣਾ ਚਾਹੁੰਦਾ ਹਾਂ, ਇਸ ਲਈ ਝੂਠੀ ਮਧੁਸ਼ਾਲਾ ਤੋਂ ਛੁਡਾਉਂਣਾ ਚਾਹੁੰਦਾ ਹਾਂ।

ਪਰਮਾਤਮਾ ਸ਼ਰਾਬ ਹੈ ਅਤੇ ਅਜਿਹੀ ਸ਼ਰਾਬ ਹੈ ਕਿ ਜਿਸ ਨੇ ਪੀ ਲਈ; ਸਦਾ ਦੇ ਲਈ ਪੀ ਲਈ; ਅਤੇ ਅਜਿਹੀ ਬੇਹੋਸ਼ੀ, ਕਿ ਆਈ ਤਾਂ ਆਈ; ਅਤੇ ਅਜਿਹੀ ਬੇਖ਼ੁਦੀ ਕਿ ਫ਼ਿਰ ਕਦੇ ਟੁੱਟਦੀ ਨਹੀਂ।

ਇਹ ਤਾਂ ਤੁਸੀਂ ਜਿਹੜੀ ਬਾਜ਼ਾਰੋਂ ਖ਼ਰੀਦ ਕੇ ਪੀ ਲੈਂਦੇ ਹੋ, ਇਹ ਤਾਂ ਸ਼ਾਮ ਨੂੰ ਪੀ ਲਓਗੇ, ਸਵੇਰੇ ਨਸ਼ਾ ਟੁੱਟ ਜਾਏਗਾ। ਫ਼ਿਰ ਉਹੀ ਦੇ ਉਹੀ, ਬੇਚੈਨੀ, ਫ਼ਿਰ ਉਹੀ ਤਨਾਅ, ਫ਼ਿਰ ਉਹ ਹੀ ਚਿੰਤਾਵਾਂ। ਥੋੜ੍ਹੀ ਦੇਰ ਲਈ ਭੁੱਲਾ ਸਕਦੇ ਹੋ ਸ਼ਰਾਬ ਵਿਚ ਡੁੱਬਾ ਕੇ, ਪਰ

ਮਿਟਾ ਨਹੀਂ ਸਕੋਗੇ। ਇੱਕ ਅਜਿਹੀ ਵੀ ਸ਼ਰਾਬ ਹੈ ਜਿੱਥੇ ਚਿੰਤਾਵਾਂ ਮਿਟ ਜਾਂਦੀਆਂ ਹਨ। ਮੈਂ ਤੁਹਾਨੂੰ ਉਹ ਹੀ ਸ਼ਰਾਬ ਦੇਣਾ ਚਾਹੁੰਦਾ ਹਾਂ। ਧਿਆਨ ਸ਼ਰਾਬ ਹੈ, ਪ੍ਰਾਰਥਨਾ ਸ਼ਰਾਬ ਹੈ। ਜਦ ਕੋਈ ਮੰਦਿਰ ਜੀਵਿਤ ਹੁੰਦਾ ਹੈ ਤਾਂ ਮਧੂਸ਼ਾਲਾ ਹੀ ਉਸਦਾ ਢੰਗ ਹੁੰਦਾ ਹੈ।

ਮੈਂ ਵੀ ਤੁਹਾਨੂੰ ਚਾਹੁੰਦਾ ਹਾਂ ਕਿ ਸ਼ਰਾਬ ਨ ਪੀਓ, ਪਰ ਮੇਰਾ ਕਾਰਨ ਬਹੁਤ ਉਲਟਾ ਹੈ; ਇਸ ਲਈ ਚਾਹੁੰਦਾ ਹਾਂ ਕਿ ਛੋਟੀ-ਛੋਟੀ ਸ਼ਰਾਬ ਵਿਚ ਉਲਝੇ ਰਹੇ ਤਾਂ ਵੱਡੀ ਸ਼ਰਾਬ ਕਦੋਂ ਪੀਓਗੇ, ਅਸਲੀ ਸ਼ਰਾਬ ਕਦੋਂ ਪੀਓਗੇ? ਇਹ ਸੜਕ ਦੇ ਕੰਢਿਆਂ ਤੇ ਗੰਦੇ ਪਾਣੀ ਦੇ ਜੋ ਛੱਪੜ ਭਰੇ ਹਨ, ਇਨ੍ਹਾਂ ਚੋਂ ਹੀ ਪਾਣੀ ਪੀਂਦੇ ਰਹੇ ਤਾਂ ਮਾਨਸਰੋਵਰ ਦੀ ਯਾਤ੍ਰਾ ਕਰਨੀ ਹੈ ਜਾਂ ਨਹੀਂ ਕਰਨੀ ? ਉਸ ਸਵੱਛ, ਸਫਟਿਕ ਜਿਹੇ ਸਵੱਛ ਜਲ ਨੂੰ ਕੰਠ ਦੇ ਅੰਦਰ ਉਤਾਰਨਾ ਹੈ ਜਾਂ ਨਹੀਂ ਉਤਾਰਨਾ ?

ਮੈਂ ਤੁਹਾਨੂੰ ਸ਼ਰਾਬ ਛੱਡਣ ਨੂੰ ਇਸ ਲਈ ਨਹੀਂ ਕਹਿੰਦਾ ਕਿ ਮੈਂ ਕੋਈ ਨੀਤੀਵਾਦੀ ਹਾਂ, ਕਿ ਸ਼ਰਾਬ ਪੀਣ ਨਾਲ ਕੋਈ ਬਹੁਤ ਵੱਡਾ ਪਾਪ ਹੋਇਆ ਜਾ ਰਿਹਾ ਹੈ। ਕੀ ਖ਼ਾਕ ਪਾਪ ਹੋਵੇਗਾ ? ਸ਼ਰਾਬ ਤਾਂ ਸ਼ੁੱਧ ਸ਼ਾਕਾਹਾਰ ਹੈ—ਅੰਗੂਰਾਂ ਦਾ ਨਿਚੋੜਿਆ ਹੋਇਆ ਰਸ ਹੈ।

ਕੀ ਪਾਪ ਹੋਣ ਵਾਲਾ ਹੈ ?

ਅੰਗੂਰ ਖਾਣ ਨਾਲ ਨਹੀਂ ਹੁੰਦਾ, ਸ਼ਰਾਬ ਪੀਣ ਨਾਲ ਕਿਵੇਂ ਹੋ ਜਾਏਗਾ ? ਸ਼ਰਾਬ ਪੀਣ ਨਾਲ ਤੁਸੀਂ ਨਰਕ ਵਿਚ ਨਹੀਂ ਪੈ ਜਾਓਗੇ। ਪਰ ਹਾਂ, ਸ਼ਰਾਬ ਪੀਣ ਨਾਲ ਤੁਹਾਨੂੰ ਸਵਰਗ ਦੀ ਸ਼ਰਾਬ ਨਹੀਂ ਮਿਲ ਸਕਦੀ; ਉਸ ਤੋਂ ਤੁਸੀਂ ਵਾਂਜਿਆਂ ਰਹਿ ਜਾਓਗੇ।

ਮੈਂ ਚਾਹੁੰਦਾ ਹਾਂ ਕਿ ਤੁਹਾਡੇ ਹਥਾਂ 'ਚੋਂ ਕੰਕਰ-ਪਥੱਰ ਛੁਟ ਜਾਣ, ਕਿਉਂਕਿ ਹੀਰਿਆਂ ਦੀ ਖਾਨ ਮੌਜੂਦ ਹੈ। ਤੁਸੀਂ ਕਿਉਂ ਕੰਕਰਾਂ-ਪਥੱਰਾਂ ਨਾਲ ਆਪਣੀ ਝੋਲੀ ਭਰਦੇ ਹੋ? ਮੋਰਾਰਜੀ ਦੇਸਾਈ ਅਤੇ ਮੇਰੇ ਵਕਤਵ ਵਿਚ ਜ਼ਮੀਨ-ਆਸਮਾਨ ਦਾ ਫ਼ਰਕ ਹੈ। ਉਨ੍ਹਾਂ ਦੀ ਦੁਸ਼ਮਣੀ ਹੈ ਤੁਹਾਡੇ ਕੰਕਰ-ਪਥੱਰਾਂ ਨਾਲ। ਉਹ ਕਹਿੰਦੇ ਹਨ ਛਡੋ ਕੰਕਰ-ਪਥੱਰ, ਕੰਕਰ-ਪਥੱਰ ਬੁਰੇ ਹਨ।

ਮੈਂ ਕਹਿੰਦਾ ਹਾਂ ਕੰਕਰ-ਪਥੱਰਾਂ ਨਾਲ ਮੇਰੀ ਕੋਈ ਦੁਸ਼ਮਣੀ ਨਹੀਂ; ਪਰ ਹੀਰੇ-ਜਵਾਹਰਾਤ ਵੀ ਹਨ। ਤੁਹਾਡੀ ਝੋਲੀ ਕੰਕਰਾਂ-ਪਥੱਰਾਂ ਨਾਲ ਭਰੀ ਰਹੀ ਤਾਂ ਹੀਰੇ-ਜਵਾਹਰਾਤ ਇਵੇਂ ਹੀ ਪਏ ਰਹਿ ਜਾਣਗੇ ਜਿਨ੍ਹਾਂ ਨੂੰ ਪਾ ਲੈਣ ਦਾ ਤੁਹਾਨੂੰ ਹੱਕ ਸੀ; ਜਿਹੜੇ ਤੁਹਾਨੂੰ ਪਾਉਣੇ ਹੀ ਚਾਹੀਦੇ ਸਨ, ਜਿਨ੍ਹਾਂ ਨੂੰ ਬਿਨਾਂ ਪਾਇਆਂ ਤੁਹਾਡੀ ਨਿਯਤਿ ਕਦੇ ਪੂਰਣ ਨਹੀਂ ਹੋਏਗੀ।

ਭੇਦ ਖ਼ਿਆਲ ਕਰ ਲੈਣਾ, ਭੇਦ ਬਹੁਤ ਬੁਨਿਆਦੀ ਹੈ। ਮੈਂ ਵੀ ਤੁਹਾਨੂੰ ਆਖਦਾ ਹਾਂ ਮਾਂਸ ਛੱਡੋ। ਪਰ ਇਸ ਲਈ ਨਹੀਂ ਕਿ ਮਾਂਸ ਖਾਓਗੇ ਤਾਂ ਨਰਕ ਜਾਓਗੇ; ਇਸ ਲਈ ਨਹੀਂ ਕਿ ਮਾਂਸ ਖਾਓਗੇ ਤਾਂ ਹਿੰਸਾ ਹੋ ਜਾਏਗੀ। ਇਨ੍ਹਾਂ ਸਭ ਨਿੱਕੀਆਂ ਗੱਲਾਂ ਨਾਲ ਮੇਰਾ ਕੋਈ ਮਤਲਬ ਨਹੀਂ। ਕਿਉਂਕਿ ਜੇਕਰ ਮਾਂਸ ਖਾਣ ਵਾਲੇ ਸਾਰੇ ਲੋਕ ਨਰਕ ਜਾਂਦੇ ਹਨ ਤਾਂ ਜੀਸਸ ਵੀ ਨਰਕ ਵਿਚ ਹੋਣਗੇ, ਰਾਮ ਕ੍ਰਿਸ਼ਨ ਪਰਮਹੰਸ ਵੀ ਨਰਕ ਵਿਚ ਹੋਣਗੇ, ਕਿਉਂਕਿ ਬੰਗਾਲੀ ਦਾ ਬਿਨਾਂ ਮੱਛੀ ਦੇ ਚਲੇਗਾ? ਮੱਛੀ-ਭਾਤ ਦੇ ਬਿਨਾਂ ਚਲ ਹੀ ਨਹੀਂ ਸਕਦਾ। ਰਾਮ ਕ੍ਰਿਸ਼ਨ ਪਰਮਹੰਸ ਮੱਛੀ ਤਾਂ ਖਾਂਦੇ ਹੀ ਰਹੇ, ਨਰਕ ਵਿਚ ਹੋਣਗੇ! ... ਇਹ ਨਿੱਕੀਆਂ-ਨਿੱਕੀਆਂ ਗੱਲਾਂ ਹਨ। ਇਨ੍ਹਾਂ ਦਾ ਕੋਈ ਮੁਲ ਨਹੀਂ ਹੈ। ਪਰ ਇੰਨਾ ਜ਼ਰੂਰ ਇਨ੍ਹਾਂ

ਤੋਂ ਸਿੱਧ ਹੁੰਦਾ ਹੈ ਕਿ ਰਾਮ ਕ੍ਰਿਸ਼ਨ ਪਰਮਹੰਸ ਦੀ ਸੰਵੇਦਨਾ ਜਿੰਨੀ ਗਹਿਰੀ ਹੋ ਸਕਦੀ ਸੀ, ਓਨੀ ਨਹੀਂ ਹੋ ਪਾਈ ਹੋਏਗੀ। ਥੋੜ੍ਹਾ ਜਿਹਾ ਪਰਦਾ ਰਹਿ ਗਿਆ। ਹ੍ਰਿਦੇ ਜਿੰਨਾ ਪ੍ਰੇਮਪੂਰਣ ਹੋਣਾ ਚਾਹੀਦਾ ਸੀ, ਨਹੀਂ ਹੋ ਸਕਿਆ ਹੋਵੇਗਾ। ਥੋੜ੍ਹੀ ਕਾਲਿਖ ਰਹਿ ਗਈ। ਨਰਕ ਵਿਚ ਪੈ ਗਏ, ਅਜਿਹਾ ਨਹੀਂ ਹੈ; ਪਰ ਇੱਕ ਹੋਰ ਸੁੰਦਰਤਾ ਦਾ ਅਨੁਭਵ ਹੋ ਸਕਦਾ ਸੀ, ਜਿਸ ਤੋਂ ਵਾਂਝਿਆਂ ਰਹਿ ਗਏ। ਜੀਸਸ ਨਰਕ ਜਾਣਗੇ, ਅਜਿਹਾ ਨਹੀਂ; ਪਰ ਜੀਵਨ ਨੂੰ ਸਮਝਣ ਵਿਚ ਥੋੜ੍ਹੀ ਜਿਹੀ ਚੂਕ ਰਹਿ ਗਈ, ਇੱਕ ਕੰਡਾ ਰਹਿ ਗਿਆ। ਉਹ ਕੰਡਾ ਵੀ ਨਿਕਲ ਸਕਦਾ ਸੀ, ਨਿਕਲ ਹੀ ਜਾਣਾ ਚਾਹੀਦਾ ਸੀ। ਹੋਰ ਮੈਨੂੰ ਲਗਦਾ ਹੈ ਕਿ ਜੀਸਸ ਹੋਰ ਜੇਕਰ ਥੋੜ੍ਹੇ ਜ਼ਿਆਦਾ ਦਿਨ ਜੀਉਂਦੇ ਰਹਿ ਗਏ ਹੁੰਦੇ ... ਜਵਾਨ ਮਰ ਗਏ, ਮਾਰ ਸੁੱਟੇ ਗਏ...ਤਾਂ ਸ਼ਾਇਦ ਕੰਡਾ ਨਿਕਲ ਜਾਂਦਾ। ਅੱਜੇ ਉਮਰ ਘੱਟ ਸੀ ਅਤੇ ਸਾਰੇ ਲੋਕ ਮਾਂਸਾਹਾਰੀ ਸਨ, ਜਿਨ੍ਹਾਂ ਦੇ ਵਿਚਕਾਰ ਉਹ ਪੈਦਾ ਹੋਏ ਸਨ। ਥੋੜ੍ਹੀ ਉਮਰ ਪਕਦੀ, ਥੋੜ੍ਹਾ ਬੋਧ ਗਹਿਨ ਹੁੰਦਾ, ਥੋੜ੍ਹਾ ਪਰਮਾਤਮਾ ਦਾ ਸਾਖ਼ਸ਼ਾਤਕਾਰ ਹੋਰ ਸੰਘਣਾ ਹੁੰਦਾ ਤਾਂ ਨਿਸ਼ਚਿਤ ਹੀ ਮਾਂਸਾਹਾਰ ਛੁਟ ਜਾਂਦਾ। ਕਿਉਂਕਿ ਅੰਤਮ ਅਵਸਥਾ ਵਿਚ ਜਿਸ ਨੂੰ ਸਭ ਪਾਸੇ ਪਰਮਾਤਮਾ ਵਿਖਾਈ ਪੈਣ ਲਗਿਆ, ਉਹ ਆਪਣੇ ਭੋਜਨ ਲਈ ਕਿਸੇ ਦੇ ਜੀਵਨ ਦੀ ਹਤਿਆ ਕਰੇਗਾ, ਇਹ ਸੋਚਣਾ ਅਸੰਭਵ ਹੈ।

ਸੋ ਮੈਂ ਇਸ ਲਈ ਨਹੀਂ ਕਹਿੰਦਾ ਕਿ ਮਾਂਸਾਹਾਰ ਪਾਪ ਹੈ ਕਿ ਇਸ ਪਾਪ ਦੇ ਪਰਿਣਾਮ ਵਿਚ ਤੁਹਾਨੂੰ ਨਰਕ ਭੁਗਤਣਾ ਹੋਏਗਾ। ਸਗੋਂ ਇਸ ਲਈ ਕਹਿੰਦਾ ਹਾਂ ਕਿ ਮਾਸਾਂਹਾਰ ਤੁਹਾਡੀ ਸੰਵੇਦਨਸ਼ੀਲਤਾ ਨੂੰ ਘੱਟ ਕਰਦਾ ਹੈ। ਤੁਹਾਡੀ ਸੰਵੇਦਨਸ਼ੀਲਤਾ ਦੀ ਸੂਖ਼ਮਤਾ ਖੁਸ ਜਾਂਦੀ ਹੈ। ਤੁਹਾਡੇ ਅੰਦਰੋਂ ਜਿੰਨਾ ਸ਼ੁੱਧ ਸੰਗੀਤ ਪੈਦਾ ਹੋ ਸਕਦਾ ਹੈ, ਨਹੀਂ ਹੋ ਸਕੇਗਾ। ਤੁਸੀਂ ਆਪਣੀ ਵੀਣਾ ਵਿਚ ਬਹੁਤ ਮੋਟੇ ਅਤੇ ਖੁਰਦਰੇ ਤਾਰ ਲਗਾ ਲਏ ਹਨ। ਸੰਗੀਤ ਤਾਂ ਹੋਏਗਾ, ਗੀਤ ਵੀ ਪੈਦਾ ਹੋਏਗਾ, ਪਰ ਮੋਟੇ ਅਤੇ ਖੁਰਦਰੇ ਅਤੇ ਸਸਤੇ ਤਾਰ ਲਾ ਲਏ ਹਨ, ਜਦ ਕਿ ਮਹੀਨ ਅਭਿਜਾਤ, (ਮੁਲਾਇਮ) ਸੂਖਮ ਤਾਰ ਉਪਲਬੱਧ ਸਨ। ਤੁਸੀਂ ਆਪਣੀ ਵੀਣਾ ਦੇ ਨਾਲ ਦੁਰ-ਵਿਵਹਾਰ ਕਰ ਲਿਆ ਹੈ। ਨਹੀਂ ਕਿ ਤੁਸੀਂ ਨਰਕ ਵਿਚ ਪਓਗੇ, ਕਿਉਂਕਿ ਤੁਸੀਂ ਵੀਣਾ 'ਚ ਖੁਰਦਰੇ ਤਾਰ ਲਗਾ ਲਏ ਹਨ।

ਹੋਰ ਇਹ ਧਿਆਨ ਰੱਖਣਾ, ਕਿ ਜਦ ਤੁਸੀਂ ਮਾਂਸਾਹਾਰ ਕਰਦੇ ਹੋ ਤਾਂ ਤੁਸੀਂ ਕਿਸੇ ਨੂੰ ਮਾਰਿਆ, ਇਸ ਭਰਮ ਵਿਚ ਨ ਪੈਣਾ, ਕਿਉਂਕਿ ਮਰ ਤਾਂ ਕੋਈ ਸਕਦਾ ਨਹੀਂ। ਇਸ ਲਈ ਪਾਪ ਇਹ ਨਹੀਂ ਹੈ ਕਿ ਤੁਸੀਂ ਕਿਸੇ ਨੂੰ ਮਾਰਿਆ। ਮੌਤ ਤਾਂ ਇੱਥੇ ਹੁੰਦੀ ਹੀ ਨਹੀਂ। ਮਾਰਨ ਦਾ ਤਾਂ ਕੋਈ ਉਪਾਅ ਹੀ ਨਹੀਂ ਹੈ। ਸਿਰਫ਼ ਤੁਸੀਂ ਦੇਹ ਖੋਹ ਲਈ ਇੱਕ ਆਤਮਾ ਦੀ; ਉਹ ਆਤਮਾ ਨਵੀਂ ਦੇਹ ਲੈ ਲਵੇਗੀ। ਸਵਾਲ ਹਤਿਆ ਦਾ ਨਹੀਂ ਹੈ, ਸਵਾਲ ਇਸਦਾ ਹੈ ਕਿ ਤੁਸੀਂ ਦੇਹ ਖੋਹ ਸਕੇ। ਸਵਾਲ ਤੁਹਾਡਾ ਹੈ। ਉਹ ਆਤਮਾ ਤਾਂ ਨਵੀਂ ਦੇਹ ਲੈ ਲਵੇਗੀ, ਨਵਾਂ ਗਰਭ ਲੈ ਲਵੇਗੀ, ਕੋਈ ਮਰਦਾ ਨਹੀਂ ਹੈ। ਕ੍ਰਿਸ਼ਨ ਕਹਿੰਦੇ ਹਨ : ਨ ਹਨਯਤੇ ਹਨਯਮਾਨੇ ਸ਼ਰੀਰੇ। ਨਹੀਂ ਸ਼ਰੀਰ ਦੇ ਮਰਨ ਨਾਲ ਉਸਦੀ ਮ੍ਰਿਤੂ ਹੁੰਦੀ ਹੈ। ਪਰ ਸਵਾਲ ਤੁਹਾਡਾ ਹੈ। ਤੁਸੀਂ ਸੰਵੇਦਨਸ਼ੂਨਯਤਾ ਦਿਖਲਾਈ। ਤੁਹਾਡੇ ਅੰਦਰ ਹਾਰਦਿਕਤਾ ਨਹੀਂ ਹੈ।

ਤੁਸੀਂ ਥੋੜ੍ਹੇ ਪਥਰੀਲੇ ਹੋ, ਤੁਸੀਂ ਕੋਮਲ ਨਹੀਂ ਹੋ ਅਤੇ ਤੁਸੀਂ ਕੋਮਲ ਨਹੀਂ ਹੋ ਤਾਂ ਤੁਹਾਡੇ

ਅੰਦਰ ਦਾ ਕਮਲ ਨਹੀਂ ਖਿੜੇਗਾ, ਜਾਂ ਅੱਧ-ਖਿੜਿਆ ਰਹੇਗਾ। ਜਾਂ ਇੱਕ ਅੱਧ ਪੰਖੜੀ ਅਨਖਿੜੀ ਰਹਿ ਜਾਏਗੀ।

ਪਰਮਚਿੱਤ ਦੀ ਅਵਸਥਾ ਵਿਚ ਮਾਸਾਹਾਰ ਅਸੰਭਵ ਹੈ। ਜੋ ਪਰਮਚਿੱਤ ਦੀ ਅਵਸਥਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਬੋਧ ਰਖੱਣਾ ਚਾਹੀਦਾ।

ਤਾਂ ਠੀਕ ਕਹਿੰਦੇ ਹਨ ਗੋਰਖ :

ਜੋਗੀ ਹੋਇ ਪਰ ਨਿੰਦਯਾ ਝਸ਼ੈ, ਮਦਮਾਸ ਅਰੁ ਭਾਂਗਿ ਜੋ ਭਸ਼ੈ।
ਇਕੋਤਰ ਸੈ ਪੁਰਿਸ਼ਾ ਨਰਕਹਿ ਜਾਈ ...।

ਅਜਿਹੇ ਮੈਂ ਹਜ਼ਾਰਾਂ ਲੋਕਾਂ ਨੂੰ ਨਰਕ ਜਾਂਦਿਆਂ ਵੇਖਿਆ ਹੈ।

ਸਤਿ-ਸਤਿ ਭਾਸ਼ੰਤ ਸ੍ਰੀ ਗੋਰਸ਼ ਗਈ। ਮੈਂ ਸੱਚ-ਸੱਚ ਕਹਿ ਰਿਹਾ ਹਾਂ, ਕਿਸੇ ਦੀ ਨਿੰਦਾ ਨਹੀਂ ਕਰ ਰਿਹਾ ਹਾਂ। ਜਿਹੜਾ ਤੱਥ ਹੈ ਓਨਾ ਹੀ ਨਿਵੇਦਨ ਕਰ ਰਿਹਾ ਹਾਂ। ਅਤੇ ਜਿਹੜਾ ਸਚ ਨੂੰ ਸੁਣ ਲਵੇਗਾ ਉਸਦੀ ਜ਼ਿੰਦਗੀ ਵਿਚ ਕ੍ਰਾਂਤੀ ਸ਼ੁਰੂ ਹੋ ਜਾਂਦੀ ਹੈ ।

ਅਬ ਰਹੀਮ ਮੁਸ਼ਕਿਲ ਪੜੀ ਗਾੜ੍ਹੇ ਦੋਊ ਕਾਮ ।
ਸਾਂਚੇ ਸੇ ਤੋ ਜਗ ਨਹੀਂ, ਝੂਠੇ ਮਿਲੈਂ ਨਾ ਰਾਮ ॥

ਜਿਸ ਨੇ ਸੱਚ ਨੂੰ ਸੁਣਿਆ, ਸੱਚ ਨੂੰ ਸਮਝਿਆ, ਉਸਦੇ ਜੀਵਨ ਵਿਚ ਕ੍ਰਾਂਤੀ ਦਾ ਛੌਣ ਆ ਗਿਆ। ਉਸ ਨੂੰ ਇੱਕ ਗੱਲ ਵਿਖਾਈ ਦੇਣ ਲਗੇਗੀ ਕਿ ਜੇਕਰ ਸਚ ਹੀ ਮੰਨ ਕੇ ਟੁੱਰਾਂ ਤਾਂ ਰਾਮ ਮਿਲ ਸਕਦੇ ਹਨ, ਪਰ ਜਗ ਆਪਣੇ ਆਪ ਗੁਅਚ ਜਾਏਗਾ। ਛਡੱਣਾ ਨਹੀਂ ਪੈਂਦਾ ਜਗ, ਆਪਣੇ-ਆਪ ਗੁੰਮ ਹੋ ਜਾਂਦਾ ਹੈ। ਝੂਠ ਨਾਲ ਤਾਂ ਰਾਮ ਨਹੀਂ ਮਿਲਦਾ, ਸੱਚ ਨਾਲ ਜਗ ਨਹੀਂ ਮਿਲਦਾ। ਜਿਸ ਨੂੰ ਇਹ ਗੱਲ ਵਿਖਾਈ ਪੈ ਗਈ, ਉਸ ਨੂੰ ਸਪਸ਼ਟ ਚੁਣਾਅ ਕਰਨਾ ਹੀ ਹੁੰਦਾ ਹੈ। ਉਸੇ ਚੁਣਾਅ ਨੂੰ ਮੈਂ ਸੰਨਿਆਸ ਕਹਿੰਦਾ ਹਾਂ। ਉਹ ਨਿਰਣਾਇਕ ਘਟਨਾ ਹੈ।

ਏਕਾਏਕੀ ਸਿਧ ਨਾਂਉਂ, ਦੋਇ ਰਮਤਿ ਤੇ ਸਾਧਵਾ।
ਚਾਰਿ ਪੰਚ ਕੁਟੰਬ ਨਾਂਉਂ, ਦਸ ਬੀਸ ਤੇ ਲਸਕਰਾ॥

ਸਿੱਧ ਤਾਂ ਜਾਣਦਾ ਹੈ ਕਿ ਮੈਂ ਇਕੱਲਾ ਹਾਂ। ਅਤੇ ਭੀੜ ਵਿਚ ਵੀ ਹੋਵੇ ਤਾਂ ਵੀ ਇਕੱਲਾ ਹੁੰਦਾ ਹੈ। ਇਸ ਨੂੰ ਤੁਸੀਂ ਅਜਿਹਾ ਸਮਝੋ ਕਿ ਤੁਸੀਂ ਜੇਕਰ ਜੰਗਲ ਵਿਚ ਵੀ ਬੈਠ ਜਾਓ ਤਾਂ ਤੁਸੀਂ ਇਕੱਲੇ ਨਹੀਂ ਹੁੰਦੇ। ਤੁਸੀਂ ਵੇਖਿਆ ਕਿ ਲੋਕ ਜਾਂਦੇ ਹਨ, ਕਿੱਥੇ ਜਾ ਰਹੇ ਹਨ—ਪਹਾੜਾਂ ਤੇ ਜਾ ਰਹੇ ਹਨ—ਪਰ ਲੈ ਚਲੇ ਆਪਣਾ ਟ੍ਰਾਂਜਿਸਟਰ ਰੇਡਿਓ ਨਾਲ। ਰੱਖ ਲਏ ਬਹੁਤ ਸਾਰੇ ਅਖ਼ਬਾਰ, ਪੱਤ੍ਰਿਕਾਵਾਂ (ਰਸਾਲੇ) ਖ਼ਰੀਦ ਕੇ। ਲੈ ਚਲੇ ਪਤਨੀ-ਬੱਚਿਆਂ ਨੂੰ, ਮਿਤ੍ਰਾਂ ਨੂੰ ਨਾਲ—ਕਿ ਇਕੱਲੇ ਕੀ ਜਾਣਾ !

ਜਾ ਰਹੇ ਹਨ ਪਹਾੜ, ਲੈ ਚਲੇ ਭੀੜ-ਭਾੜ, ਪੂਰਾ ਬਾਜ਼ਾਰ ਲੈ ਚਲੇ ਅਤੇ ਜੇਕਰ ਇਹ ਕਦੇ ਇਕੱਲੇ ਵੀ ਰਹਿ ਜਾਣ ਜਾ ਕੇ ਪਹਾੜ ਉੱਤੇ ਤਾਂ ਵੀ ਇਕੱਲੇ ਨਹੀਂ ਹੁੰਦੇ, ਬੈਠੇ ਇਕੱਲੇ ਵਿਖਾਈ ਪੈਂਦੇ ਹਨ, ਕਿਉਂਕਿ ਅੰਦਰ ਇਨ੍ਹਾਂ ਦੇ ਮਿਤ੍ਰਾਂ ਦੀਆਂ ਯਾਦਾਂ, ਪਤਨੀ, ਪਤੀ, ਬੱਚੇ ਪਰਿਵਾਰ, ਧਨ, ਦੌਲਤ, ਦੁਕਾਨ, ਬਾਜ਼ਾਰ, ਸਭ ਘੁੰਮਦਾ ਰਹਿੰਦਾ ਹੈ।

ਤੁਸੀਂ ਇਕੱਲੇ ਵੀ ਹੁੰਦੇ ਹੋ ਤਾਂ ਭੀੜ ਵਿਚ ਹੁੰਦੇ ਹੋ। ਸਿੱਧ ਉਹ ਹੀ ਹੈ, ਜਿਹੜਾ ਜਿੱਥੇ

ਵੀ ਹੋਵੇ ਇਕੱਲਾ ਹੀ ਹੋਵੇ। ਕਿਉਂਕਿ ਸਿੱਧ ਦਾ ਅਰਥ ਹੈ : ਜਿਸ ਨੇ ਆਪਣੇ ਅੰਦਰ ਦਾ ਸੁਭਾਅ ਪਛਾਣਿਆ। ਇਕੱਲੇ ਅਸੀਂ ਆਏ, ਇੱਕਲੇ ਅਸੀਂ ਜਾਵਾਂਗੇ; ਇਕੱਲੇ ਅਸੀਂ ਹਾਂ। ਕਿਉਂਕਿ ਜਿਸ ਤਰ੍ਹਾਂ ਦੇ ਅਸੀਂ ਆਏ ਹਾਂ ਉਸੇ ਤਰ੍ਹਾਂ ਦੇ ਹੀ ਅਸੀਂ ਹਾਂ ਅਤੇ ਉਸੇ ਤਰ੍ਹਾਂ ਦੇ ਹੀ ਅਸੀਂ ਜਾਵਾਂਗੇ। ਸਾਡਾ ਇਕੱਲਾਪਨ ਸਦਾ ਰਹਿਣ ਵਾਲਾ ਹੈ। ਅਤੇ ਅਸੀਂ ਜਿਹੜੇ ਖੇਡ ਰਚਾ ਲਏ ਹਨ, ਪਤੀ-ਪਤਨੀ ਦੇ, ਅਸੀਂ ਲਾਵਾਂ ਲੈ ਲਈਆਂ ਹਨ, ਅਸੀਂ ਪਰਵਾਰ ਵਸਾ ਲਿਆ ਹੈ, ਉਹ ਸਭ ਭੁਲਾਵੇ ਹਨ, ਉਹ ਖੇਡਾਂ ਹਨ। ਗੁੱਡੇ-ਗੁੱਡੀਆਂ ਦੀ ਖੇਡ ਤੋਂ ਜ਼ਿਆਦਾ ਮੁਲ ਨਹੀਂ ਹੈ ਉਨ੍ਹਾਂ ਦਾ। ਖੇਡੋ ਜ਼ਰੂਰ; ਮੈਂ ਨਹੀਂ ਕਹਿੰਦਾ ਕਿ ਖੇਡਣਾ ਬੰਦ ਕਰ ਦਿਓ, ਪਰ ਚੇਤੇ ਰੱਖੋ ਕਿ ਖੇਡ ਖੇਡ ਹੈ।

ਏਕਾਏਕੀ ਸਿੱਧ ਨਾਂਉਂ। ਜੋ ਇਕਾਕੀਪਨ ਨੂੰ ਅਨੁਭਵ ਕਰਦਾ ਹੈ ਉਹ ਸਿੱਧ ਹੈ, ਉਸਦਾ ਨਾਮ ਸਿੱਧ ਹੈ। ਜੋ ਨਾਲ ਵੀ ਰਹੇ ਤਾਂ ਵੀ ਇਕੱਲਾ ਹੀ ਹੁੰਦਾ ਹੈ। ਉਸ ਦਾ ਨਾਮ ਸਿੱਧ।

ਦੋਇ ਰਮਤਿ ਤੇ ਸਾਧਵਾ। ਜਿਨ੍ਹਾਂ ਨੂੰ ਦੋ ਦੀ ਜ਼ਰੂਰਤ ਪੈਂਦੀ ਹੈ, ਜੋ ਇਕੱਲੇ ਨਹੀਂ ਹੋ ਸਕਦੇ, ਜੋ ਮੈਂ ਅਤੇ ਤੂੰ ਦੇ ਬਿਨਾਂ ਨਹੀਂ ਹੋ ਸਕਦੇ—ਉਨ੍ਹਾਂ ਨੂੰ ਕਿਹਾ ਕਿ ਸਾਧੂ ਸਮਝ ਲੈਣਾ। ਉਨ੍ਹਾਂ ਨੂੰ ਵੀ ਸਾਧੂ ਕਿਹਾ। ਇੰਨਾ ਵੀ ਕੀ ਘੱਟ ਹੈ ਕਿ ਦੋ ਨਾਲ ਹੀ ਰਾਜ਼ੀ ਹਨ; ਮਨ ਤਾਂ ਅਨੇਕ ਨਾਲ ਵੀ ਰਾਜ਼ੀ ਨਹੀਂ ਹੁੰਦਾ। ਜਿਹੜਾ ਇੱਕ ਉੱਤੇ ਪਹੁੰਚ ਗਿਆ ਅਤੇ ਆਪਣੇ ਹੋਣ ਨਾਲ ਰਾਜ਼ੀ ਹੈ ਉਹ ਸਿੱਧ। ਹੁਣ ਉਸਨੂੰ ਕੁਝ ਪਾਉਂਣ ਲਈ ਨਹੀਂ ਬਚਿਆ। ਉਸਦੀ ਕੋਈ ਨਿਰਭਰਤਾ ਨ ਰਹੀ। ਉਸਦੀ ਕੋਈ ਪਰਤੰਤਰਤਾ ਨ ਰਹੀ। ਜੋ ਅੱਜੇ ਕਹਿੰਦਾ ਹੈ ਘੱਟ ਤੋਂ ਘੱਟ ਇੱਕ ਹੋਰ ਚਾਹੀਦਾ ਹੈ—ਫ਼ਿਰ ਉਹ ਇੱਕ ਪਤਨੀ ਹੋਵੇ, ਪਤੀ ਹੋਵੇ, ਮਿੱਤਰ ਹੋਵੇ, ਗੁਰੂ ਹੋਵੇ ਸ਼ਿਸ਼ ਹੋਵੇ, ਇੱਕ ਚਾਹੀਦਾ ਹੈ, ਤਦ ਤੱਕ ਸਾਧੂ ਤੋਂ ਉਪੱਰ ਨਹੀਂ ਉਠ ਪਾਉਂਦਾ। ਅੱਜੇ ਦਵੈਤ ਕਾਇਮ ਹੈ। ਤੁਸੀਂ ਦਵੈਤ ਨੂੰ ਨਵੀਆਂ-ਨਵੀਆਂ ਦਿਸ਼ਾਵਾਂ ਵਿਚ ਕਾਇਮ ਕਰ ਸਕਦੇ ਹੋ—ਪਤੀ-ਪਤਨੀ ਦਾ ਦਵੈਤ, ਸ਼ਿਸ਼ ਗੁਰੂ ਦਾ ਦਵੈਤ, ਭਗਤ ਭਗਵਾਨ ਦਾ ਦਵੈਤ, ਪਰ ਦਵੈਤ ਕਾਇਮ ਹੈ। ਸਿੱਧ ਤਾਂ ਤੁਸੀਂ ਤਦ ਹੀ ਹੋਵੋਗੇ ਜਦ ਅਦਵੈਤ ਹੋ ਜਾਏ। ਤਾਂ ਅੱਜੇ ਤੁਸੀਂ ਸਾਧੂ ਹੋ। ਇੰਨਾ ਵੀ ਕੀ ਘੱਟ ਹੈ ਕਿ ਤੁਸੀਂ ਦੋ ਨਾਲ ਰਾਜ਼ੀ ਹੋ : ਇੱਥੇ ਤਾਂ ਲੋਕ ਹਨ ਜਿਹੜੇ ਅਨੇਕਾਂ ਨਾਲ ਵੀ ਰਾਜ਼ੀ ਨਹੀਂ ਹਨ।

ਅਲਬਰਟ ਕਾਮੂ ਦਾ ਇੱਕ ਪਾਤਰ ਕਹਿੰਦਾ ਹੈ ਕਿ ਮੈਨੂੰ ਜੇਕਰ ਦੁਨੀਆਂ ਦੀਆਂ ਸਾਰੀਆਂ ਇਸਤ੍ਰੀਆਂ ਵੀ ਮਿਲ ਜਾਣ ਤਾਂ ਵੀ ਮੈਂ ਤ੍ਰਿਪਤ ਨਹੀਂ ਹੋ ਸਕਦਾ। ਕਿਉਂਕਿ ਮੈਂ ਰਾਹ ਵਿਚੋਂ ਲੰਘਦਾ ਹਾਂ, ਜੋ ਇਸਤ੍ਰੀ ਮੈਨੂੰ ਵਿਖਾਈ ਦਿੰਦੀ ਹੈ, ਲਗਦਾ ਹੈ ਇਸੇ ਨੂੰ ਪਾ ਲਵਾਂ। ਇਹ ਜੋ ਕਾਮੂ ਦਾ ਪਾਤਰ ਕਹਿ ਰਿਹਾ ਹੈ, ਕਰੀਬ-ਕਰੀਬ ਹਰ ਇੱਕ ਮਨੁੱਖ ਦੇ ਮਨ ਦੀ ਦਸ਼ਾ ਹੈ। ਕਿੰਨੇ ਨਾਲ ਤੁਸੀਂ ਤ੍ਰਿਪਤ ਹੋ ਜਾਓਗੇ ? ਜੇਕਰ ਤੁਹਾਡੇ ਸਾਹਮਣੇ ਪਰਮਾਤਮਾ ਖੜਾ ਹੋ ਜਾਏ ਅਤੇ ਕਹੇ ਕਿ ਮੰਗ ਲਓ ਤਾਂ ਕਿੰਨਿਆਂ ਨਾਲ ਤੁਸੀਂ ਤ੍ਰਿਪਤ ਹੋ ਜਾਓਗੇ ? ਤਾਂ ਤੁਸੀਂ ਬਹੁਤ ਮੁਸ਼ਕਿਲ ਵਿਚ ਪੈ ਜਾਓਗੇ ਕਿ ਕਿੰਨਾ ਮੰਗੀਏ। ਦਸ ਲਖ ਦੀ ਸੋਚੋਗੇ ਤਾਂ ਮਨ ਕਹੇਗਾ ਦਸ ਕਰੋੜ ਮੰਗ ਲਓ, ਜਦ ਮੌਕਾ ਹੀ ਮਿਲਿਆ ਹੈ। ਦਸ ਕਰੋੜ ਦੀ ਸੋਚੋਗੇ ਤਾਂ ਦਸ ਕਰੋੜ ਵੀ ਛੋਟੇ ਲਗਣਗੇ; ਲਗੇਗਾ ਕਿ ਦਸ ਲਖ ਮੰਗ ਲਵਾਂ, ਕਿ ਸੰਖ, ਮਹਾਂਸੰਖ। ਤਦ ਤੁਹਾਨੂੰ ਬੇਚੈਨੀ ਹੋਵੇਗੀ ਕਿ ਹੋਰ ਸੰਖਿਆਵਾਂ ਕਿਉਂ ਨ ਲਈਆਂ ਮਹਾਂਸੰਖ ਦੇ ਅੱਗੇ। ਦਸ

ਮਹਾਂਸੰਖ ਹੀ ਮੰਗ ਕੇ ਰਹਿ ਗਿਆ; ਅਗੇ ਪਤਾ ਨਹੀਂ ਹੋਰ ਕਿੰਨੀਆਂ ਸੰਖਿਆਵਾਂ ਹੋਣ। ਤੁਹਾਨੂੰ ਕਿੰਨਾ ਹੀ ਮਿਲ ਜਾਏ, ਤੁਸੀਂ ਤ੍ਰਿਪਤ ਨਹੀਂ ਹੋ ਸਕੋਗੇ।

ਇਸ ਲਈ ਕਹਿੰਦੇ ਹਨ ਗੋਰਖ ਕਿ ਉਹ ਵੀ ਸਾਧੂ ਹੈ ਜਿਹੜਾ ਦੋ ਨਾਲ ਰਾਜ਼ੀ ਹੋ ਗਿਆ; ਉਹ ਵੀ ਕਾਫ਼ੀ ਘੱਟ ਨਾਲ ਰਾਜ਼ੀ ਹੋ ਗਿਆ। ਨੇੜੇ ਆ ਗਿਆ ਇੱਕ ਦੇ। ਹੁਣ ਇੱਕ ਹੀ ਬਚਿਆ ਹੈ। ਛਡੱਣ ਲਈ, ਹੁਣ ਇੱਕ ਤੋਂ ਹੀ ਮੁਕਤ ਹੋਣਾ ਹੈ।

ਚਾਰਿ ਪੰਚ ਕੁਟੰਬ ਨਾਂਉਂ। ਅਤੇ ਜੋ ਚਾਰ-ਪੰਜ ਤੋਂ ਘੱਟ ਵਿਚ ਰਾਜ਼ੀ ਨਹੀਂ ਹੁੰਦਾ ਉਹ ਗ੍ਰਹਿਸਥ ਹੈ। ਉਹ ਪਰਵਾਰ ਵਿਚ ਜੀ ਰਿਹਾ ਹੈ। ਗ੍ਰਹਿਸਥ ਦਾ ਅਰਥ ਸਮਝ ਲੈਣਾ, ਘਰ ਵਿਚ ਰਹਿਣ ਵਾਲੇ ਨੂੰ ਗ੍ਰਹਿਸਥ ਨਹੀਂ ਕਹਿੰਦੇ ਹਨ—ਜਿਸਨੂੰ ਅਨੇਕ ਦੀ ਜ਼ਰੂਰਤ ਹੈ ਉਸਨੂੰ ਗ੍ਰਹਿਸਥ ਕਹਿੰਦੇ ਹਨ; ਜਿਸ ਦਾ ਚਿੱਤ ਅੱਜੇ ਦੋ ਨਾਲ ਵੀ ਰਾਜ਼ੀ ਨਹੀਂ ਹੋ ਸਕਦਾ।

ਮੇਰੇ ਇੱਕ ਮਿੱਤਰ ਪਹਾੜ ਜਾਂਦੇ ਸਨ ਗਰਮੀਆਂ ਬਿਤਾਉਂਣ ਲਈ। ਕੋਈ ਦਸ ਸਾਲ ਪਹਿਲਾਂ ਦੀ ਗੱਲ ਹੈ। ਮੈਨੂੰ ਕਿਹਾ ਕਿ ਤੁਸੀਂ ਵੀ ਚਲੋ। ਪਤੀ-ਪਤਨੀ ਦੋਵੇਂ ਜਾਂਦੇ ਸਨ। ਮੈਂ ਕਿਹਾ ਕਿ ਤੁਸੀਂ ਪਤੀ-ਪਤਨੀ ਦੇ ਵਿਚਾਲੇ ਮੈਨੂੰ ਕਿਉਂ ਲੈ ਜਾਂਦੇ ਹੋ ਤੁਸੀਂ ਦੋਵੇਂ ਹੀ ਜਾਓ। ਉਨ੍ਹਾਂ ਨੇ ਕਿਹਾ ਕਿ ਇਸ ਲਈ ਤੁਹਾਨੂੰ ਲੈ ਚਲਣਾ ਚਾਹੁੰਦੇ ਹਾਂ ਕਿ ਅਸੀਂ ਦੋਵੇਂ ਹੀ ਰਹਿ ਜਾਂਦੇ ਹਾਂ ਤਾਂ ਕੁਝ ਸੁਝਦਾ ਹੀ ਨਹੀਂ ਕਿ ਹੁਣ ਕੀ ਕਰੀਏ। ਕੋਈ ਤੀਜਾ ਹੋਵੇ ਤਾਂ ਥੋੜ੍ਹਾ ਮਨ ਲਗਿਆ ਰਹਿੰਦਾ ਹੈ। ਜੇਕਰ ਸਾਨੂੰ ਦੋਹਾਂ ਨੂੰ ਜਾਣਾ ਹੈ ਤਾਂ, ਤਾਂ ਅਸੀਂ ਜਾਵਾਂਗੇ ਹੀ ਨਹੀਂ। ਦੋ ਨਾਲ ਕੰਮ ਨਹੀਂ ਚਲਦਾ, ਘਟੋ-ਘੱਟ ਤਿੰਨ ਤਾਂ ਚਾਹੀਦੇ ਹਨ।

ਤੁਸੀਂ ਖ਼ਿਆਲ ਕਰਨਾ, ਪਹਿਲਾਂ ਲੋਕ ਇਕੱਲੇ ਹੁੰਦੇ ਹਨ। ਬੇਚੈਨ ਹੁੰਦੇ ਹਨ, ਵਿਆਹ ਕਰ ਲੈਂਦੇ ਹਨ; ਫ਼ਿਰ ਵਿਆਹ ਕਰਕੇ ਬੇਚੈਨ ਹੋਣ ਲਗਦੇ ਹਨ ਤਾਂ ਬੱਚੇ ਪੈਦਾ ਕਰ ਲੈਂਦੇ ਹਨ। ਵਧੱਦੀ ਜਾਂਦੀ ਹੈ ਗਿਣਤੀ... ਅਤੇ ਇਸ ਦਾ ਕੋਈ ਅੰਤ ਨਹੀਂ ਹੈ। ਫ਼ਿਰ ਇੰਨੇ ਨਾਲ ਕੰਮ ਨਹੀਂ ਚਲਦਾ ਤਾਂ ਜਾ ਕੇ ਰੋਟਰੀ ਕਲਬ ਦੇ ਮੈਂਬਰ ਬਣ ਜਾਂਦੇ ਹਨ। ਇੰਨੇ ਨਾਲ ਵੀ ਕੰਮ ਨਹੀਂ ਚਲਦਾ ਤਾਂ ਜਨਤਾ ਪਾਰਟੀ ਵਿਚ ਸ਼ਾਮਿਲ ਹੋ ਗਏ। ਕੁਝ ਨ ਕੁਝ ਭੀੜ-ਭਾੜ, ਉਪੱਦਰ ...।

ਦਸ ਬੀਸ ਤੇ ਲਸਕਰਾ। ਜਿਹੜੇ ਲੋਕ ਦਸਾਂ-ਬੀਹਾਂ ਨਾਲ ਵੀ ਰਾਜ਼ੀ ਨਹੀਂ ਹੁੰਦੇ ਹਨ, ਫ਼ੌਜ-ਫ਼ਾਂਟਾ ਚਾਹੀਦਾ ਜਿਨ੍ਹਾਂ ਨੂੰ, ਲਸ਼ਕਰ ਚਾਹੀਦਾ ਪੂਰਾ, ਇਹ ਸੰਸਾਰੀ ਹਨ।

ਸਿੱਧ ਉਹ ਹਨ ਜੋ ਆਪਣੇ ਹੋਣ ਨਾਲ ਰਾਜ਼ੀ ਹਨ। ਸੰਸਾਰੀ ਉਹ ਹੈ ਜਿਸ ਨੂੰ ਹਜ਼ਾਰਾਂ ਦੀ ਭੀੜ ਵੀ ਤ੍ਰਿਪਤ ਨਹੀਂ ਕਰਦੀ, ਜੋ ਹਮੇਸ਼ਾ ਭੀੜ ਦੀ ਤਲਾਸ਼ ਕਰ ਰਿਹਾ ਹੈ।

ਚਲੇ ... ਕੁੰਭ ਦਾ ਮੇਲਾ ਜਾ ਰਹੇ ਹਨ ਵੇਖਣ। ਕੀ ਕਰੋਗੇ ਕੁੰਭ ਦੇ ਮੇਲੇ ਵਿਚ?

ਧੱਕੇ-ਮੁੱਕੇ ਖਾਣੇ ਹਨ ? ਜਿੱਥੇ ਇੰਨੀ ਭੀੜ ਹੋਵੇ ਉੱਥੇ ਓਨੀ ਭੀੜ ਹੋਰ ਵੱਧ ਜਾਂਦੀ ਹੈ। ਕਿਉਂਕਿ ਕਈ ਲੋਕਾਂ ਨੂੰ ਭੀੜ ਦਾ ਰਸ ਹੈ। ਕਿੱਤੇ ਭੀੜ ਖਲੋਤੀ ਹੈ ਤੁਸੀਂ ਲਖ ਕੰਮ ਛੱਡ ਕੇ ਭੀੜ ਵਿਚ ਖੜੇ ਹੋ ਜਾਂਦੇ ਹੋ। ਤੁਸੀਂ ਭੁੱਲ ਜਾਂਦੇ ਹੋ ਅਸਲੀ ਕੰਮ, ਕਿਸ ਲਈ ਨਿਕਲੇ ਸੀ। ਹੋ ਸਕਦਾ ਹੈ ਪਤਨੀ ਬੀਮਾਰ ਪਈ ਹੋਵੇ ਅਤੇ ਤੁਸੀਂ ਜਾ ਰਹੇ ਸੀ ਡਾਕਟਰ ਨੂੰ ਬੁਲਾਉਂਣ, ਪਰ ਭੀੜ ਇੰਨੀ ਸੀ ਕਿ ਦਿਲ ਹੋਇਆ ਕਿ ਜ਼ਰਾ ਵੇਖ ਲਵਾਂ ਕਿ ਮਾਮਲਾ ਕੀ ਹੈ ? ਖੜੇ ਹੋ ਗਏ ਭੀੜ ਵਿਚ, ਰਸ ਮਗਨ ਹੋ ਗਏ।

ਭੀੜ ਦੀ ਇੱਕ ਆਪਣੀ ਚੁੰਬਕੀਯ ਸ਼ਕਤੀ ਹੈ ਜਿਹੜੀ ਕੁਝ ਲੋਕਾਂ ਨੂੰ ਖਿਚਦੀ ਹੈ। ਜਿੰਨੀ ਵੱਡੀ ਭੀੜ ਹੋਵੇ, ਓਨੇ ਛੇਤੀ ਉਹ ਉਤਸੁਕ ਹੋ ਜਾਂਦੇ ਹਨ, ਆਤੁਰ (ਕਾਹਲੈ) ਹੋ ਜਾਂਦੇ ਹਨ। ਇਹ ਚਿੱਤ ਦੀ ਸਭ ਤੋਂ ਪਤਿਤ ਅਵਸਥਾ ਹੈ ਭੀੜ। ਅਤੇ ਜਿਹੜਾ ਭੀੜ ਦੀ ਮੰਨ ਕੇ ਟੁਰਦਾ ਹੈ ਉਹ ਇਸ ਲਈ ਭੀੜ ਦੀ ਮੰਨਕੇ ਟੁਰਦਾ ਹੈ, ਕਿਉਂਕਿ ਭੀੜ ਦੇ ਨਾਲ ਰਹਿਣਾ ਹੈ, ਤਾਂ ਭੀੜ ਦਾ ਮੰਨਣਾ ਪਏਗਾ।

ਸੰਨਿਆਸ ਭੀੜ ਤੋਂ ਮੁਕਤ ਹੋਣ ਦਾ ਉਪਾਅ ਹੈ। ਭੀੜ ਦੇ ਮਨੋਵਿਗਿਆਨ ਨੂੰ ਤਿਲਾਂਜਲੀ ਦੇਣਾ ਹੈ। ਭੀੜ ਕਹਿੰਦੀ ਹੈ : ਸਾਡੇ ਵਰਗੇ ਰਹੋ ਜੇਕਰ ਸਾਡੇ ਵਿਚ ਰਹਿਣਾ ਹੈ। ਅਸੀਂ ਜਿਸ ਤਰ੍ਹਾਂ ਦੇ ਕਪੜੇ ਪਾਏ ਅਜਿਹੇ ਕਪੜੇ ਤੁਸੀਂ ਪਾਓ। ਅਸੀਂ ਜਿਸ ਤਰ੍ਹਾਂ ਦੇ ਵਾਲ ਕਟਵਾਏ ਹਨ, ਅਜਿਹੇ ਵਾਲ ਕਟਵਾਓ। ਅਸੀਂ ਜਿਵੇਂ ਉਠਦੇ-ਬੈਠਦੇ ਉਵੇਂ ਉਠੋ-ਬੈਠੋ। ਤਾਂ ਸਾਡੇ ਸਦੱਸਯ (ਮੈਂਬਰ) ਹੋ ਸਕਦੇ ਹੋ। ਤਾਂ ਸਾਡੇ ਨਾਲ ਹੋ ਸਕਦੇ ਹੋ।

ਭੀੜ ਕਹਿੰਦੀ ਹੈ ਜੇਕਰ ਤੁਸੀਂ, ਆਪਣਾ ਵਿਅਕਤਿਤਵ ਵਿਖਾਉਂਣ ਦੀ ਕੋਸ਼ਿਸ਼ ਕੀਤੀ ਤਾਂ ਸਾਡੇ ਨਾਲ ਨਹੀਂ ਬਣੇਗੀ। ਇਸ ਲਈ ਹਰ ਭੀੜ ਕੋਸ਼ਿਸ਼ ਕਰਦੀ ਹੈ ਕਿ ਤੁਹਾਡੇ ਵਿਅਕਤਿਤਵ (ਹੋਂਦ) ਨੂੰ ਖ਼ਤਮ ਕਰੇ, ਤੁਹਾਨੂੰ ਪੂੰਝ ਦੇਵੇ, ਤੁਹਾਨੂੰ ਇੱਕ ਨੰਬਰ ਬਣਾ ਦੇਵੇ, ਇੱਕ ਆਂਕੜਾ, ਮਨੁੱਖ ਨਹੀਂ। ਇਸ ਲਈ ਭੀੜ ਬਰਦਾਸ਼ਤ ਨਹੀਂ ਕਰਦੀ ਕਿ ਤੁਸੀਂ ਜ਼ਰਾ ਅਲਗ ਹੋ ਜਾਓ। ਨਿੱਕੀਆਂ-ਨਿੱਕੀਆਂ ਗੱਲਾਂ ਬਰਦਾਸ਼ਤ ਨਹੀਂ ਕਰਦੀ।

ਇੱਕ ਸੱਜਣ ਮੇਰੇ ਕੋਲ ਆਏ ਕਿ ਜਦ ਤੋਂ ਮੇਰਾ ਪੁੱਤਰ ਤੁਹਾਨੂੰ ਸੁਨਣ ਆਉਂਣ ਲਗਾ ਹੈ ਉਸਨੇ ਵਾਲ ਵਧਾ ਲਏ ਹਨ। ਤਾਂ ਮੈਂ ਕਿਹਾ, ਬਾਲ ਵਧਾ ਲੈਣ ਨਾਲ ਤੁਹਾਡਾ ਕੀ ਵਿਗੜ ਰਿਹਾ ਹੈ ? ਨਹੀਂ, ਉਨ੍ਹਾਂ ਨੇ ਕਿਹਾ, ਵਿਗੜ ਤਾਂ ਕੁਝ ਨਹੀਂ ਰਿਹਾ, ਪਰ ਸਾਡੇ ਘਰ ਵਿਚ ਇਸ ਤਰ੍ਹਾਂ ਕਦੇ ਕਿਸੇ ਨੇ ਵਾਲ ਵਧਾਏ ਨਹੀਂ ਹਨ। ਤਾਂ ਮੈਂ ਕਿਹਾ, ਉਨ੍ਹਾਂ ਦੀ ਗਲਤੀ ਸੀ, ਹੁਣ ਛੱਡੋ ਉਨ੍ਹਾਂ ਨੂੰ, ਨਹੀਂ ਵਧਾਉਂਦੇ ਰਹੇ।

ਇਸ ਵਿਚ ਹਰਜ ਕੀ ਹੈ ? ਪੈਸੇ ਬਚ ਰਹੇ ਹਨ। ਕੀ ਪਰੇਸ਼ਾਨੀ ਹੋ ਰਹੀ ਹੈ ਮੁੰਡੇ ਨੇ ਵਾਲ ਵਧਾ ਲਏ ਹਨ ਤਾਂ ? ਪਰੇਸ਼ਾਨੀ ਹੋ ਰਹੀ ਹੈ; ਜਵਾਬ ਕੁਝ ਨਹੀਂ ਦੇ ਪਾਂਦੇ ਕਿ ਪਰੇਸ਼ਾਨੀ ਕੀ ਹੋ ਰਹੀ ਹੈ, ਪਰ ਪਰੇਸ਼ਾਨੀ ਹੋ ਰਹੀ ਹੈ। ਕਿਉਂਕਿ ਉਹ ਕੁਝ ਅਨੋਖਾ ਹੁੰਦਾ ਜਾ ਰਿਹਾ ਹੈ, ਸਾਡੇ ਨਾਲੋਂ ਕੁਝ ਵਖੱਰਾ ਹੁੰਦਾ ਜਾ ਰਿਹਾ ਹੈ।

ਅਜਿਹਾ ਸਾਡੇ ਘਰ ਵਿਚ ਕਦੇ ਨਹੀਂ ਹੋਇਆ। ਢੰਗ ਨਾਲ ਬਾਲ ਕਟਵਾਏ ਜਿਵੇਂ ਕਟਣੇ ਚਾਹੀਦੇ। ਕੌਣ ਤੈਅ ਕਰੇ ਕਿ ਕਿਵੇਂ ਕਟਣੇ ਚਾਹੀਦੇ, ਕੌਣ ਹੈ ਮਾਲਿਕ ਇਸ ਗੱਲ ਨੂੰ ਤੈਅ ਕਰਨ ਵਾਲਾ?

ਮੈਂ ਉਨ੍ਹਾਂ ਨੂੰ ਆਖਿਆ : ਕ੍ਰਿਸ਼ਨ ਭਗਵਾਨ ਨੂੰ ਪੂਜਦੇ ਹੋ?

ਉਨ੍ਹਾਂ ਨੇ ਕਿਹਾ ਜ਼ਰੂਰ ਪੂਜਦੇ ਹਾਂ।

'ਮੰਨਦੇ ਹੋ ?'

'ਮੰਨਦੇ ਹਾਂ।'

ਉਨ੍ਹਾਂ ਦੇ ਵਾਲ ? ਤੁਹਾਡੇ ਘਰ ਪੈਦਾ ਹੋ ਜਾਣ ਤੁਸੀਂ ਕਹੋਗੇ ਹਿੱਪੀ ਹੈ। ਜੇਕਰ ਮੋਰਮੁਕਟ ਬੰਨ ਲੈਣ ਫ਼ਿਰ? ਤੁਹਾਡੇ ਪੁੱਤਰ ਦੀ ਜ਼ਰਾ ਸੋਚੋ, ਵਾਲ ਵੱਧਾ ਕੇ, ਪੀਤ ਵਸਤ੍ਰ

ਪਹਿਨ ਕੇ ਰੇਸ਼ਮੀ, ਗਹਿਣੇ ਵਗੈਰਾ ਪਾ ਕੇ ਬੰਸਰੀ ਲੈ ਕੇ, ਪੈਰ ਤੇ ਪੈਰ ਟੇਕ ਕੇ ਅਤੇ ਖੜਾ ਹੋ ਜਾਏ ਮੋਰ ਮੁਕਟ ਬੰਨ੍ਹ ਕੇ, ਫਿਰ ਕੀ ਕਰੋਗੇ ? ਪੂਜਾ ਕਰੋਗੇ ਕਿ ਨਹੀਂ ? ਕਿ ਦੂਜੇ ਅਰਥ ਵਿਚ ਪੂਜਾ ਕਰੋਗੇ ? ਜ਼ਰਾ ਕੁ ਜਿੰਨਾ ਭੇਦ (ਫ਼ਰਕ) ਭੀੜ ਬਰਦਾਸ਼ਤ ਨਹੀਂ ਕਰਦੀ। ਕਿਉਂਕਿ ਭੀੜ ਚਾਹੁੰਦੀ ਹੈ ਕਿ ਤੁਸੀਂ ਅਨੁਗਤ (ਪਿੱਛੇ ਟੁਰਨ ਵਾਲਾ) ਹੋ ਜਾਓ। ਹੋਰ ਨਹੀਂ, ਤਾਂ ਤੁਸੀਂ ਪਿੰਡ ਵਿਚ ਜਾਣਦੇ ਹੋ ਲੋਕ ਕੀ ਕਰਦੇ ਹਨ? ਭੀੜ ਤਿਆਗ ਕਰ ਦਿੰਦੀ ਹੈ ਤੁਹਾਡਾ—ਰੋਟੀ-ਪਾਣੀ ਬੰਦ, ਚਿਲਮ-ਤਮਾਖੂ ਬੰਦ! ਜਿਸ ਆਦਮੀ ਦਾ ਪਿੰਡ ਵਿਚ ਹੁੱਕਾ-ਪਾਣੀ ਬੰਦ ਹੋ ਗਿਆ, ਕੋਈ ਚਿਲਮ-ਤਮਾਖੂ ਨਹੀਂ ਪਿਲਾਉਂਦਾ, ਰੋਟੀ-ਪਾਣੀ ਲਈ ਨਹੀਂ ਬੁਲਾਉਂਦਾ, ਉਹ ਆਦਮੀ ਮਰਿਆ, ਉਸਦਾ ਜੀਉਂਣਾ ਮੁਸ਼ਕਿਲ ਹੋ ਗਿਆ।

ਸ਼ਹਿਰਾਂ ਨੇ ਮਨੁੱਖ ਨੂੰ ਇੱਕ ਤਰ੍ਹਾਂ ਦੀ ਸੁਤੰਤਰਤਾ ਦਿੱਤੀ ਹੈ, ਜੋ ਪਿੰਡਾਂ ਵਿਚ ਕਦੇ ਨਹੀਂ ਸੀ ਅਤੇ ਕਦੇ ਹੋ ਨਹੀਂ ਸਕਦੀ ਸੀ। ਪਿੰਡ ਬਹੁਤ ਗੁਲਾਮ ਸਨ। ਦੁਨੀਆਂ ਤੋਂ ਪਿੰਡ ਖ਼ਤਮ ਹੋਣ ਲਗੇ ਤਾਂ ਦੁਨੀਆਂ ਵਿਚ ਸੁਤੰਤਰਤਾ ਵੱਧੀ ਹੈ। ਕਿਉਂਕਿ ਪਿੰਡ ਵਿਚ ਬਹੁਤ ਸੰਘਾਤੱਕ (ਪ੍ਰਾਣ ਲੈਣ ਵਾਲੀ) ਗੱਲ ਸੀ। ਸਭ ਤੋਂ ਵੱਡਾ ਪਿੰਡ ਦਾ ਖ਼ਤਰਾ ਇਹ ਸੀ ਕਿ ਪਿੰਡ ਤੁਹਾਨੂੰ ਤਿਲਾਂਜਲੀ ਵੀ ਦੇ ਸਕਦਾ ਸੀ, ਕਿਸੇ ਵੀ ਮੌਕੇ ਤੇ। ਜ਼ਰਾ-ਕੁ ਜਿੰਨੀ ਗੱਲ ਉੱਤੇ ਅਤੇ ਤੁਹਾਨੂੰ ਤਿਲਾਂਜਲੀ ਦੇ ਦੇਵੇ, ਤੁਹਾਡਾ ਜੀਉਂਣਾ ਹਰਾਮ ਹੋ ਜਾਏ। ਕਿਸ ਦੇ ਨਾਲ ਉਠੋ, ਕਿਸਦੇ ਨਾਲ ਬੈਠੋ, ਕਿਸ ਦੇ ਨਾਲ ਗੱਲ ਕਰੋ? ਹੁੱਕਾ-ਪਾਣੀ ਬੰਦ। ਤੁਹਾਡਾ ਜੀਉਂਣਾ ਅਸੰਭਵ। ਤੁਹਾਡੇ ਨਾਲ ਕੋਈ ਬੋਲੇਗਾ ਨਹੀਂ, ਗੱਲ ਨਹੀਂ ਕਰੇਗਾ। ਪਿੰਡ ਇੰਨਾ ਛੋਟਾ ਹੈ ਕਿ ਕੋਈ ਗੱਲ ਵੀ ਕਰੇ ਤਾਂ ਉਸਦਾ ਦਾ ਹੁੱਕਾ-ਪਾਣੀ ਬੰਦ ਹੋ ਜਾਏ। ਲੋਕ ਤੁਹਾਡੇ ਕੋਲੋਂ ਬੱਚ ਕੇ ਨਿਕਲ ਜਾਣਗੇ

ਲੋਕ ਪਿੰਡ ਦੀ ਬਹੁਤ ਤਾਰੀਫ਼ ਕਰਦੇ ਹਨ ਬਿਨਾਂ ਸਮਝੇ-ਬੁੱਝੇ। ਪਿੰਡ ਬਹੁਤ ਪਰਤੰਤਰ ਸਨ, ਪਿੰਡ ਬਿਲਕੁੱਲ ਕਾਰਾਗ੍ਰਹ (ਕੈਦਖ਼ਾਨੇ) ਸਨ। ਹੁਣ ਵੀ ਪਿੰਡ ਕੈਦਖ਼ਾਨੇ ਹਨ। ਅੱਜੇ ਵੀ ਪਿੰਡ ਵਿਚ ਕੋਈ ਸੁਤੰਤਰਤਾ ਨਹੀਂ ਹੈ। ਪਿੰਡ ਵਿਚ ਸੁਤੰਤਰਤਾ ਹੋ ਨਹੀਂ ਸਕਦੀ, ਸੁਤੰਤਰਤਾ ਵੱਡੇ ਨਗਰ ਵਿਚ ਹੀ ਸੰਭਵ ਹੈ, ਜਿੱਥੇ ਲੋਕ ਇੰਨੇ ਹੋਣ ਕਿ ਹੁੱਕਾ-ਪਾਣੀ ਬੰਦ ਨ ਕੀਤਾ ਜਾ ਸਕੇ। ਕੋਈ ਕਰ ਵੀ ਦੇਵੇ, ਤਾਂ ਦੂਜੇ ਲੋਕ ਉਪਲਬੱਧ ਹੋਣਗੇ, ਜਿਨ੍ਹਾਂ ਦੇ ਨਾਲ ਤੁਸੀਂ ਬੈਠ ਸਕੋਗੇ, ਬੋਲ ਸਕੋਗੇ। ਪਿੰਡ ਇੰਨੇ ਛੋਟੇ ਹੁੰਦੇ ਹਨ ਕਿ ਆਸਾਨੀ ਨਾਲ ਨਿਯੰਤ੍ਰਣ (ਕਾਬੂ ਰਖੱਣਾ) ਰੱਖਿਆ ਜਾ ਸਕਦਾ ਹੈ।

ਇਸ ਲਈ ਭਾਰਤ ਜਿਹੇ ਦੇਸ਼ ਵਿਚ ਅਛੂਤਾਂ ਨੂੰ ਹੁਣ ਤੱਕ ਮਿਟਾਉਂਣਾ ਅਸੰਭਵ ਹੈ ਜਦ ਤੱਕ ਪਿੰਡ ਰਹਿਣਗੇ। ਮਜ਼ਾ ਅਜਿਹਾ ਹੈ ਕਿ ਮਹਾਤਮਾ ਗਾਂਧੀ ਤੋਂ ਲੈ ਕੇ ਉਨ੍ਹਾਂ ਦੇ ਪਿੱਛੇ ਚਲਣ ਵਾਲੇ ਸਾਰੇ ਲੋਕ ਸੋਚਦੇ ਹਨ ਕਿ ਪਿੰਡ ਹੀ ਰਹਿਣੇ ਚਾਹੀਦੇ ਅਤੇ ਨਾਲ ਹੀ ਉਹ ਚਾਹੁੰਦੇ ਹਨ ਕਿ ਅਛੂਤ ਵੀ ਖ਼ਤਮ ਹੋ ਜਾਣ। ਅਛੂਤ ਖ਼ਤਮ ਨਹੀਂ ਹੋ ਸਕਦੇ ਪਿੰਡ ਵਿਚ; ਪਿੰਡਾਂ ਵਿਚ (ਨਾਮੁਮਕਿਨ) ਅਸੰਭਵ ਹੈ ਅਛੂਤਾਂ ਦਾ ਮਿਟਣਾ। ਕੋਈ ਉਪਾਅ ਨਹੀਂ ਹੈ। ਉਹ ਪਾਣੀ ਵੀ ਨਹੀਂ ਪੀ ਸਕਦਾ ਪਿੰਡ ਦੇ ਖੂਹ ਤੋਂ, ਪਿੰਡ ਦੇ ਮੰਦਿਰ ਵਿਚ ਜਾ ਨਹੀਂ ਸਕਦਾ। ਸ਼ਹਿਰ ਵਿਚ ਮਿੱਟ ਜਾਂਦਾ ਹੈ, ਸ਼ਹਿਰ ਵਿਚ ਕੌਣ ਪਤਾ ਕਰ ਸਕਦਾ ਹੈ ਕਿ ਅਛੂਤ ਮੰਦਿਰ ਵਿਚ ਆ ਗਿਆ ਹੈ। ਕੋਈ ਅਛੂਤ ਦੇ ਚੇਹਰੇ ਉੱਤੇ ਸੀਲ ਤਾਂ ਨਹੀਂ ਲੱਗੀ ਹੈ।

ਦੁਨੀਆਂ ਵਿਚ ਜੋ ਕੰਮ ਬੁੱਧ-ਮਹਾਵੀਰ ਨਹੀਂ ਕਰ ਸਕੇ, ਉਹੀ ਨਿੱਕੀਆਂ-ਨਿੱਕੀਆਂ

ਚੀਜ਼ਾਂ ਨੇ ਕਰ ਦਿੱਤਾ; ਜਿਵੇਂ ਰੇਲਗੱਡੀ। ਬੁੱਧ-ਮਹਾਵੀਰ ਨਹੀਂ ਕਰ ਸਕੇ ਇਹ ਕੰਮ ਜਿਹੜਾ ਰੇਲਗੱਡੀ ਨੇ ਕਰ ਦਿੱਤਾ। ਅਛੂਤ ਤੁਹਾਡੇ ਕੋਲ ਬੈਠਾ ਹੈ ਮਸਤ। ਤੁਸੀਂ ਕੁਝ ਨਹੀਂ ਕਰ ਸਕਦੇ। ਉਸਨੇ ਵੀ ਟਿਕਟ ਲਈ ਹੈ। ਹੁਣ ਕਰੋ ਤਾਂ ਕੀ ਕਰੋ ? ਪੱਕਾ ਪਤਾ ਵੀ ਤਾਂ ਨਹੀਂ ਲਗਦਾ ਕਿ ਉਹ ਅਛੂਤ ਹੈ। ਹੋ ਸਕਦਾ ਹੈ ਤੁਹਾਡੇ ਕੋਲੋਂ ਵੀ ਜ਼ਿਆਦਾ ਢੰਗ ਨਾਲ ਕਪੜੇ ਪਾਏ ਹੋਣ, ਕਿ ਤੁਸੀਂ ਬੀੜੀ ਪੀ ਰਹੇ ਹੋ, ਉਹ ਸਿਗਰੇਟ ਪੀ ਰਿਹਾ ਹੈ। ਕੀ ਕਰੋਗੇ ? ਹੁਣ ਟ੍ਰੇਨ ਵਿਚ ਭੁੱਖ ਵੀ ਲਗੇਗੀ ਤਾਂ ਤੁਸੀਂ ਖਾਣਾ ਖਾਓਗੇ, ਅਛੂਤ ਬਗਲ ਵਿਚ ਬੈਠਾ ਹੈ, ਉਹ ਹੋਰ ਸਰਕ ਕੇ ਬੈਠ ਜਾਏਗਾ, ਉਹ ਹੋਰ ਧੱਕੇ ਮਾਰੇਗਾ। ਤੁਸੀਂ ਕੁਝ ਕਰ ਨਹੀਂ ਸਕਦੇ।

ਮੈਂ ਤੁਹਾਨੂੰ ਕਹਿੰਦਾ ਹਾਂ ਕਿ ਜੋ ਬੁੱਧ-ਮਹਾਵੀਰ ਨਹੀਂ ਕਰ ਸਕੇ... ਬਹੁਤ ਕੋਸ਼ਿਸ਼ ਕੀਤੀ ਬੁੱਧ-ਮਹਾਵੀਰ ਨੇ ਕਿ ਅਛੂਤ ਮਿੱਟ ਜਾਣ; ਨਹੀਂ ਮਿੱਟ ਸਕੇ —ਉਹ ਰੇਲਗੱਡੀ ਨੇ ਕਰ ਦਿੱਤਾ। ਗਰੀਬ ਰੇਲਗੱਡੀ ਕਰਕੇ ਵਿਖਾ ਗਈ। ਕ੍ਰਾਂਤੀ ਲਿਆ ਦਿੱਤੀ ਉਸਨੇ ਜੋ ਕੰਮ ਮੰਦਿਰ ਨਹੀਂ ਕਰ ਸਕੇ, ਹੋਟਲਾਂ ਨੇ ਕਰ ਦਿੱਤਾ। ਜੋ ਕੰਮ ਤੀਰਥ ਨਹੀਂ ਕਰ ਸਕੇ, ਓਹ ਸਿਨੇਮਾਘਰਾਂ ਨੇ ਕਰ ਦਿੱਤਾ। ਜੀਵਨ ਦੇ ਬਹੁਤ ਆਪਣੇ ਢੰਗ ਹਨ ਚਲਣ ਦੇ।

ਸ਼ਹਿਰ ਮਨੁੱਖ ਲਈ ਇੱਕ ਤਰ੍ਹਾਂ ਦੀ ਸੁਤੰਤਰਤਾ ਲਿਆਏ; ਪਿੰਡ ਵਿਚ ਤਾਂ ਬਹੁਤ ਅੜਚਨ ਹੈ। ਪਿੰਡ ਵਿਚ ਤੁਹਾਡਾ ਇੰਚ-ਇੰਚ ਵਿਉਹਾਰ, ਤੁਹਾਡਾ ਇੰਚ-ਇੰਚ ਚਰਿਤ੍ਰ ਸਭ ਨੂੰ ਪਤਾ ਹੁੰਦਾ ਹੈ। ਛੋਟੀ ਜਗ੍ਹਾ ਹੈ; ਉਠੋ, ਬੈਠੋ, ਕੀ ਕਰ ਰਹੇ ਹੋ, ਸਭ ਨੂੰ ਪਤਾ ਹੈ। ਹਰ ਇੱਕ ਜਾਣਦਾ ਹੈ ਤੁਹਾਡੀ ਨਸ-ਨਸ ਤੋਂ ਵਾਕਿਫ਼ ਹੈ; ਜਿਵੇਂ ਤੁਸੀਂ ਉਨ੍ਹਾਂ ਦੀ ਨਸ-ਨਸ ਤੋਂ ਵਾਕਿਫ਼ ਹੋ। ਸ਼ਹਿਰ ਵਿਚ ਬਹੁਤ ਸੁਵਿਧਾ ਹੈ। ਤੁਸੀਂ ਕਿਸੇ ਇਸਤ੍ਰੀ ਦੇ ਪਿਆਰ ਵਿਚ ਪੈ ਗਏ, ਉਹ ਰਹਿੰਦੀ ਹੈ ਦੂਜੇ ਕੰਢੇ ਸ਼ਹਿਰ ਦੇ, ਤੁਹਾਡੇ ਮੁਹੱਲੇ ਵਾਲਿਆਂ ਨੂੰ ਪਤਾ ਹੀ ਨਹੀਂ ਲਗੇਗਾ ਕਿ ਤੁਸੀਂ ਕਿਸੇ ਇਸਤ੍ਰੀ ਦੇ ਪਿਆਰ ਵਿਚ ਪੈ ਗਏ। ਉਹ ਇਹ ਹੀ ਸਮਝਦੇ ਹਨ ਕਿ ਰੋਜ਼ ਸਤਿਸੰਗ ਕਰਨ ਜਾਂਦੇ ਹਨ, ਕਿ ਭਗਤ ਜੀ ਹਨ ਬਹੁਤ ਸਵੇਰੇ-ਸਵੇਰੇ ਮੰਦਿਰ ਲਈ ਨਿਕਲ ਜਾਂਦੇ ਹਨ। ਪਿੰਡ ਵਿਚ ਇਹ ਸੰਭਵ ਨਹੀਂ ਸੀ। ਪਿੰਡਾਂ ਵਿਚ ਸੁਤੰਤਰਤਾ ਸੰਭਵ (ਮੁਮਕਿਨ) ਨਹੀਂ ਸੀ, ਪਿੰਡ ਪਰਤੰਤਰ ਸਨ; ਭੀੜ ਮਾਲਿਕ ਸੀ।

ਵਿਅਕਤੀ ਦਾ ਜਨਮ ਹੋਇਆ ਸ਼ਹਿਰਾਂ ਵਿਚ; ਪਿੰਡਾਂ ਵਿਚ ਵਿਅਕਤੀ ਹੁੰਦਾ ਹੀ ਨਹੀਂ ਸੀ, ਸਿਰਫ਼ ਭੀੜ ਹੁੰਦੀ ਸੀ। ਭੀੜ ਵਿਚੋਂ ਜਿਹੜਾ ਉਠਦਾ ਹੈ ਉਸੇ ਦੇ ਅੰਦਰ ਆਤਮਾ ਦਾ ਜਨਮ ਸ਼ੁਰੂ ਹੁੰਦਾ ਹੈ । ਭੀੜ ਵਿਚ ਆਤਮਾ ਪੈਦਾ ਨਹੀਂ ਹੁੰਦੀ।

ਇਸ ਲਈ ਮੈਂ ਕਹਿੰਦਾ ਹਾਂ ਜੋ ਹਿੰਦੂ ਹੈ ਉਹ ਆਤਮਵਾਨ ਨਹੀਂ ਹੈ। ਜੋ ਮੁਸਲਮਾਨ ਹੈ ਉਹ ਆਤਮਵਾਨ ਨਹੀਂ ਹੈ।

ਉਹ ਭੀੜ ਦਾ ਹਿੱਸਾ ਹੈ; ਭੀੜ ਦੀ ਰਾਜਨੀਤੀ ਨਾਲ ਦੱਬਿਆ ਹੈ।

ਵਿਅਕਤੀ ਬਣੋ, ਮੁਕਤ ਹੋ ਜਾਓ ਕੈਦਖਾਨਿਆਂ ਵਿਚੋਂ। ਸਾਰੇ ਵਿਸ਼ੇਸ਼ਣ (ਖ਼ਸੂਸੀਅਤ) ਛੱਡ ਦਿਓ। ਅਤੇ ਤੁਸੀਂ ਪਾਓਗੇ, ਤੁਹਾਡੇ ਅੰਦਰ ਆਤਮਾ ਜਗਮਗਾਉਣ ਲਗੀ।

ਤੁਸੀਂ ਇਕੱਲੇ ਹੋਣ ਲਗੇ। ਇਕੱਲੇ ਹੋਣ ਵਿਚ ਕਠਿਨਾਈ ਤਾਂ ਹੈ ਹੀ। ਪਰ ਕਠਿਨਾਈਆਂ ਵਿਚੋਂ ਜਿਹੜਾ ਲੰਘਦਾ ਹੈ, ਉਹ ਨਿਖਰਦਾ ਵੀ ਹੈ।

ਮਹਮਾਂ ਧਰਿ ਮਹਮਾਂ ਕੂੰ ਮੇਟੈ, ਸਤਿ ਕਾ ਸਬਦ ਵਿਚਾਰੀ ।
ਨਾਂਨਹਾਂ ਹੋਇ ਜਿਨਿ ਸਤਗੁਰ ਸ਼ੇਜਯਾ ਤਿਨ ਸਿਰ ਕੀ ਪੋਟ ਉਤਾਰੀ ॥

ਪਿਆਰਾ ਵਚਨ ਹੈ। ਗੋਰਖ ਕਹਿੰਦੇ ਹਨ : ਮਹਿਮਾ ਤੁਹਾਡੀ ਤਦ ਹੀ ਹੈ ਜਦ ਤੁਸੀਂ ਆਪਣੀ ਮਹਿਮਾਂ ਨੂੰ ਬਿਲਕੁੱਲ ਹੀ ਮਿਟਾ ਦਿਓ।

ਮਹਮਾਂ ਧਰਿ ਮਹਮਾਂ ਕੂੰ ਮੇਟੈ ! ਤੁਹਾਡੇ ਜੀਵਨ ਵਿਚ ਮਹਿਮਾਂ ਤਦ ਹੀ ਆਏਗੀ ਜਦ ਤੁਸੀਂ ਆਪਣੇ ਅਹੰਕਾਰ ਨੂੰ ਬਿਲਕੁੱਲ ਪੂੰਝ ਕੇ ਮਿੱਟਾ ਦਿਓਗੇ; ਜਦ ਮੈਂ-ਭਾਵ ਬਿਲਕੁੱਲ ਗੁੰਮ ਹੋ ਜਾਏਗਾ। ਮੈਂ-ਭਾਵ ਕਦ ਗੁਆਚੇਗਾ ? ਜਦ ਤੂੰ ਦੀ ਜ਼ਰੂਰਤ ਨਹੀਂ ਰਹਿ ਜਾਏਗੀ। ਜਦ ਤੱਕ ਤੂੰ ਦੀ ਜ਼ਰੂਰਤ ਹੈ, ਮੈਂ ਵੀ ਰਹੇਗਾ। ਮੈਂ ਅਤੇ ਤੂੰ ਨਾਲ-ਨਾਲ ਹੁੰਦੇ ਹਨ।

ਤੁਸੀਂ ਇਹ ਜਾਣ ਕੇ ਚਕਿਤ ਹੋਵੋਗੇ ਕਿ ਮਨੋਵਿਗਿਆਨਿਕ ਕਹਿੰਦੇ ਹਨ ਕਿ ਪਹਿਲਾਂ ਬੱਚੇ ਨੂੰ ਤੂੰ ਦਾ ਪਤਾ ਚਲਦਾ ਹੈ, ਫ਼ਿਰ ਮੈਂ ਦਾ ਪਤਾ ਚਲਦਾ ਹੈ। ਪਹਿਲਾਂ ਬੱਚਾ ਆਪਣੇ-ਆਪ ਨੂੰ ਕਿਵੇਂ ਵੇਖੇ; ਉਸਨੂੰ ਕੁਝ ਆਪਣਾ ਪਤਾ ਨਹੀਂ ਹੁੰਦਾ। ਪਹਿਲਾਂ ਉਸਨੂੰ ਮਾਂ ਦਾ ਪਤਾ ਚਲਦਾ ਹੈ। ਵੇਖਦਾ ਹੈ ਮਾਂ ਕਦੇ ਨੇੜੇ ਆਉਂਦੀ ਹੈ, ਦੂਰ ਜਾਂਦੀ ਹੈ।

ਪਿਆ ਪਿਆ ਵੇਖਦਾ ਰਹਿੰਦਾ ਹੈ ਪੰਘੂੜੇ ਵਿਚ ਕਿ ਜਦ ਭੁੱਖ ਲਗਦੀ ਹੈ, ਰੋਂਦਾ ਹਾਂ ਤਾਂ ਮਾਂ ਨੇੜੇ ਆਉਂਦੀ ਹੈ; ਜਦ ਨਿਸ਼ਚਿੰਤ ਹੋ ਜਾਂਦਾ ਹਾਂ, ਮਾਂ ਦੂਰ ਚਲੀ ਜਾਂਦੀ ਹੈ। ਹੌਲੀ-ਹੌਲੀ ਉਸਨੂੰ ਸਾਫ਼ ਹੋਣ ਲਗਦਾ ਹੈ ਕਿ ਮਾਂ ਮੇਰੇ ਤੋਂ ਵਖੱਰੀ ਹੈ। ਮਾਂ ਉਹ ਹੈ। ਜਿਵੇਂ-ਜਿਵੇਂ ਮਾਂ ਉਸਨੂੰ ਸਪੱਸ਼ਟ ਹੋਣ ਲਗਦੀ ਹੈ ਭਿੰਨ, ਤਿਵੇਂ-ਤਿਵੇਂ ਉਸਨੂੰ ਇਹ ਹੌਲੀ-ਹੌਲੀ ਇੱਕ ਛਾਂ ਦੀ ਤਰ੍ਹਾਂ ਇਹ ਵੀ ਸਪਸ਼ਟ ਹੋਣ ਲਗਦਾ ਹੈ ਕਿ ਮੈਂ ਵੀ ਭਿੰਨ ਹਾਂ।

ਤੂੰ ਦਾ ਭਾਵ ਪਹਿਲਾਂ ਪੈਦਾ ਹੁੰਦਾ ਹੈ, ਫ਼ਿਰ ਮੈਂ ਦਾ ਭਾਵ ਪੈਦਾ ਹੁੰਦਾ ਹੈ। ਅਤੇ ਇਸੇ ਤਰ੍ਹਾਂ ਮਿਟਦਾ ਵੀ ਹੈ; ਪਹਿਲਾਂ ਤੂੰ ਦਾ ਭਾਵ ਮਿਟਦਾ ਹੈ ਫ਼ਿਰ ਮੈਂ ਦਾ ਭਾਵ ਮਿਟਦਾ ਹੈ। ਜਿਹੜੇ ਲੋਕ ਮੈਂ ਦਾ ਭਾਵ ਪਹਿਲਾਂ ਮਿਟਾਉਂਣਾ ਚਾਹੁੰਦੇ ਹਨ, ਉਨ੍ਹਾਂ ਦਾ ਮੈਂ ਕਦੇ ਨਹੀਂ ਮਿਟਦਾ।

ਇਸ ਲਈ ਅਹੰਕਾਰ ਨੂੰ ਸਿੱਧੇ ਮਿਟਾਉਂਣ ਨ ਜਾਓ। ਤੂੰ ਦੀ ਨਿਰਭਰਤਾ ਛੱਡ ਦਿਓ।

ਅਜਿਹੇ ਹੋ ਜਾਓ ਕਿ ਤੁਹਾਨੂੰ ਕਿਸੇ ਦੀ ਜਿਵੇਂ ਜ਼ਰੂਰਤ ਨਹੀਂ ਹੈ; ਜਿਵੇਂ ਇਕੱਲੇ ਕਾਫ਼ੀ ਹੋ—ਪ੍ਰਯਾਪਤ, ਤ੍ਰਿਪਤ, ਪਰਿਤੁਸ਼ਟ! ਬਸ ਹੌਲੀ-ਹੌਲੀ ਤੂੰ ਗਿਆ, ਉਸਦੇ ਪਿੱਛੇ ਹੀ ਮੈਂ ਚਲਾ ਜਾਏਗਾ।

ਮੈਂ ਅਤੇ ਤੂੰ ਇੱਕ ਹੀ ਸਿੱਕੇ ਦੇ ਦੋ ਪਹਿਲੂ ਹਨ—ਇੱਕ ਪਾਸੇ ਮੈਂ ਲਿਖਿਆ ਹੈ, ਇੱਕ ਪਾਸੇ ਤੂੰ। ਤੂੰ ਨੂੰ ਛਡੱਣਾ ਆਸਾਨ ਹੈ, ਕਿਉਂਕਿ ਤੂੰ ਤੂੰ ਹੈ, ਅਲੱਗ ਹੈ; ਮੈਂ ਨੂੰ ਛਡੱਣਾ ਔਖਾ ਹੈ ਅਤੇ ਜੋ ਤੂੰ ਨੂੰ ਛੱਡ ਦਿੰਦਾ ਹੈ, ਉਸ ਦਾ ਮੈਂ ਆਪਣੇ-ਆਪ ਛੁਟ ਜਾਂਦਾ ਹੈ।

ਮਹਮਾਂ ਧਰਿ ਮਹਮਾਂ ਕੂੰ ਮੇਟੈ। ਅਤੇ ਤਦ ਤੁਹਾਡੇ ਜੀਵਨ ਵਿਚ ਮਹਿਮਾਂ ਆਉਂਦੀ ਹੈ। ਇਹ ਅਪੂਰਵ ਵਚਨ ਹੈ। ਜਿਸਨੇ ਆਪਣੇ ਅਹੰਕਾਰ ਨੂੰ, ਆਪਣੇ ਮੈਂ-ਭਾਵ ਨੂੰ, ਮੈਂ ਉੱਚਾ ਹਾਂ, ਮੈਂ ਵੱਡਾ ਹਾਂ, ਮੈਂ ਖ਼ਾਸ ਹਾਂ, ਮੈਂ ਵਿਸ਼ਿਸ਼ਟ ਹਾਂ, ਮੈਂ ਅਸਾਧਾਰਨ ਹਾਂ, ਅਨੋਖਾ ਹਾਂ—ਅਜਿਹੀਆਂ ਮਹਿਮਾਵਾਂ ਦੇ ਭਾਵ ਨੂੰ ਮਿਟਾ ਦਿੱਤਾ, ਪੂੰਝ ਸੁੱਟਿਆ, ਉਸਦੇ ਅੰਦਰ ਮਹਿਮਾਂ ਪ੍ਰਗਟ ਹੁੰਦੀ ਹੈ। ਉਹ ਅਨੋਖਾ ਹੋ ਜਾਂਦਾ ਹੈ। ਤੁਸੀਂ ਸਿਰਫ਼ ਮੰਨਦੇ ਹੋ ਬੇਜੋੜ, ਹੋ ਨਹੀਂ। ਉਹ ਨਿਸ਼ਚਿੰਤ ਹੋ ਜਾਂਦਾ ਹੈ।

ਗੋਰਖ ਕਹਿੰਦੇ ਹਨ : ਸਤਯ ਦੀ ਇਸ ਗੱਲ ਦਾ ਜ਼ਰਾ ਵਿਚਾਰ ਕਰਨਾ।

ਨਾਂਨਹਾਂ ਹੋਇ ਜਿਨਿ ਸਤਗੁਰ ਸ਼ੋਜਯਾ ! ਅਤੇ ਜੋ ਇਸ ਤਰ੍ਹਾਂ ਮੈਂ ਤੋਂ ਸ਼ੂਨਯ ਹੋ ਜਾਂਦਾ ਹੈ, ਨਨਹਾ ਹੋ ਜਾਂਦਾ ਹੈ, ਨਿੱਕੇ ਬੱਚੇ ਦੇ ਵਾਂਗ ਸਰਲ ਹੋ ਜਾਂਦਾ ਹੈ, ਜਿਸ ਵਿਚ ਅੱਜੇ ਮੈਂ-ਭਾਵ ਪੈਦਾ ਨਹੀਂ ਹੋਇਆ, ਸਤਿਗੁਰੂ ਉਸ ਨੂੰ ਲਭਦੇ ਖ਼ੁਦ ਆ ਜਾਂਦੇ ਹਨ।

ਨਾਂਨਹਾਂ ਹੋਇ ਜਿਨਿ ਸਤਗੁਰ ਸ਼ੋਜਯਾ, ਤਿਨ ਸਿਰ ਕੀ ਪੋਟ ਉਤਾਰੀ।

ਹੋਰ ਕੁਦਰਤੀ ਹੈ : ਕਿ ਛੋਟੇ ਬੱਚੇ ਦੇ ਸਿਰ ਉੱਤੇ ਪੋਟਲੀ ਰੱਖੀ ਹੋਈ ਹੋਵੇ ਤਾਂ ਕਿਸ ਦਾ ਮਨ ਨਹੀਂ ਹੁੰਦਾ ਕਿ ਉਤਾਰ ਲਈ ਜਾਏ। ਜਦ ਤੁਸੀਂ ਨਨਹੇਂ ਹੋਕੇ, ਛੋਟੇ ਹੋ ਕੇ, ਬਾਲਕ ਹੋਕੇ ਗੁਰੂ ਦੇ ਸਾਹਮਣੇ ਮੌਜੂਦ ਹੁੰਦੇ ਹੋ ਤਾਂ ਹੀ ਤੁਹਾਡੀ ਪੋਟਲੀ ਉਤਾਰੀ ਜਾ ਸਕਦੀ ਹੈ। ਤਾਂ ਹੀ ਤੁਹਾਡੇ ਉੱਤੇ ਕਰੁਣਾ (ਕਿਰਪਾ) ਦੀ ਬਾਰਸ਼ ਹੋ ਸਕਦੀ ਹੈ। ਹੋਰ ਪੋਟਲੀ ਉਤਰ ਜਾਏ, ਤੁਹਾਡਾ ਬੋਝ ਉਤਰ ਜਾਏ—ਵਿਚਾਰਾਂ ਦਾ, ਵਾਸਨਾਵਾਂ ਦਾ—ਤਾਂ ਜੱੜ੍ਹ ਕੱਟੀ ਗਈ !

ਪਾਤ-ਪਾਤ ਕੋ ਸੈਂਚਿਬੋ, ਬਰੀ-ਬਰੀ ਕੋ ਲੌਨ
ਰਹਿਮਨ ਐਸੀ ਬੁੱਧੀ ਕੋ, ਕਹੋ ਬਰੈਗੋ ਕੌਨ ॥

ਤੁਸੀਂ ਵੇਖਿਆ ਪਿੰਡ ਵਿਚ ਇਸਤ੍ਰੀਆਂ ਬੜੀਆਂ ਟੁੱਕਦੀਆਂ ਹਨ। ਤਾਂ ਇੱਕ-ਇੱਕ ਬੜੀ ਉੱਤੇ ਲੂਣ ਥੋੜ੍ਹੇ ਹੀ ਪਾਉਂਣਾ ਪੈਂਦਾ ਹੈ, ਲੂਣ ਤਾਂ ਪਾਉਂਣਾ ਪੈਂਦਾ ਹੈ ਬੜੀਆਂ ਬਨਾਉਣ ਦੀ ਦਾਲ ਵਿਚ ਹੀ। ਮਾਲੀ ਬਾਗ ਵਿਚ ਪਾਣੀ ਸਿੰਜਦਾ ਹੈ ਤਾਂ ਇੱਕ-ਇੱਕ ਪੱਤੇ ਉੱਤੇ ਥੋੜ੍ਹੇ ਹੀ ਸਿੰਜਦਾ ਹੈ, ਜੱੜ੍ਹਾਂ ਵਿਚ ਪਾਉਂਦਾ ਹੈ।

ਪਾਤ-ਪਾਤ ਕੋ ਸੀਂਚਿਬੋ! ਬਿਲਕੁੱਲ ਪਾਗਲਪਨ ਹੋਏਗਾ ਜੇਕਰ ਕੋਈ ਮਾਲੀ ਪੱਤੇ-ਪੱਤੇ ਨੂੰ ਸਿੰਜੇ। ਬਰੀ-ਬਰੀ ਕੋ ਲੌਨ ! ਅਤੇ ਇੱਕ-ਇੱਕ ਬੜੀ ਵਿਚ ਲੂਣ ਵੱਖ-ਵੱਖ ਪਾਏ ਕੋਈ ਤਾਂ ਪਾਗਲਪਨ ਹੋਏਗਾ। ਰਹਿਮਨ ਐਸੀ ਬੁਧੀ ਕੋ, ਕਹੋ ਬਰੈਗੋ ਕੌਨ। ਇਸਨੂੰ ਤਾਂ ਕੋਈ ਬੁੱਧੀਮਾਨੀ ਦਾ ਲਛੱਣ ਨਹੀਂ ਕਹੇਗਾ। ਮਾਲੀ ਜੱੜ੍ਹ ਨੂੰ ਪਾਣੀ ਦੇ ਦਿੰਦਾ ਹੈ। ਬੜੀਆਂ ਬਨਾਉਂਣ ਵਾਲੀ ਇਸਤ੍ਰੀ ਦਾਲ ਵਿਚ ਹੀ ਲੂਣ ਮਿਲਾ ਲੈਂਦੀ ਹੈ। ਮੂਲ ਨੂੰ ਫੜ ਲਓ। ਮੂਲ ਹੈ ਅਹੰਕਾਰ ਤੁਹਾਡੀਆਂ ਸਾਰੀਆਂ ਭ੍ਰਾਂਤੀਆਂ (ਭਰਮਾਂ) ਦਾ। ਅਹੰਕਾਰ ਨੂੰ ਵੱਢ ਦਿਓ। ਗੋਰਖ ਦਾ ਇਹ ਹੋਰ ਵਚਨ ਹੈ:

ਨਾਥ ਕਹੈ ਤੁਮ ਸੁਨਹੁ ਰੇ ਅਵਧੂ ਦ੍ਰਿੜ੍ਹ ਕਰਿ ਹਾਸ਼ਹੁ ਚੀਯਾ।
ਕਾਮ ਕ੍ਰੋਧ ਅਹੰਕਾਰ ਨਿਬਾਰੌ ਤੋ ਸਬੈ ਦਿਸੰਤਰ ਕੀਯਾ।

ਨ ਜਾਓ ਤੀਰਥ ਯਾਤ੍ਰਾ ਉੱਤੇ। ਕਿੱਤੇ ਜਾਣ ਦੀ ਕੋਈ ਜ਼ਰੂਰਤ ਨਹੀਂ। ਸਭ ਦਿਸ਼ਾਵਾਂ, ਸਭ ਦਿਸ਼ਾਂਤਰ ਹੋ ਗਏ, ਸਭ ਤੀਰਥ ਹੋ ਗਏ—ਇੱਕ ਕੰਮ ਕਰ ਲਓ : ਕਾਮ, ਕ੍ਰੋਧ, ਅਹੰਕਾਰ ਨਿਬਾਰੋ। ਅਤੇ ਅਹੰਕਾਰ ਮੂਲ ਹੈ। ਅਹੰਕਾਰ ਵਿਚ ਹੀ ਸਾਰੇ ਪੱਤੇ ਲਗਦੇ ਹਨ। ਅਹੰਕਾਰ ਮੂਲ ਹੈ। ਇਹ ਗੱਲ ਨਿਬੜ ਜਾਏ ਇਹ ਇੱਕ ਗੱਲ ਵਿਦਾ ਹੋ ਜਾਏ—ਮੈਂ ਦੀ—ਬਸ ਜੀਵਨ ਵਿਚ ਕ੍ਰਾਂਤੀ ਦਾ ਛਿਣ ਆ ਗਿਆ। ਮਹਾਂਕ੍ਰਾਂਤੀ ਘੱਟ ਗਈ। ਤੁਸੀਂ ਹਨੇਰੇ ਚੋਂ ਪਰਕਾਸ਼ ਵਿਚ ਪ੍ਰਵੇਸ਼ ਕਰ ਗਏ।

ਜੇ ਆਸਾ ਤੇ ਆਪਦਾ, ਜੇ ਸੰਸਾ ਤੇ ਸੋਗ। ਜਿਹੜਾ ਆਸ਼ਾਵਾਂ ਰੱਖ ਕੇ ਜੀ ਰਿਹਾ ਹੈ, ਵਾਸਨਾਵਾਂ ਰੱਖ ਕੇ ਜੀ ਰਿਹਾ ਹੈ, ਉਹ ਹਮੇਸ਼ਾ ਆਪਦਾਵਾਂ (ਬਿਪਦਾਵਾਂ) ਵਿਚ ਘਿਰਿਆ

ਰਹੇਗਾ। ਜਿੰਨੀ ਤੁਹਾਡੀ ਆਕਾਂਕਸ਼ਾ (ਇੱਛਾ) ਹੈ ਓਨਾ ਹੀ ਤੁਹਾਡਾ ਵਿਸ਼ਾਦ (ਦੁੱਖ) ਹੈ ਕਿਉਂਕਿ ਇਸ ਜਗਤ ਵਿਚ ਕੋਈ ਆਕਾਂਕਸ਼ਾ (ਅਭਿਲਾਸ਼ਾ) ਪੂਰੀ ਨਹੀਂ ਹੁੰਦੀ। ਅਭਿਲਾਸ਼ਾ ਪੂਰੀ ਹੋ ਹੀ ਨਹੀਂ ਸਕਦੀ। ਚਾਹਤ ਦਾ ਸਭਾਓ ਪੂਰਾ ਹੋਣਾ ਨਹੀਂ ਹੈ। ਅਭਿਲਾਸ਼ਾ ਦੁਸ਼ਪੂਰ (ਦੁਖੀ ਕਰਨ ਵਾਲੀ) ਹੈ। ਅਜਿਹਾ ਬੁੱਧ ਨੇ ਕਿਹਾ ਕਿ ਤ੍ਰਿਸ਼ਣਾ ਦੁਖਦਾਈ ਹੈ। ਇਹ ਭਰ ਨਹੀਂ ਸਕਦੀ।

ਇੱਕ ਆਦਮੀ ਇੱਕ ਸੂਫ਼ੀ ਫ਼ਕੀਰ ਦੇ ਕੋਲ ਆਇਆ। ਅਤੇ ਉਸ ਨੇ ਕਿਹਾ, ਕਿ ਮੇਰੀ ਤ੍ਰਿਸ਼ਨਾ ਦੀ ਪੂਰਤੀ ਕਿਵੇਂ ਹੋਵੇ? ਉਸ ਫ਼ਕੀਰ ਨੇ ਕਿਹਾ। ਤੂੰ ਮੇਰੇ ਨਾਲ ਆ। ਮੈਂ ਖੂਹ ਤੇ ਜਾ ਰਿਹਾ ਹਾਂ ਪਾਣੀ ਭਰਨ, ਲੱਗੇ ਹੱਥ ਤੈਨੂੰ ਉਪਦੇਸ਼ ਵੀ ਹੋ ਜਾਏਗਾ। ਜਿੱਥੋਂ ਤੱਕ ਬਣ ਸਕੇਗਾ, ਕਹਿਣ ਦੀ ਲੋੜ ਵੀ ਨਹੀਂ ਪਏਗੀ ਤੂੰ ਵੇਖਕੇ ਹੀ ਸਮਝ ਲਵੇਂਗਾ।

ਜਗਿਆਸੂ ਥੋੜ੍ਹਾ ਹੈਰਾਨ ਹੋਇਆ ਕਿ ਇਹ ਕਿਸ ਤਰ੍ਹਾਂ ਦਾ ਉਪਦੇਸ਼ ਹੈ ਜੋ ਖੂਹ ਉੱਤੇ ਦਿੱਤਾ ਜਾਏਗਾ। ਇਹ ਆਦਮੀ ਕੁਝ ਹੋਸ਼ ਵਿਚ ਹੈ ਕਿ ਨਹੀਂ ? ਫ਼ਕੀਰ ਸੀ ਵੀ ਫ਼ੱਕੜ। ਬਹੁਤ ਮਸਤ ! ਉਸ ਦੀਆਂ ਅੱਖਾਂ ਅਜਿਹੀਆਂ ਸਨ ਜਿਵੇਂ ਹੁਣੇ-ਹੁਣੇ ਸ਼ਰਾਬ ਪੀਤੀ ਹੋਵੇ; ਲਾਲ ਹੋ ਰਹੀਆਂ ਸਨ। ਕਿਸੇ ਮਸਤੀ ਵਿਚ ਸੀ। ਟੁਰਦਾ ਸੀ ਤਾਂ ਇਸ ਤਰ੍ਹਾਂ ਜਿਵੇਂ ਪੈਰ ਡੋਲਦੇ; ਜਿਵੇਂ ਕੋਈ ਮਦਮਸਤ ਸ਼ਰਾਬੀ ਟੁਰਦਾ ਹੋਵੇ ਜਗਿਆਸੂ ਥੋੜ੍ਹਾ ਡੱਰਨ ਵੀ ਲੱਗਾ, ਖੂਹ ਦਾ ਮਾਮਲਾ, ਧੱਕਾ ਦੇ ਦੇਵੇ, ਕੁਝ ਕਰ ਦੇਵੇ, ਜਾਂ ਖ਼ੁਦ ਛਾਲ ਮਾਰ ਦੇਵੇ ਤਾਂ ਮੈਂ ਫ਼ਸਿਆ ! ਪਰ ਫ਼ਿਰ ਵੀ ਉਤਸੁਕਤਾ ਸੀ ਕਿ ਕੀ ਜਵਾਬ ਦਿੰਦਾ ਹੈ। ਚਲੋ ਚਲਦੇ ਹਾਂ, ਜ਼ਰਾ ਦੂਰ ਖਲੋਤੇ ਰਹਾਂਗੇ, ਵੇਖਦੇ ਰਹਾਂਗੇ ਅਤੇ ਜੋ ਵੇਖਿਆ ਤਾਂ ਹੋਰ ਹੈਰਾਨ ਹੋਇਆ ਕਿ ਇਹ ਬਿਲਕੁੱਲ ਪਾਗਲ ਹੈ। ਉਸ ਨੇ ਇੱਕ ਬਾਲਟੀ ਖੂਹ ਵਿਚ ਸੁੱਟੀ ਜਿਸ ਵਿਚ ਪੈਂਦੀ (ਤਲਾ) ਸੀ ਹੀ ਨਹੀਂ ਖੂਬ ਬਾਲਟੀ ਨੂੰ ਖੰਘੋਲੇ ਖੂਹ ਦੇ ਅੰਦਰ, ਖੂਬ ਆਵਾਜ਼ ਕਰੇ, ਪਾਣੀ ਵਿਚ ਡੁੱਬਾਏ। ਡੁੱਬਣ ਵਿਚ ਤਾਂ ਦੇਰ ਹੀ ਨ ਲੱਗੇ ਕਿਉਂਕਿ ਉਸ ਵਿਚ ਪੈਂਦੀ ਤਾਂ ਸੀ ਹੀ ਨਹੀਂ, ਫ਼ਿਰ ਖਿੱਚੇ, ਪਰ ਹਥ ਕੁਝ ਨ ਆਏ ਬਾਲਟੀ ਉਪੱਰ ਆ ਜਾਏ ਖ਼ਾਲੀ, ਫ਼ਿਰ ਪਾਏ।

ਦੋ ਤਿੰਨ ਵਾਰ ਤਾਂ ਉਸ ਆਦਮੀ ਨੇ ਵੇਖਿਆ, ਉਸ ਨੇ ਕਿਹਾ: ਭਾਈ ਤੂੰ ਹੋਸ਼ ਵਿਚ ਹੈਂ?

ਮੈਂ ਤਾਂ ਤੇਰੇ ਕੋਲੋਂ ਸਿਖਿਆ ਲੈਣ ਆਇਆ ਸੀ; ਅਜਿਹਾ ਲਗਦਾ ਹੈ ਕਿ ਤੈਨੂੰ ਖ਼ੁਦ ਹੀ ਸਿਖਿਆ ਦੀ ਜ਼ਰੂਰਤ ਹੈ। ਤੂੰ ਇਹ ਕੀ ਕਰ ਰਿਹਾ ਹੈਂ, ਪਾਗਲ ਹੈਂ ਤੂੰ ! ਇਹ ਬਾਲਟੀ ਕਦ ਭਰੇਗੀ?

ਉਸ ਫ਼ਕੀਰ ਨੇ ਕਿਹਾ ਕੁਝ ਸਮਝ ਵਿਚ ਆਇਆ? ਇਹ ਬਾਲਟੀ ਮੈਂ ਤੇਰੇ ਲਈ ਇਸ ਖੂਹ ਵਿਚ ਸੁੱਟ ਰਿਹਾ ਹਾਂ। ਤ੍ਰਿਸ਼ਨਾ ਦੀ ਬਾਲਟੀ ਵਿਚ ਕੋਈ ਪੇਂਦੀ ਨਹੀਂ ਹੈ; ਤੂੰ ਭਰਦਾ ਰਹਿ ਜ਼ਿੰਦਗੀ ਭਰ, ਭਰੇਗੀ ਨਹੀਂ। ਕਦੇ ਕਿਸੇ ਦੀ ਨਹੀਂ ਭਰੀ। ਪੇਂਦੀ ਹੀ ਨਹੀਂ ਹੈ ਮੈਂ ਵੀ ਕੀ ਕਰਾਂ, ਤੂੰ ਵੀ ਕੀ ਕਰੇਂਗਾ?

ਇਸ ਲਈ ਦੁਖ ਹੁੰਦਾ ਹੈ। ਫ਼ਿਰ ਜਦ ਤੁਸੀਂ ਬਾਲਟੀ ਇੰਨੀ ਮਿਹਨਤ ਨਾਲ ਲਿਆਓਗੇ ਖੂਹ ਉੱਤੇ ਪਹੁੰਚੇ। ਬਾ-ਮੁਸ਼ਕਿਲ ਤਾਂ ਖੂਹ ਉੱਤੇ ਪੁੱਜ ਪਾਏ, ਕਿਉਂਕਿ ਉੱਥੇ ਕਤਾਰ ਲਗੀ ਸੀ, ਭੀੜ-ਭਾੜ ਸੀ। ਬਾ-ਮੁਸ਼ਕਿਲ ਤਾਂ ਤੁਹਾਨੂੰ ਕਿਸੇ ਤਰ੍ਹਾਂ ਮੌਕਾ ਮਿਲਿਆ ਹੈ ਕਿ ਬਾਲਟੀ ਸੁੱਟੋ। ਬਾਲਟੀ ਸੁੱਟੀ, ਭਰ ਵੀ ਗਈ, ਕਿਉਂਕਿ ਜਦ ਤੁਸੀਂ ਹੇਠਾਂ ਖੂਹ ਵਿਚ ਵੇਖੋਗੇ

ਤਾਂ ਬਾਲਟੀ ਨੂੰ ਭਰਿਆ ਪਾਓਗੇ, ਪਾਣੀ ਵਿਚ ਡੁੱਬੀ ਹੋਈ ਪਾਓਗੇ। ਚਿੱਤ ਉਤਫੁੱਲ (ਖੁਸ਼) ਹੋਇਆ, ਖਿਚਣ ਲਗੇ। ਬੜੇ ਉਤਸ਼ਾਹ ਨਾਲ ਖਿੱਚੀ ਅਤੇ ਹਥ ਵਿਚ ਜਦ ਆਈ-ਖ਼ਾਲੀ ਦੀ ਖ਼ਾਲੀ ! ਤੁਸੀਂ ਕਿੰਨੀਆਂ ਵਾਸਨਾਵਾਂ ਕੀਤੀਆਂ। ਕਿੰਨੀ ਵਾਰ ਲਗਾ ਕਿ ਹੁਣ ਤ੍ਰਿਪਤੀ ਮਿਲੀ, ਪਰ ਮਿਲੀ ਕਦੇ ? ਕਿੰਨੀ ਵਾਰ ਲਗਿਆ ਕਿ ਦੂਰ ਬਾਲਟੀ ਭਰੀ ਪਈ ਹੈ, ਖੂਹ ਦੇ ਅੰਦਰ : ਜਦ ਤੱਕ ਹਥ ਵਿਚ ਆਈ, ਖ਼ਾਲੀ ਹੋ ਗਈ। ਵਾਰ-ਵਾਰ ਅਜਿਹਾ ਹੋਇਆ, ਫ਼ਿਰ ਵੀ ਤੁਸੀਂ ਜਾਗੇ ਨਹੀਂ, ਫ਼ਿਰ ਵੀ ਤੁਸੀਂ ਚੌਂਕੇ ਨਹੀਂ।

ਜੇ ਆਸਾ ਤੇ ਆਪਦਾ, ਜੇ ਸੰਸਾ ਤੇ ਸੋਗ। ਜੋ ਇਸ ਤਰ੍ਹਾਂ ਆਸ਼ਾ ਵਿਚ ਜੀਊਂਦਾ ਹੈ। ਉਹ ਵਿਪੱਤੀਆਂ ਵਿਚ ਪੈਂਦਾ ਰਹੇਗਾ।

ਜੇ ਸੰਸਾ ਤੇ ਸੋਗ! ਅਤੇ ਜੋ ਸੰਕਾਲੂ ਹੈ, ਜੋ ਜੀਵਨ ਵਿਚ ਅੱਜੇ ਤੱਕ ਸ਼ਰਧਾ ਦੇ ਸੂਤਰ ਨੂੰ ਨਹੀਂ ਪਕੜ ਸਕਿਆ ਹੈ, ਉਸਦੇ ਜੀਵਨ ਵਿਚ ਦੁਖ ਹੀ ਦੁਖ ਰਹੇਗਾ।

ਸੰਦੇਹ ਕਦੇ ਵੀ ਸੁਖ ਪੈਦਾ ਨਹੀਂ ਕਰ ਸਕਦਾ, ਕਿਉਂਕਿ ਸੰਦੇਹ ਸੁਵਿਧਾ ਹੈ, ਡਾਵਾਂਡੋਲਪਨ ਹੈ, ਚਿੱਤ ਦਾ ਖੰਡ-ਖੰਡ ਹੋਣਾ ਹੈ। ਸ਼ਰਧਾ ਵਿਚ ਚਿੱਤ ਇਕੱਠਾ ਹੋ ਜਾਂਦਾ ਹੈ, ਇੱਕ-ਮਿੱਕ ਹੋ ਜਾਂਦਾ ਹੈ, ਅਖੰਡ ਹੋ ਜਾਂਦਾ ਹੈ ਅਤੇ ਅਖੰਡ ਚਿੱਤ ਦਾ ਹੀ ਸੁਭਾਅ ਆਨੰਦ ਹੈ।

ਗੁਰਮੁਖਿ ਬਿਨਾਂ ਨ ਭਾਜਸੀ, ਗੋਰਸ਼ ਯੇ ਦੂਨਯੋਂ ਬੜੇ ਰੋਗ।

ਇਹ ਦੋਹਰੇ ਕਿਸਮ ਦਾ ਜੋ ਰੋਗ ਹੈ—ਆਸ਼ਾ ਦਾ ਅਤੇ ਸੰਸ਼ਯ (ਸ਼ੱਕ)—ਇਹ ਹਟੇਗਾ ਨਹੀਂ, ਜਦ ਤੱਕ ਕੋਈ ਸਤਿਗੁਰੂ ਚੌਂਕਾਏ ਨ, ਜਗਾਏ ਨ।

ਗੁਰਮੁਖਿ ਬਿਨਾਂ ਨ ਭਾਜਸੀ। ਇਹ ਭਜੇਗਾ ਨਹੀਂ। ਇਹ ਤਾਂ ਕੋਈ ਸਤਿਗੁਰੂ ਆਪਣੇ ਪ੍ਰਕਾਸ਼ ਨਾਲ ਤੁਹਾਨੂੰ ਨਿਮੰਤ੍ਰਣ ਕਰ ਲਵੇ, ਆਪਣੇ ਅੰਦਰ ਤੁਹਾਨੂੰ ਵੇਖਣ ਦਾ ਮੌਕਾ ਦੇ ਦੇਵੇ ਅਤੇ ਤੁਸੀਂ ਓਥੇ ਵੇਖੋ ਜਲਦਾ ਹੋਇਆ ਪ੍ਰਕਾਸ਼ ਤੇ ਆਨੰਦ ਦੀ ਹੁੰਦੀ ਬਾਰਸ਼ ਅਤੇ ਅੰਮ੍ਰਿਤ ਦਾ ਸੁਵਾਦ, ਤਾਂ ਤੁਹਾਨੂੰ ਸਭ ਸਮਝ ਵਿਚ ਆ ਜਾਏਗਾ ਕਿ ਇਹ ਕਿਵੇਂ ਘੱਟਿਆ—ਇਹ ਵਾਸ਼ਨਾ ਸ਼ੂਨਯ ਹੋਣ ਨਾਲ ਵਾਪਰਿਆ।

ਜਿਵੇਂ ਮੈਂ ਕਿਹਾ ਕਿ ਮੈਂ ਅਤੇ ਤੂੰ ਇੱਕ ਹੀ ਸਿੱਕੇ ਦੇ ਦੋ ਪਹਿਲੂ ਨੇ, ਉਵੇਂ ਹੀ ਵਾਸਨਾ ਅਤੇ ਸੰਦੇਹ ਇੱਕ ਸਿੱਕੇ ਦੇ ਦੋ ਪਹਿਲੂ ਹਨ, ਉਵੇਂ ਹੀ ਸ਼ਰਧਾ ਅਤੇ ਆਨੰਦ। ਇੱਕ ਸਿੱਕੇ ਦੇ ਦੋ ਪਹਿਲੂ ਹਨ। ਇਹ ਚੀਜ਼ਾਂ ਨਾਲ-ਨਾਲ ਟੁਰਦੀਆਂ ਹਨ। ਪਰ ਤੁਸੀਂ ਕਿਵੇਂ ਜਾਣੋਗੇ ਕਿ ਸ਼ਰਧਾ ਅਤੇ ਆਨੰਦ ਇੱਕ ਸਿੱਕੇ ਦੇ ਦੋ ਪਹਿਲੂ (ਪਾਸੇ) ਹਨ? ਕਿਸੇ ਵਿਚ ਘੱਟੀ ਹੋਵੇ ਘਟਨਾ, ਉਸੇ ਦੇ ਕੋਲ ਬੈਠ ਕੇ ਜਾਣ ਸਕੋਗੇ।

ਜਪ ਤਪ ਜੋਗੀ ਸੰਜਮ ਸਾਰ। ਬਾਲੇ ਕੰਦ੍ਰਪ ਕੀਆ ਛਾਰ।
ਯੇਹਾ ਜੋਗੀ ਮੈਂ ਜੋਯ। ਦੂਜਾ ਪੇਟ ਭਰੈ ਸਭ ਕੋਯ ॥

ਇਹ ਸਾਰੇ ਜਪ ਤਪ ਦਾ, ਸਾਰੇ ਸੰਜਮ ਦਾ ਸਾਰ ਹੈ—ਸਤਸੰਗ। ਇਸ ਦੇ ਬਿਨਾਂ ਕੁਝ ਵੀ ਨਹੀਂ ਹੋ ਸਕਦਾ। ਇਸਦੇ ਬਿਨਾਂ ਤੁਸੀਂ ਜੋ ਵੀ ਕਰੋਗੇ ਉਹ ਅੰਨ੍ਹੇ ਆਦਮੀ ਦਾ ਟਟੋਲਣਾ ਹੈ। ਉਹ ਅੰਨ੍ਹਾ ਆਦਮੀ ਜਿਵੇਂ ਤੀਰ ਚਲਾ ਰਿਹਾ ਹੋਵੇ। ਨ ਉਸਨੂੰ ਤੀਰ ਵਿਖਾਈ ਪੈ ਰਿਹਾ ਹੈ, ਨ ਉਸ ਨੂੰ ਲਕਸ਼ (ਨਿਸ਼ਾਨਾ) ਵਿਖਾਈ ਦੇ ਰਿਹਾ ਹੈ। ਹਨੇਰੇ ਵਿਚ ਚਲਾਏ ਗਏ ਤੀਰ ਕਦੇ ਲਗਦੇ ਹਨ? ਜੇ ਲਗ ਵੀ ਜਾਣ ਤਾਂ ਉਨ੍ਹਾਂ ਦਾ ਕੋਈ ਮੁੱਲ ਨਹੀਂ।

ਜਪ ਤਪ ਜੋਗੀ ਸੰਜਮ ਸਾਰ। ਸਤਸੰਗ ਨਾਲ ਹੀ ਇੱਕ ਸੰਯਮ ਦਾ ਪਰਕਾਸ਼ ਹੁੰਦਾ ਹੈ ਜੋ ਕਿ ਸਭ ਜਪ ਅਤੇ ਤਪ ਦਾ ਸਾਰ ਹੈ।

ਸੰਯਮ ਸ਼ਬਦ ਨੂੰ ਸਮਝਣਾ। ਸੰਯਮ ਸ਼ਬਦ ਬਹੁਤ ਵਿਕ੍ਰਤ (ਖ਼ਰਾਬ) ਹੋ ਗਿਆ ਹੈ ਲੋਕਾਂ ਦੇ ਹਥਾਂ ਵਿਚ। ਤੁਸੀਂ ਆਮ ਤੌਰ ਤੇ ਤਿਆਗੀ ਨੂੰ ਸੰਯਮੀ ਕਹਿੰਦੇ ਹੋ, ਜੋ ਗਲਤ ਹੈ। ਨ ਤਾਂ ਭੋਗੀ ਸੰਜਮੀ ਹੈ, ਨ ਤਿਆਗੀ ਸੰਯਮੀ ਹੈ: ਦੋਵੇਂ ਅਸੰਯਮੀ ਹਨ। ਇੱਕ ਭੋਗ ਦੀ ਦਿਸ਼ਾ ਵਿਚ ਅਸੰਯਮ ਕਰ ਰਿਹਾ ਹੈ, ਦੂਜਾ ਤਿਆਗ ਦੀ ਦਿਸ਼ਾ ਵਿਚ ਅਸੰਯਮ ਕਰ ਰਿਹਾ ਹੈ। ਸੰਜਮੀ ਤਾਂ ਵਿਚਾਲੇ ਹੀ ਹੁੰਦਾ ਹੈ। ਸੰਯਮ ਸ਼ਬਦ ਦਾ ਹੀ ਅਰਥ ਹੁੰਦਾ ਹੈ ਮਧਯ ਵਿਚ, ਸੰਤੁਲਿਤ, ਸਮਭਾਵ ਵਿਚ।

ਇੱਕ ਆਦਮੀ ਬਹੁਤ ਖਾ ਰਿਹਾ ਹੈ, ਇਹ ਅਸੰਜਮੀ ਹੈ; ਅਤੇ ਇੱਕ ਆਦਮੀ ਬਹੁਤ ਬ੍ਰਤ ਕਰ ਰਿਹਾ ਹੈ, ਇਹ ਵੀ ਅਸੰਯਮੀ ਹੈ। ਇਹ ਦੂਜੇ ਕੰਢੇ ਤੇ ਅਸੰਯਮੀ ਹੈ। ਪਰ ਜੋ ਸਮਯਕ ਆਹਾਰ ਕਰਦਾ ਹੈ, ਜਿੰਨਾਂ ਜ਼ਰੂਰੀ ਹੈ ਓਨਾ ਖਾਂਦਾ ਹੈ, ਨ ਘੱਟ ਨ ਜ਼ਿਆਦਾ—ਉਹ ਸੰਯਮੀ।

ਸੰਯਮ ਸ਼ਬਦ ਜੀਵਨ ਦੇ ਸੰਗੀਤ ਦਾ ਸੂਚਕ ਹੈ। ਸੰਯਮ ਸੰਗੀਤ ਹੈ। ਜੀਵਨ-ਵੀਣਾ ਦੇ ਤਾਰ ਨ ਤਾਂ ਬਹੁਤ ਕੱਸੇ ਹੋਣ ਨ ਬਹੁਤ ਢਿੱਲੇ ਹੋਣ।

ਐਸਾ ਜੋਗੀ ਜਗ ਮੈਂ ਜੋਯ। ਅਜਿਹਾ ਹੀ ਜੋਗੀ ਕਿੱਤੇ ਕੋਈ ਮਿਲੇ ਤਾਂ ਵੇਖਣ ਲਾਇਕ ਹੈ; ਜਿਹੜਾ ਸੰਜਮੀ ਹੋਵੇ ਨ ਭੋਗੀ ਨ ਤਿਆਗੀ। ਇਹ ਅੜਚਨ ਹੈ ਮੇਰੇ ਨਾਲ, ਮੇਰੇ ਸੰਨਿਆਸੀਆਂ ਦੇ ਨਾਲ। ਉਨ੍ਹਾਂ ਨੂੰ ਮੈਂ ਤਿਆਗੀ ਬਨਣ ਲਈ ਨਹੀਂ ਕਹਿ ਰਿਹਾ। ਤੇ ਤੁਸੀਂ ਸਦੀਆਂ ਤੋਂ ਇਹ ਸਮਝਿਆ ਹੈ ਕਿ ਤਿਆਗੀ ਸੰਜਮੀ ਹੁੰਦਾ ਹੈ। ਇਸ ਲਈ ਤੁਸੀਂ ਸੋਚਦੇ ਹੋ ਕਿ ਮੈਂ ਆਪਣੇ ਸੰਨਿਆਸੀਆਂ ਨੂੰ ਸੰਜਮ ਨਹੀਂ ਸਿੱਖਾ ਰਿਹਾ। ਮੈਂ ਉਨ੍ਹਾਂ ਨੂੰ ਸੰਜਮ ਹੀ ਸਿੱਖਾ ਰਿਹਾ ਹਾਂ (ਸੰਯਮ ਅਤੇ ਸੰਜਮ ਦੋਵੇਂ ਇੱਕ ਹੀ ਹਨ) ਮੈਂ ਉਨ੍ਹਾਂ ਨੂੰ ਕਹਿ ਰਿਹਾ ਹਾਂ : ਭੋਗ ਤੋਂ ਥੋੜ੍ਹਾ ਹਟੋ, ਤਿਆਗ ਦੇ ਵਲ ਨ ਝੁੱਕ ਜਾਣਾ। ਭੋਗ ਹੈ ਸੱਜੇ, ਤਿਆਗ ਹੈ ਖੱਬੇ; ਸਤਯ ਹੈ ਦੋਹਾਂ ਦੇ ਵਿਚਕਾਰ, ਬਿਲਕੁੱਲ ਵਿਚਕਾਰ—ਮਜੰਝਿਮ ਨਿਕਾਏ ਹੈ। ਉਹ ਹੀ ਹੈ ਸਵਰਣ ਪੱਥ, ਵਿਚਕਾਰ ਰਹਿਣਾ। ਰਹਿਣਾ ਸੰਸਾਰ ਵਿਚ, ਪਰ ਰਹਿਣਾ ਇਸ ਤਰ੍ਹਾਂ ਜਿਵੇਂ ਸੰਸਾਰ ਤੁਹਾਡੇ ਵਿਚ ਬਿਲਕੁੱਲ ਨ ਹੋਵੇ। ਬੈਠਣਾ ਬਾਜ਼ਾਰ ਵਿਚ ਅਤੇ ਹੋਣਾ ਧਿਆਨ ਵਿਚ।

ਯੇਹਾ ਜੋਗੀ ਜਗ ਮੈਂ ਜੋਯ। ਦੇਖਣਾ ਹੋਵੇ ਕਦੇ, ਵੇਖਣ ਲਾਇਕ ਜੇਕਰ ਜਗਤ ਵਿਚ ਕੋਈ ਅਪੂਰਵ ਘਟਨਾ ਹੈ ਤਾਂ ਤਾਜਮਹਲ ਨਹੀਂ ਹੈ, ਤੇ ਨ ਮਿਸਰ ਦੇ ਪਿਰਾਮਿਡ ਹਨ ਅਤੇ ਨ ਚੀਨ ਦੀ ਦੀਵਾਰ ਹੈ—ਜੇਕਰ ਵੇਖਣ ਦੇ ਲਾਇਕ ਕੋਈ ਘਟਨਾ ਹੈ ਜਗਤ ਵਿਚ ਤਾਂ ਅਜਿਹਾ ਵਿਅਕਤੀ ਜਿਹੜਾ ਮਧਯ ਵਿਚ ਆ ਗਿਆ ਹੈ, ਜਿਹੜਾ ਸੰਯਮ ਵਿਚ ਹੈ। ਕਿਉਂਕਿ ਓਥੋਂ ਉਠਦੀ ਹੈ ਇੱਕ ਸੁਵਾਸ, ਇੱਕ ਨਾਦ, ਜਿਹੜਾ ਤੁਹਾਡੀ ਸਮਝ ਵਿਚ ਆ ਜਾਏ, ਜੋ ਤੁਹਾਡੇ ਨਾਸਾਪੁਟਾਂ ਵਿਚ (ਨੱਕ ਦੇ ਅੰਦਰ) ਆ ਜਾਏ ਕਿ ਤੁਹਾਡੇ ਕੰਨਾਂ ਨੂੰ ਵਿੰਨ੍ਹ ਜਾਏ, ਕਿ ਤੁਹਾਡੇ ਹ੍ਰਿਦੇ ਨੂੰ ਵਿੰਨ੍ਹ ਦੇਵੇ—ਤਾਂ ਤੁਸੀਂ ਰੂਪਾਂਤਰਿਤ ਹੋਣ ਲੱਗੋ, ਤੁਹਾਡੇ ਜੀਵਨ ਵਿਚ ਇੱਕ ਨਵੀਂ ਯਾਤ੍ਰਾ ਸ਼ੁਰੂ ਹੋਵੇ : ਤਮਸੋ ਮਾ ਜਯੋਤਿਰਗਮਯ। ਤੁਸੀਂ ਟੁਰ ਪਓ ਹਨੇਰੇ ਤੋਂ ਪ੍ਰਕਾਸ਼ ਦੇ

ਵਲ। ਮ੍ਰਤੋਯਰ ਮਾ ਅਮ੍ਰਤਮਗਮਯ ! ਤੁਸੀਂ ਮੌਤ ਤੋਂ ਅੰਮ੍ਰਿਤ ਦੇ ਵਲ ਟੁਰ ਪਓ। ਅਸਤੋ ਮਾ ਸਦਗਮਯ। ਤੁਸੀਂ ਅਸਤਯ ਤੋਂ ਸਤਯ ਦੇ ਵਲ ਟੁਰ ਪਓ। ਪਰ ਇਹ ਘਟਨਾ ਘੱਟੇਗੀ ਕਿਸੇ ਸੰਜਮ ਦੇ ਕੋਲ।

ਗੁਰੂ ਮੁਸ਼ਿ ਬਿਨਾਂ ਨ ਭਾਜਸੀ...।

ਯੇਹਾ ਜੋਗੀ ਜਗ ਮੇਂ ਜੋਯ। ਦੂਜਾ ਪੇਟ ਭਰੈ ਸਭ ਕੋਯ॥

ਅਤੇ ਬਾਕੀ ਜੋ ਜੋਗ ਦੇ ਨਾਮ ਨਾਲ ਚਲਦਾ ਹੈ ਸਾਰਾ ਧੰਦਾ, ਗੋਰਖ ਧੰਦਾ, ਉਹ ਤਾਂ ਢਿੱਡ ਭਰਨ ਦੀ ਤਰਕੀਬ ਹੈ, ਉਸ ਤੋਂ ਜ਼ਿਆਦਾ ਕੁਝ ਵੀ ਨਹੀਂ। ਤਾਂ ਤੁਸੀਂ ਵੇਖ ਸਕਦੇ ਹੋ ਤੁਹਾਡੇ ਅਖੰਡਾਨੰਦ, ਪਾਖੰਡਾਨੰਦ ਵਗੈਰ੍ਹਾ, ਵਗੈਰ੍ਹਾ ...। ਕੁਲ੍ਹ ਕੰਮ ਇੰਨਾ ਹੈ ਕਿ ਢਿੱਡ ਵੱਡਾ ਹੁੰਦਾ ਜਾਏ । ਜਿੰਨੀ ਵੱਡੀ ਤੋਂਦ ਓਨਾ ਵੱਡਾ ਜੋਗੀ—ਅਜਿਹੀ ਗਲਤੀ ਹੈ ਪਰਿਭਾਸ਼ਾ ਦੀ। ਸਭ ਨੂੰ ਮਾਤ ਕਰ ਦਿੱਤਾ ਹੈ ਗਣੇਸ਼ ਪੁਰੀ ਦੇ ਬਾਬਾ ਮੁਕਤਾਨੰਦ ਦੇ ਗੁਰੂ ਨਿਤਯਾਨੰਦ ਨੇ। ਉਨ੍ਹਾਂ ਦੀ ਤਸਵੀਰ ਵੇਖੀ ? ਉਨ੍ਹਾਂ ਦੀ ਤਸਵੀਰ ਵੇਖਣਾ ਅਤੇ ਫ਼ਿਰ ਪੜ੍ਹਨਾ ਇਹ ਗੋਰਖ ਦਾ ਵਚਨ : ਦੂਜਾ ਪੇਟ ਭਰੈ ਸਭ ਕੋਯ। ਢਿੱਡ ਤੁਸੀਂ ਬਹੁਤ ਵੇਖੇ ਹੋਣਗੇ, ਪਰ ਨਿਤਯਾਨੰਦ ਦਾ ਕੋਈ ਮੁਕਾਬਲਾ ਨਹੀਂ, ਢਿੱਡ ਹੀ ਢਿੱਡ ਹੈ ! ਤਸਵੀਰ ਵੇਖੀ ਹੈ ਕਿ ਨਹੀਂ ? ਨਹੀਂ ਵੇਖੀ ਹੋਵੇ ਤਾਂ ਜ਼ਰੂਰ ਵੇਖਣਾ।

ਲੋਕ ਬਸ ਭਰੀ ਜਾ ਰਹੇ ਹਨ। ਅਤੇ ਇਨ੍ਹਾਂ ਨੂੰ ਤੁਸੀਂ ਸੰਨਿਆਸੀ ਕਹਿੰਦੇ ਹੋ, ਮਹਾਤਮਾ ਕਹਿੰਦੇ ਹੋ। ਸੰਜਮ ਇੱਕ ਸੰਗੀਤ ਹੈ। ਸੰਜਮ ਇੱਕ ਅਪੂਰਵ ਕਲਾ ਹੈ। ਜ਼ਬਰਦਸਤੀ ਦਾ ਨਾਮ ਸੰਜਮ ਨਹੀਂ ਹੈ। ਸਹਿਜਤਾ ਦਾ ਨਾਮ ਸੰਜਮ ਹੈ।

ਕੈਸੇ ਬੋਲੋ ਪੰਡਿਤਾ, ਦੇਵ ਕੌਨੇ ਠਾਂਈ

ਨਿਜ ਤਤ ਨਿਹਾਰਤਾਂ ਅਮਹੇਂ ਤੁਮਹੇਂ ਨਹੀਂ।

ਓਏ ਪੰਡਤੋ, ਓਏ ਪੜ੍ਹੇ ਲਿਖੇ ਲੋਕੋ ! ਤੁਹਾਨੂੰ ਮੈਂ ਕਿਵੇਂ ਸਮਝਾਵਾਂ ਕਿ ਪਰਮਾਤਮਾ ਕਿਸ ਥਾਂ ਹੈ, ਕਿਉਂਕਿ ਪਰਮਾਤਮਾ ਸਭ ਥਾਂ ਹੈ, ਉਹ ਹੀ ਹੈ ਹੋਰ ਕੁਝ ਵੀ ਨਹੀਂ ਹੈ।

ਓਏ ਪੰਡਿਤੋ ਤੁਹਾਨੂੰ ਮੈਂ ਕਿਵੇਂ ਸਮਝਾਵਾਂ ਕਿ ਪਰਮਾਤਮਾ ਕਿੱਥੇ ਹੈ ...

ਪਰਮਾਤਮਾ ਕਿੱਥੇ ਨਹੀਂ ਹੈ?

ਨਿਜ ਤਤ ਨਿਹਾਰਤਾਂ ਅਮਹੇਂ ਤੁਮਹੇਂ ਨਹੀਂ।

ਇੱਕ ਗੱਲ ਤੁਹਾਨੂੰ ਕਹਿ ਸਕਦਾ ਹਾਂ, ਜੇਕਰ ਤੁਸੀਂ ਆਪਣੇ ਆਪ ਨੂੰ ਵੇਖੋ ਤਾਂ ਤੁਸੀਂ ਓਥੇ ਨ ਮੈਂ ਪਾਓਗੇ ਨ ਤੂੰ ਪਾਓਗੇ ਅਤੇ ਜਿਸ ਘੜੀ ਨ ਮੈਂ ਰਹਿ ਜਾਏ ਨ ਤੂੰ ਰਹਿ ਜਾਏ ਤਾਂ ਜੋ ਰਹਿ ਜਾਏਗਾ, ਉਹ ਹੀ ਪਰਮਾਤਮਾ ਹੈ, ਹੋਰ ਕਿੱਤੇ ਤੁਸੀਂ ਪਰਮਾਤਮਾ ਨੂੰ ਨਹੀਂ ਪਾ ਸਕੋਗੇ। ਗੋਰਖ ਦਾ ਇੱਕ ਵਚਨ ਹੈ :

ਦ੍ਰਿਸ਼ਟਿ ਅਗ੍ਰੇ ਦ੍ਰਿਸ਼ਟਿ ਲੁਕਾਇਬਾ, ਸੁਰਤਿ ਲੁਕਾਇਬਾ ਕਾਂਨ ।

ਨਾਸਿਕਾ ਅਗ੍ਰੇ ਪਵਨ ਲੁਕਾਇਬਾ, ਤਬ ਰਹਿ ਗਿਆ ਪਦ ਨਿਰਬਾਂਨ ॥

ਅੱਖ ਵਿਚ ਜੋਤ ਨੂੰ ਲੁੱਕਾ ਲਓ, ਵੇਖਣ ਦੀ ਕਲਾ ਨੂੰ ਲੁੱਕਾ ਲਓ। ਬਾਹਰ ਨ ਵੇਖੋ, ਬਾਹਰ ਵੇਖਣ ਵਿਚ ਉਲਝ ਗਏ ਹੋ।

ਦ੍ਰਿਸ਼ਟਿ ਅਗ੍ਰੇ ਦ੍ਰਿਸ਼ਟਿ ਲੁੱਕਾਇਬਾ ! ਲੁੱਕਾ ਲਓ ਅੱਖਾਂ ਵਿਚ ਵੇਖਣ ਦੀ ਤਾਕਤ ਨੂੰ ਅਤੇ

ਕਰ ਲਓ ਅੱਖਾਂ ਬੰਦ, ਤਾਂ ਕਿ ਵੇਖਣ ਦੀ ਸਾਰੀ ਤਾਕਤ ਅੰਦਰ ਹੀ ਇਕੱਠੀ ਹੋ ਜਾਏ, ਤਾਂ ਕਿ ਤੁਸੀਂ ਆਪਣੇ ਆਪ ਨੂੰ ਵੇਖ ਸਕੋ।

ਸੁਰਤਿ ਲੁੱਕਾਇਬਾ ਕਾਂਨ ! ਅਤੇ ਹੁਣ ਕੰਨਾਂ ਤੋਂ ਬਾਹਰ ਨ ਸੁਣੋ। ਹੁਣ ਕੰਨਾਂ ਨੂੰ ਬਾਹਰੋਂ ਤਾਂ ਮੁਕਤ ਕਰ ਲਓ ਅਤੇ ਅੰਦਰ ਸੁਣੋ।

ਸੁਰਤਿ ਲੁੱਕਾਇਬਾ ਕਾਂਨ। ਨਾਸਿਕਾ ਅਗ੍ਰੇ ਖਵਨ ਲੁੱਕਾਇਬਾ। ਬਹੁਤ ਲੈ ਚੁੱਕੇ ਬਾਹਰ ਦੀ ਸੁਵਾਸ; ਹੁਣ ਉਸ ਘੜੀ ਦੀ ਤਲਾਸ਼ ਕਰੋ ਜਦ ਬਾਹਰ ਸੁਵਾਸ ਥਿਰ ਹੋ ਜਾਂਦੀ ਹੈ, ਸ਼ਾਂਤ ਹੋ ਜਾਂਦੀ ਹੈ, ਆਉਂਦੀ ਨਹੀਂ ਜਾਂਦੀ ਨਹੀਂ। ਤਦ ਤੁਹਾਨੂੰ ਅੰਦਰ ਇੱਕ ਨਵੇਂ ਪ੍ਰਾਣ ਦਾ ਅਨੁਭਵ ਹੋਵੇਗਾ, ਇੱਕ ਨਵੀਂ ਸੁਵਾਸ ਦਾ ਅਨੁਭਵ ਹੋਵੇਗਾ।

ਤਬ ਰਹਿ ਗਿਆ ਪਦ ਨਿਰਬਾਨੰ! ਫਿਰ ਕੁਝ ਨਹੀਂ ਬਚਿਆ, ਫਿਰ ਪਦ ਨਿਰਵਾਣ ਹੀ ਰਹਿ ਗਿਆ। ਉਹ ਵੀ ਅਨੁਭਵ ਪਰਮਾਤਮਾ ਦਾ ਅਨੁਭਵ ਹੈ, ਉਹ ਹੀ ਅਨੁਭਵ ਮੋਖਸ਼ ਦਾ, ਉਹ ਹੀ ਨਿਰਵਾਣ ਦਾ। ਇਹ ਨਾਂਵਾਂ ਦੇ ਭੇਦ ਹਨ।

ਰਹਿ ਗਿਆ ਪਦ ਨਿਰਬਾਨੰ ! ਕੈਸੇ ਬੋਲੈ ਪੰਡਿਤਾ, ਦੇਵ ਕੌਨੇਂ ਠਾਂਈ।

ਕਿਵੇਂ ਤੁਹਾਨੂੰ ਦਸਾਂ ਪੰਡਿਓ, ਤੁਸੀਂ ਸ਼ਾਸਤ੍ਰਾਂ ਵਿਚ ਲਭ ਰਹੇ ਹੋ, ਪਾਗਲ ਹੋ ਗਏ ਹੋ। ਤੀਰਥਾਂ ਵਿਚ ਲਭ ਰਹੇ ਹੋ, ਪਾਗਲ ਹੋ ਗਏ ਹੋ, ਮੂਰਤੀਆਂ ਵਿਚ ਲਭ ਰਹੇ ਹੋ, ਪਾਗਲ ਹੋ ਗਏ ਹੋ। ਪਰਮਾਤਮਾ ਅਜਿਹੀਆਂ ਥਾਵਾਂ ਤੇ ਨਹੀਂ ਮਿਲੇਗਾ।

ਨਿਜ ਤਤ ਨਿਹਾਰਤਾਂ, ਆਪਣੇ ਆਪ ਨੂੰ ਨਿਹਾਰੋ !

ਅਮਹੇਂ ਤੁਮਹੇਂ ਨਹੀਂ। ਜਿੱਥੇ ਨ ਅਸੀਂ ਬਚਾਂਗੇ ਨ ਤੁਸੀਂ; ਨ ਮੈਂ ਨ ਤੂੰ—ਉੱਥੇ ਜੋ ਬਾਕੀ ਰਹਿ ਜਾਂਦਾ ਹੈ ਉਹੀ ਪਰਮਾਤਮਾ ਹੈ।

ਤਦ ਰਹਿ ਗਿਆ ਪਦ ਨਿਰਬਾਨੰ। ਪਸ਼ਾਣਚੀ ਦੇਵਲੀ !

ਮੂਰਤੀ ਵੀ ਪਥੱਰ ਦੀ ਬਣਾ ਲਈ ਹੈ।

ਪਸ਼ਾਣ ਚਾ ਦੇਵ ! ਮੰਦਿਰ ਵੀ ਪਥੱਰ ਦਾ, ਮੂਰਤੀ ਵੀ ਪਥੱਰ ਦੀ !

ਪਸ਼ਾਣ ਪੂਜਿਲਾ ਕੈਸੇ ਫੀਟਿਲਾ ਸਨੇਹ।

ਅਤੇ ਪਥੱਰ ਪੂਜ-ਪੂਜ ਕੇ ਤੁਸੀਂ ਸੋਚ ਰਹੇ ਹੋ ਕਿ ਤੁਹਾਡੇ ਅੰਦਰ ਪ੍ਰੇਮ ਦਾ ਝਰਨਾ ਫੁੱਟ ਪਏਗਾ? ਖੂਬ ਸੰਭਾਲ ਕੇ ਰਖੱਣਾ ਇਸ ਵਚਨ ਨੂੰ ਹ੍ਰਿਦੇ ਵਿਚ! ਇਸ ਦੇਸ਼ ਵਿਚ ਇਹ ਦੁਰਘਟਨਾ ਇੰਨੀ ਘੱਟੀ ਹੈ ਕਿ ਇਸ ਲਈ ਪ੍ਰਮਾਣ ਦੇਣ ਦੀ ਲੋੜ ਨਹੀਂ ਹੈ। ਇਹ ਦੇਸ਼ ਇੰਨਾ ਪਾਸ਼ਾਣ-ਹ੍ਰਿਦੇ ਹੋ ਗਿਆ, ਇਸ ਦਾ ਕੁੱਲ ਕਾਰਣ ਪਥੱਰਾਂ ਦੀ ਪੂਜਾ ! ਪਥੱਰਾਂ ਨੂੰ ਪੂਜੋਗੇ ਪਥੱਰ ਹੋ ਜਾਓਗੇ। ਜ਼ਰਾ ਪੂਜਾ ਸੋਚ-ਸਮਝ ਕੇ ਕਰਨਾ। ਕਿਉਂਕਿ ਜਿਸ ਨੂੰ ਤੁਸੀਂ ਪੂਜੋਗੇ, ਉਹ ਹੀ ਤੁਹਾਡਾ ਜੀਵਨ-ਲਕਸ਼ ਹੋ ਗਿਆ। ਜਿਸ ਨੂੰ ਪੂਜੋਗੇ ਉਹ ਹੀ ਤੁਹਾਡੇ ਲਈ ਦ੍ਰਿਸ਼ਟਾਂਤ ਹੋ ਗਿਆ। ਜਿਸ ਨੂੰ ਤੁਸੀਂ ਪੂਜੋਗੇ ਉਸੇ ਤਰ੍ਹਾਂ ਦੇ ਤੁਸੀਂ ਹੋਣ ਲਗੋਗੇ। ਜ਼ਰਾ ਸੋਚ ਕੇ ਪੂਜਣਾ !

ਪਸ਼ਾਣ ਚੀ ਦੇਵਲੀ ਪਸ਼ਾਣ ਚਾ ਦੇਵ,
ਪਸ਼ਾਣ ਪੂਜਿਲਾ ਕੈਸੇ ਫੀਟਿਲਾ ਸਨੇਹ।

ਹੋਰ ਤੁਹਾਡੇ ਅੰਦਰ ਕਿਵੇਂ ਪ੍ਰਾਰਥਨਾ ਉੱਠੇ, ਕਿਵੇਂ ਪ੍ਰੇਮ ਜਾਗੇ, ਕਿਵੇਂ ਨੇਹ ਦਾ ਦੀਵਾ

ਪੈਦਾ ਹੋਵੇ ? ਪਥੱਰ ਤੁਹਾਡਾ ਦੇਵਤਾ ਹੈ, ਪਥੱਰ ਦੇ ਤੁਹਾਡੇ ਮੰਦਰ ਹਨ, ਤੁਸੀਂ ਵੀ ਪਥੱਰ ਹੋ ਗਏ ਹੋ! ਪਥੱਰ ਜਿਸ ਦਾ ਭਗਵਾਨ ਹੈ, ਉਹ ਭਗਤ ਜ਼ਿਆਦਾ ਦਿਨ ਤੱਕ ਆਦਮੀ ਨਹੀਂ ਰਹਿ ਸਕੇਗਾ, ਪਥੱਰ ਹੋ ਜਾਏਗਾ।

ਇਸ ਲਈ ਇਸ ਦੇਸ਼ ਵਿਚ ਬਹੁਤ ਚਮਤਕਾਰ ਦੀ ਗੱਲ ਤੁਹਾਨੂੰ ਵਿਖਾਈ ਪਏਗੀ। ਲੋਕ ਖ਼ੂਬ ਪੂਜਾ ਕਰ ਰਹੇ ਹਨ, ਪ੍ਰਾਰਥਨਾ ਕਰ ਰਹੇ ਹਨ ਅਤੇ ਬਿਲਕੁੱਲ ਪਥੱਰ ਹਨ ! ਨ ਦਯਾ ਹੈ, ਨ ਕਰੁਣਾ ਹੈ, ਨ ਪ੍ਰੇਮ ਹੈ। ਬਿਲਕੁੱਲ ਦਯਾ, ਕਰੁਣਾ, ਪ੍ਰੇਮ ਸਮਾਪਤ ਹੋ ਗਏ ਹਨ। ਕਿਸੇ ਨੂੰ ਕੁਝ ਲੈਣਾ-ਦੇਣਾ ਨਹੀਂ ਹੈ। ਕੋਈ ਮਰ ਰਿਹਾ ਹੋਵੇ, ਕੋਈ ਜੀ ਰਿਹਾ ਹੋਵੇ, ਕਿਸੇ ਨੂੰ ਕੋਈ ਮਤਲਬ ਨਹੀਂ।

ਅਤੇ ਲੋਕਾਂ ਨੇ ਖ਼ੂਬ ਸਿੱਧਾਂਤ ਲੱਭ ਲਏ ਹਨ ਕਿ ਆਪਣੇ-ਆਪਣੇ ਕਰਮਾਂ ਦਾ ਫ਼ੱਲ ਲੋਕ ਭੋਗ ਰਹੇ ਹਨ, ਅਸੀਂ ਕੀ ਕਰੀਏ ? ਅਸੀਂ ਤਾਂ ਅੱਜੇ ਮੰਦਰ ਪੂਜਾ ਕਰਨ ਜਾ ਰਹੇ ਹਾਂ। ਲੋਕ ਆਪਣੇ-ਆਪਣੇ ਕਰਮਾਂ ਦਾ ਫ਼ੱਲ ਭੋਗ ਰਹੇ ਹਨ; ਜਿਸਨੇ ਜਿਹੋ ਜਿਹਾ ਕੀਤਾ ਹੈ, ਉਹੋ ਜਿਹਾ ਭੋਗੇਗਾ। ਜਿਸ ਨੇ ਜਿਸ ਤਰ੍ਹਾਂ ਦਾ ਬੀਜਿਆ ਹੈ ਉਸੇ ਤਰ੍ਹਾਂ ਦਾ ਵੱਢੇਗਾ। ਜੇਕਰ ਤੁਹਾਡੇ ਘਰ ਵਿਚ ਅੱਗ ਲਗ ਗਈ ਹੈ ਤਾਂ ਤੁਸੀਂ ਕਦੇ ਲਗਾਈ ਹੋਵੇਗੀ ਕਿਸੇ ਦੇ ਘਰ ਵਿਚ। ਹੁਣ ਭੋਗੋ, ਕੌਣ ਬੁਝਾਏ? ਤੁਸੀਂ ਭੁੱਖੇ ਮਰ ਰਹੇ ਹੋ, ਮਰੋ; ਮਾਰਿਆ ਹੋਏਗਾ ਕਿਸੇ ਨੂੰ ਭੁੱਖਾ, ਪਿਛਲੇ ਜਨਮਾਂ ਵਿਚ। ਤਾਂ ਹੁਣ ਫ਼ੱਲ ਭੋਗ ਰਹੇ ਹੋ।

ਇਹ ਤਰਕੀਬਾਂ ਹਨ। ਇਹ ਸਿੱਧਾਂਤਾਂ ਦੇ ਜਾਲ ਹਨ। ਅਤੇ ਖ਼ਿਆਲ ਰਖੱਣਾ ਜਿਵੇਂ ਮਕੜੀਆਂ ਜਾਲ ਫੈਲਾਉਂਦੀਆਂ ਹਨ, ਮਖੀਆਂ ਨੂੰ ਫੜਨ ਲਈ, ਫਿਰ ਅਜਿਹੀ ਥੋੜ੍ਹੇ ਘੋਸ਼ਣਾ (ਐਲਾਨ) ਕਰਦੀ ਹੈ ਆਪਣੇ ਜਾਲ ਉੱਤੇ ਬੈਠ ਕੇ, ਕਿ ਆਓ ਮਖੀਓ ਅਤੇ ਫਸੋ, ਅਸੀਂ ਤੁਹਾਨੂੰ ਖਾਵਾਂਗੇ।

ਫਿਰ ਕਿਹੜੀ ਮੱਖੀ ਫਸੇਗੀ? ਮਕੜੀ ਜਾਲ ਫੈਲਾ ਦਿੰਦੀ ਹੈ, ਫਿਰ ਮਖੀਆਂ ਨੂੰ ਕਹਿੰਦੀ ਹੈ ਜਾਓ ਮਖੀਓ, ਚਾਹ ਪੀਓ, ਨਾਸ਼ਤਾ ਕਰੋ। ਕਦੇ-ਕਦੇ ਆਓ, ਮਿਲੋ-ਜੁਲੋ। ਸਤਿਸੰਗ ਹੋਵੇ, ਦੋ ਗੱਲਾਂ ਹੋਣ। ਤਦ ਮੱਖੀ ਫਸੇਗੀ। ਫਸ ਗਈ ਕਿ ਫਸ ਗਈ।

ਸਿੱਧਾਂਤਾਂ ਦੇ ਬੜੇ ਮਕੜੀ ਦੇ ਜਾਲੇ ਵਰਗੇ ਜਾਲ ਤੁਹਾਡੇ ਚੌਹੀਂ ਪਾਸੀਂ ਫੈਲੇ ਹੋਏ ਹਨ। ਤੁਸੀਂ ਉਨ੍ਹਾਂ ਵਿਚ ਫਸੇ ਤੜਫ਼ ਰਹੇ ਹੋ, ਮਕੜੀਆਂ ਤੁਹਾਨੂੰ ਚੂਸ ਰਹੀਆਂ ਹਨ। ਇਹ ਹੀ ਮਕੜੀਆਂ ਤੁਹਾਡੇ ਧਰਮ ਗੁਰੂ ਬਣ ਕੇ ਬੈਠ ਗਈਆਂ ਹਨ। ਪੰਡਿਤ, ਪ੍ਰੋਹਿਤ, ਇਹ ਤੁਹਾਡੇ ਲਈ ਜੀਵਨ-ਦਰਸ਼ਕ ਹੋ ਗਏ ਹਨ, ਜੀਵਨ-ਦ੍ਰਸ਼ਟਾ ਹੋ ਗਏ ਹਨ।

ਇਹ ਤੁਹਾਨੂੰ ਰਾਹਾਂ ਤੇ ਚਲਾ ਰਹੇ ਹਨ, ਇਹ ਤੁਹਾਨੂੰ ਰਾਹ ਵਿਖਾ ਰਹੇ ਹਨ—ਜਿਨ੍ਹਾਂ ਨੂੰ ਕੋਈ ਰਾਹ ਪਤਾ ਨਹੀਂ ਹੈ! ਜਿਨ੍ਹਾਂ ਨੇ ਅੱਜੇ ਸ੍ਵੈ ਕੋਈ ਅਨੁਭਵ ਨਹੀਂ ਕੀਤਾ ਹੈ, ਉਹ ਆਤਮਾ ਦੀ ਗੱਲ ਕਰ ਰਹੇ ਹਨ, ਪਰਮਾਤਮਾ ਦੀ ਗੱਲ ਕਰ ਰਹੇ ਹਨ। ਕੋਰੇ ਸ਼ਬਦ ਹਨ, ਥੋਥੇ ਸ਼ਬਦ ਹਨ। ਉਨ੍ਹਾਂ ਸ਼ਬਦਾਂ ਵਿਚ ਸੁਵਾਸ ਨਹੀਂ ਨਾਮ ਹ੍ਰਿਦਾ ਧੜਕਦਾ ਹੈ।

ਪਾਸ਼ਾਂਣ ਚੀ ਦੇਵਲੀ ਪਾਸ਼ਾਣ ਚਾ ਦੇਵ,
ਪਾਸ਼ਾਂਣ ਪੂਜਿਲਾ ਕੈਸੇ ਫੀਟਿਲਾ ਸਨੇਹ।
ਸਰਜੀਵ ਤੋੜਿਲਾ ਨਿਰਜੀਵ ਪੂਜਿਲਾ !

ਤੁਸੀਂ ਵੇਖਦੇ ਹੋ ਨ, ਲੋਕ ਫੁੱਲ ਤੋੜ ਲੈਂਦੇ ਹਨ, ਜ਼ਿੰਦਾ ਫੁੱਲ। ਹੁਣੇ ਖਿੜਿਆ ਸੀ, ਹੁਣੇ ਹਵਾਵਾਂ ਵਿਚ ਨਚੱਦਾ ਸੀ। ਹੁਣੇ ਆਕਾਸ਼ ਵਿਚ ਆਪਣੀ ਸੁਰਭਿ (ਖ਼ੁਸ਼ਬੂ) ਬਖੇਰਦਾ ਸੀ। ਹੁਣ ਸੂਰਜ ਦੀਆਂ ਕਿਰਨਾਂ ਨਾਲ ਗੁਫ਼ਤਗੂ ਕਰਦਾ ਸੀ। ਹੁਣੇ ਕਿੰਨਾ ਮਸਤ ਸੀ, ਕਿੰਨਾ ਮਦਮਸਤ ਸੀ ਤੋੜ ਲਿਆ। ਨਿਕਲ ਪੈਂਦੇ ਹਨ ਸਵੇਰੇ ਹੀ ਫ਼ੁੱਲ ਤੋੜਨ ਲਈ। ਤੋੜ ਲਏ, ਚਲੇ ਮੰਦਰ ਵਿਚ ਚੜ੍ਹਾਉਣ। ਜੀਉਂਦੇ ਫ਼ੁੱਲ ਨੂੰ ਮਾਰ ਸੁੱਟਿਆ ਅਤੇ ਚੜ੍ਹਾ ਦਿੱਤਾ ਪਥੱਰ ਉੱਤੇ। ਜਿਹੜਾ ਚੜ੍ਹਿਆ ਸੀ ਪਰਮਾਤਮਾ ਨੂੰ, ਉਸ ਨੂੰ ਖੋਹ ਲਿਆ ਪਰਮਾਤਮਾ ਕੋਲੋਂ ਤੇ ਚੜ੍ਹਾ ਦਿੱਤਾ ਪਥੱਰ ਉੱਤੇ।

ਠੀਕ ਗੱਲ ਕਹਿੰਦੇ ਹਨ : ਸਰਜੀਵ ਤੋੜਿਲਾ ਨਿਰਜੀਵ ਪੂਜਿਲਾ।

ਤੁਸੀਂ ਹੋ ਕਿਸ ਤਰ੍ਹਾਂ ਦੇ ਪਾਗਲ! ਆਪਣੇ ਪਥੱਰਾਂ ਨੂੰ ਲਿਆ ਕੇ ਫ਼ੁੱਲਾਂ ਤੇ ਚੜ੍ਹਾ ਦਿੰਦੇ ਤਾਂ ਠੀਕ ਸੀ, ਪਰ ਫ਼ੁੱਲਾਂ ਨੂੰ ਤਾਂ ਨ ਤੋੜੋ। ਲੋਕ ਕਹਿੰਦੇ ਹਨ ਕਿ ਨਹੀਂ-ਨਹੀਂ ਫ਼ੁੱਲਾਂ ਨੂੰ ਅਸੀਂ ਬਹੁਤ ਪ੍ਰੇਮ ਕਰਦੇ ਹਾਂ, ਇਸ ਲਈ ਤੋੜਦੇ ਹਾਂ।

ਜਾਰਜ ਬਰਨਾਡ ਸ਼ਾਹ ਨੂੰ ਕਿਸੇ ਨੇ ਇੱਕ ਫ਼ੁੱਲ ਤੋੜ ਕੇ ਦੇਣਾ ਚਾਹਿਆ, ਬਗੀਚੇ ਵਿਚ ਦੋਵੇਂ ਘੁੰਮ ਰਹੇ ਸਨ। ਮਿੱਤ ਦਾ ਬਗੀਚਾ ਸੀ, ਉਸ ਵਿਚ ਫ਼ੁੱਲ ...।

ਬਰਨਾਡ ਸ਼ਾਹ ਨੂੰ ਵੇਖਿਆ ਖਲੋਤੇ ਫ਼ੁੱਲ ਦੇ ਕੋਲ ਭਾਵ-ਵਿਭੋਰ, ਮੁਗਧ ... ਤੋੜਣ ਲਗਾ। ਬਰਨਾਡ ਸ਼ਾਹ ਨੇ ਕਿਹਾ, ਰੁੱਕ-ਰੁੱਕ, ਤੋੜੀਂ ਨ। ਉਸਨੇ ਕਿਹਾ ਤੁਹਾਨੂੰ ਫ਼ੁੱਲ ਪਸੰਦ ਨਹੀਂ? ਬਰਨਾਡ ਸ਼ਾਹ ਨੇ ਕਿਹਾ ਕਿ ਬਹੁਤ ਪਸੰਦ ਹਨ, ਬਹੁਤ ਪਿਆਰ ਹੈ ! ਤਾਂ ਉਸਨੇ ਕਿਹਾ, ਇਸ ਲਈ ਤਾਂ ਮੈਂ ਤੋੜਦਾ ਹਾਂ।

ਬਰਨਾਡ ਸ਼ਾਹ ਨੇ ਕਿਹਾ : ਇਹ ਤਾਂ ਹਦ ਹੋ ਗਈ। ਜੇਕਰ ਕੋਈ ਬੱਚਾ ਪਿਆਰਾ ਹੈ, ਉਸਦੀ ਗਰਦਨ ਮਰੋੜ ਕੇ ਗੁਲਦਸਤਾ ਬਣਾਓਗੇ ? ਜੇਕਰ ਫ਼ੁੱਲ ਪਿਆਰਾ ਹੈ ਤਾਂ ਉਸਨੂੰ ਤੋੜੋਗੇ ਕਿਵੇਂ, ਉਸ ਨੂੰ ਤੋੜ ਕਿਵੇਂ ਪਾਓਗੇ? ਤੁਸੀਂ ਬੱਚਿਆਂ ਦੇ ਗਲ ਵੱਢ ਕੇ ਗੁਲਦਸਤੇ ਤਾਂ ਨਹੀਂ ਸਜਾਉਂਦੇ, ਕਿ ਰੱਖ ਦਿੱਤੀ ਟੇਬਲ ਉੱਤੇ, ਬੱਚੇ ਦੀ ਗਰਦਨ, ਕਿ ਸਾਡਾ ਪੁੱਤਰ ਹੈ ਵੇਖੋ, ਕਿੰਨਾ ਪਿਆਰਾ ! ਤਾਂ ਫ਼ੁੱਲ ਕਿਉਂ ਤੋੜਦੇ ਹੋ ?

ਗੋਰਖ ਠੀਕ ਕਹਿ ਰਹੇ ਹਨ :

ਸਰਜੀਵ ਤੋੜਿਲਾ ਨਿਰਜੀਵ ਪੂਜਿਲਾ।

ਮੈਂ ਜਬਲਪੁਰ ਬਹੁਤ ਵਰ੍ਹਿਆਂ ਤੱਕ ਰਿਹਾ। ਮੈਂ ਇੱਕ ਪਿਆਰਾ ਬਗੀਚਾ ਲਗਾ ਰੱਖਿਆ ਸੀ। ਉਸ ਵਿਚ ਬਹੁਤ ਫ਼ੁੱਲ ਖਿੜਦੇ ਸਨ। ਆਉਣ ਲਗੇ ਸਵੇਰ ਤੋਂ ਬਹੁਤ ਸਾਰੇ ਲੋਕ ਫ਼ੁੱਲ ਤੋੜਨ ਲਈ। ਤਿਲਕ, ਚਨਦਨ-ਵੰਨਦਨ ਲਾਏ ਹੋਏ।

ਰਾਮ-ਰਾਮ ਰਾਮ-ਰਾਮ ਜਪਦੇ ਹੋਏ। ਤਾਂ ਮੈਂ ਕਿਹਾ, ਫ਼ੁੱਲ ਨ ਤੋੜਣਾ। ਉਨ੍ਹਾਂ ਨੇ ਕਿਹਾ: ਪਰ ਅਸੀਂ ਤਾਂ ਪੂਜਾ ਲਈ ਤੋੜਦੇ ਹਾਂ।

ਪੂਜਾ ਲਈ ਤੋੜਣ ਲਈ ਤਾਂ ਸਭ ਹੱਕਦਾਰ ਹਨ।

ਮੈਂ ਕਿਹਾ, ਹੋਰ ਕਿਸੇ ਕੰਮ ਲਈ ਤੋੜਣੇ ਹੋਣ ਤਾਂ ਦੇ ਵੀ ਸਕਦਾ ਹਾਂ, ਪਰ ਪੂਜਾ ਲਈ ਨਹੀਂ ਦਿਆਂਗਾ।

ਉਨ੍ਹਾਂ ਨੇ ਕਿਹਾ, ਤੁਸੀਂ ਗੱਲ ਕਿਹੋ-ਜਿਹੀ ਕਰਦੇ ਹੋ !

ਮੈਂ ਕਿਹਾ : ਘਟੋ-ਘੱਟ ਪੂਜਾ ਲਈ ਤਾਂ ਨਹੀਂ। ਕਿਉਂਕਿ ਪੂਜਾ ਤਾਂ ਉਹ ਕਰ ਰਹੇ ਹਨ, ਉਨ੍ਹਾਂ ਦੀ ਪੂਜਾ ਵਿਚ ਵਿਘਨ ਨ ਪਾਓ। ਪਰਮਾਤਮਾ ਨੂੰ ਉਹ ਚੜ੍ਹੇ ਹੋਏ ਹਨ। ਹਾਂ, ਤੁਹਾਨੂੰ ਕਿਸੇ ਇਸਤ੍ਰੀ ਨਾਲ ਪ੍ਰੇਮ ਹੋ ਗਿਆ ਹੋਵੇ ਅਤੇ ਇੱਕ ਫ਼ੁੱਲ ਭੇਂਟ ਕਰਨਾ ਹੋਵੇ, ਭਲੇ ਹੀ ਲੈ ਜਾਓ। ਘਟੋ-ਘੱਟ ਜੀਉਂਦੇ ਨੂੰ ਤਾਂ ਚੜ੍ਹਾਉਗੇ।

ਨਹੀਂ-ਨਹੀਂ ਉਨ੍ਹਾਂ ਨੇ ਕਿਹਾ, ਅਸੀਂ ਤਾਂ ਭਗਵਤੀ ਜੀ ਦੇ ਮੰਦਰ ਜਾਂਦੇ ਹਾਂ।

ਮੈਂ ਕਿਹਾ ਜੀਉਂਦੀ ਭਗਵਤੀ ਨੂੰ ਚੜ੍ਹਾਓ ਤਾਂ ਤੋੜ ਸਕਦੇ ਹੋ। ਮੰਦਰ ਲਈ ਨਹੀਂ।

ਤਾਂ ਮੈਂ ਇੱਕ ਤਖ਼ਤੀ ਲੱਗਾ ਛੱਡੀ ਸੀ ਕਿ ਸਿਰਫ਼ ਪੂਜਾ ਲਈ ਛੱਡ ਕੇ ਹੋਰ ਕਿਸੇ ਵੀ ਕੰਮ ਲਈ ਤੋੜਨਾ ਹੋਵੇ ਤਾਂ ਤੋੜ ਲੈਣਾ। ਪਰ ਪੂਜਾ ਦੀ ਗੱਲ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਇਸ ਬਗੀਚੇ ਵਿਚ ਵੀ ਫ਼ੁੱਲ ਖਿੜਦੇ ਹਨ, ਉਹ ਆਪ ਖਿੜ ਕੇ ਉੱਥੇ ਹੀ ਮੁਰਝਾ ਜਾਂਦੇ ਹਨ। ਉੱਥੋਂ ਹੀ ਚੜ੍ਹੇ ਹਨ ਪਰਮਾਤਮਾ ਨੂੰ। ਉਨ੍ਹਾਂ ਨੂੰ ਤੋੜਣਾ ਕੀ ਹੈ ?

ਸਰਜੀਵ ਤੋੜਿਲਾ ਨਿਰਜੀਵ ਪੂਜਿਲਾ।
ਪਾਪ ਚੀ ਕਰਣੀ ਕੈਸੇ ਦੂਤਰ ਤਿਰੀਲਾ ॥

ਇਸ ਦੁਸਤਰ (ਮੁਸ਼ਕਿਲ) ਸਾਗਰ ਨੂੰ ਕਿਵੇਂ ਤੈਰ ਪਾਓਗੇ, ਇਨ੍ਹਾਂ ਥੋਥੀਆਂ ਗੱਲਾਂ ਨਾਲ, ਇਨ੍ਹਾਂ ਵਿਅਰਥ ਦੇ ਕੰਮਾਂ ਵਿਚ, ਇਨ੍ਹਾਂ ਮੁਰਸ਼ਿਤ (ਮੁਰਦੇ) ਕੰਮਾਂ ਨਾਲ ?

ਤੀਰਥਿ ਤੀਰਥਿ ਸਨਾਂਨ ਕਰੀਲਾ। ਕਿੰਨੇ ਤੀਰਥਾਂ ਦਾ ਇਸ਼ਨਾਨ ਕਰ ਆਏ ਹੋ !

ਬਾਹਰ ਧੋਇ ਕੈਸੇ ਭੀਤਰ ਭੇਦਿਲਾ! ਅਤੇ ਬਾਹਰੋਂ ਧੋ ਲਿਆ ਸ਼ਰੀਰ ਨੂੰ ਇਸ ਨਾਲ ਅੰਦਰ ਕਿਵੇਂ ਭਿੱਜੇਗਾ? ਅੰਦਰ ਨੂੰ ਕਦ ਧੋਵੋਂਗੇ? ਅੰਦਰ ਤਾਂ ਇੱਕ ਹੀ ਤੀਰਥ ਉੱਤੇ ਧੁਲਦਾ ਹੈ—ਕਿੱਤੇ ਸਤਿਸੰਗ ਦਾ ਤੀਰਥ ਮਿਲੇ। ਸਤਿਸੰਗ ਵਿਚ ਹੀ ਸਰੋਵਰ ਹੈ, ਜਿੱਥੇ ਅੰਦਰ ਦਾ ਇਸ਼ਨਾਨ ਹੁੰਦਾ ਹੈ।

ਆਦਿਨਾਥ ਨਾਤੀ ਮਛੀਂਦਰ ਨਾਥ ਪੂਤਾ।
ਨਿਜ ਤਾਤ ਨਿਹਾਰੇ ਗੋਰਸ਼ ਅਵਧੂਤਾ॥

ਬਹੁਤ ਅਨੋਖਾ ਵਚਨ ਹੈ। ਤੁਸੀਂ ਹੈਰਾਨ ਹੋਵੋਗੇ ਜਾਣ ਕੇ। ਕਹਿ ਰਹੇ ਹਨ...। ਆਦਿਨਾਥ ਭਾਰਤ ਦੇ ਇਤਿਹਾਸ ਵਿਚ ਅਨੂਠਾ ਪੋਰਾਣਿਕ ਨਾਮ ਹੈ। ਪੋਰਾਣਿਕ ਕਹਿੰਦਾ ਹਾਂ, ਇਤਿਹਾਸਿਕ ਨਹੀਂ; ਕਿਉਂਕਿ ਇਤਿਹਾਸ ਦਾ ਕੁਝ ਵੀ ਹਿਸਾਬ ਨਹੀਂ ਹੈ। ਪਰ ਆਦਿਨਾਥ ਵਰਗੇ ਜਿਵੇਂ ਗੰਗੋਤ੍ਰੀ ਹੈ। ਜੈਨ ਆਦਿਨਾਥ ਨੂੰ ਆਪਣਾ ਪ੍ਰਥਮ ਤੀਰਥੰਕਰ ਮੰਨਦੇ ਹਨ। ਰਿਸ਼ਭਦੇਵ, ਆਦਿਨਾਥ ਦੋਵੇਂ ਉਨ੍ਹਾਂ ਦੇ ਹੀ ਨਾਉਂ ਹਨ। ਪਹਿਲੇ ਤੀਰਥੰਕਰ ਹਨ, ਇਸ ਲਈ ਆਦਿਨਾਥ। ਪ੍ਰਥਮ ਜਿਨ੍ਹਾਂ ਤੋਂ ਸ਼ੁਰੂਆਤ ਹੋਈ। ਜੈਨ ਪਰੰਪਰਾ ਆਦਿਨਾਥ ਤੋਂ ਪੈਦਾ ਹੋਈ ਹੈ। ਰਿਗਵੇਦ ਵਿਚ ਵੀ ਆਦਿਨਾਥ ਦਾ, ਰਿਸ਼ਭਦੇਵ ਦਾ ਬਹੁਤ ਸਨਮਾਨ ਨਾਲ ਉਲੇਖ ਹੈ, ਬਹੁਤ ਸਨਮਾਨਤ ਉਲੇਖ ਹੈ। ਇਸ ਲਈ ਹਿੰਦੂ ਪਰੰਪਰਾ ਨੇ ਵੀ ਉਨ੍ਹਾਂ ਨੂੰ ਪੂਰਾ ਸਨਮਾਨ ਦਿੱਤਾ ਹੈ। ਮਹਾਵੀਰ ਨੂੰ ਜ਼ਰਾ ਵੀ ਸਨਮਾਨ ਨਹੀਂ ਦਿੱਤਾ ਹਿੰਦੂ ਪਰੰਪਰਾ ਨੇ। ਨਾਮ ਹੀ ਉਲੇਖ (ਜ਼ਿਕਰ ਕਰਨਾ) ਨਹੀਂ ਕੀਤਾ ਹੈ। ਜੇਕਰ ਜੈਨ ਸ਼ਾਸਤ੍ਰ ਅਤੇ ਬੋਧ ਸ਼ਾਸਤ੍ਰ ਨ ਹੋਣ ਤਾਂ ਹਿੰਦੂ ਸ਼ਾਸਤ੍ਰਾਂ ਤੋਂ ਪਤਾ ਹੀ ਨਹੀਂ ਲਗ ਸਕਦਾ ਕਿ ਮਹਾਵੀਰ ਕਦੇ ਹੋਏ ਸਨ। ਪਰ ਆਦਿਨਾਥ ਨੂੰ ਬਹੁਤ ਸਨਮਾਨ ਦਿੱਤਾ ਹੈ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਜੈਨ ਅਤੇ ਹਿੰਦੂ ਪਰੰਪਰਾ ਬਾਅਦ ਵਿਚ ਅਲੱਗ ਹੋਈਆਂ ਹੋਣਗੀਆਂ, ਆਦਿਨਾਥ ਦੇ ਸਮੇਂ ਇੱਕ ਹੀ ਰਹੀਆਂ ਹੋਣਗੀਆਂ।

ਭੇਦ ਨਹੀਂ ਪਿਆ ਹੋਏਗਾ ਅੱਜੇ।

ਇਸ ਲਈ ਰਿਗਵੇਦ ਵਿਚ ਵੀ ਸਨਮਾਨ ਸੂਚਕ, ਅਤਿ ਸਨਮਾਨ ਸੂਚਕ ਉਲੇਖ ਹਨ। ਜੈਨੀਆਂ ਦੇ ਤਾਂ ਉਹ ਪ੍ਰਥਮ ਤੀਰਥੰਕਰ ਹਨ : ਉਨ੍ਹਾਂ ਦੇ ਸਾਰੇ ਧਰਮ ਦਾ ਮੂਲ ਆਧਾਰ ਉੱਥੇ ਹੈ।

ਤਾਂਤ੍ਰਿਕ ਵੀ ਮੰਨਦੇ ਹਨ ਕਿ ਆਦਿਨਾਥ ਤੋਂ ਹੀ ਤੰਤ੍ਰ ਦੀ ਸ਼ੁਰੂਆਤ ਹੋਈ। ਅਤੇ ਸਿੱਧ ਜੋਗੀ ਵੀ ਮੰਨਦੇ ਹਨ ਕਿ ਆਦਿਨਾਥ ਉਨ੍ਹਾਂ ਦੇ ਪ੍ਰਥਮ ਗੁਰੂ ਹਨ। ਇਸ ਲਈ ਆਦਿਨਾਥ ਉਦਗਮ-ਸਰੋਤ (ਉਤਪਤੀ ਦਾ ਝਰਨਾ) ਮਾਲੂਮ ਹੁੰਦੇ ਹਨ; ਜਿਵੇਂ ਇਸ ਦੇਸ਼ ਦੀ ਸਾਰੀ ਪਰੰਪਰਾ ਇਸ ਇੱਕ ਵਿਅਕਤੀ ਤੋਂ ਨਿਕਲੀ ਹੋਵੇ। ਪਰ ਗੋਰਖ ਦਾ ਵਚਨ ਬਹੁਤ ਚੌਂਕਾਉਂਣ ਵਾਲਾ ਹੈ।

ਗੋਰਖ ਕਹਿੰਦੇ ਹਨ ਆਦਿ-ਨਾਥ ਨਾਤੀ (ਪੋਤਾ)! ਆਦਿਨਾਥ ਮੇਰੇ ਨਾਤੀ ਹਨ।

ਮਛੀਂਦ੍ਰਨਾਥ ਪੂਤਾ! ਅਤੇ ਆਪਣੇ ਗੁਰੂ, ਉਨ੍ਹਾਂ ਦੇ ਜੋ ਗੁਰੂ ਹਨ ਮਛੀਂਦ੍ਰਨਾਥ, ਉਹ ਮੇਰੇ ਪੁੱਤਰ ਹਨ।

ਨਿਜ ਤਾਤ ਨਿਹਾਰੈ ਗੋਰਸ਼ ਅਵਧੂਤਾ !

ਆਪਣੇ ਪੁਤੱਰ-ਪੁਤੱਰੀਆਂ ਨੂੰ, ਆਪਣੇ ਪੁਤੱਰਾਂ-ਨਾਤੀਆਂ ਨੂੰ ਵੇਖ ਕੇ ਮੈਂ ਬਹੁਤ ਪ੍ਰਸੰਨ ਹਾਂ। ਕਬੀਰ ਦੇ ਸਮੇਂ ਤੱਕ ਆਉਂਦੇ-ਆਉਂਦੇ ਇਸ ਤਰ੍ਹਾਂ ਦੇ ਵਚਨ ਉਲਟੇ ਕਹੇ ਜਾਣ ਲਗੇ ਪਰ ਬਹੁਤ ਪਿਆਰੇ ਵਚਨ ਹਨ।

ਜੀਸਸ ਦਾ ਵੀ ਅਜਿਹਾ ਵਕਤਵਯ ਹੈ। ਜੀਸਸ ਤੋਂ ਕਿਸੇ ਨੇ ਪੁੱਛਿਆ : ਤੁਸੀਂ ਕਿਸ ਅਧਿਕਾਰ ਨਾਲ ਬੋਲਦੇ ਹੋ, ਆਨ-ਵ੍ਹਾਟ ਅਥਾਰਿਟੀ ? ਅਤੇ ਜੀਸਸ ਨੇ ਕਿਹਾ ਕਿ ਕਿਸ ਅਧਿਕਾਰ ਨਾਲ ? ਅਬ੍ਰਾਹਮ ਨਹੀਂ ਹੋਇਆ, ਉਸ ਤੋਂ ਵੀ ਪਹਿਲਾਂ ਮੈਂ ਹਾਂ !

ਅਬ੍ਰਾਹਮ ਦਾ ਉਹ ਹੀ ਸਥਾਨ ਹੈ ਯਹੂਦੀ, ਈਸਾਈ, ਇਸਲਾਮ ਪਰੰਪਰਾ ਵਿਚ ਜੋ ਆਦਿਨਾਥ ਦਾ ਜੈਨ, ਹਿੰਦੂ ਅਤੇ ਬੋਧ ਪਰੰਪਰਾ ਵਿਚ ਹੈ। ਅਬ੍ਰਾਹਮ ਆਦਿਪੁਰਸ਼ ਹਨ, ਯਹੂਦੀ ਪਰੰਪਰਾ ਦੇ। ਉਨ੍ਹਾਂ ਤੋਂ ਹੀ ਫ਼ਿਰ ਈਸਾਇਅਤ ਨਿਕਲੀ, ਉਨ੍ਹਾਂ ਤੋਂ ਹੀ ਫ਼ਿਰ ਇਸਲਾਮ ਨਿਕਲਿਆ। ਪਰ ਜੀਸਸ ਦਾ ਕਥਨ ਬਹੁਤ ਅਨੋਖਾ ਹੈ।

ਜੀਸਸ ਕਹਿੰਦੇ ਹਨ : ਕਿਸ ਅਧਿਕਾਰ ਨਾਲ ! ਮੈਂ ਅਬ੍ਰਾਹਮ ਤੋਂ ਪਹਿਲਾਂ ਹਾਂ। ਪੁੱਛਣ ਵਾਲੇ ਨੇ ਕਿਹਾ: ਤੁਸੀਂ ਚੌਂਕਾਉਂਦੇ ਹੋ। ਤੁਸੀਂ ਹੋਸ਼ ਦੀ ਗੱਲ ਕਰ ਰਹੇ ਹੋ ? ਅਬ੍ਰਾਹਮ ਨੂੰ ਹੋਏ ਹਜ਼ਾਰਾਂ ਸਾਲ ਹੋ ਗਏ। ਜੀਸਸ ਨੇ ਕਿਹਾ, ਉਹ ਮੈਨੂੰ ਪਤਾ ਹੈ, ਪਰ ਮੈਂ ਉਨ੍ਹਾਂ ਤੋਂ ਵੀ ਪਹਿਲਾਂ ਹਾਂ!

ਕੀ ਮਤਲਬ ਹੋਇਆ ਜੀਸਸ ਦਾ ? ਜੀਸਸ ਇਹ ਕਹਿ ਰਹੇ ਹਨ ਕਿ ਉਹ ਜਿਹੜਾ ਸਾਡਾ ਕੇਂਦਰਾਂ ਦਾ ਕੇਂਦਰ ਹੈ, ਉਹ ਜਿਹੜਾ ਸਾਡੇ ਪ੍ਰਾਣਾਂ ਦਾ ਪ੍ਰਾਣ ਹੈ, ਉਹ ਜਦ ਕੁਝ ਵੀ ਨਹੀਂ ਹੋਇਆ ਸੀ, ਤਦ ਤੋਂ ਹੈ। ਜਦ ਅਸਤਿਤਵ ਵੀ ਸ਼ੁਰੂ ਨਹੀਂ ਹੋਇਆ ਸੀ, ਜਦ ਅਸਤਿਤਵ ਦਾ ਸੂਰਜ ਵੀ ਉਜਾਗਰ ਨਹੀਂ ਹੋਇਆ ਸੀ, ਤਦ ਤੋਂ ਹੈ। ਜਦ ਵੀ ਕੋਈ ਉਸ

ਨੂੰ ਜਾਣ ਲੈਂਦਾ ਹੈ ਤਾਂ ਸ਼ੇਸ਼ (ਬਾਕੀ) ਗੱਲਾਂ ਸਭ ਪਿੱਛੇ ਹਨ। ਜਿਸਨੇ ਆਪਣੇ ਸਵਰੂਪ ਨੂੰ ਜਾਣ ਲਿਆ, ਉਸਨੇ ਪਰਮਾਤਮਾ ਨੂੰ ਜਾਣ ਲਿਆ, ਉਸਨੇ ਮੂਲ ਨੂੰ ਜਾਣ ਲਿਆ ਅਸਤਿਤਵ ਦੇ। ਅਤੇ ਮੂਲ ਤਾਂ ਨਿਸ਼ਚਿਤ ਹੀ ਸਭ ਤੋਂ ਅੱਗੇ ਹੈ। ਆਦਿਨਾਥ ਉਸਦੇ ਬਾਅਦ ਹੋਏ। ਅਬ੍ਰਾਹਮ ਉਸਦੇ ਬਾਅਦ ਹੋਏ।

ਗੋਰਖ ਇਹ ਹੀ ਕਹਿ ਰਹੇ ਹਨ। ਇੱਕ ਗੰਭੀਰ ਮਜ਼ਾਕ, ਇੱਕ ਪਿਆਰਾ ਮਜ਼ਾਕ! ਗੋਰਖ ਇਹ ਹੀ ਕਹਿ ਰਹੇ ਹਨ ਕਿ ਜਦੋਂ ਤੋਂ ਮੈਂ ਆਪਣੇ-ਆਪ ਨੂੰ ਜਾਣਿਆ ਹੈ ਤਦੋਂ ਤੋਂ ਹੀ ਮੈਂ ਇਹ ਜਾਣਿਆ ਹੈ ਕਿ ਹੋਰ ਸਭ ਮੇਰੇ ਪਿੱਛੋਂ ਹੋਇਆ ਹੈ। ਖ਼ਿਆਲ ਰਖੱਣਾ, ਮੇਰੇ ਦਾ ਮਤਲਬ ਗੋਰਖ ਨਹੀਂ ਹੈ।

ਮੇਰੇ ਦਾ ਮਤਲਬ ਉਹ ਹੈ ਜੋ ਕ੍ਰਿਸ਼ਨ ਦਾ ਮਤਲਬ ਹੈ ਗੀਤਾ ਵਿਚ : ਸਰਵ ਧਰਮਾਨ ਪਰਿਤਯਜਜ, ਮਾਮੇਕੰ ਸ਼ਰਣੰ ਵ੍ਰਜ ! ਛੱਡ ਸਭ ਧਰਮ ਵਗੈਰਾ ਅਰਜੁਨ, ਅਤੇ ਮੇਰੀ ਸ਼ਰਣ ਆ। ਉਸ 'ਮੇਰੀ ਸ਼ਰਣ' ਤੋਂ ਅਰਥ ਕ੍ਰਿਸ਼ਨ ਦੀ ਸ਼ਰਣ ਆ', ਅਜਿਹਾ ਨਹੀਂ ਹੈ।

ਮਾਮ ਏਕਮ । ਮੁਝ ਇੱਕ । ਉਹ 'ਮੁਝ ਇੱਕ' ਕੌਣ ਹੈ? ਕ੍ਰਿਸ਼ਨ ਨਹੀਂ ਹੈ। ਉਹ ਇੱਕ ਕ੍ਰਿਸ਼ਨ ਵਿਚ ਵੀ ਪ੍ਰਗਟ ਹੋਇਆ ਹੈ, ਅਰਜੁਨ ਵਿਚ ਵੀ ਪ੍ਰਗਟ ਹੋਇਆ ਹੈ। ਉਹ ਇੱਕੋ ਇੱਕ ਸਦਾ ਤੋਂ ਪ੍ਰਗਟ ਹੁੰਦਾ ਰਿਹਾ ਹੈ ਅਤੇ ਸਦਾ ਪ੍ਰਗਟ ਹੋਏਗਾ। ਉਹ ਹੀ ਮੇਰੇ ਵਿਚ ਪ੍ਰਗਟ ਹੋਇਆ ਹੈ, ਉਹ ਹੀ ਤੁਹਾਡੇ ਵਿਚ ਪ੍ਰਗਟ ਹੋਇਆ ਹੈ। ਕਿਸੇ ਨੂੰ ਪਤਾ ਲਗ ਜਾਏ ਤਾਂ ਉਹ ਬੁੱਧ ਹੋ ਜਾਂਦਾ ਹੈ ਅਤੇ ਕਿਸੇ ਨੂੰ ਪਤਾ ਨ ਲਗੇ ਤਾਂ ਉਹ ਸੁੱਤਾ ਰਹਿ ਜਾਂਦਾ ਹੈ। ਬਸ ਇੰਨਾ ਹੀ ਭੇਦ ਹੈ ਬੁੱਧਾਂ ਅਤੇ ਅਬੁੱਧਾਂ ਵਿਚ, ਹੋਰ ਕੁਝ ਭੇਦ (ਫ਼ਰਕ) ਨਹੀਂ ਹੈ। ਇੱਕ ਜਾਗ ਗਿਆ, ਇੱਕ ਸੌਂ ਰਿਹਾ ਹੈ।

ਪਰ ਜਿਹੜਾ ਸੁੱਤਾ ਪਿਆ ਹੈ ਉਹ ਵੀ ਓਨਾ ਹੀ ਪਰਮਾਤਮਾ ਹੈ ਜਿੰਨਾਂ ਜਾਗਿਆ ਹੋਇਆ, ਰੱਤੀ-ਭਰ ਫ਼ਰਕ ਨਹੀਂ। ਗੁਣ ਦਾ ਕੋਈ ਭੇਦ ਨਹੀਂ।

ਇਸ ਗੱਲ ਨੂੰ ਇਸ ਤਰ੍ਹਾਂ ਪ੍ਰਗਟ ਕਰਦੇ ਹਨ : ਆਦਿਨਾਥ ਨਾਤੀ ! ਕਿ ਕੀ ਕਹਾਂ ਮੈਂ ਆਪਣੀ ਗੱਲ, ਕਿ ਜਦ ਤੋਂ ਆਪਣੇ-ਆਪ ਨੂੰ ਜਾਣਿਆ ਹੈ, ਖ਼ੁਦ ਨੂੰ ਨਿਹਾਰਿਆ ਹੈ, ਕੀ ਹਾਲਤ ਵਾਪਰ ਗਈ ਹੈ ! ਹੁਣ ਤਾਂ ਮੈਨੂੰ ਅਜਿਹਾ ਲਗਦਾ ਹੈ ਕਿ ਆਦਿਨਾਥ ਵੀ ਮੇਰੇ ਬਾਅਦ ਹੋਏ ਹਨ।

ਆਦਿਨਾਥ ਨਾਤੀ। ਮਛੀਂਦ੍ਰਨਾਥ ਪੂਤਾ! ਅਤੇ ਸ਼ਾਇਦ ਆਦਿਨਾਥ ਨੂੰ ਤਾਂ ਤੁਸੀਂ ਭੁੱਲ-ਭੁੱਲਾ ਚੁੱਕੇ ਹੋ, ਤੁਹਾਨੂੰ ਯਾਦ ਵੀ ਨ ਹੋਵੇ, ਪਰ ਮਛੀਂਦ੍ਰਨਾਥ ਜੋ ਗੁਰੂ ਹਨ ਅਤੇ ਜਿਹੜੇ ਅੱਜੇ ਜ਼ਿੰਦਾ ਸਨ ਉਹ ਵੀ ਮੇਰੇ ਪੁੱਤਰ ਹਨ !

ਨਿਜ ਤਾਤ ਨਿਹਾਰੈ ਗੋਰਸ਼ ਅਵਧੂਤਾ। ਇਹ ਸਾਰਾ ਅਸਤਿਤਵ ਮੇਰੀ ਹੀ ਸੰਤਾਨ ਹੈ। ਅਜਿਹਾ ਵੇਖ ਕੇ ਗੋਰਖ ਅਵਧੂਤ ਬਹੁਤ ਪ੍ਰਸੰਨ ਹੋ ਰਿਹਾ ਹੈ।

ਗੋਰਖ ਦਾ ਹੋਰ ਇੱਕ ਵਚਨ ਹੈ, ਨਰੇਂਦ੍ਰ ਨੇ ਉਸ ਸੰਬੰਧ ਵਿਚ ਕੱਲ੍ਹ ਹੀ ਪੁੱਛਿਆ ਸੀ। ਉਹ ਵਚਨ ਵੀ ਪਿਆਰਾ ਹੈ !

ਅਵਧੂ ਈਸ਼ਵਰ ਹਮਰੈ ਚੇਲਾ, ਭਣੀਜੈ ਮਛੀਂਦ੍ਰ ਬੋਲਿਯੇ ਨਾਤੀ।
ਨਿਗੁਰੀ ਪਿਰਥੀ ਪਰਲੈ ਜਾਤੀ, ਤਾਥੈ ਹਮ ਉਲਟੀ ਥਾਪਨਾ ਥਾਤੀ॥

—ਹੇ ਅਵਧੂਤ ਸ਼ਿਵ ਸਾਡੇ ਚੇਲੇ ਹਨ। ਈਸ਼ਵਰ ਖ਼ੁਦ ਸਾਡਾ ਚੇਲਾ ਹੈ। ਹੇ ਅਵਧੂਤ ਈਸ਼ਵਰ ਸਾਡਾ ਚੇਲਾ ਹੈ, ਮਛੀਂਦ੍ਰਨਾਥ ਨਾਤੀ ਹਨ, ਅਰਥਾਤ ਚੇਲੇ ਦੇ ਵੀ ਚੇਲੇ ਹਨ। ਸਾਨੂੰ ਖ਼ੁਦ ਗੁਰੂ ਧਾਰਨ ਕਰਨ ਦੀ ਜ਼ਰੂਰਤ ਨਹੀਂ ਸੀ, ਕਿਉਂਕਿ ਅਸੀਂ ਸਾਖ਼ਸ਼ਾਤ ਪਰਮਾਤਮਾ ਹਾਂ। ਪਰ ਇਸ ਡੱਰ ਕਰਕੇ ਕਿ ਸਾਡਾ ਅਨੁਕਰਣ ਕਰ (ਰੀਸ ਕਰਕੇ) ਅਗਿਆਨੀ ਲੋਕ ਬਿਨਾਂ ਗੁਰੂ ਦੇ ਹੀ ਜੋਗੀ ਹੋਣ ਦਾ ਦਮ ਨ ਭਰਨ ਲਗਣ, ਇਸੇ ਲਈ ਅਸੀਂ ਮਛੀਂਦ੍ਰਨਾਥ ਨੂੰ ਗੁਰੂ ਬਣਾ ਲਿਆ, ਜੋ ਜ਼ਾਹਿਰ ਹੈ; ਉਲਟੀ ਸਥਾਪਨਾ ਕਰਨਾ ਹੈ, ਕਿਉਂਕਿ ਖ਼ੁਦ ਮਛੀਂਦ੍ਰਨਾਥ ਸਾਡੇ ਸ਼ਿਸ਼ ਹਨ।

ਨਿਗੁਰੀ ਪਿਰਥੀ ਪਰਲੈ ਜਾਤੀ। ਕਿੱਤੇ ਅਜਿਹਾ ਨ ਹੋ ਜਾਏ ਕਿ ਲੋਕ ਬਿਨਾਂ ਗੁਰੂ ਨੂੰ ਬਣਾਏ ਹੀ ਆਪਣੀ ਘੋਸ਼ਣਾ ਕਰਨ ਲਗਣ, ਕਿ ਅਸੀਂ ਪਹੁੰਚ ਗਏ। ਥੋਥੇ ਲੋਕ ਕਿੱਤੇ ਝੂਠੀਆਂ ਘੋਸ਼ਣਾਵਾਂ ਨ ਕਰਨ ਲਗਣ, ਇਸੇ ਕਾਰਣ ਨਿਗੁਰੀ ਪਿਰਥੀ ਪਰਲੈ ਜਾਤੀ, ਕਿੱਤੇ ਪੂਰੀ ਧਰਤੀ ਪ੍ਰਲਯ ਵਿਚ ਨ ਚਲੀ ਜਾਏ

ਤਾਥੈ ਹਮ ਉਲਟੀ ਥਾਪਨਾ ਥਾਤੀ, ਇਸ ਲਈ ਅਸੀਂ ਉਲਟਾ ਕੰਮ ਸ਼ੁਰੂ ਕੀਤਾ, ਆਪਣੇ ਹੀ ਪੁਤੱਰ ਨੂੰ ਪਿਓ ਬਣਾ ਲਿਆ; ਆਪਣੇ ਹੀ ਸ਼ਿਸ਼ ਨੂੰ ਗੁਰੂ ਬਣਾ ਲਿਆ, ਤਾਂ ਕਿ ਅਗਿਆਨੀ ਲੋਕਾਂ ਲਈ ਇੱਕ ਸੰਕੇਤ ਰਹੇ ਕਿ ਗੁਰੂ ਦੇ ਬਿਨਾਂ ਗਿਆਨ ਨਹੀਂ ਹੈ।

ਜਿਸ ਨੂੰ ਵੀ ਗਿਆਨ ਹੋ ਜਾਂਦਾ ਹੈ ਉਸ ਨੂੰ ਇਹ ਹੀ ਅਨੁਭਵ ਹੁੰਦਾ ਹੈ :

ਅਵਧੂ ਈਸ਼ਵਰ ਹਮਰੈ ਚੇਲਾ, ਭਣੀਜੈ ਮਛੀਂਦਰ ਬੋਲਿਯੇ ਨਾਤੀ।


ਜਿਸ ਨੂੰ ਗਿਆਨ ਹੁੰਦਾ ਹੈ, ਉਹ ਬ੍ਰਹਮ ਸਵਰੂਪ ਹੋ ਗਿਆ। ਜਿਸਨੇ ਸ੍ਵੈ ਨੂੰ ਜਾਣ ਲਿਆ ਉਹ ਸ੍ਵੈ (ਖ਼ੁਦ) ਬ੍ਰਹਮ ਹੋ ਗਿਆ। ਉਸ ਨੂੰ ਜਾਣਦੇ ਹੀ ਉਹ ਹੀ ਹੋ ਜਾਂਦਾ ਹੈ। ਫ਼ਿਰ ਬਾਕੀ ਸਭ ਉਸਦੇ ਬਾਦ ਹੈ। ਉਹ ਸਮਯਾਤੀਤ (ਸਮੇਂ ਤੋਂ ਬਾਹਰ) ਹੋ ਗਿਆ। ਕਾਲ ਅਤੇ ਛੇਤਰ (ਜਗਹ) ਤੋਂ ਬਾਹਰ ਚਲਾ ਗਿਆ। ਉਹ ਪ੍ਰਥਮ ਹੈ ਉਹ ਹੀ ਅੰਤਿਮ ਹੈ। ਸਭ ਤੋਂ ਪਹਿਲਾਂ ਵੀ ਉਹ ਹੀ, ਸਭ ਤੋਂ ਅੰਤ ਵਿਚ ਵੀ ਉਹ ਹੀ। ਅਸਲ ਵਿਚ ਫ਼ਿਰ ਇੱਕ ਹੀ ਹੈ—ਦੋ ਨਹੀਂ। ਫ਼ਿਰ ਕੌਣ ਗੁਰੂ, ਕੌਣ ਚੇਲਾ !

ਫ਼ਿਰ ਕੌਣ ਭਗਤ, ਕੌਣ ਭਗਵਾਨ ! ਇੰਨਾ ਭੇਦ ਵੀ ਨਹੀਂ ਬਚਦਾ : ਨਹੀਂ ਬਚਣਾ ਚਾਹੀਦਾ। ਇਸ ਅਭੇਦ ਵਿਚ ਹੀ ਆਨੰਦ ਦੀ ਬਾਰਸ਼ ਹੈ, ਅੰਮ੍ਰਿਤ ਦਾ ਅਨੁਭਵ ਹੈ।

ਪਰ ਇਸ ਦੇ ਪਹਿਲਾਂ ਮਿਟਣਾ ਪਏ। ਤੁਸੀਂ ਜਿਵੇਂ ਦੇ ਹੋ, ਅਹੰਕਾਰ ਗ੍ਰਸਤ ਇਸ ਭਾਵ ਦਸ਼ਾ ਨੂੰ ਤਾਂ ਵਿਦਾ ਕਰਨਾ ਪਏਗਾ।

ਮਰੌ ਵੇ ਜੋਗੀ ਮਰੌ, ਮਰੌ ਮਰਣ ਹੈ ਮੀਠਾ।
ਤਿਸ ਮਰਣੀ ਮਰੌ, ਜਿਸ ਮਰਣੀ ਗੋਰਸ਼ ਮਰਿ ਦੀਠਾ॥

ਅੱਜ ਇੰਨਾ ਹੀ।



ਅਠਵਾਂ ਪ੍ਰਵਚਨ

ਆਓ ਚਾਂਦਨੀ ਨੂੰ ਬਿਛਾਈਏ, ਓੜੀਏ



ਪਰਮਾਤਮਾ ਨੂੰ ਅਨਿਰਵਚਨੀਯ(ਜੋ ਕਿਹਾ ਨ ਜਾ ਸਕੇ) ਕਿਉਂ ਕਿਹਾ ਜਾਂਦਾ ਹੈ?

\- - -

ਮੈਂ ਵਿਚਾਰਾਂ ਤੋਂ ਬਹੁਤ ਜ਼ਿਆਦਾ ਪੀੜਤ ਸੀ, ਤਾਂ ਇੱਕ ਸਾਧੂ ਮਹਾਰਾਜ ਤੋਂ ਧਿਆਨ ਦੀ ਵਿਧੀ ਪੁੱਛ ਬੈਠਾ। ਉਨ੍ਹਾਂ ਨੇ ਰਾਮ-ਰਾਮ ਮੰਤ੍ਰ ਲਗਾਤਾਰ ਸਿਮਰਨ ਕਰਨ ਲਈ ਕਿਹਾ। ਉਸ ਨਾਲ ਵਿਚਾਰ ਤਾਂ ਚੱਲੇ ਗਏ ਹਨ ਪਰ ਹੁਣ ਰਾਮ-ਰਾਮ ਦੀ ਰੱਟਨ ਬਣੀ ਰਹਿੰਦੀ ਹੈ। ਹੁਣ ਮੈਂ ਉਠਦੇ-ਬੈਠਦੇ ਰਾਮ-ਰਾਮ ਰੱਟਦਾ ਰਹਿੰਦਾ ਹਾਂ ਅਤੇ ਇਸ ਨੂੰ ਰੋਕਣਾ ਵੀ ਚਾਹਾਂ ਤਾਂ ਰੋਕ ਨਹੀਂ ਸਕਦਾ ਹਾਂ। ਇਸ ਦੀ ਲਗਾਤਾਰ ਧਾਰਾ ਅੰਦਰ ਚਲਦੀ ਰਹਿੰਦੀ ਹੈ। ਇਸ ਤਰ੍ਹਾਂ ਇੱਕ ਪਾਗਲਾਂ ਜਿਹੀ ਦਸ਼ਾ ਹੋ ਗਈ ਹੈ। ਤੁਸੀਂ ਕੁਝ ਮਾਰਗ ਦਰਸ਼ਨ ਦਿਓ, ਮੈਂ ਇਸ ਮੰਤ੍ਰ ਤੋਂ ਛੁਟੱਣਾ ਚਾਹੁੰਦਾ ਹਾਂ।

\- - -

ਭਗਵਾਨ ! ਮਾਰੋ ਹੇ ਪ੍ਰਭੂ ਮਾਰੋ, ਮਾਰੋ ਮਰਣ ਕੀ ਹੈ ਉਤਕੰਠਾ। (ਪ੍ਰਬਲ ਇੱਛਾ)
ਤਿਸ ਮਰਣੀ ਮਾਰੋ, ਜਿਸ ਮਰਣੀ ਰਜਨੀਸ਼ ਮਰ ਦੀਠਾ॥
ਇਨਾ ਪਥੱਰ ਹਾਂ ਕਿ ਪੂਰਾ ਪਿਘਲ ਵੀ ਨਹੀਂ ਪਾਉਂਦਾ, ਵਿਆਕੁਲ ਹਾਂ, ਕੀ ਕਰਾਂ?

\- - -

ਆਪ ਨੂੰ ਸੁਣਦਾ ਹਾਂ ਤਾਂ ਪ੍ਰਾਰਥਨਾ ਦਾ ਭਾਵ ਹ੍ਰਿਦਯ ਵਿਚ ਹਿਲੋਰੇ ਲੈਣ ਲਗਦਾ ਹੈ। ਪਰ ਪ੍ਰਾਰਥਨਾ ਕਿਵੇਂ ਕਰਾਂ ? ਪ੍ਰਾਰਥਨਾ ਕਰਨੀ ਤਾਂ ਮੈਨੂੰ ਆਉਂਦੀ ਨਹੀਂ ਹੈ।

\- - -

ਮੈਂ ਆਪਣੀ ਪਤਨੀ ਤੋਂ ਇਲਾਵਾ ਹੋਰ ਇਸਤ੍ਰੀਆਂ ਵਿਚ ਵੀ ਉਤਸੁਕ ਹੋ ਜਾਂਦਾ ਹਾਂ। ਪਰ ਜਦ ਮੇਰੀ ਪਤਨੀ ਕਿਸੇ ਪੁਰਸ਼ ਵਿਚ ਉਤਸੁਕ ਵਿਖਾਈ ਦਿੰਦੀ ਹੈ ਤਾਂ ਮੈਨੂੰ ਬਹੁਤ ਈਰਖਾ ਹੁੰਦੀ ਹੈ, ਭਿਅੰਕਰ ਅੱਗ ਵਿਚ ਮੈਂ ਸੜਦਾ ਹਾਂ।

ਪਹਿਲਾ ਸਵਾਲ : ਪਰਮਾਤਮਾ ਨੂੰ ਅਨਿਰਵਚਨੀਯ (ਜੋ ਕਿਹਾ ਨ ਜਾ ਸਕੇ) ਕਿਉਂ ਕਿਹਾ ਜਾਂਦਾ ਹੈ?

ਜੀਵਨ ਵਿਚ ਸਭ ਕੁਝ ਹੀ ਅਨਿਰਵਚਨੀਯ ਹੈ। ਪਰਮਾਤਮਾ ਹੈ ਜੀਵਨ ਦੀ ਸਮਗ੍ਰਤਾ। ਜਦ ਜੀਵਨ ਦਾ ਸਭ ਕੁਝ ਅਨਿਰਵਚਨੀਯ ਹੈ ਤਾਂ ਸਭ ਦਾ ਜੋੜ ਤਾਂ ਅਤਿ ਅਨਿਰਵਚਨੀਯ ਹੋਏਗਾ।

ਤੁਸੀਂ ਪ੍ਰੇਮ ਦਾ ਨਿਰਵਚਨ ਕਰ ਸਕਦੇ ਹੋ, ਕੋਈ ਪੁੱਛੇ ਪ੍ਰੇਮ ਕੀ ਹੈ ? ਅਤੇ ਅਜਿਹਾ ਵੀ ਨਹੀਂ ਹੈ ਕਿ ਤੁਸੀਂ ਪ੍ਰੇਮ ਨ ਜਾਣਿਆ ਹੋਵੇ। ਨ ਵਰ੍ਹੀ ਹੋਵੇ ਬਾਰਸ਼, ਬੂੰਦਾਂ-ਬਾਂਦੀ ਜ਼ਰੂਰ ਹੋਈ ਹੋਵੇਗੀ।

ਕਿਸੇ-ਨ-ਕਿਸੇ ਢੰਗ, ਕਿਸੇ-ਨ-ਕਿਸੇ ਦੁਆਰ ਤੋਂ ਪ੍ਰੇਮ ਦੀ ਥੋੜ੍ਹੀ ਅਨੁਭੂਤੀ ਹੋਈ ਹੋਵੇਗੀ। ਮਿਤ੍ਰ ਦਾ ਪ੍ਰੇਮ ਜਾਣਿਆ ਹੋਇਗਾ, ਪਤੀ ਦਾ, ਪਤਨੀ ਦਾ, ਪੁੱਤਰ ਦਾ, ਮਾਂ ਦਾ, ਪਿਤਾ ਦਾ। ਕਿੱਤੋਂ-ਨ-ਕਿੱਤੋਂ ਪ੍ਰੇਮ ਦੀ ਕਿਰਨ ਉਤਰੀ ਹੀ ਹੋਏਗੀ, ਕਿਉਂਕਿ ਬਿਨਾਂ ਪ੍ਰੇਮ ਦੀ ਕਿਰਨ ਦੇ ਤਾਂ ਕੋਈ ਜੀ ਹੀ ਨਹੀਂ ਸਕਦਾ।

ਪਹਿਚਾਨ ਹੋਈ ਹੋਵੇਗੀ, ਝਰੋਖਾ ਖੁੱਲ੍ਹਿਆ ਹੋਏਗਾ। ਪਰ ਜੇਕਰ ਕੋਈ ਪੁੱਛੇ ਪ੍ਰੇਮ ਕੀ ਹੈ, ਤਾਂ ਇੱਕਦਮ ਆਵਾਕ ਰਹਿ ਜਾਓਗੇ ਨ, ਕੀ ਕਹੋਗੇ ?

ਕੋਈ ਪੁੱਛੇ ਸੁੰਦਰਤਾ ਕੀ ਹੈ? ਅਤੇ ਅਜਿਹਾ ਨਹੀਂ ਕਿ ਸੁੰਦਰ ਤੁਸੀਂ ਨਹੀਂ ਵੇਖਿਆ। ਕਦੇ ਵੇਖੀ ਹੈ ਪੂਰੇ ਚੰਨ ਨਾਲ ਭਰੀ ਰਾਤ, ਕਦੇ ਵੇਖਿਆ ਹੈ ਆਕਾਸ਼ ਤਾਰਿਆਂ ਨਾਲ ਜਗਮਗਾਉਂਦਾ। ਫੁੱਲ ਖਿੜਦੇ ਵੇਖੇ ਹਨ, ਕੋਇਲ ਦੀ ਕੂਕ ਸੁਣੀ ਹੈ। ਵੀਣਾ ਨੂੰ ਵਜਦਿਆਂ ਜਾਣਿਆ ਹੈ। ਬਹੁਤ ਰੂਪਾਂ ਵਿਚ ਸੁੰਦਰਤਾ ਪ੍ਰਗਟ ਹੋ ਰਹੀ ਹੈ। ਜੋ ਅਤਿ ਸੰਵੇਦਨਸ਼ੂਨਯ ਹਨ, ਉਹ ਵੀ ਕੁਝ ਨ ਕੁਝ ਸੁੰਦਰਤਾ ਵੇਖਦੇ ਹਨ। ਕਦੇ ਕਿਸੀ ਮਨੁੱਖ ਦੇ ਚੇਹਰੇ ਵਿਚ, ਕਦੇ ਕਿਸੇ ਦੀ ਚਾਲ ਵਿਚ, ਉਠਣ-ਬੈਠਣ ਵਿਚ, ਕਦੇ ਕਿਸੇ ਦੇ ਗਲੇ ਵਿਚ। ਸੁੰਦਰ ਦੀ ਕੋਈ ਨ ਕੋਈ ਪ੍ਰਤੀਤ ਤਾਂ ਹੋਈ ਹੀ ਹੋਵੇਗੀ। ਇੰਨਾ ਅਭਾਗਾ ਤਾਂ ਕੋਈ ਮਨੁੱਖ ਨਹੀਂ ਹੈ ਕਿ ਉਸ ਨੂੰ ਸੁੰਦਰ ਦਾ ਅਨੁਭਵ ਨ ਹੋਇਆ ਹੋਵੇ। ਪਰ ਕੋਈ ਪੁੱਛੇ ਸੁੰਦਰਤਾ ਕੀ ਹੈ, ਕਿਵੇਂ ਕਰੋਗੇ ਵਿਆਖਿਆ? ਕੀ ਵਿਆਖਿਆ ਦਿਓਗੇ? ਗੂੰਗੇ ਹੋ ਜਾਓਗੇ।

ਜਦ ਸੁੰਦਰ ਦੀ ਵਿਆਖਿਆ ਨਹੀਂ ਹੋ ਸਕਦੀ, ਪ੍ਰੇਮ ਦੀ ਵਿਆਖਿਆ ਨਹੀਂ ਹੋ ਸਕਦੀ, ਤਾਂ ਪਰਮਾਤਮਾ ਦੀ ਵਿਆਖਿਆ ਕਿਵੇਂ ਹੋਏਗੀ? ਕਿਉਂਕਿ ਪਰਮਾਤਮਾ ਪਰਮ ਸੁੰਦਰ ਹੈ ਅਤੇ ਪਰਮਾਤਮਾ ਪਰਮ ਪ੍ਰੇਮ ਹੈ।

ਫ਼ੇਰ, ਸੁੰਦਰਤਾ ਅਤੇ ਪ੍ਰੇਮ ਵਡੀਆਂ ਗੱਲਾਂ ਹਨ, ਤੁਸੀਂ ਸ਼ਾਇਦ ਸੋਚੋ; ਨਿੱਕੀਆਂ ਗੱਲਾਂ ਦੇ ਵਲ ਆਓ। ਤੁਸੀਂ ਸੁਆਦ ਲਿਆ ਹੈ ਕਿਸੇ ਚੀਜ਼ ਦਾ? ਅਤੇ ਕੋਈ ਜੇ ਪੁੱਛੇ ਕਿ ਕੀ ਹੈ ਸਵਾਦ ? ਮਿਠਾਸ ਤੁਸੀਂ ਜਾਣੀ ਹੈ, ਪਰ ਜੇ ਕੋਈ ਪੁੱਛੇ ਕਿ ਕਰੋ ਵਿਆਖਿਆ ਮਿਠਾਸ ਦੀ, ਤਾਂ ਤੁਸੀਂ ਹਾਰ ਜਾਓਗੇ। ਮਿਠਾਸ ਜਿਹੀ ਨਿੱਕੀ-ਜਿਹੀ ਚੀਜ਼ ਦੀ ਵਿਆਖਿਆ ਵੀ ਨਹੀਂ ਹੋ ਸਕਦੀ। ਉੱਥੇ ਵੀ ਆਦਮੀ ਇੱਕਦਮ ਚੁਪ ਹੋ ਜਾਂਦਾ ਹੈ, ਮੌਨ ਹੋ ਜਾਂਦਾ ਹੈ। ਅਤੇ ਜੇਕਰ ਅਜਿਹਾ ਆਦਮੀ ਪੁੱਛੇ, ਜਿਸ ਨੇ ਕਦੇ ਮਿਠਾਸ ਨ ਜਾਣੀ ਹੋਵੇ, ਤਦ

ਤਾਂ ਹੋਰ ਮੁਸ਼ਕਿਲ ਖੜੀ ਹੋ ਜਾਏਗੀ। ਮਿਠਾਸ ਦੀ ਵੀ ਵਿਆਖਿਆ ਨਹੀਂ ਹੋ ਸਕਦੀ।

ਪੱਛਮ ਦੇ ਇੱਕ ਬਹੁਤ ਵੱਡੇ ਵਿਚਾਰਕ ਜੀ.ਈ. ਮੂਰ ਨੇ ਸ਼ੁਭ ਕੀ ਹੈ, ਇਸਦੀ ਵਿਆਖਿਆ ਉੱਤੇ ਇੱਕ ਵੱਡੀ ਅਨੋਖੀ ਕਿਤਾਬ ਲਿਖੀ ਹੈ। ਕੋਈ ਢਾਈ ਸੌ ਪੇਜਾਂ ਉੱਤੇ ਲਗਾਤਾਰ ਮਿਹਨਤ ਕਰਨ ਦੇ ਬਾਅਦ ਕਿ ਸ਼ੁਭ ਕੀ ਹੈ, ਮੂਰ ਇਸ ਨਤੀਜੇ ਉੱਤੇ ਪਹੁੰਚਿਆ ਕਿ ਸ਼ੁਭ ਦੀ ਵਿਆਖਿਆ ਨਹੀਂ ਹੋ ਸਕਦੀ। ਅਤੇ ਉਧਾਰਣ ਜੋ ਲਿਆ ਮੂਰ ਨੇ ਇਹ ਲਿਆ—ਜਿਵੇਂ ਪੀਲੇ ਰੰਗ ਦੀ ਕੀ ਵਿਆਖਿਆ ਕਰੋਗੇ ? ਪੀਲੇ ਰੰਗ ਵਰਗੀ ਛੋਟੀ ਚੀਜ਼ ਸਭ ਪਾਸੇ ਬਿਖਰੀ ਹੋਈ ਹੈ। ਗੇਂਦੇ ਦੇ ਫ਼ੁੱਲ ਖਿੜੇ ਹਨ। ਕਨੇਰ ਦੇ ਪੀਲੇ ਫ਼ੁੱਲ ਖਿੜੇ ਹਨ। ਸੂਰਜ ਤੋਂ ਵਰ੍ਹ ਰਿਹਾ ਹੈ ਸੋਨਾ ਪੀਲਾ। ਪੀਲੇ ਦਾ ਤਾਂ ਸਭ ਨੂੰ ਅਨੁਭਵ ਹੈ। ਜੇਕਰ ਕੋਈ ਪੁੱਛੇ ਪੀਲਾ ਕੀ? ਤਾਂ ਤੁਸੀਂ ਇੰਨਾ ਹੀ ਕਹਿ ਸਕੋਗੇ ਨ, ਪੀਲਾ-ਪੀਲਾ ਹੈ।

ਮਿਠਾਸ ਕੀ? ਮਿਠਾਸ ਯਾਨੀ ਮਿਠਾਸ। ਅਤੇ ਪ੍ਰੇਮ ਕੀ? ਪ੍ਰੇਮ ਯਾਨੀ ਪ੍ਰੇਮ। ਅਨਿਰਵਚਨੀਯ ਹਨ ਇਹ ਸਭ ਨਿੱਕੀਆਂ ਘਟਨਾਵਾਂ ਵੀ, ਤਾਂ ਉਹ ਵਿਰਾਟ ਤਾਂ ਅਨਿਰਵਚਨੀਯ ਹੋਏਗਾ ਹੀ। ਉਸਦੀ ਕੋਈ ਵੀ ਤਸਵੀਰ ਬਣਾਓਗੇ, ਝੂਠੀ ਹੋ ਜਾਏਗੀ, ਛੋਟੀ ਹੋ ਜਾਏਗੀ। ਉਸਦੇ ਸੰਬੰਧ ਵਿਚ ਕੋਈ ਵੀ ਸਿੱਧਾਂਤ ਨਿਰਮਿਤ ਕਰੋਗੇ ਛੋਟਾ ਪੈ ਜਾਏਗਾ।

ਇਸ ਲਈ ਕਿਹਾ ਹੈ ਪਰਮਾਤਮਾ ਅਨਿਰਵਚਨੀਯ ਹੈ। ਜਿਨ੍ਹਾਂ ਨੇ ਜਾਣਿਆ ਹੈ ਉਨ੍ਹਾਂ ਨੇ ਕਿਹਾ ਹੈ ਅਨਿਰਵਚਨੀਯ ਹੈ; ਜਿਨ੍ਹਾਂ ਨੇ ਨਹੀਂ ਜਾਣਿਆ, ਉਹ ਪਰਮਾਤਮਾ ਦਾ ਨਿਰਵਚਨ ਕਰਦੇ ਹਨ, ਉਹ ਹੀ ਵਿਆਖਿਆ ਕਰਦੇ ਹਨ। ਉਹ ਹੀ ਪਰਮਾਤਮਾ ਦੀਆਂ ਮੂਰਤੀਆਂ ਬਣਾਉਂਦੇ ਹਨ। ਉਹ ਹੀ ਪਰਮਾਤਮਾ ਲਈ ਸਿੱਧਾਂਤ ਨਿਰਮਿਤ ਕਰਦੇ ਹਨ, ਸ਼ਾਸਤ੍ਰ ਬਣਾਉਂਦੇ ਹਨ। ਜਿਨ੍ਹਾਂ ਨੇ ਜਾਣਿਆ ਹੈ, ਉਹ ਤਾਂ ਪਰਮਾਤਮਾ ਨੂੰ ਅਨਿਰਵਚਨੀਯ ਹੀ ਕਹਿੰਦੇ ਹਨ; ਉਹ ਤਾਂ ਮੌਨ ਹੀ ਰਹਿ ਗਏ ਹਨ। ਪਰਮਾਤਮਾ ਦੇ ਸੰਬੰਧ ਵਿਚ ਨਹੀਂ ਬੋਲੇ; ਹਾਂ, ਬੋਲੇ ਹਨ, ਪਰਮਾਤਮਾ ਨੂੰ ਕਿਵੇਂ ਪਾਇਆ ਜਾਏ, ਇਸ ਸੰਬੰਧ ਵਿਚ।

ਪਾਣੀ ਪੀਓਗੇ ਤਾਂ ਜਾਣੋਗੇ ਕਿ ਮਿੱਠਾ ਹੈ, ਖਾਰਾ ਹੈ, ਸ਼ੀਤਲ ਹੈ, ਨਹੀਂ ਸ਼ੀਤਲ ਹੈ; ਪੀਓਗੇ ਤਾਂ ਜਾਣੋਗੇ। ਜੋ ਜਾਣਦੇ ਹਨ ਉਹ ਸਰੋਵਰ ਦੇ ਵਲ ਇਸ਼ਾਰਾ ਕਰਦੇ ਹਨ : ਉਹ ਜਲ ਦੇ ਸਵਾਦ ਬਾਰੇ ਇੱਕ ਸ਼ਬਦ ਵੀ ਨਹੀਂ ਬੋਲਦੇ। ਉਹ ਕਹਿੰਦੇ ਹਨ, ਓਹ ਰਿਹਾ ਸਰੋਵਰ। ਉੱਥੋਂ ਮੈਂ ਪੀਤਾ। ਤੁਸੀਂ ਵੀ ਆ ਜਾਓ, ਤੁਹਾਨੂੰ ਵੀ ਲੈ ਚਲਾਂ। ਆਓ ਮੇਰਾ ਹਥ ਫੜ ਲਓ।

ਜਾਨਣ ਵਾਲੇ ਵਿਧੀ ਦੀ ਗੱਲ ਕਰਦੇ ਹਨ ਕਿ ਪਰਮਾਤਮਾ ਕਿਵੇਂ ਜਾਣਿਆ ਜਾ ਸਕਦਾ ਹੈ। ਨ ਜਾਨਣ ਵਾਲੇ ਪਰਮਾਤਮਾ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ, ਪ੍ਰਮਾਣ ਦਿੰਦੇ ਹਨ ਕਿ ਇਸ ਤਰ੍ਹਾਂ ਦਾ ਪਰਮਾਤਮਾ ਹੈ। ਉਸ ਦੇ ਹਜ਼ਾਰ ਹਥ ਹਨ, ਕਿ ਚਾਰ ਹਥ ਹਨ, ਕਿ ਤਿੰਨ ਸਿਰ ਹਨ। ਸਭ ਮੂਰਖਤਾਪੂਰਨ ਗੱਲਾਂ ਹਨ। ਹਜ਼ਾਰ ਹਥਾਂ ਵਿਚ ਵੀ ਉਸਦੇ ਹਥ ਪੂਰੇ ਨਹੀਂ ਹੁੰਦੇ। ਤਿੰਨ ਸਿਰ ਵੀ ਕਾਫ਼ੀ ਨਹੀਂ ਹਨ। ਕਿਉਂਕਿ ਸਭ ਸਿਰ ਉਸਦੇ ਹਨ ਅਤੇ ਸਭ ਹਥ ਉਸਦੇ ਹਨ। ਉਹ ਹੀ ਹਥ ਹਨ ਜਿਹੜੇ ਅੱਜ ਹਨ; ਜਿਹੜੇ ਹਥ ਹੁਣ ਤੱਕ ਹੋਏ ਹਨ ਉਹ ਵੀ ਉਸਦੇ ਹਨ; ਜੋ ਅੱਗੇ ਅਨੰਤ ਕਾਲ ਵਿਚ ਹੋਣਗੇ ਉਹ ਵੀ ਉਸ ਦੇ ਹਨ। ਹਜ਼ਾਰ ਹਥਾਂ ਵਿਚ ਕਿਵੇਂ ਗੱਲ ਪੁੱਗੇਗੀ(ਪਹੁੰਚੇਗੀ)? ਅਤੇ ਆਦਮੀ ਦੇ ਹੀ ਹਥ ਉਸਦੇ ਨਹੀਂ

ਹਨ, ਪਸ਼ੂ-ਪੰਛੀਆਂ ਦੇ ਹਥ ਵੀ ਉਸਦੇ ਹਨ, ਦਰਖ਼ੱਤਾਂ ਦੀਆਂ ਸ਼ਾਖਾਵਾਂ, ਦਰਖ਼ੱਤਾਂ ਦੇ ਹਥ ਵੀ ਉਸਦੇ ਹਨ। ਸਭ ਉਸਦਾ ਹੈ। ਇਸ ਵਿਰਾਟ ਨੂੰ ਕਿਵੇਂ ਸਮਾਈਏ ਸ਼ਬਦ ਵਿਚ, ਅੜਚਨ ਹੋਏਗੀ।

ਜੋ ਬਾਤ ਤੁਝ ਮੇਂ ਹੈ ਤੇਰੀ ਤਸਵੀਰ ਮੇਂ ਨਹੀਂ !

ਤੁਸੀਂ ਕਿਸੇ ਨਾਲ ਪ੍ਰੇਮ ਕੀਤਾ? ਅਤੇ ਤੁਹਾਨੂੰ ਕਦੇ ਕਿਸੇ ਨੇ ਤੁਹਾਡੀ ਪ੍ਰੇਮਿਕਾ ਦੀ ਤਸਵੀਰ ਦਿੱਤੀ ਹੈ ਅਤੇ ਤੁਸੀਂ ਫ਼ਰਕ ਵੇਖਿਆ?

ਜੋ ਬਾਤ ਤੁਝ ਮੇਂ ਹੈ, ਤੇਰੀ ਤਸਵੀਰ ਮੇਂ ਨਹੀਂ !
ਰੰਗੋਂ ਮੇਂ ਤੇਰਾ ਅਕਸ ਢਲਾ ਤੂ ਨ ਢਲ ਸਕੀ
ਸਾਂਸੋਂ ਕੀ ਆਂਚ, ਜਿਸਮ ਕੀ ਖ਼ੁਸ਼ਬੂ ਨ ਢਲ ਸਕੀ
ਤੁਝ ਮੇਂ ਜੋ ਲੋਚ ਹੈ, ਮੇਰੀ ਤਹਰੀਰ ਮੇਂ ਨਹੀਂ,
ਤੇਰੀ ਤਸਵੀਰ ਮੇਂ ਨਹੀਂ।

ਬੇਜਾਨ ਹੁਸਨ ਮੇਂ ਕਹਾਂ ਰਫ਼ਤਾਰ ਕੀ ਅਦਾ
ਇਨਕਾਰ ਕੀ ਅਦਾ ਹੈ ਨ ਇਕਰਾਰ ਕੀ ਅਦਾ
ਕੋਈ ਲਚਕ ਭੀ ਜ਼ੁਲਫ਼ੇ ਗਿਰਹਗੀਰ ਮੇਂ ਨਹੀਂ,
ਤੇਰੀ ਤਸਵੀਰ ਮੇਂ ਨਹੀਂ।

ਦੁਨੀਆਂ ਮੇਂ ਕੋਈ ਚੀਜ਼ ਨਹੀਂ ਹੈ ਤੇਰੀ ਤਰਹਾ
ਫ਼ਿਰ ਏਕ ਬਾਰ ਸਾਮਨੇ ਆ ਜਾ ਕਿਸੀ ਤਰਹਾ
ਕਿਆ ਔਰ ਇੱਕ ਝਲਕ ਮੇਰੀ ਤਕਦੀਰ ਮੇਂ ਨਹੀਂ,
ਤੇਰੀ ਤਸਵੀਰ ਮੇਂ ਨਹੀਂ!!

ਜੋ ਬਾਤ ਤੁਝ ਮੇਂ ਹੈ ਤੇਰੀ ਤਸਵੀਰ ਮੇਂ ਨਹੀਂ।

ਸਾਧਾਰਣ ਪ੍ਰੇਮ ਦੀ ਘਟਨਾ ਵਿਚ ਵੀ ਅਜਿਹਾ ਤੁਹਾਨੂੰ ਅਨੁਭਵ ਹੋਵੇਗਾ, ਤੁਹਾਡੀ ਪ੍ਰੇਮਿਕਾ ਦੀ ਤਸਵੀਰ ਉਤਾਰੀ ਨਹੀਂ ਜਾ ਸਕਦੀ। ਕਿੰਨੇ ਹੀ ਕੋਈ ਰੰਗ ਭਰੇ, ਉਸਦਾ ਰੰਗ ਨਹੀਂ ਆਏਗਾ। ਕਿੰਨਾ ਹੀ ਕੋਈ ਚਮਕਾਏ, ਉਸਦੀ ਚਮਕ ਨਹੀਂ ਆਏਗੀ। ਕੁਝ ਛੁਟ ਜਾਏਗਾ। ਜੋ ਜੀਵੰਤ ਹੈ, ਪਿੱਛੇ ਛੁਟ ਜਾਏਗਾ। ਜੋ ਅਸਲੀ ਹੈ, ਪਿੱਛੇ ਛੁਟ ਜਾਏਗਾ। ਜੋ ਉਪੱਰ-ਉਪੱਰ ਹੈ ਉਹ ਤਸਵੀਰ ਵਿਚ ਉਤਰ ਆਏਗਾ। ਆਤਮਾ ਪਿੱਛੇ ਛੁਟ ਜਾਏਗੀ, ਦੇਹ ਪਕੜ ਵਿਚ ਆ ਜਾਏਗੀ।

ਹੋਰ ਪਰਮਾਤਮਾ ਸ਼ੁੱਧ ਆਤਮਾ ਹੈ, ਇਸ ਲਈ ਅਨਿਰਵਚਨੀਯ ਹੈ। ਪਰਮਾਤਮਾ ਇਸ ਜਗਤ ਦਾ ਸ਼ੁੱਧਤਮ ਸਾਰ ਹੈ। ਫ਼ੁੱਲ ਦੀ ਤਾਂ ਤਸਵੀਰ ਬਣ ਸਕਦੀ ਹੈ, ਪਰ ਖ਼ੁਸ਼ਬੂ ਦੀ

ਤਸਵੀਰ ਕਿਵੇਂ ਬਣਾਓਗੇ? ਫ਼ੁੱਲ ਵਿਚ ਦੇਹ ਹੈ ਅਤੇ ਆਤਮਾ ਹੈ। ਸੁਗੰਧ ਵਿਚ ਸਿਰਫ਼ ਆਤਮਾ ਬਚੀ, ਦੇਹ ਗਈ।

ਪਰਮਾਤਮਾ ਸੁਗੰਧ ਹੈ ਇਸ ਅਸਤਿਤਵ ਦੀ। ਹਾਂ, ਵੀਣਾ ਦੀ ਤਸਵੀਰ ਬਣ ਸਕਦੀ ਹੈ; ਲੇਕਿਨ ਵੀਣਾ ਦੇ ਤਾਰ ਛਿੜੇ, ਸੰਗੀਤ ਉਠਿਆ, ਸੰਗੀਤ ਦੀ ਤਸਵੀਰ ਕਿਵੇਂ ਬਣਾਓਗੇ? ਕਿਸੇ ਨੇ ਬਣਾਈ ਹੈ ਕਦੇ ਸੰਗੀਤ ਦੀ ਤਸਵੀਰ? ਅਨੁਭਵ ਹੋ ਸਕਦਾ ਹੈ। ਪ੍ਰਤੀਤਿ ਹੋ ਸਕਦੀ ਹੈ। ਸਵਾਦ ਲਿਆ ਜਾ ਸਕਦਾ ਹੈ। ਇਸ ਲਈ ਪਰਮਾਤਮਾ ਦੀ ਵਿਆਖਿਆ ਵਿਚ ਪੈਣਾ ਹੀ ਨ। ਪਰਮਾਤਮਾ ਨੂੰ ਓੜੋ। ਪਰਮਾਤਮਾ ਨੂੰ ਪਹਿਨੋ। ਪਰਮਾਤਮਾ ਨੂੰ ਪੀਓ, ਪਰਮਾਤਮਾ ਨੂੰ ਖਾਓ, ਪਚਾਓ। ਪਰਮਾਤਮਾ ਨੂੰ ਤੁਹਾਡੀ ਮਾਂਸ-ਮੱਜਾ ਬਨਣ ਦੇਓ। ਨ ਪੁੱਛੋ ਉਸ ਦੀ ਵਿਆਖਿਆ। ਨ ਸ਼ਬਦਾਂ ਦੇ ਜਾਲ ਵਿਚ ਪਓ।

ਆਓ ਚਾਂਦਨੀ ਕੋ ਬਿਛਾਂਏ, ਓੜ੍ਹੇਂ, ਪਹਨੇਂ ਆਓ !

ਚਾਂਦਨੀ ਦੀਆਂ ਗੱਲਾਂ ਨ ਕਰੋ। ਗੱਲਾਂ ਵਿਚ ਕਿੱਤੇ ਗੁਮ ਨ ਜਾਏ ਗੱਲ। ਗੱਲਾਂ-ਗੱਲਾਂ ਵਿਚ ਕਿੱਤੇ ਅਟਕ ਨ ਜਾਓ।

ਆਓ ਚਾਂਦਨੀ ਕੋ ਬਿਛਾਂਏ, ਓੜ੍ਹੇਂ, ਪਹਨੇਂ ਆਓ !
ਚਾਂਦਨੀ ਮੇਂ ਨਹਾਏਂ, ਡੂਬੇਂ ਉਤਰਾਏਂ
ਆਓ ਚਾਂਦਨੀ ਕੋ ਬਿਛਾਂਏਂ
ਠੰਡੀ-ਠੰਡੀ ਸੀ ਚਾਂਦਨੀ ਹੈ
ਮਰਹਮ ਘਾਵੋਂ ਕੀ ਚਾਂਦਨੀ ਹੈ
ਅਨਿਯਨਤ੍ਰਿਤ ਰਿਸਨਾ
ਘਾਵੋਂ ਕਾ
ਥਮ ਜਾਏ ਬਹਤਾ ਹੁਆ
ਨਯਨ-ਜਲ
ਠਿਠਕੇ, ਜਮ ਜਾਏ
ਆਓ, ਅਨਬੋਏ ਸਪਨੋਂ ਕਾ ਧਾਨ ਉਗਾਏਂ
ਆਓ, ਚਾਂਦਨੀ ਕੋ ਬਿਛਾਂਏਂ

ਮਧਿਮ-ਮਧਿਮ ਕਿਰਣੋਂ ਕੀ ਵੰਸ਼ੀ
ਨੰਦਨ-ਵਨ ਮੇਂ ਚੰਦਨ-ਸੀ ਵੰਸ਼ੀ
ਮਧੁਰਿਮ ਕੰਠ
ਤੁਮਹਾਰੇ-ਸਾ
ਯਹ ਸ੍ਵਰ-ਸਾਧਨ
ਪ੍ਰੇਮ-ਪਗੇ
ਪ੍ਰਾਣੋਂ ਕੀ
ਧੜਕਨ-ਸਾ ਵਾਦਨ

ਆਓ, ਮ੍ਰਿਦ ਲਹਿਰਿਓਂ ਪਰ ਝੂਮੇਂ, ਖੋ ਜਾਏਂ
ਆਓ ਚਾਂਦਨੀ ਕੋ ਬਿਛਾਂਏਂ!

ਛੱਡੋ ਪਰਮਾਤਮਾ ਦੀ ਵਿਆਖਿਆ, ਪਰਮਾਤਮਾ ਦੇ ਪ੍ਰਮਾਣ, ਪਰਮਾਤਮਾ ਦੇ ਸੰਬੰਧ ਵਿਚ ਸ਼ਬਦਾਂ ਦਾ ਉਹਾ ਪੋਹ (ਰੌਲਾ-ਰੱਪਾ)। ਪਰਮਾਤਮਾ ਦਾ ਵਿਚਾਰ ਨਹੀਂ ਹੋ ਸਕਦਾ। ਆਓ, ਨਿਰਵਿਚਾਰ ਹੋ ਜਾਈਏ ਪਰਮਾਤਮਾ ਨੂੰ ਜੀਵੀਏ, ਅਨੁਭਵ ਕਰੀਏ।

ਮੈਂ ਇੱਥੇ ਪਰਮਾਤਮਾ ਦੀ ਵਿਆਖਿਆ ਕਰਨ ਲਈ ਨਹੀਂ ਹਾਂ। ਤੁਹਾਡੇ ਮਨ ਵਿਚ ਅਭੀਪਸਾ (ਖ਼ਾਹਸ਼) ਜਾਗੀ ਹੋਵੇ ਤਾਂ ਤੁਹਾਡਾ ਹੱਥ ਫੜ ਕੇ ਉਸ ਤੀਰਥ ਤੱਕ ਤੁਹਾਨੂੰ ਪਹੁੰਚਾ ਜ਼ਰੂਰ ਸਕਦਾ ਹਾਂ। ਮੇਰੇ ਕੋਲ ਵਿਦਿਆਰਥੀ ਦੀ ਤਰ੍ਹਾਂ ਨ ਆਓ। ਵਿਦਿਆਰਥੀ ਦੀ ਉਤਸੁਕਤਾ ਹੁੰਦੀ ਹੈ ਕਿ ਥੋੜ੍ਹਾ ਜਿਹਾ ਗਿਆਨ ਹੋਰ ਵੱਧ ਜਾਏ। ਮੇਰੇ ਕੋਲ ਸਾਧਕ ਦੀ ਤਰ੍ਹਾਂ ਆਓ। ਸਾਧਕ ਦੀ ਖ਼ਾਹਸ਼ ਹੋਰ ਹੈ, ਵਿਦਿਆਰਥੀ ਨਾਲੋਂ ਭਿੰਨ ਹੈ। ਸਾਧਕ ਕਹਿੰਦਾ ਹੈ ਅਨੁਭਵ ਕਿਵੇਂ ਹੋ ਜਾਏ? ਵਿਦਿਆਰਥੀ ਕਹਿੰਦਾ ਹੈ ਥੋੜ੍ਹਾ ਗਿਆਨ ਕਿਵੇਂ ਵੱਧ ਜਾਏ। ਵਿਦਿਆਰਥੀ ਆਪਣੀ ਸਮ੍ਰਿਤਿ ਨੂੰ ਸੰਜੋਨਾ (ਇਕੱਠਾ) ਚਾਹੁੰਦਾ ਹੈ। ਸਾਧਕ ਆਪਣੇ ਜੀਵਨ ਨੂੰ ਪ੍ਰਕਾਸ਼ਮਾਨ ਕਰਨਾ ਚਾਹੁੰਦਾ ਹੈ।

ਆਓ, ਚਾਂਦਨੀ ਕੋ ਬਿਛਾਂਏਂ, ਓੜ੍ਹੇਂ ਪਹਨੇ ਆਓ !
ਪ੍ਰੇਮ-ਪਗੇ
ਪ੍ਰਾਣੋਂ ਕੀ
ਧੜਕਨ-ਸਾ ਵਾਦਨ
ਮਧਿਮ-ਮਧਿਮ ਕਿਰਨੋਂ ਕੀ ਵੰਸ਼ੀ
ਨੰਦਨ-ਵਨ ਮੇਂ ਚੰਦਨ ਸੀ ਵੰਸ਼ੀ
ਮਧੁਰਿਮ ਕੰਠ
ਤੁਮਹਾਰੇ-ਸਾ
ਯਹ ਸਵਰ-ਸਾਧਨ
ਆਓ, ਮ੍ਰਿਦ ਲਹਿਰਿਓਂ ਪਰ ਝੂਮੇਂ, ਖੋ ਜਾਏਂ
ਆਓ, ਚਾਂਦਨੀ ਕੋ ਬਿਛਾਂਏਂ

ਅਨੁਭਵ ਹੋਏਗਾ, ਬਸ ਉਸੀ ਅਨੁਭਵ ਵਿਚ ਨਿਰਵਚਨ ਹੈ। ਸਾਖ਼ਸ਼ਾਤਕਾਰ ਹੋਵੇ ਤਾਂ ਉਸੀ ਸਾਖ਼ਸ਼ਾਤਕਾਰ ਵਿਚ ਸਾਰੇ ਸ਼ਾਸਤ੍ਰਾਂ ਦਾ ਪ੍ਰਮਾਣ ਮਿਲ ਜਾਏਗਾ। ਤੁਸੀਂ ਸਾਖ਼ਸ਼ੀ ਬਣ ਜਾਓ, ਵੇਦਾਂ ਦੇ, ਉਪਨਿਸ਼ਦਾਂ ਦੇ, ਕੁਰਾਨਾਂ ਦੇ। ਤੁਸੀਂ ਪ੍ਰਮਾਣ ਬਣੋ, ਪਰਮਾਤਮਾ ਦਾ ਪ੍ਰਮਾਣ ਨ ਪੁੱਛੋ। ਤੁਸੀਂ ਹੀ ਪ੍ਰਮਾਣ ਬਣ ਸਕਦੇ ਹੋ। ਤੁਹਾਡੀ ਮੌਜੂਦਗੀ ਕਾਫ਼ੀ ਹੋਏਗੀ।

ਕੁਝ ਗੱਲਾਂ ਹਨ ਜੋ ਕਹੀਆਂ ਨਹੀਂ ਜਾਂਦੀਆਂ, ਕੁਝ ਗੱਲਾਂ ਹਨ ਜੋ ਪ੍ਰਗਟ ਹੁੰਦੀਆਂ ਹਨ।

ਰਾਮ ਕ੍ਰਿਸ਼ਨ ਤੋਂ ਕਿਸੇ ਨੇ ਪੁੱਛਿਆ, ਈਸ਼ਵਰ ਦਾ ਪ੍ਰਮਾਣ? ਤਾਂ ਰਾਮ ਕ੍ਰਿਸ਼ਨ ਨੇ ਕਿਹਾ 'ਮੈਂ : ਮੈਂ ਹਾਂ ਈਸ਼ਵਰ ਦਾ ਪ੍ਰਮਾਣ! ਇਹ ਭਾਸ਼ਾ ਦਾਰਸ਼ਨਿਕ ਦੀ ਨਹੀਂ ਹੈ, ਵਿਚਾਰਕ ਦੀ ਨਹੀਂ ਹੈ; ਇਹ ਭਾਸ਼ਾ ਅਨੁਭੋਗਤਾ ਦੀ ਹੈ। ਮੈਂ ਹਾਂ ਪ੍ਰਮਾਣ!

ਜਦ ਵਿਵੇਕਾਨੰਦ ਨੇ ਰਾਮਕ੍ਰਿਸ਼ਨ ਨੂੰ ਪੁੱਛਿਆ ਕਿ ਮੈਨੂੰ ਤੁਸੀਂ ਈਸ਼ਵਰ ਨੂੰ ਸਿੱਧ ਕਰ ਸਕਦੇ ਹੋ, ਈਸ਼ਵਰ ਹੈ? ਰਾਮਕ੍ਰਿਸ਼ਨ ਨੇ ਕਿਹਾ, ਵਿਅਰਥ ਦੀ ਬਕਵਾਸ ਬੰਦ ਕਰ। ਤੈਨੂੰ ਈਸ਼ਵਰ ਨੂੰ ਜਾਨਣਾ ਹੈ ਇਹ ਪੁੱਛ। ਈਸ਼ਵਰ ਹੈ ਜਾਂ ਨਹੀਂ, ਇਹ ਗੱਲ ਹੀ ਨ ਕਰ। ਤੁਸੀਂ ਜਾਨਣਾ ਹੈ? ਸਮਝਾ ਸਕਦਾ ਹਾਂ। ਹੁਣੇ ਜਾਨਣਾ ਹੈ? ਵਿਵੇਕਾਨੰਦ ਨੇ ਅਜਿਹਾ ਨਹੀਂ ਸੋਚਿਆ ਸੀ, ਅਤੇ ਬਹੁਤ ਤਪੱਸਵੀਆਂ ਦੇ ਕੋਲ ਉਹ ਗਏ ਸਨ, ਜਿਗਿਆਸੂ ਸਨ। ਜਿੱਥੇ ਖ਼ਬਰ ਮਿਲੀ ਕਿ ਕੋਈ ਗਿਆਨੀ ਹੈ, ਉੱਥੇ ਹੀ ਗਏ। ਸਭ ਥਾਵਾਂ ਤੋਂ ਖ਼ਾਲੀ ਹਥ ਪਰਤੇ ਸਨ। ਚੂੰਕਿ ਸ਼ਬਦ ਤਾਂ ਬਹੁਤ ਸਨ, ਪਰ ਸ਼ਬਦਾਂ ਨਾਲ ਕਿਸ ਦੀ ਕਦੋਂ ਤ੍ਰਿਪਤੀ ਹੋਈ।

ਤੁਸੀਂ ਭੁੱਖੇ ਹੋ ਅਤੇ ਕੋਈ ਭੋਜਨ ਦੀ ਗੱਲ ਕਰੇ, ਕਿਵੇਂ ਤ੍ਰਿਪਤੀ ਹੋਏਗੀ? ਵਿਵੇਕਾਨੰਦ ਭੁੱਖੇ ਸਨ। ਉਨ੍ਹਾਂ ਦੀ ਉਤਸੁਕਤਾ ਵਿਦਿਆਰਥੀ ਦੀ ਉਤਸੁਕਤਾ ਨਹੀਂ ਸੀ। ਪਰਤ ਆਏ ਥਾਂ-ਥਾਂ ਤੋਂ। ਉਸੇ ਤਰ੍ਹਾਂ ਗਏ ਸਨ ਰਾਮਕ੍ਰਿਸ਼ਨ ਦੇ ਕੋਲ ਵੀ। ਮਨ ਵਿਚ ਇਹ ਧਾਰਣਾ ਸੀ ਕਿ ਅਨਪੜ੍ਹ ਗੰਵਾਰ ਆਦਮੀ ਹੈ; ਜਦ ਵੱਡੇ-ਵੱਡੇ ਪੜ੍ਹੇ-ਲਿਖਿਆਂ ਦੇ ਕੋਲ ਕੁਝ ਨਹੀਂ ਮਿਲਿਆ...।

ਮਹਾਰਿਸ਼ੀ ਦੇਵੇਂਦ੍ਰਨਾਥ ਦੇ ਕੋਲ ਗਏ ਸਨ। ਉਹ ਰਵੀਂਦ੍ਰਨਾਥ ਦੇ ਦਾਦਾ ਸਨ। ਉਨ੍ਹਾਂ ਦੀ ਬਹੁਤ ਪ੍ਰਸਿੱਧੀ ਸੀ। ਉਹ ਨਦੀ ਵਿਚ ਇੱਕ ਬਜਰੇ ਉੱਤੇ ਰਹਿੰਦੇ ਸਨ ਵਿਵੇਕਾਨੰਦ ਅੱਧੀ ਰਾਤ ਨੂੰ ਕੁੱਦ ਕੇ ਬਜਰੇ (ਇੱਕ ਤਰ੍ਹਾਂ ਦੇ ਬਾਂਸ ਤੇ ਕਾਨਿਆਂ ਦੀ ਬੇੜੀ) ਉੱਤੇ ਚੜ੍ਹ ਗਏ, ਨਦੀ ਤੈਰ ਕੇ; ਵਿਚਕਾਰ ਬਜਰਾ ਰੁੱਕਿਆ ਹੋਇਆ ਸੀ। ਹਨੇਰੀ ਰਾਤ, ਮਸਿਆ ਦੀ ਰਾਤ। ਸਾਰਾ ਬਜਰਾ ਕੰਬ ਗਿਆ...। ਦੇਵੇਂਦ੍ਰਨਾਥ ਧਿਆਨ ਕਰਦੇ ਸਨ ਰਾਤ ਦੇ ਇਕਾਂਤ ਵਿਚ। ਅੱਖ ਖੁੱਲ੍ਹ ਗਈ, ਇੱਕ ਯੁਵਕ ਖੜਾ ਹੈ ਸਾਹਮਣੇ, ਪਾਣੀ ਨਾਲ ਭਿਜਿਆ ਤਰ-ਬ-ਤਰ। ਨਿੱਕਾ ਜਿਹਾ ਟਿਮਟਿਮਾਉਂਦਾ ਦੀਵਾ ਹੈ ਬਜਰੇ ਉੱਤੇ। ਪੁੱਛਿਆ ਕੀ ਚਾਹੁੰਦਾ ਹੈਂ ? ਵਿਵੇਕਾਨੰਦ ਨੇ ਕਿਹਾ, ਈਸ਼ਵਰ ਹੈ ?

ਦੇਵੇਂਦ੍ਰਨਾਥ ਵੀ ਚੌਂਕੇ, ਇਹ ਵੀ ਕੋਈ ਵੇਲਾ ਹੈ ਪੁੱਛਣ ਦਾ, ਇਹ ਕੋਈ ਜਿਗਿਆਸਾ ਕਰਨ ਦਾ ਸਮਾਂ ਹੈ! ਅੱਧੀ ਰਾਤ ਕਿਸੇ ਦੇ ਬਜਰੇ ਉੱਤੇ ਚੜ੍ਹ ਆਉਂਣਾ। ਭਿਜਿਆ ਤਰ-ਬ-ਤਰ, ਹਨੇਰੇ ਵਿਚ ਖੜੇ ਹੋ ਜਾਣਾ... ਪੁੱਛਣਾ ਈਸ਼ਵਰ ਹੈ! ਇੱਕ ਛਿਣ ਝਿਜਕੇ, ਯੁਵਕ ਪਾਗਲ ਲਗਦਾ ਹੈ।

ਉਨ੍ਹਾਂ ਦੀ ਝਿਜਕ ਵੇਖੀ ਕਿ ਵਿਵੇਕਾਨੰਦ ਵਾਪਿਸ ਕੁੱਦ ਗਏ ਨਦੀ ਵਿਚ।

ਪੁੱਛਿਆ ਦੇਵੇਂਦ੍ਰਨਾਥ ਨੇ ਕਿ ਯੁਵਕ, ਵਾਪਿਸ ਪਰਤ ਚਲੇ, ਕਿਉਂ?

ਵਿਵੇਕਾਨੰਦ ਨੇ ਕਿਹਾ : ਤੁਹਾਡੀ ਝਿਜਕ ਨੇ ਸਭ ਕਹਿ ਦਿੱਤਾ ਕਿ ਅੱਜੇ ਤੁਹਾਨੂੰ ਵੀ ਪਤਾ ਨਹੀਂ। ਝਿਜਕੇ ਕਿਉਂ ਤੁਸੀਂ? ਜਿਸ ਨੂੰ ਪਤਾ ਹੈ ਉਸ ਨੂੰ ਪਤਾ ਹੈ। ਉਸ ਕੋਲੋਂ ਅੱਧੀ ਰਾਤ ਨੂੰ ਪੁੱਛ ਲਓ, ਸੁੱਤੇ ਪਏ ਨੂੰ ਜਗਾ ਕੇ, ਤਾਂ ਵੀ ਉਸ ਨੂੰ ਪਤਾ ਹੈ। ਜਿਸ ਨੂੰ ਪਤਾ ਹੈ ਪਤਾ ਹੈ। ਤੁਹਾਡੀ ਝਿਜਕ ਨੇ ਸਭ ਕਹਿ ਦਿੱਤਾ। ਮੈਂ ਕੁਝ ਪੁੱਛਣਾ ਨਹੀਂ।

ਤਾਂ ਕੁਦਰਤੀ ਗੱਲ ਹੈ : ਜਦ ਮਹਾਰਿਸ਼ੀ ਦੇਵੇਂਦ੍ਰਨਾਥ ਵਰਗੇ ਗਿਆਨੀ, ਪੰਡਿਤ, ਜਗਤ ਪ੍ਰਸਿੱਧ ਵੀ ਜਵਾਬ ਨ ਦੇ ਸਕੇ ਹੋਣ ਤਾਂ ਇਹ ਪਿੰਡ ਦਾ ਗੰਵਾਰ ਰਾਮ ਕ੍ਰਿਸ਼ਨ, ਇਹ ਕੀ ਜਵਾਬ ਦੇ ਪਾਏਗਾ। ਇਸ ਭਾਵ ਨਾਲ ਭਰੇ ਗਏ ਸਨ। ਪਰ ਗੱਲ ਉਲਟੀ ਹੋ ਗਈ। ਗਏ ਸਨ ਰਾਮਕ੍ਰਿਸ਼ਨ ਨੂੰ ਚੌਂਕਾਣ ਲਈ, ਖ਼ੁਦ ਹੈਰਾਨ ਹੋ ਗਏ। ਕਿਉਂਕਿ ਰਾਮ

ਕ੍ਰਿਸ਼ਨ ਨੇ ਕਿਹਾ, ਜਾਨਣਾ ਹੈ ਤੈਨੂੰ ਹੁਣੇ ਜਾਨਣਾ ਹੈ ? ਹੁਣੇ ਦੱਸ ਦਿਆਂ, ਇਸੇ ਵਕਤ?

ਇੰਨਾ ਸੋਚ ਕੇ ਨਹੀਂ ਗਏ ਸਨ ਕਿ ਹੁਣੇ ਜਾਨਣਾ ਹੈ। ਇੰਨੀ ਤਿਆਰੀ ਵੀ ਕਰਕੇ ਨਹੀਂ ਗਏ ਸਨ। ਇਹ ਤਾਂ ਕਦੇ ਸੋਚਿਆ ਹੀ ਨਹੀਂ ਸੀ ਕਿ ਕੋਈ ਇਸ ਤਰ੍ਹਾਂ ਪੁੱਛੇਗਾ। ਇਸ ਤੋਂ ਪਹਿਲਾਂ ਕਿ ਵਿਵੇਕਾਨੰਦ ਕੁਝ ਕਹਿਣ, ਰਾਮਕ੍ਰਿਸ਼ਨ ਉਛਲੇ ਅਤੇ ਆਪਣਾ ਪੈਰ ਵਿਵੇਕਾਨੰਦ ਦੀ ਛਾਤੀ ਨਾਲ ਲਗਾ ਦਿੱਤਾ, ਇਹ ਕੋਈ ਗਿਆਨੀਆਂ ਦੇ ਢੰਗ ਨਹੀਂ ਹਨ, ਇਹ ਮਸਤਾਂ ਦੇ ਢੰਗ ਹਨ। ਪਰ ਮਸਤਾਂ ਨੂੰ ਕੀ ਪਤਾ ਹੈ। ਪਤਾ ਹੈ, ਇਸ ਲਈ ਤਾਂ ਮਸਤੀ ਹੈ।

ਵਿਵੇਕਾਨੰਦ ਬੇਹੋਸ਼ ਹੋ ਕੇ ਡਿੱਗ ਪਏ।

ਜਦ ਤਿੰਨ ਘੰਟਿਆਂ ਬਾਅਦ ਹੋਸ਼ ਵਿਚ ਆਏ, ਰਾਮਕ੍ਰਿਸ਼ਨ ਨੇ ਕਿਹਾ : ਬੋਲ ਕੁਝ ਹੋਰ ਸਵਾਲ ਬਾਕੀ ਬਚੇ ? ਜਿਵੇਂ ਕਿਸੇ ਹੋਰ ਲੋਕ ਤੋਂ ਪਰਤੇ ਹੋਣ ! ਇੱਕ ਸਵਾਦ ਲਗ ਗਿਆ।

ਫ਼ਿਰ ਦੀਵਾਨੇ ਹੋ ਗਏ ਇਸ ਅਨਪੜ੍ਹ ਪ੍ਰੋਹਿਤ ਦੇ। ਫ਼ਿਰ ਇਸੇ ਦੇ ਪਿੱਛੇ ਚਕਰ ਕਟੱਣ ਲਗੇ। ਨਹੀਂ ਸੀ ਉਸਦੇ ਕੋਲ ਸ਼ਾਸਤ੍ਰ, ਨਹੀਂ ਸੀ ਗਿਆਨ, ਨਹੀਂ ਸਨ ਸਿੱਧਾਂਤ, ਨਹੀਂ ਸਨ ਵੱਡੀਆਂ-ਵੱਡੀਆਂ ਉਪਾਧੀਆਂ, ਨਹੀਂ ਸੀ ਇਸਦਾ ਨਾਮ ਕੋਈ ਜਗਤ-ਪ੍ਰਸਿੱਧ। ਅਠਾਰਾਂ ਰੁਪਏ ਮਹੀਨੇ ਦੀ ਨਿੱਕੀ ਜਿਹੀ ਨੌਕਰੀ ਸੀ ਦਛਿਣੇਸ਼ਵਰ ਦੇ ਮੰਦਰ ਵਿਚ ਪੂਜਾ-ਪਾਠ ਕਰ ਦੇਣ ਦੀ। ਗਰੀਬ ਆਦਮੀ ਸੀ। ਪਿੰਡ ਦਾ ਅਨਪੜ੍ਹ ਸੀ। ਦੂਜੀ ਜਮਾਤ ਤੱਕ ਪੜ੍ਹਿਆ ਸੀ। ਸੰਸਕ੍ਰਿਤ ਨਹੀਂ ਆਉਂਦੀ ਸੀ। ਪਰ ਵਿਵੇਕਾਨੰਦ ਨੂੰ ਕੋਈ ਮੋਹਿਤ ਨ ਕਰ ਸਕਿਆ, ਰਾਮ ਕ੍ਰਿਸ਼ਨ ਨੇ ਮੋਹਿਤ ਕਰ ਲਿਆ।

ਜਿੱਥੇ ਅਨੁਭਵ ਹੈ ਪਰਮਾਤਮਾ ਦਾ ਉੱਥੇ ਇੱਕ ਜੀਵਿਤ ਜਾਦੂ ਹੈ। ਮੈਂ ਤੁਹਾਨੂੰ ਪਰਮਾਤਮਾ ਦੀ ਵਿਆਖਿਆ ਨਹੀਂ ਦੇ ਸਕਦਾ; ਕਿਸੇ ਨੇ ਕਦੇ ਨਹੀਂ ਦਿੱਤੀ ਹੈ।

ਪਰ ਤਿਆਰੀ ਹੋਵੇ ਤਾਂ ਅਨੁਭਵ ਦੇ ਸਕਦਾ ਹਾਂ। ਅਨੁਭਵ ਸੁਗਮ (ਸੌਖਾ) ਹੈ। ਸ਼ਾਸਤ੍ਰ ਬਹੁਤ ਦੁਰਗਮ (ਔਖੇ) ਹਨ। ਅਨੁਭਵ ਇਸ ਲਈ ਸੁਗਮ ਹੈ ਕਿ ਤੁਸੀਂ ਭੁੱਲ ਗਏ ਹੋ ਭਲਾ, ਲੇਕਿਨ ਹੋ ਤਾਂ ਤੁਸੀਂ ਪਰਮਾਤਮਾ ਵਿਚ ਹੀ। ਜਿਵੇਂ ਮੱਛੀ ਨੂੰ ਪਤਾ ਨਹੀਂ ਹੈ ਕਿ ਸਾਗਰ ਵਿਚ ਹੈ; ਸਾਗਰ ਵਿਚ ਪੈਦਾ ਹੋਈ, ਸਾਗਰ ਵਿਚ ਹੀ ਰਹੀ ਹੈ; ਪਤਾ ਵੀ ਕਿਵੇਂ ਚਲੇ ਕਿ ਸਾਗਰ ਵਿਚ ਹੈ? ਇਵੇਂ ਹੀ ਤੁਸੀਂ ਪਰਮਾਤਮਾ ਵਿਚ ਜੀ ਰਹੇ ਹੋ, ਉਸੇ ਵਿਚ ਸੁਵਾਸ ਲੈ ਰਹੇ ਹੋ, ਉਸੇ ਵਿਚ ਟੁਰਦੇ ਉਸੇ ਵਿਚ ਬੈਠਦੇ ਹੋ। ਇਹ ਸਦਾ ਤੋਂ ਹੋ ਰਿਹਾ ਹੈ, ਇਸ ਲਈ ਤੁਹਾਨੂੰ ਚੇਤਾ ਹੀ ਨਹੀਂ ਆਉਂਦਾ ਕਿ ਪਰਮਾਤਮਾ ਕਿੱਥੇ ਹੈ ? ਤੁਸੀਂ ਪੁੱਛਦੇ ਹੋ ਪਰਮਾਤਮਾ ਕਿੱਥੇ ਹੈ ?

ਪਰਮਾਤਮਾ ਹੀ ਹੈ !

ਉਸੇ ਨੇ ਤੁਹਾਨੂੰ ਘੇਰਿਆ ਹੈ, ਉਸੇ ਦੇ ਜੀਵਨ-ਸਾਗਰ ਵਿਚ ਤੁਸੀਂ ਵੀ ਜੀਵਿਤ ਹੋ। ਇਸ ਲਈ ਕਠਿਨ ਨਹੀਂ ਹੈ ਗੱਲ। ਜ਼ਰਾ ਕੁ ਜਿੰਨਾ ਹੋਸ਼, ਬਸ ਜ਼ਰਾ ਕੁ ਜਿੰਨਾ ਹੋਸ਼ ...।

ਜ਼ਰਾ ਕੁ ਜਿੰਨੀ ਟਿਮਟਿਮਾਉਂਦੀ ਹੋਸ਼ ਦੀ ਜੋਤ ਤੁਹਾਡੇ ਵਿਚ ਜਗ ਜਾਏ ਕਿ ਤੁਸੀਂ ਜਾਣੋਗੇ ਪਰਮਾਤਮਾ ਹੀ ਹੈ, ਹੋਰ ਕੁਝ ਵੀ ਨਹੀਂ ਹੈ।

ਵਿਆਖਿਆਵਾਂ ਵਿਚ ਪੈਣਾ ਹੀ ਨ, ਜਦ ਅਨੁਭਵ ਮਿਲ ਸਕਦਾ ਹੋਵੇ ਤਾਂ ਕੋਈ ਪਾਗਲ ਹੋਏਗਾ ਜਿਹੜਾ ਵਿਆਖਿਆਵਾਂ ਦੀ ਚਿੰਤਾ ਕਰੇਗਾ।

ਪਰਮਾਤਮਾ ਅਨਿਰਵਚਨੀਜ (ਜੋ ਕਿਹਾ ਨ ਜਾ ਸਕੇ) ਹੈ।
ਪਰ ਅਨੁਭਵ ਕੀਤਾ ਜਾ ਸਕਦਾ ਹੈ।

ਦੂਜਾ ਸਵਾਲ : ਮੈਂ ਵਿਚਾਰਾਂ ਤੋਂ ਬਹੁਤ ਜ਼ਿਆਦਾ ਪੀੜਤ ਸੀ, ਤਾਂ ਇੱਕ ਸਾਧੂ ਮਹਾਰਾਜ ਤੋਂ ਧਿਆਨ ਦੀ ਵਿਧੀ ਪੁੱਛ ਬੈਠਾ। ਉਨ੍ਹਾਂ ਨੇ ਰਾਮ-ਰਾਮ ਮੰਤ੍ਰ ਨੂੰ ਲਗਾਤਾਰ ਸਿਮਰਨ ਕਰਨ ਲਈ ਕਿਹਾ। ਉਸ ਨਾਲ ਵਿਚਾਰ ਤਾਂ ਚਲੇ ਗਏ ਹਨ ਪਰ ਹੁਣ ਰਾਮ-ਰਾਮ ਦੀ ਰਟੱਨ ਬਣੀ ਰਹਿੰਦੀ ਹੈ। ਹੁਣ ਮੈਂ ਉਠਦੇ-ਬੈਠਦੇ ਰਾਮ-ਰਾਮ ਰਟੱਦਾ ਰਹਿੰਦਾ ਹਾਂ ਅਤੇ ਇਸ ਨੂੰ ਰੋਕਣਾ ਵੀ ਚਾਹਾਂ ਤਾਂ ਰੋਕ ਨਹੀਂ ਸਕਦਾ ਹਾਂ। ਇਸ ਦੀ ਲਗਾਤਾਰ ਧਾਰਾ ਅੰਦਰ ਚਲਦੀ ਰਹਿੰਦੀ ਹੈ। ਇਸ ਤਰ੍ਹਾਂ ਇੱਕ ਪਾਗਲਾਂ ਜਿਹੀ ਦਸ਼ਾ ਹੋ ਗਈ ਹੈ। ਤੁਸੀਂ ਕੁਝ ਮਾਰਗ ਦਰਸ਼ਨ ਦਿਓ, ਮੈਂ ਇਸ ਮੰਤ੍ਰ ਤੋਂ ਛੁਟਣਾ ਚਾਹੁੰਦਾ ਹਾਂ।

ਅਜਿਹਾ ਅਕਸਰ ਹੋ ਜਾਂਦਾ ਹੈ। ਬੀਮਾਰੀ ਤੋਂ ਆਦਮੀ ਛੁਟ ਜਾਂਦਾ ਹੈ, ਔਸ਼ਧੀ (ਦਵਾਈ) ਨਾਲ ਬੱਝ ਜਾਂਦਾ ਹੈ। ਇਸੇ ਨੂੰ ਅਡਿਕਸ਼ਨ ਕਹਿੰਦੇ ਹਨ। ਇਸ ਲਈ ਡਾਕਟਰ ਬਹੁਤ ਚਿੰਤਾ ਕਰਦਾ ਹੈ ਕਿ ਜਿਵੇਂ ਹੀ ਬੀਮਾਰੀ ਜਾਏ ਛੇਤੀ ਹੀ ਦਵਾਈ ਵੀ ਬੰਦ ਕਰਨੀ ਚਾਹੀਦੀ ਹੈ, ਨਹੀਂ ਤਾਂ ਫ਼ਿਰ ਦਵਾਈ ਦੀ ਗੁਲਾਮੀ ਸ਼ੁਰੂ ਹੋ ਜਾਂਦੀ ਹੈ।

ਮੰਤ੍ਰ ਲਗਾਤਾਰ ਰੱਟਣ ਦੀ ਗੱਲ ਨਹੀਂ। ਘੜੀ ਦੋ ਘੜੀ ਉਸਦੀ ਵਰਤੋਂ ਕਰਦੇ ਤਾਂ ਨੁਕਸਾਨ ਨ ਹੁੰਦਾ। ਮਿਕਦਾਰ ਵਿਚ ਦਵਾਈ ਲੈਣੀ ਚਾਹੀਦੀ ਹੈ। ਜਿਸ ਨੇ ਤੈਨੂੰ ਦੇ ਦਿੱਤਾ ਹੋਏਗਾ ਮੰਤ੍ਰ, ਉਸ ਨੂੰ ਮੰਤ੍ਰ ਸ਼ਾਸਤ੍ਰ ਦਾ ਕੁਝ ਪਤਾ ਨਹੀਂ ਹੋਏਗਾ। ਪਰ ਇਹ ਤੇਰੇ ਨਾਲ ਹੀ ਵਾਪਰਿਆ ਹੈ, ਅਜਿਹਾ ਨਹੀਂ ਹੈ; ਇੱਥੇ ਬਹੁਤ ਲੋਕ ਅਜਿਹੇ ਆਉਂਦੇ ਹਨ।

ਇੱਕ ਸਰਦਾਰ ਜੀ ਨੂੰ ਮੇਰੇ ਕੋਲ ਲਿਆਂਦਾ ਗਿਆ ਸੀ। ਫ਼ੌਜ ਵਿਚ ਹਨ; ਚੰਗੇ ਔਹਦੇ ਤੇ ਹਨ। ਪਰ ਹਾਲਤ ਖ਼ਰਾਬ ਹੋ ਗਈ ਹੈ ਉਨ੍ਹਾਂ ਦੀ, ਕਿਉਂਕਿ ਕਿਸੇ ਨੇ ਦੱਸ ਦਿੱਤਾ ਹੈ ਬਸ ਜਪਦੇ ਹੀ ਰਹੋ, ਜਪਦੇ ਹੀ ਰਹੋ। ਤਾਂ ਜਪੁਜੀ ਦੋਹਰਾਉਂਦੇ ਰਹਿੰਦੇ ਹਨ ਅੰਦਰ। ਹੌਲੀ-ਹੌਲੀ ਲੋਕਾਂ ਨੂੰ ਸ਼ਕ ਹੋਣ ਲਗਾ ਕਿ ਗੱਲ ਕੀ ਹੈ, ਕਿਉਂਕਿ ਉਹ ਉਖੜੇ ਉਖੜੇ ਰਹਿਣ ਲਗੇ। ਜਦ ਤੁਸੀਂ ਅੰਦਰ ਕੁਝ ਰੱਟਦੇ ਰਹੋਗੇ ਤਾਂ ਬਾਹਰੋਂ ਉਖੜ ਜਾਓਗੇ। ਰਸਤੇ ਉੱਤੇ ਟੁਰਦੇ ਹਨ, ਹੁਣ, ਕੋਈ ਕਾਰ ਦਾ ਹਾਰਨ ਵਜਾ ਰਿਹਾ ਹੈ ਕਿ ਰਾਹ ਵਿਚੋਂ ਹਟੋ, ਸਰਦਾਰ ਜੀ ਨੂੰ ਪਤਾ ਹੀ ਨਹੀਂ ਲਗਦਾ, ਕਿਉਂਕਿ ਉਹ ਤਾਂ ਆਪਣੇ ਜਾਪ ਵਿਚ ਲਗੇ ਹੋਏ ਹਨ, ਉਨ੍ਹਾਂ ਦਾ ਧਿਆਨ ਉੱਥੇ ਹੈ। ਪਤਨੀ ਕੁਝ ਕਹਿੰਦੀ ਹੈ, ਸੁਣ ਹੀ ਨਹੀਂ ਪਾਂਦੇ। ਪਤਨੀ ਕੁਝ ਕਹਿੰਦੀ ਹੈ, ਬਜ਼ਾਰੋਂ ਕੁਝ ਹੋਰ ਖ਼ਰੀਦ ਲਿਆਉਂਦੇ ਹਨ।

ਫ਼ਿਰ ਤਾਂ ਦਫ਼ਤਰ ਵਿਚ ਵੀ ਫ਼ੌਜ ਵਿਚ ਵੀ ਭੁੱਲਾਂ-ਚੁੱਕਾਂ ਹੋਣ ਲਗੀਆਂ। ਕਿਉਂਕਿ ਜਦ ਅੰਦਰ ਤੁਹਾਡਾ ਚਿੱਤ ਪੂਰੀ ਤਰ੍ਹਾਂ ਉਲਝ ਜਾਏਗਾ, ਤਾਂ ਬਾਹਰੋਂ ਤੁਸੀਂ ਮੁਰਛਿਤ (ਬੇਹੋਸ਼) ਹੋਣ ਲਗੋਗੇ। ਤੁਹਾਡਾ ਜੀਵਨ ਅਸਥ-ਵਿਅਸਥ ਹੋ ਜਾਏਗਾ।

ਮੰਤ੍ਰ ਤਾਂ ਅਜਿਹਾ ਹੈ ਜਿਵੇਂ ਇਸ਼ਨਾਨ। ਹੁਣ ਕੋਈ ਦਿਨ ਭਰ ਥੋੜ੍ਹੇ ਹੀ ਇਸ਼ਨਾਨ ਕਰਦੇ ਰਹਿਣਾ ਹੈ। ਮੰਤ੍ਰ ਵੀ ਇਸ਼ਨਾਨ ਹੈ। ਘੜੀ ਭਰ ਕਰ ਲਿਆ, ਤਾਜ਼ੇ ਹੋ ਗਏ, ਫ਼ਿਰ ਤਾਜ਼ਗੀ

ਵਗੱਦੀ ਰਹੇਗੀ। ਫਿਰ ਤਾਜ਼ਗੀ ਦਾ ਵੀ ਜ਼ਿਆਦਾ ਲੋਭ ਨਹੀਂ ਕਰਨਾ ਚਾਹੀਦਾ ਕਿ ਹੋਰ ਕਰ ਲਵਾਂ, ਹੋਰ ਕਰ ਲਵਾਂ, ਹੋਰ ਇੱਕ ਵਾਰ ਕਰ ਲਵਾਂ। ਅਜਿਹਾ ਕੁਝ ਮੰਤ੍ਰ ਦੇ ਨਾਲ ਹੀ ਹੁੰਦਾ ਹੈ, ਅਜਿਹਾ ਨਹੀਂ ; ਕਿਸੇ ਵੀ ਚੀਜ਼ ਦੇ ਨਾਲ ਹੋ ਸਕਦਾ ਹੈ।

ਹੁਣੇ ਇੱਕ ਮਿੱਤਰ ਆਏ। ਸਾਰਾ ਸ਼ਰੀਰ ਦੁਖਦਾ ਹੈ, ਕਹਿੰਦੇ ਹਨ : ਸਿਰ ਵਿਚ ਦਰਦ ਹੈ, ਕਮਰ ਵਿਚ ਦਰਦ ਹੈ ਅਤੇ ਕਹਿਣ ਲਗੇ ਇਹ ਸਭ ਤੁਹਾਡੇ ਧਿਆਨ ਨਾਲ ਹੀ ਹੋਇਆ ਹੈ। ਮੈਂ ਕਿਹਾ, ਮਾਮਲਾ ਕੀ ਹੈ? ਉਨ੍ਹਾਂ ਨੇ ਕਿਹਾ, ਪੰਜ ਵਾਰੀ ਧਿਆਨ ਕਰਦਾ ਹਾਂ ਦਿਨ ਵਿਚ। ਹੁਣ ਪੰਜ ਵਾਰ ਸਕ੍ਰਿਯੇ ਧਿਆਨ ਕਰੋਗੇ ਤਾਂ ਮੈਂ ਕਿਹਾ—ਤੁਸੀਂ ਬਚ ਗਏ ਜ਼ਿੰਦਾ, ਇਹ ਵੀ ਚਮਤਕਾਰ ਹੈ ! ਤੁਹਾਨੂੰ ਕਿਹਾ ਕਿਸ ਨੇ ਪੰਜ ਬਾਰ ਸਕ੍ਰਿਯੇ ਧਿਆਨ ਕਰਨ ਨੂੰ? ਅਤੇ ਕਹਿਣ ਲਗੇ ਸਭ ਕੰਮ-ਕਾਜ ਵੀ ਬਰਬਾਦ ਹੋ ਗਿਆ ਹੈ। ਪੰਜ ਬਾਰ ਸਕ੍ਰਿਯੇ ਧਿਆਨ ਕਰੋਗੇ ਤਾਂ ਦੁਕਾਨ ਕੌਣ ਕਰੇਗਾ? ਤਾਂ ਬੱਚਿਆਂ ਨੂੰ ਕੌਣ ਪਾਲੇਗਾ, ਘਰ ਦੀ ਦੇਖਭਾਲ ਕੌਣ ਕਰੇਗਾ?

ਨਹੀਂ ! ਉਨ੍ਹਾਂ ਨੇ ਕਿਹਾ ਕਿ ਬਹੁਤ ਆਨੰਦ ਆਉਂਦਾ ਸੀ ਇੱਕ ਵਾਰ ਕਰਦਾ ਸੀ, ਤਾਂ ਫਿਰ ਮੈਂ ਸੋਚਿਆ ਦੋ ਵਾਰ। ਦੋ ਵਾਰ ਕੀਤਾ ਤਾਂ ਹੋਰ ਆਨੰਦ ਆਇਆ। ਤਾਂ ਸੋਚਿਆ ਤਿੰਨ ਵਾਰ। ਫਿਰ ਤਾਂ ਹੁਣ ਅਜਿਹੀ ਧੁੰਨ ਲਗੀ ਰਹਿੰਦੀ ਹੈ ਕਿ ਖ਼ੂਬ ਮਜ਼ਾ ਆ ਰਿਹਾ ਹੈ।

ਮਜ਼ਾ ਤਾਂ ਆ ਰਿਹਾ ਹੈ, ਪਰ ਇਸ ਸ਼ਰੀਰ ਦੀ ਹਾਲਤ ਖ਼ਰਾਬ ਹੁੰਦੀ ਜਾ ਰਹੀ ਹੈ। ਇਹ ਸ਼ਰੀਰ ਮੰਦਿਰ ਹੈ। ਇਸ ਦਾ ਸਨਮਾਨ ਸਿੱਖੋ। ਇਹ ਪਰਮਾਤਮਾ ਦੀ ਦੇਣ ਹੈ। ਇਸ ਨੂੰ ਇਸ ਤਰ੍ਹਾਂ ਬਰਬਾਦ ਨ ਕਰੋ। ਇਹ ਪਰਮਾਤਮਾ ਦਾ ਅਪਮਾਨ ਹੈ।

ਲੋਭ ਮਨ ਦੀ ਬੀਮਾਰੀ ਹੈ, ਅਤੇ ਲੋਭ ਕਿੱਤੋਂ ਵੀ ਪਕੜ ਸਕਦਾ ਹੈ। ਦਸ ਹਜ਼ਾਰ ਹਨ ਤਾਂ ਦਸ ਲਖ ਹੋ ਜਾਣ, ਇਹ ਵੀ ਲੋਭ ਹੈ; ਅਤੇ ਇੱਕ ਵਾਰ ਧਿਆਨ ਕੀਤਾ ਤਾਂ ਖ਼ੂਬ ਆਨੰਦ ਆਇਆ, ਤਾਂ ਦਸ ਵਾਰ ਧਿਆਨ ਕਰੀਏ, ਇਹ ਵੀ ਲੋਭ ਹੈ। ਕੁਝ ਫ਼ਰਕ ਨਹੀਂ ਹੈ, ਉਹ ਹੀ ਲੋਭੀ ਚਿੱਤ ...। ਲੋਭ ਤੋਂ ਸਾਵਧਾਨ ਰਹਿਣਾ !

ਅਕਸਰ ਅਜਿਹਾ ਹੋ ਜਾਂਦਾ ਹੈ। ਇੱਕ ਆਦਮੀ ਨੂੰ ਮੇਰੇ ਕੋਲ ਲਿਆਂਦਾ ਗਿਆ। ਉਹ ਜਿੱਥੇ ਰਹਿੰਦਾ ਹੈ, ਉੱਥੇ ਜਾਣ ਲਈ ਰਾਹ ਵਿਚ ਇੱਕ ਮਰਘਟ (ਸ਼ਮਸ਼ਾਨ) ਪਾਰ ਕਰਨਾ ਪੈਂਦਾ ਹੈ। ਭੂਤ-ਪ੍ਰੇਤਾਂ ਦਾ ਡੱਰ ... ਉਸ ਨੂੰ ਬਹੁਤ ਅੜਚਨ ਹੁੰਦੀ ਸੀ। ਅਤੇ ਰੋਜ਼ ਓਥੋਂ ਲੰਘਣਾ ਹੀ ਹੈ, ਘਰ ਵੀ ਉਸਦਾ ਸ਼ਮਸ਼ਾਨ ਦੇ ਉਸ ਪਾਰ ਹੈ। ਕਿਸੇ ਨੇ ਉਸ ਨੂੰ ਤਾਵੀਜ਼ ਦੇ ਦਿੱਤਾ, ਕਿ ਤੂੰ ਇਹ ਤਾਵੀਜ਼ ਬੰਨ੍ਹ ਲੈ ਤੇ ਫ਼ਿਕਰ ਛੋਡ। ਇਸ ਤਾਵੀਜ਼ ਦੇ ਹੁੰਦਿਆਂ ਕੋਈ ਭੂਤ-ਪ੍ਰੇਤ ਅਸਰ ਨਹੀਂ ਕਰ ਸਕਦਾ। ਉਸ ਦਾ ਕੰਮ ਵੀ ਹੋ ਗਿਆ, ਤਾਵੀਜ਼ ਬੰਨ੍ਹ ਕੇ ਉਹ ਆਕੜ ਕੇ ਮਰਘਟ ਵਿਚੋਂ ਲੰਘ ਜਾਂਦਾ, ਅੱਧੀ ਰਾਤ ਨੂੰ ਵੀ। ਪਰ ਤਾਵੀਜ਼ ਗੁਆਚ ਨ ਜਾਏ ਇਸ ਗੱਲ ਦਾ ਡੱਰ ਲਗਾ ਰਹਿੰਦਾ ਹੈ। ਰਾਤ ਨੂੰ ਵੀ ਤਾਵੀਜ਼ ਹਥ ਵਿਚ ਰੱਖ ਕੇ ਸੌਂਦਾ ਹੈ ਕਿ ਕਿੱਤੇ ਰਾਤ ਤਾਵੀਜ਼ ਛੱਡਿਆ ਅਤੇ ਉਹ ਲੋਕ ਨਾਰਾਜ਼ ਤਾਂ ਹੋਣਗੇ ਹੀ, ਜਿਨ੍ਹਾਂ ਨੂੰ ਮਰਘਟ ਵਿਚ ਤਾਵੀਜ਼ ਦੀ ਵਜ੍ਹਾ ਨਾਲ ਡੱਰਵਾ ਕੇ ਟ੍ਰੋਰੇ ਆਏ ਹੋ।

ਕਿੱਤੇ ਆ ਕੇ ਛਾਤੀ ਉੱਤੇ ਨ ਚੱੜ੍ਹ ਬੈਠਣ। ਹੁਣ ਉਹ ਇੰਨਾਂ ਘਬਰਾ ਗਿਆ ਹੈ ਕਿ

ਕਿਤੇ ਤਾਵੀਜ਼ ਚੋਰੀ ਨ ਹੋ ਜਾਏ, ਕਿਤੇ ਭੁੱਲ ਨ ਜਾਵਾਂ, ਕਿਤੇ ਗੁਆਚ ਨ ਜਾਏ ਕੋਈ ਚੁੱਕ ਨ ਲਵੇ ! ਇੰਨਾ ਘਬਰਾ ਗਿਆ ਹੈ ਕਿ ਭੂਤ-ਪ੍ਰੇਤ ਤਾਂ ਦੂਰ, ਜਿੰਨਾਂ ਭੂਤਾਂ-ਪ੍ਰੇਤਾਂ ਤੋਂ ਭੈਅ ਸੀ ਉਨਾ ਹੀ ਭੈਅ ਤਾਵੀਜ਼ ਦਾ ਹੋ ਗਿਆ।

ਮੈਂ ਕੱਲ੍ਹ ਇੱਕ ਕਹਾਣੀ ਪੜ੍ਹੀ। ਚੰਦੂ ਲਾਲ ਦੇ ਪਰਿਵਾਰ ਵਿਚ ਇੱਕ ਵਿਕਟ ਸਮਸਯਾ (ਖ਼ਰਾਬ ਉਲਝਨ) ਖੜੀ ਹੋ ਗਈ ਹੈ। ਉਨ੍ਹਾਂ ਦਾ ਤਿੰਨ ਵਰ੍ਹਿਆਂ ਦਾ ਪੋਤਾ ਮੁੰਨਾ ਰਾਮ-ਰਾਮ ਨੂੰ ਲਾਮ-ਲਾਮ ਬੋਲਦਾ ਸੀ। ਚੰਦੂ ਲਾਲ ਦੇ ਗੁਆਂਢੀ ਅਤੇ ਮਿੱਤਰ ਢੱਬੂ ਜੀ ਨੇ ਇਸ ਭਾਸ਼ਾ-ਮਨੋਵਿਗਿਆਨ ਦੀ ਚੁਣੌਤੀ ਨੂੰ ਸਵੀਕਾਰ ਕੀਤਾ। ਉਸਨੇ ਮੁੰਨਾ ਨੂੰ 'ਰ' ਪ੍ਰਸ਼ਿਖਸ਼ਣ ਦੇਣ ਲਈ ਭਾਸ਼ਾ-ਸ਼ਾਮਗ੍ਰੀ ਤਰੀਕਾ ਕਢਿਆ। ਮੁੰਨਾ ਨੂੰ ਪਹਿਲਾਂ ਫਿਰ੍ਰ ... ਬੋਲਣਾ ਸਿਖਾਇਆ। ਤਾਂਕਿ 'ਰ' ਦਾ ਉਦਾਰਣ ਹੋ ਸਕੇ। ਹੁਣ ਰਾਮ ਨੂੰ ਤਾਂ ਲਾਮ ਕਰ ਸਕਦੇ ਹੋ ਫਿਰ੍ਰ ਨੂੰ ਥੋੜ੍ਹੇ ਹੀ ਫਿਲ ਕਰ ਦਿਓਗੇ। 'ਰ' ਦਾ ਅਭਿਆਸ ਕਰਵਾਇਆ ਫਿਰ੍ਰ ... ਫਿਰ੍ਰ .. ਫਿਰ੍ਰ ... ਮੁੰਨਾਂ ਫਿਰ੍ਰ ... ਫਿਰ੍ਰ ਸਿੱਖ ਗਿਆ ਅਤੇ ਇੱਕ ਦਿਨ ਅਚਾਨਕ ਫਿਰ੍ਰ ... ਫਿਰ੍ਰ ਬੋਲਦੇ-ਬੋਲਦੇ ਮੁੰਨਾ ਇਕੱਠਾ ਬੋਲਣ ਲਗਾ ਫਿਰ੍ਰ ... ਰਾਮ-ਰਾਮ। ਤਾਂ 'ਰ' ਬੋਲਨਾ ਆ ਗਿਆ ਤਾਂ ਉਹ ਵੀ ਚਿੰਤਾ ਵਿਚ ਤਾਂ ਸੀ ਕਿ 'ਰ' ਨੂੰ 'ਲ' ਬੋਲਦਾ ਹਾਂ, 'ਰ' ਨਹੀਂ ਬੋਲ ਪਾਂਦਾ ਹਾਂ। ਜਦ ਫਿਰ੍ਰ ਬੋਲਣ ਲਗਾ ਤਾਂ ਇੱਕ ਦਿਨ ਅਚਾਨਕ ਬੋਲਿਆ ਆਨੰਦ ਨਾਲ ਭਰ ਕੇ, ਫਿਰ੍ਰ ਰਾਮ-ਰਾਮ। ਢੱਬੂ ਜੀ ਵੀ ਪ੍ਰਸੰਨ ਹੋ ਗਏ ਸਫ਼ਲਤਾ ਉੱਤੇ। ਪਰ ਹੁਣ ਉਲਝਨ ਇਹ ਹੈ ਕਿ ਮੁੰਨਾ ਨੂੰ ਤੁਸੀਂ ਕਹੋ ਰਾਮ-ਰਾਮ, ਉਹ ਕਹਿੰਦਾ ਹੈ ਫਿਰ੍ਰ ਰਾਮ-ਰਾਮ। ਹੁਣ ਸਵਾਲ ਇਹ ਹੈ ਫਿਰ੍ਰ ਤੋਂ ਕਿਵੇਂ ਛੁਡਾਇਆ ਜਾਏ? ਸਿੱਖਾ ਤਾਂ ਬੈਠੇ...। ਹੁਣ ਉਸ ਨੂੰ ਕਿੰਨਾ ਹੀ ਕਹੋ, ਉਹ ਜਦ ਵੀ ਕਹੇਗਾ ਰਾਮ-ਰਾਮ ਤਾਂ ਪਹਿਲਾਂ—ਫਿਰ੍ਰ ...।

ਤੂੰ ਮੰਤ੍ਰ ਜੋ ਸਿੱਖ ਲਿਆ ਹੈ ਉਹ ਅਜਿਹਾ ਹੀ ਹੋ ਗਿਆ ਹੈ—ਫਿਰ੍ਰ ... ਰਾਮ-ਰਾਮ। ਹੁਣ ਤੂੰ ਫਿਰ੍ਰ ਵਿਚ ਫ਼ਸ ਗਿਆ।

ਅਸਲ ਵਿਚ ਵਿਚਾਰਾਂ ਨੂੰ ਹਟਾਉਣ ਦੀ ਕੋਈ ਵੀ ਕੋਸ਼ਿਸ਼ ਕਦੇ ਸਫ਼ਲ ਨਹੀਂ ਹੋ ਸਕਦੀ ਹੈ। ਤੁਹਾਡੇ ਅੰਦਰ ਵਿਚਾਰ ਚਲਦੇ ਹਨ ਊਲ ਜਲੂਲ, ਤੁਸੀਂ ਉਨ੍ਹਾਂ ਸਭ ਵਿਚਾਰਾਂ ਦੀ ਸ਼ਕਤੀ ਨੂੰ ਰਾਮ-ਰਾਮ, ਰਾਮ-ਰਾਮ, ਰਾਮ-ਰਾਮ ਵਿਚ ਲਗਾ ਦਿੱਤਾ ਹੈ। ਇਹ ਕੁਝ ਕ੍ਰਾਂਤੀ ਨਹੀਂ ਹੈ, ਇਹ ਕੇਵਲ ਰੁਪਾਂਤਰਣ ਹੈ। ਉਹ ਹੀ ਚੀਜ਼ ਚਲ ਰਹੀ ਹੈ ਅਜੇ, ਪਹਿਲਾਂ ਕੁਝ ਹੋਰ ਸੋਚਦੇ ਸੀ ਕਿ ਲਾਟਰੀ ਕਿਵੇਂ ਮਿਲ ਜਾਏ ਕਿ ਰਾਸ਼ਟ੍ਰਪਤੀ ਕਿਵੇਂ ਹੋ ਜਾਵਾਂ। ਹੋਰ ਦੂਜੇ ਵਿਚਾਰ ਚਲਦੇ ਸਨ ਉਹ ਵੀ ਸ਼ਬਦ ਹਨ, ਰਾਮ ਵੀ ਸ਼ਬਦ ਹੈ। ਉਨ੍ਹਾਂ ਸਾਰੇ ਸ਼ਬਦਾਂ ਵਿਚ ਜੋ ਤੁਹਾਡੀ ਸ਼ਕਤੀ ਲਗੀ ਹੋਈ ਹੁੰਦੀ ਸੀ ਉਸ ਨੂੰ ਤੁਸੀਂ ਰਾਮ-ਰਾਮ ਵਿਚ ਤੈਨਾਤ (ਨਿਯੋਜਿਤ) ਕਰ ਦਿੱਤਾ; ਇਹ ਹੀ ਤਾਂ ਤੁਹਾਡਾ ਤਥਾਕਥਿਤ ਮੰਤ੍ਰ ਦਾ ਵਿਗਿਆਨ ਹੈ। ਜਦ ਤੁਸੀਂ ਰਾਮ-ਰਾਮ, ਰਾਮ-ਰਾਮ ਦੋਹਰਾਉਣ ਲਗੇ ਤਵਰਾ (ਛੇਤੀ) ਨਾਲ ਤੀਵਰਤਾ (ਤੇਜੀ) ਨਾਲ ਤਾਂ ਨ ਸਮਾਂ ਬਚਿਆ ਨ ਸ਼ਕਤੀ ਬਚੀ, ਨ ਮਨ ਵਿਚ ਥਾਂ ਬਚੀ ਰਾਮ-ਰਾਮ, ਰਾਮ-ਰਾਮ ਦੀ ਸ਼ੰਖਲਾ (ਕੜੀ) ਭਰ ਗਈ, ਤਦ ਉਸ ਵਿਚ ਲਾਟਰੀ ਕਿਵੇਂ ਜਿੱਤਾਂ ਇਹ ਵਿਚਕਾਰ ਆ ਨਹੀਂ ਸਕਦਾ। ਜੇਕਰ ਇਹ ਵਿਚਕਾਰ ਆਏਗਾ ਤਾਂ ਰਾਮ-ਰਾਮ ਟੁੱਟੇਗਾ। ਇਹ ਤੁਸੀਂ ਪਰਿਪੂਰਕ ਲਾਭ ਲਿਆ। ਇਹ ਕ੍ਰਾਂਤੀ ਨਹੀਂ ਹੈ। ਇਸ ਲਈ ਤੁਸੀਂ ਫ਼ਿਰ ਚੌਵੀ ਘੰਟੇ

ਰਾਮ-ਰਾਮ ਜਪਣ ਲੱਗੇ। ਕਿਉਂਕਿ ਜਦ ਵੀ ਰਾਮ-ਰਾਮ ਛੁਟੇਗਾ ਉਹੀ ਲਾਟਰੀ ਰਾਹ ਵੇਖ ਰਹੀ ਹੈ। ਉਹ ਲਾਈਨ ਵਿਚ ਪਿੱਛੇ ਖਲੋਤੀ ਹੈ। ਉਹ ਕਹਿ ਰਹੀ ਹੈ ਕਦੇ ਤਾਂ ਰਾਮ-ਰਾਮ ਬੰਦ ਕਰੋਗੇ, ਤਦ ਵੇਖ ਲਵਾਂਗੇ। ਉਹ ਭੂਤ ਬੈਠੇ ਹਨ ਮਰਘਟ ਵਿਚ ਕਿ ਕਦੇ ਤਾਵੀਜ਼ ਛੁਟਿਆ ਤਦ ਤੁਹਾਨੂੰ ਮਜ਼ਾ ਚਖਾ ਦਿਆਂਗੇ। ਇਸ ਲਈ ਤੁਸੀਂ ਹੌਲੀ-ਹੌਲੀ ਚੌਵੀ ਘੰਟੇ ਰਟਨ ਲੱਗੇ, ਕਿਉਂਕਿ ਤੁਹਾਨੂੰ ਡਰ ਲਗਾ ਕਿ ਉਹ ਗੱਲਾਂ ਜੋ ਕਿਸੇ ਤਰ੍ਹਾਂ ਰਾਮ-ਰਾਮ ਦੇ ਜਪੱਣ ਨਾਲ ਦੂਰ ਹੋ ਗਈਆਂ ਹਨ, ਕਿੱਤੇ ਫ਼ਿਰ ਨ ਪ੍ਰਵੇਸ਼ ਕਰ ਜਾਣ। ਪਰ ਇਹ ਰਾਮ-ਰਾਮ ਖ਼ੁਦ ਹੀ ਬੀਮਾਰੀ ਹੋ ਗਈ। ਬੀਮਾਰਿਆਂ ਇੰਨੀ ਆਸਾਨੀ ਨਾਲ ਹੱਲ ਨਹੀਂ ਹੁੰਦੀਆਂ, ਥੋੜ੍ਹੀ ਜ਼ਿਆਦਾ ਬੁੱਧੀਮਾਨੀ ਦੀ ਜ਼ਰੂਰਤ ਹੈ।

ਵਿਚਾਰਾਂ ਨੂੰ ਜ਼ਬਰਦਸਤੀ ਧੱਕਾ ਦੇਣ ਨਾਲ ਕੁਝ ਹੱਲ ਨਹੀਂ ਹੋਏਗਾ। ਰਾਮ-ਰਾਮ ਵੀ ਵਿਚਾਰ ਹੈ; ਇਹ ਕੋਈ ਨਿਰਵਿਚਾਰ ਥੋੜ੍ਹੇ ਹੀ ਹੈ। ਇਸ ਵਿਚ ਕੁਝ ਭੇਦ ਥੋੜ੍ਹੇ ਹੀ ਹੈ। ਉਹੀ ਦਾ ਉਹੀ ਹੈ। ਇਸ ਨਾਲ ਤੁਸੀਂ ਕੁਝ ਸਮਾਧੀ ਨੂੰ ਥੋੜ੍ਹੇ ਉਪਲਬੱਧ ਹੋ ਜਾਓਗੇ। ਤੁਸੀਂ ਇੱਕ ਚੀਜ਼ ਦੀ ਥਾਂ ਦੂਜੀ ਚੀਜ਼ ਰੱਖ ਲਈ।

ਪਰ ਇਸ ਤਰ੍ਹਾਂ ਤੁਸੀਂ ਉਲਝਣ ਤੋਂ ਮੁਕਤ ਨਹੀਂ ਹੋ ਗਏ।

ਵਿਚਾਰ ਨੂੰ ਜ਼ਬਰਦਸਤੀ ਧੱਕੇ ਦੇਣ ਦੀ ਲੋੜ ਨਹੀਂ ਹੈ, ਵਿਚਾਰ ਦੇ ਸਾਖ਼ਸ਼ੀ ਬਣੋਂ।

ਸੋ ਮੈਂ ਤੁਹਾਨੂੰ ਕਹਿਣਾ ਚਾਹਾਂਗਾ : ਕਿ ਰਾਮ-ਰਾਮ ਦੇ ਸਾਖ਼ਸ਼ੀ ਬਣੋ। ਇਸ ਨੂੰ ਸਹਿਯੋਗ ਦੇਣਾ, ਮਦਦ ਕਰਨਾ ਬੰਦ ਕਰ ਦਿਓ, ਨਹੀਂ ਤਾਂ ਤੁਸੀਂ ਪਾਗਲ ਹੋ ਜਾਓਗੇ। ਹੋਰ, ਬਹੁਤ ਸਾਰੇ ਲੋਕ ਧਰਮ ਦੇ ਕਾਰਣ ਪਾਗਲ ਹੁੰਦੇ ਹਨ। ਕਿਉਂਕਿ ਧਰਮ ਕੋਈ ਵੀ ਦਿੰਦਾ ਰਹਿੰਦਾ ਹੈ, ਕੋਈ ਵੀ ਸੁਝਾਅ ਦਿੰਦਾ ਰਹਿੰਦਾ ਹੈ, ਕੋਈ ਵੀ ਸਲਾਹ ਦਿੰਦਾ ਰਹਿੰਦਾ ਹੈ। ਸਲਾਹ ਦੇਣ ਵਾਲੇ ਬਿਨਾਂ ਲੱਭੇ ਮਿਲ ਜਾਂਦੇ ਹਨ, ਇੱਕ ਲੱਭੋ ਹਜ਼ਾਰ ਮਿਲ ਜਾਂਦੇ ਹਨ।

ਤੁਸੀਂ ਨ ਵੀ ਲੱਭੋ ਤਾਂ ਉਹ ਤੁਹਾਨੂੰ ਲਭੱਦੇ ਚਲੇ ਆਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਸਲਾਹ ਦੇਣ ਦਾ ਰਸ ਹੈ। ਸਲਾਹ ਦੇਣ ਦਾ ਮਜ਼ਾ ਵੀ ਬਹੁਤ ਹੁੰਦਾ ਹੈ। ਅਹੰਕਾਰ ਨੂੰ ਬਹੁਤ ਤ੍ਰਿਪਤੀ ਮਿਲਦੀ ਹੈ, ਕਿ ਮੈਂ ਸਲਾਹ ਦੇਣ ਵਾਲਾ, ਤੁਸੀਂ ਸਲਾਹ ਲੈਣ ਵਾਲੇ; ਮੈਂ ਗਿਆਨੀ, ਤੁਸੀਂ ਅਗਿਆਨੀ। ਇਸ ਵਿਚ ਬਹੁਤ ਰਸ ਆ ਜਾਂਦਾ ਹੈ।

ਇਸ ਲਈ ਜਿਹੜੀ ਗੱਲ ਤੁਹਾਨੂੰ ਪਤਾ ਵੀ ਨਹੀਂ ਹੁੰਦੀ ਉਸ ਸੰਬੰਧ ਵਿਚ ਵੀ ਤੁਸੀਂ ਸਲਾਹ ਦੇ ਦਿੰਦੇ ਹੋ। ਤੁਸੀਂ ਖ਼ੁਦ ਵੀ ਦੇ ਦਿੰਦੇ ਹੋ। ਖ਼ਿਆਲ ਰਖੱਣਾ, ਜੋ ਤੁਹਾਡੀ ਹਾਲਤ ਹੈ, ਉਹ ਹੀ ਦੂਜਿਆਂ ਦੀ ਹਾਲਤ ਹੈ। ਹੁਣ ਜਿਸ ਸਾਧੂ ਮਹਾਰਾਜ ਨੇ ਤੁਹਾਨੂੰ ਇਹ ਸਮਝਾ ਦਿੱਤਾ ਹੈ, ਉਨ੍ਹਾਂ ਨੂੰ ਕੁਝ ਪਤਾ ਨਹੀਂ ਹੈ।

ਵਿਚਾਰ ਦੇ ਸਾਖ਼ਸ਼ੀ ਬਣੋ। ਜੇਕਰ ਵਿਚਾਰ ਤੋਂ ਮੁਕਤ ਹੋਣਾ ਹੈ। ਨਹੀਂ ਤਾਂ ਤੁਸੀਂ ਇੱਕ ਵਿਚਾਰ ਦੇ ਥਾਂ ਦੂਜਾ ਰੱਖ ਲਓਗੇ, ਦੂਜੇ ਦੀ ਥਾਂ ਤੀਜਾ ਰੱਖ ਲਓਗੇ। ਤੀਜੇ ਦੀ ਥਾਂ ਚੌਥਾ ਰੱਖ ਲਓਗੇ; ਇਸ ਨਾਲ ਫ਼ਰਕ ਨਹੀਂ ਪਏਗਾ।

ਪੈਰ ਵਿਚ ਕੰਢਾ ਚੁਭਿਆ। ਇੱਕ ਦੂਜੇ ਕੰਡੇ ਨਾਲ ਉਸ ਕੰਡੇ ਨੂੰ ਕੱਢ ਦਿੱਤਾ, ਪਰ ਦੂਜਾ ਕੰਡਾ ਰੱਖ ਲਿਆ। ਕੀ ਫ਼ਰਕ ਪੈਣ ਵਾਲਾ ਹੈ ? ਕੰਡੇ ਬਦਲਦੇ ਰਹੋਗੇ।

ਇਹ ਹੀ ਲੋਕ ਕਰਦੇ ਹਨ। ਕਿਸੇ ਨੂੰ ਪਾਨ ਖਾਣ ਦੀ ਆਦਤ ਹੈ। ਉਸ ਨੂੰ ਪਾਨ

ਛੁੜਵਾ ਦਿਉ, ਉਹ ਸਿਗਰੇਟ ਪੀਣ ਲਗਦਾ ਹੈ। ਸਿਗਰੇਟ ਛੁੜਵਾ ਦਿਓ, ਚਯੁਇੰਗਮ, ਉਸ ਵਿਚ ਲਗ ਗਿਆ। ਉਸਨੂੰ ਕੁਝ ਨ ਕੁਝ ਚਾਹੀਦਾ। ਮੂੰਹ ਚਲਦਾ ਰਹਿਣਾ ਚਾਹੀਦਾ।

ਜੇਕਰ ਸੱਭ ਛੁੜਵਾ ਦਿਓ ਤਾਂ ਉਹ ਰਾਮ-ਰਾਮ, ਰਾਮ-ਰਾਮ, ਰਾਮ-ਰਾਮ ... ਉਹ ਵੀ ਚਯੁਇੰਗਮ ਰਾਮ ਹੈ। ਹੋਰ ਕੁਝ ਵੀ ਨਹੀਂ ਹੈ। ਮੂੰਹ ਸ਼ਾਂਤ ਨਹੀਂ ਰਹਿ ਸਕਦਾ।

ਵਿਚਾਰ ਨੂੰ ਸਮਝੋ। ਵਿਚਾਰ ਦੇ ਪ੍ਰਤੀ ਜਾਗੋ। ਸਾਖਸ਼ੀ ਬਣੋ। ਵਿਚਾਰ ਦੀ ਧਾਰਾ ਚਿੱਤ ਵਿਚ ਚਲਦੀ ਹੈ, ਉਸ ਨੂੰ ਵੇਖੋ। ਰਾਹ ਦੇ ਕੰਢੇ ਖਲੋਤੇ ਤੁਸੀਂ ਵੇਖ ਰਹੇ ਹੋ। ਚੰਗੇ ਲੋਕ ਵੀ ਲੰਘਦੇ ਹਨ, ਬੁਰੇ ਲੋਕ ਵੀ ਲੰਘਦੇ ਹਨ, ਬੇਈਮਾਨ ਵੀ ਲੰਘਣਗੇ, ਇਮਾਨਦਾਰ ਵੀ ਲੰਘਣਗੇ ਸਾਧੂ ਵੀ ਅਸਾਧੂ ਵੀ; ਤੁਸੀਂ ਕੀ ਲੈਣਾ ਹੈ ? ਤੁਸੀਂ ਰਾਹ ਦੇ ਕੰਢੇ ਖਲੋਤੇ ਸਿਰਫ਼ ਵੇਖ ਰਹੇ ਹੋ। ਤੁਸੀਂ ਸਿਰਫ਼ ਦ੍ਰਿਸ਼ਟਾ ਹੋ। ਸਾਖਸ਼ੀ ਮਾਤ੍ਰ। ਤੁਸੀਂ ਹੈਰਾਨ ਹੋ ਜਾਓਗੇ, ਜੇਕਰ ਤੁਸੀਂ ਵਿਚਾਰ ਦੀ ਰਾਹ ਦੇ ਕੰਢੇ ਖੜੇ ਹੋ ਜਾਓ ...। ਵਿਚਾਰ ਸਿਰਫ਼ ਇੱਕ ਰਾਹ ਹੈ। ਤੁਸੀਂ ਉਸ ਤੋਂ ਭਿੰਨ ਹੋ।

ਤੁਸੀਂ ਵਿਚਾਰ ਨਹੀਂ ਹੋ, ਤੁਸੀਂ ਵਿਚਾਰ ਦੇ ਵੇਖਣ ਵਾਲੇ ਹੋ। ਬਸ ਇੰਨੀ ਤੁਸੀਂ ਸੁਰਤ ਜਗਾਉਂਣੀ ਹੈ ਕਿ ਮੈਂ ਦ੍ਰਿਸ਼ਟਾ ਹਾਂ। ਚਲਣ ਦਿਓ ਵਿਚਾਰ ਨੂੰ। ਹੁਣ ਰਾਮ-ਰਾਮ ਨਿਕਲੇ ਕਿ ਕੋਕਾ ਕੋਲਾ ਨਿਕਲੇ ਕੁਝ ਵੀ ਨਿਕਲੇ, ਚਲਣ ਦਿਓ ਵਿਚਾਰ। ਤੁਸੀਂ ਦੂਰ ਖਲੋਤੇ ਵੇਖਦੇ ਰਹੋ—ਸ਼ਾਂਤ ; ਨ ਤਾਂ ਪਕਸ਼ ਨ ਵਿਪਕਸ਼। ਨ ਤਾਂ ਕਹਿਣਾ : ਆਹਾ, ਕਿੰਨਾ ਚੰਗਾ ਵਿਚਾਰ ਆਇਆ ! ਅਜਿਹਾ ਕਿਹਾ ਕਿ ਫ਼ਸੇ। ਕਿਉਂਕਿ ਉਸ ਵਿਚਾਰ ਨੂੰ ਤੁਸੀਂ ਪਕੜ ਲਓਗੇ ਜੋ ਚੰਗਾ ਲਗਾ। ਉਸ ਨਾਲ ਤੁਹਾਡਾ ਮੋਹ ਬਣ ਜਾਏਗਾ। ਤੁਸੀਂ ਚਾਹੋਗੇ ਵਾਰ-ਵਾਰ ਆਏ। ਮਿਤ੍ਰਤਾ ਬਣਾ ਲਓਗੇ। ਫ਼ੇਰੇ ਲੈ ਲਓਗੇ। ਜਾਂ ਕੋਈ ਵਿਚਾਰ ਆਇਆ ਅਤੇ ਕਿਹਾ ਕਿ ਬਹੁਤ ਬੁਰਾ ਵਿਚਾਰ ਹੈ, ਮੈਂ ਵੇਖਣਾ ਵੀ ਨਹੀਂ ਚਾਹੁੰਦਾ ਅਤੇ ਅੱਖਾਂ ਫ਼ੇਰ ਲਈਆਂ। ਇਹ ਵੀ ਤੁਹਾਡਾ ਪਿੱਛਾ ਕਰੇਗਾ, ਕਿਉਂਕਿ ਇਹ ਨਾਰਾਜ਼ ਹੋ ਜਾਏਗਾ। ਤੁਸੀਂ ਇਸ ਦਾ ਅਪਮਾਨ ਕਰ ਦਿੱਤਾ। ਤੁਸੀਂ ਇਸ ਦਾ ਨਿਸ਼ੇਧ ਕੀਤਾ, ਨਕਾਰ ਕੀਤਾ; ਇਹ ਵਾਰ-ਵਾਰ ਦਰਵਾਜ਼ੇ ਉੱਤੇ ਦਸਤੱਕ (ਖੜਕਾਉਂਣਾ) ਦੇਵੇਗਾ। ਇਹ ਕਹੇਗਾ ਕਿ ਮੇਰੇ ਵਲ ਵੇਖੋ।

ਤੁਸੀਂ ਜਿਸ ਚੀਜ਼ ਨੂੰ ਨਿਸ਼ੇਧ (ਨਾਂਹ) ਕਰੋਗੇ, ਉਹ ਵਾਰ-ਵਾਰ ਪਰਤ ਕੇ ਆਏਗੀ। ਤੁਸੀਂ ਕੋਸ਼ਿਸ਼ ਕਰਕੇ ਵੇਖ ਲਓ, ਕਿਸੇ ਵੀ ਵਿਚਾਰ ਨੂੰ ਨਿਸ਼ੇਧ (ਨਾਂਹ) ਕਰਕੇ ਵੇਖ ਲਓ, ਉਹ ਵਾਰ-ਵਾਰ ਆਵੇਗਾ। ਚੌਵੀ ਘੰਟੇ ਸਤਾਏਗਾ। ਅਤੇ ਜੇਕਰ ਤੁਸੀਂ ਕਿਸੇ ਚੀਜ਼ ਨੂੰ ਪਕੜੋ ਤਾਂ ਵੀ ਫ਼ਸੇ, ਤਿਆਗੋ ਤਾਂ ਵੀ ਫ਼ਸੇ। ਭੋਗ ਵੀ ਫ਼ੜ ਲੈਂਦਾ ਹੈ ਤਿਆਗ ਵੀ ਫ਼ੜ ਲੈਂਦਾ ਹੈ। ਨ ਕਹਿਣਾ ਬਹੁਤ ਸੁੰਦਰ, ਨ ਕਹਿਣਾ ਬਹੁਤ ਬੁਰਾ। ਕੁਝ ਕਹਿਣਾ ਹੀ ਨ, ਕਹਿਣ ਦੀ ਜ਼ਰੂਰਤ ਹੀ ਨਹੀਂ ਹੈ। ਸਿਰਫ਼ ਵੇਖਣਾ। ਕੀ ਮਾਤ੍ਰ ਵੇਖ ਨਹੀਂ ਸਕਦੇ, ਜਿਸ ਤਰ੍ਹਾਂ ਦਰਪਣ ਵੇਖਦਾ ਹੈ ? ਸੋਹਣੀ ਇਸਤ੍ਰੀ ਲੰਘੀ ਸ਼ੀਸ਼ੇ ਦੇ ਅੱਗੋਂ ਤਾਂ ਵੀ ਉਹ ਕਹਿੰਦਾ ਨਹੀਂ ਕਿ ਰੁੱਕ ਜਾ, ਥੋੜ੍ਹੀ ਦੇਰ ਹੋਰ ... ਕਿ ਦੋ ਗੱਲਾਂ ਤਾਂ ਕਰ ਲਈਏ। ਕਰੂਪ ਇਸਤ੍ਰੀ ਲੰਘੇ ਤਾਂ ਵੀ ਉਹ ਇਹ ਨਹੀਂ ਕਹਿੰਦਾ ਕਿ ਛੇਤੀ ਹਟੋ, ਕਿ ਮਾਈ ਜਾਓ, ਕਿ ਅੱਗੇ ਵੱਧੋ, ਕਿ ਕਿਸੇ ਹੋਰ ਸ਼ੀਸ਼ੇ ਨੂੰ ਸਤਾਓ। ਸ਼ੀਸ਼ਾ (ਦਰਪਣ) ਵੇਖਦਾ ਹੈ। ਇਵੇਂ ਹੀ ਜਦ ਦਰਪਣ ਦੇ ਵਾਂਗ ਤੁਸੀਂ ਸਾਖਸ਼ੀ ਬਣ ਜਾਓਗੇ ਸਾਰੇ ਵਿਚਾਰ ਆਪਣੇ-ਆਪ ਸ਼ਾਂਤ ਹੋਣ ਲਗਣਗੇ। ਇੱਕ ਅਜਿਹੀ

ਘੜੀ ਆਉਂਦੀ ਹੈ ਕਿ ਵਿਚਾਰ ਦਾ ਰਸਤਾ ਨਿਰਜਨ (ਖ਼ਾਲੀ) ਹੋ ਜਾਂਦਾ ਹੈ, ਕੋਈ ਨਹੀਂ ਆਉਂਦਾ। ਉਸ ਸੰਨਾਟੇ ਵਿਚ ਪਹਿਲੀ ਵਾਰੀ ਸਮਾਧੀ ਦਾ ਸਵਰ ਉਤਰਦਾ ਹੈ। ਉਸੇ ਸ਼ੂਨਯ ਵਿਚ ਪਹਿਲੀ ਵਾਰ ਪੂਰਨਤਾ ਦੀ ਕਿਰਣ ਆਉਂਦੀ ਹੈ।

ਤੁਸੀਂ ਇਹ ਨ ਸੋਚੋ ਕਿ ਤੁਸੀਂ ਧਾਰਮਿਕ ਹੋ ਗਏ ਰਾਮ-ਰਾਮ ਜਪੱਣ ਨਾਲ। ਤੁਸੀਂ ਇਹ ਨ ਸੋਚੋ ਕਿ ਤੁਸੀਂ ਕੋਈ ਬਹੁਤ ਵੱਡੀ ਉਪਲਬੱਧੀ ਕਰ ਲਈ। ਜੇਕਰ ਤੁਸੀਂ ਉਪਲਬੱਧੀ ਕਰ ਲਈ, ਅਜਿਹਾ ਸੋਚਿਆ ਤਾਂ ਤੁਹਾਡਾ ਛੁਟਕਾਰਾ ਨਹੀਂ ਹੋ ਸਕੇਗਾ। ਉਪਲਬੱਧੀਆਂ ਤੋਂ ਕੋਈ ਛੁਟਣਾ ਕਿਉਂ ਚਾਹੇਗਾ? ਇਹ ਨ ਸਮਝਣਾ ਕਿ ਤੁਹਾਡੇ ਅੰਦਰ ਕੋਈ ਕ੍ਰਾਂਤੀ ਹੋ ਗਈ। ਕੁਝ ਵੀ ਨਹੀਂ ਹੋਇਆ; ਤੁਸੀਂ ਇੱਕ ਬੀਮਾਰੀ ਦੀ ਥਾਂ ਦੂਜੀ ਬੀਮਾਰੀ ਸਹੇੜ ਲਈ। ਉਹ ਓਨੀ ਹੀ ਬੀਮਾਰੀ ਹੈ ਜਿੰਨੀ ਪਹਿਲਾਂ ਸੀ, ਕੁਝ ਫ਼ਰਕ ਨਹੀਂ ਹੈ। ਹੁਣ ਤੁਸੀਂ ਇਸ ਨੂੰ ਮਦਦ ਦੇਣੀ ਬੰਦ ਕਰ ਦਿਓ।

ਹਾਲਾਂ ਕਿ ਕੁਝ ਦਿਨ ਅੜਚਨ ਆਏਗੀ, ਕਿਉਂਕਿ ਤੁਸੀਂ ਜੇਕਰ ਬਹੁਤ ਦਿਨ ਅਭਿਆਸ ਕਰ ਲਿਆ ਹੈ ਅਤੇ ਹੁਣ ਇਹ ਧਾਰਾ ਆਪਣੇ-ਆਪ ਚਲਣ ਲਗੀ ਹੈ ਤਾਂ ਤੁਸੀਂ ਸਹਿਯੋਗ ਨਹੀਂ ਦਿਓਗੇ ਤਾਂ ਵੀ ਕੁਝ ਦਿਨ ਚਲੇਗੀ। ਜਿਵੇਂ ਕੋਈ ਸਾਈਕਲ ਚਲਾਏ, ਫ਼ਿਰ ਥੋੜ੍ਹੀ ਦੇਰ ਪੈਡਲ ਮਾਰਨਾ ਬੰਦ ਕਰ ਦੇਵੇ, ਤਾਂ ਪੁਰਾਣੇ ਪੈਡਲ ਦਾ ਜੋ ਮੂਮੇਂਟ ਹੈ, ਥੋੜ੍ਹੀ ਦੂਰ ਤੱਕ ਸਾਈਕਲ ਚਲੀ ਜਾਏਗੀ ਬਿਨਾਂ ਚਲਾਏ ਵੀ। ਇਵੇਂ ਹੀ ਕੁਝ ਦਿਨਾਂ ਤੱਕ ਤਾਂ ਇਹ ਰਾਮ-ਰਾਮ ਚਲੇਗਾ। ਪਰ ਹੁਣ ਤੁਸੀਂ ਸਹਾਇਤਾ ਬੰਦ ਕਰ ਲਓ। ਜਿੰਨਾਂ ਤੁਸੀਂ ਕੀਤਾ ਸਹਿਯੋਗ ਓਨਾ ਹੀ ਕਾਫ਼ੀ ਹੈ। ਹੁਣ ਸਹਿਯੋਗ ਨ ਦਿਓ। ਹੁਣ ਆਪਣੇ ਵਲੋਂ ਸਾਥ ਨ ਦਿਓ। ਆਪਣੀ ਊਰਜਾ (ਸ਼ਕਤੀ) ਵਾਪਿਸ ਲੈ ਲਓ। ਹੁਣ ਤੁਸੀਂ ਸਾਖ਼ਸ਼ੀ ਹੋ ਜਾਓ।

ਜ਼ਿਆਦਾ ਤੋਂ ਜ਼ਿਆਦਾ ਇਹ ਤਿੰਨ ਮਹੀਨੇ ਧਾਰਾ ਚਲ ਸਕਦੀ ਹੈ ਥੋੜ੍ਹੇ ਬਹੁਤ ਰੂਪ ਵਿਚ ਪਰ ਰੋਜ਼ ਘੱਟ ਹੁੰਦੀ ਜਾਏਗੀ। ਅੱਜੇ ਹੜ੍ਹ ਦੇ ਵਾਂਗ ਹੈ—ਬਾਰਸ਼ ਦੀ ਹੜ੍ਹ ਦੇ ਵਾਂਗ; ਛੇਤੀਂ ਹੀ ਗਰਮੀ ਦੇ ਮੌਸਮ ਦੀ ਸੁੱਕੀ-ਸੜੀ ਨਦੀ ਰਹਿ ਜਾਏਗੀ। ਥੋੜ੍ਹੀ-ਬਹੁਤ ਧਾਰ, ਕਿੱਤੇ-ਕਿੱਤੇ ਟੋਇਆਂ ਵਿਚ ਪਾਣੀ ਹੈ ...। ਤ੍ਰਿੰਨ ਮਹੀਨਿਆਂ ਤੱਕ ਹੌਲੀ-ਹੌਲੀ ਘੱਟ ਹੁੰਦੇ-ਹੁੰਦੇ ਵਿਲੀਨ ਹੋ ਜਾਏਗੀ। ਅਤੇ ਫ਼ਿਰ ਤੁਸੀਂ ਇਹ ਖ਼ਿਆਲ ਰਖੱਣਾ ਕਿ ਜੋ ਕੁਝ ਵੀ ਇਸ ਦੇ ਪਿੱਛੋਂ ਚਲੇ, ਵਿਚਾਰ ਜਿਹੜੇ ਪਏ ਰਹਿ ਗਏ ਹਨ, ਦੱਬੇ ਰਹਿ ਗਏ ਹਨ, ਜਿਨ੍ਹਾਂ ਨੂੰ ਤੁਸੀਂ ਹਟਾ ਦਿੱਤਾ ਹੈ, ਰਾਮ-ਰਾਮ ਕਰਕੇ ਦਬਾ ਦਿੱਤਾ ਹੈ, ਉਹ ਸਭ ਉਠਣਗੇ। ਉਨ੍ਹਾਂ ਨੂੰ ਵੀ ਉਠਣ ਦੇਣਾ ਡੱਰਨਾ ਨਹੀਂ। ਸਾਧਕ ਨੂੰ ਨਿਰਭੈ ਹੋਣਾ ਚਾਹੀਦਾ ਹੈ।

ਹੋਰ, ਵਿਚਾਰ ਦਾ ਵੀ ਕੀ ਭੈਅ ਹੈ ? ਵਿਚਾਰ ਵਿਚ ਰੱਖਿਆ ਕੀ ਹੈ? ਹਵਾ ਵਿਚ ਬਣੀ ਤਰੰਗ ਹੈ, ਪਾਣੀ ਦਾ ਬੁਲਬੁਲਾ ਵੀ ਨਹੀਂ ਹਵਾ ਦਾ ਬੁਲਬੁਲਾ ਹੈ ! ਕੁਝ ਤੱਤ ਥੋੜ੍ਹੇ ਹੀ ਹੈ ਵਿਚਾਰ ਵਿਚ। ਆਕਾਸ਼ ਦਾ ਫ਼ੁੱਲ ਹੈ; ਨ ਜੱੜ੍ਹ ਹੈ ਨ ਰੂਪ ਹੈ, ਨ ਕੋਈ ਰੰਗ ਹੈ। ਵਿਚਾਰ ਤਾਂ ਕੇਵਲ ਇੱਕ ਵਿਚਾਰ ਹੈ।

ਤੁਸੀਂ ਚੁਪ-ਚਾਪ ਵੇਖਦੇ ਰਹੋ। ਛੇਤੀਂ ਹੀ ਵੇਖਦੇ-ਵੇਖਦੇ ਤੁਸੀਂ ਪਾਰ ਹੋ ਜਾਓਗੇ।

ਸਾਖ਼ਸ਼ੀ ਅਤਿਕ੍ਰਮਣ (ਉਲੰਘਣ) ਦੀ ਪ੍ਰਕ੍ਰਿਯਾ ਹੈ। ਜੋ ਅਤਿਕ੍ਰਮਣ ਕਰ ਜਾਂਦਾ ਹੈ।

ਵਿਚਾਰ ਦਾ—ਬਿਨਾਂ ਦਬਾਏ, ਬਿਨਾਂ ਲੜੇ-ਝਗੜੇ, ਸਹਿਜਤਾ ਨਾਲ, ਸੁਗਮਤਾ ਨਾਲ—ਉਹ ਹੀ ਪਹੁੰਚ ਪਾਉਂਦਾ ਹੈ।

ਯਾਦ ਕਰੋ ਗੋਰਖ ਦਾ ਵਚਨ:

ਹੰਸਿਬਾ ਖੇਲਿਬਾ ਧਰਿਬਾ ਧਿਆਨੰ ..।

ਇਹ ਕੋਈ ਗੰਭੀਰਤਾ ਦੀ ਗੱਲ ਨਹੀਂ ਹੈ, ਹਸੱਦੇ-ਖੇਡਦੇ ਹੋ ਜਾਂਦੀ ਹੈ ਗੱਲ।

ਹਸੱਦੇ-ਖੇਡਦੇ ਹੀ ਹੋਣੀ ਚਾਹੀਦੀ ਹੈ। ਜੇਕਰ ਤੁਹਾਡਾ ਧਰਮ ਤੁਹਾਨੂੰ ਗੰਭੀਰ ਕਰ ਦੇਵੇ ਤਾਂ ਸਮਝਣਾ ਕਿ ਕਿੱਤੇ ਨ ਕਿੱਤੇ ਗਲਤੀ ਹੋ ਗਈ। ਜੇਕਰ ਤੁਹਾਡਾ ਧਰਮ ਤੁਹਾਡਾ ਹਸੱਣਾ ਖੋਹ ਲਵੇ ਤਾਂ ਸਮਝਣਾ ਕਿੱਤੇ ਭੁੱਲ ਹੋ ਗਈ।

ਤੁਹਾਡਾ ਧਰਮ ਜੇਕਰ ਤੁਹਾਡਾ ਜੀਵਨ ਉਦਾਸ ਕਰ ਦੇਵੇ, ਭਾਰੀ ਕਰ ਦੇਵੇ, ਵਜ਼ਨਦਾਰ ਕਰ ਦੇਵੇ, ਆਕੜ ਪੈਦਾ ਕਰ ਦੇਵੇ ਤਾਂ ਸਮਝਣਾ ਕਿ ਚੂਕ (ਭੁੱਲ) ਹੋ ਗਈ।

ਹੰਸਿਬਾ ਖੇਲਿਬਾ ਧਰਿਬਾ ਧਿਆਨੰ।

ਹੰਸਦਿਆਂ ਖੇਡਦਿਆਂ ਧਿਆਨ ਹੋਣਾ ਚਾਹੀਦਾ। ਅਤੇ ਧਿਆਨ ਦਾ ਅਰਥ ਹੈ ਸਾਖਸ਼ੀ। ਤਾਂ ਜ਼ਰੂਰ ਜੀਵਨ ਵਿਚ ਖ਼ੁਸ਼ੀ ਆਉਂਦੀ ਹੈ।

ਤੀਜਾ ਸਵਾਲ : ਭਗਵਾਨ !

ਮਾਰੋ ਹੇ ਪ੍ਰਭੂ ਮਾਰੋ, ਮਾਰੋ ਮਰਣ ਕੀ ਹੈ ਉਤਕੰਠਾ। (ਪ੍ਰਬਲ ਇੱਛਾ)

ਤਿਸ ਮਰਣੀ ਮਾਰੋ, ਜਿਸ ਮਰਣੀ ਰਜਨੀਸ਼ ਮਰ ਦੀਠਾ॥

ਇੰਨਾ ਪਥੱਰ ਹਾਂ ਕਿ ਪੂਰਾ ਪਿਘਲ ਵੀ ਨਹੀਂ ਪਾਉਂਦਾ, ਵਿਆਕੁਲ ਹਾਂ, ਕੀ ਕਰਾਂ?

ਸੁਧੀਰ ਭਾਰਤੀ ! ਗੱਲ ਤਾਂ ਤੂੰ ਪਿਆਰੀ ਲਿਖੀ, ਪਰ ਬਹੁਤ ਭੁੱਲ-ਭਰੀ। ਤੂੰ ਗੋਰਖ ਦੇ ਵਚਨ ਨੂੰ ਨਵਾਂ ਰੂਪ ਦੇ ਦਿੱਤਾ, ਪਰ ਗੋਰਖ ਦੇ ਵਚਨ ਨੂੰ ਨਵਾਂ ਰੂਪ ਦਿੱਤਾ ਨਹੀਂ ਜਾ ਸਕਦਾ। ਉਹ ਜਿਹੋ ਜਿਹਾ ਹੈ ਉਹੋ ਜਿਹਾ ਹੀ ਪੂਰਣ ਹੈ, ਉਸ ਵਿਚ ਬਦਲਾਓ ਨਹੀਂ ਹੋ ਸਕਦਾ।

ਗੋਰਖ ਦਾ ਵਚਨ ਫ਼ਿਰ ਸਮਝੋ।

ਮਰੌ ਵੇ ਜੋਗੀ ਮਰੌ, ਮਰੌ ਮਰਣ ਹੈ ਮੀਠਾ।

ਤਿਸ ਮਰਣੀ ਮਰੌ ਜਿਸ ਮਰਣੀ ਗੋਰਸ਼ ਮਰਿ ਦੀਠਾ॥

ਤੂੰ ਫ਼ਰਕ ਬਹੁਤ ਵੱਡਾ ਕਰ ਲਿਆ ਹੈ, ਤੂੰ ਕਹਿੰਦਾ ਹੈਂ : ਮਾਰੋ ਹੇ ਪ੍ਰਭੂ ਮਾਰੋ !

ਕੋਈ ਦੂਜਾ ਤੁਹਾਨੂੰ ਮਾਰ ਨਹੀਂ ਸਕਦਾ, ਅਸੰਭਵ (ਨਾਮੁਮਕਿਨ) ਹੈ। ਤੁਹਾਡੇ ਸ਼ਰੀਰ ਨੂੰ ਤਾਂ ਕੋਈ ਮਾਰ ਸਕਦਾ ਹੈ, ਪਰ ਤੁਹਾਡੇ ਅਹੰਕਾਰ ਨੂੰ ਕੋਈ ਨਹੀਂ ਮਾਰ ਸਕਦਾ। ਉਸ ਸੰਬੰਧ ਵਿਚ ਕੇਵਲ ਤੁਸੀਂ ਹੀ ਸਮ੍ਰਥ ਹੋ। ਪਰਮਾਤਮਾ ਵੀ ਤੁਹਾਡੇ ਅਹੰਕਾਰ ਨੂੰ ਨਹੀਂ ਮਾਰ ਸਕਦਾ, ਨਹੀਂ ਤਾਂ ਮਾਰ ਹੀ ਦਿੱਤਾ ਹੁੰਦਾ ਉਸਨੇ।

ਤੁਸੀਂ ਕਹਿੰਦੇ ਹੋ ਪਰਮਾਤਮਾ ਸਰਵ ਸ਼ਕਤੀਮਾਨ ਹੈ। ਉਸਦੀ ਵੀ ਕੁਝ ਹੱਦ ਹੈ ਸ਼ਕਤੀ ਦੀ, ਜਿਵੇਂ ਤੁਹਾਡੇ ਅਹੰਕਾਰ ਨੂੰ ਨਹੀਂ ਮਾਰ ਸਕਦਾ। ਅਹੰਕਾਰ ਜੇਕਰ ਹੁੰਦਾ ਤਾਂ ਪਰਮਾਤਮਾ ਮਾਰ ਵੀ ਸਕਦਾ ਸੀ। ਅਹੰਕਾਰ ਹੈ ਨਹੀਂ ਸਿਰਫ਼ ਭਰਮ ਹੈ। ਭਰਮ ਤੁਹਾਡਾ ਹੈ। ਤੁਹਾਡਾ

ਭਰਮ ਤੁਹਾਨੂੰ ਹੀ ਛਡਣਾ ਪਏਗਾ। ਤੁਹਾਡਾ ਭਰਮ ਮੈਂ ਕਿਵੇਂ ਛੱਡਾਂ ? ਤੁਸੀਂ ਮੰਨਦੇ ਹੋ ਕਿ ਦੋ ਅਤੇ ਦੋ ਪੰਜ ਹੁੰਦੇ ਹਨ; ਮੈਂ ਲਖ ਮੰਨਦਾ ਰਹਾਂ ਕਿ ਦੋ ਅਤੇ ਦੋ ਚਾਰ ਹੁੰਦੇ ਹਨ, ਇਸ ਨਾਲ ਕੀ ਹੋਏਗਾ? ਜਦ ਤੱਕ ਤੁਸੀਂ ਨ ਮੰਨੋਗੇ ਦੋ ਅਤੇ ਦੋ ਚਾਰ ਹੁੰਦੇ ਹਨ ? ਤੁਸੀਂ ਜੇਕਰ ਜ਼ਿੱਦ ਹੀ ਫੜ ਰੱਖੀ ਹੈ ਦੋ ਅਤੇ ਦੋ ਨੂੰ ਪੰਜ ਕਰਨ ਦੀ ਤਾਂ ਤੁਸੀਂ ਦੋ ਅਤੇ ਦੋ ਨੂੰ ਪੰਜ ਹੀ ਕਰਦੇ ਰਹੋਗੇ।

ਮੈਂ ਸੁਣਿਆ ਹੈ ਕਿ ਇੱਕ ਆਦਮੀ ਨੂੰ ਇਹ ਪਾਗਲਪਨ ਸਵਾਰ ਹੋ ਗਿਆ ਕਿ ਉਹ ਮਰ ਗਿਆ ਹੈ। ਜੀਉਂਦਾ ਸੀ ਚੰਗਾ-ਭਲਾ, ਪਰ ਇਹ ਪਾਗਲਪਨ ਹੋ ਗਿਆ ਸਵਾਰ ਕਿ ਮੈਂ ਮਰ ਗਿਆ ਹਾਂ। ਉਹ ਲੋਕਾਂ ਨੂੰ ਕਹਿੰਦਾ ਫ਼ਿਰਦਾ ਕਿ ਮੈਂ ਮਰ ਗਿਆ ਹਾਂ ਭਾਈ, ਤੁਹਾਨੂੰ ਪਤਾ ਚਲਿਆ ਕਿ ਨਹੀਂ ? ਲੋਕ ਕਹਿੰਦੇ ਕਿ ਭਾਈ, ਇਹ ਵੀ ਹਦ ਹੋ ਗਈ ! ਹੁਣ ਤੱਕ ਕਿਸੇ ਮੁਰਦੇ ਨੇ ਇਸ ਤਰ੍ਹਾਂ ਖ਼ਬਰ ਨਹੀਂ ਦਿੱਤੀ, ਤੂੰ ਵੀ ਗਜ਼ਬ ਕਰ ਰਿਹਾ ਹੈਂ ! ਤੂੰ ਚੰਗਾ-ਭਲਾ ਹੈਂ; ਸਭ ਠੀਕ-ਠਾਕ ਹੈ।

ਪਹਿਲਾਂ ਤਾਂ ਲੋਕ ਮਜ਼ਾਕ ਸਮਝੇ। ਪਰ ਹੌਲੀ-ਹੌਲੀ ਗੱਲ ਗੰਭੀਰ ਹੋਣ ਲਗੀ। ਗਾਹਕ ਉਸਦੀ ਦੁਕਾਨ ਤੇ ਆਉਂਣ, ਉਸ ਤੋਂ ਪੁੱਛਣ; ਉਹ ਕਹੇ ਕਿ ਭਾਈ, ਮੈਂ ਤਾਂ ਮਰ ਹੀ ਗਿਆ। ਕਿਹੋ ਜਿਹੀ ਦੁਕਾਨ, ਕਿਹੋ ਜਿਹਾ ਕੀ ? ਉਸਦੀ ਪਤਨੀ ਪੁੱਛੇ ਕਿ ਸਬਜ਼ੀ ਲੈ ਆਏ ? ਉਹ ਕਹੇ ਕਿ ਮਰੇ ਹੋਏ ਆਦਮੀ ਕੋਈ ਸਬਜ਼ੀ ਲਿਆਉਂਦੇ ਹਨ? ਮੈਂ ਤਾਂ ਮਰ ਚੁਕਿਆ ! ਤੈਨੂੰ ਖ਼ਬਰ ਨਹੀਂ ਮਿਲੀ? ਫ਼ਿਰ ਚਿੰਤਾ ਵਧੱਣ ਲੱਗੀ : ਇਹ ਮਜ਼ਾਕ,' ਮਜ਼ਾਕ ਮਾਲੂਮ ਨਹੀਂ ਹੁੰਦਾ, ਇਹ ਤਾਂ ਮਾਮਲਾ ਗੰਭੀਰ ਹੈ। ਦੋ-ਚਾਰ ਦਿਨ ਤਾਂ ਲੋਕਾਂ ਨੇ ਸਿਹਾ, ਫ਼ਿਰ ਉਸ ਮੁਰਦੇ ਨੂੰ ਲੈ ਕੇ ਮਨੋਵਿਗਿਆਨਿਕ ਦੇ ਕੋਲ ਗਏ ਕਿ ਹੁਣ ਉਸਦਾ ਕੁਝ ਇਲਾਜ ਕਰਵਾਉਂਣਾ ਪਏਗਾ।

ਮਨੋਵਿਗਿਆਨਿਕ ਨੇ ਵੀ ਵੇਖਿਆ, ਮਨੋਵਿਗਿਆਨਿਕ ਵੀ ਹੈਰਾਨ ਹੋਇਆ। ਬਹੁਤ ਤਰ੍ਹਾਂ ਦੇ ਮਰੀਜ਼ ਉਸਨੇ ਵੇਖੇ ਸਨ; ਇਹ ਪਹਿਲਾ ਹੀ ਮਰੀਜ਼ ਸੀ ਜਿਹੜਾ ਕਹਿੰਦਾ ਹੈ ਮੈਂ ਮਰ ਚੁਕਿਆ ਹਾਂ। ਸੋਚਿਆ ਮਨੋਵਿਗਿਆਨਿਕ ਨੇ, ਉਸ ਨੇ ਇੱਕ ਤਰਕੀਬ ਕੱਢੀ। ਉਸਨੇ ਕਿਹਾ ਤੂੰ ਇੱਕ ਗੱਲ ਦੱਸ, ਜੇਕਰ ਅਸੀਂ ਮੁਰਦੇ ਨੂੰ ਚੀਰਾ ਲਾਈਏ ਤਾਂ ਉਸ ਵਿਚੋਂ ਖ਼ੂਨ ਨਿਕਲੇਗਾ ਕਿ ਨਹੀਂ ?

ਉਸ ਪਾਗਲ ਨੇ ਕਿਹਾ ਕਿ ਮੁਰਦੇ ਆਦਮੀ 'ਚੋਂ ਕਿੱਤੇ ਖ਼ੂਨ ਨਿਕਲਿਆ ਹੈ ? ਜਿਹੜਾ ਮਰ ਹੀ ਗਿਆ, ਉਸਦਾ ਤਾਂ ਖ਼ੂਨ ਪਾਣੀ ਹੋ ਜਾਂਦਾ ਹੈ। ਖ਼ੂਨ ਨਹੀਂ ਨਿਕਲੇਗਾ, ਖ਼ੂਨ ਜੀਉਂਦੇ ਆਦਮੀ 'ਚੋਂ ਨਿਕਲਦਾ ਹੈ।

ਮਨੋਵਿਗਿਆਨਿਕ ਖੁਸ਼ ਹੋਇਆ, ਉਸਨੇ ਕਿਹਾ, ਹੁਣ ਠਹਿਰੋ, ਚਲੋ ਮੇਰੇ ਨਾਲ, ਸ਼ੀਸ਼ੇ ਦੇ ਸਾਹਮਣੇ ਖੜੇ ਹੋ ਜਾਓ। ਚਾਕੂ ਚੁੱਕ ਕੇ ਉਸ ਨੇ ਉਸ ਆਦਮੀ ਦੇ ਹਥ ਵਿਚ ਥੋੜ੍ਹਾ ਜਿਹਾ ਜ਼ਖ਼ਮ ਕਰ ਦਿੱਤਾ। ਖ਼ੂਨ ਦਾ ਫ਼ੁਹਾਰਾ ਛੁਟ ਪਿਆ; ਜੀਉਂਦਾ ਤਾਂ ਸੀ ਹੀ ਉਹ।

ਮਨੋਵਿਗਿਆਨਿਕ ਨੇ ਕਿਹਾ, ਹੁਣ ਬੋਲ। ਉਸ ਆਦਮੀ ਨੇ ਕਿਹਾ ਕਿ ਮੇਰੀ ਪਹਿਲੀ ਗੱਲ ਗਲਤ ਸੀ। ਤਾਂ ਇਸ ਤੋਂ ਸਿੱਧ ਹੁੰਦਾ ਹੈ ਕਿ ਮੁਰਦੇ ਨੂੰ ਵਢਣ ਨਾਲ ਵੀ ਖ਼ੂਨ ਨਿਕਲਦਾ ਹੈ।

ਹੁਣ ਕੀ ਕਰੋਗੇ ? ਜਿਸ ਨੇ ਤੈਅ ਹੀ ਕਰ ਲਿਆ ਹੈ ਕਿ ਦੋ ਅਤੇ ਦੋ ਪੰਜ, ਕੋਈ ਉਪਾਅ ਨਹੀਂ ਹੈ। ਉਹ ਬੋਲਦਾ ਹੈ ਕਿ ਪਹਿਲੀ ਗੱਲ ਗਲਤ ਸੀ, ਮਾਫ਼ ਕਰੋ ਮੇਰੇ ਕੋਲੋਂ ਭੁੱਲ ਹੋ ਗਈ। ਮਨੋਵਿਗਿਆਨਿਕ ਸੋਚਦਾ ਹੈ ਕਿ ਹੁਣ ਇਸ ਨੂੰ ਭਰੋਸਾ ਆ ਜਾਏਗਾ ਕਿ ਮੈਂ ਜੀਉਂਦਾ ਹਾਂ, ਪਰ ਭਰੋਸਾ ਇਹ ਆਇਆ ਕਿ ਮੁਰਦੇ ਆਦਮੀ ਨੂੰ ਵਢਣ ਨਾਲ ਵੀ ਖ਼ੂਨ ਨਿਕਲਦਾ ਹੈ।

ਨਹੀਂ, ਤੇਰੇ ਅਹੰਕਾਰ ਨੂੰ, ਮੈਂ ਨਹੀਂ ਤੋੜ ਸਕਾਂਗਾ ਸੁਧੀਰ। ਕੋਈ ਨਹੀਂ ਤੋੜ ਸਕਦਾ। ਤੇਰਾ ਅਹੰਕਾਰ ਤੇਰੀ ਭ੍ਰਾਂਤੀ ਹੈ। ਤੂੰ ਹੀ ਜਾਗੇਗਾ ਤਾਂ ਟੁੱਟੇਗਾ। ਬਾਹਰੋਂ ਨਹੀਂ ਤੋੜਿਆ ਜਾ ਸਕਦਾ। ਬਾਹਰ ਦੀ ਕੋਈ ਰੌਸ਼ਨੀ ਤੇਰੇ ਅੰਦਰ ਰੌਸ਼ਨੀ ਨਹੀਂ ਕਰ ਸਕਦੀ। ਹਾਂ, ਮੈਂ ਤੈਨੂੰ ਇਹ ਦੱਸ ਸਕਦਾ ਹਾਂ ਕਿ ਕਿਵੇਂ ਤੂੰ ਅੰਦਰ ਦਾ ਦੀਵਾ ਜਗਾਏਂ। ਪਰ ਮੈਂ ਤੇਰਾ ਦੀਵਾ ਜਗਾ ਨਹੀਂ ਸਕਦਾ, ਜਗਾਉਂਣਾ ਤਾਂ ਤੈਨੂੰ ਹੀ ਹੋਵੇਗਾ।

ਇਸ ਲਈ ਬੁੱਧ ਨੇ ਕਿਹਾ ਹੈ : ਬੁੱਧ ਰਾਹ ਵਿਖਾਉਂਦੇ ਹਨ, ਟੁਰਨਾ ਤਾਂ ਤੁਸੀਂ ਹੀ ਹੁੰਦਾ ਹੈ। ਕੋਈ ਬੁੱਧ ਤੁਹਾਡੇ ਲਈ ਚਲ ਕੇ ਮੰਜ਼ਿਲ ਉੱਤੇ ਨਹੀਂ ਪਹੁੰਚ ਸਕਦਾ, ਅਤੇ ਪਹੁੰਚ ਵੀ ਜਾਏ ਤਾਂ ਉਹ ਪਹੁੰਚੇਗਾ ਮੰਜ਼ਿਲ ਉੱਤੇ, ਤੁਸੀਂ ਤਾਂ ਜਿੱਥੇ ਸੀ, ਉੱਥੇ ਹੀ ਰਹਿ ਜਾਓਗੇ। ਸੱਚ ਉਧਾਰ ਨਹੀਂ ਹੋ ਸਕਦਾ।

ਇਸ ਲਈ ਗੋਰਖ ਦੇ ਵਚਨ ਨੂੰ ਬਦਲੋ ਨ। ਤੂੰ ਗੱਲ ਠੀਕ ਕਹੀ ਕਿ : ਮਾਰੋ ਹੇ ਪ੍ਰਭੂ ਮਾਰੋ, ਮਾਰੋ ਮਰਣ ਕੀ ਹੈ ਉਤਕੰਠਾ।

ਪਰ ਨਹੀਂ, ਗੋਰਖ ਹੀ ਠੀਕ ਕਹਿ ਰਹੇ ਹਨ :

ਮਰੌ ਵੇ ਜੋਗੀ ਮਰੌ, ਮਰੌ ਮਰਣ ਹੈ ਮੀਠਾ।

ਉਹ ਕਹਿ ਰਹੇ ਹਨ ਤੁਹਾਨੂੰ ਮਰਨਾ ਹੋਏਗਾ। ਜੇਕਰ ਇਹ ਮੇਰੇ ਹਥ ਵਿਚ ਹੋਵੇ, ਕਿ ਤੁਹਾਡੇ ਅਹੰਕਾਰ ਨੂੰ ਮਿਟਾ ਦਿਆਂ, ਤਦ ਤਾਂ ਗੱਲ ਕਿੰਨੀ ਆਸਾਨ ਹੋ ਜਾਏ। ਤਦ ਤਾਂ ਤੁਸੀਂ ਮੇਰੇ ਕੋਲ ਆਓ, ਮੈਂ ਇੱਕ ਜਾਦੂ ਦੀ ਡੰਡੀ ਫ਼ੇਰਾਂ, ਤੁਹਾਡਾ ਅਹੰਕਾਰ ਮਿੱਟ ਜਾਏ, ਤੁਸੀਂ ਪਰਮਾਤਮਾ ਨੂੰ ਪ੍ਰਾਪਤ ਕਰ ਕੇ ਆਪਣੇ ਘਰ ਚਲੇ ਜਾਓ।

ਪਰ ਜੇਕਰ ਇੰਨੇ ਸਸਤੇ ਵਿਚ ਮਿੱਟ ਜਾਂਦਾ ਹੋਵੇ ਤਾਂ ਖ਼ਤਰਾ ਹੈ। ਰਾਹ ਵਿਚ ਕੋਈ ਦੂਜਾ ਮਿਲ ਜਾਏ ਅਤੇ ਉਹ ਇੱਕ ਡੰਡੀ ਫ਼ੇਰ ਦੇਵੇ ਉਲਟੀ, ਵਾਪਿਸ ਉੱਥੇ ਦੇ ਉੱਥੇ ! ਇੱਕ ਆਦਮੀ ਰਾਮ ਕ੍ਰਿਸ਼ਨ ਦੇ ਕੋਲ ਆਇਆ, ਉਸਨੇ ਕਿਹਾ ਕਿ ਮੈਂ ਜਾ ਰਿਹਾ ਹਾਂ, ਗੰਗਾ ਇਸ਼ਨਾਨ ਲਈ ਜਾ ਰਿਹਾ ਹਾਂ, ਤੀਰਥ ਯਾਤ੍ਰਾ ਤੇ ਜਾ ਰਿਹਾ ਹਾਂ। ਤੁਸੀਂ ਕੀ ਕਹਿੰਦੇ ਹੋ?

ਰਾਮ ਕ੍ਰਿਸ਼ਨ ਨੇ ਕ੍ਹਿਾ : ਜਾਂਦੇ ਹੋ ਭਾਈ ਠੀਕ ! ਪਰ ਇੱਕ ਖ਼ਿਆਲ ਰਖੱਣਾ।

ਤੂੰ ਵੇਖਿਆ ਹੈ ਗੰਗਾ ਦੇ ਕੰਢੇ ਉੱਤੇ ਵੱਡੇ-ਵੱਡੇ ਦਰਖ਼ੱਤ ਖਲੋਤੇ ਹਨ।

ਉਸ ਨੇ ਕਿਹਾ : ਹਾਂ, ਖਲੋਤੇ ਹਨ।

'ਕਿਸ ਲਈ ਖਲੋਤੇ ਹਨ ?'

'ਇਹ ਮੈਨੂੰ ਪਤਾ ਨਹੀਂ, ਇਹ ਵੀ ਤੁਸੀਂ ਖ਼ੂਬ ਸਵਾਲ ਪੁੱਛਦੇ ਹੋ ! ਬ੍ਰਿੱਛ ਹਨ, ਖਲੋਤੇ ਹਨ, ਹੁਣ ਕਿਸ ਲਈ ਖਲੋਤੇ ਹਨ, ਇਹ ਮੈਂ ਕੀ ਕਹਾਂ ?

ਤਾਂ ਮੈਂ ਤੈਨੂੰ ਰਾਜ਼ ਦੱਸ ਦਿੰਦਾ ਹਾਂ, ਰਾਮਕ੍ਰਿਸ਼ਨ ਨੇ ਕਿਹਾ। ਰਾਜ਼ ਇਹ ਹੈ ਕਿ ਤੁਸੀਂ

ਗਏ ਪਾਪ ਦੀ ਗੰਢ ਲੈ ਕੇ ਆਪਣੇ ਸ਼ਰੀਰ ਉੱਤੇ, ਗੰਗਾ 'ਚ ਡੁਬਕੀ (ਚੁੱਭੀ) ਲਗਾਈ। ਜਦ ਤੁਸੀਂ ਚੁੱਭੀ ਮਾਰੀ, ਤਾਂ ਗੰਗਾ ਮਾਈ ਦਾ ਪ੍ਰਤਾਪ, ਪਾਪ ਵੱਖਰੇ ਹੋ ਜਾਂਦੇ ਹਨ। ਪਰ ਪਾਪ ਕੋਈ ਇੰਨੀ ਆਸਾਨੀ ਨਾਲ ਤੁਹਾਨੂੰ ਛੱਡ ਥੋੜ੍ਹੇ ਹੀ ਦੇਣਗੇ, ਉਹ ਦਰਖ਼ੱਤਾਂ ਉੱਤੇ ਬੈਠ ਜਾਂਦੇ ਹਨ। ਉਹ ਕਹਿੰਦੇ ਹਨ : ਹੁਣ ਪੁੱਤਰ ਨਿਕਲੋਂਗੇ ਤਾਂ, ਕਦ ਤੱਕ ਡੁੱਬੇ ਰਹੋਗੇ ? ਨਿਕਲੇ ਗੰਗਾ ਵਿਚੋਂ, ਉਹ ਫ਼ਿਰ ਉਡ ਕੇ ਸਵਾਰ ਹੋ ਗਏ। ਸੋ ਕੀਤਾ ਨ ਕੀਤਾ ਸਭ ਬਰਾਬਰ ਹੋ ਗਿਆ। ਤੂੰ ਜ਼ਰਾ ਦਰਖ਼ੱਤਾਂ ਦਾ ਖ਼ਿਆਲ ਰੱਖੀਂ, ਚੁੱਭੀ ਮਾਰੇਂ ਤਾਂ ਨਿਕਲੀਂ ਨ ਫ਼ਿਰ।

ਉਸਨੇ ਕਿਹਾ : ਇਹ ਤੁਸੀਂ ਕੀ ਕਹਿ ਰਹੇ ਹੋ, ਜਾਨ ਲਵੋਗੇ ਮੇਰੀ ? ਜੇਕਰ ਚੁੱਭੀ ਮਾਰਾਂਗਾ ਅਤੇ ਨਿਕਲਾਂਗਾ ਨਹੀਂ, ਤਾਂ ਗਿਆ ਕੰਮ ਤੋਂ ! ਫ਼ਿਰ ਬੇਕਾਰ ਹੋ ਜਾਣਾ।

ਰਾਮਕ੍ਰਿਸ਼ਨ ਨੇ ਕਿਹਾ : ਫ਼ਿਰ ਤੇਰੀ ਮਰਜ਼ੀ। ਫ਼ਿਰ ਉਹ ਦਰਖ਼ੱਤ ਇਸ ਲਈ ਖਲੋਤੇ ਹਨ। ਪਾਪ ਤੁਸੀਂ ਕਰੋਗੇ, ਕੀ ਗੰਗਾ ਤੁਹਾਡੇ ਪਾਪਾਂ ਨੂੰ ਪਵਿਤ੍ਰ ਕਰ ਦੇਵੇਗੀ ! ਜੇਕਰ ਇੰਨਾ ਸਸਤਾ ਹੁੰਦਾ ਤਾਂ ਜ਼ਿੰਦਗੀ ਕਿੰਨੀ ਆਸਾਨ ਹੁੰਦੀ। ਪਰ ਦੋ ਕੌਡੀਆਂ ਦੀ ਹੋ ਗਈ ਹੁੰਦੀ।

ਰਾਮਕ੍ਰਿਸ਼ਨ ਠੀਕ ਕਹਿੰਦੇ ਹਨ ਕਿ ਗੰਗਾ ਵਿਚ ਨਹਾਉਂਣ ਨਾਲ ਕੀਤੇ ਪਾਪ ਧੁੱਲ ਸਕਦੇ ਹਨ? ਹਾਂ, ਦੇਹ ਦਾ ਕੂੜਾ-ਕਰਕਟ ਧੁੱਲ ਜਾਏਗਾ। ਉਹ ਵੀ ਬਾਹਰ ਆਉਂਦੇ ਸਾਰ ਹੀ ਫ਼ਿਰ ਧੂੜ ਉੱਡੇਗੀ, ਫ਼ਿਰ ਜਮ ਜਾਏਗੀ। ਪਰ ਅੰਦਰ ਨੂੰ ਗੰਗਾ ਕਿਵੇਂ ਧੋਏਗੀ ? ਬਾਹਰ ਦੀ ਗੰਗਾ ਬਾਹਰ ਦੀ ਧੂੜ-ਮਿੱਟੀ ਧੋ ਸਕਦੀ ਹੈ ਅਤੇ ਅੰਦਰ ਦੀ ਗੰਗਾ ਤਾਂ ਤੁਸੀਂ ਆਪਣੇ ਅੰਦਰ ਹੀ, ਚੇਤਨਾ ਵਿਚੋਂ ਹੀ, ਜਗਾਉਂਣੀ ਹੋਏਗੀ। ਉਹ ਜਲ ਤਾਂ ਤੁਹਾਨੂੰ ਆਪਣੇ ਹੀ ਝਰਨਿਆਂ ਵਿਚੋਂ ਲਭਣਾ ਹੋਏਗਾ।

ਤੁਹਾਨੂੰ ਮਰਨਾ ਹੋਏਗਾ, ਮੈਂ ਤੁਹਾਨੂੰ ਮਾਰ ਨਹੀਂ ਸਕਦਾ। ਮੈਂ ਮਾਰ ਵੀ ਦਿਆਂ, ਕੋਈ ਹੋਰ ਜਗਾ ਦੇਵੇਗਾ। ਤੁਸੀਂ ਹੀ ਮਾਰੋਗੇ, ਫ਼ਿਰ ਤੁਹਾਨੂੰ ਕੋਈ ਜ਼ਿੰਦਾ ਨਹੀਂ ਕਰ ਸਕੇਗਾ। ਜਿਸ ਨੇ ਹੋਸ਼-ਪੂਰਵਕ ਆਪਣੇ ਅੰਦਰ ਜਾ ਕੇ ਅਹੰਕਾਰ ਨੂੰ ਵਿਸਰਜਿਤ ਕਰ ਦਿੱਤਾ, ਫ਼ਿਰ ਇਸ ਦੁਨੀਆਂ ਦੀ ਕੋਈ ਸ਼ਕਤੀ ਉਸ ਨੂੰ ਵਾਪਿਸ ਅਹੰਕਾਰ ਦੇ ਜਾਲ ਵਿਚ ਨਹੀਂ ਡਿੱਗਾ ਸਕਦੀ।

ਇਸ ਲਈ ਅਜਿਹਾ ਨ ਕਹੋ ਕਿ—ਮਾਰੋ ਹੇ ਪ੍ਰਭੂ ਮਾਰੋ, ਮਰਣ ਕੀ ਇੱਛਾ ਹੈ ! ਇੱਛਾ ਨਾਲ ਕੋਈ ਨਹੀਂ ਮਰਦਾ ਹੈ। ਜਿਸ ਨੂੰ ਇੱਛਾ ਹੈ ਮਰਨ ਦੀ, ਉਸੇ ਨੂੰ ਹੀ ਤਾਂ ਮਾਰਨਾ ਹੈ। ਇੱਛਾ ਕਿਸ ਨੂੰ ਹੈ ?

ਮੇਰੀਆਂ ਗੱਲਾਂ ਤੁਸੀਂ ਸੁਣਦੇ ਹੋ, ਤੁਹਾਡੇ ਅਹੰਕਾਰ ਨੂੰ ਲਗਦਾ ਹੈ ਕਿ ਕਾਸ਼, ਅਸੀਂ ਵੀ ਮਹਾਂਯੋਗੀ ਹੋ ਜਾਈਏ ਗੋਰਖ ਵਰਗੇ! ਪਰ ਇਹ ਗੋਰਖ ਉਪਦਰ ਦੀ ਗੱਲ ਕਹਿੰਦੇ ਹਨ, ਇਹ ਕਹਿੰਦੇ ਹਨ, ਮਰੋ, ਫ਼ਿਰ ਹੋ ਸਕੋਗੇ। ਚਲੋ ਠੀਕ ਹੈ ਮਾਰਾਂਗੇ, ਪਰ ਹੋ ਕੇ ਰਹਾਂਗੇ। ਸਾਨੂੰ ਵੀ ਸਿੱਧ ਹੋਣਾ ਹੈ।

ਤੁਹਾਡਾ ਅਹੰਕਾਰ ਹੀ ਸਿੱਧ ਹੋਣਾ ਚਾਹ ਰਿਹਾ ਹੈ ਅਤੇ ਉਸੇ ਨੂੰ ਮਾਰਨਾ ਹੈ। ਇਸ ਲਈ ਅਹੰਕਾਰ ਕਹਿੰਦਾ ਹੈ ਕਿ ਠੀਕ ਹੈ, ਚਲੋ ਮਰ ਜਾਵਾਂਗੇ। ਜੇਕਰ ਇਹ ਹੀ ਸਿੱਧ ਹੋਣ ਦਾ ਉਪਾਅ ਹੈ, ਤਾਂ ਚਲੋ ਮਰਨੇ ਲਈ ਵੀ ਰਾਜ਼ੀ ਹਾਂ; ਪਰ ਸਿੱਧ ਹੋ ਕੇ ਰਹਾਂਗੇ ਅਤੇ ਉਹ ਸਿੱਧ ਹੋਣ ਦੀ ਉਤਕੰਠਾ (ਖ਼ਾਹਿਸ਼) ਹੈ, ਉਹ ਹੀ ਤਾਂ ਬਚਾ ਲੈਂਦੀ ਹੈ; ਉਹ ਹੀ ਤਾਂ ਸੁਵਾਸ ਹੈ ਅਹੰਕਾਰ ਦੀ।

ਅਹੰਕਾਰ ਦੀ ਸੁਵਾਸ ਕਿੱਥੋਂ ਆਉਂਦੀ ਹੈ ?

ਕੁਝ ਹੋਣ ਦੀ ਇੱਛਾ ਵਿਚੋਂ ਅਹੰਕਾਰ ਨੂੰ ਸੁਵਾਸ ਮਿਲਦੀ ਹੈ। ਗਰੀਬ ਹੋ, ਅਮੀਰ ਹੋਣਾ ਚਾਹੁੰਦੇ ਹੋ; ਅਹੰਕਾਰ ਸੁਵਾਸ ਲੈਂਦਾ ਰਹੇਗਾ। ਅਗਿਆਨੀ ਹੋਵੇ, ਗਿਆਨੀ ਹੋਣਾ ਚਾਹੁੰਦਾ ਹੈ; ਅਹੰਕਾਰ ਸੁਵਾਸ ਲੈਂਦਾ ਰਹੇਗਾ। ਦੀਨ-ਹੀਣ ਹੋ, ਔਹਦੇ ਉੱਤੇ ਪ੍ਰਤਿਸ਼ਠਿਤ (ਕਾਇਮ) ਹੋਣਾ ਚਾਹੁੰਦੇ ਹੋ; ਅਹੰਕਾਰ ਸੁਵਾਸ ਲੈਂਦਾ ਰਹੇਗਾ।

ਅਹੰਕਾਰ ਦੀ ਪ੍ਰਤਿਕ੍ਰਿਆ ਸਮਝੋ, ਅਹੰਕਾਰ ਜੀਉਂਦਾ ਕਿਵੇਂ ਹੈ ? ਅਹੰਕਾਰ ਜੀਉਂਦਾ ਹੈ : ਤੁਸੀਂ ਜੋ ਹੋ ਅਤੇ ਤੁਸੀਂ ਜੋ ਹੋਣਾ ਚਾਹੁੰਦੇ ਹੋ, ਉਸ ਤਣਾਅ ਵਿਚ। ਆ-ਬ਼ਾ ਹੋਣਾ ਚਾਹੁੰਦਾ ਹੈ, ਬਸ ਇਸੇ ਤਣਾਅ ਵਿਚ ਅਹੰਕਾਰ ਬਣਦਾ ਰਹਿੰਦਾ ਹੈ।

ਅਹੰਕਾਰ ਮਰਦਾ ਕਿਵੇਂ ਹੈ ? ਤੁਸੀਂ ਜੋ ਹੋ ਉਸੇ ਨਾਲ ਰਾਜ਼ੀ ਹੋ ਗਏ ਕਿ ਅਹੰਕਾਰ ਮਰ ਗਿਆ। ਤੁਸੀਂ ਆਖਿਆ ਹੈ, ਮੈਂ ਜਿਹੋ ਜਿਹਾ ਹਾਂ ਬਸ ਠੀਕ, ਜਿੱਥੇ ਹਾਂ ਠੀਕ। ਪ੍ਰਭੂ ਜਿਸ ਤਰ੍ਹਾਂ ਰੱਖੇ ਉਵੇਂ ਰਹਾਂਗਾ। ਜੋ ਉਸਦੀ ਮਰਜ਼ੀ ਉਹ ਹੀ ਮੇਰੀ ਮਰਜ਼ੀ। ਤੁਸੀਂ ਤਣਾਅ ਛੱਡ ਦਿੱਤਾ ਭਵਿਸ਼ ਦਾ ਕਿ ਇਹ ਹੋਵਾਂ ਕਿ ਉਹ ਹੋਵਾਂ—ਅਹੰਕਾਰ ਗਿਆ।

ਅਹੰਕਾਰ ਜੀਉਂਦਾ ਹੈ ਅਤੀਤ ਦੇ ਆਧਾਰ ਉੱਤੇ ਅਤੇ ਭਵਿਸ਼ ਦੇ ਆਧਾਰ ਤੇ। ਤੁਸੀਂ ਜ਼ਰਾ ਸਮਝਣਾ ਇਸ ਗੱਲ ਨੂੰ। ਅਹੰਕਾਰ ਦੇ ਦਾਅਵੇ ਹੁੰਦੇ ਹਨ ਅਤੀਤ ਦੇ ਕਿ ਮੈਂ ਅਜਿਹਾ ਕੀਤਾ, ਮੈਂ ਉਹੋ ਜਿਹਾ ਕੀਤਾ; ਉਹ ਸਭ ਅਤੀਤ ਅਤੇ ਅਹੰਕਾਰ ਕਹਿੰਦਾ ਹੈ ਮੈਂ ਅਜਿਹਾ ਕਰਕੇ ਰਹਾਂਗਾ ਅਤੇ ਅਜਿਹਾ ਕਰਕੇ ਵਿਖਾਵਾਂਗਾ; ਉਹ ਸਭ ਭਵਿਖ। ਵਰਤਮਾਨ ਵਿਚ ਅਹੰਕਾਰ ਹੁੰਦਾ ਹੀ ਨਹੀਂ। ਅਹੰਕਾਰ ਵਿਦਾ ਹੋ ਗਿਆ। ਉਹ ਹੀ ਹੈ ਮੌਤ ਅਹੰਕਾਰ ਦੀ। ਵਰਤਮਾਨ ਵਿਚ ਆ ਜਾਣਾ, ਅਹੰਕਾਰ ਦੀ ਮੌਤ ਹੈ।

ਜੋ ਗਿਆ, ਗਿਆ ; ਹੁਣ ਉਸ ਨੂੰ ਫੜੀ ਨ ਰੱਖੋ। ਅਤੀਤ ਨੂੰ ਜਾਣ ਦਿਓ। ਹੋਰ ਜੋ ਨਹੀਂ ਹੋਇਆ ਹੈ ਉਸਦੀ ਤੁਸੀਂ ਤਮੰਨਾ ਨ ਕਰੋ, ਕਿਉਂਕਿ ਉਸਦੀ ਇੱਛਾ ਵਿਚ ਅਹੰਕਾਰ ਬਚਦਾ ਰਹੇਗਾ। 'ਜੋ ਹੈ' ਉਸੇ ਵਿਚ ਪੂਰੀ ਤਰ੍ਹਾਂ ਸੰਤੁਸ਼ਟ ਹੋ ਜਾਓ, ਤਾਂ ਇਸੇ ਛਿਣ ਤੁਸੀਂ ਕਹੋਗੇ ਅਹੰਕਾਰ ਨਹੀਂ ਹੈ। ਜੋ ਹੈ, ਜਿਵੇਂ ਦਾ ਹੈ— ਉਹੀ ਠੀਕ ਹੈ, ਪਰਿਪੂਰਣ ਰੂਪ ਨਾਲ ਠੀਕ ਹੈ। ਇਸ ਕਲਾ ਦਾ ਨਾਮ ਹੀ ਸੰਤੋਸ਼ ਹੈ।

ਹੋਰ ਸੰਤੋਸ਼ (ਸੰਤੋਖ) ਵਿਚ ਅਹੰਕਾਰ ਮਰ ਜਾਂਦਾ ਹੈ, ਅਸੰਤੋਸ਼ ਵਿਚ ਅਹੰਕਾਰ ਜੀਉਂਦਾ ਹੈ। ਇਸ ਲਈ ਜਿੰਨਾ ਅਸੰਤੁਸ਼ਟ ਆਦਮੀ ਹੋਵੇਗਾ, ਓਨਾ ਹੀ ਅਹੰਕਾਰੀ ਹੋਵੇਗਾ। ਜਿੰਨਾ ਅਹੰਕਾਰੀ ਹੋਵੇਗਾ, ਓਨਾ ਹੀ ਅਸੰਤੁਸ਼ਟ ਹੋਏਗਾ।

ਇਹ ਇੱਕ ਦੂਜੇ ਦੇ ਨਾਲ-ਨਾਲ ਚਲਦੇ ਹਨ।

ਜੇਕਰ ਤੂੰ ਇਹ ਨਿਸਚਾ ਕਰ ਲਿਆ ਸੁਧੀਰ ਕਿ ਸਿੱਧ ਹੋਣਾ ਹੈ, ਕਿ ਮੈਂ ਵੀ ਉਸ ਥਾਂ ਪਹੁੰਚਣਾ ਹੈ ਜਿਥੇ ਅਸੀਂ ਕਹਿ ਸਕੀਏ ਕਿ ਪਾ ਲਿਆ ਪਰਮਾਤਮਾ ਤਾਂ ਫ਼ਿਰ ਅਹੰਕਾਰ ਨਹੀਂ ਮਰੇਗਾ। ਸਭ ਤਮੰਨਾਵਾਂ, ਸਭ ਇੱਛਾਵਾਂ, ਸਭ ਵਾਸਨਾਵਾਂ, ਸਭ ਤ੍ਰਿਸ਼ਨਾਵਾਂ ਅਹੰਕਾਰ ਦੀ ਅਗਨੀ ਵਿਚ ਘਿਓ ਦਾ ਕੰਮ ਕਰਦੀਆਂ ਹਨ। ਪਰਮਾਤਮਾ ਨੂੰ ਪਾਉਣ ਦੀ ਇੱਛਾ ਵੀ ਅਹੰਕਾਰ ਦੀ ਅੱਗ ਵਿਚ ਘਿਓ ਦਾ ਕੰਮ ਕਰਦੀ ਹੈ।

ਇਸ ਲਈ ਤੁਹਾਡੇ ਸੰਨਿਆਸੀ ਜਿੰਨੇ ਅਹੰਕਾਰੀ ਹੁੰਦੇ ਹਨ, ਓਨੇ ਤੁਹਾਡੇ ਸਾਧਾਰਨ ਲੋਕ

ਅਹੰਕਾਰੀ ਨਹੀਂ ਹੁੰਦੇ। ਤੁਹਾਡੇ ਮਹਾਤਮਾਵਾਂ ਵਿਚ ਜਿੰਨਾ ਸ਼ੁੱਧ ਅਹੰਕਾਰ ਮਿਲੇਗਾ, ਬਿਲਕੁੱਲ ਸ਼ੁੱਧ ਜ਼ਹਿਰ ਦੀ ਤਰ੍ਹਾਂ, ਖ਼ਾਲਿਸ, ਬਿਨਾਂ ਮਿਲਾਵਟ ਦੇ—ਉਹੋ ਜਿਹਾ ਤੁਹਾਨੂੰ ਸਾਧਾਰਨ ਲੋਕਾਂ ਵਿਚ ਨਹੀਂ ਮਿਲੇਗਾ। ਸਾਧਾਰਨ ਦੁਨੀਆਂ ਵਿਚ ਤਾਂ ਹਰ ਚੀਜ਼ ਮਿਲਾਵਟ ਨਾਲ ਭਰੀ ਹੈ।

ਮੁੱਲਾ ਨਸਰੁਦੀਨ ਮਰਨਾ ਚਾਹੁੰਦਾ ਸੀ ਤਾਂ ਜ਼ਹਿਰ ਲਿਆ ਕੇ ਪੀਤੀ ਅਤੇ ਸੌਂ ਗਿਆ। ਦੋ-ਚਾਰ ਵਾਰੀ ਰਾਤ ਨੂੰ ਅੱਖਾਂ ਖੋਲ੍ਹ ਕੇ ਵੇਖਿਆ, ਅੱਜੇ ਤੱਕ ਮਰਿਆ ਕਿ ਨਹੀਂ ! ਟਟੋਲਿਆ, ਚੂੰਢੀ ਵੱਢ ਕੇ ਵੇਖਿਆ ਆਪਣੇ ਨੂੰ ਕਿ ਜੀਉਂਦਾ ਹਾਂ, ਅੱਜੇ ਤੱਕ ਅਸਰ ਨਹੀਂ ਹੋਇਆ। ਪਾਸੇ ਬਦਲਦਾ ਰਿਹਾ। ਸਵੇਰ ਹੋ ਗਈ, ਅੱਖਾਂ ਖੋਲ੍ਹ ਕੇ ਵੇਖਿਆ। ਪਤਨੀ ਵੀ ਉਠ ਕੇ ਕੰਮ ਵਿਚ ਲਗ ਗਈ ਹੈ, ਬੱਚੇ ਸਕੂਲ ਜਾਣ ਦੀ ਤਿਆਰੀ ਕਰ ਰਹੇ ਹਨ—ਇਹ ਕਿਸ ਤਰ੍ਹਾਂ ਦੀ ਮੌਤ ਹੈ। ਦੁੱਧ ਵਾਲਾ ਆ ਗਿਆ, ਦਰਵਾਜ਼ਾ ਖੜਕਾ ਰਿਹਾ ਹੈ। ਗੁਆਂਢੀ ਦੀ ਆਵਾਜ਼ ਸੁਣਾਈ ਪੈ ਰਹੀ ਹੈ ... ਇਹ ਕਿਸ ਤਰ੍ਹਾਂ ਦੀ ਮੌਤ ਹੈ ! ਅਤੇ ਜ਼ਹਿਰ ਇੰਨਾ ਪੀ ਗਿਆ ਹੈ ਕਿ ਕਹਿੰਦੇ ਹਨ ਕਿ ਉਸ ਦਾ ਚੌਥਾ ਹਿੱਸਾ ਵੀ ਪੀਤਾ ਹੁੰਦਾ ਤਾਂ ਮਰ ਜਾਂਦਾ, ਚੌਗੁਣਾ ਪੀ ਗਿਆ ! ਉਠ ਕੇ ਬੈਠ ਗਿਆ। ਸ਼ੀਸ਼ੇ ਵਿਚ ਜਾ ਕੇ ਵੇਖਿਆ ਕਿ ਇਹ ਕਿਸ ਤਰ੍ਹਾਂ ਦੀ ਮੌਤ ਹੈ ! ਕਿਸੇ ਨੂੰ ਪਤਾ ਵੀ ਨਹੀਂ ਲਗਾ, ਕੋਈ ਅਰਥੀ ਵੀ ਨਹੀਂ ਸਜਾਈ ਜਾ ਰਹੀ ਅਤੇ ਕੋਈ ਮਾਮਲਾ ਨਹੀਂ ਹੈ, ਪਤਨੀ ਰੋ ਵੀ ਨਹੀਂ ਰਹੀ, ਬੱਚੇ ਸਕੂਲ ਜਾਣ ਦੀ ਤਿਆਰੀ ਕਰ ਰਹੇ ਹਨ। ਤਦ ਉਸਨੂੰ ਖ਼ਿਆਲ ਆਇਆ ਕਿ ਇਹ ਤਾਂ ਮੌਤ ਨਹੀਂ ਹੈ। ਭਜਿਆ, ਪਹੁੰਚਿਆ ਦੁਕਾਨਦਾਰ ਦੇ ਕੋਲ, ਜਿੱਥੋਂ ਜ਼ਹਿਰ ਖ਼ਰੀਦ ਕੇ ਲਿਆਇਆ ਸੀ, ਕਿ ਇਹ ਕੀ ਮਾਮਲਾ ਹੈ ? ਦੁਕਾਨਦਾਰ ਨੇ ਕਿਹਾ ਕਿ ਅਸੀਂ ਕੀ ਕਰੀਏ ? ਹਰ ਚੀਜ਼ ਵਿਚ ਮਿਲਾਵਟ ਹੈ। ਅੱਜ ਕੱਲ੍ਹ ਸ਼ੁੱਧ ਜ਼ਹਿਰ ਵੀ ਨਹੀਂ ਮਿਲਦਾ ? ਉਹ ਜ਼ਮਾਨੇ ਗਏ, ਸਤਯੁਗ ਦੀਆਂ ਗੱਲਾਂ ਕਰ ਰਹੇ ਹੋ, ਸ਼ੁੱਧ ਜ਼ਹਿਰ ! ਕਲਿਯੁਗ ਚਲ ਰਿਹਾ ਹੈ, ਹੁਣ ਕੋਈ ਸ਼ੁੱਧ ਜ਼ਹਿਰ ਵਗੈਰਾ ਨਹੀਂ ਮਿਲਦਾ।

ਸੰਸਾਰ ਵਿਚ, ਹਰ ਚੀਜ਼ ਵਿਚ ਮਿਲਾਵਟ ਹੈ। ਸਾਧਾਰਣ ਆਦਮੀ ਹੈ, ਉਸ ਵਿਚ ਹਰ ਚੀਜ਼ ਮਿਲੀ-ਜੁਲੀ ਹੈ।

ਜਿਹੜੇ ਪਰਮਾਤਮਾ ਨੂੰ ਪਾਉਂਣ ਲਈ ਟੁਰ ਪਏ ਹਨ, ਉਨ੍ਹਾਂ ਦਾ ਸ਼ੁੱਧ ਹੋਣ ਲਗਦਾ ਹੈ ਅਹੰਕਾਰ। ਇਨ੍ਹਾਂ ਦਾ ਜ਼ਹਿਰ ਸਤਯੁਗੀ ਹੋਣ ਲਗਦਾ ਹੈ। ਇਸ ਲਈ ਤੁਸੀਂ ਤੁਹਾਡੇ ਤਥਾ-ਕਥਿਤ ਮਹਾਤਮਾਵਾਂ ਦੇ ਅੰਦਰ ਜਿਸ ਤਰ੍ਹਾਂ ਦਾ ਦੰਭ (ਦਬਾਅ) ਅਤੇ ਅਸਮਿੱਤਾ (ਮੋਹ) ਪਾਓਗੇ, ਅਜਿਹਾ ਤੁਸੀਂ ਨਹੀਂ ਪਾਓਗੇ ਕਿੱਤੇ ਵੀ। ਇਸ ਲਈ ਤਾਂ ਤੁਹਾਡੇ ਪੰਡਿਤ ਪੁਜਾਰੀ, ਮਹਾਤਮਾ ਲੜਵਾਉਂਦੇ ਹਨ, ਲੜਦੇ ਹਨ। ਤੁਹਾਡੇ ਮੰਦਿਰ, ਮਸਜਿਦ, ਗਿਰਜੇ, ਗੁਰਦੁਆਰੇ ਅਹੰਕਾਰਾਂ ਦੇ ਅੱਡੇ ਬਣ ਗਏ ਹਨ। ਉਨ੍ਹਾਂ ਤੋਂ ਪ੍ਰੇਮ ਨਹੀਂ ਪੈਦਾ ਹੁੰਦਾ, ਉਨ੍ਹਾਂ ਤੋਂ ਨਫ਼ਰਤ ਪੈਦਾ ਹੁੰਦੀ ਹੈ।

ਉਨ੍ਹਾਂ ਤੋਂ ਜ਼ਹਿਰ ਫ਼ੈਲਦਾ ਹੈ ਦੁਨੀਆਂ ਵਿਚ, ਅੰਮ੍ਰਿਤ ਨਹੀਂ ਫ਼ੈਲਦਾ।

ਜੇਕਰ ਮਨੁੱਖ-ਜਾਤੀ ਸਾਰੇ ਧਰਮਾਂ ਤੋਂ ਮੁਕਤ ਹੋ ਜਾਏ, ਤਾਂ ਸ਼ਾਇਦ ਸ਼ਾਂਤੀ ਹੋ ਜਾਏ। ਧਰਮ ਸਭ ਹੀ ਕਹਿੰਦੇ ਹਨ, ਸ਼ਾਂਤੀ ਲਿਆਉਂਣਾ ਚਾਹੁੰਦੇ ਹਾਂ, ਪਰ ਲਿਆਉਂਦੇ ਅਸ਼ਾਂਤੀ ਹਨ। ਮੂਲ ਪ੍ਰਕ੍ਰਿਆ (ਕਾਰਣ) ਖ਼ਿਆਲ ਵਿਚ ਨਹੀਂ ਰਹਿ ਜਾਂਦੀ।

ਵਾਸਨਾ ਮਾਤ੍ਰ ਆਦਮੀ ਨੂੰ ਅਹੰਕਾਰ ਦਿੰਦੀ ਹੈ ਅਤੇ ਜਿੰਨੀ ਵੱਡੀ ਵਾਸਨਾ ਓਨਾ ਵੱਡਾ ਅਹੰਕਾਰ ਦਿੰਦੀ ਹੈ। ਨਿਸ਼ਚਿਤ (ਜ਼ਰੂਰ) ਪਰਮਾਤਮਾ ਤੋਂ ਵੱਡੀ ਕੋਈ ਵਾਸਨਾ ਨਹੀਂ ਹੋ ਸਕਦੀ। ਤਾਂ ਪਰਮਾਤਮਾ ਦੀ ਵਾਸਨਾ ਨਾਲ ਭਰਿਆ ਹੋਇਆ ਆਦਮੀ ਤਾਂ ਸਰਵਾਧਿਕ (ਸਭ ਤੋਂ ਵੱਧ) ਅਹੰਕਾਰੀ ਹੋ ਜਾਂਦਾ ਹੈ।

ਮੈਂ ਤੁਹਾਨੂੰ ਕੀ ਕਹਿ ਰਿਹਾ ਹਾਂ ? ਮੈਂ ਤੁਹਾਨੂੰ ਇਹ ਕਹਿ ਰਿਹਾ ਹਾਂ : ਪਰਮਾਤਮਾ ਨੂੰ ਪਾਉਂਣਾ ਹੋਵੇ ਤਾਂ ਪਰਮਾਤਮਾ ਦੀ ਵਾਸਨਾ ਨਹੀਂ ਕਰਨੀ ਹੁੰਦੀ। ਪਰਮਾਤਮਾ ਨੂੰ ਪਾਉਂਣਾ ਹੋਵੇ ਤਾਂ ਵਾਸਨਾ ਦਾ ਸਰੂਪ ਸਮਝ ਕੇ ਵਾਸਨਾ ਤੋਂ ਮੁਕਤ ਹੋ ਜਾਣਾ ਹੁੰਦਾ ਹੈ। ਜਿਸ ਛਿਣ ਵਾਸਨਾ ਚਲੀ ਗਈ ਉਸੇ ਛਿਣ ਪਰਮਾਤਮਾ ਉਤਰਦਾ ਹੈ।

ਪਰਮਾਤਮਾ ਪਾਇਆ ਜਾਂਦਾ ਹੈ, ਪਰ ਪਰਮਾਤਮਾ ਦੀ ਕਾਮਨਾ ਨਹੀਂ ਕੀਤੀ ਜਾ ਸਕਦੀ। ਪਰਮਾਤਮਾ ਮਿਲਦਾ ਹੈ ਅਤੇ ਮਿਲਦਾ ਹੈ ਉਸੇ ਨੂੰ ਜਿਸਨੇ ਇਹ ਵੱਡੀ ਸ਼ਰਤ ਪੂਰੀ ਕਰ ਦਿੱਤੀ।

ਇਸ ਲਈ ਬੁੱਧ ਵਰਗੇ ਪਰਮ ਗਿਆਨੀ ਨੇ ਪਰਮਾਤਮਾ ਸ਼ਬਦ ਦੀ ਵਰਤੋਂ ਵੀ ਨਹੀਂ ਕੀਤੀ—ਇਸ ਲਈ ਕਿ ਤੁਸੀਂ ਅਗਿਆਨੀ ਕਿੱਤੇ ਪਰਮਾਤਮਾ ਦੀ ਵਾਸਨਾ ਨ ਕਰਨ ਲਗੋ। ਬੁੱਧ ਨੇ ਈਸ਼ਵਰ ਦੀ ਗੱਲ ਹੀ ਨਹੀਂ ਚੁੱਕੀ, ਕਿਉਂਕਿ ਬੁੱਧ ਨੇ ਵੇਖਿਆ ਕਿ ਲੋਕ ਵਾਸਨਾ ਬਦਲ ਲੈਂਦੇ ਹਨ; ਧਨ ਨਹੀਂ ਮੰਗਦੇ ਹੁਣ ਸਵਰਗ ਮੰਗਦੇ ਹਨ ; ਪਦ (ਔਹਦਾ) ਨਹੀਂ ਮੰਗਦੇ, ਪਰਮਾਤਮਾ ਮੰਗਦੇ ਹਨ; ਪ੍ਰਤਿਸ਼ਠਾ ਨਹੀਂ ਮੰਗਦੇ, ਸਮਾਧੀ ਮੰਗਦੇ ਹਨ। ਪਰ ਮੰਗਦੇ ਹੀ ਰਹਿੰਦੇ ਹਨ । ਅਤੇ ਮੰਗ ਜਿੱਥੇ ਹੈ ਉੱਥੇ ਅਹੰਕਾਰ ਹੈ।

ਤਾਂ ਬੁੱਧ ਨੇ ਕਿਹਾ, ਕੋਈ ਪਰਮਾਤਮਾ ਨਹੀਂ ਹੈ, ਕੋਈ ਆਤਮਾ ਨਹੀਂ ਹੈ, ਕੋਈ ਮੋਖ਼ਸ਼ ਨਹੀਂ ਹੈ। ਤੁਸੀਂ ਇਹ ਨ ਸਮਝਣਾ ਕਿ ਬੁੱਧ ਇਹ ਕਹਿ ਰਹੇ ਹਨ ਕੋਈ ਪਰਮਾਤਮਾ ਨਹੀਂ ਹੈ, ਕਿ ਕੋਈ ਆਤਮਾ ਨਹੀਂ ਹੈ, ਕਿ ਕੋਈ ਮੋਖ਼ਸ਼ ਨਹੀਂ ਹੈ। ਬੁੱਧ ਦੇ ਮੰਨਣ ਵਾਲਿਆਂ ਨੇ ਵੀ ਗਲਤ ਸਮਝਿਆ। ਬੁੱਧ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ, ਕਠਿਨ ਹੈ, ਕਿਉਂਕਿ ਬੁੱਧ ਦੀ ਗੱਲ ਬਹੁਤ ਸੂਖਮ (ਮਹੀਨ) ਹੈ। ਬੁੱਧ ਇਹ ਕਹਿ ਰਹੇ ਹਨ ਕਿ ਜੇਕਰ ਮੈਂ ਇਹ ਕਹਾਂ ਕਿ ਪਰਮਾਤਮਾ ਹੈ ਤਾਂ ਝੱਟ-ਪੱਟ ਪਰਮਾਤਮਾ ਤੁਹਾਡੀ ਵਾਸਨਾ ਦਾ ਵਿਸ਼ਯ (ਸਬਜੈਕਟ) ਹੋ ਜਾਂਦਾ ਹੈ। ਵਾਸਨਾ ਜਦ ਤੱਕ ਹੈ; ਤਦ ਤੱਕ ਪਰਮਾਤਮਾ ਮਿਲੇਗਾ ਨਹੀਂ। ਇਸ ਤੋਂ ਚੰਗਾ ਹੈ ਕਿ ਅਸੀਂ ਪਰਮਾਤਮਾ ਦੀ ਚਰਚਾ ਹੀ ਛੱਡ ਦੇਈਏ, ਬੁੱਧ ਨੇ ਕਿਹਾ। ਹੈ ਹੀ ਨਹੀਂ। ਨ ਹੋਏਗਾ ਬਾਂਸ, ਨ ਵਜੇਗੀ ਬਾਂਸੁਰੀ। ਜਦ ਪਰਮਾਤਮਾ ਹੈ ਨਹੀਂ ਤਾਂ ਤੁਸੀਂ ਪਰਮਾਤਮਾ ਨੂੰ ਕਿਵੇਂ ਚਾਹੋਗੇ? ਜਦ ਸਵਰਗ ਹੈ ਹੀ ਨਹੀਂ ਤਾਂ ਸਵਰਗ ਦੀ ਕਾਮਨਾ ਕਿਵੇਂ ਕਰੋਗੇ ? ਜਦ ਆਤਮਾ ਵੀ ਨਹੀਂ ਹੈ ਤਾਂ ਕੀ ਸਮਾਧੀ ?

ਪਰ ਅਦਭੁਤ ਪ੍ਰਕ੍ਰਿਯਾ ਹੈ ਬੁੱਧ ਦੀ। ਤੁਹਾਡੀ ਵਾਸਨਾ ਦੇ ਸਭ ਸੰਭਵ ਉਪਾ ਖੋਹ ਲਏ। ਹੁਣ ਤੁਹਾਡੇ ਕੋਲ ਜੋ ਨਿੱਕੀਆਂ-ਮੋਟੀਆਂ ਵਾਸਨਾਵਾਂ ਹਨ—ਧਨ ਕਮਾ ਲਵਾਂ, ਔਹਦਾ ਕਮਾ ਲਵਾਂ, ਪ੍ਰਧਾਨ ਮੰਤ੍ਰੀ ਹੋ ਜਾਵਾਂ—ਇਹ ਜਿਹੜੀਆਂ ਨਿੱਕੀਆਂ-ਮੋਟੀਆਂ ਵਾਸਨਾਵਾਂ ਹਨ, ਇਨ੍ਹਾਂ ਨੂੰ ਤੁਸੀਂ ਸਮਝਣ ਦੀ ਕੋਸ਼ਿਸ਼ ਕਰੋ ਅਤੇ ਤੁਸੀਂ ਪਾਓਗੇ ਹਰ ਵਾਸਨਾ ਦੁਖ ਲਿਆਉਂਦੀ ਹੈ। ਹਰ ਵਾਸਨਾ ਹੋਰ ਡੂੰਘੇ ਨਰਕ ਵਿਚ ਲੈ ਜਾਂਦੀ ਹੈ। ਵੇਖਦੇ-ਵੇਖਦੇ, ਪਛਾਣਦੇ-ਪਛਾਣਦੇ

ਇੱਕ ਦਿਨ ਇਹ ਹੋਸ਼ ਤੁਹਾਨੂੰ ਆ ਜਾਏਗਾ ਕਿ ਵਾਸਨਾ ਦੁਖ ਹੈ। ਉਸੇ ਛਿਣ ਵਾਸਨਾ ਡਿੱਗ ਪਏਗੀ। ਹੋਰ ਪਰਮਾਤਮਾ ਤਾਂ ਹੈ ਨਹੀਂ ਕਿ ਵਾਸਨਾ ਨੂੰ ਬਦਲ ਲਓ।

ਸੰਸਾਰ ਦੀ ਵਾਸਨਾ ਡਿੱਗ ਜਾਏਗੀ ਅਤੇ ਪਰਲੋਕ ਦੀ ਵਾਸਨਾ ਦਾ ਉਪਾਅ ਤਾਂ ਬੁੱਧ ਨੇ ਛੱਡਿਆ ਨਹੀਂ ਹੈ। ਤੁਸੀਂ ਜਿਸ ਛਿਣ ਨਿਰ-ਵਾਸਨਾ ਵਿਚ ਹੋ ਜਾਓਗੇ, ਉਸੇ ਛਿਣ ਪਰਮਾਤਮਾ ਮਿਲ ਜਾਂਦਾ ਹੈ।

ਪਰਮਾਤਮਾ ਅਜਿਹਾ ਸਮਝੋ, ਤੁਹਾਡੀ ਨਿਰਵਾਸਨਾ ਦੀ ਅਵਸਥਾ ਦਾ ਨਾਮ ਹੈ। ਸਮਾਧੀ ਅਜਿਹੀ ਸਮਝੋ ਕਿ ਜਦ ਤੁਹਾਡੇ ਅੰਦਰ ਕੋਈ ਵਾਸਨਾ ਨ ਰਹੀ ਤਾਂ ਜੋ ਬਚਦਾ ਹੈ ਉਹ ਹੀ ਸਮਾਧੀ ਹੈ। ਇਹ ਕੰਮ ਉਤਕੰਠਾ ਨਾਲ ਨਹੀਂ ਹੋਏਗਾ।

ਹੋਰ ਤੂੰ ਆਖਦਾ ਹੈਂ : ਤਿਸ ਮਰਣੀ ਮਾਰੋ ...। ਤੇਰੇ ਮਾਰਨ ਵਿਚ ਵੀ ਸ਼ਰਤ ਹੈ। ਤੂੰ ਕਹਿ ਰਿਹਾ ਹੈਂ ਮਾਰਨਾ ਜ਼ਰੂਰ, ਪਰ ਉਹ ਮਰਣ ਹੋਣਾ ਚਾਹੀਦਾ—ਉਹ ਹੀ, ਜਿਸ ਨਾਲ ਤੁਹਾਨੂੰ ਮਿਲਿਆ, ਜਿਸ ਨਾਲ ਤੁਹਾਨੂੰ ਦਰਸ਼ਨ ਹੋਇਆ, ਕੋਈ ਹੋਰ ਦੂਜਾ ਮਰਣ ਨ ਹੋ ਜਾਏ !

ਤੂੰ ਮਰਨ ਲਈ ਵੀ ਸ਼ਰਤ ਲਗਾਈ ਹੈ ! ਤੂੰ ਵਿਚ-ਵਿਚ ਅੱਖਾਂ ਖੋਲ੍ਹ ਕੇ ਵੇਖਦਾ ਰਹੇਂਗਾ ਕਿ ਕੋਈ ਗਲਤ ਮਰਣ ਤਾਂ ਨਹੀਂ ਹੋਇਆ ਜਾ ਰਿਹਾ ਹੈ !

ਇੱਕ ਝੇਨ ਫ਼ਕੀਰ ਨੇ ਆਪਣੇ ਇੱਕ ਸ਼ਿਸ਼ ਨੂੰ ਧਿਆਨ ਦਾ ਇੱਕ ਪ੍ਰਯੋਗ ਦਿੱਤਾ ਸੀ। ਕਿ ਸੋਚ ਕੇ ਲਿਆਓ, ਇੱਕ ਹਥ ਦੀ ਤਾੜੀ ਕਿਵੇਂ ਵਜਦੀ ਹੈ ? ਹੁਣ ਇੱਕ ਹਥ ਦੀ ਤਾੜੀ ਕਿੱਤੇ ਵਜਦੀ ਹੈ ? ਬਹੁਤ ਸੋਚਿਆ, ਖ਼ੂਬ ਲਭਿਆ ਉਸਨੇ। ਬਹੁਤ ਵਿਚਾਰਸ਼ੀਲ ਆਦਮੀ ਸੀ। ਲਿਆਇਆ ਅਨੇਕ ਗੱਲਾਂ ਕਿ ਇੱਕ ਹਥ ਦੀ ਤਾੜੀ ਇਸ ਤਰ੍ਹਾਂ ਵਜਦੀ ਹੈ, ਜਿਵੇਂ ਆਕਾਸ਼ ਵਿਚ ਬੱਦਲਾਂ ਦੀ ਗਰਜਣ।

ਅਤੇ ਗੁਰੂ ਨੇ ਇੱਕ ਡੰਡਾ ਮਾਰਿਆ ਕਿ ਮੂਰਖ, ਇਹ ਇੱਕ ਹਥ ਦੀ ਤਾੜੀ ਹੈ ! ਕਿੱਥੇ ਹੈ ਇਸ ਵਿਚ ਇੱਕ ਹਥ? ਅਤੇ ਜਦ ਗਰਜਣਾ ਹੁੰਦੀ ਹੈ ਆਕਾਸ਼ ਵਿਚ ਤਾਂ ਬੱਦਲ ਟਕਰਾਉਂਦੇ ਹਨ, ਇਹ ਤਾਂ ਦੋ ਹਥ ਹੋ ਗਏ। ਜਿੱਥੇ ਟਕਰਾਹਟ ਹੈ ਉੱਥੇ ਦੋ। ਤੂੰ ਅਜਿਹੀ ਖ਼ਬਰ ਲਿਆ ਜਿੱਥੇ ਟਕਰਾਹਟ ਨ ਹੋਵੇ ਅਤੇ ਧਵਨੀ ਉਤਪੰਨ ਹੋਵੇ। ਬਹੁਤ ਉਸਨੇ ਲਭਿਆ। ਕਈ ਤਰਕੀਬਾਂ ਕਢੀਆਂ, ਸਭ ਵਿਚ ਹਾਰਦਾ ਗਿਆ। ਮਹੀਨੇ ਬੀਤਣ ਲਗੇ, ਉਦਾਸ ਹੋਣ ਲਗਾ। ਦਿਨ ਭਰ ਲੱਭ ਕੇ ਆਏ ਅਤੇ ਫ਼ਿਰ ਉੱਥੇ ਦੀ ਉੱਥੇ ਗੱਲ ; ਫ਼ਿਰ ਗੁਰੂ ਉਸ ਨੂੰ ਭਜਾ ਦੇਵੇ। ਉਸ ਨੇ ਪੁਰਾਣੇ ਚੇਲਿਆਂ ਤੋਂ ਪੁੱਛਿਆ ਕਿ ਭਾਈ, ਤੁਸੀਂ ਕਿਵੇਂ ਹੱਲ ਕੀਤਾ ਹੈ?

ਤਾਂ ਇੱਕ ਚੇਲੇ ਨੇ ਦੱਸਿਆ ਕਿ ਮੇਰਾ ਤਾਂ ਇਸ ਤਰ੍ਹਾਂ ਹੱਲ ਹੋਇਆ ਹੈ ਕਿ ਮੈਨੂੰ ਵੀ ਇਸ ਨੇ ਬਹੁਤ ਸਤਾਇਆ। ਤੇਰੇ ਤਾਂ ਤਿੰਨ ਮਹੀਨੇ, ਮੈਂ ਤਾਂ ਤਿੰਨ ਸਾਲ ਘੱਟਾ ਖਾਧਾ। ਫ਼ਿਰ ਇੱਕ ਦਿਨ ਬਿਲਕੁੱਲ ਥਕਿਆ-ਟੁੱਟਿਆ, ਉੱਬ ਚੁਕਿਆ ਸੀ... ਇੱਕ ਹਥ ਦੀ ਤਾੜੀ... ਇਹ ਕਿੱਤੇ ਵਜਦੀ ਹੈ ! ਇਹ ਪਾਗਲ ਅਤੇ ਇੱਕ ਅਸੀਂ ਪਾਗਲ ਹਾਂ ਕਿ ਇਸਦੀ ਗੱਲ ਮੰਨ ਕੇ ਬੈਠੇ ਹਾਂ, ਇੱਕ ਹਥ ਦੀ ਤਾੜੀ ਵਜਣ ਦਾ ਵਿਚਾਰ ਕਰ ਰਹੇ ਹਾਂ, ਧਿਆਨ ਕਰ ਰਹੇ ਹਾਂ। ਪੱਕਾ ਪਤਾ ਹੈ ਕਿ ਇਹ ਹੋ ਨਹੀਂ ਸਕਦਾ। ਸਾਨੂੰ ਵੀ ਪਤਾ ਹੈ, ਇਸਨੂੰ ਵੀ ਪਤਾ ਹੈ, ਸਭ ਨੂੰ ਪਤਾ ਹੈ। ਪਰ ਲਗ ਗਿਆ ਮੋਹ ਇਸ ਆਦਮੀ ਨਾਲ। ਇਸਦੇ ਪ੍ਰੇਮ

ਵਿਚ ਪੈ ਗਏ, ਤਾਂ ਚਲੋ ਇਹ ਹੀ ਕਰਦੇ ਹਾਂ ਕਿ ਠੀਕ ਹੈ, ਕਦੇ ਨ ਕਦੇ ਤਾਂ ਵੱਜੇਗੀ ਜਾਂ ਕੁਝ ਹੋਏਗਾ। ਤਿੰਨਾਂ ਸਾਲਾਂ ਵਿਚ ਜਦ ਬਿਲਕੁੱਲ ਥਕ ਗਿਆ ਅਤੇ ਮੈਂ ਪਹੁੰਚਿਆ ਤੇ ਇਸਨੇ ਫਿਰ ਪੁੱਛਿਆ ਕਿ ਇੱਕ ਹਥ ਦੀ ਤਾੜੀ, ਕਿ ਮੈਂ ਇੱਕਦਮ ਡਿੱਗ ਪਿਆ। ਮੈਂ ਬਿਲਕੁੱਲ ਨਿਰਾਸ਼ ਹੀ ਹੋ ਗਿਆ ਸੀ, ਤਾਂ ਮੈਂ ਬਿਲਕੁੱਲ ਡਿਗ ਪਿਆ। ਅਤੇ ਉਸ ਦਿਨ ਗੁਰੂ ਪ੍ਰਸੰਨ ਹੋ ਗਏ। ਉਨ੍ਹਾਂ ਨੇ ਮੇਰੇ ਸਿਰ ਉੱਤੇ ਹਥ ਰੱਖਿਆ, ਡੰਡਾ ਨਹੀਂ ਮਾਰਿਆ ਉਸ ਦਿਨ, ਕਿਹਾ : ਪੁਤੱਰ ਉਠੋ, ਵਜ ਗਈ ਇੱਕ ਹਥ ਦੀ ਤਾੜੀ !

ਇਹ ਜੋ ਡਿਗਣਾ ਸੀ ਇਸ ਵਿਚ ਅਹੰਕਾਰ ਡਿੱਗ ਗਿਆ। ਇਹ ਜੋ ਢਠਣਾ ਸੀ ਇਸ ਵਿਚ ਸਾਰਾ ਚਿੱਤ ਢਹਿ ਗਿਆ—ਉਦਾਸ, ਉਦਾਸ ... ਹਾਰ, ਹਾਰ, ਹਾਰ ... ਇੱਕ ਸੀਮਾਂ (ਹੱਦ) ਹੁੰਦੀ ਹੈ। ਹਾਰ ਉਸ ਥਾਂ ਪਹੁੰਚ ਗਈ ਕਿ ਹਾਰ ਅਖੀਰ ਤੱਕ ਹੋ ਗਈ। ਅਗੋਂ ਰਾਹ ਹੀ ਬੰਦ ਹੋ ਗਿਆ। ਹਾਰ ਪੂਰੀ ਹੋ ਗਈ। ਹੁਣ ਇਹ ਪੱਕਾ ਹੋ ਗਿਆ ਕਿ ਮੇਰੇ ਤੋਂ ਕੁਝ ਹੋਣ ਵਾਲਾ ਨਹੀਂ ਹੈ। ਨ ਇਹ ਇੱਕ ਹਥ ਦੀ ਤਾੜੀ ਵਜਣੀ ਹੈ, ਨ ਮੈਨੂੰ ਸਫਲਤਾ ਮਿਲਣੀ ਹੈ, ਨ ਮੈਨੂੰ ਸਮਾਧੀ ਲਗਣੀ ਹੈ। ਇਹ ਹਤਾਸ਼ਾ (ਆਸ ਦਾ ਨਸ਼ਟ ਹੋਣਾ) ਉਸ ਥਾਂ ਪਹੁੰਚ ਗਈ ਜਿਥੇ ਮ੍ਰਿਤਯੂ ਘੱਟ ਜਾਂਦੀ ਹੈ ਅਹੰਕਾਰ ਦੀ। ਜਿੱਤ ਮਿਲਦੀ ਰਹੇ ਥੋੜ੍ਹੀ-ਥੋੜ੍ਹੀ, ਸਫਲਤਾ ਮਿਲਦੀ ਰਹੇ ਤਾਂ ਅਹੰਕਾਰ ਨੂੰ ਪੋਸ਼ਣ ਮਿਲਦਾ ਰਹਿੰਦਾ ਹੈ। ਇਸ ਲਈ ਤਾਂ ਇੱਕ ਹਥ ਦੀ ਤਾੜੀ, ਤਾਂਕਿ ਅਹੰਕਾਰ ਨੂੰ ਪੋਸ਼ਣ ਨ ਮਿਲ ਸਕੇ। ਇਹ ਤਾਂ ਪ੍ਰਕ੍ਰਿਆ (ਪ੍ਰੋਸੇਸ) ਹੈ ਤੁਹਾਡੇ ਅਹੰਕਾਰ ਨੂੰ ਤੋੜਣ ਦੀ। ਤਾਂ ਗੁਰੂ ਨੇ ਸਿਰ ਉੱਤੇ ਹਥ ਰੱਖਿਆ ਅਤੇ ਕਿਹਾ ਕਿ ਵਜ ਗਈ ਇੱਕ ਹਥ ਦੀ ਤਾੜੀ ! ਇਹ ਹੈ ਇੱਕ ਹਥ ਦੀ ਤਾੜੀ। ਹੁਣ ਉਠ ਖਲੋ, ਹੁਣ ਕੋਈ ਚਿੰਤਾ ਨਹੀਂ।

ਤਾਂ ਇਸ ਨੇ ਕਿਹਾ ਕਿ ਭਲੇ ਮਾਣਸ ! ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ ? ਅਸੀਂ ਪਹਿਲੇ ਹੀ ਦਿਨ ਵਜਾ ਦਿੰਦੇ, ਇੱਕ ਹਥ ਦੀ ਤਾੜੀ। ਜਾ ਕੇ ਡਿੱਗ ਪੈਂਦੇ। ਅੱਜ ਹੀ ਵਜਾ ਦਿੰਦਾ ਹਾਂ; ਹੁਣੇ ਗਿਆ।

ਗਿਆ ਉਹ, ਪਹੁੰਚਿਆ। ਜਿਵੇਂ ਹੀ ਗੁਰੂ ਨੇ ਪੁੱਛਿਆ, ਵਜੀ ਇੱਕ ਹਥ ਦੀ ਤਾੜੀ, ਉਹ ਚਾਰੇ ਖ਼ਾਨੇ... ਪਰ ਵੇਖਕੇ ਡਿੱਗਿਆ ਕਿ ਕਿੱਤੇ ਸਟ ਵਗੈਰਾ ਨ ਲਗ ਜਾਏ। ਜ਼ਰਾ ਵੇਖ ਲਿਆ ਤਿਰਛੀ ਨਜ਼ਰ ਨਾਲ ਕਿ ਸਭ ਠੀਕ-ਠਾਕ ਹੈ। ਸਿਰ ਵੀ ਅਜਿਹੀ ਥਾਂ ਸੁਟਿਆ ਜਿਥੇ ਸਰ੍ਹਾਣਾ ਰੱਖਿਆ ਸੀ। ਅੱਖਾਂ ਬੰਦ ਕਰਕੇ ਚਾਰੇ ਖ਼ਾਨੇ ਚਿੱਤ ਸ਼ਵਆਸਣ ਵਿਚ ਲੇਟ ਗਿਆ। ਚਿੱਤ ਬਹੁਤ ਪ੍ਰਸੰਨ ਹੈ ਕਿ ਅੱਜ ਮਾਮਲਾ ਹੱਲ ਹੋਇਆ, ਹੁਣ ਗੁਰੂ ਆਏ, ਸਿਰ ਤੇ ਹਥ ਫ਼ੇਰਿਆ, ਪਰ ਗੁਰੂ ਨੇ ਮਾਰਿਆ ਡੰਡਾ। ਇੱਕ ਅੱਖ ਖੋਲ੍ਹ ਕੇ ਵੇਖਿਆ ਕਿ ਮਾਮਲਾ ਕੀ ਹੈ ਇਹ, ਅਸੀਂ ਤਾਂ ਕੁਝ ਹੋਰ ਹੀ ਸੋਚ ਰਹੇ ਸੀ। ਗੁਰੂ ਨੇ ਕਿਹਾ ਕਿ ਨ ਸਮਝ, ਮੁਰਦੇ ਕਿਤੇ ਅੱਖਾਂ ਖੋਲ੍ਹ ਕੇ ਵੇਖਦੇ ਹਨ ?

ਮੁਰਦੇ ਅਜਿਹਾ ਵੇਖਕੇ ਡਿੱਗਦੇ ਹਨ ਕਿ ਸਰ੍ਹਾਣਾ ਕਿੱਥੇ ਹੈ ? ਇਹ ਤੂੰ ਨਕਲ ਕਰ ਰਿਹਾ ਹੈਂ; ਪਰ ਉਸਦੀ ਵਜੀ ਸੀ ਇੱਕ ਹਥ ਦੀ ਤਾੜੀ। ਤੂੰ ਅਨੁਕਰਣ (ਨਕਲ) ਕਰ ਰਿਹਾ ਹੈਂ। ਤੂੰ ਚਾਹੁੰਦਾ ਹੈਂ ਸਸਤਾ ਕੁਝ ਹੋ ਜਾਏ। ਇਹ ਸਸਤੀ ਨਹੀਂ ਹੋ ਸਕਦੀ ਗੱਲ। ਉਹ ਤਿੰਨ ਸਾਲ ਪਰੇਸ਼ਾਨ ਹੋਇਆ ਸੀ। ਤਿੰਨ ਸਾਲ ਉਸਨੇ ਅਥਕ ਮਿਹਨਤ ਕੀਤੀ ਸੀ। ਖ਼ੂਨ ਨੂੰ

ਪਸੀਨਾ ਵਹਾਇਆ ਸੀ। ਨ ਦਿਨ ਸੁੱਤਾ ਸੀ ਨ ਰਾਤ ਸੁੱਤਾ ਸੀ। ਖਾਣਾ-ਪੀਣਾ ਭੁੱਲ ਗਿਆ ਸੀ। ਸਭ ਲਾ ਦਿੱਤਾ ਸੀ ਉਸਨੇ ਦਾਅ ਉੱਤੇ। ਤਦ ਇੱਕ ਘੜੀ ਅਜਿਹੀ ਆਈ ਸੀ ਕਿ ਉਸ ਪਰਾਜਯ (ਹਾਰ) ਦੇ ਛਿਣ ਵਿਚ ਟੁੱਟ ਕੇ ਡਿੱਗ ਪਿਆ ਸੀ। ਉਸਨੇ ਵੇਖਿਆ ਨਹੀਂ ਸੀ ਚਾਰੇ ਪਾਸੇ ਕਿ ਪੱਥਰ ਤੇ ਸਿਰ ਪਏਗਾ ਕਿ ਤਕੀਏ ਉੱਤੇ। ਉਸਦੀ ਕੋਈ ਕਲਪਣਾ ਵੀ ਨਹੀਂ ਸੀ ਕਿ ਹੁਣ ਕੀ ਹੋਣ ਵਾਲਾ ਹੈ।

ਤੂੰ ਤਾਂ ਪੈ ਕੇ ਲੇਟ ਕੇ ਓਥੇ ਵੇਖ ਰਿਹਾ ਹੈਂ ਕਿ ਗੁਰੂ ਦਾ ਹਥ ਆਇਆ ਸਿਰ ਉੱਤੇ। ਜਦ ਉਹ ਡਿਗਿਆ ਸੀ ਤਾਂ ਸਚ-ਮੁਚ ਡਿਗਿਆ ਸੀ, ਉਸ ਡਿਗਣ ਵਿਚ ਅਹੰਕਾਰ ਡਿੱਗ ਪਿਆ ਸੀ ਅਤੇ ਤੂੰ ਜੋ ਡਿਗਿਆ ਹੈਂ, ਇਹ ਤਾਂ ਅਹੰਕਾਰ ਦਾ ਹੀ ਅਡੰਬਰ ਹੈ। ਇਹ ਤਾਂ ਅਹੰਕਾਰ ਦੀ ਹੀ ਤਰਕੀਬ ਹੈ। ਤੂੰ ਚਾਹੁੰਦਾ ਹੈਂ ਕਿ ਮੈਂ ਕਹਿ ਦਿਆਂ ਕਿ ਹੋ ਗਿਆ ਤੂੰ ਸਿੱਧ। ਇੰਨਾ ਸਸਤਾ ਨਹੀਂ ਹੈ।

ਤੂੰ ਕਹਿੰਦਾ ਹੈਂ : ਤਿਸ ਮਰਣੀ ਮਾਰੋ ...। ਘਟੋ-ਘੱਟ ਛੁੱਟੀ ਤਾਂ ਦਿੰਦਾ ਪੂਰੀ ! ਘਟੋ-ਘੱਟ ਇੰਨਾ ਤਾਂ ਕਹਿੰਦਾ, ਜਿਸ ਤਰ੍ਹਾਂ ਦਾ ਮਾਰਨਾ ਹੈ ਮਾਰੋ ! ਉਹ ਵੀ ਤੂੰ ਛੱਡਿਆ ਨਹੀਂ। ਤੂੰ ਆਪਣੀ ਸ਼ਰਤ ਲਗਾ ਦਿੱਤੀ। ਤੁਹਾਡਾ ਸਮ੍ਰਪਣ ਵੀ ਸ਼ਰਤਾਂ ਨਾਲ ਬਝਿਆ ਹੁੰਦਾ ਹੈ। ਅਤੇ ਸਮ੍ਰਪਣ ਕਿੱਤੇ ਸ਼ਰਤ ਨਾਲ ਬਝਿਆ ਹੋ ਸਕਦਾ ਹੈ ? ਸਮ੍ਰਪਣ ਦਾ ਅਰਥ ਹੀ ਹੁੰਦਾ ਹੈ—ਸਭ ਸ਼ਰਤਾਂ ਛੱਡੀਆਂ, ਢਹਿ ਪਏ ਚਰਨਾਂ ਵਿਚ, ਕਿ ਹੁਣ ਜੋ ਹੋਵੇ ਸੋ ਹੋਵੇ, ਨ ਹੋਵੇ ਤਾਂ ਨ ਹੋਵੇ। ਉਸ ਲਈ ਵੀ ਰਾਜ਼ੀ ਹਾਂ। ਕਿੱਤੇ ਅੰਦਰ ਕੋਨੇ-ਕਾਤਰ ਵਿਚ ਜ਼ਰਾ ਜਿੰਨੀ ਵੀ ਇੱਛਾ ਲੁੱਕੀ ਰਾਹ ਦੇਖਦੀ ਰਹੀ ਕਿ ਹੁਣ ਅਜਿਹਾ ਹੋਏਗਾ, ਹੁਣ ਅਜਿਹਾ ਹੋਣਾ ਚਾਹੀਦਾ, ਕਿ ਹੁਣ ਤਾਂ ਅਸੀਂ ਡਿੱਗ ਵੀ ਪਏ, ਅੱਜੇ ਤੱਕ ਉਹ ਮਰਣ ਨਹੀਂ ਹੋਇਆ, ਜਿਸ ਮਰਣੇ ਨਾਲ ਗੋਰਖ ਨੂੰ ਵਿਖਾਈ ਪਿਆ ਸੀ। ਅਸੀਂ ਤਾਂ ਅੱਜੇ ਉੱਥੇ ਦੇ ਉੱਥੇ। ਅੱਜੇ ਤੱਕ ਸਮਾਧੀ ਨਹੀਂ ਫ਼ਲੀ। ਅੱਜੇ ਤੱਕ ਕੋਈ ਪਰਮਾਤਮਾ ਦੇ ਚਰਣ ਵਿਖਾਈ ਨਹੀਂ ਪੈ ਰਹੇ।

ਜੇਕਰ ਅਜਿਹੀ ਵਾਸਨਾ ਅਤੇ ਵਿਚਾਰ ਬਣਿਆ ਰਿਹਾ ਤਾਂ ਮ੍ਰਿਤਯੂ ਹੋ ਹੀ ਨਹੀਂ ਸਕੇਗੀ। ਖ਼ਿਆਲ ਰੱਖੋ, ਗੁਰੂ ਸ਼ਿਸ਼ ਨੂੰ, ਮਾਰ ਨਹੀਂ ਸਕਦਾ। ਗੁਰੂ ਸ਼ਿਸ਼ ਨੂੰ ਮਰਨ ਦੀ ਕਲਾ ਸਿੱਖਾ ਸਕਦਾ ਹੈ। ਮਰਨਾ ਤਾਂ ਤੁਹਾਨੂੰ ਹੀ ਪੈਂਦਾ ਹੈ। ਤੁਸੀਂ ਭੋਜਨ ਕਰੋਗੇ ਤਾਂ ਤੁਹਾਡਾ ਹੀ ਢਿੱਡ ਭਰੇਗਾ। ਤੁਸੀਂ ਪਾਣੀ ਪੀਓਗੇ ਤਾਂ ਤੁਹਾਡੀ ਹੀ ਤ੍ਰੇਹ ਬੁਝੇਗੀ। ਮੈਂ ਪਾਣੀ ਪੀਵਾਂ, ਇਸ ਨਾਲ ਤੁਹਾਡੀ ਤ੍ਰੇਹ ਨਹੀਂ ਬੁੱਝ ਸਕਦੀ। ਮੈਂ ਭੋਜਨ ਕਰਾਂ, ਇਸ ਨਾਲ ਤੁਹਾਡੀ ਭੁੱਖ ਨਹੀਂ ਮਿੱਟ ਸਕਦੀ। ਮੈਂ ਸੁਵਾਸ ਲਵਾਂ, ਇਸ ਨਾਲ ਤੁਹਾਡਾ ਹ੍ਰਿਦੇ ਨਹੀਂ ਧੜਕੇਗਾ। ਇਹ ਤਾਂ ਸਭ ਉਪੱਰ ਦੀਆਂ ਗੱਲਾਂ ਹਨ, ਸਭ ਤੋਂ ਡੂੰਘੀ ਗੱਲ ਤਾਂ ਹੈ ਅਹੰਕਾਰ ਦਾ ਮਰਨਾ, ਉਹ ਸਭ ਤੋਂ ਡੂੰਘਾ ਹੈ। ਉਹ ਤਾਂ ਉਪੱਰੋਂ ਕੀਤਾ ਹੀ ਨਹੀਂ ਜਾ ਸਕਦਾ। ਉਹ ਤਾਂ ਤੁਸੀਂ ਹੀ ਜਾਗੋਗੇ ਜਾਣੋਂਗੇ ਅਹੰਕਾਰ ਦੀ ਪੀੜ ਅਤੇ ਨਰਕ ਨੂੰ ਪਛਾਣੋਂਗੇ।

ਵੇਖੋਗੇ ਕਿ ਕਿੰਨਾ ਦੁਖ ਅਹੰਕਾਰ ਨੇ ਦਿੱਤਾ ਹੈ।

ਤਾਂ ਇਹ ਉਤਕੰਠਾ (ਪ੍ਰਬਲ ਇੱਛਾ) ਦੀ ਗੱਲ ਨਹੀਂ ਹੈ, ਸਮਝ ਦੀ ਗੱਲ ਹੈ। ਪਰ ਚੰਗਾ ਹੈ ਸੁਧੀਰ, ਵਿਚਾਰ ਤਾਂ ਉਠਿਆ। ਇਸੇ ਤਰ੍ਹਾਂ ਵਿਚਾਰ ਉਠਦਾ ਹੈ ਤਾਂ ਕਲਾ ਸਿੱਖੀ ਜਾਂਦੀ ਹੈ। ਉਹ ਹੀ ਤਾਂ ਮੈਂ ਸਿੱਖਾ ਰਿਹਾ ਹਾਂ—ਮਰਨੇ ਦੀ ਕਲਾ। ਚਾਹੇ ਕਹੋ ਜੀਵਨ ਦੀ ਕਲਾ,

ਚਾਹੇ ਕਹੋ ਮੌਤ ਦੀ ਕਲਾ, ਇੱਕੋ ਹੀ ਗੱਲ ਹੈ। ਤੁਸੀਂ ਮਰੇ ਤਾਂ ਪਰਮਾਤਮਾ ਪ੍ਰਗਟ ਹੋਇਆ। ਤੁਹਾਡੀ ਮੌਤ ਉਸ ਦਾ ਆਰੰਭ ਹੈ।

ਚੌਥਾ ਸਵਾਲ : ਆਪ ਨੂੰ ਸੁਣਦਾ ਹਾਂ ਤਾਂ ਪ੍ਰਾਰਥਨਾ ਦਾ ਭਾਵ ਹ੍ਰਿਦਯ ਵਿਚ ਹਿਲੋਰੇ ਲੈਣ ਲਗਦਾ ਹੈ। ਪਰ ਪ੍ਰਾਰਥਨਾ ਕਿਵੇਂ ਕਰਾਂ? ਪ੍ਰਾਰਥਨਾ ਕਰਨੀ ਤਾਂ ਮੈਨੂੰ ਆਉਂਦੀ ਨਹੀਂ ਹੈ।

ਪ੍ਰਾਰਥਨਾ ਕੀਤੀ ਨਹੀਂ ਜਾਂਦੀ, ਪ੍ਰਾਰਥਨਾ ਹੋ ਜਾਂਦੀ ਹੈ, ਇਹ ਜੋ ਭਾਵ ਹਿਲੋਰੇ ਲੈਂਦਾ ਹੈ ਇਹ ਹੀ ਪ੍ਰਾਰਥਨਾ ਹੈ। ਕਰਨ ਚਲੋਗੇ, ਝੂਠ ਕਰ ਲਓਗੇ। ਕਰਨ ਚਲੋਗੇ, ਔਪਚਾਰਿਕ ਹੋ ਜਾਏਗੀ। ਕਰਨ ਚਲੋਗੇ ਉਧਾਰ ਹੋ ਜਾਏਗੀ, ਦੂਜਿਆਂ ਦਾ ਅਨੁਕਰਣ (ਰੀਸ) ਹੋ ਜਾਏਗਾ।

ਪ੍ਰਾਰਥਨਾ ਅਨੁਕਰਣ ਨਹੀਂ ਹੈ। ਅਨੁਕਰਣ ਦੇ ਕਾਰਣ ਹੀ ਪ੍ਰਾਰਥਨਾ ਗੁਆਚ ਗਈ ਹੈ। ਲੋਕ ਟੁੱਰੇ ਆਪਣੇ-ਆਪਣੇ ਮੰਦਿਰ। ਜੇਕਰ ਮਸਜਿਦ ਨੇੜੇ ਹੈ ਤਾਂ ਉੱਥੇ ਜਾ ਕੇ ਪ੍ਰਾਰਥਨਾ ਨਹੀਂ ਕਰਦੇ। ਦੋ ਮੀਲ ਟੁੱਰ ਕੇ ਜਾਂਦੇ ਹਨ ਮੰਦਿਰ ਵਿਚ ਪ੍ਰਾਰਥਨਾ ਕਰਨ। ਜਿੰਨਾਂ ਦੋ ਮੀਲ ਟੁਰਨ ਵਿਚ ਸਮਾਂ ਖ਼ਰਾਬ ਕੀਤਾ ਇੰਨਾ ਵੀ ਪ੍ਰਾਰਥਨਾ ਵਿਚ ਲਗਾ ਦਿੰਦੇ, ਮਸਜਿਦ ਨੇੜੇ ਸੀ, ਕਿੱਥੇ ਜਾਂਦੇ ਹੋ ਲੇਕਿਨ ਉਹ ਹੀ ਹਾਲਤ ਮਸਜਿਦ ਵਾਲੇ ਦੀ ਹੈ, ਮੰਦਿਰ ਨੇੜੇ ਹੈ ਉਥੇ ਤਾਂ ਵੇਖਦਾ ਨਹੀਂ, ਪਿੱਠ ਕਰਕੇ ਨਿਕਲ ਜਾਂਦਾ ਹੈ। ਜੈਨ ਸ਼ਾਸਤ੍ਰਾਂ ਅਤੇ ਹਿੰਦੂ ਸ਼ਾਸਤ੍ਰਾਂ ਵਿਚ ਇਸ ਤਰ੍ਹਾਂ ਦੇ ਉਲੇਖ (ਲਿਖਤ) ਹਨ। ਇੱਕੋ ਜਿਹੇ ਹੀ ਉਲੇਖ ਹਨ, ਕਿਉਂਕਿ ਮੂੜ੍ਹਤਾ ਸਭ ਵਿਚ ਇੱਕੋ ਜਿਹੀ ਹੈ। ਅਜਿਹੇ ਉਲੇਖ ਹਨ ਜੈਨ ਸ਼ਾਸਤ੍ਰਾਂ ਵਿਚ ਕਿ ਜੇਕਰ ਤੁਸੀਂ ਹਿੰਦੂ-ਮੰਦਿਰ ਦੇ ਅੱਗੋਂ ਨਿਕਲਦੇ ਹੋ ਅਤੇ ਪਾਗਲ ਹਾਥੀ ਤੁਹਾਡਾ ਪਿੱਛਾ ਕਰ ਰਿਹਾ ਹੋਵੇ ਤਾਂ ਪਾਗਲ ਹਾਥੀ ਦੇ ਪੈਰ ਹੇਠਾਂ ਦੱਬ ਕੇ ਮਰ ਜਾਣਾ ਬੇਹਤਰ ਹੈ, ਬਜਾਏ ਹਿੰਦੂ-ਮੰਦਿਰ ਵਿਚ ਸ਼ਰਣ ਲੈਣ ਦੇ। ਠੀਕ ਇਹ ਹੀ ਗੱਲ ਹਿੰਦੂ ਸ਼ਾਸਤ੍ਰਾਂ ਵਿਚ ਕਹੀ ਗਈ ਹੈ ਕਿ ਜੇਕਰ ਤੁਹਾਡੇ ਪਿੱਛੇ ਪਾਗਲ ਹਾਥੀ ਪਿਆ ਹੋਵੇ ਤਾਂ ਉਸਦੇ ਪੈਰ ਹੇਠਾਂ ਦੱਬ ਕੇ ਮਰ ਜਾਣਾ, ਪਰ ਜੈਨ-ਮੰਦਰ ਵਿਚ ਸ਼ਰਨ ਨ ਲੈਣਾ।

ਇਹ ਕਿਹੋ ਜਿਹੀਆਂ ਹੋਛੀਆਂ ਗੱਲਾਂ ਹਨ। ਜੋ ਧਰਮ ਦੇ ਨਾਮ ਉੱਤੇ ਚਲਦੀਆਂ ਰਹੀਆਂ ਹਨ। ਹਿੰਦੂ ਅਤੇ ਜੈਨ ਤਾਂ ਖ਼ੈਰ ਵੱਖ-ਵੱਖ ਧਰਮ ਹਨ। ਹਿੰਦੂਆਂ ਵਿਚ ਵੀ ਕਈ ਹਨ ਜਿਹੜੇ ਰਾਮ ਨੂੰ ਮੰਨਦੇ ਹਨ ਤਾਂ ਉਹ ਕ੍ਰਿਸ਼ਨ ਦੇ ਮੰਦਿਰ ਵਿਚ ਨਹੀਂ ਜਾਣਗੇ, ਕੋਈ ਜਨ ਤਾਂ ਕ੍ਰਿਸ਼ਨ ਨੂੰ ਮੰਨਦੇ ਹਨ, ਉਹ ਰਾਮ ਦੇ ਮੰਦਿਰ ਵਿਚ ਨਹੀਂ ਜਾਣਗੇ। ਹੋਰ ਵੀ ਮਜ਼ੇ ਦੀ ਗੱਲ ਹੈ ਜੈਨੀਆਂ ਵਿਚ ਦਿਗੰਬਰ ਤੇ ਸ਼ਵੇਤਾਬੰਰ ਹਨ; ਦੋਵੇਂ ਹੀ ਮਹਾਵੀਰ ਨੂੰ ਮੰਨਦੇ ਹਨ, ਪਰ ਦੋਹਾਂ ਦਾ ਮੰਦਿਰ ਇੱਕ ਨਹੀਂ ਹੋ ਸਕਦਾ।

ਆਦਮੀ ਧਰਮ ਦੇ ਨਾਮ ਤੇ ਹੀ ਰਾਜਨੀਤੀਆਂ ਵਿਚ ਉਲਝ ਜਾਂਦਾ ਹੈ। ਇਹ ਸਾਰਾ ਉਪੱਦਰ ਹੁੰਦਾ ਹੈ ਅਨੁਕਰਣ (ਨਕਲ) ਕਰਨ ਦੇ ਕਾਰਣ। ਪ੍ਰਾਰਥਨਾ ਇੱਕ ਸਹਿਜ ਨਿਸ਼ਛਲ (ਕਪਟ ਤੋਂ ਰਹਿਤ) ਭਾਵ ਹੈ। ਬ੍ਰਿਛ ਨੂੰ ਵੇਖ ਕੇ ਤੁਹਾਡੇ ਅੰਦਰ ਆਨੰਦ ਹਿਲੋਰੇ ਲੈਣ ਲੱਗੇ ਉੱਥੇ ਹੀ ਝੁਕ ਜਾਣਾ, ਪ੍ਰਾਰਥਨਾ ਹੋ ਗਈ। ਬ੍ਰਿਛ ਦੇ ਕੋਲ ਹੀ ਝੁਕ ਜਾਣਾ। ਬ੍ਰਿਛ ਦੀਆਂ

ਜੜ੍ਹਾਂ ਵਿਚ ਹੀ ਸਿਰ ਰੱਖ ਦੇਣਾ, ਤੁਹਾਡਾ ਨਮਨ ਪਰਮਾਤਮਾ ਤੱਕ ਪਹੁੰਚ ਗਿਆ। ਕਿਉਂਕਿ ਪਰਮਾਤਮਾ ਨਾਲ ਜੁੜੇ ਹਨ ਬ੍ਰਿਛ। ਤੁਹਾਡੇ ਮੰਦਰਾਂ ਦੀਆਂ ਮੂਰਤੀਆਂ ਪਰਮਾਤਮਾ ਨਾਲ ਬਿਲਕੁੱਲ ਨਹੀਂ ਜੁੜੀਆਂ, ਕਿਉਂਕਿ ਤੁਹਾਡੀਆਂ ਬਣਾਈਆਂ ਹੋਈਆਂ ਹਨ। ਬ੍ਰਿਛ ਅੱਜੇ ਜੀਵੰਤ ਹਨ, ਉਨ੍ਹਾਂ ਵਿਚ ਜੀਵਨ ਵੱਗ ਰਿਹਾ ਹੈ, ਰਸਧਾਰਾ ਵੱਗ ਰਹੀ ਹੈ।

ਨਹੀਂ ਤਾਂ ਹਰੇ ਨ ਹੁੰਦੇ। ਨਹੀਂ ਤਾਂ ਕੋਂਪਲਾਂ ਨ ਨਿਕਲਦੀਆਂ। ਨਹੀਂ ਤਾਂ ਫ਼ੁੱਲ ਨ ਖਿੜਦੇ। ਅੱਜੇ ਪਰਮਾਤਮਾ ਨਾਲ ਜੁੜੇ ਹਨ, ਝੁਕ ਲਓ। ਬ੍ਰਿਛ ਦੀਆਂ ਜੜ੍ਹਾਂ ਵਿਚ ਪਰਮਾਤਮਾ ਦੇ ਚਰਨ ਜਿੰਨੀ ਸਰਲਤਾ ਨਾਲ ਉਪਲਬੱਧ ਹਨ, ਓਨੇ ਤੁਹਾਡੇ ਮੰਦਿਰ ਦੀਆਂ ਮੂਰਤੀਆਂ ਵਿਚ ਨਹੀਂ।

ਉਹ ਸਭ ਝੂਠੀਆਂ ਹਨ ਔਪਚਾਰਿਕ ਹਨ। ਆਦਮੀ ਦੀਆਂ ਬਣਾਈਆਂ ਮੂਰਤੀਆਂ ਵਿਚੋਂ ਤੁਸੀਂ ਪਰਮਾਤਮਾ ਨੂੰ ਲਭੱਣ ਟੁਰੇ ਹੋ? ਆਦਮੀ ਦੀਆਂ ਬਣਾਈਆਂ ਚੀਜ਼ਾਂ ਵਿਚੋਂ ਉਸ ਨੂੰ ਲਭੱਣ ਟੁਰੇ ਹੋ, ਜਿਸਨੇ ਆਦਮੀ ਨੂੰ ਬਣਾਇਆ? ਤੁਸੀਂ ਭੁੱਲ ਕਰ ਰਹੇ ਹੋ। ਉਸਦੀ ਬਣਾਈ ਹੋਈ ਕੁਦਰਤ (ਪ੍ਰਕ੍ਰਿਤੀ) ਚਾਰੇ ਪਾਸੇ ਫ਼ੈਲੀ ਹੈ। ਉਸਦੀਆਂ ਨਦੀਆਂ ਵੱਗ ਰਹੀਆਂ ਹਨ, ਉਸਦੇ ਸਾਗਰ ਛੱਲਾਂ ਮਾਰਦੀਆਂ ਲਹਿਰਾਂ ਨਾਲ ਭਰੇ ਹਨ। ਉਸਦਾ ਚੰਦ੍ਰਮਾ ਚੱੜ੍ਹਦਾ ਹੈ। ਉਸਦਾ ਸੂਰਜ ਨਿਕਲਦਾ ਹੈ। ਉਸਦੇ ਬ੍ਰਿਛ ਹਨ, ਉਸਦੇ ਪਸ਼ੂ-ਪੰਛੀ ਹਨ, ਤੁਸੀਂ ਹੋ।

ਕਿਸੇ ਪ੍ਰੀਤ ਦੇ ਛਿਣ ਵਿਚ ਜੇਕਰ ਤੁਸੀਂ ਆਪਣੇ ਪੁਤੱਰ ਦੇ ਪੈਰਾਂ ਵਿਚ ਵੀ ਝੁੱਕ ਜਾਓ ਤਾਂ ਵੀ ਤੁਹਾਡਾ ਪ੍ਰਣਾਮ ਪਹੁੰਚ ਜਾਏਗਾ। ਕਿਸੇ ਪ੍ਰੀਤ ਦੇ ਛਿਣ ਵਿਚ ਜੇਕਰ ਤੁਸੀਂ ਆਪਣੀ ਪਤਨੀ ਦੇ ਚਰਨਾਂ ਵਿਚ ਝੁੱਕ ਜਾਓ ਤਾਂ ਵੀ ਪ੍ਰਣਾਮ ਪਹੁੰਚ ਜਾਏਗਾ।

ਪ੍ਰਾਰਥਨਾ ਅਨੌਪਚਾਰਿਕ ਹੈ। ਉਸਨੂੰ ਉਪਚਾਰ ਨ ਬਣਾਓ। ਪਰ ਪ੍ਰਾਰਥਨਾ ਇੰਨੀ ਅਨੌਪਚਾਰਿਕ ਹੋ ਗਈ ਹੈ ਕਿ ਤੁਸੀਂ ਇਹ ਭੁੱਲ ਹੀ ਗਏ ਕਿ ਪ੍ਰਾਰਥਨਾ ਦਾ ਅਨੌਪਚਾਰਿਕ, ਸਭਾਵਿਕ ਰੂਪ ਕੀ ਹੈ।

ਤੁਸੀਂ ਕਹਿੰਦੇ ਹੋ : ਆਪ ਨੂੰ ਸੁਣਦਾ ਹਾਂ ਤਾਂ ਪ੍ਰਾਰਥਨਾ ਦਾ ਭਾਵ ਹ੍ਰਿਦੇ ਵਿਚ ਹਿਲੋਰੇ ਲੈਣ ਲਗਦਾ ਹੈ। ਉਹ ਹੀ ਪ੍ਰਾਰਥਨਾ ਹੈ, ਹੁਣ ਹੋਰ ਤੁਸੀਂ ਕੀ ਪੁੱਛਦੇ ਹੋ ? ਹੁਣ ਤੁਸੀਂ ਪੁੱਛ ਰਹੇ ਹੋ ਕਿ ਮੈਂ ਪ੍ਰਾਰਥਨਾ ਕਿਵੇਂ ਕਰਾਂ ? ਪ੍ਰਾਰਥਨਾ ਘੱਟ ਰਹੀ ਹੈ। ਸਤਸੰਗ ਵਿਚ ਬੈਠ-ਬੈਠ ਪ੍ਰਾਰਥਨਾ ਘੱਟ ਜਾਂਦੀ ਹੈ। ਜੇਕਰ ਮੈਂ ਪ੍ਰਾਰਥਨਾ ਪੂਰਣ ਹਾਂ ਅਤੇ ਤੁਸੀਂ ਸਰਲ ਭਾਵ ਨਾਲ ਮੇਰੇ ਕੋਲ ਆ ਕੇ ਬੈਠ ਗਏ ਹੋ ਅਤੇ ਮੇਰੇ ਇੱਕ-ਇੱਕ ਸ਼ਬਦ ਨੂੰ ਇਸ ਤਰ੍ਹਾਂ ਨਹੀਂ ਸੁਣ ਰਹੇ ਹੋ ਜਿਵੇਂ ਤੁਸੀਂ ਮੇਰੇ ਨਿਆਂਜਧੀਸ਼ ਹੋ, ਕਿ ਤੁਸੀਂ ਤੈਅ ਕਰਨਾ ਹੈ ਕਿ ਕੀ ਠੀਕ ਕੀ ਗਲਤ—ਤੁਸੀਂ ਮੇਰੇ ਸ਼ਬਦਾਂ ਨੂੰ ਇਸ ਤਰ੍ਹਾਂ ਸੁਣ ਰਹੇ ਹੋ ਜਿਵੇਂ ਕੋਈ ਸੰਗੀਤ ਸੁਣਦਾ ਹੈ, ਬਿਨਾਂ ਚਿੰਤਾ ਕੀਤੇ, ਕੀ ਠੀਕ, ਕੀ ਗਲਤ—ਜੇਕਰ ਤੁਸੀਂ ਬਸ ਮੇਰੇ ਕੋਲ ਹੋਣ ਦਾ ਰਸ ਲੈ ਰਹੇ ਹੋ, ਤਾਂ ਪ੍ਰਾਰਥਨਾ ਫ਼ੈੱਲ ਜਾਏਗੀ, ਪ੍ਰਾਰਥਨਾ ਘੱਟ ਜਾਏਗੀ।

ਤੁਹਾਡੇ ਅੰਦਰ ਕੋਈ ਝੁੱਕ ਜਾਏਗਾ। ਤੁਹਾਡੇ ਅੰਦਰੋਂ ਕੋਈ ਮਿੱਟ ਜਾਏਗਾ। ਤੁਹਾਡੇ ਅੰਦਰ ਕੁਝ ਨਵਾਂ ਸੂਤਰਪਾਤ ਹੋਣ ਲਗੇਗਾ।

ਕੋਈ ਤਰੰਗ ਉਠੇਗੀ, ਜਿਸ ਵਿਚ ਤੁਸੀਂ ਡੁੱਬ ਜਾਓਗੇ। ਉਹ ਹੀ ਪ੍ਰਾਰਥਨਾ ਹੈ।

ਪਰ ਮੈਂ ਤੁਹਾਡੀ ਤਕਲੀਫ਼ ਸਮਝਦਾ ਹਾਂ। ਤੁਸੀਂ ਸੋਚ ਰਹੇ ਹੋ ਕਿ ਇਹ ਤਾਂ ਕਦੇ-ਕਦੇ

ਹੁੰਦਾ ਹੈ; ਇਸ ਨੂੰ ਰੋਜ਼ ਵਿਵਸਥਾ ਨਾਲ ਕਿਵੇਂ ਕਰਨਾ ? ਜਦ ਵੀ ਤੁਸੀਂ ਵਿਵਸਥਾ ਨਾਲ ਕਰੋਗੇ, ਤਦੋਂ ਹੀ ਝੂਠ ਹੋ ਜਾਏਗਾ। ਇਹ ਜਦ ਹੁੰਦਾ ਹੈ ਤਦ ਹੁੰਦਾ ਹੈ। ਪ੍ਰਾਰਥਨਾ ਲਈ ਸਮਾਂ ਨਹੀਂ ਬੰਨ੍ਹਿਆ ਜਾ ਸਕਦਾ। ਅਜਿਹਾ ਨਹੀਂ ਕਿ ਰੋਜ਼ ਸਵੇਰੇ ਉਠ ਕੇ ਕਰ ਲਓਗੇ ਪ੍ਰਾਰਥਨਾ। ਜਦ ਹੋ ਜਾਏ। ਕਦੇ ਅੱਧੀ ਰਾਤੀਂ ਹੋ ਜਾਏਗੀ, ਕਦੇ ਸਵੇਰੇ, ਕਦੇ ਦੋਪਹਿਰ। ਪ੍ਰਾਰਥਨਾ ਦਾ ਕੋਈ ਸਮਾਂ ਨਿਅਤ ਨਹੀਂ, ਕਿਉਂਕਿ ਪਰਮਾਤਮਾ ਦਾ ਸਾਰਾ ਸਮਾਂ ਹੈ। ਪ੍ਰਾਰਥਨਾ ਲਈ ਕੋਈ ਮਹੂਰਤ ਨਹੀਂ ਹੁੰਦਾ। ਕੋਈ ਛਿਣ ਨਹੀਂ ਹੁੰਦਾ।

ਤੁਸੀਂ ਬਜਾਏ ਨਿਯਮ ਬਨਾਉਣ ਦੇ, ਬਜਾਏ ਇੱਕ ਕ੍ਰਿਯਾ-ਕਾਂਡ ਬਨਾਉਣ ਦੇ, ਆਪਣੀ ਸਹਿਜਤਾ ਵਲੋਂ ਟੁਰੋ। ਜਦ ਹੋ ਜਾਏ ਤਦ ਅੱਖਾਂ ਬੰਦ ਕਰ ਲਓ, ਇੱਕ ਪਲ ਡੁੱਬ ਜਾਓ। ਕਿਥੇ-ਕਿਥੇ ਹੋਣ ਲਗੇਗੀ, ਤੁਸੀਂ ਹੈਰਾਨ ਹੋਵੋਗੇ। ਤੁਸੀਂ ਕਦੇ ਸੋਚਿਆ ਨਹੀਂ ਹੋਵੇਗਾ, ਅਜਿਹੀ ਥਾਂ ਹੋਣ ਲਗੇਗੀ। ਕੋਈ ਬੰਸਰੀ ਵਜਾ ਰਿਹਾ ਹੈ ਤਾਂ ਹੋਣ ਲਗੇਗੀ। ਦੋਪਹਿਰ ਹੈ, ਸੰਨਾਟਾ ਹੈ, ਹਵਾਵਾਂ ਬੰਦ ਹਨ, ਬ੍ਰਿਛ ਹਿਲਦੇ ਨਹੀਂ ਹਨ ... ਅਤੇ ਹੋਣ ਲਗੇਗੀ। ਰਾਤ ਹੈ, ਝੀਂਗਰਾਂ ਦੀ ਝਣਕਾਰ ਹੈ, ਹੋਣ ਲਗੇਗੀ। ਤੁਸੀਂ ਆਪਣੇ ਮਿਤ੍ਰ ਦੇ ਕੋਲ ਬੈਠੇ ਹੋ ਹਥਾਂ ਵਿਚ ਹਥ ਲਈ, ਹੋਣ ਲਗੇਗੀ। ਕੋਈ ਨਿਯਤ ਕਾਲ ਨਹੀਂ ਹੈ। ਕਿਹੋ ਜਿਹੀ ਹੋਏਗੀ ਹਰ ਵਾਰ ਇਹ ਕਹਿਣਾ ਮੁਸ਼ਕਿਲ ਹੈ। ਕਿਉਂਕਿ ਕੋਈ ਪੁੰਨਰੁਕਤੀ (ਦੋਹਰਾਅ) ਥੋੜ੍ਹੇ ਹੀ ਹੈ। ਭਾਵ ਦੀ ਦਸ਼ਾ ਹੈ। ਵਿਚਾਰ ਦੀ ਗੱਲ ਨਹੀਂ ਹੈ ਪ੍ਰਾਰਥਨਾ।

ਪ੍ਰਾਰਥਨਾ ਕੋਈ ਗ੍ਰਾਮੋਫ਼ੋਨ ਰਿਕਾਰਡ ਨਹੀਂ ਹੈ ਕਿ ਉਹੀ ਉਹੀ ਹੋਏਗਾ, ਵਾਰ-ਵਾਰ ਉਹੀ ਹੋਵੇਗਾ। ਨਵੇਂ-ਨਵੇਂ ਰੰਗ, ਨਵੇਂ-ਨਵੇਂ ਰੂਪ, ਨਵੇਂ-ਨਵੇਂ ਢੰਗ ਵਿਚ ਪ੍ਰਾਰਥਨਾ ਪ੍ਰਗਟ ਹੁੰਦੀ ਹੈ।

ਸਲਾਮ-ਏ-ਹਸਰਤ ਕਬੂਲ ਕਰ ਲੋ, ਮੇਰੀ ਮੁਹੱਬਤ ਕਬੂਲ ਕਰ ਲੇ।
ਉਦਾਸ ਨਜ਼ਰੇਂ ਤੜਪ-ਤੜਪ ਕਰ, ਤੁਮਹਾਰੇ ਜਲਵੋਂ ਕੋ ਢੂੰਢਤੀ ਹੈਂ
ਜੋ ਖ਼ਵਾਬ ਕੀ ਤਰਹ ਖੋ ਗਏ ਉਨ ਹਸੀਨ ਲਮਹੋਂ ਕੋ ਢੂੰਢਤੀ ਹੈਂ
ਅਗਰ ਨ ਹੋ ਨਾਗਵਾਰ ਤੁਮ ਕੋ ਤੋ ਯਹ ਸ਼ਿਕਾਯਤ ਕਬੂਲ ਕਰ ਲੋ
ਸਲਾਮ-ਏ-ਹਸਰਤ ਕਬੂਲ ਕਰ ਲੋ।

ਤੁਮਹੀਂ ਨਿਗਾਹੋਂ ਕੀ ਜੁਸਤਜੂ ਹੋ, ਤੁਮਹੀਂ ਖ਼ਯਾਲੋਂ ਕਾ ਮੁੱਦਾ ਹੋ
ਤੁਮਹੀਂ ਮੇਰੇ ਵਾਸਤੇ ਸਨਮ ਹੋ, ਤੁਮਹੀਂ ਮੇਰੇ ਵਾਸਤੇ ਖ਼ੁਦਾ ਹੋ
ਮੇਰੀ ਪਰਸਤਿਸ਼ ਕੀ ਲਾਜ ਰੱਖ ਲੋ, ਮੇਰੀ ਇਬਾਦਤ ਕਬੂਲ ਕਰ ਲੋ
ਸਲਾਮ-ਏ-ਹਸਰਤ ਕਬੂਲ ਕਰ ਲੋ।

ਤੁਮਹਾਰੀ ਝੁਕਤੀ ਨਜ਼ਰ ਸੇ ਜਬ ਤਕ ਨ ਕੋਈ ਪੈਗ਼ਾਮ ਮਿਲ ਸਕੇਗਾ
ਨ ਰੂਹ ਤਸਕੀਨ ਪਾ ਸਕੇਗੀ, ਨ ਦਿਲ ਕੋ ਆਰਾਮ ਮਿਲ ਸਕੇਗਾ
ਗ਼ਮੇ-ਜੁਦਾਈ ਹੈ ਜਾਨ ਲੇਵਾ, ਯਹ ਇੱਕ ਹਕੀਕਤ ਕਬੂਲ ਕਰ ਲੋ
ਸਲਾਮ-ਏ-ਹਸਰਤ ਕਬੂਲ ਕਰ ਲੋ, ਮੇਰੀ ਮੁਹੱਬਤ ਕਬੂਲ ਕਰ ਲੇ।

ਕਹੀਂ ਵੀ, ਕਿਸੇ ਵੀ ਤਰਹ ਸਲਾਮ ਭੇਜੋ। ਕਿਸੇ ਫੁੱਲ ਦੇ ਕੋਲ ਝੁਕ ਜਾਓ, ਭੇਜੋ ਸਲਾਮ। ਕੋਯਲ ਦੀ ਕੂਕ ਸੁਨ ਕੇ ਨੱਚ ਉਠੋ। ਭੇਜੋ ਸਲਾਮ । ਬੂੰਦਾ-ਬਾਂਦੀ ਹੋ ਰਹੀ ਹੈ, ਛੱਪਰ ਤੇ, ਬੂੰਦਾ ਨੇ ਸੰਗੀਤ ਛੇੜ ਰੱਖਿਆ ਹੈ, ਭੇਜੋ ਸਲਾਮ।

ਹੋਰ, ਸ਼ਬਦ ਬਨਾਉਂਣ ਦੀ ਲੋੜ ਨਹੀਂ, ਬਿਨਾਂ ਸ਼ਬਦ ਦੇ ਭੇਜ ਦਿਓ। ਪਰਮਾਤਮਾ ਤੁਹਾਡੀ ਭਾਸ਼ਾ ਨਹੀਂ ਸਮਝਦਾ, ਤੁਹਾਡੇ ਭਾਵ ਸਮਝਦਾ ਹੈ। ਭਾਸ਼ਾਵਾਂ ਤਾਂ ਬਹੁਤ ਹਨ।

ਜੇਕਰ ਪਰਮਾਤਮਾ ਨੂੰ ਭਾਸ਼ਾ ਸਮਝਨੀ ਪਵੇ ਤਾਂ ਪਾਗਲ ਹੋ ਜਾਏਗਾ। ਧਰਤੀ ਉੱਤੇ ਕੋਈ ਤਿੰਨ ਸੌ ਭਾਸ਼ਾਵਾਂ (ਬੋਲੀਆਂ) ਹਨ। ਇਹ ਤਾਂ ਖ਼ਾਸ-ਖ਼ਾਸ ਅਤੇ ਨਿੱਕੀਆਂ-ਨਿੱਕੀਆਂ ਭਾਸ਼ਾਵਾਂ ਦੀ ਗਿਣਤੀ ਕਰੋ ਅਤੇ ਬੋਲੀਆਂ ਦੀ ਗਿਣਤੀ ਕਰੋ ਤਾਂ ਬਹੁਤ ਮੁਸ਼ਕਿਲ ਵਿਚ ਪੈ ਜਾਓਗੇ। ਪਰਮਾਤਮਾ ਦੀ ਅੜਚਨ ਤੁਸੀਂ ਸਮਝ ਸਕਦੇ ਹੋ ! ਹੋਰ ਇੱਕ ਹੀ ਧਰਤੀ ਨਹੀਂ ਹੈ, ਵਿਗਿਆਨਿਕ ਕਹਿੰਦੇ ਹਨ, ਘੱਟ ਤੋਂ ਘੱਟ ਪੰਜਾਹ ਹਜ਼ਾਰ ਧਰਤੀਆਂ ਤੇ ਜੀਵਨ ਹੈ। ਘੱਟ ਤੋਂ ਘੱਟ। ਜ਼ਿਆਦਾ ਉੱਤੇ ਹੋ ਸਕਦਾ ਹੈ। ਪਰ ਪੰਜਾਹ ਹਜ਼ਾਰ ਤੇ ਤਾਂ ਹੋਣਾ ਹੀ ਚਾਹੀਦਾ। ਇਹ ਕਿੰਨਾ ਵੱਡਾ ਵਿਸਤਾਰ ਹੈ। ਫ਼ਿਰ ਆਦਮੀ ਦਾ ਹੀ ਸਵਾਲ ਨਹੀਂ ਹੈ, ਪਸ਼ੂ-ਪੰਛੀ ਵੀ ਪ੍ਰਾਰਥਨਾ ਪੂਰਣ ਹੋ ਜਾਂਦੇ ਹਨ।

ਮਹਾਰਿਸ਼ੀ ਰਮਣ ਦੇ ਆਸ਼੍ਰਮ ਵਿਚ ਇੱਕ ਗਾਂ ਮਰੀ ਤਾਂ ਉਨ੍ਹਾਂ ਨੇ ਉਸਨੂੰ ਇਸ ਤਰ੍ਹਾਂ ਵਿਦਾ ਦਿੱਤੀ, ਜਿਵੇਂ ਸਮਾਧਿਸਥ ਪੁਰੁਸ਼ ਨੂੰ ਦਿੱਤੀ ਜਾਂਦੀ ਹੈ। ਲੋਕ ਬਹੁਤ ਹੈਰਾਨ ਸਨ। ਪਰ ਗਾਂ ਸਾਧਾਰਨ ਗਾਂ ਸੀ ਵੀ ਨਹੀਂ, ਬਹੁਤ ਸਤਸੰਗੀ ਸੀ। ਰਮਣ ਦੇ ਕੋਲ ਆਉਂਣ ਵਾਲੇ ਹੋਰ ਲੋਕ ਸਤਸੰਗੀ ਕਦੇ ਆਉਂਦੇ ਕਦੇ ਨਹੀਂ ਵੀ ਆਉਂਦੇ, ਪਰ ਗਾਂ ਨਿਯਮਿਤ (ਨੇਮ ਨਾਲ) ਆਉਂਦੀ ਸੀ। ਅਜਿਹਾ ਕੋਈ ਦਿਨ ਨਹੀਂ ਕਿ ਰਮਣ ਦੇ ਦਰਸ਼ਨ ਨ ਕਰਦੀ ਹੋਵੇ। ਆ ਕੇ ਖਿੜਕੀ ਵਿਚੋਂ ਸਿਰ ਅੰਦਰ ਕਰਕੇ ਖੜੀ ਹੋ ਜਾਂਦੀ। ਖਿੜਕੀ ਦੇ ਬਾਹਰ ਹੀ ਖਲੋਤੀ ਰਹਿੰਦੀ ਸੀ। ਪਰ ਸਿਰ ਖਿੜਕੀ ਦੇ ਅੰਦਰ ਕਰ ਲੈਂਦੀ ਸੀ। ਘੰਟਿਆਂ ਖਲੋਤੀ ਰਹਿੰਦੀ ਸੀ, ਜਦ ਤੱਕ ਦੂਜੇ ਲੋਕ ਬੈਠੇ ਰਹਿੰਦੇ, ਉਹ ਵੀ ਖਲੋਤੀ ਰਹਿੰਦੀ। ਜਦ ਸਤਸੰਗੀ ਵਿਦਾ ਹੋ ਜਾਂਦੇ ਤਾਂ ਉਹ ਵੀ ਚਲੀ ਜਾਂਦੀ। ਕਦੇ-ਕਦੇ ਉਸਦੀਆਂ ਅੱਖਾਂ ਵਿਚੋਂ ਅਥਰੂਆਂ ਦੀ ਧਾਰ ਵਗੱਣ ਲਗ ਜਾਂਦੀ ਸੀ, ਉੱਥੇ ਹੀ ਖਲੋਤੇ-ਖਲੋਤੇ ਖਿੜਕੀ ਕੋਲ ! ਜਦ ਗਾਂ ਬੀਮਾਰ ਪਈ ਅਤੇ ਇੱਕ ਦਿਨ ਨਹੀਂ ਆ ਸਕੀ ਤਾਂ ਰਮਣ ਖ਼ੁਦ ਗਏ। ਜਿਵੇਂ ਹੀ ਗਾਂ ਨੇ ਉਨ੍ਹਾਂ ਨੂੰ ਆਉਂਦੇ ਵੇਖਿਆ, ਉਸਦੀਆਂ ਅੱਖਾਂ 'ਚੋਂ ਅਥਰੂਆਂ ਦੀ ਧਾਰ ਵਗੱਣ ਲੱਗੀ। ਰਮਣ ਦਾ ਹਥ ਉਸਦੇ ਸਿਰ ਉੱਤੇ ਸੀ—ਜਦ ਉਹ ਮਰੀ। ਉਨ੍ਹਾਂ ਨੇ ਉਸਨੂੰ ਅਜਿਹਾ ਸਨਮਾਨ ਦਿੱਤਾ ਜਿਵੇਂ ਕਿ ਕਿਸੇ ਸਮਾਧੀਸੱਥ ਵਿਅਕਤੀ ਨੂੰ ਸਨਮਾਨ ਦਿੱਤਾ ਜਾਂਦਾ ਹੈ। ਉਸਦੀ ਸਮਾਧੀ ਬਣਵਾਈ।

ਲੋਕਾਂ ਨੇ ਪੁੱਛਿਆ ਕਿ ਮਹਾਰਿਸ਼ੀ, ਕੀ ਤੁਸੀਂ ਸੋਚਦੇ ਹੋ ਇਹ ਗਾਂ ਇੰਨੀ ਕੀਮਤੀ ਸੀ? ਉਨ੍ਹਾਂ ਨੇ ਕਿਹਾ, ਇਹ ਇਸਦਾ ਆਖ਼ਰੀ ਜਨਮ ਹੈ। ਹੁਣ ਇਹ ਨਹੀਂ ਪਰਤੇਗੀ? ਇਸ ਦੀ ਪ੍ਰਾਰਥਨਾ ਸੁਣੀ ਗਈ। ਇਸ ਦਾ ਸਲਾਮ ਪਹੁੰਚ ਗਿਆ।

ਤਾਂ ਆਦਮੀ ਦਾ ਹੀ ਸਵਾਲ ਨਹੀਂ ਹੈ; ਪਸ਼ੂ-ਪੰਛੀ ਹਨ, ਇਨ੍ਹਾਂ ਵਿਚ ਵੀ ਕੋਈ ਪ੍ਰਾਰਥਨਾ ਪੂਰਨ ਹੁੰਦੇ ਹਨ। ਪੌਦੇ ਹਨ, ਇਨ੍ਹਾਂ ਵਿਚ ਵੀ ਕੋਈ ਪ੍ਰਾਰਥਨਾ ਪੂਰਣ ਹੁੰਦੇ ਹਨ। ਅੱਜੇ ਵਿਗਿਆਨਿਕ ਬਹੁਤ ਖ਼ੋਜ ਵਿਚ ਲਗੇ ਹਨ ਅਤੇ ਇੱਕ ਗੱਲ ਬਿਲਕੁੱਲ ਸਪਸ਼ਟ ਰੂਪ

ਨਾਲ, ਨਿਰਣਾਇਕ ਰੂਪ ਨਾਲ ਸਿੱਧ ਹੋ ਗਈ ਹੈ ਕਿ ਪੌਦਿਆਂ ਵਿਚ ਬਹੁਤ ਸੰਵੇਦਨਸ਼ੀਲਤਾ ਹੈ—ਓਨੀ ਹੀ ਜਿੰਨੀ ਮਨੁੱਖਾਂ ਵਿਚ; ਸ਼ਾਇਦ ਜ਼ਿਆਦਾ, ਘੱਟ ਤਾਂ ਨਹੀਂ।

ਰਵਿਸ਼ੰਕਰ ਦੀ ਸਿਤਾਰ ਵਜਦੇ ਵੇਖਕੇ ਪੌਦੇ ਭਾਵ-ਮਗਨ ਹੋ ਜਾਂਦੇ ਹਨ। ਇਸ ਉੱਤੇ ਵਿਗਿਆਨਿਕ ਪ੍ਰਯੋਗ ਹੋਏ ਹਨ। ਮਸਤ ਹੋ ਜਾਂਦੇ ਹਨ। ਹੁਣ ਤਾਂ ਯੰਤ੍ਰ ਲਭ ਲਏ ਗਏ ਹਨ। ਜਿਵੇਂ ਦਾ ਤੁਹਾਡਾ ਕਾਰਡਿਓਗ੍ਰਾਮ ਦਾ ਯੰਤ੍ਰ ਹੁੰਦਾ ਹੈ, ਜਿਸ ਨਾਲ ਤੁਹਾਡੇ ਹ੍ਰਿਦੇ ਦੀ ਧੜਕਨ ਪਛਾਣੀ ਜਾਂਦੀ ਹੈ, ਅਜਿਹੇ ਯੰਤ੍ਰ ਵੀ ਲਭ ਲਏ ਹਨ, ਜਿਨ੍ਹਾਂ ਨਾਲ ਦਰਖ਼ੱਤਾਂ ਦੀ ਧੜਕਨ ਪਛਾਣੀ ਜਾਂਦੀ ਹੈ। ਯੰਤ੍ਰ ਲਗਾ ਦਿੱਤਾ ਜਾਂਦਾ ਹੈ ਦਰਖ਼ੱਤ ਉੱਤੇ, ਉਸਦੀਆਂ ਭਾਵ-ਦਿਸ਼ਾਵਾਂ ਦਾ ਪਤਾ ਚਲਣ ਲਗਦਾ ਹੈ। ਦੁਖੀ ਹੈ, ਸੁਖੀ ਹੈ, ਗੁੱਸੇ ਵਿਚ ਹੈ, ਕਰੁਣਾ-ਪੂਰਣ ਹੈ?

ਰਵਿਸ਼ੰਕਰ ਦਾ ਸਿਤਾਰ ਸੁਣਕੇ ਦਰਖ਼ੱਤ ਝੁਕ ਆਉਂਦੇ ਹਨ। ਜਿਸ ਪਾਸੇ ਸਿਤਾਰ ਵਜ ਰਿਹਾ ਹੈ ਉਸ ਪਾਸੇ ਝੁਕਣ ਲਗਦੇ ਹਨ। ਹੋਰ, ਆਧੁਨਿਕ ਸੰਗੀਤ, ਸਾਜ਼ ਅਤੇ ਉਸ ਤਰ੍ਹਾਂ ਦੇ ਸੰਗੀਤ ਨੂੰ ਸੁਣ ਕੇ ਬ੍ਰਿੱਛ ਦੂਰ ਹਟਣ ਲਗਦੇ ਹਨ, ਦੂਜੇ ਪਾਸੇ ਝੁਕਣ ਲਗਦੇ ਹਨ ਅਤੇ ਕਹਿਣਾ ਚਾਹੁੰਦੇ ਹਨ ਕਿ ਬੰਦ ਵੀ ਕਰੋ। ਇਹ ਕੀ ਸ਼ੋਰ ਮਚਾ ਰੱਖਿਆ ਹੈ? ਤੁਹਾਡਾ ਜਿਹੜਾ ਫ਼ਿਲਮੀ ਸੰਗੀਤ ਚਲਦਾ ਰਹਿੰਦਾ ਹੈ, ਲਾਊਡ ਸਪੀਕਰ ਲਾਕੇ ਲੋਕ ਜੋ ਸ਼ੋਰ-ਗੁੱਲ ਮਚੌਈ ਰਖੱਦੇ ਹਨ, ਜਿਸ ਨੂੰ ਉਹ ਸੰਗੀਤ ਕਹਿੰਦੇ ਹਨ, ਦਰਖ਼ੱਤ ਤੜਫ਼ਦੇ ਹਨ। ਆਦਮੀ ਨੇ ਤਾਂ ਸ਼ਾਇਦ ਸੰਵੇਦਨਸ਼ੀਲਤਾ ਗੁਆ ਦਿੱਤੀ ਹੈ, ਦਰਖ਼ੱਤਾਂ ਦੀ ਸੰਵੇਦਨਸ਼ੀਲਤਾ ਹੁਣ ਵੀ ਓਨੀ ਹੈ।

ਜਿਹੜਾ ਵਿਗਿਆਨਿਕ ਬ੍ਰਿੱਛਾਂ ਉੱਤੇ ਪ੍ਰਯੋਗ ਕਰ ਰਿਹਾ ਸੀ, ਉਹ ਤਾਂ ਹੈਰਾਨ ਹੋ ਕੇ ਭਰੋਸਾ ਹੀ ਨਹੀਂ ਕਰ ਸਕਿਆ, ਜਦ ਪਹਿਲੀ ਵਾਰ ਉਸ ਨੂੰ ਨਿਰਣੇ ਮਿਲਣੇ ਸ਼ੁਰੂ ਹੋਏ। ਜਦ ਕੋਈ ਕੁਹਾੜੀ ਲੈ ਕੇ ਦਰਖ਼ੱਤਾਂ ਨੂੰ ਵਢਣ ਆਉਂਦਾ ਹੈ, ਅੱਜੇ ਵਢਣਾ ਸ਼ੁਰੂ ਨਹੀਂ ਕੀਤਾ, ਲੇਕਿਨ ਕੁਲਹਾੜੀ ਲਏ ਦਰਖ਼ੱਤਾਂ ਨੂੰ ਵੇਖਿਆ ਕਿ ਆ ਰਿਹਾ ਹੈ ਲਕੜਹਾਰਾ ਕਿ ਸਾਰੇ ਦਰਖ਼ੱਤ ਕੰਬ ਜਾਂਦੇ ਹਨ। ਯੰਤ੍ਰ ਦੱਸ ਦਿੰਦਾ ਹੈ ਫ਼ੌਰਨ ਕਿ ਦਰਖ਼ੱਤ ਚਿੰਤਿਤ ਹਨ, ਬਹੁਤ ਘਬਰਾਏ ਹੋਏ ਹਨ, ਪਤਾ ਨਹੀਂ ਕਿਸ ਦੀ ਵਾਰੀ ਆ ਗਈ ! ਅਤੇ ਹੋਰ ਹੈਰਾਨ ਹੋਣ ਦੀ ਗੱਲ ਹੈ ਕਿ ਇੱਕ ਦਰਖ਼ੱਤ ਨੂੰ ਵੱਢੋ ਤਾਂ ਸਾਰੇ ਦਰਖ਼ੱਤਾਂ ਨੂੰ ਤਕਲੀਫ਼ ਹੁੰਦੀ ਹੈ ਨੇੜੇ-ਤੇੜੇ। ਅਤੇ ਅਜਿਹਾ ਹੀ ਨਹੀਂ ਕਿ ਦਰਖ਼ੱਤ ਨੂੰ ਵਢਣ ਨਾਲ ਪੀੜਿਤ ਹੁੰਦੇ ਹਨ : ਤੁਸੀਂ ਇੱਕ ਚਿੜੀ ਨੂੰ ਮਾਰ ਸੁੱਟੋ, ਸਾਰੇ ਦਰਖ਼ੱਤ ਪੀੜਿਤ ਹੁੰਦੇ ਹਨ। ਚਿੜੀ ਨੂੰ ਮਾਰਨ ਨਾਲ! ਦਰਖ਼ੱਤਾਂ ਨੂੰ ਕੀ ਲੈਣਾ-ਦੇਣਾ ਹੈ ?

ਪਰ ਚਿੜੀ ਵੀ ਉਨ੍ਹਾਂ ਦੀ ਸੀ। ਨੀੜ (ਆਲ੍ਹਣਾ) ਬਣਾਉਂਦੀ ਸੀ ਉਨ੍ਹਾਂ ਉੱਤੇ। ਉਨ੍ਹਾਂ ਨੂੰ ਗੌਰਵ ਦਿੰਦੀ ਸੀ, ਸੁਭਾਗ ਦਿੰਦੀ ਸੀ। ਨੇੜੇ-ਤੇੜੇ ਨਚਦੀ ਸੀ, ਗੁਣਗੁਣਾਉਂਦੀ ਸੀ ਗੀਤ। ਟੀਂ ਵੀਂ ਟੁੱਕ-ਟੁੱਕ ਮਚਾਉਂਦੀ ਸੀ। ਸੀ ਤਾਂ, ਜੀਵਨ ਸੀ। ਫ਼ਿਰ ਕਿਸੇ ਵੀ ਜੀਵਨ ਨੂੰ ਸੱਟ ਵਜਦੀ ਹੈ ਤਾਂ ਦਰਖ਼ੱਤਾਂ ਨੂੰ ਸੰਵੇਦਨਸ਼ੀਲਤਾ ਹੁੰਦੀ ਹੈ। ਅਤੇ ਜਦ ਮਾਲੀ ਨੂੰ ਦਰਖ਼ੱਤ ਆਉਂਦੇ ਵੇਖਦੇ ਹਨ ਪਾਣੀ ਦਾ ਫੁਹਾਰਾ ਲਈ ਤਾਂ ਆਨੰਦ-ਮਗਨ ਹੋ ਜਾਂਦੇ ਹਨ। ਅੱਜੇ ਪਾਣੀ ਵਰ੍ਹਿਆ ਨਹੀਂ ਉਨ੍ਹਾਂ ਉੱਤੇ, ਪਰ ਉਨ੍ਹਾਂ ਦੀ ਤ੍ਰੇਹ ਆਤੁਰ ਹੋ ਜਾਂਦੀ ਹੈ। ਤਿਆਰ ਹੋ ਗਏ, ਪ੍ਰਸੰਨ ਚਿੱਤ ਹਨ। ਧੰਨਵਾਦ ਉਠਣ ਲਗਾ।

ਇਹ ਸਭ ਹੁਣ ਵਿਗਿਆਨਿਕ ਤੱਥ ਹਨ। ਕਵੀ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਸਦਾ ਤੋਂ ਕਰਦੇ ਰਹੇ ਹਨ। ਕਵੀ ਹਜ਼ਾਰਾਂ ਵਰ੍ਹੇ ਪਹਿਲਾਂ ਉਹ ਗੱਲਾਂ ਕਹਿ ਦਿੰਦੇ ਹਨ, ਜੋ ਵਿਗਿਆਨ ਨੂੰ ਫੜਨ ਵਿਚ ਹਜ਼ਾਰਾਂ ਵਰ੍ਹੇ ਲਗ ਜਾਂਦੇ ਹਨ।

ਮਹਾਵੀਰ ਨੇ ਜ਼ਰੂਰ ਹੀ ਇਸ ਤਰ੍ਹਾਂ ਦੀਆਂ ਕੁਝ ਗੱਲਾਂ ਦਰਖ਼ੱਤਾਂ ਵਿਚ ਸੁਣੀਆਂ ਹੋਣਗੀਆਂ, ਪਛਾਣੀਆਂ ਹੋਣਗੀਆਂ, ਤਦ ਹੀ ਉਨ੍ਹਾਂ ਨੇ ਕਿਹਾ ਦਰਖ਼ੱਤਾਂ ਤੋਂ ਕੱਚੇ ਫ਼ੱਲ ਵੀ ਨ ਤੋੜੋ। ਜਦ ਫ਼ੱਲ ਪੱਕ ਜਾਏ ਅਤੇ ਆਪਣੇ-ਆਪ ਡਿੱਗ ਪਏ ਤਦ ਹੀ ਸਵੀਕਾਰ ਕਰੋ। ਜਦ ਬ੍ਰਿਛਾਂ ਦੀ ਇਹ ਹਾਲਤ, ਤਾਂ ਪਸ਼ੂ-ਪੰਛੀਆਂ ਦੀ ਤਾਂ ਕਿਵੇਂ ਨ ਹੋਏਗੀ। ਕਿਹੋ ਜਿਹੇ ਕਠੋਰ ਹੋਣਗੇ ਉਹ ਲੋਕ, ਜਿਹੜੇ ਪਸ਼ੂ-ਪੰਛੀਆਂ ਨੂੰ ਖਾਈ ਚਲੇ ਜਾਂਦੇ ਹਨ। ਛੋਟੇ-ਮੋਟੇ ਲੋਕਾਂ ਦੀ ਗੱਲ ਛੱਡ ਦਿਉ, ਜਿਨ੍ਹਾਂ ਤੋਂ ਤੁਸੀਂ ਉਮੀਦ ਨ ਕਰੋ...।

ਹੁਣੇ ਭਾਰਤ ਦੇ ਰਾਸ਼ਟ੍ਰਪਤੀ ਸੰਜੀਵਰੇੱਡੀ ਮਦਰਾਸ ਤੋਂ ਬਹੁਤ ਨਾਰਾਜ਼ ਪਰਤੇ, ਕਿਉਂਕਿ ਮਦਰਾਸ ਦੇ ਰਾਜ ਭਵਨ ਵਿਚ ਉਨ੍ਹਾਂ ਨੂੰ ਮਾਂਸਾਹਾਰ ਦੀ ਸੁਵਿਧਾ ਨਹੀਂ ਮਿਲ ਸਕੀ। ਗਾਂਧੀਵਾਦੀ ਹਨ। ਗਾਂਧੀਵਾਦੀ ਟੋਪੀ ਲਗਾਉਂਣ ਨਾਲ ਕੋਈ ਗਾਂਧੀਵਾਦੀ ਹੁੰਦਾ ਹੈ! ਇਹ ਕਿਸ ਤਰ੍ਹਾਂ ਦਾ ਗਾਂਧੀਵਾਦ ਹੈ? ਮਾਂਸਾਹਾਰ ਗਾਂਧੀਵਾਦੀ ਕਰ ਰਿਹਾ ਹੈ, ਫ਼ਿਰ ਕਿਉਂ ਬਕਵਾਸ ਵਿਅਰਥ ਅਹਿੰਸਾ ਦੀ ਉਠਾ ਰੱਖੀ ਹੈ?

ਬੰਦ ਕਰੋ ਇਹ ਬਕਵਾਸ! ਭੁੱਲੋ ਗਾਂਧੀ ਨੂੰ ਅਤੇ ਗਾਂਧੀ ਦੇ ਨਾਮ ਨੂੰ । ਇਹ ਥੋਥੀਆਂ ਗੱਲਾਂ ਕਿਉਂ ਦੋਹਰਾਉਂਦੇ ਹੋ? ਕਿਸ ਨੂੰ ਧੋਖਾ ਦੇ ਰਹੇ ਹੋ?

ਪਰ ਤੁਹਾਡੇ ਰਾਜਨੇਤਾਵਾਂ ਵਿਚ ਬਹੁਤੇ ਮਾਂਸਾਹਾਰੀ। ਤੁਹਾਡੇ ਰਾਜਨੇਤਾਵਾਂ ਵਿਚ ਬਹੁਤੇ ਸ਼ਰਾਬ ਪੀਣ ਵਾਲੇ ਹਨ। ਇਹ ਸਭ ਗਾਂਧੀਵਾਦੀ ਹਨ। ਅਤੇ ਦੋ ਅਕਤੂਬਰ ਨੂੰ ਰਾਜਘਾਟ ਉੱਤੇ ਬੈਠ ਕੇ ਚਰਖਾ ਚਲਾਉਂਣ ਲਗਦੇ ਹਨ। ਮਾਂਸਾਹਾਰ ਕੋਈ ਆਦਮੀ ਕਰ ਸਕੇ ਅਹਿੰਸਕ ਹੋਣ ਦਾ ਦਾਵਾ ਵੀ ਕਰ ਸਕੇ, ਤਾਂ ਫ਼ਿਰ ਹੋਰ ਝੂਠ ਕੀ ਹੋਇਗਾ ਇਸ ਦੁਨੀਆਂ ਵਿਚ? ਪਰ ਸਾਰੀਆਂ ਗੱਲਾਂ ਦੇ ਪਿੱਛੇ ਇੱਕ ਹੀ ਲਕਸ਼ (ਨਿਸ਼ਾਨਾ) ਹੈ—ਕਿਵੇਂ ਤੁਹਾਡਾ ਵੋਟ ਮਿਲ ਜਾਏ?

ਮੈਂ ਸੁਣਿਆ ਹੈ ਨੇਤਾ ਜੀ ਨੇ ਮਜਮਾ ਲਾਇਆ ਅਤੇ ਹਾਂਕ ਲਗਾਈ—ਭੈਣੋ ਅਤੇ ਭਰਾਵੋ, ਕਹਿਣ ਦੀ ਗੱਲ ਹੈ, ਨ ਕਹਿਣ ਦੀ ਵੀ ; ਸੁਨਣ ਦੀ ਗੱਲ ਹੈ, ਨ ਸੁਨਣ ਦੀ ਵੀ; ਸੋਚਣ ਦੀ ਗੱਲ ਹੈ, ਨ ਸੋਚਣ ਦੀ ਵੀ; ਕਰਿਸ਼ਮੇ ਬਹੁਤ ਵੇਖੇ ਹੋਣਗੇ ਪਰ ਭਰਾਵੋ ਰੁਕਣਾ, ਆਖ਼ਿਰ ਤੱਕ ਰੁਕਣਾ, ਸਾਰੇ ਖੇਡ ਵੇਖਕੇ ਜਾਣਾ। ਤਾਂ...ਤਾਂ ਇਹ ਲਓ ਪਹਿਲਾ ਖੇਲ... ਦੇਖੋ ਨ ਕਿੰਨੇ ਕਰਿਸ਼ਮੇ, ਕਿੰਨੇ ਖੇਲ, ਹੁਣ ਹੱਥਾਂ ਨੂੰ ਦਿਲਾਂ ਉੱਤੇ ਧਰ ਲਓ, ਦਿਮਾਗ ਨੂੰ ਕਿੱਤੇ ਹੋਰ ਧਰ ਦਿਓ।

ਮੇਰੀ ਭੈਣੋ ਮੇਰੇ ਭਰਾਵੋ ! ਕਸਮ ਹੈ ਹਰ ਇੱਕ ਭਾਈ ਨੂੰ, ਹਰੇਕ ਭੈਣ ਨੂੰ, ਵਿਚੋਂ ਛੱਡ ਕੇ ਨ ਜਾਣਾ, ਨਹੀਂ ਤਾਂ ਮੇਰੀ ਇਹ ਸਤਾਈਸ ਸਾਲ ਦੀ ਬੇਟੀ ਪਈ ਰਹਿ ਜਾਏਗੀ। ਤਾਂ ਬੇਟੀ ਕਿਸ ਦੀ ?

'ਸਾਡੀ', ਇੱਕ ਸਵਰ ਗੂੰਜਿਆ।

'ਨਾਮ ?'

'ਆਜ਼ਾਦੀ।'

'ਕਹੋ ਸਿਰ ਵੱਢ ਦਿਆਂ ਇਸਦਾ ?'

'ਵੱਢ ਦਿਓ।'

'ਹਾਂ ਵੱਢ ਦਿਓ। ਤੁਹਾਡੀ ਕੀ ਲਗਦੀ ਹੈ ? ਬੇਟੀ ਮੇਰੀ ਹੈ। ਕਹੋ ਵੱਢ ਕੇ ਜੋੜ ਦੇਵੇ ਨੇਤਾ।'

'ਵੱਢ ਕੇ ਜੋੜ ਦੇਵੇ ਨੇਤਾ।'

'ਹਾਂ ਤਾਂ ਕਦਰਦਾਨ, ਇਹ ਲਓ।'

ਚਾਦਰ ਪਾ ਕੇ ਉਸਨੇ ਆਜ਼ਾਦੀ ਦੀ ਗਰਦਨ ਵੱਢ ਕੇ ਵਖੱਰੀ ਰੱਖ ਦਿਤੀ।

'ਕਹੋ, ਵਿਖਾ ਦੇਵੇ ਨੇਤਾ, ਕਪੜਾ ਹਟਾ ਦਿਓ।'

'ਨਹੀਂ', ਕਈ ਚੀਖ਼ਾਂ ਉਭਰੀਆਂ—ਪਰ ਨੇਤਾ ਦਾ ਸਵਰ ਸਭ ਤੋਂ ਉਪੱਰ।

'ਕਸਮ ਹੈ ਖਿਸਕਣਾ ਨ ਆਪਣੀ ਥਾਂ ਤੋਂ, ਵਰਨਾ ਤੁਹਾਡੀ ਆਜ਼ਾਦੀ, ਤੁਹਾਡੀ ਸਚੱਾਈ ਇਵੇਂ ਹੀ ਪਈ ਰਹੇਗੀ, ਸਾਹਿਬਾਨੋਂ, ਇੱਕ, ਦੋ, ਜਿੰਨੇ ਵੀ ਪਾ ਸਕੋ, ਵੋਟ ਪਾ ਦਿਓ।

ਜੀਉਂਦਾ ਕਰ ਦਿਓ। ਮੇਰੀ ਬੱਚੀ ਨੂੰ।

ਉਹ ਇੱਕ ਪਾਸੇ ਬੈਠ ਗਿਆ ਅਤੇ ਸਹਿਮੇ ਹੋਏ ਮਜਮੇ ਵਿਚ ਹਰੇਕ ਨੇ ਕਟੀ ਗਰਦਨ ਦੇਖਣ ਦੇ ਡੱਰ ਨਾਲ ਸਾਰੇ ਵੋਟ ਪਾ ਦਿੱਤੇ, ਉਸਦੇ ਬੰਦ ਡੱਬੇ ਵਿਚ।

ਤੁਹਾਡੇ ਨੇਤਾ ਮਦਾਰੀਆਂ ਤੋਂ ਜ਼ਿਆਦਾ ਭਿੰਨ ਨਹੀਂ ਰਹਿ ਗਏ। ਹਰ ਚੀਜ਼ ਦੀ ਆਕਾਂਕਸ਼ਾ ਇੱਕ ਹੈ ਕਿ ਕਿਵੇਂ ਤੁਹਾਡਾ ਵੋਟ ਪੈ ਜਾਏ। ਤਾਂ ਚਰਖਾ ਵੀ ਕਤਦੇ ਹਨ, ਖੱਦਰ ਵੀ ਪਾਉਂਦੇ ਹਨ, ਗਾਂਧੀ ਬਾਬੇ ਦਾ ਨਾਮ ਵੀ ਲੈਂਦੇ ਹਨ। ਮੰਦਰਾਂ ਵਿਚ ਵੀ ਜਾਂਦੇ ਹਨ, ਮਸਜਿਦਾਂ ਵਿਚ ਵੀ ਚੱਲੇ ਜਾਂਦੇ ਹਨ। ... ਅੱਲਾ ਈਸ਼ਵਰ ਤੇਰੇ ਨਾਮ, ਸਬਕੋ ਸਨਮਤਿ ਦੇ ਭਗਵਾਨ ! ਅਜਿਹੇ ਭਜਨ ਵੀ ਗਾਉਂਦੇ ਹਨ। ਮਾਂਸਾਹਾਰ ਨ ਮਿਲੇ ਤਾਂ ਦੇਸ਼ ਦਾ ਰਾਸ਼ਟ੍ਰਪਤੀ, ਭਾਰਤ ਜਿਹੇ ਦੇਸ਼ ਦਾ ਰਾਸ਼ਟ੍ਰਪਤੀ ! ਪਰੇਸ਼ਾਨ ਹੋ ਜਾਂਦਾ ਹੈ। ਇੱਕ ਦਿਨ ਮਾਂਸਾਹਾਰ ਨਹੀਂ ਮਿਲਿਆ ਤਾਂ ਅੜਚਨ ਪੈ ਗਈ। ਮਿਲ ਗਿਆ ਹੁੰਦਾ ਤਾਂ ਸ਼ਾਇਦ ਲੋਕਾਂ ਨੂੰ ਪਤਾ ਹੀ ਨ ਲਗਦਾ ਕਿ ਉਹ ਮਾਂਸਾਹਾਰ ਵੀ ਕਰਦੇ ਹਨ।

ਮਹਾਵੀਰ ਨੂੰ ਵਿਖਾਈ ਪਿਆ ਹੋਵੇਗਾ ਕਿ ਦਰਖ਼ੱਤਾਂ ਨੂੰ ਚੋਟ ਪਹੁੰਚਾਉਣੀ ਤਦ ਹੀ ਸੰਭਵ ਹੈ ਜਦ ਤੁਹਾਡੇ ਅੰਦਰ ਸੰਵੇਦਨਸ਼ੀਲਤਾ ਨ ਹੋਵੇ, ਜਦ ਤੁਸੀਂ ਪਥੱਰ ਦੇ ਹੋ ਗਏ ਹੋ।

ਪਸ਼ੂਆਂ ਨੂੰ ਮਾਰ ਕੇ ਖਾਣਾ ਤਦ ਹੀ ਸੰਭਵ ਹੈ, ਜਦ ਤੁਹਾਡਾ ਹ੍ਰਿਦਾ ਮਰ ਚੁਕਿਆ ਹੋਵੇ ਤੁਹਾਡੀ ਆਤਮਾ ਬਿਲਕੁੱਲ ਜੱੜ੍ਹ ਹੋ ਗਈ ਹੋਵੇ।

ਉਹ ਹੀ ਤਾਂ ਕੱਲ੍ਹ ਗੋਰਖ ਨੇ ਕਿਹਾ, ਤੁਹਾਨੂੰ ਯਾਦ ਹੈ ਨ, ਕਿ ਪਥੱਰ ਨੂੰ ਪੂਜਦੇ ਹੋ ਅਤੇ ਪਥੱਰ ਹੋ ਗਏ ਹੋ। ਪਥੱਰ ਦੇ ਤੁਹਾਡੇ ਮੰਦਰ ਹਨ, ਪਥੱਰਾਂ ਦੀਆਂ ਤੁਹਾਡੀਆਂ ਮੂਰਤੀਆਂ ਹਨ, ਤੁਹਾਡੇ ਅੰਦਰ ਵੀ ਪਥੱਰ ਹੈ। ਤੁਹਾਡੇ ਅੰਦਰੋਂ ਪ੍ਰਾਣ ਗੁਆਚ ਗਏ ਹਨ।

ਸਾਰਾ ਜਗਤ ਸੰਵੇਦਨਸ਼ੀਲ ਹੈ। ਇਹ ਸਾਰਾ ਜਗਤ ਆਪਣੇ-ਆਪਣੇ ਢੰਗ ਨਾਲ ਪ੍ਰਾਰਥਨਾ ਕਰ ਰਿਹਾ ਹੈ। ਪੂਜਾ ਚਲ ਰਹੀ ਹੈ, ਅਰਚਨਾ ਚਲ ਰਹੀ ਹੈ। ਭਾਸ਼ਾ ਦਾ ਸਵਾਲ ਨਹੀਂ ਹੈ, ਭਾਵ ਦਾ ਸਵਾਲ ਹੈ। ਤੁਸੀਂ ਭਾਸ਼ਾ ਛੱਡੋ। ਤੁਸੀਂ, ਭਾਵ ਜਦ ਉਮਗੇ, ਭਾਵ ਜਦ

ਤੁਹਾਡੇ ਪ੍ਰਾਣਾਂ ਵਿਚ ਭਰ ਜਾਏ, ਤਦ ਡੁੱਬ ਜਾਓ। ਹਾਂ, ਰੋਣਾ ਹੋਵੇ ਰੋਵੋ, ਹਸੱਣਾ ਹੋਵੇ ਹੱਸੋ, ਨਚੱਣਾ ਹੋਵੇ ਨੱਚੋ। ਇਹ ਭਾਵ ਦੇ ਢੰਗ ਹਨ।

ਤੁਹਾਡੇ ਅਥਰੂ ਜਿੰਨੇ ਨੇੜੇ ਤੁਹਾਨੂੰ ਲੈ ਜਾਣਗੇ ਪਰਮਾਤਮਾ ਦੇ, ਤੁਹਾਡੇ ਸ਼ਾਸਤ੍ਰ ਨਹੀਂ ਲੈ ਜਾ ਸਕਦੇ। ਕਿਉਂਕਿ ਤੁਹਾਡੇ ਅਥਰੂ ਤੁਹਾਡੇ ਹਨ; ਤੁਹਾਡੇ ਹ੍ਰਿਦੇ ਦੀਆਂ ਗਹਿਰਾਈਆਂ ਵਿਚੋਂ ਆਉਂਦੇ ਹਨ। ਤੁਹਾਡੇ ਅਥਰੂ ਤੁਹਾਡਾ ਨਿਵੇਦਨ ਹਨ।

ਸਲਾਮ-ਏ-ਹਸਰਤ ਕਬੂਲ ਕਰ ਲੋ
ਮੇਰੀ ਮੁਹੱਬਤ ਕਬੂਲ ਕਰ ਲਓ।

ਨੱਚੋ ਕਦੇ ਮਗਨ ਹੋ ਕੇ, ਇੰਨਾਂ ਵਿਸ਼ਾਲ ਸੰਸਾਰ ਦਿੱਤਾ ਹੈ ਤੁਹਾਨੂੰ ਉਸਨੇ। ਅਜਿਹਾ ਕੀਮਤੀ ਜੀਵਨ ਦਿੱਤਾ ਹੈ ! ਇੱਕ-ਇੱਕ ਚੀਜ਼ ਬੇਸ਼ਕੀਮਤੀ ਹੈ। ਇੱਥੇ ਇੱਕ-ਇੱਕ ਕਣ ਉਸੇ ਨਾਲ ਹੀ ਆਪੂਰਿਤ (ਭਰਿਆ) ਹੈ, ਇੰਨਾ ਛੰਦਬੱਧ ਅਸਤਿਤਵ—ਤੁਸੀਂ ਧੰਨਵਾਦ ਵੀ ਨਹੀਂ ਦਿੰਦੇ !

ਧੰਨਵਾਦ ਹੈ ਪ੍ਰਾਰਥਨਾ। ਅਤੇ ਨਿਸ਼ਚਿਤ ਹੀ ਉਸਦੀ ਯਾਦ ਸਤਾਏ, ਇਹ ਸ਼ੁਭ ਹੈ। ਉਸਦੀ ਯਾਦ ਤੁਹਾਨੂੰ ਮੱਥ ਸੁੱਟੇ, ਇਹ ਸ਼ੁਭ ਹੈ। ਪਰ ਇਸ ਯਾਦ ਨੂੰ ਔਪਚਾਰਿਕਤਾ ਨ ਬਨਾਉਂਣਾ, ਨਹੀਂ ਤਾਂ ਇਹ ਝੂਠੀ ਹੋ ਜਾਂਦੀ ਹੈ। ਔਪਚਾਰਿਕਤਾ ਕੰਮ ਨਹੀਂ ਆਉਂਦੀ।

ਮੈਂ ਇੱਕ ਘਰ ਵਿਚ ਮੇਹਮਾਨ ਸੀ। ਉਸ ਘਰ ਦੀ ਬੱਚੀ ਦੇ ਸਕੂਲ ਵਿਚ ਵਾਦ-ਵਿਵਾਦ ਪ੍ਰਤਿਯੋਗਤਾ ਸੀ, ਮੈਨੂੰ ਕਹਿਣ ਲਗੀ, ਤੁਸੀਂ ਇੰਨਾ ਬੋਲਦੇ ਹੋ, ਮੈਂ ਸਿਰਫ਼ ਤਿੰਨ ਮਿੰਟ ਵਿਆਖਿਆਨ ਦੇਣਾ ਹੈ, ਮੈਨੂੰ ਵਿਆਖਿਆਨ (ਤਕਰੀਰ) ਤਿਆਰ ਕਰਵਾ ਦਿਓ।

ਹੋਰ ਜੇਕਰ ਤੁਸੀਂ ਤਿਆਰ ਕਰਵਾਓਗੇ ਤਾਂ ਮੈਨੂੰ ਪ੍ਰਥਮ ਪੁਰਸਕਾਰ (ਪਹਿਲਾ ਇਨਾਮ) ਮਿਲਣ ਹੀ ਵਾਲਾ ਹੈ। ਉਹ ਇੱਕਦਮ ਪਿੱਛੇ ਪਈ ਸੀ ਤਾਂ ਮੈਂ ਉਸਨੂੰ ਤਿਆਰ ਕਰਵਾਇਆ। ਵਾਰ-ਵਾਰ ਉਸ ਨੂੰ ਦੋਹਰਾ ਕੇ ਤਿਆਰ ਕਰਵਾ ਦਿੱਤਾ। ਪਹਿਲਾਂ ਹੀ ਉਸਨੂੰ ਆਖਿਆ ਕਿ ਭਾਈਓ ਅਤੇ ਭੈਣੋ, ਜੇਕਰ ਮੇਰੇ ਤੋਂ ਕੋਈ ਭੁੱਲ ਹੋ ਜਾਏ ਤਾਂ ਮਾਫ਼ ਕਰ ਦੇਣਾ। ਮੈਂ ਉਸ ਨੂੰ ਕਿਹਾ ਕਿ ਇਹ ਤੂੰ ਪਹਿਲਾਂ ਹੀ ਕਹਿ ਦੇਵੀਂ। ਉਸਦੇ ਮਾਤਾ-ਪਿਤਾ ਜਾ ਰਹੇ ਸਨ, ਉਨ੍ਹਾਂ ਨੇ ਕਿਹਾ, ਤੁਸੀਂ ਵੀ ਚਲੋ, ਤਾਂ ਮੈਂ ਵੀ ਗਿਆ ਸੁਨਣ। ਤਾਂ ਉਸਨੇ ਤਕਰੀਰ ਸ਼ੁਰੂ ਕੀਤੀ ਅਤੇ ਮੇਰੀ ਵੱਲ ਵੇਖਿਆ। ਬਹੁਤ ਖ਼ੁਸ਼ ਸੀ, ਕਿਉਂਕਿ ਉਸਨੇ ਤਿਆਰ ਕਰ ਰੱਖੀ ਸੀ। ਉਸਨੇ ਕਿਹਾ, ਭਾਈਓ ਅਤੇ ਭੈਣੋ ! ਜੇਕਰ ਮੇਰੇ ਕੋਲੋਂ ਕੋਈ ਮੁਆਫ਼ ਹੋ ਜਾਏ ਤਾਂ ਤੁਸੀਂ ਭੁੱਲ ਕਰ ਦੇਣਾ।

ਹੁਣ ਕੀ ਕਰੋਗੇ ? ਤੋਤਿਆਂ ਦੀ ਤਰ੍ਹਾਂ ਰੱਟਾ ਦਿਓ ਤਾਂ ਬਹੁਤ ਦੂਰ ਤੱਕ ਗੱਲ ਜਾਂਦੀ ਨਹੀਂ ਹੈ।

ਇਵੇਂ ਹੀ ਤੁਹਾਡੀਆਂ ਪ੍ਰਾਰਥਨਾਵਾਂ ਲੜਖੜਾ ਕੇ ਡਿੱਗ ਪੈਂਦੀਆਂ ਹਨ। ਤੁਸੀਂ ਸਿੱਖ ਲਿਆ ਤੋਤਿਆਂ ਦੇ ਵਾਂਗ। ਕਰ ਰਹੇ ਹਨ ਭਜਨ ਪਰ ਸਭ ਸਿਖਿਆ-ਸਿਖਾਇਆ। ਤਾਂ ਅਭਿਨਯ ਹੈ ਯਥਾਰਥ ਨਹੀਂ ਹੈ। ਯਥਾਰਥ ਹੋਣਾ ਚਾਹੀਦਾ।

ਤਾਂ ਨ ਪੁੱਛੋ: ਪ੍ਰਾਰਥਨਾ ਕਿਵੇਂ ਕਰਾਂ? ਹਿਲੋਰ ਆਣ ਦਿਓ, ਉਸੇ ਹਿਲੋਰ ਵਿਚ ਬਹੋ। ਬਸ ਰੋਕਣਾ ਨ। ਜਦ ਹਿਲੋਰ ਫੜੇ ਤਾਂ ਰੋਕਣਾ ਨਹੀਂ। ਅਸੀਂ ਬਹੁਤ ਕੰਜੂਸ ਹੋ ਗਏ ਹਾਂ।

ਅਸੀਂ ਰੋਣ ਵਿਚ ਵੀ ਡੱਰਦੇ ਹਾਂ, ਅਸੀਂ ਹਸੱਣ ਲਈ ਡੱਰਦੇ ਹਾਂ। ਅਸੀਂ ਨਚੱਣ ਵਿਚ ਡੱਰਦੇ ਹਾਂ। ਅਸੀਂ ਭਾਵਾਵਿਭੂਤ (ਭਾਵ-ਭਰੇ ਹੋਣਾ) ਹੋਣ ਵਿਚ ਡੱਰਦੇ ਹਾਂ। ਅਸੀਂ ਬਿਲਕੁੱਲ ਸੁੰਗੜ ਜਾਂਦੇ ਹਾਂ। ਸਾਡੀ ਪੂਰੀ ਮਨੁੱਖਤਾ ਝੂਠੀ, ਥੋਥੀ, ਪਾਖੰਡੀ ਹੋ ਗਈ ਹੈ।

ਤੁਮਹਾਰੀ ਯਾਦ ਸਤਾਤੀ ਹੈ।
ਘਾਵ ਕੀ ਟੀਸ ਬੜ੍ਹਾਤੀ ਹੈ।
ਆਮ ਪਰ ਬੋਲ ਰਹੀ ਕੋਇਲ
ਦਰਦ ਕੁੱਛ ਘੋਲ ਰਹੀ ਕੋਂਪਲ
ਆਂਖ ਸੇ ਅਪਨੇ ਤੁਮ ਓਝਲ
ਕਹੀਂ ਛਿਪ ਬਿਰਹਨ ਗਾਤੀ ਹੈ—
ਤੁਮਹਾਰੀ ਯਾਦ ਸਤਾਤੀ ਹੈ।

ਕਹੀਂ ਪਰ ਬਜਤੀ ਮਾਦਕ ਬੀਨ
ਨਯਨ ਸੇ ਨਿਦਿਆ ਲੇਤੀ ਛੀਨ
ਤੜਪਦੀ ਮਰੂ ਮੇਂ ਕੋਮਲ ਮੀਨ
ਤੁਮਹੇਂ ਛੂ ਪੁਰਵਾ ਆਤੀ ਹੈ !
ਘਾਵ ਕੀ ਟੀਸ ਬੜ੍ਹਾਤੀ ਹੈ !

ਅਭੀ ਮੈਂ ਕਹਤੀ ਹੂੰ ਕੁਛ ਬੋਲ
ਮੁਝੇ ਦੇ ਚੁੰਬਨ ਕੁਛ ਅਨਮੋਲ
ਪ੍ਰਾਣ ਸੇ ਪ੍ਰਾਣ ਜ਼ਰਾ ਲੇ ਮੋਲ
ਉਮਰਿਆ ਬੀਤੀ ਜਾਤੀ ਹੈ !
ਘਾਵ ਕੀ ਟੀਸ ਬੜ੍ਹਾਤੀ ਹੈ !
ਤੁਮਹਾਰੀ ਯਾਦ ਸਤਾਤੀ ਹੈ !

ਪਰਮਾਤਮਾ ਦੀ ਯਾਦ ਨੂੰ ਸਤਾਉਣ ਦਿਓ। ਟੀਸ ਨੂੰ ਵਧਣ ਦਿਓ। ਤੁਹਾਡੇ ਅੰਦਰ ਜ਼ਖ਼ਮ ਡੂੰਘਾ ਹੋਵੇ ਉਹ ਹੀ ਜ਼ਖ਼ਮ ਪ੍ਰਾਰਥਨਾ ਹੈ। ਪ੍ਰਾਰਥਨਾ ਸ਼ਬਦਾਂ ਵਿਚ ਨਹੀਂ ਹੁੰਦੀ, ਪ੍ਰਾਰਥਨਾ ਪ੍ਰਾਣਾਂ ਦਾ ਗੂੰਜਨ ਹੈ।

ਤੁਸੀਂ ਛੇਤੀ ਕਰਨਾ ਹੀ ਨ ਇਸ ਨੂੰ ਸ਼ਬਦਾਂ ਵਿਚ ਢਾਲਣ ਦੀ, ਨਹੀਂ ਤਾਂ ਮਨ ਬਹੁਤ ਕੁਸ਼ਲ (ਚਲਾਕ) ਹੈ। ਮਨ ਸਭ ਚੀਜ਼ਾਂ ਨੂੰ ਝੂਠ ਕਰਨ ਦਾ ਰਾਹ ਜਾਣਦਾ ਹੈ। ਰਾਹ ਵਿਚ ਕੋਈ ਮਿਲ ਜਾਂਦਾ ਹੈ, ਤੁਸੀਂ ਇੱਕਦਮ ਮੁਸਕਰਾਉਣ ਲਗ ਜਾਂਦੇ ਹੋ। ਉਹ ਮੁਸਕਰਾਹਟ ਝੂਠੀ ਹੈ। ਤੁਹਾਡੇ ਅੰਦਰ ਨਹੀਂ ਹੈ, ਸਿਰਫ਼ ਬੁੱਲ੍ਹਾਂ ਤੇ ਚਿਪਕੀ ਹੈ। ਜਿਮੀ ਕਾਰਟਰ ਵਰਗੀ ਮੁਸਕਰਾਹਟ ਹੈ ਉਹ।

ਮੈਂ ਸੁਣਿਆ ਹੈ ਕਿ ਜਿਮੀ ਕਾਰਟਰ ਦੀ ਪਤਨੀ ਨੂੰ ਰਾਤ ਉਨ੍ਹਾਂ ਦਾ ਮੂੰਹ ਬੰਦ ਕਰਨਾ ਪੈਂਦਾ ਹੈ, ਨਹੀਂ ਤਾਂ ਉਹ ਰਾਤ ਭਰ ਵੀ ਮੂੰਹ ਖੋਲ੍ਹੀ ਰਖੱਦੇ ਹਨ। ਦਿਨ-ਭਰ ਦਾ ਅਭਿਆਸ! ਮੂੰਹ ਬੰਦ ਕਰਨਾ ਪੈਂਦਾ ਹੈ, ਨਹੀਂ ਤਾਂ ਕੋਈ ਚੂਹਾ ਚਲਾ ਜਾਏ ਅੰਦਰ ਜਾਂ ਕੁਝ, ਅੰਦਰ ਚਲਾ ਜਾਏ।

ਤੁਹਾਡੀਆਂ ਮੁਸਕਰਾਹਟਾਂ ਝੂਠੀਆਂ ਹਨ। ਤੁਸੀਂ ਹਸੱਦੇ ਹੋ ਕਿਉਂਕਿ ਹਸੱਣਾ ਚਾਹੀਏ, ਤੁਸੀਂ ਰੋਂਦੇ ਹੋ ਕਿਉਂਕਿ ਰੋਣਾ ਚਾਹੀਏ। ਕੋਈ ਮਰ ਗਿਆ ਤਾਂ ਤੁਸੀਂ ਰੋਂਦੇ ਹੋ।

ਮੈਂ ਇੱਕ ਘਰ ਵਿਚ ਮਹਿਮਾਨ ਸੀ। ਉਸ ਘਰ ਵਿਚ ਇੱਕ ਸੱਜਣ ਮਰ ਗਏ, ਕਿਸੇ ਨੂੰ ਫ਼ਿਕਰ ਨਹੀਂ ਸੀ ਉਨ੍ਹਾਂ ਦੇ ਮਰਨ ਦੀ, ਸਭ ਪ੍ਰਸੰਨ ਸਨ, ਕਿਉਂਕਿ ਉਹ ਸੱਜਣ ਕਾਫ਼ੀ ਸਤਾ ਚੁੱਕੇ ਸਨ। ਕਈ ਸਾਲਾਂ ਤੋਂ ਬੀਮਾਰ ਸਨ। ਘਰ ਵਿਚ ਜੇਕਰ ਇੱਕ ਹੀ ਪ੍ਰਾਰਥਨਾ ਚਲਦੀ ਸੀ ਸਭ ਦੇ ਹ੍ਰਿਦੇ ਵਿਚ ਤਾਂ ਇਹ ਕਿ ਉਹ ਕਿਸੇ ਤਰ੍ਹਾਂ ਹੁਣ ਜਾਣ, ਭਗਵਾਨ ਚੁੱਕੇ ਇਨ੍ਹਾਂ ਨੂੰ। ਸਾਰੇ ਘਰ ਦੇ ਨੱਕ ਵਿਚ ਦਮ ਕਰ ਰੱਖਿਆ ਸੀ ਉਨ੍ਹਾਂ। ਉਹ ਮਰ ਗਏ ਤਾਂ ਸਭ ਪ੍ਰਸੰਨ ਸਨ, ਪਰ ਪ੍ਰਸੰਨਤਾ ਜ਼ਾਹਿਰ ਤਾਂ ਨਹੀਂ ਕਰ ਸਕਦੇ। ਕੋਈ ਮ੍ਰਿਦੰਗ ਵਜਾ ਕੇ ਐਲਾਨ ਤਾਂ ਨਹੀਂ ਕਰ ਸਕਦੇ ਕਿ ਬਹੁਤ ਆਨੰਦਿਤ ਹਾਂ। ਰੋਣਾ ਤਾਂ ਪਏਗਾ ਹੀ। ਸਰਦੀਆਂ ਦੇ ਦਿਨ ਸਨ, ਮੈਂ ਬਾਹਰ ਬੈਠਾ ਸੀ। ਘਰ ਦੀ ਜੋ ਗ੍ਰਹਿਣੀ ਸੀ, ਉਸਨੇ ਮੈਨੂੰ ਕਹਿ ਰੱਖਿਆ ਸੀ, ਕੋਈ ਬੈਠਣ ਵਾਲਾ ਆਏ, ਤੁਸੀਂ ਜ਼ਰਾ ਇਹ ਘੰਟੀ ਵਜਾ ਦੇਣਾ। ਮੈਂ ਕਿਹਾ, ਕਿਉਂ? ਉਸਨੇ ਕਿਹਾ ਰੋਣਾ ਪਏਗਾ ਨ। ਕੋਈ ਇੱਕਦਮ ਆ ਜਾਏ ਅਤੇ ਵੇਖੇ ਕੋਈ ਰੋ ਹੀ ਨਹੀਂ ਰਿਹਾ ਹੈ, ਤਾਂ ਲੋਕ-ਲਾਜ ਵੀ ਰਖੱਣੀ ਪੈਂਦੀ ਹੈ। ਤਾਂ ਮੈਂ ਕਿਹਾ, ਅੱਛਾ। ਇੱਕ ਸਜੱਣ ਆਏ, ਮੈਂ ਘੰਟੀ ਬਜਾਈ।

ਸਜੱਣ ਅੰਦਰ ਗਏ, ਮੈਂ ਵੀ ਅੰਦਰ ਗਿਆ, ਮੈਂ ਵੇਖਕੇ ਦੰਗ ਹੋਇਆ। ਉਸ ਮਹਿਲਾ ਨੇ ਛੇਤੀ ਦੇਣੀ ਘੁੰਡ ਕੱਢ ਲਿਆ ਅਤੇ ਜ਼ੋਰ ਨਾਲ ਰੋਣ ਲੱਗੀ। ਘੁੰਡ ਇਸ ਲਈ ਕੱਢ ਲਿਆ ਕਿ ਅਥਰੂ ਤਾਂ ਆਉਂਣਗੇ ਨਹੀਂ। ਅਥਰੂ ਕਿਵੇਂ ਆ ਸਕਦੇ ਹਨ?

ਘੁੰਡ ਜ਼ੋਰਦਾਰ ਕੱਢ ਲਿਆ ਅਤੇ ਰੋਣ ਲੱਗੀ ਜ਼ੋਰ-ਜ਼ੋਰ ਨਾਲ। ਜਿਵੇਂ ਹੀ ਉਹ ਸਜੱਣ ਗਏ, ਘੁੰਡ ਪਰਤਾਇਆ ... ਉਹ ਫ਼ਿਰ ਗੱਲਬਾਤ ਕਰਨ ਲੱਗੀ। ਸਭ ਠੀਕ-ਠਾਕ ਹੈ ਕਿੱਤੇ ਕੋਈ ਅੜਚਨ ਨਹੀਂ ਰਹੀ।

ਤੁਸੀਂ ਰੋਂਦੇ ਵੀ ਝੂਠ ਹੋ, ਤੁਸੀਂ ਹਸੱਦੇ ਵੀ ਝੂਠ ਹੋ । ਤੁਹਾਡਾ ਸਾਰਾ ਵਿਅਕਤਿਤਵ ਮਿਥਿਆ ਹੈ। ਇਸੇ ਮਿਥਿਆ ਵਿਅਕਤਿਤਵ ਨੂੰ ਤੁਸੀਂ ਕਿੱਤੇ ਪ੍ਰਾਰਥਨਾ ਦਾ ਅੰਗ ਨ ਬਣਾ ਲੈਣਾ। ਇਸ ਲਈ ਤਾਂ ਲੋਕ ਸਤ ਨਾਰਾਇਣ ਦੀ ਕਥਾ ਕਰਵਾ ਲੈਂਦੇ ਹਨ। ਖ਼ਰੀਦ ਲਿਆਏ ਇੱਕ ਪੰਡਿਤ ਨੂੰ ਕਿ ਕਰਵਾ ਦੇ ਲੈ ਲੈਣਾ ਦਸ ਰੁਪਏ; ਕਿ ਇਹ ਭਗਵਾਨ ਪਿੱਛੇ ਪਿਆ ਹੈ, ਕਰਵਾ ਦੇ ਸਤ ਨਰਾਇਣ ਦੀ ਕਥਾ, ਕਹਿਣ ਨੂੰ ਤਾਂ ਰਹਿ ਜਾਏਗੀ ਕਿ ਕਰਵਾਈ ਸੀ ਕਥਾ।

ਤਿਬੱਤੀਆਂ ਨੇ ਇੱਕ ਪ੍ਰਾਰਥਨਾ ਦਾ ਚਕੱਰ ਬਣਾ ਲਿਆ ਹੈ। ਨਿੱਕੇ ਚੱਕੇ ਜਿਹਾ, ਜਿਹੋ ਜਿਹਾ ਚਰਖੇ ਦਾ ਚੱਕਾ ਹੁੰਦਾ ਹੈ। ਉਸ ਵਿਚ ਜਿੰਨੇ ਆਰੇ ਹਨ ... ਇੱਕ ਸੌ ਅੱਠ ਆਰੇ ਹਨ, ਜਿਵੇਂ ਮਾਲਾ ਵਿਚ ਇੱਕ ਸੌ ਅੱਠ ਮਣਕੇ ਹੁੰਦੇ ਹਨ। ਹਰ ਇੱਕ ਆਰੇ ਉੱਤੇ ਮੰਤ੍ਰ

ਲਿਖਿਆ ਹੈ। ਉਹ ਚੱਕੇ ਨੂੰ ਘੁੰਮਾ ਦਿੰਦੇ ਹਨ, ਜਿੰਨੇ ਚਕਰ ਚੱਕਾ ਲਗਾ ਲੈਂਦਾ ਹੈ, ਓਨੇ ਮੰਤ੍ਰ ਪਾਠ ਦਾ ਲਾਭ ਮਿਲ ਗਿਆ, ਪੁੰਨ ਮਿਲ ਗਿਆ।

ਮੈਂ ਬੋਧ ਗਿਆ ਵਿਚ ਸੀ। ਇੱਕ ਤਿੱਬਤੀ ਲਾਮਾ ਮੇਰੇ ਕੋਲ ਠਹਿਰੇ ਸਨ। ਉਹ ਆਪਣੀ ਕਿਤਾਬ ਵੀ ਪੜ੍ਹਦੇ ਰਹਿਣ ਅਤੇ ਵਿਚ-ਵਿਚ ਚੱਕੇ ਨੂੰ ਚਕਰ ਲਗਵਾ ਦੇਣ। ਇੱਕ ਦਿਨ ਮੈਂ ਵੇਖਿਆ, ਦੋ ਦਿਨ ਵੇਖਿਆ, ਮੈਂ ਉਨ੍ਹਾਂ ਨੂੰ ਕਿਹਾ : ਇੱਕ ਕੰਮ ਕਰੋ, ਕਿਤਨਾ ਪੁਰਾਣਾ ਤੁਸੀਂ ਇਹ ਰਵੈਯਾ ਲਈ ਬੈਠੇ ਹੋ। ਇਸ ਵਿਚ ਬਿਜਲੀ ਦੀ ਤਾਰ ਜੋੜ੍ਹਕੇ ਇਸ ਨੂੰ ਬਿਜਲੀ ਨਾਲ ਜੋੜ੍ਹ ਦਿਓ। ਫ਼ਿਰ ਜੋ ਤੁਸੀਂ ਕਰਨਾ ਹੈ ਕਰੋ, ਇਹ ਚਕੱਰ ਲਗਾਉਂਦਾ ਹੀ ਰਹੇਗਾ, ਲਗਾਉਂਦਾ ਰਹੇਗਾ। ਪੁੰਨ ਹੀ ਪੁੰਨ ਵਰ੍ਹ ਜਾਏਗਾ ਤੁਹਾਡੇ ਉੱਤੇ।

ਕਿਸ ਨੂੰ ਧੋਖਾ ਦੇ ਰਹੇ ਹੋ ?

ਲੋਕਾਂ ਨੇ ਤਰਕੀਬਾਂ ਕੱਢ ਲਈਆਂ ਹਨ ਪ੍ਰਾਰਥਨਾ ਲਈ ਵੀ, ਜੋ ਝੂਠੀਆਂ ਹਨ। ਲੋਕ ਝੂਠੇ ਹਨ, ਇਸ ਲਈ ਜੋ ਵੀ ਕਰਦੇ ਹਨ ਉਹ ਹੀ ਝੂਠ ਹੋ ਜਾਂਦਾ ਹੈ।

ਕਦੇ ਨ ਪੁੱਛੋ ਕਿ ਮੈਂ ਪ੍ਰਾਰਥਨਾਂ ਕਿਵੇਂ ਕਰਾਂ। ਲਹਿਰ ਉਠ ਰਹੀ ਹੈ, ਭਾਵ ਉਠ ਰਿਹਾ ਹੈ—ਇਸ ਭਾਵ ਵਿਚ ਰੁਕਾਵਟ ਨ ਪਾਉਂਣਾ। ਬਾਧਾ ਨ ਪਾਉਂਣਾ। ਇਹ ਲਹਿਰ ਜਿੱਥੇ ਲੈ ਜਾਏ ਇਸਦੇ ਨਾਲ ਚਲੇ ਜਾਣਾ। ਡੱਰ ਲਗੇਗਾ। ਪਹਿਲਾਂ ਪਹਿਲਾਂ ਕਿ ਪਤਾ ਨਹੀਂ ਇਹ ਕਿੱਥੇ ਲੈ ਜਾਏ, ਕਿ ਕਿੱਤੇ ਵਿਚਕਾਰ ਬਾਜ਼ਾਰ ਦੇ ਰੋਣ ਲਗ ਪਵਾਂ, ਕਿ ਜਿੱਥੇ ਲੋਕ ਗੰਭੀਰ ਬੈਠੇ ਹੋਣ ਓਥੇ ਮੈਂ ਹਸੱਣ ਲਗਾਂ, ਤਾਂ ਲੋਕ ਪਾਗਲ ਸਮਝਣਗੇ।

ਧਿਆਨ ਰਖੱਣਾ ਸਿਰਫ਼ ਪਾਗਲ ਹੀ ਪ੍ਰਾਰਥਨਾ ਕਰ ਸਕਦੇ ਹਨ। ਜਿਨ੍ਹਾਂ ਵਿਚ ਪਾਗਲ ਹੋਣ ਦੀ ਹਿੰਮਤ ਹੈ, ਉਹ ਹੀ ਕੇਵਲ ਪ੍ਰਾਰਥਨਾ ਦੀ ਰਾਹ ਉੱਤੇ ਯਾਤ੍ਰਾ ਕਰ ਸਕਦੇ ਹਨ :

ਛੂ ਕਰ ਪ੍ਰਾਣੋਂ ਕੀ ਪੀਰ, ਪ੍ਰੀਤ ਬਨ ਜਾਓ !
ਜੋ ਕੁਛ ਸੁਲਝੀ ਥੀ, ਆਜ ਉਸੇ ਉਲਝਾ ਦੋ
ਜੋ ਕੁਛ ਉਲਝੀ ਥੀ, ਆਜ ਉਸੇ ਸੁਲਝਾ ਦੋ
ਮੇਰੇ ਆਂਸੂ ਕੇ ਸਾਵਨ ਆਜ ਸੁਖਾ ਦੋ
ਮੈਂ ਚਾਹ ਰਹੀ ਹੂੰ, ਮੁਝਕੋ ਆਜ ਦੁਖਾ ਦੋ
ਨਯਨੋ ਕੇ ਨੇਹੀ ਸਨੇਹ-ਨੀਤਿ ਬਨ ਜਾਓ !
ਛੂਕਰ ਪ੍ਰਾਣੋਂ ਕੀ ਪੀਰ, ਪ੍ਰੀਤ ਬਨ ਜਾਓ !

ਤੁਮ ਸਨੇਹ-ਸਵਾਤਿ ਬਨ, ਜੀਵਨ-ਭਰ ਤਰਸਾਓ
ਮੇਰੇ ਚਿਤ-ਚਾਤਕ ਕੋ ਨ ਅਧਿਕ ਦਰਸਾਓ
ਅਧਰੋਂ ਕੀ ਯਦਿ ਮੁਸਕਾਨ ਚੁਰਾਓ ਜਾਨੂੰ
ਇਤਨਾ ਕਰ ਦੋ ਧਨਯਭਾਗ ਮੈਂ ਮਾਨੂੰ
ਤੁਮ ਵਰਤਮਾਨ ਕੇ ਚਿਰ ਅਤੀਤ ਬਨ ਜਾਓ !
ਛੂਕਰ ਪ੍ਰਾਣੋਂ ਕੀ ਪੀਰ, ਪ੍ਰੀਤ ਬਨ ਜਾਓ !

ਮੇਰੇ ਸਨਮੁਖ ਝੂਠਾ ਸਿੰਗਾਰ ਨਹੀਂ ਹੈ
ਸਵਪਨਿਲ ਆਸ਼ਾਓਂ ਕਾ ਆਧਾਰ ਨਹੀਂ ਹੈ
ਮੇਰੀ ਵੀਣਾ ਕੇ ਬਿਖਰੇ ਤਾਰ ਸਜਾ ਦੋ
ਇੰਗਿਤ ਸੇ ਉਸਕੋ ਛਣ-ਭਰ ਆਜ ਬਜਾ ਦੋ
ਗਾਕਰ ਤੁਮ ਮੇਰੇ ਗੀਤ, ਮੀਤ ਬਨ ਜਾਓ !
ਛੂਕਰ ਪ੍ਰਾਣੋਂ ਕੀ ਪੀਰ, ਪ੍ਰੀਤ ਬਨ ਜਾਓ !

ਪ੍ਰਾਰਥਨਾ ਤੁਸੀਂ ਨ ਕਰੋ, ਪਰਮਾਤਮਾ ਨੂੰ ਪੁਕਾਰੋ ਕਿ ਤੁਹਾਡੇ ਅੰਦਰ ਪ੍ਰਾਰਥਨਾ ਬਣੇ।

ਮੇਰੀ ਵੀਣਾ ਕੇ ਬਿਖਰੇ ਤਾਰ ਸਜਾ ਦੋ
ਇੰਗਿਤ ਸੇ ਉਸ ਕੋ ਛਿਣ-ਭਰ ਆਜ ਬਜਾ ਦੋ
ਗਾਕਰ ਤੁਮ ਮੇਰੇ ਗੀਤ, ਮੀਤ ਬਨ ਜਾਓ !
ਛੂ ਕਰ ਪ੍ਰਾਣੋਂ ਕੀ ਪੀਰ, ਪ੍ਰੀਤ ਬਨ ਜਾਓ !

ਯਥਾਰਥ (ਸੱਚੀ) ਪ੍ਰਾਰਥਨਾ, ਤੁਹਾਡੀ ਨਹੀਂ ਹੁੰਦੀ- ਪਰਮਾਤਮਾ ਦੇ ਦੁਆਰਾ ਹੀ ਪਰਮਾਤਮਾ ਦੀ ਹੁੰਦੀ ਹੈ। ਤੁਸੀਂ ਸਿਰਫ਼ ਮਾਧਿਅਮ ਹੁੰਦੇ ਹੋ। ਬਾਂਸ ਦੀ ਪੋਂਗਰੀ। ਉਹ ਹੀ ਗਾਉਂਦਾ ਤੁਹਾਡੇ ਰਾਹੀਂ ਗੀਤ। ਤਦ ਹੀ ਪ੍ਰਾਰਥਨਾ ਸੱਚੀ ਹੁੰਦੀ ਹੈ। ਅਤੇ ਤਦ ਹੀ ਪ੍ਰਾਰਥਨਾ ਮੁਕਤੀ-ਦਾਈ ਹੁੰਦੀ ਹੈ।

ਆਖਰੀ ਸਵਾਲ : ਮੈਂ ਆਪਣੀ ਪਤਨੀ ਤੋਂ ਇਲਾਵਾ ਹੋਰ ਇਸਤ੍ਰੀਆਂ ਵਿਚ ਵੀ ਉਤਸੁਕ ਹੋ ਜਾਂਦਾ ਹਾਂ। ਪਰ ਜਦ ਮੇਰੀ ਪਤਨੀ ਕਿਸੇ ਪੁਰਸ਼ ਵਿਚ ਉਤਸੁਕ ਵਿਖਾਈ ਦਿੰਦੀ ਹੈ ਤਾਂ ਮੈਨੂੰ ਬਹੁਤ ਈਰਖਾ ਹੁੰਦੀ ਹੈ, ਭਿਅੰਕਰ ਅੱਗ ਵਿਚ ਮੈਂ ਸੜਦਾ ਹਾਂ।

ਪੁਰਸ਼ਾਂ ਨੇ ਸਦਾ ਤੋਂ ਆਪਣੇ ਲਈ ਸੁਵਿਧਾਵਾਂ ਬਣਾ ਰੱਖੀਆਂ ਸਨ, ਇਸਤ੍ਰੀਆਂ ਨੂੰ ਅਵਰੁੱਧ (ਰੋਕਿਆ ਹੋਇਆ) ਕਰ ਰੱਖਿਆ ਸੀ। ਪੁਰਸ਼ਾਂ ਨੇ ਇਸਤ੍ਰੀਆਂ ਨੂੰ ਬੰਦ ਕਰ ਦਿੱਤਾ ਸੀ। ਮਕਾਨਾਂ ਦੀਆਂ ਚਾਰ ਦੀਵਾਰੀਆਂ ਵਿਚ, ਅਤੇ ਪੁਰਸ਼ ਨੇ ਆਪਣੇ ਆਪ ਨੂੰ ਮੁਕਤ ਕਰ ਛੱਡਿਆ ਸੀ। ਹੁਣ ਉਹ ਦਿਨ ਗਏ ਹੁਣ ਤੁਸੀਂ ਜਿੰਨੇ ਸੁਤੰਤਰ ਹੋ ਓਨੀ ਹੀ ਇਸਤ੍ਰੀ ਵੀ ਸੁਤੰਤਰ ਹੈ। ਜੇਕਰ ਤੁਸੀਂ ਚਾਹੁੰਦੇ ਹੋ ਕਿ ਈਰਖਾ ਵਿਚ ਨ ਜਲੋ ਤਾਂ ਦੋ ਹੀ ਉਪਾਅ ਹਨ। ਇੱਕ ਤਾਂ ਉਪਾਅ ਹੈ ਕਿ ਤੁਸੀਂ ਸਵਯੰ (ਖ਼ੁਦ) ਵੀ ਵਾਸਨਾ ਤੋਂ ਮੁਕਤ ਹੋ ਜਾਓ। ਜਿੱਥੇ ਵਾਸਨਾ ਨਹੀਂ ਉੱਥੇ ਈਰਖਾ ਨਹੀਂ ਰਹਿ ਜਾਂਦੀ। ਅਤੇ ਦੂਜਾ ਉਪਾਅ ਹੈ ਕਿ ਜੇਕਰ ਵਾਸਨਾ ਤੋਂ ਮੁਕਤ ਨ ਹੋਣਾ ਚਾਹੋ ਤਾਂ ਘਟੋ-ਘੱਟ ਜਿੰਨਾ ਹੱਕ ਤੁਹਾਨੂੰ ਹੈ ਓਨਾ ਹੱਕ ਦੂਜਿਆਂ ਨੂੰ ਵੀ ਦੇ ਦਿਓ। ਓਨੀ ਹਿੰਮਤ ਇਕੱਠੀ ਕਰੋ।

ਮੈਂ ਤਾਂ ਚਾਹਾਂਗਾ ਕਿ ਤੁਸੀਂ ਵਾਸਨਾ ਤੋਂ ਮੁਕਤ ਹੋ ਜਾਓ। ਇੱਕ ਇਸਤ੍ਰੀ ਜਾਣ ਲਈ ਤਾਂ ਸਭ ਇਸਤ੍ਰੀਆਂ ਜਾਣ ਲਈਆਂ। ਇੱਕ ਪੁਰਸ਼ ਜਾਣ ਲਿਆ ਤਾਂ ਸਭ ਪੁਰਸ਼ ਜਾਣ ਲਏ

ਫਿਰ ਜੋ ਭੇਦ ਹਨ ਉਹ ਕੇਵਲ ਉੱਪਰੀ ਰੇਖਾਵਾਂ ਦੇ ਹਨ ਅਤੇ ਜਿਹੜਾ ਇੱਕ ਇਸਤ੍ਰੀ ਨੂੰ ਜਾਣ ਦੇ ਇਸਤ੍ਰੀਆਂ ਨੂੰ ਨਹੀਂ ਜਾਣ ਪਾਇਆ, ਸਮਝ ਲੈਣਾ ਕੀ ਮੂਰਛਿਤ ਹੋ ਕੇ ਜੀ ਰਿਹਾ ਹੈ। ਉਹ ਅਨੰਤ ਇਸਤ੍ਰੀਆਂ ਨੂੰ ਜਾਣ ਕੇ ਵੀ ਨਹੀਂ ਜਾਣ ਪਾਏਗਾ। ਉਹ ਜਾਣ ਹੀ ਨਹੀਂ ਪਾਏਗਾ। ਕਿਉਂਕਿ ਜਾਨਣਾ ਹੁੰਦਾ ਹੈ ਬੋਧ ਨਾਲ; ਉਹ ਮੂਰਛਿਤ ਹੈ।

ਉਹ ਭਜਦਾ ਰਹੇਗਾ ਇੱਕ ਨੂੰ ਛੱਡ ਕੇ ਦੂਜੀ ਦੇ ਪਿੱਛੇ। ਨਿਸ਼ਚਿਤ ਹੀ (ਜ਼ਰੂਰ ਹੀ) ਤੁਸੀਂ ਜਲੋਗੇ, ਕਿਉਂਕਿ ਮਨੁੱਖ ਦੇ ਅਹੰਕਾਰ ਨੂੰ ਸੱਟ ਵਜੇਗੀ। ਇਸ ਨੂੰ ਤਾਂ ਤੁਸੀਂ ਸਮਝਦੇ ਹੋ ਬਿਲਕੁੱਲ ਠੀਕ ਹੈ ਕਿ ਤੁਸੀਂ ਕਿਸੇ ਦੂਜੇ ਦੀ ਇਸਤ੍ਰੀ ਵਿਚ ਉਤਸੁਕ ਹੋ ਜਾਓ ਤਾਂ ਕੋਈ ਅੜਚਨ ਨਹੀਂ।

ਅਸੀਂ ਆਖਦੇ ਹਾਂ। ਪੁਰਸ਼ ਆਖ਼ਰ ਪੁਰਸ਼ ਹੈ। ਪੁਰਸ਼ਾਂ ਨੇ ਹੀ ਘੜ ਲਈ ਹੋਵੇਗੀ ਇਹ ਕਹਾਵਤ ਕਿ ਪੁਰਸ਼ ਆਖ਼ਰ ਪੁਰਸ਼ ਹੈ। ਪੁਰਸ਼ਾਂ ਨੇ ਹੀ ਇਹ ਹਿਸਾਬ ਘੜ ਲਿਆ ਕਿ ਪੁਰਸ਼ ਇੱਕ ਨਾਲ ਤ੍ਰਿਪਤ ਨਹੀਂ ਹੁੰਦਾ। ਪੁਰਸ਼ ਨੂੰ ਅਨੇਕ ਇਸਤ੍ਰੀਆਂ ਚਾਹੀਦੀਆਂ ਹਨ; ਇਸਤ੍ਰੀ ਇੱਕ ਨਾਲ ਤ੍ਰਿਪਤ ਹੋ ਜਾਂਦੀ ਹੈ। ਇਹ ਮਨੁੱਖਾਂ ਦੀਆਂ ਹੀ ਤਰਕੀਬਾਂ ਹਨ। ਇਸਤ੍ਰੀ ਨੂੰ ਇੱਕ ਨਾਲ ਹੀ ਤ੍ਰਿਪਤ ਹੋਣਾ ਚਾਹੀਦਾ—ਉਹ ਇੱਕ ਤੁਸੀਂ ਹੋ । ਅਤੇ ਤੁਸੀਂ। ਤੁਸੀਂ ਕਿਵੇਂ ਇੱਕ ਨਾਲ ਤ੍ਰਿਪਤ ਹੋ ਸਕਦੇ ਹੋ, ਤੁਸੀਂ ਤਾਂ ਪੁਰਸ਼ ਹੋ, ਪੁਰਸ਼ ਨੂੰ ਤਾਂ ਸੁਵਿਧਾ ਬਹੁਤੀ ਹੋਣੀ ਚਾਹੀਦੀ।

ਮੈਂ ਸੁਣਿਆ ਹੈ ਨਸਰੁਦੀਨ ਦੇ ਗੁਆਂਢ ਵਿਚ ਸ੍ਰੀਮਾਨ ਮਲਹੋਤਰਾ ਨਵੇਂ-ਨਵੇਂ ਆ ਕੇ ਗੁਆਂਢੀ ਹੋਏ ਉਨ੍ਹਾਂ ਦੀ ਪਤਨੀ ਬਹੁਤ ਸੁੰਦਰ ਹੈ।

ਮੁੱਲਾ ਨੇ ਆਪਣੀ ਪਤਨੀ ਨੂੰ ਚਿੜ੍ਹਾਉਂਣ ਲਈ ਇੱਕ ਦਿਨ ਸਵੇਰੇ ਉਠਦੇ ਸਾਰ ਹੀ ਕਿਹਾ ਕਿ ਸੁਣੋ, ਨਾਰਾਜ਼ ਨ ਹੋਣਾ, ਕੁਝ ਦਿਨਾਂ ਤੋਂ ਰੋਜ਼ ਮੈਨੂੰ ਸੁਫ਼ਨੇ ਵਿਚ ਸ੍ਰੀਮਤੀ ਮਲਹੋਤਰਾ ਵਿਖਾਈ ਦਿੰਦੀ ਹੈ।

ਪਤਨੀ ਬੋਲੀ : ਇਕੱਲੀ ਹੀ ਵਿਖਾਈ ਦਿੰਦੀ ਹੈ ਨ? ਮੁੱਲਾ ਨੇ ਕਿਹਾ, ਹਾਂ।

ਪਰ ਤੈਨੂੰ ਕਿਵੇਂ ਪਤਾ ਚਲਿਆ।

ਪਤਨੀ ਨੇ ਕਿਹਾ : ਕਿਉਂਕਿ ਸ੍ਰੀਮਾਨ ਮਲਹੋਤਰਾ ਮੇਰੇ ਸੁਫ਼ਨਿਆਂ ਵਿਚ ਆਉਂਦੇ ਹਨ। ਮੁੱਲਾ ਇਹ ਸੁਣ ਬਹੁਤ ਦੁਖੀ ਹੋਇਆ।

ਚੱਲਿਆ,ਸੀ ਪਤਨੀ ਨੂੰ ਚਿੜ੍ਹਾਉਂਣ, ਚਿੜ੍ਹ ਗਿਆ ਖ਼ੁਦ।

ਜਿੰਨੀ ਸੁਤੰਤਰਤਾ ਤੁਸੀਂ ਆਪਣੇ ਲਈ ਚਾਹੁੰਦੇ ਹੋ, ਓਨੀ ਹੀ ਸੁਤੰਤਰਤਾ ਤੁਹਾਡੀ ਪਤਨੀ ਦੀ ਵੀ ਹੈ ਅਤੇ ਜੇਕਰ ਤੁਸੀਂ ਚਾਹੁੰਦੇ ਹੋ ਕਿ ਨਹੀਂ, ਪਤਨੀ ਦਾ ਦੂਜੇ ਮਨੁੱਖਾਂ ਵਿਚ ਉਤਸੁਕ ਹੋਣਾ ਉਚਿਤ ਨਹੀਂ, ਤਾਂ ਫ਼ਿਰ ਤੁਹਾਡਾ ਵੀ ਦੂਜੀਆਂ ਇਸਤ੍ਰੀਆਂ ਵਿਚ ਉਤਸੁਕ ਹੋਣਾ ਉਚਿਤ ਨਹੀਂ। ਜੋ ਤੁਸੀਂ ਚਾਹੁੰਦੇ ਹੋ ਤੁਹਾਡੀ ਪਤਨੀ ਕਰੇ, ਉਹ ਤੁਹਾਨੂੰ ਪਹਿਲਾਂ ਕਰਨਾ ਚਾਹੀਦਾ; ਤਦ ਹੀ ਤੁਸੀਂ ਹੱਕਦਾਰ ਹੋ।

ਆਪਣੀ ਵਾਸਨਾ ਦੀ ਦੌੜ ਨੂੰ ਛੱਡੋ। ਮੈਂ ਤੁਹਾਨੂੰ ਇਹ ਗੱਲ ਕਹਿ ਦਿੰਦਾ ਹਾਂ : ਇਸਤ੍ਰੀਆਂ ਨਿਸ਼ਚਿਤ ਹੀ ਇੰਨੀਆਂ ਵਾਸਨਾਗ੍ਰਸਤ ਨਹੀਂ ਹੁੰਦੀਆਂ, ਜਿੰਨੇ ਪੁਰਸ਼ ਹੁੰਦੇ ਹਨ। ਇਸਤ੍ਰੀਆਂ ਦੇ ਕੋਲ ਇੱਕ ਤਰ੍ਹਾਂ ਦਾ ਸਮਰਪਣ ਭਾਵ ਹੁੰਦਾ ਹੈ ਅਤੇ ਇਸਤ੍ਰੀਆਂ ਦੇ ਕੋਲ

ਇੱਕ ਤਰ੍ਹਾਂ ਦੀ ਨਿਸ਼ਠਾ ਅਤੇ ਆਸਥਾ, ਸ਼ਰਧਾ ਹੁੰਦੀ ਹੈ। ਪੁਰਸ਼ ਦਾ ਪ੍ਰੇਮ ਵੀ ਘੱਟ ਡੂੰਘਾ ਹੁੰਦਾ ਹੈ, ਗਹਿਰਾ ਨਹੀਂ ਹੁੰਦਾ, ਉਪੱਰ-ਉਪੱਰ ਹੁੰਦਾ ਹੈ। ਪੁਰਸ਼ ਦੀ ਜ਼ਿੰਦਗੀ ਵਿਚ ਪ੍ਰੇਮ ਹੀ ਸਭ ਕੁਝ ਨਹੀਂ ਹੁੰਦਾ, ਹੋਰ ਸਭ ਚੀਜ਼ਾਂ ਪ੍ਰੇਮ ਦੇ ਅੰਦਰ ਹੀ ਸਮਾਵਿਸ਼ਟ ਹੁੰਦੀਆਂ ਹਨ। ਪੁਰਸ਼ ਦੇ ਜੀਵਨ ਵਿਚ ਹੋਰ ਵੀ ਕਈ ਕੰਮ ਹਨ, ਜਿਨ੍ਹਾਂ ਵਿਚ ਪ੍ਰੇਮ ਵੀ ਇੱਕ ਕੰਮ ਹੈ। ਇਸਤ੍ਰੀ ਦੇ ਜੀਵਨ ਵਿਚ ਹੋਰ ਕੋਈ ਕੰਮ ਹੀ ਨਹੀਂ, ਸਾਰਾ ਕੰਮ ਹੈ, ਸਾਰੇ ਕੰਮ ਪ੍ਰੇਮ ਵਿਚ ਹੀ ਸਮਾਵਿਸ਼ਟ (ਸਮਾਏ ਹੋਏ) ਹਨ।

ਪੁਰਸ਼ ਉਛੰਖਲ (ਅੱਖੜਪਨ) ਹੈ, ਪੁਰਸ਼ ਚੰਚਲ ਹੈ। ਇਹ ਤੁਸੀਂ ਨਿੱਕੇ-ਨਿੱਕੇ ਬੱਚਿਆਂ ਵਿਚ ਵੀ ਵੇਖ ਲੈਣਾ। ਛੋਟਾ ਮੁੰਡਾ ਹੋਵੇ, ਸ਼ਾਂਤ ਬੈਠ ਹੀ ਨਹੀਂ ਸਕਦਾ। ਚੀਜ਼ਾਂ ਸੁਟੇਗਾ, ਘੜੀ ਖੋਲੇਗਾ, ਮਖੀਆਂ ਫੜਨ ਲਗੇਗਾ, ਕੁਝ ਨ ਕੁਝ ਕਰੇਗਾ ਖਟਰ-ਪਟਰ। ਛੋਟੀ ਬੱਚੀ ਹੈ, ਉਹ ਸ਼ਾਂਤ ਬੈਠੀ ਹੈ ਇੱਕ ਕੋਨੇ ਵਿਚ। ਹੋ ਸਕਦਾ ਹੈ ਆਪਣੀ ਗੁੱਡੀ ਨੂੰ ਛਾਤੀ ਨਾਲ ਲਾਇਆ ਹੋਇਆ ਹੋਵੇ।

ਤੁਸੀਂ ਖ਼ਿਆਲ ਰਖੱਣਾ, ਇਸਤ੍ਰੀਆਂ ਨੂੰ ਪਤਾ ਚਲਣਾ ਸ਼ੁਰੂ ਹੋ ਜਾਂਦਾ ਹੈ ਕਿ ਗਰਭ ਵਿਚ ਮੁੰਡਾ ਹੈ ਕਿ ਕੁੜੀ। ਜੇਕਰ ਜ਼ਰਾ ਸੰਵੇਦਨਸ਼ੀਲ ਇਸਤ੍ਰੀ ਹੋਵੇ, ਉਸਨੂੰ ਪਤਾ ਲਗਣਾ ਸ਼ੁਰੂ ਹੋ ਜਾਂਦਾ ਹੈ, ਕਿਉਂਕਿ ਮੁੰਡਾ ਓਥੇ ਹੀ ਉਪੱਦਰ ਸ਼ੁਰੂ ਕਰ ਦਿੰਦਾ ਹੈ।

ਕਿੱਤੇ ਟੰਗ ਮਾਰੇਗਾ, ਕਿਤੇ ਸਿਰ ਹਿਲਾਏਗਾ। ਕੁੜੀ ਸ਼ਾਂਤ ਹੁੰਦੀ ਹੈ। ਅਨੁਭਵੀ ਮਾਂ ਨੂੰ ਪਤਾ ਚਲਣਾ ਸ਼ੁਰੂ ਹੋ ਜਾਂਦਾ ਹੈ ਕਿ ਕੁੜੀ ਹੈ ਕਿ ਮੁੰਡਾ। ਉਪੱਦਰ ਦੀ ਮਿਕਦਾਰ ਨਾਲ ਪਤਾ ਲਗਣਾ ਸ਼ੁਰੂ ਹੋ ਜਾਂਦਾ ਹੈ।

ਇਸਦਾ ਵਿਗਿਆਨਿਕ ਕਾਰਨ ਹੈ। ਜੀਵ ਸ਼ਾਸਤ੍ਰ ਕਹਿੰਦਾ ਹੈ ਕਿ ਇਸਤ੍ਰੀ ਦੇ ਵਿਅਕਤਿਤਵ ਵਿਚ ਅਨੁਪਾਤ (ਤੋਲ) ਹੈ, ਪੁਰਸ਼ ਦੇ ਵਿਅਕਤਿਤਵ ਵਿਚ ਨਹੀਂ ਹੈ। ਇਸਤ੍ਰੀ ਦੇ ਜੋ ਅਣੂ ਹਨ ਉਹ ਸਮ ਹਨ। ਦੋ ਅਣੂਆਂ ਨਾਲ ਮਿਲ ਕੇ ਜਨਮ ਹੁੰਦਾ ਹੈ ਵਿਅਕਤੀ ਦਾ—ਪੁਰਸ਼ ਅਤੇ ਇਸਤ੍ਰੀ ਦੇ ਦੋ ਅਣੂਆਂ ਨਾਲ ਮਿਲ ਕੇ। ਪੁਰਸ਼ਾਂ ਵਿਚ ਚੌਵੀ ਕੋਸ਼ਠਾਂ ਵਾਲੇ ਅਣੂ ਹੁੰਦੇ ਹਨ। ਅਤੇ ਤੇਈ ਕੋਸ਼ਠਾਂ ਵਾਲੇ ਅਣੂ ਹੁੰਦੇ ਹਨ, ਦੋ ਤਰ੍ਹਾਂ ਦੇ ਅਣੂ ਹੁੰਦੇ ਹਨ। ਜਦ ਪੁਰਸ਼ ਦਾ ਚੌਵੀ ਕੋਸ਼ਠਾਂ ਵਾਲਾ ਅਣੂ ਇਸਤ੍ਰੀ ਦੇ ਚੌਵੀ ਕੋਸ਼ਠਾਂ ਵਾਲੇ ਅਣੂ ਨਾਲ ਮਿਲਦਾ ਹੈ ਤਦ ਲੜਕੀ ਦਾ ਜਨਮ ਹੁੰਦਾ ਹੈ। ਅਠਤਾਲੀਸ ਅਣੂ। ਸਮ ਹੁੰਦਾ ਹੈ ਤੋਲ। ਤਕੜੀ ਦੇ ਦੋਵੇਂ ਪਲੜੇ ਬਰਾਬਰ ਹੁੰਦੇ ਹਨ। ਪੁਰਸ਼ ਦਾ ਤੇਈ ਕੋਸ਼ਠਾਂ ਵਾਲਾ ਅਣੂ, ਇਸਤ੍ਰੀ ਦੇ ਚੌਵੀ ਕੋਸ਼ਠਾਂ ਵਾਲੇ ਅਣੂ ਨਾਲ ਮਿਲਦਾ ਹੈ ਤਾਂ ਪੁਰਸ਼ ਦਾ ਜਨਮ ਹੁੰਦਾ ਹੈ। ਇੱਕ ਪਲੜਾ ਨੀਵਾਂ ਹੁੰਦਾ ਹੈ। ਇੱਕ ਪਲੜਾ ਉੱਚਾ ਹੁੰਦਾ ਹੈ, ਇਕਸਾਰਤਾ ਨਹੀਂ ਹੁੰਦੀ। ਸੰਤਾਲੀ ਕੋਸ਼ਠ ਹੁੰਦੇ ਹਨ—ਇੱਕ ਪਾਸੇ ਤੇਈ, ਇੱਕ ਪਾਸੇ ਚੌਵੀ। ਇਸਤ੍ਰੀ ਵਿਚ ਚੌਵੀ-ਚੌਵੀ ਕੋਸ਼ਠ ਹੁੰਦੇ ਹਨ। ਇਸ ਲਈ ਇਸਤ੍ਰੀ ਜ਼ਿਆਦਾ ਸੁੰਦਰ ਹੁੰਦੀ ਹੈ, ਸਮਾਨੁਪਾਤੀ (ਬਰਾਬਰ ਤੋਲ) ਹੁੰਦੀ ਹੈ, ਸ਼ਾਂਤ ਹੁੰਦੀ ਹੈ। ਉਸ ਵਿਚ ਇੱਕ ਤਰ੍ਹਾਂ ਦੀ ਸਮਤਾ ਹੁੰਦੀ ਹੈ। ਇੱਕ ਤਰ੍ਹਾਂ ਦੀ ਥਿਰਤਾ ਹੁੰਦੀ ਹੈ। ਇੱਕ ਤਰ੍ਹਾਂ ਦੀ ਗੋਲਾਈ ਹੁੰਦੀ ਹੈ ਇਸਤ੍ਰੀ ਦੇ ਵਿਅਕਤਿਤਵ ਵਿਚ। ਪੁਰਸ਼ ਵਿਚ ਇੱਕ ਥੋੜ੍ਹਾ ਜਿਹਾ ਤਿਰਛਾਪਨ ਹੁੰਦਾ ਹੈ। ਟੇਢਾ-ਟੇਢਾ ਜਾਂਦਾ ਹੈ। ਉਸਦੇ ਵਿਗਿਆਨਿਕ ਆਧਾਰ ਵੀ ਹਨ।

ਢੱਬੂ ਜੀ ਅਤੇ ਉਸਦੀ ਪਤਨੀ ਤੀਰਥ ਯਾਤ੍ਰਾ ਲਈ ਗਏ। ਢੱਬੂ ਜੀ ਕਿਤਾਬਾਂ ਦੇ ਬਹੁਤ ਪ੍ਰੇਮੀ ਹਨ ਚੌਵੀ ਘੰਟੇ ਕਿਤਾਬਾਂ ਕੱਛ ਹੇਠ ਦਬਾਈ ਰਖੱਦੇ ਹਨ। ਮੰਦਰ ਵਿਚ ਵੀ ਗਏ—ਵਿਸ਼ਵਨਾਥ ਦੇ ਮੰਦਰ ਵਿਚ ਗਏ ਹੋਣਗੇ ਕਾਸ਼ੀ ਵਿਚ।

ਢੱਬੂ ਜੀ ਆਪਣੀ ਕਿਤਾਬ ਹੀ ਪੜ੍ਹ ਰਹੇ ਸਨ ਮੰਦਰ ਵਿਚ ਹੀ ਖੜੇ ਹੋ ਕੇ। ਪਤਨੀ ਪ੍ਰਾਰਥਨਾ ਕਰ ਰਹੀ ਹੈ। ਹੁਣ ਉਸਦਾ ਦੁਖ ਤੁਸੀਂ ਸਮਝੋ।

ਉਸਨੇ ਜ਼ੋਰ.ਨਾਲ ਕਿਹਾ : ਹੇ ਵਿਸ਼ਵਨਾਥ ਦੇ ਦੇਵਤਾ ! ਇੰਨਾ ਜ਼ਰੂਰ ਕਰਨਾ, ਅਗਲੇ ਜਨਮ ਵਿਚ ਮਰ ਕੇ ਮੈਂ ਇਸਤ੍ਰੀ ਨ ਹੋਵਾਂ, ਕਿਤਾਬ ਹੋਵਾਂ, ਤਾਂ ਕਿ ਘਟੋ-ਘੱਟ ਢੱਬੂ ਜੀ ਦੇ ਨਾਲ ਚੌਵੀ ਘੰਟੇ ਤਾਂ ਰਹਿ ਸਕਾਂ।

ਢੱਬੂ ਜੀ ਨੇ ਸੁਣਿਆ। ਉਹ ਵੀ ਝੱਟ-ਪੱਟ ਝੁੱਕ ਗਏ ਘੁਟਨਿਆਂ ਦੇ ਬਲ, ਹਥ ਜੋੜ ਕੇ ਕਿਹਾ ਕਿ ਹੇ ਪ੍ਰਭੂ ! ਜੇਕਰ ਉਸਦੀ ਪ੍ਰਾਰਥਨਾ ਮੰਨ ਹੀ ਲਈ ਤਾਂ ਇਸਨੂੰ ਤੁਸੀਂ ਟੈਲੀਫ਼ੋਨ ਦੀ ਡਾਇਰੈਕਟਰੀ ਬਣਾਉਂਣਾ, ਤਾਂਕਿ ਹਰ ਸਾਲ ਬਦਲ ਸਕਾਂ।

ਪੁਰਸ਼ ਦਾ ਚਿੱਤ ਅਜਿਹਾ ਚੰਚਲ ਹੈ। ਇਸ ਚੰਚਲਤਾ ਨੂੰ ਜਾਣ ਦਿਓ। ਥੋੜ੍ਹੇ ਥਿਰ ਹੋਵੋ। ਥੋੜ੍ਹੇ ਸ਼ਾਂਤ ਹੋਵੋ। ਥੋੜ੍ਹੇ ਜੀਵਨ ਵਿਚ ਸਮਝਦਾਰ ਹੋਵੋ। ਬਹੁਤ ਦੌੜ ਚੁੱਕੇ ਜਨਮਾਂ-ਜਨਮਾਂ ਤੱਕ, ਕਿੱਥੇ ਪਹੁੰਚੇ ਹੋ? ਹੋਰ ਕਦ ਤੱਕ ਦੌੜਦੇ ਰਹੋਗੇ ? ਹੁਣ ਠਹਿਰੋ।

ਠਹਿਰੇਂ ਪਾਂਵ, ਤੋ ਮਿਲੇ ਗਾਂਵ।

ਠਹਿਰ ਜਾਓ ਤਾਂ ਮਿਲ ਜਾਏ ਪਿੰਡ। ਤਾਂ ਜਿਸਦੀ ਤਲਾਸ਼ ਹੈ ਉਹ ਮਿਲ ਜਾਏ। ਉਸ ਠਹਿਰਨ ਦਾ ਨਾਮ ਹੀ ਧਿਆਨ ਹੈ। ਟੁਰਦੇ ਰਹਿਣ ਦਾ ਨਾਮ ਸੰਸਾਰ ਹੈ। ਠਹਿਰ ਜਾਣ ਦਾ ਨਾਮ ਪਰਮਾਤਮਾ ਹੈ।

ਅੱਜ ਇੰਨਾ ਹੀ।





ਨੌਵਾਂ ਪ੍ਰਵਚਨ

ਸੁਧਿ-ਬੁਧਿ ਦਾ ਵੀਚਾਰ



ਸੁਣੋ ਹੋ ਨਰਵੈ ਸੁਧਿ-ਬੁਧਿ ਕਾ ਵਿਚਾਰ। ਪੰਚ ਤਤ ਲੇ ਉਤਪਨਾਂ ਸਕਲ ਸੰਸਾਰ॥
ਪਹਲੈ ਆਰੰਭ ਘਟ ਪਰਚਾ ਕਰੋ ਨਿਸਪਤੀ। ਨਰਵੈ ਬੋਧ ਕਥੰਤ ਸ੍ਰੀ ਗੋਰਖਜਤੀ॥
ਪਹਲੇ ਆਰੰਭ ਛਾਂਡੌਂ ਕਾਮ-ਕ੍ਰੋਧ ਅਹੰਕਾਰ। ਮਨ ਮਾਯਾ ਵਿਸ਼ੈ ਵਿਕਾਰ॥
ਹੰਸਾ ਪਕੜਿ ਘਾਤ ਜਿਨਿ ਕਰੈ। ਤ੍ਰਿਸ਼ਨਾਂ ਤਜੈ ਲੋਭ ਪਰਹਰੈ॥
ਛਾਂਡੈ ਦੰਦ ਰਹੈ ਨਿਰਦੰਦ। ਤਜੈ ਅਲਯੰਗਨ ਰਹੈ ਅਬੰਧ॥
ਸਹਜ ਜੁਗਤਿ ਲੇ ਆਸਣ ਕਰੈ। ਤਨ ਮਨ ਪਵਨਾ ਦ੍ਰਿਢ ਕਰਿ ਧਰੈ॥
ਸੰਜਮ ਚਿਤਓ ਜੁਗਤ ਅਹਾਰ। ਨਯੰਦ੍ਰਾ ਤਜੈ ਜੀਵਨ ਕਾ ਕਾਲ॥
ਛਾਂਡੈ ਤੰਤ ਮੰਤ ਬੈਦੰਤ। ਜੰਤ੍ਰ ਗੁਟਿਕਾ ਧਾਤ ਪਾਖੰਡ॥
ਜੜ੍ਹੀ-ਬੂਟੀ ਕਾ ਨਾਓ ਜਿਨਿ ਲੇਹੂ। ਰਾਜ ਦੁਵਾਰ ਪਾਵ ਜਿਨਿ ਦੇਹੂ॥
ਥੰਭਨ ਮੋਹਨ ਬਿਸਿਕਰਨ ਛਾਡੈ ਔਚਾਟ। ਸੁਣੋ ਹੋ ਜੋਗੇਸਰੋ ਜੋਗਾਰੰਭ ਕੀ ਬਾਟ॥
ਔਰ ਦਸਾ ਪਰਹਰੋ ਛਤੀਸ। ਸਕਲ ਵਿਧਿ ਧਿਆਵੋ ਜਗਦੀਸ॥
ਬਹੁ ਵਿਧਿ ਨਾਟਾਰੰਭ ਨਿਬਾਰਿ। ਕਾਮ ਕ੍ਰੋਧ ਅਹੰਕਾਰਹਿ ਜਾਰਿ॥
ਨੈਂਣ ਮਹਾ ਰਸ ਫਿਰੈ ਜਿਨਿ ਦੇਸ। ਜਟਾ ਭਾਰ ਬੰਧੈ ਜਿਨਿ ਕੇਸ॥
ਰੁਖ ਬਿਰਖ ਬਾੜੀ ਜਿਨਿ ਕਰੈ। ਕੂਵਾਂ ਨਿਵਾਂਣ ਖੋਦਿ ਜਿਨਿ ਮਰੈ॥
ਟੂਟੈ ਪਵਨਾਂ ਛੀਜੈ ਕਾਯਾ। ਆਸਣ ਦ੍ਰਿਢ ਕਰਿ ਬੈਸੋ ਰਾਯਾ॥
ਤੀਰਥ ਵ੍ਰਤ ਕਦੇ ਜਿਨਿ ਕਰੈ। ਗਿਰ ਪਰਬਤਾਂ ਚੜ੍ਹਿ ਪ੍ਰਾਨਮਤਿ ਹਰੈ॥
ਪੂਜਾ ਪਾਤਿ ਜਪੈ ਜਿਨਿ ਜਾਪ। ਜੋਗ ਮਾਹਿ ਬਿਟੰਬੇ ਆਪ॥
ਛਾਂਡੈ ਬੈਦ ਬਣਜ ਵਯੌਪਾਰ। ਪੜਿਬਾ ਗੁਣਿਬਾ ਲੋਕਾਚਾਰ॥
ਬਹੁਚੇਲਾ ਕਾ ਸੰਗ ਨਿਬਾਰਿ। ਉਪਾਧਿ ਮਸਾਂਣਬਾਦ ਵਿਸ਼ ਟਾਰਿ॥
ਯੇਤਾ ਕਹਿਯੇਂ ਪ੍ਰਤਚਿਛ ਕਾਲ। ਏਕਾ ਏਕੀ ਰਹੈ ਭੁਵਾਲ॥
ਸਭਾ ਦੇਖਿ ਮਾਂਡੈ ਮਤਿ ਗਯਾਂਨ। ਗੂੰਗਾ ਗਹਿਲਾ ਹੋਇ ਰਹੈ ਅਜਾਂਣ॥
ਛਾਂਡਵ ਰਾਵ ਰੰਕ ਕੀ ਆਸ। ਭਿਛਯਾ ਭੋਜਨ ਪਰਮ ਉਦਾਸ॥
ਰਸ ਰਸਾਇਨ ਗੋਟਿਕਾ ਨਿਵਾਰਿ। ਰਿੱਧਿ ਪਰਹਰੋ ਸਿਧਿ ਲੇਹੂ ਵਿਚਾਰਿ॥
ਪਰਹਰੈ ਸੁਰਾਪਾਂਤ ਅਰੁਭੰਗ। ਤਾਤੈਂ ਉਪਜੈਂ ਨਾਂਨਾਂ ਰੰਗ॥
ਨਾਰੀ, ਸਾਰੀ, ਕੀਂਗੁਰੀ ! ਤੀਨਯੂੰ ਸਤਗੁਰ ਪਰਹਰੀ॥
ਆਰੰਭ ਘਟ ਪਰਚੇ ਨਿਸਪਤੀ। ਨਰਵੈ ਬੋਧ ਕਥੰਤ ਸ੍ਰੀ ਗੋਰਖਜਤੀ॥

ਜੁਜ਼ ਮਰਤਬਏ ਕੁਲ ਕੋ ਹਾਸਿਲ ਕਰੇ ਹੈ ਆਖ਼ਿਰ,
ਏਕ ਕਤਰਾ ਨ ਦੇਖਾ ਜੋ ਦਰਿਆ ਨ ਹੁਆ ਹੋਗਾ।

ਇੱਕ ਬੂੰਦ ਵੀ ਅਜਿਹੀ ਨਹੀਂ ਹੈ ਅਸਤਿਤਵ ਵਿਚ ਜੋ ਅੱਜ ਨਹੀਂ ਕੱਲ੍ਹ ਸਾਗਰ ਨ ਹੋ ਜਾਏ। ਅੰਸ਼ ਅੰਸ਼ੀ ਹੋ ਜਾਂਦਾ ਹੈ, ਖੰਡ ਅਖੰਡ ਹੋ ਜਾਂਦਾ ਹੈ, ਸੀਮਿਤ ਅਸੀਮ ਹੋ ਜਾਂਦਾ ਹੈ। ਇੱਕ ਬੂੰਦ ਵੀ ਅਜਿਹੀ ਨਹੀਂ ਹੈ, ਜਿਸ ਦੀ ਨਿਯਤਿ ਵਿਚ ਸਾਗਰ ਹੋਣਾ ਨ ਹੋਵੇ, ਤਾਂ ਫ਼ਿਰ ਇੱਕ ਮਨੁੱਖ ਵੀ ਕਿਵੇਂ ਹੋ ਸਕਦਾ ਹੈ ਜੋ ਪਰਮਾਤਮਾ ਹੋਣ ਤੋਂ ਵਾਂਜਿਆਂ ਰਹਿ ਜਾਏ ?

ਪਰਮਾਤਮਾ ਹੋਣਾ ਮਨੁੱਖ ਦਾ ਸੁਭਾਵ ਹੈ। ਜਿਵੇਂ ਬੂੰਦ ਸਾਗਰ ਹੋ ਸਕਦੀ ਹੈ, ਇਵੇਂ ਹੀ ਮਨੁੱਖ ਸੀਮਾਵਾਂ (ਹੱਦਾਂ) ਤੋਂ ਮੁਕਤ ਹੋ ਜਾਏ ਤਾਂ ਪਰਮਾਤਮਾ ਹੋ ਸਕਦਾ ਹੈ। ਮਨੁੱਖ ਪਰਮਾਤਮਾ ਹੈ, ਸਿਰਫ਼ ਹੱਦਾਂ ਢਾਹ ਦੇਣ ਦੀ ਗੱਲ ਹੈ। ਮਨੁੱਖ ਦੇ ਪਰਮਾਤਮਾ ਹੋਣ ਵਿਚ ਹੋਰ ਕੋਈ ਰੁਕਾਵਟ ਨਹੀਂ ਹੈ ; ਅਸੀਂ ਚੌਹਾਂ ਪਾਸਿਆਂ ਤੇ ਇੱਕ ਲਛਮਣ-ਰੇਖਾ ਖਿੱਚ ਰੱਖੀ ਹੈ । ਸਾਡੀ ਖਿੱਚੀ ਹੋਈ ਰੇਖਾ (ਲਕੀਰ) ਹੈ ; ਅਸੀਂ ਹੀ ਉਸ ਲਕੀਰ ਤੋਂ ਬਾਹਰ ਨਹੀਂ ਜਾਂਦੇ ; ਅਸੀਂ ਹੀ ਕੰਧ ਉਸਾਰ ਰੱਖੀ ਹੈ; ਅਸੀਂ ਹੀ ਸੁਰਖਿਆ ਦਾ ਬੰਦੋਬਸਤ ਕਰ ਲਿਆ ਹੈ ; ਅਸੀਂ ਹੀ ਗਿਆਤ (ਜਾਣੇ ਹੋਏ) ਵਿਚ ਕੈਦ ਹੋ ਗਏ ਹਾਂ। ਅਗਿਆਤ (ਅਨਜਾਣ) ਪੁਕਾਰਦਾ ਹੈ, ਪਰ ਭੈਅ ਦੇ ਕਾਰਣ ਅਸੀਂ ਯਾਤ੍ਰਾ ਉੱਤੇ ਨਹੀਂ ਨਿਕਲ ਪਾਉਂਦੇ।

ਯੋਗ ਦੀ ਯਾਤ੍ਰਾ ਅਗਿਆਤ ਦੀ ਯਾਤ੍ਰਾ ਹੈ। ਪਰ ਅਗਿਆਤ ਦੀ ਯਾਤ੍ਰਾ ਉੱਤੇ ਤਾਂ ਉਹ ਹੀ ਜਾਏਗਾ, ਜਿਹੜਾ ਗਿਆਤ (ਜਾਣੇ ਹੋਏ) ਤੋਂ ਥਕ ਗਿਆ। ਤੁਸੀਂ ਜੋ ਜਾਣਿਆ ਉਸ ਨਾਲ ਮਨ ਭਰਿਆ ?

ਜੇਕਰ ਮਨ ਭਰ ਗਿਆ ਹੈ ਤਦ ਤਾਂ ਪਰਮਾਤਮਾ ਤੱਕ ਜਾਣ ਦਾ ਕੋਈ ਸਵਾਲ ਨਹੀਂ ਉਠਦਾ; ਪਰਮਾਤਮਾ ਤੁਹਾਨੂੰ ਮਿਲ ਹੀ ਗਿਆ। ਮਨ ਭਰ ਜਾਣ ਦਾ ਨਾਮ ਹੀ ਤਾਂ ਪਰਮਾਤਮਾ ਦਾ ਮਿਲਣਾ ਹੈ। ਮਨ ਭਰਿਆ ਨਹੀਂ ਹੈ। ਮਨ ਜ਼ਰਾ ਵੀ ਭਰਿਆ ਨਹੀਂ। ਖ਼ਾਲੀ ਦਾ ਖ਼ਾਲੀ ਹੈ। ਸਿਰਫ਼ ਆਸ਼ਾਵਾਂ—ਕੱਲ੍ਹ ਭਰ ਜਾਏਗਾ, ਪਰਸੋਂ ਭਰ ਜਾਏਗਾ—ਉਲਝਾਈ ਰੱਖਦੀਆਂ ਹਨ। ਸਿਰਫ਼ ਤਸੱਲੀਆਂ ਝੂਠੀਆਂ, ਜੋ ਕਦੇ ਪੂਰੀਆਂ ਨਹੀਂ ਹੁੰਦੀਆਂ; ਕਿਸੇ ਦੀਆਂ ਕਦੇ ਪੂਰੀਆਂ ਨਹੀਂ ਹੁੰਦੀਆਂ।

ਕੱਲ੍ਹ ਮੈਂ ਇੱਕ ਲੋਕਪ੍ਰਿਯ ਗੀਤ ਸੁਣ ਰਿਹਾ ਸੀ—

ਜਾਨੇ ਵੋ ਕੈਸੇ ਲੋਗ ਥੇ ਜਿਨਕੇ ਪਿਆਰ ਕੋ ਪਿਆਰ ਮਿਲਾ।

ਅਜਿਹੇ ਲੋਕ ਕਦੇ ਨਹੀਂ ਹੋਏ ਜਿਨ੍ਹਾਂ ਦੇ ਪਿਆਰ ਨੂੰ ਪਿਆਰ ਮਿਲਿਆ ਹੋਵੇ। ਇਸ ਸੰਸਾਰ ਵਿਚ ਕਦੇ ਕੋਈ ਤ੍ਰਿਪਤੀ ਨੂੰ ਉਪਲਬੱਧ ਨਹੀਂ ਹੋਇਆ।

ਜਾਨੇ ਵੋ ਕੈਸੇ ਲੋਗ ਥੇ ਜਿਨਕੇ ਪਿਆਰ ਕੋ ਪਿਆਰ ਮਿਲਾ
ਹਮਨੇਂ ਤੋ ਜਬ ਕਲੀਆਂ ਮਾਂਗੀਂ, ਕਾਂਟੋਂ ਕਾ ਹਾਰ ਮਿਲਾ

ਖੁਸ਼ੀਓਂ ਕੀ ਮੰਜ਼ਿਲ ਢੂੰਢੀ ਤੋ ਗ਼ਮ ਕੀ ਗ਼ਰਦ ਮਿਲੀ
ਚਾਹਤ ਕੇ ਨਗਮੇ ਚਾਹੇ ਤੋ ਆਹੇਂ-ਸਰਦ ਮਿਲੀ
ਦਿਲ ਕੇ ਬੋਝ ਕੋ ਦੂਨਾ ਕਰ ਗਿਆ, ਜੋ ਗ਼ਮਖ਼ਾਰ ਮਿਲਾ

ਬਿਛੜ ਗਯਾ ਹਰ ਸਾਥੀ ਦੇਕਰ ਪਲ ਦੋ ਪਲ ਕਾ ਸਾਥ
ਕਿਸਕੋ ਫ਼ੁਰਸਤ ਹੈ ਜੋ ਥਾਮੇਂ ਦੀਵਾਨੋਂ ਕਾ ਹਾਥ।
ਹਮਕੋ ਅਪਨਾ ਸਾਇਆ ਤਕ ਅਕਸਰ ਬੇਜ਼ਾਰ ਮਿਲਾ

ਇਸਕੋ ਹੀ ਜੀਨਾ ਕਹਤੇ ਹੈਂ ਤੋ ਯੋਂ ਹੀ ਜੀ ਲੇਂਗੇ
ਉਫ਼ ਨਾ ਕਰੇਂਗੇ, ਲਬ ਸੀ ਲੇਂਗੇ, ਆਂਸੂ ਪੀ ਲੇਂਗੇ
ਗ਼ਮ ਸੇ ਅਬ ਘਬਰਾਨਾ ਕੈਸਾ ? ਗ਼ਮ ਸੌ ਬਾਰ ਮਿਲਾ

ਜਾਨੇ ਵੋ ਕੈਸੇ ਲੋਗ ਥੇ ਜਿਨਕੇ ਪਿਆਰ ਕੋ ਪਿਆਰ ਮਿਲਾ
ਹਮਨੇਂ ਤੋ ਜਬ ਕਲੀਆਂ ਮਾਂਗੀਂ, ਕਾਂਟੋਂ ਕਾ ਹਾਰ ਮਿਲਾ।

ਅਜਿਹੇ ਲੋਕ ਕਦੇ ਹੋਏ ਹੀ ਨਹੀਂ। ਇੱਥੇ ਤਾਂ ਜਿਸਨੇ ਵੀ ਕਲੀਆਂ ਮੰਗੀਆਂ ਹਨ, ਉਸੇ ਨੂੰ ਕੰਡਿਆਂ ਦਾ ਹਾਰ ਮਿਲਿਆ ਹੈ। ਇਸ ਸੰਸਾਰ ਵਿਚ ਕੰਡਿਆਂ ਤੋਂ ਸਿਵਾਏ ਹੋਰ ਕੁਝ ਹੈ ਹੀ ਨਹੀਂ। ਹਾਂ, ਦੂਰੋਂ ਫ਼ੁੱਲ ਵਿਖਾਈ ਦਿੰਦੇ ਹਨ, ਕੋਲ ਜਾਓ ਤਾਂ ਕੰਡੇ ਸਿੱਧ ਹੁੰਦੇ ਹਨ।

ਜੋ ਨਹੀਂ ਮਿਲਿਆ, ਪਿਆਰਾ ਲਗਦਾ ਹੈ; ਜੋ ਮਿਲ ਜਾਂਦਾ ਹੈ ਓਹੀ ਹੀ ਵਿਅਰਥ ਹੋ ਜਾਂਦਾ ਹੈ। ਅਭਾਵ ਵਿਚ ਆਕਰਸ਼ਣ (ਖਿਚਾਅ) ਹੈ। ਦੂਰ ਦੇ ਢੋਲ ਸੁਹਾਵਣੇ ਹਨ।

ਯੋਗ ਦੀ ਯਾਤ੍ਰਾ ਉੱਤੇ ਤਾਂ ਉਹ ਹੀ ਨਿਕਲੇਗਾ ਜਿਸ ਨੂੰ ਇਹ ਗੱਲ ਬਿਲਕੁੱਲ ਸਾਫ਼ ਹੋ ਗਈ ਕਿ ਇੱਥੇ ਸੁਖ ਮਿਲਣਾ ਸੰਭਵ ਨਹੀਂ (ਮੁਮਕਿਨ ਨਹੀਂ) ਹੈ। ਸੁਖ ਨਾਮੁਮਕਿਨ ਹੈ ਸੰਸਾਰ ਵਿਚ। ਕਿਉਂਕਿ ਸੰਸਾਰ ਦਾ ਅਰਥ ਹੁੰਦਾ ਹੈ, ਬਾਹਰ ਯਾਤ੍ਰਾ—ਆਪਣੇ ਤੋਂ ਬਾਹਰ ਜਾਣਾ ਅਤੇ ਆਪਣੇ ਤੋਂ ਬਾਹਰ ਜਾ ਕੇ ਕੋਈ ਕਦੇ ਸੁਖ ਨੂੰ ਉਪਲਬੱਧ ਨਹੀਂ ਹੋ ਸਕੇਗਾ। ਕਿਉਂਕਿ ਜਿੰਨੇ ਤੁਸੀਂ ਆਪਣੇ ਤੋਂ ਦੂਰ ਹੋ ਜਾਓਗੇ ਓਨੇ ਹੀ ਸ੍ਵਭਾਵ ਦੇ ਪ੍ਰਤਿਕੂਲ (ਖ਼ਿਲਾਫ਼) ਹੋ ਜਾਓਗੇ। ਸ੍ਵਭਾਵ ਵਿਚ ਡੁੱਬ ਜਾਣਾ ਸੁਖ ਹੈ। ਆਪਣੇ ਸ੍ਵ ਵਿਚ ਨਿਮਗਨ ਹੋ ਜਾਣਾ ਸੁਖ ਹੈ। ਸ੍ਵਭਾਵ ਸੁਖ ਹੈ, ਵਿਭਾਵ ਦੁਖ ਹੈ।

ਤਾਂ ਜਿੰਨੇ ਤੁਸੀਂ ਆਪਣੇ ਤੋਂ ਦੂਰ ਜਾਂਦੇ ਹੋ—ਧਨ ਵਿਚ, ਪਦ ਵਿਚ, ਪ੍ਰਤਿਸ਼ਠਾ ਵਿਚ—ਓਨੇ ਹੀ ਤੁਸੀਂ ਦੁਖੀ ਹੁੰਦੇ ਚਲੇ ਜਾਂਦੇ ਹੋ। ਸੰਸਾਰ ਦਾ ਅਰਥ ਇਹ ਦਰਖ਼ੱਤ ਨਹੀਂ, ਚੰਨ-ਤਾਰੇ ਨਹੀਂ; ਸੰਸਾਰ ਦਾ ਅਰਥ ਹੈ ਮਨ ਦੀ ਬਾਹਰ ਜਾਂਦੀ ਹੋਈ ਦੌੜ। ਬਾਹਰ ਯਾਤ੍ਰਾ ਸੰਸਾਰ ਹੈ। ਅੰਤ੍ਰਯਾਤ੍ਰਾ ਧਰਮ ਹੈ।

ਜ਼ਰਾ ਆਪਣੇ ਜੀਵਨ ਨੂੰ ਗੌਰ ਨਾਲ ਵੇਖੋ, ਵਿਚਾਰੋ ਤਾਂ ਹੀ ਗੋਰਖ ਦੇ ਇਹ ਅੰਮ੍ਰਿਤ ਸ਼ਬਦ ਸਮਝ ਵਿਚ ਆ ਸਕਣਗੇ। ਗੋਰਖ ਦੇ ਹੀ ਕਿਉਂ ਸਮਸੱਤ (ਸਾਰੇ) ਬੁੱਧ ਪੁਰਸ਼ਾਂ ਦੇ ਵਚਨ ਇਸ ਲਈ ਤੁਹਾਡੇ ਕੰਮ ਨਹੀਂ ਆਉਂਦੇ ਕਿ ਤੁਸੀਂ ਆਪਣੇ ਜੀਵਨ ਦਾ ਨਿਰੀਕਸ਼ਣ (ਦੇਖ ਰੇਖ) ਨਹੀਂ ਕੀਤਾ।

ਅੱਜੇ ਵੀ ਤੁਹਾਡੀਆਂ ਆਸ਼ਾਵਾਂ ਬਾਕੀ ਹਨ। ਅੱਜੇ ਵੀ ਤੁਹਾਡੀਆਂ ਆਸਾਂ ਖੰਡਿਤ ਨਹੀਂ ਹੋਈਆਂ।

ਧੋਖਾ ਹੈ ਤਮਾਮ ਬਹਰੇ-ਦੁਨੀਆਂ,
ਦੇਖੇਗਾ ਤੋ ਹੋਂਠ ਤਰ ਨ ਹੋਗਾ।

ਵਿਖਾਈ ਪੈਂਦਾ ਹੈ, ਜਲ ਲਹਿਰਾਂ ਲੈ ਰਿਹਾ ਹੈ; ਪਰ ਦੂਰ ਤੋਂ ਵਿਖਾਈ ਪੈਂਦਾ ਹੈ। ਮ੍ਰਿਗ-ਮਰੀਚਿਕਾ ਹੈ ਅਤੇ ਜਦ ਕੋਲ ਜਾਓਗੇ, ਬੁਲ੍ਹ ਤਰ ਵੀ ਨਹੀਂ ਹੋ ਸਕਣਗੇ। ਕੰਠ ਤੱਕ ਤਾਂ ਪੁਜੱਣ ਦੀ ਗੱਲ ਦੂਰ ਬੁਲ੍ਹ ਵੀ ਤਰ ਨ ਹੋ ਸਕਣਗੇ।

ਸਬਜ ਹੋਤੀ ਹੀ ਨਹੀਂ ਯਹ ਸਰਜ਼ਮੀਂ,
ਤੁਖ਼ਮੇ ਖ਼ਵਾਹਿਸ਼ ਦਿਲ ਮੇਂ ਤੂ ਬੋਤਾ ਹੈ ਕਯਾ ?

ਇਸ ਧਰਤੀ ਤੇ ਹਰਿਆਲੀ ਕਦੇ ਹੁੰਦੀ ਹੀ ਨਹੀਂ। ਤੂੰ ਨਾਹਕ ਹੀ ਇੱਛਾਵਾਂ ਦੇ ਬੀਜ ਬੋ ਰਿਹਾ ਹੈਂ—ਆਪਣੇ ਦਿਲ ਵਿਚ। ਬਹੁਤ ਪਛਤਾਏਂਗਾ। ਇਹ ਬੀਜ ਕਦੇ ਉੱਗਰਦੇ ਨਹੀਂ।

ਸਬਜ ਹੋਤੀ ਹੀ ਨਹੀਂ ਯਹ ਸਰਜ਼ਮੀਂ
ਤੁਖ਼ਮੇ ਖ਼ਵਾਹਿਸ਼ ਦਿਲ ਮੇਂ ਤੂ ਬੋਤਾ ਹੈ ਕਯਾ ?

ਕਿਉਂ ਬੀਜਦੇ ਚਲੇ ਜਾਂਦੇ ਹੋ ਨਵੀਆਂ-ਨਵੀਆਂ ਇੱਛਾਵਾਂ ਦੇ ਬੀ ? ਪੁਰਾਣੇ ਬੀ ਨਹੀਂ ਉਪਜਦੇ ਤਾਂ ਤੁਸੀਂ ਨਵੇਂ ਬੀਜ ਬੋ ਦਿੰਦੇ ਹੋ।

ਅਜਿਹਾ ਜਨਮਾਂ-ਜਨਮਾਂ ਤੋਂ ਕਰ ਰਹੇ ਹੋ।

ਪਾਸ ਕੇ ਗਯੇ ਪੈ ਏਕ ਬੂੰਦ ਹੂ ਨ ਹਾਥ ਲਗੈ
ਦੂਰ ਸੌਂ ਦਿਖਾਤ ਮ੍ਰਿਗਤ੍ਰਿਸ਼ਣਿਕਾ ਮੇਂ ਪਾਨੀ ਹੈ।
ਸੰਕਰ ਪ੍ਰਮਾਣ-ਸਿੱਧ ਰੰਗ ਕੋ ਨਾ ਸੰਗ ਪਰ,
ਜਾਨਿ ਪਰੈ ਅੰਬਰ ਮੇਂ ਨੀਲਿਮਾ ਸਮਾਨੀ ਹੈ।
ਭਾਵ ਮੇਂ ਅਭਾਵ ਹੈ ਅਭਾਵ ਮੇਂ ਧੌਂ ਭਾਵ ਭਰਯੋ,
ਕੌਨ ਕਹੈ ਠੀਕ ਬਾਤ ਕਾਹੂ ਨੇ ਨਾ ਜਾਨੀ ਹੈ।

ਬਹੁਤ ਉਲਝਣ ਹੈ ਇਸ ਜਗਤ ਦੀ। ਭਾਵ ਵਿਚ ਅਭਾਵ ਹੈ। ਜੋ ਹੁੰਦਾ ਹੈ ਉਹ ਤਾਂ ਭੁੱਲ ਜਾਂਦਾ ਹੈ। ਜੋ ਹੈ ਉਹ ਤਾਂ ਵਿਖਾਈ ਨਹੀਂ ਪੈਂਦਾ।

ਭਾਵ ਵਿਚ ਅਭਾਵ ਹੈ, ਅਭਾਵ ਮੇਂ ਧੌਂ ਭਾਵ ਭਰਯੋ। ਅਤੇ ਜੋ ਨਹੀਂ ਹੈ ਉਸ ਵਿਚ ਸਾਡੇ ਭਾਵ ਉਲਝੇ ਰਹਿੰਦੇ ਹਨ। ਜੋ ਤੁਹਾਡੇ ਕੋਲ ਨਹੀਂ ਹੈ ਉਸ ਵਿਚ ਤੁਸੀਂ ਅਟਕੇ ਹੋ, ਇਹ ਗੱਲ ਤਾਂ ਤੁਸੀਂ ਜਾਣ ਕੇ ਹੈਰਾਨ ਹੋਵੋਗੇ।

ਲੋਕ ਸੋਚਦੇ ਹਨ ਕਿ ਜੋ ਸਾਡੇ ਕੋਲ ਹੈ ਉਸ ਵਿਚ ਅਸੀਂ ਅਟਕੇ ਹਾਂ; ਗਲਤ ਹੈ। ਜੋ ਤੁਹਾਡੇ ਕੋਲ ਹੈ ਉਸ ਵਿਚ ਤਾਂ ਤੁਸੀਂ ਜ਼ਰਾ ਵੀ ਨਹੀਂ ਅਟਕੇ ਹੋ; ਜੋ ਤੁਹਾਡੇ ਕੋਲ ਨਹੀਂ ਹੈ ਉਸ ਵਿਚ ਅਟਕੇ ਹੋ, ਤੁਹਾਡੇ ਕੋਲ ਦਸ ਹਜ਼ਾਰ ਰੁਪਏ ਹਨ, ਉਨ੍ਹਾਂ ਵਿਚ ਤੁਸੀਂ ਨਹੀਂ ਅਟਕੇ ਦਸ ਲਖ, ਜੋ ਅਜੇ ਤੁਹਾਡੇ ਕੋਲ ਨਹੀਂ ਹਨ, ਉਨ੍ਹਾਂ ਵਿਚ ਤੁਸੀਂ ਅਟਕੇ ਹੋ। ਤੁਸੀਂ ਇਹ ਦਸ ਹਜ਼ਾਰ ਛੱਡ ਵੀ ਦਿਓ ਤਾਂ ਕੁਝ ਲਾਭ ਨਹੀਂ ਹੋਏਗਾ । ਜਦ ਤੱਕ ਉਹ ਦਸ ਲਖ ਨ ਛੁਟ ਜਾਣ ਜੋ ਤੁਹਾਡੇ ਕੋਲ ਨਹੀਂ ਹਨ ...। ਇਹ ਜ਼ਰਾ ਬਹੁਤ ਉਲਟੀ ਜਿਹੀ ਗੱਲ ਮਾਲੂਮ ਹੋਏਗੀ ਕਿ ਜੋ ਨਹੀਂ ਹੈ, ਉਸ ਵਿਚ ਅਸੀਂ ਉਲਝੇ ਹਾਂ। ਜਿਹੜੀ ਪਤਨੀ

ਤੁਹਾਡੇ ਕੋਲ ਹੈ ਉਸ ਵਿਚ ਤੁਸੀਂ ਨਹੀਂ ਉਲਝੇ; ਉਸ ਕੋਲੋਂ ਤਾਂ ਤੁਸੀਂ ਕਦੋਂ ਦੇ ਮੁਕਤ ਹੋ ਗਏ ਹੋ; ਉਸਨੂੰ ਤਾਂ ਤੁਸੀਂ ਵੇਖਣਾ ਹੀ ਬੰਦ ਕਰ ਦਿੱਤਾ ਹੈ। ਉਸ ਨੂੰ ਤਾਂ ਤੁਸੀਂ ਪਛਾਣ ਵੀ ਨਹੀਂ ਸਕੋਗੇ। ਕਿੰਨੇ ਦਿਨ ਹੋ ਗਏ, ਕਿੰਨੇ ਵਰ੍ਹੇ, ਜਦ ਤੋਂ ਤੁਸੀਂ ਪਤਨੀ ਨੂੰ ਵੇਖਿਆ ਨਹੀਂ—ਭਰ-ਅੱਖ।

ਆਪਣੀ ਪਤਨੀ ਨੂੰ ਵੇਖਦਾ ਹੀ ਕੌਣ ਹੈ ! ਦੂਜਿਆਂ ਦੀਆਂ ਪਤਨੀਆਂ ਨੂੰ ਲੋਕ ਵੇਖਦੇ ਹਨ। ਜੋ ਤੁਹਾਡੇ ਕੋਲ ਨਹੀਂ ਹੈ, ਉਸ ਨਾਲ ਤੁਸੀਂ ਉਲਝੇ ਹੋ। ਅਭਾਵ ਨੇ ਉਲਝਾਇਆ ਹੈ। ਇਸ ਲਈ ਸਤਿਗੁਰੂ ਦਾ ਬਹੁਤ ਬੇਬੂਝ ਕੰਮ ਹੈ। ਉਹ ਤੁਹਾਡੇ ਕੋਲੋਂ ਉਹ ਹੀ ਖੋਹ ਲੈਂਦਾ ਹੈ ਜੋ ਤੁਹਾਡੇ ਕੋਲ ਨਹੀਂ ਹੈ ਅਤੇ ਤੁਹਾਨੂੰ ਉਹੀ ਦਿੰਦਾ ਹੈ ਜੋ ਤੁਹਾਡੇ ਕੋਲ ਹੈ। ਕੋਲ ਜਾ ਕੇ ਪਾਓਗੇ ਬੂੰਦ ਵੀ ਨਹੀਂ ਹੈ ਉੱਥੇ, ਜਿੱਥੇ ਸਾਗਰ ਲਹਿਰਾਉਂਦਾ ਮਾਲੂਮ ਹੁੰਦਾ ਸੀ।

ਇਹ ਧੋਖਾ ਇਵੇਂ ਹੀ ਹੈ ਜਿਵੇਂ ਆਕਾਸ਼ ਨੀਲਾ ਵਿਖਾਈ ਦਿੰਦਾ ਹੈ। ਬਸ ਵਿਖਾਈ ਦਿੰਦਾ ਹੈ; ਆਕਾਸ਼ ਦਾ ਕੋਈ ਰੰਗ ਨਹੀਂ ਹੈ। ਆਕਾਸ਼ ਕੋਈ ਵਸਤੂ ਥੋੜ੍ਹੇ ਹੀ ਹੈ ਕਿ ਉਸ ਉੱਤੇ ਰੰਗ ਮਲਿਆ ਜਾ ਸਕੇ। ਆਕਾਸ਼ ਤਾਂ ਸ਼ੂਨਯ ਦਾ ਨਾਮ ਹੈ।

ਸ਼ੂਨਯ ਨੂੰ ਕਿਵੇਂ ਰੰਗੋਗੇ ? ਆਕਾਸ਼ ਨੀਲਾ ਵਿਖਾਈ ਹੀ ਪੈਂਦਾ ਹੈ।

ਸੰਕਰ ਪ੍ਰਮਾਣ-ਸਿੱਧ ਰੰਗ ਕੋ ਨਾ ਸੰਗ ਪਰ,
ਜਾਨਿ ਪਰੈ ਅੰਬਰ ਮੇਂ ਨੀਲਿਮਾ ਸਮਾਨੀ ਹੈ।

ਪੱਕਾ ਪ੍ਰਮਾਣ ਹੈ ਇਸਦਾ, ਹੁਣ ਵਿਗਿਆਨਿਕ ਪ੍ਰਮਾਣ ਹੈ ਕਿ ਆਕਾਸ਼ ਵਿਚ ਕੋਈ ਰੰਗ ਨਹੀਂ ਹੁੰਦਾ। ਪਰ ਫਿਰ ਵੀ ਨੀਲਾ ਵਿਖਾਈ ਪੈਂਦਾ ਹੈ। ਅਤੇ ਰੇਗਿਸਤਾਨ ਵਿਚ ਜਦ ਤੁਸੀਂ ਤ੍ਰੇਹ ਨਾਲ ਵਿਆਕੁਲ ਹੋ ਰਹੇ ਹੋ, ਤੁਹਾਡੀ ਤ੍ਰੇਹ ਹੀ ਮ੍ਰਿਗ-ਮਰੀਚਿਕਾਵਾਂ ਪੈਦਾ ਕਰ ਲੈਂਦੀ ਹੈ। ਅਤੇ ਸਾਧਾਰਣ ਆਦਮੀ ਦੀ ਤਾਂ ਗੱਲ ਛੱਡ ਦਿਓ, ਅਸਾਧਾਰਣ ਪੁਰਸ਼ ਵੀ ਮ੍ਰਿਗ-ਮਰੀਚਿਕਾਵਾਂ ਵਿਚ ਪੈ ਜਾਂਦੇ ਹਨ। ਰਾਮ ਤੱਕ ਸਵਰਣ-ਮ੍ਰਿਗ ਨੂੰ ਫੜਨ ਨਿਕਲ ਪਏ। ਸਵਰਣ-ਮ੍ਰਿਗ ਹੁੰਦੇ ਹਨ ? ਕਦੇ ਹੋਏ ਹਨ ?

ਕਥਾ ਪਿਆਰੀ ਹੈ ! ਸੀਤਾ ਨੂੰ ਗੁਆ ਬੈਠੇ ਰਾਮ—ਰਾਵਣ ਦੇ ਕਾਰਣ ਨਹੀਂ; ਸਵਰਣ-ਮ੍ਰਿਗ ਨੂੰ ਲੱਭਣ ਨਿਕਲ ਪਏ, ਇਸ ਕਾਰਣ। ਜੇਕਰ ਤੁਸੀਂ ਮੇਰੇ ਕੋਲੋਂ ਪੁੱਛੋ ਕਿ ਰਾਵਣ ਨੇ ਸੀਤਾ ਚੁਰਾਈ ਇਹ ਗੱਲ ਗਲਤ ਹੈ; ਰਾਮ ਨੇਂ ਸੀਤਾ ਗੁਆਈ, ਇਹ ਗੱਲ ਮਹੱਤਵਪੂਰਣ ਹੈ। ਥੋੜ੍ਹਾ ਸੋਚੋ ਤਾਂ, ਤੁਸੀਂ ਵੀ ਹੁੰਦੇ ਤਾਂ ਸੋਚਦੇ ਕਿ ਕਿੱਤੇ ਸੋਨੇ ਦਾ ਮ੍ਰਿਗ ਹੁੰਦਾ ਹੈ, ਕਦੇ ਹੋਇਆ ਹੈ ? ਪਰ ਸਵਰਣ ਮ੍ਰਿਗ ਵਿਖਾਈ ਪਿਆ, ਟੁਰੇ ਰਾਮ ਲੱਭਣ। ਚੁੱਕ ਲਿਆ ਧਨੁਸ਼-ਬਾਣ। ਛੱਡ ਗਏ ਸੀਤਾ ਨੂੰ। ਜੋ ਸੀ ਉਸ ਨੂੰ ਛੱਡ ਗਏ ਉਸਦੇ ਲਈ, ਜੋ ਨਹੀਂ ਹੈ; ਅਤੇ ਜੋ ਕਦੇ ਹੋਇਆ ਨਹੀਂ, ਜੋ ਕਦੇ ਹੋ ਵੀ ਨਹੀਂ ਸਕਦਾ। ਬੁੱਧੀ ਜਿਸਦੇ ਬਿਲਕੁੱਲ ਉਲਟ ਹੈ, ਵਿਚਾਰ ਉਲਟ ਹਨ, ਸਮਝ ਜਿਸ ਦੇ ਵਿਪਰੀਤ ਹੈ—ਉਸ ਸਵਰਣ-ਮ੍ਰਿਗ (ਹਿਰਨ) ਨੂੰ ਲੱਭਣ ਟੁਰ ਪਏ !

ਪਰ ਕਥਾ ਪ੍ਰੀਤੀਕਰ ਹੈ। ਇਵੇਂ ਹੀ ਤਾਂ ਅਸੀਂ ਸਭ ਵੀ ਤਾਂ ਸਵਰਣ-ਮ੍ਰਿਗ ਨੂੰ ਲੱਭਣ ਨਿਕਲੇ ਹਾਂ ਅਤੇ ਸੀਤਾਵਾਂ ਨੂੰ ਗੁਆ ਬੈਠੇ ਹਾਂ। ਸੀਤਾ ਯਾਨੀ ਤੁਹਾਡੀ ਆਤਮਾ, ਜੋ ਤੁਹਾਡੇ ਕੋਲ ਹੈ। ਉਸਨੂੰ ਤਾਂ ਤੁਸੀਂ ਭੁੱਲ ਹੀ ਗਏ ਹੋ। ਉਸਦੇ ਵਲ ਤਾਂ ਪਿੱਠ ਕਰ ਲਈ ਹੈ। ਟੁਰੇ

ਸਵਰਣ-ਮ੍ਰਿਗ ਦੀ ਤਲਾਸ਼ ਵਿਚ—ਪਦ-ਪ੍ਰਤਿਸ਼ਠਾ, ਧਨ, ਜਸ, ਗੌਰਵ। ਇਹ ਸਭ ਸਵਰਣ-ਮ੍ਰਿਗ ਹਨ—ਜੋ ਨ ਕਦੇ ਹੋਏ ਹਨ, ਨ ਕਦੇ ਹੁੰਦੇ ਹਨ।

ਹਸਤੀ ਅਪਨੀ ਹੁਬਾਬ ਕੀ ਸੀ ਹੈ,
ਯਹ ਨੁਮਾਇਸ਼ ਸ਼ਰਾਬ ਕੀ ਸੀ ਹੈ।
ਚਸ਼ਮੇ-ਦਿਲ ਖੋਲ੍ਹ ਉਸ ਭੀ ਆਲਮ ਪਰ,
ਯਾਂ ਕੀ ਔਕਾਤ ਖ਼ਾਕ ਕੀ ਸੀ ਹੈ।

ਜ਼ਰਾ ਆਪਣਾ ਹ੍ਰਿਦਾ ਉਸ ਪਰਲੋਕ ਦੇ ਵਲ ਵੀ ਖੋਲ੍ਹੋ, ਕਿਉਂਕਿ ਇੱਥੇ ਤਾਂ ਸਭ ਹੈ ਜੋ ਸੁਫ਼ਨੇ ਵਰਗਾ ਹੈ। ਚਸ਼ਮੇ-ਦਿਲ ਖੋਲ੍ਹ ਉਸ ਭੀ ਆਲਮ ਪਰ ! ਦਿਲ ਦੀ ਅੱਖ ਉਸ ਸੱਚ ਵਲ ਵੀ ਖੋਲ੍ਹੋ, ਘੁੰਡ ਚੁੱਕੋ, ਪਰਦੇ ਹਟਾਓ। ਯਾਂ ਕੀ ਔਕਾਤ ਖ਼ਾਕ ਕੀ-ਸੀ ਹੈ। ਕਿਉਂਕਿ ਇੱਥੇ ਦੀ ਜੋ ਸੱਤਾ ਹੈ ਇਸ ਸੰਸਾਰ ਦੀ, ਉਹ ਇੱਕ ਸੁਫ਼ਨੇ ਤੋਂ ਜ਼ਿਆਦਾ ਨਹੀਂ ਹੈ। ਹਸਤੀ ਅਪਨੀ ਹੁਬਾਬ ਕੀ-ਸੀ ਹੈ। ਇੱਕ ਬੁਲਬੁਲੇ ਜਿਹੀ ਹਸਤੀ ਹੈ। ਪਾਣੀ ਦਾ ਬੁਲਬੁਲਾ, ਹੁਣੇ ਬਣਿਆ ਅਤੇ ਮਿਟਿਆ। ਯਹ ਨੁਮਾਇਸ਼ ਸ਼ਰਾਬ ਕੀ ਸੀ ਹੈ। ਇਹ ਤਾਂ ਮ੍ਰਿਗ-ਜਲ ਜਿਹਾ ਪ੍ਰਦਰਸ਼ਨ ਚਲ ਰਿਹਾ ਹੈ—ਝੂਠਾ; ਮੰਨ ਲਿਆ ਇਸ ਲਈ ਹੈ।

ਹੋਰ, ਲੋਕ ਕੀ-ਕੀ ਮੰਨ ਨਹੀਂ ਲੈਂਦੇ ! ਸਾਡਾ ਸਾਰਾ ਸੰਸਾਰ ਸਾਡੀਆਂ ਮਾਨਤਾਵਾਂ ਤੋਂ ਨਿਰਮਿਤ ਹੈ। ਅਸੀਂ ਮੰਨ ਲਿਆ ਹੈ। ਸਾਰੀ ਗੱਲ ਮੰਨਣ ਦੀ ਹੈ। ਅਤੇ ਮੰਨ ਲਿਆ ਹੈ ਤਾਂ ਤੁਰੇ ਜਾਂਦੇ ਹਾਂ। ਜਿਸਨੇ ਨਹੀਂ ਮੰਨਿਆ ਹੈ ਉਹੋ-ਜਿਹਾ, ਉਹ ਹੱਸੇਗਾ।

ਜਿਸ ਆਦਮੀ ਨੂੰ ਧਨ ਦੀ ਦੌੜ ਲਗੀ ਹੈ, ਉਸਦੇ ਲਈ ਧਨ ਸਚਾਈ ਹੈ। ਅਤੇ ਜਿਸ ਨੂੰ ਧਨ ਦੀ ਦੌੜ ਨਹੀਂ ਲਗੀ ਹੈ ਉਹ ਹੱਸੇਗਾ ਕਿ ਤੁਸੀਂ ਪਾਗਲ ਹੋ, ਧਨ ਦਾ ਕਰੋਗੇ ਕੀ, ਧਨ ਨਾਲ ਹੋਏਗਾ ਕੀ ? ਸਭ ਇੱਥੇ ਪਿਆ ਰਹਿ ਜਾਏਗਾ।

ਜਿਸਦੀ ਮਾਨਤਾ ਨਹੀਂ ਹੈ, ਉਹ ਬਹੁਤ ਹੈਰਾਨ ਹੁੰਦਾ ਹੈ ਕਿ ਤੁਸੀਂ ਕਿਸ ਚੀਜ਼ ਦੇ ਪਿੱਛੇ ਦੌੜ ਰਹੇ ਹੋ ! ਪਰ ਜਿਸਦੀ ਮਾਨਤਾ ਹੈ ਉਸਦੀਆਂ ਅੱਖਾਂ ਵਿਚ ਨਸ਼ਾ ਹੈ; ਉਹ ਹੋਸ਼ ਵਿਚ ਨਹੀਂ ਹੈ।

ਇਹ ਸੰਸਾਰ ਸਾਡੀ ਕਾਮਨਾ, ਸਾਡੀ ਤ੍ਰਿਸ਼ਣਾ, ਸਾਡੀ ਦੌੜ, ਸਾਡੀ ਮਹਤੱਵਕਾਂਕਸ਼ਾ ਦਾ ਪਰਿਣਾਮ ਹੈ। ਅਤੇ ਜਿਹੜਾ ਇਸ ਮਹੱਤਵਕਾਂਕਸ਼ਾ ਦੇ ਜਵਰ (ਬੁਖ਼ਾਰ) ਨਾਲੋਂ ਨਹੀਂ ਜਾਗੇਗਾ, ਉਹ ਕਦੇ ਪਛਾਣ ਨਹੀਂ ਪਾਏਗਾ ਸ੍ਵੈ ਨੂੰ। ਸ੍ਵੈ ਨੂੰ ਜਾਣੇ ਬਿਨਾਂ ਕੋਈ ਸੁਖ ਨਹੀਂ ਹੈ।

ਸ੍ਵੈ ਨੂੰ ਜਾਣੇ ਬਿਨਾਂ ਕੋਈ ਸੰਗੀਤ ਨਹੀਂ ਹੈ। ਸ੍ਵੈ ਨੂੰ ਜਾਣੇ ਬਿਨਾਂ ਕੋਈ ਅੰਮ੍ਰਿਤ ਦਾ ਸੁਆਦ ਨਹੀਂ ਹੈ। ਇਹ ਸੂਤਰ ਉਸੇ ਅੰਮ੍ਰਿਤ ਦੀ ਤਲਾਸ਼ ਲਈ ਹਨ।

ਸੁਣੋ ਹੋ ਨਰਵੈ ਸੁਧਿ-ਬੁਧਿ ਕਾ ਵਿਚਾਰ।

ਗੋਰਖ ਕਹਿੰਦੇ ਹਨ : ਓਏ ਸਮ੍ਰਾਟੋ ! ... ਤੁਹਾਨੂੰ ਸਮ੍ਰਾਟ ਕਹਿੰਦੇ ਹਨ, ਯਾਦ ਰਖੱਣਾ। ਕਿਉਂਕਿ ਹੋ ਤਾਂ ਤੁਸੀਂ ਸਮ੍ਰਾਟ, ਮੰਨ ਲਿਆ ਹੈ ਤੁਸੀਂ ਕਿ ਭਿੱਖ-ਮੰਗੇ ਹੋ। ਹੋ ਤਾਂ ਤੁਸੀਂ ਮਾਲਿਕ, ਮੰਨ ਲਿਆ ਕਿ ਗੁਲਾਮ ਹੋ। ਮੰਨ ਲਿਆ ਤਾਂ ਹੋ ਗਏ।

ਸੁਣੋਂ ਹੋ ਨਰਵੈ ! ਓਏ ਸਮ੍ਰਾਟੋ ! ਸੁਣੋ। ਸੁਧਿ-ਬੁਧਿ ਕਾ ਵਿਚਾਰ। ਥੋੜ੍ਹੀ ਸਮਝ ਦੀ, ਥੋੜ੍ਹੀ ਬੋਧ ਦੀ ਗੱਲ ਵੀ ਸੁਣੋਂ; ਕਿ ਦੌੜਦੇ ਹੀ ਰਹੋਗੇ, ਕਿ ਭਜਦੇ ਹੀ ਰਹੋਗੇ?

ਰੁਕੋਗੇ ਨਹੀਂ ? ਰੁੱਕ ਕੇ ਥੋੜ੍ਹਾ ਵਿਚਾਰ ਨਹੀਂ ਕਰੋਗੇ, ਬਹੁਤ ਭੱਜ ਲਏ ਕਿੱਥੇ ਪਹੁੰਚੇ ? ਇੱਕ ਵਾਰੀ ਫ਼ਿਰ ਤੋਂ ਨਿਰੀਕਸ਼ਣ (ਦੇਖ ਰੇਖ) ਕਰੋ।

ਪੰਚ ਤਤ ਲੇ ਉਤਪਨਾ ਸਕਲ ਸੰਸਾਰ।

ਇਹ ਤੁਸੀਂ ਜਿਹੜੀਆਂ ਚੀਜ਼ਾਂ ਦੇ ਪਿੱਛੇ ਭਜਦੇ ਜਾ ਰਹੇ ਹੋ, ਉਥੇ ਕੁਝ ਵੀ ਨਹੀਂ ਹੈ, ਪੰਜ ਤੱਤਾਂ ਦੀ ਖੇਡ ਹੈ। ਮਿੱਟੀ, ਜਲ, ਵਾਯੂ, ਅਗਨਿ, ਆਕਾਸ਼—ਇਨ੍ਹਾਂ ਨਾਲ ਇਹ ਸਾਰੀ ਖੇਡ ਨਿਰਮਿਤ ਹੋਈ ਹੈ। ਇਸ ਖੇਡ ਵਿਚ ਕੁਝ ਵੀ ਨਹੀਂ ਹੈ। ਅਤੇ ਜਿਸ ਨੂੰ ਤੁਸੀਂ ਤਲਾਸ਼ ਕਰ ਰਹੇ ਹੋ ਉਹ ਤੁਹਾਡੇ ਅੰਦਰ ਮੌਜੂਦ ਹੈ। ਇਨ੍ਹਾਂ ਪੰਜ ਤੱਤਾਂ ਤੋਂ ਜੋ ਪਾਰ ਹੈ, ਉਹ ਤੁਹਾਡੇ ਅੰਦਰ ਮੌਜੂਦ ਹੈ। ਇਹ ਪੰਜ ਤੱਤ ਤਾਂ ਬਣਦੇ ਹਨ ਅਤੇ ਮਿਟਦੇ ਹਨ; ਡਿੱਗਦੇ ਹਨ ਅਤੇ ਉਠਦੇ ਹਨ। ਇਹ ਤਾਂ ਲਹਿਰਾਂ ਹਨ। ਇਨ੍ਹਾਂ ਦੇ ਨਾਲ ਤੁਸੀਂ ਕਦੇ ਆਨੰਦਿਤ ਨਹੀਂ ਹੋ ਸਕੋਗੇ, ਕਿਉਂਕਿ ਇਹ ਬਣ ਵੀ ਨਹੀਂ ਪਾਉਂਦੀਆਂ ਕਿ ਮਿੱਟ ਜਾਂਦੀਆਂ ਹਨ। ਇਨ੍ਹਾਂ ਦੇ ਨਾਲ ਤੁਸੀਂ ਕਿਵੇਂ ਜੀ ਪਾਓਗੇ ? ਇਹ ਛਣਭੰਗੁਰ (ਪਲ ਭਰ ਦਾ ਛਲਾਵਾ) ਹਨ। ਇਸ ਤੋਂ ਦੁਖ ਮਿਲਦਾ ਹੈ।

ਤੁਸੀਂ ਜ਼ਰਾ ਉਸਨੂੰ ਲੱਭੋ ਜੋ ਸਦਾ ਰਹਿਣ ਵਾਲਾ ਹੈ। ਅਤੇ ਉਹ ਤੁਹਾਡੇ ਅੰਦਰ ਬੈਠਾ ਹੈ। ਇਸ ਸੰਸਾਰ ਨੂੰ ਜੇਕਰ ਵੇਖੋ ਗੌਰ ਨਾਲ ਤਾਂ ਤੁਹਾਨੂੰ ਵੇਖਣ ਵਾਲੇ ਦੀ ਸਮਝ ਆਉਣ ਲਗੇਗੀ। ਅਤੇ ਜੇਕਰ ਇਸ ਨੂੰ ਮੂਰਛਾ (ਬੇਹੋਸ਼ੀ) ਨਾਲ ਵੇਖੋ ਤਾਂ ਵੇਖਣ ਵਾਲਾ ਤਾਂ ਭੁੱਲ ਹੀ ਜਾਂਦਾ ਹੈ; ਉਲਝ ਗਏ ਨਜ਼ਾਰੇ ਵਿਚ। ਜਿਹੜਾ ਉਲਝਿਆ ਨਜ਼ਾਰੇ ਵਿਚ ਉਹ ਭਟਕਿਆ ਅਤੇ ਜੋ ਦ੍ਰਿਸ਼ਟਾ ਵਿਚ (ਵੇਖਣ ਵਾਲਾ) ਜਾਗਿਆ ਉਹ ਪਹੁੰਚ ਗਿਆ।

ਪਹਲੈ ਆਰੰਭ ਘਟ ਪਰਚਾ ਕਰੌ ਨਿਸਪਤੀ।
ਨਰਵੈ ਬੋਧ ਕਥੰਤ ਸ੍ਰੀ ਗੋਰਸ਼ਜਤੀ।

ਗੋਰਖ ਕਹਿੰਦੇ ਹਨ : ਓਏ ਸਮ੍ਰਾਟੋ, ਤੁਹਾਨੂੰ ਚਾਰ ਗੱਲਾਂ ਕਹਿਣੀਆਂ ਹਨ। ਗੋਰਖ ਆਪਣੀ ਪੂਰੀ ਜੀਵਨ-ਚਿੰਤਨਾ ਨੂੰ ਇਨ੍ਹਾਂ ਚਾਰ ਗੱਲਾਂ ਵਿਚ ਢਾਲ ਦਿੰਦੇ ਹਨ।

ਪਹਿਲੈ ਆਰੰਭ ਘਟ ਪਰਚਾ ਕਰੌ ਨਿਸਪਤੀ। ਚਾਰ ਗੱਲਾਂ-ਪਹਿਲਾ ਹੈ; ਆਰੰਭ। ਆਰੰਭ ਦਾ ਅਰਥ ਹੈ : ਅੱਜੇ ਤੱਕ ਤੁਸੀਂ ਬਾਹਰ ਹੀ ਦੌੜਦੇ ਰਹੇ ਹੋ, ਤੁਸੀਂ ਅੰਤਰਯਾਤ੍ਰਾ ਦਾ ਆਰੰਭ ਹੀ ਨਹੀਂ ਕੀਤਾ। ਤੁਸੀਂ ਅੱਖਾਂ ਪਿੱਛੇ ਨਹੀਂ ਫ਼ੇਰੀਆਂ। ਤੁਸੀਂ ਪਰਤ ਕੇ ਨਹੀਂ ਵੇਖਿਆ। ਜਿਸ ਨੂੰ ਮਹਾਵੀਰ ਨੇ ਪ੍ਰਤਿਕ੍ਰਮਣ ਕਿਹਾ ਹੈ।

ਚਿੱਤ ਦੀਆਂ ਦੋ ਦਿਸ਼ਾਵਾਂ ਹਨ—ਆਕ੍ਰਮਣ (ਹਮਲਾ) ...। ਆਕ੍ਰਮਣ ਯਾਨੀ ਬਾਹਰ ਦੇ ਵਲ, ਪ੍ਰਤਿਕ੍ਰਮਣ ਯਾਨੀ ਅੰਦਰ ਵਲ। ਆਕ੍ਰਮਣ ਯਾਨੀ ਦੂਜੇ ਉੱਤੇ, ਪ੍ਰਤਿਕ੍ਰਮਣ ਯਾਨੀ ਆਪਣੇ ਉੱਤੇ। ਜਾਂ ਜਿਸ ਨੂੰ ਪਤੰਜਲੀ ਨੇ ਪ੍ਰਤਯਾਹਾਰ ਕਿਹਾ ਹੈ। ਪਰਤ ਆਓ ਆਪਣੇ ਉੱਤੇ ਪਰਤ ਆਓ। ਇਸੇ ਨੂੰ ਜੀਸਸ ਨੇ ਕਨਵਰਸਨ ਕਿਹਾ ਹੈ। ਕਨਵਰਸਨ ਦਾ ਇਹ ਅਰਥ ਨਹੀਂ ਹੁੰਦਾ ਕਿ ਕੋਈ ਹਿੰਦੂ ਇਸਾਈ ਹੋ ਜਾਏ ਕਿ ਕੋਈ ਇਸਾਈ ਹਿੰਦੂ ਹੋ ਜਾਏ। ਇਹ ਕੋਈ ਕਨਵਰਸਨ ਹੈ ? ਕਨਵਰਸਨ ਦਾ ਅਰਥ ਹੁੰਦਾ ਹੈ ਬਾਹਰ ਯਾਤ੍ਰਾ ਅੰਤਰ ਯਾਤ੍ਰਾ ਹੋ ਜਾਏ। ਤੁਸੀਂ ਮੰਦਿਰ ਬਾਹਰ ਨਾ ਲੱਭੋ, ਅੰਦਰ ਲੱਭੋ। ਤੁਸੀਂ ਬਾਹਰ ਦੇ ਤੀਰਥਾਂ ਤੇ ਨ ਜਾਓ, ਤੁਸੀਂ ਅੰਦਰ ਇਸ਼ਨਾਨ ਕਰੋ। ਤੁਸੀਂ ਧਿਆਨ ਵਿਚ ਡੁੱਬਕੀ ਲਾਓ, ਤਾਂ ਜੀਵਨ

ਵਿਚ ਕ੍ਰਾਂਤੀ ਸ਼ੁਰੂ ਹੁੰਦੀ ਹੈ। ਉਸ ਕ੍ਰਾਂਤੀ ਨੂੰ ਗੋਰਖ ਕਹਿੰਦੇ ਹਨ ਆਰੰਭ। ਤਦ ਤੁਹਾਡਾ ਮਨੁੱਖ ਹੋਣਾ ਸ਼ੁਰੂ ਹੋਇਆ, ਏਸ ਲਈ ਕਹਿੰਦੇ ਹਨ ਆਰੰਭ (ਸ਼ੁਰੂ)। ਪਸ਼ੂ ਵੀ ਬਾਹਰ ਜੀਉਂਦੇ ਹਨ, ਪੌਦੇ ਵੀ ਬਾਹਰ ਜੀਉਂਦੇ ਹਨ; ਸਿਰਫ਼ ਇੱਕ ਮਨੁੱਖ ਹੈ ਇਸ ਧਰਤੀ ਉੱਤੇ ਜੋ ਅੰਦਰ ਜਾ ਸਕਦਾ ਹੈ।

ਬਾਹਰ ਤਾਂ ਸਭ ਹੀ ਦੌੜਦੇ ਹਨ, ਇਸ ਵਿਚ ਕੋਈ ਖ਼ੂਬੀ ਨਹੀਂ ਹੈ। ਤੁਹਾਡੇ ਜੀਵਨ ਵਿਚ ਮਹਿਮਾਂ ਪ੍ਰਾਰੰਭ ਹੁੰਦੀ ਹੈ ਉਸ ਦਿਨ, ਜਿਸ ਦਿਨ ਤੁਸੀਂ ਅੰਦਰ ਪਰਤਣਾ ਸ਼ੁਰੂ ਹੁੰਦੇ ਹੋ। ਹੋਏ ਗੌਰਵਵਾਨ। ਮਹਿਮਾਵਾਨ। ਹੋਏ ਮਨੁੱਖ। ਤੁਹਾਡੇ ਅੰਦਰ ਜਨਮ ਹੋਇਆ ਆਤਮਾ ਦਾ। ਤੁਹਾਡੇ ਅੰਦਰ ਪਰਮਾਤਮਾ ਦੀ ਤਲਾਸ਼ ਸ਼ੁਰੂ ਹੋਈ। ਇਹ ਵੱਡੀ ਤੋਂ ਵੱਡੀ ਕ੍ਰਾਂਤੀ ਹੈ। ਹੋਰ ਕੋਈ ਇੰਨੀ ਵੱਡੀ ਕ੍ਰਾਂਤੀ ਨਹੀਂ ਹੈ। ਅੰਤਰ ਕ੍ਰਾਂਤੀ ਹੈ। ਉਸਨੂੰ ਕਹਿੰਦੇ ਹਨ ਗੋਰਖ-ਆਰੰਭ। ਉਹ ਕਹਿੰਦੇ ਹਨ ਕਿ ਸੁਣੋ, ਓਏ ਸਮ੍ਰਾਟੋ ! ਤੁਸੀਂ ਅੱਜੇ ਆਪਣੇ ਸਾਮਰਾਜ ਦਾ ਆਰੰਭ ਵੀ ਨਹੀਂ ਕੀਤਾ। ਜਿਸ ਸੰਪੱਤਿ ਦੇ ਤੁਸੀਂ ਮਾਲਿਕ ਹੋ, ਤੁਸੀਂ ਪਹਿਲੀ ਕੁਦਾਲੀ ਵੀ ਨਹੀਂ ਮਾਰੀ ਉਸ ਖ਼ਜ਼ਾਨੇ ਨੂੰ ਪੁੱਟਣ ਲਈ।

ਦੂਜਾ: ਘਟ। ਘੱਟ ਦਾ ਅਰਥ ਹੁੰਦਾ ਹੈ ਘੜਾ। ਇਹ ਜੋ ਸ਼ਰੀਰ ਹੈ ਇਹ ਘੜਾ ਹੈ। ਘੱਟ, ਮੰਦਿਰ ਹੈ। ਇਸਦੇ ਅੰਦਰ ਮਾਲਿਕ ਲੁੱਕਿਆ ਹੈ। ਇਸ ਘੱਟ ਦੇ ਅੰਦਰ ਆਕਾਸ਼ ਲੁੱਕਿਆ ਹੈ। ਘੱਟ ਵਿਚ ਹੀ ਨ ਉਲਝ ਜਾਣਾ, ਕਿਉਂਕਿ ਜਦ ਤੁਸੀਂ ਅੰਦਰ ਵਲ ਮੁੜੋਗੇ, ਤਦ ਤੁਹਾਨੂੰ ਪਤਾ ਲੱਗੇਗਾ ਕਿ ਸ਼ਰੀਰ ਇੰਨੀ ਨਿੱਕੀ ਚੀਜ਼ ਨਹੀਂ ਹੈ, ਜਿੰਨੀ ਤੁਸੀਂ ਸਮਝੀ ਹੈ। ਸ਼ਰੀਰ ਬਹੁਤ ਰਹੱਸਯ-ਪੂਰਣ ਹੈ। ਸ਼ਰੀਰ ਆਪਣੇ-ਆਪ ਵਿਚ ਇੱਕ ਸੰਸਾਰ ਹੈ।

ਵਿਗਿਆਨਿਕ ਕਹਿੰਦੇ ਹਨ ਇੱਕ-ਇੱਕ ਸ਼ਰੀਰ ਵਿਚ ਘਟੋ-ਘੱਟ ਸਤ ਕਰੋੜ ਜੀਵਾਣੂ ਹਨ। ਇਸ ਲਈ ਅਸੀਂ ਇਸ ਨੂੰ ਪੁਰਸ਼ ਕਿਹਾ ਹੈ ਆਤਮਾ ਨੂੰ। ਕਿਉਂਕਿ ਸ਼ਰੀਰ ਨੂੰ ਪੂਰ ਰਿਹਾ ਹੈ, ਨਗਰ, ਵਸਿਆ ਹੋਇਆ ਨਗਰ। ਬੰਬਈ ਵੀ ਛੋਟੀ ਹੈ। ਕਲੱਕਤਾ ਵੀ ਛੋਟਾ ਹੈ, ਕਲਕੱਤੇ ਦੀ ਆਬਾਦੀ ਇੱਕ ਕਰੋੜ, ਤੁਹਾਡੇ ਸ਼ਰੀਰ ਦੀ ਅਬਾਦੀ ਪੰਜ ਕਰੋੜ। ਪੰਜ ਕਰੋੜ ਜੀਵਾਣੂ। ਪੰਜ ਕਰੋੜ ਜੀਵੰਤ ਕੋਸ਼ਠ ਤੁਹਾਡੇ ਸ਼ਰੀਰ ਦਾ ਨਿਰਮਾਣ ਕਰਦੇ ਹਨ। ਇਹ ਕੋਈ ਨਿੱਕੀ ਘਟਨਾ ਨਹੀਂ ਹੈ। ਸਿਰਫ਼ ਸ਼ਰੀਰ ਦੀ ਛੋਟੀ ਜਿਹੀ ਸੀਮਾਂ ਨੂੰ ਵੇਖਕੇ ਭਰਮ ਵਿਚ ਨ ਪੈ ਜਾਣਾ। ਹੁਣ ਤਾਂ ਤੁਹਾਨੂੰ ਜਾਨਣਾ ਚਾਹੀਦਾ ਕਿ ਵਿਗਿਆਨਿਕਾਂ ਨੇ ਅਣੂ-ਸ਼ਕਤੀ ਦੀ ਖੋਜ ਕੀਤੀ—ਅਣੂ ਜਿਹੜਾ ਅੱਖ ਨਾਲ ਵਿਖਾਈ ਨਹੀਂ ਪੈਂਦਾ; ਪਰ ਅਣੂ ਦਾ ਵਿਸਫੋਟ ਹੋਵੇ ਤਾਂ ਨੱਬੇ ਸੈਕਿੰਡ ਵਿਚ ਇੱਕ ਲਖ ਅਬਾਦੀ ਵਾਲਾ ਹਿਰੋਸ਼ਿਮਾ ਸੁਆਹ ਹੋ ਗਿਆ। ਜੋ ਅੱਖ ਨਾਲ ਨਹੀਂ ਵਿਖਾਈ ਪੈਂਦਾ, ਉਸ ਵਿਚ ਇੰਨੀ ਵਿਰਾਟ ਊਰਜਾ ਲੁੱਕੀ ਹੋਈ ਹੋ ਸਕਦੀ ਹੈ। ਤਾਂ ਦੇਹ ਤਾਂ ਬਹੁਤ ਵੱਡੀ ਹੈ। ਇਸ ਵਿਚ ਬਹੁਤ ਵਿਰਾਟ ਊਰਜਾ ਲੁੱਕੀ ਹੈ।

ਇਸਦੇ ਬਹੁਤ ਰਹੱਸਯ (ਰਾਜ਼) ਹਨ। ਜੇਕਰ ਤੁਸੀਂ ਅੰਦਰ ਵਲ ਮੁੜੋਗੇ ਤਾਂ ਪਹਿਲਾ ਪਰਿਚੈ (ਮੁਲਾਕਾਤ) ਤਾਂ ਦੇਹ ਨਾਲ ਹੋਏਗਾ। ਕਿਉਂਕਿ ਦੇਹ ਮੰਦਿਰ ਹੈ। ਜੇਕਰ ਮੰਦਿਰ ਵਿਚ ਜਾਓਗੇ ਤਾਂ ਪਹਿਲਾਂ ਮੰਦਿਰ ਦੀਆਂ ਪੌੜੀਆਂ ਚੜ੍ਹੋਗੇ, ਮੰਦਿਰ ਦੀਆਂ ਕੰਧਾਂ ਪਾਰ ਕਰੋਗੇ, ਦਰਵਾਜ਼ੇ ਤੋਂ ਲੰਘੋਗੇ, ਤਦ ਅੰਤਰਗ੍ਰਹ ਵਿਚ ਪਹੁੰਚ ਪਾਓਗੇ। ਇਸ ਲਈ ਪਹਿਲਾਂ

ਤਾਂ ਅੰਤਰਯਾਤ੍ਰਾ ਸ਼ੁਰੂ ਕਰੋ, ਫ਼ਿਰ ਇਸ ਘਰ ਨਾਲ ਵਾਕਿਫ਼ ਹੋ ਜਾਓ। ਨਹੀਂ ਤਾਂ ਮਾਲਿਕ ਨਾਲ ਮਿਲਨ ਨਹੀਂ ਹੋ ਸਕੇਗਾ।

ਕੁਦਰਤੀ ਹੈ : ਇਸ ਦੇਹ ਦਾ ਵਿਰੋਧ ਨ ਕਰਨਾ। ਇਸ ਨੂੰ ਸਤਾਉਣ ਨ ਲਗ ਜਾਣਾ। ਨਹੀਂ ਤਾਂ ਸਮਝ ਨਹੀਂ ਪਾਓਗੇ। ਇਹ ਪ੍ਰਭੂ ਦਾ ਬਹੁਤ ਪਿਆਰਾ ਵਰਦਾਨ ਹੈ। ਇਸਨੂੰ ਦਬਾਉਣਾ ਨ, ਸਤਾਉਣਾ ਨ, ਪਰੇਸ਼ਾਨ ਨ ਕਰਨਾ : ਕਿਉਂਕਿ ਇਸ ਨੂੰ ਦਬਾਉਣਾ, ਸਤਾਉਣਾ, ਪਰੇਸ਼ਾਨ ਕਰਨਾ ਪ੍ਰਭੂ ਦਾ ਇਨਕਾਰ ਹੈ, ਨਾਸਤਿਕਤਾ ਹੈ। ਆਸਤਿਕ ਤਾਂ ਪਰਮਾਤਮਾ ਨੂੰ ਧੰਨਵਾਦ ਦੇਵੇਗਾ ਕਿ ਕਿਹੋ-ਜਿਹੀ ਪਿਆਰੀ ਦੇਹ ਦਿੱਤੀ ਹੈ ! ਮਿੱਟੀ ਵਿਚ ਵੀ ਕਿਹੋ ਜਿਹਾ ਰੂਪ ਭਰਿਆ ਹੈ। ਪੰਚ ਤੱਤਾਂ ਵਿਚ ਵੀ ਕਿਹੋ ਜਿਹਾ ਜਾਦੂ ਹੈ। ਪਰਮਾਤਮਾ ਜਾਦੂਗਰ ਹੈ। ਉਸਦੇ ਜਾਦੂ ਦੀ ਸਭ ਤੋਂ ਵੱਡੀ... ਸਭ ਤੋਂ ਵੱਡਾ ਪ੍ਰਮਾਣ ਜੇਕਰ ਕੋਈ ਹੋ ਸਕਦਾ ਹੈ ਤਾਂ ਉਹ ਤੁਹਾਡੀ ਦੇਹ ਹੈ।

ਵਿਗਿਆਨਿਕ ਕਹਿੰਦੇ ਹਨ : ਜਿੰਨਾ ਕੰਮ ਦੇਹ ਵਿਚ ਹੁੰਦਾ ਹੈ, ਜੇਕਰ ਸਾਨੂੰ ਕਿਸੇ ਕਾਰਖ਼ਾਨੇ ਵਿਚ ਕਰਨਾ ਪਏ ਤਾਂ ਚਾਰ ਮੀਲ ਤੱਕ ਉਨ੍ਹਾਂ ਦੀ ਆਵਾਜ਼ ਗੂੰਜੇਗੀ। ਅੱਜੇ ਤੱਕ ਅਸੀਂ ਉਪਾਅ ਨਹੀਂ ਲੱਭ ਸਕੇ ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ। ਧਰਤੀ ਤੋਂ ਆਦਮੀ ਨੂੰ ਚੰਦ੍ਰਮਾਂ ਉੱਤੇ ਉਤਾਰ ਦਿੱਤਾ। ਅਣੂ-ਬੰਬ ਦਾ ਵਿਸਫੋਟ ਕੀਤਾ ਅਤੇ ਹੁਣ ਇੰਨੇ ਅਣੂ ਬੰਬ ਸਾਡੇ ਕੋਲ ਇਕੱਠੇ ਹਨ ਕਿ ਅਸੀਂ ਸਾਰੀ ਧਰਤੀ ਨੂੰ ਤਹਿਸ-ਨਹਿਸ਼ (ਭਸਮੀਭੂਤ) ਕਰ ਸਕਦੇ ਹਾਂ, ਇੱਕ ਵਾਰ ਨਹੀਂ ਹਜ਼ਾਰ ਵਾਰ। ਵਿਗਿਆਨ ਦੇ ਇਸ ਪਰਮ ਵਿਕਾਸ ਦੇ ਬਾਵਜੂਦ ਵੀ ਵਿਗਿਆਨ ਅੱਜੇ ਇਸ ਵਿਚ ਸਫ਼ਲ ਨਹੀਂ ਹੋ ਪਾਇਆ ਹੈ ਕਿ ਇੱਕ ਰੋਟੀ ਨੂੰ ਖ਼ੂਨ ਵਿਚ ਬਦਲ ਦੇਵੇ। ਰੋਟੀ ਨੂੰ ਖ਼ੂਨ ਵਿਚ ਬਦਲਣਾ ਅੱਜੇ ਮੁਮਕਿਨ ਨਹੀਂ ਹੋ ਸਕਿਆ। ਇਹ ਜਾਦੂ ਤੁਹਾਡੀ ਦੇਹ ਵਿਚ ਵਾਪਰਦਾ ਹੈ। ਹੋਰ ਇੰਨਾ ਹੀ ਨਹੀਂ ਕਿ ਰੋਟੀ ਖ਼ੂਨ ਬਣਦੀ ਹੈ, ਮਾਂਸ ਬਣਦੀ ਹੈ; ਰੋਟੀ ਤੁਹਾਡਾ ਮਸਤਿੱਕ ਵੀ ਬਣਦੀ ਹੈ। ਰੋਟੀ ਤੁਹਾਡਾ ਵਿਚਾਰ ਵੀ ਬਣਦੀ ਹੈ। ਰੋਟੀ ਕਿਸੇ ਅਪੂਰਵ ਦਰਵਾਜ਼ੇ ਤੋਂ ਤੁਹਾਡੀ ਚੇਤਨਾ ਨੂੰ ਵੀ ਪ੍ਰਜੱਵਲਿਤ (ਰੌਸ਼ਨ) ਕਰਦੀ ਹੈ।

ਇਸ ਲਈ ਤਾਂ ਆਖਿਆ ਹੈ : ਭੁੱਖੇ ਭਜਨ ਨ ਹੋਈ ਗੋਪਾਲਾ। ਭੁੱਖਾ ਆਦਮੀ ਭਜਨ ਨਹੀਂ ਕਰ ਸਕਦਾ। ਭੁੱਖੇ ਆਦਮੀ ਦੇ ਕੋਲ ਭਜਨ ਕਰਨ ਲਾਇਕ (ਸ਼ਕਤੀ) ਊਰਜਾ ਨਹੀਂ ਹੁੰਦੀ। ਭਜਨ ਲਈ ਢਿੱਡ ਭਰਿਆ ਹੋਣਾ ਚਾਹੀਦਾ ਹੈ। ਇਸ ਲਈ ਜੋ ਦੇਸ਼ ਗਰੀਬ ਹੋ ਜਾਂਦਾ ਹੈ ਉੱਥੇ ਭਜਨ ਗੁਆਚ ਜਾਂਦਾ ਹੈ ਜਾਂ ਭਜਨ ਝੂਠਾ ਹੋ ਜਾਂਦਾ ਹੈ। ਇਸ ਦੇਸ਼ ਵਿਚ ਭਜਨ ਕਦੇ ਸੱਚਾ ਸੀ, ਕਿਉਂਕਿ ਦੇਸ਼ ਸੰਪੰਨ ਸੀ। ਘਟੋ-ਘੱਟ ਰੋਟੀ-ਰੋਜ਼ੀ ਲੋਕਾਂ ਨੂੰ ਮਿਲ ਜਾਂਦੀ ਸੀ। ਕੋਈ ਭੁੱਖਾ ਨਹੀਂ ਮਰ ਰਿਹਾ ਸੀ। ਉਨ੍ਹਾਂ ਦਿਨਾਂ 'ਚ ਬੁੱਧ ਪੈਦਾ ਹੋਏ, ਮਹਾਵੀਰ ਪੈਦਾ ਹੋਏ, ਗੋਰਖ ਪੈਦਾ ਹੋਏ, ਪਤੰਜਲਿ ਅਤੇ ਕ੍ਰਿਸ਼ਨ, ਅਤੇ ਅਸੀਂ ਬਹੁਤ ਉਚਾਈਆਂ ਛੂਹੀਆਂ। ਘਟੋ-ਘੱਟ ਲੋਕ ਭੁੱਖੇ ਨਹੀਂ ਸਨ; ਸਮ੍ਰਿੱਧ ਸਨ, ਅਜਿਹਾ ਮੈਂ ਨਹੀਂ ਕਹਿੰਦਾ ਹਾਂ ਕਿ ਉਨ੍ਹਾਂ ਦੇ ਕੋਲ ਧਨ-ਦੌਲਤ ਦਾ ਅੰਬਾਰ ਸੀ, ਅਜਿਹਾ ਨਹੀਂ ਕਹਿੰਦਾ। ਪਰ ਭੁੱਖੇ ਨਹੀਂ ਸਨ। ਦੇਹ ਤ੍ਰਿਪਤ ਸੀ। ਭਜਨ ਉਠ ਸਕਦਾ ਸੀ।

ਜਦ ਕੋਈ ਦੇਸ਼ ਗਰੀਬ ਹੁੰਦਾ ਹੈ ਤਾਂ ਉੱਥੇ ਕਮਯੂਨਿਜ਼ਮ ਉਠਦਾ ਹੈ, ਧਰਮ ਨਹੀਂ।

ਤਦ ਲੋਕ ਮਾਰਨ-ਮਰਨ ਨੂੰ ਉਤਾਰੂ ਹੋ ਜਾਂਦੇ ਹਨ। ਤਦ ਘਿਰਾਅ ਹੁੰਦੇ ਹਨ, ਹੜਤਾਲਾਂ ਹੁੰਦੀਆਂ ਹਨ, ਦੰਗੇ ਫ਼ਸਾਦ ਹੁੰਦੇ ਹਨ। ਹਤਿਆਵਾਂ-ਹਿੰਸਾਵਾਂ ਹੁੰਦੀਆਂ ਹਨ। ਤਦ ਭਜਨ ਨਹੀਂ ਉਠਦਾ। ਭੁੱਖਾ ਆਦਮੀ ਹਿੰਸਾ ਕਰ ਸਕਦਾ ਹੈ, ਪ੍ਰੇਮ ਨਹੀਂ। ਭੁੱਖਾ ਆਦਮੀ ਗੁਸੈਲ ਹੁੰਦਾ ਹੈ। ਭੁੱਖਾ ਆਦਮੀ ਕਰੁਣਾਵਾਨ ਨਹੀਂ ਹੋ ਸਕਦਾ।

ਇਸ ਲਈ ਮੈਂ ਤੁਹਾਨੂੰ ਕਹਿੰਦਾ ਹਾਂ ਇਹ ਦੇਸ਼ ਜੇਕਰ ਜ਼ਿਆਦਾ ਦਿਨ ਗਰੀਬ ਰਹਿ ਗਿਆ—ਜਿਸ ਤਰ੍ਹਾਂ ਕਿ ਇਸ ਦੇਸ਼ ਦੇ ਨੇਤਾਵਾਂ ਨੇ ਤੈਅ ਕਰ ਰੱਖਿਆ ਹੈ ਕਿ ਇਹ ਗਰੀਬ ਰਹੇ—ਜੇਕਰ ਇਹ ਦੇਸ਼ ਬਹੁਤੇ ਦਿਨ ਗਰੀਬ ਰਹਿ ਗਿਆ, ਤਾਂ ਇਸ ਦੇਸ਼ ਵਿਚ ਸਿਵਾਏ ਕਮਯੂਨਿਜ਼ਮ ਦੇ ਹੋਰ ਕੋਈ ਉਮੀਦ ਨਹੀਂ ਰਹਿ ਜਾਏਗੀ। ਜਾਣੇ-ਅਣਜਾਣੇਂ ਇਹ ਦੇਸ਼ ਕਮਯੂਨਿਜ਼ਮ ਵਲ ਲੈ ਜਾਇਆ ਜਾ ਰਿਹਾ ਹੈ। ਲੈ ਜਾਣ ਵਾਲੇ ਸ਼ਾਇਦ ਇਸ ਗੱਲ ਤੋਂ ਵਾਕਫ਼ ਵੀ ਨ ਹੋਣ, ਹੋਸ਼ ਵੀ ਨ ਹੋਵੇ ਉਨ੍ਹਾਂ ਨੂੰ ਸ਼ਾਇਦ ਉਹ ਤਾਂ ਇਹ ਹੀ ਕੋਸ਼ਿਸ਼ ਕਰ ਰਹੇ ਹਨ ਕਿ ਦੇਸ਼ ਕਮਯੂਨਿਸਟ ਨ ਹੋ ਜਾਏ; ਪਰ ਤੁਹਾਡੀਆਂ ਕੋਸ਼ਿਸ਼ਾਂ ਦਾ ਸਵਾਲ ਨਹੀਂ ਹੈ, ਜੇਕਰ ਦੇਸ਼ ਗਰੀਬ ਰਹਿੰਦਾ ਹੈ ਤਾਂ ਕਮਯੂਨਿਜ਼ਮ ਦੇ ਸਿਵਾਇ ਕੁਝ ਹੋਰ ਹੋ ਨਹੀਂ ਸਕਦਾ। ਭਜਨ ਨਹੀਂ ਪੈਦਾ ਹੋ ਸਕਦਾ।

ਛੇਤੀ ਕਰੋ ! ਇਸ ਦੇਸ਼ ਦੀ ਦੀਨਤਾ, ਦਰਿਦ੍ਰਤਾ, ਇਸ ਦੀ ਭੁੱਖਮਰੀ ਮਿਟਾਉਣੀ ਹੀ ਹੋਏਗੀ। ਨਹੀਂ ਤਾਂ ਇਹ ਵੱਡੇ ਟੋਏ ਵਿਚ ਡਿਗੇਗਾ, ਜਿੱਥੋਂ ਨਿਕਲਣਾ ਮੁਸ਼ਕਿਲ ਹੋ ਜਾਏਗਾ। ਅੰਗਰੇਜ਼ਾਂ ਦੀ ਦਾਸਤਾ (ਗੁਲਾਮੀ) ਤੋਂ ਮੁਕਤ ਹੋ ਜਾਣਾ ਔਖੀ ਗੱਲ ਨਹੀਂ ਸੀ; ਇੱਕ ਵਾਰ ਇਹ ਦੇਸ਼ ਜੇਕਰ ਕਮਯੂਨਿਸਟ ਹੋ ਗਿਆ ਤਾਂ ਫ਼ਿਰ ਇਹ ਗੁਲਾਮੀ ਦੀਆਂ ਜ਼ੰਜੀਰਾਂ ਤੋੜਣਾ ਨਾਮੁਮਕਿਨ ਹੈ, ਕਰੀਬ-ਕਰੀਬ ਨਾਮੁਮਕਿਨ ਹੈ। ਰੂਸ ਜਿਹੇ ਦੇਸ਼ ਨਹੀਂ ਤੋੜ ਪਾ ਰਿਹੇ ਤਾਂ ਅਸੀਂ ਤਾਂ ਤੋੜ ਹੀ ਨਹੀਂ ਸਕਾਂਗੇ। ਅਸੀਂ ਤਾਂ ਬਹੁਤ ਆਸਾਨੀ ਨਾਲ ਗੁਲਾਮ ਹੋ ਗਏ ਸੀ ਅਤੇ ਅਸੀਂ ਤਾਂ ਹਜ਼ਾਰਾਂ ਸਾਲਾਂ ਤੱਕ ਆਸਾਨੀ ਨਾਲ ਗੁਲਾਮ ਰਹੇ। ਅਤੇ ਕਮਯੂਨਿਜ਼ਮ ਤਾਂ ਭਿਅੰਕਰ ਗੁਲਾਮੀ ਹੈ। ਹਾਂ, ਰੋਟੀ ਮਿਲ ਜਾਏਗੀ, ਆਤਮਾ ਖੁਸ ਜਾਏਗੀ, ਪਰ ਉਸ ਕੀਮਤ ਉੱਤੇ ਰੋਟੀ ਲੈਣਾ ਬਹੁਤ ਗਲਾਨੀ ਦੀ ਗੱਲ ਹੋਵੇਗੀ। ਰੋਟੀ ਪੈਦਾ ਕੀਤੀ ਜਾ ਸਕਦੀ ਹੈ। ਥੋੜ੍ਹੀ ਸਮਝ-ਬੂਝ ਦੀ ਜ਼ਰੂਰਤ ਹੈ; ਰੋਟੀ ਪੈਦਾ ਕਰਨਾ ਕਠਿਨ ਨਹੀਂ।

ਪਰ ਸਾਡੀ ਮੂੜ੍ਹਤਾ ਇੰਨੀ ਪੁਰਾਣੀ ਹੋ ਗਈ ਹੈ ਕਿ ਜਿਨ੍ਹਾਂ ਕਾਰਣਾਂ ਕਰਕੇ ਅਸੀਂ ਗਰੀਬ ਹਾਂ ਉਨ੍ਹਾਂ ਹੀ ਕਾਰਣਾਂ ਨੂੰ ਅਸੀਂ ਵੱਧਾਈ ਚਲੇ ਜਾਂਦੇ ਹਾਂ। ਜਿਨ੍ਹਾਂ ਕਾਰਣਾਂ ਨਾਲ ਅਸੀਂ ਗਰੀਬੀ ਮਿਟਾ ਸਕਦੇ ਹਾਂ! ਉਨ੍ਹਾਂ ਹੀ ਕਾਰਣਾਂ ਦੇ ਅਸੀਂ ਦੁਸ਼ਮਣ ਹਾਂ।

ਇੰਦਰਾ ਦੀ ਹਾਰ ਦੇ ਪਿੱਛੇ ਇਹੀ ਕਾਰਣ ਸੀ—ਕੁਲ ਕਾਰਣ ਇੰਨਾ ਸੀ ਕਿ ਉਸਨੇ ਬਹੁਤ ਕੋਸ਼ਿਸ਼ ਕੀਤੀ ਇਸ ਗੱਲ ਦੀ, ਕਿ ਕਿਸੇ ਤਰ੍ਹਾਂ ਦੇਸ਼ ਦੀ ਜਨ-ਸੰਖਿਆ ਉੱਤੇ ਕਾਬੂ ਆ ਜਾਏ, ਕਿਉਂਕਿ ਉਸਦੇ ਇਲਾਵਾ ਇਹ ਦੇਸ਼ ਕਦੇ ਅਮੀਰ ਨਹੀਂ ਹੋ ਸਕਦਾ। ਅਮੀਰ ਹੋਣਾ ਤਾਂ ਦੂਰ ਭਰੇ ਢਿੱਡ ਵੀ ਨਹੀਂ ਹੋ ਸਕਦਾ। ਉਹੀ ਉਸਦੀ ਹਾਰ ਦਾ ਕਾਰਣ ਬਣਿਆ। ਇੰਦਰਾ ਦੀ ਹਾਰ ਦਾ ਕਾਰਣ ਕੁਲ ਜਮਾਂ ਇੰਨਾ ਸੀ ਕਿ ਇਸ ਦੇਸ਼ ਦੇ ਉਪੱਰ ਕਿਸੇ ਤਰ੍ਹਾਂ ਵੀ ਅਨਿਵਾਰਯਰੂਪੇਣ (ਅਟੱਲ ਨਿਸ਼ਚਾ) ਸੰਤਤਿ-ਨਿਯਮਨ ਥੋਪਣੇ ਦੀ ਕੋਸ਼ਿਸ਼ ਕੀਤੀ। ਸੰਤਤਿ ਨਿਯਮਨ (ਸੰਤਾਨ ਰੋਕਣ ਦਾ ਨਿਯਮ) ਥੋਪਣਾ ਹੀ ਹੋਏਗਾ ਤਾਂ ਹੀ ਇਹ ਦੇਸ਼

ਗਰੀਬੀ ਤੋਂ ਬਚ ਸਕਦਾ ਹੈ। ਸੱਠ ਕਰੋੜ ਆਬਾਦੀ ਹੋ ਗਈ ਹੈ। ਇਸ ਸਦੀ ਦੇ ਪੂਰੇ ਹੁੰਦੇ ਹੁੰਦੇ ਇੱਕ ਅਰਬ ਆਬਾਦੀ ਹੋਏਗੀ ਇਸ ਦੇਸ਼ ਦੀ। ਸਾਡੀ ਕੋਈ ਸਮੱਰਥਾ ਨਹੀਂ ਹੈ ਕਿ ਅਸੀਂ ਇੱਕ ਅਰਬ ਆਬਾਦੀ ਦਾ ਢਿੱਡ ਭਰ ਸਕਾਂਗੇ। ਲੋਕ ਰੋਜ਼ ਭੁੱਖੇ ਹੁੰਦੇ ਜਾਣਗੇ ਉਨੇ ਕਮਯੂਨਿਸਟ ਹੁੰਦੇ ਜਾਣਗੇ ਆਪਣੇ-ਆਪ ਇਹ ਜ਼ਰੂਰੀ ਪ੍ਰਕ੍ਰਿਆ (ਪਰੋਸੈਸ) ਹੈ।

ਇੰਦਰਾ ਦੀ ਹਾਰ ਇਸ ਲਈ ਹੋਈ ਕਿ ਇੰਦਰਾ ਨੇ ਸਚੱ-ਮੁਚੱ ਹੀ ਕੁਝ ਠੀਕ ਕੰਮ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਉਹ ਕੰਮ ਅਜਿਹਾ ਹੈ ਕਿ ਜ਼ਬਰਦਸਤੀ ਹੀ ਕਰਨਾ ਹੋਏਗਾ, ਨਹੀਂ ਤਾਂ ਹੋਣ ਵਾਲਾ ਨਹੀਂ ਹੈ। ਜੇਕਰ ਤੁਸੀਂ ਲੋਕਾਂ ਤੇ ਛੱਡ ਦਿਓ ਤਾਂ ਲੋਕ ਤਾਂ ਮੰਨਣ ਲਈ ਰਾਜ਼ੀ ਨਹੀਂ। ਲੋਕਾਂ ਨੂੰ ਫ਼ਿਕਰ ਹੀ ਨਹੀਂ ਹੈ, ਲੋਕਾਂ ਨੂੰ ਬੋਧ ਹੀ ਨਹੀਂ ਹੈ। ਉਹ ਕਹਿੰਦੇ ਹਨ, ਪਰਮਾਤਮਾ ਦਿੰਦਾ ਹੈ ਬੱਚੇ, ਅਸੀਂ ਕੌਣ ਹਾਂ ਰੋਕਣ ਵਾਲੇ ? ਉਹ ਬੱਚੇ ਪੈਦਾ ਕਰਦੇ ਜਾਣਗੇ—ਚੂਹਿਆਂ ਦੀ ਤਰ੍ਹਾਂ ਬੱਚੇ ਪੈਦਾ ਕਰਦੇ ਜਾਣਗੇ।

ਦੇਸ਼ ਰੋਜ਼ ਗਰੀਬ ਹੁੰਦਾ ਚਲਾ ਜਾਏਗਾ। ਉਨ੍ਹਾਂ ਨੂੰ ਪਤਾ ਨਹੀਂ ਉਹ ਕੀ ਕਰ ਰਹੇ ਹਨ। ਜ਼ਬਰਦਸਤੀ ਹੀ ਰੋਕਣੀ ਪਏਗੀ ਇਹ ਗੱਲ, ਤਾਂ ਹੀ ਰੁਕੇਗੀ, ਨਹੀਂ ਤਾਂ ਨਹੀਂ ਰੁੱਕ ਸਕਦੀ।

ਇਸ ਨੂੰ ਜ਼ਰੂਰ ਹੀ ਰੋਕਣਾ ਪਏਗਾ। ਲੋਕਾਂ ਨੂੰ ਬੁਰਾ ਵੀ ਲਗੇਗਾ, ਕਿਉਂਕਿ ਉਨ੍ਹਾਂ ਦੀਆਂ ਪੁਰਾਣੀਆਂ ਆਦਤਾਂ ਵਿਚ ਰੁਕਾਵਟ ਪਏਗੀ। ਜਿਸ ਆਦਮੀ ਨੂੰ ਇਸੇ ਵਿਚ ਹੀ ਮਜ਼ਾ ਸੀ ਕਿ ਉਸਦੇ ਕਿੰਨੇ ਬੱਚੇ ਹਨ, ਉਸ ਉੱਤੇ ਜੇਕਰ ਰੋਕ ਲਗਾ ਦਿਓਗੇ ਕਿ ਦੋ ਜਾਂ ਤਿੰਨ ਬਸ, ਤਾਂ ਉਹ ਨਾਰਾਜ਼ ਹੋ ਜਾਏਗਾ, ਕਿਉਂਕਿ ਉਸਦੇ ਪਿਓ ਨੇ ਤਾਂ ਬਾਰਾਂ ਬੱਚੇ ਪੈਦਾ ਕੀਤੇ ਸਨ ਅਤੇ ਉਹ ਦੋ ਜਾਂ ਤਿੰਨ ਬਸ। ਇਹ ਤਾਂ ਉਸਦੀ ਪਰੰਪਰਾ ਵਿਚ ਕਦੇ ਹੁੰਦਾ ਹੀ ਨਹੀਂ ਰਿਹਾ। ਇਸ ਤੋਂ ਪੰਡਿਤ ਪੁਜਾਰੀ ਵੀ ਨਾਰਾਜ਼ ਹੁੰਦੇ ਹਨ, ਮੁੱਲਾ-ਮੌਲਵੀ ਵੀ ਨਾਰਾਜ਼ ਹੁੰਦੇ ਹਨ, ਕਿਉਂਕਿ ਉਨ੍ਹਾਂ ਦੀ ਸੰਖਿਆ (ਗਿਣਤੀ) ਘੱਟ ਹੋ ਰਹੀ ਹੈ। ਉਨ੍ਹਾਂ ਨੂੰ ਫ਼ਿਕਰ ਇਸ ਗੱਲ ਦੀ ਹੈ ਕਿ ਮੁਸਲਮਾਨ ਘੱਟ ਨ ਹੋ ਜਾਣ। ਉਨ੍ਹਾਂ ਨੂੰ ਫ਼ਿਕਰ ਇਸ ਗੱਲ ਦੀ ਹੈ ਕਿ ਹਿੰਦੂ ਘੱਟ ਨ ਹੋ ਜਾਣ। ਜੈਨੀਆਂ ਨੂੰ ਫ਼ਿਕਰ ਇਸ ਗੱਲ ਦੀ ਹੈ ਕਿ ਕਿੱਤੇ ਜੈਨ ਘੱਟ ਨ ਹੋ ਜਾਣ। ਉਨ੍ਹਾਂ ਦੀ ਸੰਖਿਆ ਘੱਟ ਹੋ ਗਈ ਤਾਂ ਉਨ੍ਹਾਂ ਦੀ ਤਾਕਤ ਘੱਟ ਹੋ ਜਾਏਗੀ। ਕਿਸੇ ਨੂੰ ਇਸ ਗੱਲ ਦੀ ਫ਼ਿਕਰ ਨਹੀਂ ਕਿ ਤੁਸੀਂ ਸਭ ਆਪਣੀ ਗਿਣਤੀ ਵੱਧਾ ਲਓਗੇ, ਮੁਸਲਮਾਨ ਵੀ ਜ਼ਿਆਦਾ, ਹਿੰਦੂ ਵੀ ਜ਼ਿਆਦਾ, ਜੈਨ ਵੀ ਜ਼ਿਆਦਾ, ਇਹ ਪੂਰਾ ਦੇਸ਼ ਮਰ ਜਾਏਗਾ।

ਇਹ ਸਾਰੇ ਪੰਡਿਤ-ਪ੍ਰੋਹਿਤ, ਮੌਲਵੀ, ਸਭ ਜੁੜ ਕੇ ਇੰਦਰਾ ਨੂੰ ਹਰਾਉਣ ਵਿਚ ਸਹਿਯੋਗੀ ਹੋ ਗਏ ਇਹ ਆਕਸਮਿਕ (ਸਹਜ ਹੋਣ ਵਾਲੀ) ਗੱਲ ਨਹੀਂ ਸੀ।

ਇੰਦਰਾ ਦਾ ਕਸੂਰ ਜੇਕਰ ਕੁਝ ਸੀ ਤਾਂ ਇੱਕ ਸੀ ਕਿ ਉਸਨੇ ਇੱਕ ਠੀਕ ਕੰਮ ਕਰਨ ਦੀ ਕੋਸ਼ਿਸ਼ ਕੀਤੀ, ਜੋ ਇਸ ਦੇਸ਼ ਦੀ ਰੂੜ੍ਹੀਗ੍ਰਸਤ ਮਨੋਦਸ਼ਾ ਨੂੰ ਚੰਗਾ ਨਹੀਂ ਲਗਾ। ਇੰਦਰਾ ਨੂੰ ਹਟਾ ਕੇ ਤੁਸੀਂ ਬੁੱਢੇ-ਠੁਡਿਆਂ ਨੂੰ ਬਿਠਾਲ ਦਿੱਤਾ, ਜਿਨ੍ਹਾ ਤੋਂ ਕੋਈ ਆਸ਼ਾ ਨਹੀਂ ਹੈ; ਜਿਨ੍ਹਾਂ ਦੀ ਕੋਈ ਸ਼ਮਤਾ (ਤਾਕਤ) ਨਹੀਂ ਹੈ; ਜਿਨ੍ਹਾਂ ਦੇ ਨਾਲ ਦੇਸ਼ ਦਾ ਕੋਈ ਭਵਿੱਖ ਨਹੀਂ ਹੋ ਸਕਦਾ। ਲੇਕਿਨ ਸਭ ਇਕੱਠੇ ਹੋ ਗਏ—ਸਾਰੇ ਪ੍ਰਤਿਕ੍ਰਿਆਵਾਦੀ (ਸੁਧਾਰ ਦੇ ਉਲਟ ਟੁਰਨ ਵਾਲੇ) ਇਸ ਦੇਸ਼ ਦੀ ਸਾਰੀ ਮੂੜ੍ਹਤਾ ਇਕੱਠੀ ਹੋ ਗਈ। ਤੁਸੀਂ ਵੇਖਦੇ ਹੋ ਕਿ ਕਿਹੋ

ਜਿਹਾ ਚਮਤਕਾਰ ਹੋਇਆ ਸਾਰੀ ਰਾਜਨੀਤਿਕ ਪਾਰਟੀਆਂ, ਜਿਨ੍ਹਾਂ ਦੇ ਸਿੱਧਾਂਤਾਂ ਵਿਚ ਕੋਈ ਵੀ ਤਾਲ-ਮੇਲ ਨਹੀਂ, ਜਿਨ੍ਹਾਂ ਦੀ ਵਿਚਾਰਧਾਰਾ ਵਿਚ ਕੋਈ ਤਾਲਮੇਲ ਨਹੀਂ, ਸਭ ਰਾਜ਼ੀ ਹੋ ਗਏ, ਇਕੱਠੇ ਹੋ ਗਏ। ਇੰਨੇ ਅਵਸਰਵਾਦੀ ਤੁਸੀਂ ਦੁਨੀਆਂ ਵਿਚ ਕਿੱਤੇ ਵੀ ਨਹੀਂ ਪਾਓਗੇ, ਜਿਨ੍ਹਾਂ ਨੇ ਆਪਣੀ ਸਿੱਧਾਂਤਵਾਦਿਤਾ, ਆਪਣੇ ਸਾਰੇ ਦਰਸ਼ਨ, ਆਪਣੀਆਂ ਸਾਰੀਆਂ ਵੱਡੀਆਂ-ਵੱਡੀਆਂ ਗੱਲਾਂ ਇੱਕ ਛਿਣ ਵਿਚ ਸੱਤਾ ਲਈ ਉਤਾਰ ਕੇ ਰੱਖ ਦਿੱਤੀਆਂ। ਸਮਾਜਵਾਦੀ ਅਤੇ ਕਾਂਗਰਸੀ ਅਤੇ ਜਨਸੰਘੀ ਇਕੱਠੇ ਹੋ ਗਏ, ਇਹ ਹੈਰਾਨੀ ਦੀ ਗੱਲ ਹੈ। ਪਰ ਹੈਰਾਨੀ ਦੀ ਨਹੀਂ ਵੀ, ਕਿਉਂਕਿ ਮੁਸਲਮਾਨ, ਹਿੰਦੂ ਸਭ ਦੀ ਪੁਰਾਣਵਾਦਿਤਾ, ਸਭ ਦੀ ਰੂੜੀਵਾਦਿਤਾ ਨੂੰ ਸੱਟ ਵਜ ਰਹੀ ਸੀ।

ਇਸ ਦੇਸ਼ ਨੇ ਜਿਵੇਂ ਤੈਅ ਹੀ ਕਰ ਲਿਆ ਹੈ ਕਿ ਗਰੀਬ ਰਹਿਣਾ ਹੈ। ਜੇਕਰ ਗਰੀਬ ਰਹਿਣਾ ਹੈ ਤਾਂ ਭਜਨ ਦੇ ਪੈਦਾ ਹੋਣ ਦੀ ਹੁਣ ਕੋਈ ਉਮੀਦ ਨਹੀਂ ਹੈ। ਜੋ ਵਿਅਕਤੀ ਲਈ ਸੱਚ ਹੈ, ਸਮਾਜ ਲਈ ਵੀ ਸੱਚ ਹੈ। ਰਾਸ਼ਟ੍ਰ ਲਈ ਵੀ ਸਚ ਹੈ, ਪੂਰੀ ਮਨੁੱਖ-ਜਾਤਿ ਲਈ ਵੀ ਸੱਚ ਹੈ। ਤੁਹਾਡੀ ਦੇਹ ਪ੍ਰਸੰਨ ਹੋਣੀ ਚਾਹੀਦੀ ਹੈ, ਉਤਫ਼ੁੱਲ ਹੋਣੀ ਚਾਹੀਦੀ, ਸਵਸਥ ਹੋਣੀ ਚਾਹੀਦੀ ਹੈ। ਇਸ ਲਈ ਦੂਜਾ ਕੰਮ ਯੋਗੀ ਦਾ ਹੈ ਕਿ ਦੇਹ ਨੂੰ ਪ੍ਰਸੰਨ ਕਰੇ, ਸਵਸਥ ਕਰੇ, ਪਫ਼ੁੱਲ ਕਰੇ। ਦੇਹ ਫ਼ੁੱਲ ਵਰਗੀ ਹੋਵੇ। ਮੁਸਕਰਾਉਂਦੀ ਹੋਵੇ। ਆਨੰਦ-ਮਗਨ ਹੋਵੇ। ਇਹ ਮੰਦਿਰ ਪ੍ਰਭੂ ਦਾ ਹੈ, ਇਸ ਮੰਦਿਰ ਉੱਤੇ ਵੰਦਨਵਾਰ (ਸੇਹਰੇ) ਹੋਣੇ ਚਾਹੀਦੇ ਹਨ।

ਪਰ ਤੁਹਾਡੇ ਤਥਾਕਥਿਤ ਸਾਧੂ-ਸੰਨਿਆਸੀ ਤੁਹਾਨੂੰ ਉਲਟੀ ਗੱਲ ਸਿਖਾਉਂਦੇ ਰਹੇ ਹਨ। ਉਨ੍ਹਾਂ ਨੇ ਜ਼ਹਿਰ ਪਾਇਆ ਹੈ। ਉਨ੍ਹਾਂ ਨੇ ਸਿਖਾਇਆ ਹੈ ਕਿ ਦੇਹ ਦੁਸ਼ਮਣ ਹੈ; ਜੇਕਰ ਪਰਮਾਤਮਾ ਨੂੰ ਪਾਉਣਾ ਹੈ ਤਾਂ ਦੇਹ ਨੂੰ ਤੋੜੋ, ਸਤਾਓ, ਗਲਾਓ, ਕੰਡਿਆਂ ਦੀ ਸੇਜ ਵਿਛਾ ਲਓ। ਮਾਰੋ ਦੇਹ ਨੂੰ; ਜਿੰਨਾ ਮਾਰ ਸਕੋ ਓਨੇ ਪਰਮਾਤਮਾ ਦੇ ਨੇੜੇ ਪਹੁੰਚੋਗੇ।

ਝੂਠੀ ਹੈ ਇਹ ਗੱਲ। ਇਹ ਸ਼ਤ ਪ੍ਰਤਿਸ਼ਤ ਝੂਠੀ ਹੈ ਗੱਲ। ਤੁਸੀਂ ਜਿੰਨਾ ਦੇਹ ਨੂੰ ਤੋੜ ਸੁਟੋਗੇ ਓਨਾ ਹੀ ਮੰਦਿਰ ਢਹਿ ਜਾਏਗਾ। ਇਸ ਮੰਦਰ ਦੇ ਡਿਗਣ ਵਿਚ ਡੱਰ ਹੈ ਕਿ ਕਿੱਤੇ ਦੇਵਤਾ ਵੀ ਨ ਦੱਬ ਜਾਏਇਹ ਮੰਦਿਰ ਹੈ ਇਸਦਾ ਸਨਮਾਨ ਚਾਹੀਦਾ ਹੈ।

ਗੋਰਖ ਦੇ ਮਨ ਵਿਚ ਬੜਾ ਸਨਮਾਨ ਹੈ ਦੇਹ ਦਾ। ਇਸ ਲਈ ਉਹ ਕਹਿੰਦੇ ਹਨ ਪਹਿਲਾਂ ਅੰਤਰਯਾਤ੍ਰਾ ਕਰੋ, ਫ਼ਿਰ ਮੰਦਿਰ ਨੂੰ ਸੰਭਾਲੋ।

ਤਾਂ ਦੂਜੀ ਗੱਲ ਘੱਟ। ਪਹਿਲਾਂ ਆਰੰਭ। ਘੱਟੇ। ਫ਼ਿਰ ਇਸ ਘੜੇ ਨੂੰ ਸੰਭਾਲੋ। ਇਸ ਵਿਚ ਤਾਂ ਕਿੱਤੇ ਉਹ ਲੁੱਕਿਆ ਹੈ; ਉਸਦੀ ਸੰਪਦਾ ਲੁੱਕੀ ਹੈ। ਯੋਗ ਦੀਆਂ ਸਾਰੀਆਂ ਪ੍ਰਕ੍ਰਿਯਾਵਾਂ ਇਸਨੂੰ ਸੰਭਾਲਣ ਲਈ ਹਨ। ਯਮ, ਨਿਯਮ, ਪ੍ਰਾਣਾਯਾਮ, ਪ੍ਰਤਿਆਹਾਰ ... ਇਹ ਸ਼ਰੀਰ ਨੂੰ ਤੋੜਣ ਲਈ ਨਹੀਂ ਹਨ, ਸ਼ਰੀਰ ਨੂੰ ਜੋੜਣ ਲਈ ਹਨ। ਇਹ ਸ਼ਰੀਰ ਨੂੰ ਸੁੰਦਰਤਾ, ਤੰਦਰੁਸਤੀ, ਸ਼ਕਤੀ ਦੇਣ ਲਈ ਹਨ। ਇਨ੍ਹਾਂ ਨਾਲ ਸ਼ਰੀਰ ਹਰਾ ਹੋਏਗਾ। ਇਸ ਵਿਚ ਫ਼ੁੱਲ ਆਉਣਗੇ। ਇਨ੍ਹਾਂ ਦੇ ਮਾਧਯਮ ਨਾਲ ਸ਼ਰੀਰ ਦੀਆਂ ਜੜ੍ਹਾਂ ਧਰਤੀ ਵਿਚ ਡੂੰਘੀਆਂ ਪ੍ਰਵਿਸ਼ਟ ਹੋ ਜਾਣਗੀਆਂ।

ਫ਼ਿਰ ਤੀਜੀ ਘਟਨਾ ਘੱਟਦੀ ਹੈ ਪਰਿਚਯ (ਵਾਕਫ਼ੀਅਤ) ਦੀ : ਜਦ ਤੁਹਾਡੀ ਦੇਹ ਸੁੰਦਰ ਹੋਏਗੀ, ਸੰਗੀਤ ਪੂਰਣ ਹੋਏਗੀ, ਲਯਬੱਧ ਹੋਏਗੀ, ਜਦ ਤੁਹਾਡੀ ਦੇਹ ਵਿਚ ਇੱਕ

ਛੰਦ ਹੋਏਗਾ, ਮਸਤੀ ਹੋਏਗੀ, ਤਦ ਤੁਹਾਡਾ ਪਰਿਚੈ ਹੋਏਗਾ ਚੇਤਨਾ ਨਾਲ। ਤਦ ਤੁਹਾਨੂੰ ਪਹਿਲੀ ਝਲਕ ਮਿਲੇਗੀ ਉਸਦੀ ਜੋ ਇਸ ਮੰਦਿਰ ਵਿਚ ਲੁੱਕਿਆ ਹੈ; ਤੁਸੀਂ ਮੰਦਿਰ ਵਿਚ ਪ੍ਰਵੇਸ਼ ਕਰ ਗਏ। ਉਦਾਸ, ਰੋਂਦੇ, ਭੁੱਖੇ ਤੁਸੀਂ ਇਸ ਵਿਚ ਪ੍ਰਵੇਸ਼ ਨਹੀਂ ਕਰ ਸਕੋਗੇ। ਤੰਦਰੁਸਤੀ ਦੀ ਤਰੰਗ ਉੱਤੇ ਹੀ ਸਵਾਰ ਹੋਣਾ ਹੋਏਗਾ।

ਪਹਿਲੈ ਆਰੰਭ ਘਟ ਪਰਚਾ ਕਰੌ ਨਿਸਪਤੀ।

ਪਰਿਚੈ ਹੋ ਜਾਏ ਤਦ ਫਿਰ ਨਿਸ਼ਕ੍ਰਸ (ਨਿਰਣੈ) ਲੈਣਾ, ਨਿਸ਼ਪਤਿ। ਉਸ ਤੋਂ ਪਹਿਲਾਂ ਨ ਕਹਿਣਾ ਕਿ ਈਸ਼ਵਰ ਹੈ ਜਾਂ ਨਹੀਂ। ਉਸਦੇ ਪਹਿਲਾਂ ਨ ਕਹਿਣਾ ਕਿ ਨਿਰਵਾਣ ਹੈ ਜਾਂ ਨਹੀਂ। ਉਸਦੇ ਪਹਿਲਾਂ ਕੋਈ ਨਿਸ਼ਪਤਿ (ਨਿਰਣੈ) ਨ ਲੈਣਾ, ਨ ਹਾਂ ਨ ਨਾਂਹ, ਨ ਤਾਂ ਆਸਤਿਕ ਬਨਣਾ ਨ ਨਾਸਤਿਕ ਬਨਣਾ। ਕਿਉਂਕਿ ਇਸ ਤੋਂ ਪਹਿਲਾਂ ਲਈਆਂ ਗਈਆਂ ਨਿਸ਼ਪੱਤਿਆਂ ਸ੍ਵੈਂ ਦੇ ਅਨੁਭਵ ਉੱਤੇ ਆਧਾਰਿਤ ਨਹੀਂ ਹਨ, ਉਧਾਰ ਹਨ, ਬਾਸੀ ਹਨ, ਦੂਜਿਆਂ ਦੇ ਦੁਆਰਾ ਦਿੱਤੀਆਂ ਗਈਆਂ ਹਨ। ਪਤਾ ਨਹੀਂ ਦੂਜਿਆਂ ਨੇ ਠੀਕ ਦਿੱਤੀਆਂ ਹੋਣ, ਗੈਰ-ਠੀਕ ਦਿੱਤੀਆਂ ਹੋਣ। ਪਤਾ ਨਹੀਂ ਦੂਜੇ ਧੋਖੇਬਾਜ਼ ਰਹੇ ਹੋਣ। ਪਤਾ ਨਹੀਂ ਦੂਜੇ ਖ਼ੁਦ ਧੋਖਾ ਖਾ ਗਏ ਹੋਣ, ਧੋਖੇਬਾਜ਼ ਨ ਵੀ ਰਹੇ ਹੋਣ। ਕੌਣ ਜਾਣੇ।

ਮਨੁੱਖ ਨੂੰ ਖ਼ਿਆਲ ਰਖਣਾ ਚਾਹੀਦਾ ਹੈ ਕਿ ਮੈਂ ਆਪਣੇ ਹੀ ਗਿਆਨ ਉੱਤੇ ਭਰੋਸਾ ਕਰਾਂਗਾ; ਮੈਂ ਆਪਣਾ ਹੀ ਆਧਾਰ ਬਣਾਂਗਾ; ਮੈਂ ਆਪਣਾ ਦੀਵਾ ਖ਼ੁਦ ਬਣਾਂਗਾ। ਤਾਂ ਨਿਰਣੈ ਲੈਣਾ। ਇਹ ਬਹੁਤ ਪਿਆਰਾ ਵਿਚਾਰ ਹੋਇਆ। ਪਹਿਲਾਂ ਅੰਤਰਯਾਤ੍ਰਾ, ਫਿਰ ਦੇਹ ਦਾ ਸੁਸਮਾਯੋਜਨ (ਦੇਹ ਦਾ ਖਿਆਲ) ਫਿਰ ਚੇਤਨਾ ਦੀ ਪ੍ਰਤੀਤਿ, ਧਿਆਨ, ਫਿਰ ਸਮਾਧੀ ਨਿਸ਼ਪਤਿ (ਪੱਕੀ ਅਵਸਥਾ)।

ਨਰਵੈ ਬੋਧ ਕਥੰਤ ਸ੍ਰੀ ਗੋਰਸ਼ਜਤੀ।

ਅਤੇ ਗੋਰਖ ਕਹਿੰਦੇ ਹਨ : ਇੰਨਾ ਤੁਸੀਂ ਕਰ ਲਓ ਤਾਂ ਤੁਹਾਨੂੰ ਬੋਧ (ਗਿਆਨ) ਹੋ ਜਾਏ ਕਿ ਤੁਸੀਂ ਸਮ੍ਰਾਟ ਹੋ। ਮਾਲਿਕਾਂ ਦਾ ਮਾਲਿਕ ਤੁਹਾਡੇ ਅੰਦਰ ਬੈਠਾ ਹੈ। ਸਾਹਿਬਾਂ ਦਾ ਸਾਹਿਬ ਤੁਹਾਡੇ ਅੰਦਰ ਬੈਠਾ ਹੈ। ਪਰ ਤੁਸੀਂ ਭਜੱਦੇ ਚਲੇ ਜਾਂਦੇ ਹੋ। ਤੁਸੀਂ ਪਤਾ ਨਹੀਂ ਕਿੱਥੇ-ਕਿੱਥੇ ਭਜੱਦੇ ਹੋ—ਇੱਕ ਥਾਂ ਛੱਡ ਕੇ ਤੁਸੀਂ ਸਭ ਥਾਂ ਭਜੱਦੇ ਹੋ।

ਮੈਂ ਸੁਣੀ ਹੈ ਇੱਕ ਕਥਾ ਕਿ ਈਸ਼ਵਰ ਨੇ ਜਦ ਪਹਿਲੀ ਵਾਰ ਦੁਨੀਆਂ ਬਣਾਈ ਤਾਂ ਉਹ ਇੱਥੇ ਹੀ ਰਹਿੰਦਾ ਸੀ ਵਿਚਕਾਰ ਬਾਜ਼ਾਰ ਵਿਚ, ਏਮ.ਜੀ. ਰੋਡ ਉੱਤੇ। ਕੁਦਰਤੀ ਹੈ : ਆਪਣੀ ਦੁਨੀਆਂ ਬਣਾਈ ਸੀ, ਦੁਨੀਆਂ ਦੇ ਵਿਚਾਲੇ ਰਹਿੰਦਾ ਸੀ। ਪਰ ਉਸਨੂੰ ਲੋਕ ਬਹੁਤ ਪਰੇਸ਼ਾਨ ਕਰਨ ਲੱਗੇ। ਸ਼ਿਕਾਇਤਾਂ ਅਤੇ ਸ਼ਿਕਾਇਤਾਂ। ਇਹ ਠੀਕ ਨਹੀਂ ਓਹ ਠੀਕ ਨਹੀਂ ਅਤੇ ਸ਼ਿਕਾਇਤਾਂ ਵੀ ਅਜਿਹੀਆਂ ਵਿਰੋਧਾਭਾਸੀ ਕਿ ਉਨ੍ਹਾਂ ਨੂੰ ਪੂਰਾ ਕਰਨਾ ਵੀ ਚਾਹੇ ਤਾਂ ਨ ਕਰ ਸਕੇ। ਕੋਈ ਕਹੇ ਕਿ ਕੱਲ੍ਹ ਪਾਣੀ ਨ ਵਰ੍ਹਾਉਂਣਾ, ਕਿਉਂਕਿ ਕੱਲ੍ਹ ਅਸੀਂ ਕੁਝ ਕਪੜੇ ਰੰਗੇ ਹਨ, ਉਨ੍ਹਾਂ ਨੂੰ ਸੁਕਾਉਂਣਾ ਹੈ। ਕੋਈ ਕਹੇ ਕੱਲ੍ਹ ਪਾਣੀ ਜ਼ਰੂਰ ਵਰ੍ਹਾਉਂਣਾ, ਕਿਉਂਕਿ ਅਸੀਂ ਬੀ ਬੀਜੇ ਹਨ, ਕਿੱਤੇ ਸੁੱਕ ਨ ਜਾਣ। ਕੋਈ ਕਹੇ ਕੱਲ ਧੁੱਪ ਕਢਣਾ, ਕੋਈ ਕਹੇ ਕੱਲ ਧੁੱਪ ਨ ਕਢਣਾ; ਕਿਉਂਕਿ ਅਸੀਂ ਜ਼ਰਾ ਯਾਤ੍ਰਾ ਤੇ ਜਾ ਰਹੇ ਹਾਂ, ਛਾਂ ਰਹੇ ਤਾਂ ਚੰਗਾ ਰਹੇਗਾ।

ਈਸ਼ਵਰ ਪਗਲਾਉਣ ਲੱਗਾ ਹੋਵੇਗਾ। ਕਿਸ ਦੀ ਪੂਰੀ ਕਰੇ ਗੱਲ। ਇੱਕ ਦੀ ਕਰੇ ਤਾਂ

ਹੋਰ ਕਈਆਂ ਦੀ ਨਹੀਂ ਪੂਰੀ ਹੁੰਦੀ। ਇਸ ਦੀ ਕਰੋ ਤਾਂ ਉਸਦੀ ਟੁੱਟ ਜਾਂਦੀ ਹੈ। ਉਹ ਘਬਰਾ ਗਿਆ। ਉਸ ਨੂੰ ਨ ਦਿਨੇ ਸੌਣ ਦੇਣ ਲੋਕ ਨ ਰਾਤੀਂ ਸੌਣ ਦੇਣ । ਵਿਚਕਾਰ ਰਾਤ ਨੂੰ ਦਰਵਾਜ਼ਾ ਖੜਕਾਉਂਣ ਲਗਣ ਕਿ ਇਹੋ ਜਿਹਾ ਕਰ ਦੇਣਾ, ਕਿ ਉਹੋ ਜਿਹਾ ਕਰ ਦੇਣਾ, ਕਿ ਕੱਲ੍ਹ ਸਵੇਰੇ ਸੂਰਜ ਹੀ ਨ ਨਿਕਲੇ, ਕਿ ਜ਼ਰਾ ਛੇਤੀ ਕੱਢ ਦੇਣਾ ਸੂਰਜ, ਕਿਉਂਕਿ ਖੇਤਾਂ ਵਿਚ ਕੰਮ ਕਰਨਾ ਹੈ, ਹਨੇਰੇ ਵਿਚ ਦਿੱਕਤ ਹੁੰਦੀ ਹੈ।

ਉਸਨੇ ਆਪਣੇ ਦੇਵਤਿਆਂ ਨੂੰ ਬੁਲਾਇਆ, ਆਪਣੇ ਵਜ਼ੀਰਾਂ ਨੂੰ ਬੁਲਾਇਆ ਕਿ ਮੈਨੂੰ ਕੋਈ ਰਸਤਾ ਦੱਸੋ, ਮੈਂ ਤਾਂ ਪਾਗਲ ਹੋ ਜਾਵਾਂਗਾ। ਮੈਂ ਕਿੱਥੇ ਲੁੱਕ ਜਾਵਾਂ ? ਮੈਨੂੰ ਮੇਰੇ ਹੀ ਲੋਕਾਂ ਤੋਂ ਬਚਾਓ। ਮੈਂ ਇਨ੍ਹਾਂ ਨੂੰ ਬਣਾਇਆ, ਹੁਣ ਇਹ ਮੇਰੇ ਲਈ ਮੁਸਕਿਲ ਖੜੀ ਕਰ ਰਹੇ ਹਨ। ਮੇਰੇ ਕੋਲੋਂ ਇੱਕ ਭੁੱਲ ਹੋ ਗਈ ਕਿ ਮੈਂ ਆਦਮੀ ਬਣਾਇਆ।

ਇਸ ਲਈ ਤੁਹਾਨੂੰ ਪਤਾ ਹੈ, ਈਸ਼ਵਰ ਨੇ ਆਦਮੀ ਦੇ ਬਾਅਦ ਕੁਝ ਨਹੀਂ ਬਣਾਇਆ। ਬੁੱਧੀ ਆ ਗਈ, ਅਕਲ ਆ ਗਈ। ਉਸ ਤੋਂ ਪਹਿਲਾਂ ਬਹੁਤ ਕੁਝ ਬਣਾਇਆ, ਝਾੜ ਬਣਾਏ, ਪਸ਼ੂ-ਪੰਛੀ ਬਣਾਏ ਪਹਾੜ, ਨਦੀ, ਚੰਨ-ਤਾਰੇ, ਫ਼ਿਰ ਆਦਮੀ ; ਅਤੇ ਉਹ ਜੋ ਆਦਮੀ ਬਣਾਇਆ, ਫ਼ਿਰ ਕੁਝ ਨਹੀਂ ਬਣਾਇਆ। ਤਦ ਤੋਂ ਕਰੋੜਾਂ ਸਾਲ ਬੀਤ ਗਏ, ਈਸ਼ਵਰ ਬਿਲਕੁੱਲ ਹਥ ਰੋਕੀ ਬੈਠਾ ਹੈ।

ਬਨਾਉਂਣਾ ਹੀ ਨਹੀਂ ਕੁਝ। ਭੁੱਲ ਅਜਿਹੀ ਹੋ ਗਈ ਕਿ ਹੁਣ ਇਸ ਭੁੱਲ ਕਰਕੇ ਹੋਰ ਅੱਗੇ ਉਸਦੀ ਹਿੰਮਤ ਟੁੱਟ ਗਈ ਹੈ।

ਤਾਂ ਉਸਨੇ ਕਿਹਾ, ਮੈਂ ਕੁਝ ਵੀ ਨਹੀਂ ਬਣਾਉਂਣਾ; ਪਰ ਜੋ ਬਣ ਗਿਆ ਬਣ ਗਿਆ। ਮੈਂ ਕਿੱਥੇ ਲੁੱਕ ਜਾਵਾਂ। ਕਿਸੇ ਨੇ ਕਿਹਾ ਹਿਮਾਲਾ ਉੱਤੇ ਲੁੱਕ ਜਾਓ, ਗੌਰੀ ਸ਼ੰਕਰ 'ਤੇ।

ਉਸਨੇ ਕਿਹਾ, ਛੇਤੀ ਹੀ, ਤੁਹਾਨੂੰ ਪਤਾ ਨਹੀਂ ਹੈ, ਅੱਜੇ ਕੁਝ ਹੀ ਛੱਣ ਬੀਤਣਗੇ ਅਤੇ ਹਲੇਰੀ ਤੇ ਤੇਨ ਸਿੰਘ ਐਵਰੇਸਟ ਉੱਤੇ ਚੱੜ੍ਹ ਜਾਣਗੇ ਤੇ ਇੱਕ ਵਾਰੀ ਇੱਕ ਪਹੁੰਚ ਗਿਆ, ਫ਼ਿਰ ਪਿੱਛੇ ਬਸ ਆਏਗੀ ਅਤੇ ਹੋਟਲ ਬਨਣਗੇ ਅਤੇ ਐੱਮ.ਜੀ. ਰੋਡ ... ਹੈਲੀਕਾਪਟਰ ਨਾਲ ਲੋਕ ਆਉਂਣ ਲਗਣਗੇ। ਤੁਹਾਨੂੰ ਪਤਾ ਨਹੀਂ ਹੈ, ਥੋੜ੍ਹੇ ਦਿਨਾਂ ਦੀ ਗੱਲ ਹੈ। ਇਹ ਕੋਈ ਹੱਲ ਨਹੀਂ ਹੈ ਸਥਾਈ।

ਤਾਂ ਕਿਸੇ ਨੇ ਕਿਹਾ, ਚੰਨ ਉੱਤੇ, ਤਾਂ ਉਸਨੇ ਕਿਹਾ, ਉੱਥੇ ਵੀ ਕੁਝ ਨਹੀਂ ਹੋਏਗਾ। ਛੇਤੀ ਹੀ ਆਰਮਸਟ੍ਰਾਂਗ ਪਹੁੰਚ ਜਾਏਗਾ ਤੇ ਫ਼ਿਰ ਰੂਸੀ ਪਹੁੰਚਣਗੇ ਅਤੇ ਝੰਜਟਾਂ ਖੜੀਆਂ ਹੋਣਗੀਆਂ। ਤਦ ਇੱਕ ਬੁੱਢੇ ਦੇਵਤਾ ਨੇ ਉਸਦੇ ਕੰਨ ਵਿਚ ਆ ਕੇ ਕੁਝ ਕਿਹਾ ਅਤੇ ਉਹ ਪ੍ਰਸੰਨ ਹੋ ਗਿਆ। ਉਸ ਨੇ ਕਿਹਾ, ਇਹ ਗੱਲ ਠੀਕ, ਇਹ ਜਚਦੀ ਹੈ। ਉਸ ਬੁੱਢੇ ਨੇ ਕਿਹਾ, ਤੁਸੀਂ ਇਸ ਤਰ੍ਹਾਂ ਕਰੋ ਆਦਮੀ ਦੇ ਅੰਦਰ ਲੁੱਕ ਜਾਓ। ਆਦਮੀ ਚੰਨ-ਤਾਰਿਆਂ ਉੱਤੇ ਚਲਾ ਜਾਏਗਾ ਪਰ ਆਪਣੇ ਅੰਦਰ ਕਦੇ ਨਹੀਂ ਜਾਏਗਾ : ਉਸਨੂੰ ਯਾਦ ਹੀ ਨਹੀਂ ਆਏਗੀ।

ਤਦ ਤੋਂ ਈਸ਼ਵਰ ਤੁਹਾਡੇ ਅੰਦਰ ਲੁੱਕਿਆ ਬੈਠਾ ਹੈ—ਅਤੇ ਬਹੁਤ ਮਜੇ ਵਿਚ ਹੈ। ਕਦੇ ਕਦਾਈਂ ਕੋਈ ਗੋਰਖਜਤੀ ਪਹੁੰਚ ਜਾਂਦੇ ਹਨ। ਪਰ ਤਦ ਤੱਕ ਉਨ੍ਹਾਂ ਦੀਆਂ ਸਭ ਸ਼ਿਕਾਇਤਾਂ ਮੁੱਕ ਜਾਂਦੀਆਂ ਹਨ। ਤਾਂ ਉਨ੍ਹਾਂ ਨਾਲ ਮਿਲਕੇ ਪਰਮਾਤਮਾ ਆਨੰਦਿਤ ਹੀ ਹੁੰਦਾ ਹੈ। ਉਨ੍ਹਾਂ ਨਾਲ ਮਿਲ ਕੇ ਨਚਦਾ ਹੀ ਹੈ। ਐਰੇ-ਗੈਰੇ ਨੱਥੂ-ਖ਼ੈਰੇ ਉੱਥੇ ਪਹੁੰਚ ਨਹੀਂ ਸਕਦੇ। ਉਨ੍ਹਾਂ ਨੂੰ

ਦਿੱਲੀ ਜਾਣ ਤੋਂ ਫੁਰਸਤ ਨਹੀਂ ਹੈ। ਕੋਈ ਗੋਰਖਜਤੀ, ਕੋਈ ਗੌਤਮ ਬੁੱਧ, ਕੋਈ ਵਰਧਮਾਨ ਮਹਾਵੀਰ ... ਪਰ ਅਜਿਹੇ ਲੋਕਾਂ ਦੇ ਨਾਲ ਬੈਠ ਕੇ ਉਸ ਨੂੰ ਵੀ ਆਨੰਦ ਮਿਲਦਾ ਹੈ। ਇਨ੍ਹਾਂ ਦੇ ਸੰਗ-ਸਾਥ ਨਾਲ ਤਾਂ ਉਹ ਵੀ ਪ੍ਰਸੰਨ ਹੁੰਦਾ ਹੈ। ਮਹਿਫ਼ਿਲ ਜਮ ਜਾਂਦੀ ਹੋਏਗੀ। ਮਧੂ ਦਾ ਦੌਰ ਚਲਣ ਲਗਦਾ ਹੋਏਗਾ। ਰਸ ਭਰੀਆਂ ਗੱਲਾਂ ਹੁੰਦੀਆਂ ਹੋਣਗੀਆਂ, ਗੀਤ ਗਾਏ ਜਾਂਦੇ ਹੋਣਗੇ, ਕਿ ਨਾਚ, ਕਿ ਮ੍ਰਿਦੰਗ ਵਜਦੀ ਹੋਏਗੀ, ਕਿ ਵੀਣਾ ਦਾ ਤਾਰ ਛੇੜਿਆ ਜਾਂਦਾ ਹੋਵੇਗਾ। ਪਰ ਪਰਮਾਤਮਾ ਤੁਹਾਡੇ ਅੰਦਰ ਹੈ। ਤੁਸੀਂ ਪਰਮਾਤਮਾ ਹੋ।

ਨਰਵੈ ਬੋਧ ਕਥੰਤ ਸ੍ਰੀ ਗੋਰਸ਼ਜਤੀ॥

ਇਸ ਤਰ੍ਹਾਂ ਜੇਕਰ ਅੰਦਰ ਚਲੋ, ਜ਼ਰਾ ਕੁ ਬੋਧ ਲੈ ਆਓ, ਇਹ ਚਾਰ ਕੰਮ ਪੂਰੇ ਕਰ ਲਓ, ਨਿਸ਼ਪਤਿ (ਪੱਕੀ ਅਵਸਥਾ) ਮਿਲ ਜਾਏ, ਜੀਵਨ ਨੂੰ ਨਿਚੋੜ ਮਿਲ ਜਾਏ, ਜੀਵਨ ਨੂੰ ਅਰਥ ਮਿਲ ਜਾਏ।

ਪਹਲੈ ਆਰੰਭ ਛਾਂਡੋ ਕਾਮ ਕ੍ਰੋਧ ਅਹੰਕਾਰ।

ਜੇਕਰ ਆਰੰਭ ਕਰਨਾ ਹੈ ਇਸ ਯਾਤ੍ਰਾ ਦਾ ਤਾਂ ਛਡਣਾ ਹੋਏਗਾ—ਕਾਮ। ਕਾਮ ਦਾ ਅਰਥ ਹੁੰਦਾ ਹੈ ਦੂਜੇ ਦੇ ਬਿਨਾਂ ਮੇਰਾ ਨਹੀਂ ਚਲੇਗਾ। ਦੂਜਾ ਚਾਹੀਦਾ ਹੈ। ਇਸਤ੍ਰੀ ਹੋਵੇ ਤਾਂ ਪੁਰਸ਼ ਚਾਹੀਦਾ, ਪੁਰਸ਼ ਹੋਵੇ ਤਾਂ ਇਸਤ੍ਰੀ ਚਾਹੀਦੀ। ਦੂਜੇ ਦੀ ਜ਼ਰੂਰਤ ਹੈ। ਵਿਪਰੀਤ ਦੀ ਜ਼ਰੂਰਤ ਹੈ। ਵਿਪਰੀਤ ਬਾਹਰ ਹੈ ਤਾਂ ਪੁਰਸ਼ ਇਸਤ੍ਰੀਆਂ ਦੇ ਪਿੱਛੇ ਭੱਜ ਰਹੇ ਹਨ, ਇਸਤ੍ਰੀਆਂ ਪੁਰਸ਼ਾਂ ਦੇ ਪਿੱਛੇ ਭੱਜ ਰਹੀਆਂ ਹਨ। ਕਾਮ ਤੋਂ ਮੁਕਤ ਹੋਣ ਦਾ ਅਰਥ ਹੈ : ਪਹਿਲਾਂ ਮੈਂ ਇਹ ਤਾਂ ਵੇਖ ਲਵਾਂ ਕਿ ਮੈਂ ਕੌਣ ਹਾਂ? ਮੈਨੂੰ ਦੂਜੇ ਦੀ ਜ਼ਰੂਰਤ ਹੈ ਜਾਂ ਨਹੀਂ?

ਅੱਜੇ ਮੈਨੂੰ ਇਹ ਹੀ ਪਤਾ ਨਹੀਂ ਕਿ ਮੈਂ ਕੌਣ ਹਾਂ, ਮੈਂ ਦੂਜੇ ਨੂੰ ਲਭੱਣ ਟੁਰਿਆਂ !

ਜਿਹੜਾ ਆਪਣੇ ਨਾਲ ਪਰਿਚੈ ਬਣਾ ਲੈਂਦਾ ਹੈ ਚਕਿੱਤ ਹੋ ਜਾਂਦਾ ਹੈ, ਦੂਜੇ ਦੀ ਕੋਈ ਲੋੜ ਨਹੀਂ ਹੈ। ਸ੍ਵੈ ਹੋਣਾ ਕਾਫ਼ੀ ਹੈ।

ਛਾਂਡੋ ਕਾਮ ਕ੍ਰੋਧ ਅਹੰਕਾਰ। ਅਤੇ ਜਿਸਨੇ ਕਾਮ ਛੱਡ ਦਿੱਤਾ, ਜਿਸ ਨੂੰ ਦੂਜੇ ਦੀ ਜ਼ਰੂਰਤ ਨ ਰਹੀ, ਉਸ ਤੋਂ ਕ੍ਰੋਧ ਆਪਣੇ ਆਪ ਛੁਟ ਜਾਂਦਾ ਹੈ। ਕ੍ਰੋਧ ਕਾਮ ਦੀ ਛਾਂ ਹੈ। ਸਿਰਫ਼ ਕਾਮੀ ਕ੍ਰੋਧੀ ਹੁੰਦਾ ਹੈ। ਕਿਉਂ? ਕਿਉਂਕਿ ਜਿਸਦੀ ਕਾਮਨਾ ਹੈ ਉਸਦੀ ਕਾਮਨਾ ਵਿਚ ਕੋਈ ਰੁਕਾਵਟ ਪਾ ਦੇਵੇ ਤਾਂ ਕ੍ਰੋਧ ਪੈਦਾ ਹੁੰਦਾ ਹੈ। ਜਿਸਦੀ ਕੋਈ ਕਾਮਨਾ ਹੀ ਨਹੀਂ ਹੈ, ਉਸਨੂੰ ਤੁਸੀਂ ਕ੍ਰੋਧਿਤ ਕਿਵੇਂ ਕਰੋਗੇ ? ਤੁਸੀਂ ਕੁਝ ਵੀ ਰੁਕਾਵਟ ਪਾਉਂਦੇ ਰਹੋ, ਉਸਦੀ ਕੋਈ ਕਾਮਨਾ ਨਹੀਂ ਹੈ। ਇਸ ਲਈ ਤੁਹਾਡੀ ਰੁਕਾਵਟ ਨਾਲ ਕੋਈ ਤਕਲੀਫ਼ ਨਹੀਂ ਹੁੰਦੀ। ਤੁਹਾਡੀ ਰੁਕਾਵਟ ਵੀ ਰੁਕਾਵਟ ਨਹੀਂ ਮਾਲੂਮ ਹੁੰਦੀ।

ਜੀਸਸ ਨੇ ਕਿਹਾ ਹੈ : ਜੋ ਇਕ ਗਲ੍ਹ ਉੱਤੇ ਥੱਪੜ ਮਾਰੇ, ਦੂਜਾ ਉਸਦੇ ਸਾਹਮਣੇ ਕਰ ਦਿਓ। ਜੋ ਤੁਹਾਡਾ ਕੋਟ ਲਵੇ, ਉਸ ਨੂੰ ਕਮੀਜ਼ ਵੀ ਦੇ ਦੇਣਾ। ਜਿਹੜਾ ਤੁਹਾਨੂੰ ਆਖੇ, ਇੱਕ ਮੀਲ ਬੋਝ ਢੋ ਕੇ ਲੈ ਚਲੋ, ਤੁਸੀਂ ਦੋ ਮੀਲ ਚਲੇ ਜਾਣਾ।

ਜਿਸਦੀ ਕੋਈ ਕਾਮਨਾ ਨਹੀਂ ਉਸਦੀ ਕੋਈ ਅੜਚਨ ਨ ਰਹੀ। ਜਿਸ ਨੂੰ ਦੂਜੇ ਦੀ ਜ਼ਰੂਰਤ ਹੀ ਨ ਰਹੀ, ਦੂਜਾ ਉਸਨੂੰ ਪਰੇਸ਼ਾਨ ਵੀ ਨਹੀਂ ਕਰ ਸਕਦਾ। ਇਹ ਬਹੁਤ ਸਮਝਣ ਦੀ ਗੱਲ ਹੈ। ਤੁਹਾਨੂੰ ਦੂਜਾ ਤਦ ਤੱਕ ਹੀ ਪਰੇਸ਼ਾਨ ਕਰ ਸਕਦਾ ਹੈ ਜਦ ਤੱਕ ਦੂਜੇ ਦੀ

ਤੁਹਾਨੂੰ ਜ਼ਰੂਰਤ ਹੈ। ਇਸ ਲਈ ਬਹੁਤ ਉਲਝਾਅ ਪੈਦਾ ਹੁੰਦਾ ਹੈ। ਪਤੀ ਨੂੰ ਪਤਨੀ ਦੀ ਜ਼ਰੂਰਤ ਹੈ, ਇਸ ਲਈ ਪਤਨੀ ਪਰੇਸ਼ਾਨ ਕਰ ਸਕਦੀ ਹੈ। ਪਤਨੀ ਨੂੰ ਪਤੀ ਦੀ ਜ਼ਰੂਰਤ ਹੈ, ਇਸ ਲਈ ਪਤੀ ਪਰੇਸ਼ਾਨ ਕਰ ਸਕਦਾ ਹੈ। ਇਸ ਲਈ ਪ੍ਰੇਮੀ ਇੱਕ-ਦੂਜੇ ਨੂੰ ਪ੍ਰੇਮ ਵੀ ਕਰਦੇ ਹਨ ਤੇ ਇੱਕ ਦੂਜੇ ਨਾਲ ਨਾਰਾਜ਼ ਵੀ ਰਹਿੰਦੇ ਹਨ ਅਤੇ ਲੜਦੇ ਵੀ ਹਨ, ਝਗੜਦੇ ਵੀ ਹਨ। ਕਿਉਂ ? ਕਿਉਂਕਿ ਜਿਸਦੇ ਉੱਤੇ ਅਸੀਂ ਨਿਰਭਰ ਹਾਂ, ਇਹ ਨਿਰਭਰਤਾ ਕਸ਼ਟ ਦਿੰਦੀ ਹੈ ਕਿ ਉਸਦੇ ਹਥ ਵਿਚ ਸਾਡੀ ਕੁੰਜੀ ਹੈ। ਅਸੀਂ ਆਪਣੇ ਮਾਲਿਕ ਨ ਰਹੇ।

ਇਸ ਲਈ ਪ੍ਰੇਮੀ ਸੰਘਰਸ਼ ਕਰਦੇ ਰਹਿੰਦੇ ਹਨ ਇਸ ਗੱਲ ਦਾ ਕਿ ਕੌਣ ਮਾਲਿਕ ਹੈ—ਮੈਂ ਕਿ ਤੂੰ ? ਵਿਆਹ ਤੋਂ ਬਾਅਦ ਪਤੀ-ਪਤਨੀ ਦਾ ਇੱਕ ਹੀ ਸੰਘਰਸ਼ ਹੈ ਕਿ ਅਸਲ ਵਿਚ ਮਾਲਿਕ ਕੌਣ ਹੈ। ਇਸ ਨੂੰ ਉਹ ਕਹਿਣ ਭਾਵੇ ਨ ਸਪਸ਼ਟ ਰੂਪ ਨਾਲ ... ਸਪੱਸ਼ਟ ਰੂਪ ਨਾਲ ਕਿਹਾ ਵੀ ਨਹੀਂ ਜਾ ਸਕਦਾ। ਇਹ ਤਾਂ ਰਾਜਨੀਤਿਕ ਦਾਅ-ਪੇਚ ਹਨ। ਕਹਿਣਾ ਨਹੀਂ ਪੈਂਦਾ। ਪਤਨੀ ਆਪਣੀਆਂ ਚਾਲਾਂ ਚਲਦੀ ਹੈ। ਪਤੀ ਆਪਣੀਆਂ ਚਾਲਾਂ ਚਲਦਾ ਹੈ। ਦੋਵੇਂ ਆਪਣੀਆਂ-ਆਪਣੀਆਂ ਗੋਟੀਆਂ ਬਿਠਾਉਂਦੇ ਰਹਿੰਦੇ ਹਨ—ਕੌਣ ਮਾਲਿਕ ਹੈ? ਹਰ ਬਹਾਨੇ ਨਾਲ ਇਹ ਸਿੱਧ ਕਰਨਾ ਹੈ ਕਿ ਕੌਣ ਮਾਲਿਕ ਹੈ। ਪਤਨੀ ਕੁਝ ਕਹੇਗੀ ਤਾਂ ਪਤੀ ਉਸਦਾ ਵਿਰੋਧ ਕਰਦਾ ਹੈ, ਚਾਹੇ ਗੱਲ ਵਿਰੋਧ ਕਰਨ ਦੀ ਹੋਵੇ ਜਾਂ ਨ ਹੋਵੇ। ਪਤੀ ਕੁਝ ਕਹੇਗਾ ਤਾਂ ਪਤਨੀ ਵਿਰੋਧ ਕਰਦੀ ਹੈ। ਨਿੱਕੀਆਂ-ਨਿੱਕੀਆਂ ਗੱਲਾਂ ਕਿ ਕਿਹੜੀ ਫ਼ਿਲਮ ਨੂੰ ਵੇਖਣ ਜਾਣਾ ਹੈ ਅਤੇ ਝਗੜਾ।

ਇੱਕ ਦਿਨ ਮੁੱਲਾ ਨਸਰੁਦੀਨ ਅਤੇ ਉਸਦੀ ਪਤਨੀ ਵਿਚ ਬਹੁਤ ਝਗੜਾ ਹੋਇਆ। ਘੰਟੇ ਡੇਢ ਘੰਟੇ ਤੱਕ ਬਹੁਤ ਗਰਮਾ-ਗਰਮੀ ਹੋਈ। ਫ਼ਿਰ ਮੁੱਲਾ ਬਾਹਰ ਨਿਕਲ ਗਿਆ। ਹਾਲਤ ਅਜਿਹੀ ਹੋ ਗਈ ਸੀ ਕਿ ਮਾਰ-ਕੁਟਾਈ ਤੱਕ ਦੀ ਨੌਬਤ ਆ ਗਈ ਸੀ। ਬਾਹਰ ਨਿਕਲ ਗਿਆ। ਠੰਡੀ ਹਵਾ ਵਿਚ ਥੋੜ੍ਹਾ ਘੁੰਮਿਆ ਫ਼ਿਰਿਆ, ਥੋੜ੍ਹਾ ਚਿੱਤ ਸ਼ਾਂਤ ਹੋਇਆ। ਗੱਲ ਨਿੱਕੀ-ਜਿਹੀ ਸੀ—ਕਿਸ ਫ਼ਿਲਮ ਵਿਚ ਜਾਣਾ ਹੈ ? ਸੋਚਿਆ ਉਸਨੇ ਕਿ ਇਸ ਨਿੱਕੀ ਜਿਹੀ ਗੱਲ ਵਿਚ ਕੀ ਰੱਖਿਆ ਹੈ, ਚਲੋ ਉਸ ਦੀ ਹੀ ਮੰਨ ਲਓ। ਥੋੜ੍ਹਾ ਗੁੱਸਾ ਵੀ ਆਇਆ ਕਿ ਝਗੜਾ ਕੀ ਕਰਨਾ ਹੈ।

ਅੱਜੇ ਉਹ ਖਾਣਾ ਪਕਾਏਗੀ ਨਹੀਂ, ਅੱਜੇ ਰਾਤ ਸੌਣਾ ਵੀ ਹੈ, ਉਹ ਰਾਤ ਨੂੰ ਸੌਣ ਵੀ ਨਹੀਂ ਦੇਵੇਗੀ। ਤਕੀਏ ਸੁਟੇਗੀ। ਉਲਟਾ ਸਿੱਧਾ ਕੁਝ ਉਪੱਦਰ ਕਰੇਗੀ, ਕਿ ਰੇਡੀਓ ਜ਼ੋਰ ਨਾਲ ਲਗਾ ਦੇਵੇਗੀ। ਝੰਜਟਾਂ ਇੱਕਦਮ ਆਸਾਨ ਤਾਂ ਨਹੀਂ ਹਨ, ਹਲ ਤਾਂ ਨਹੀਂ ਹੋ ਜਾਂਦੀਆਂ। ਤੁਸੀਂ ਜਦ ਪੈਦਾ ਕਰ ਦਿੱਤਾ ਉਪੱਦਰ ਤਾਂ ਉਸਦਾ ਸਿਲਸਿਲਾ ਚਲੇਗਾ। ਸਭ ਸੋਚ-ਸਮਝ ਕੇ ਉਸਨੇ ਹਿਸਾਬ ਲਾ ਕੇ ਸੋਚਿਆ, ਕਿ ਬੇਹਤਰ ਹੈ ਜਿਸ ਫ਼ਿਲਮ ਵਿਚ ਕਹਿੰਦੀ ਹੈ ਉਸੇ ਵਿਚ ਚਲੇ ਜਾਣਾ ਅੱਛਾ ਹੈ। ਅੰਦਰ ਆਇਆ, ਉਸਨੇ ਕਿਹਾ, ਕਿ ਪ੍ਰਸੰਨ ਹੋ ਜਾ, ਮੈਂ ਤੇਰੀ ਹੀ ਮੰਨ ਲੈਂਦਾ ਹਾਂ, ਤੂੰ ਜਿਸ ਫ਼ਿਲਮ ਵਿਚ ਜਾਣ ਲਈ ਕਹਿੰਦੀ ਹੈਂ ਉੱਥੇ ਹੀ ਜਾਂਦੇ ਹਾਂ। ਪਤਨੀ ਨੇ ਉਸਦੇ ਵਲ ਵੇਖਿਆ ਅਤੇ ਉਸਨੇ ਕਿਹਾ : ਪਰ ਹੁਣ ਮੈਂ ਆਪਣਾ ਇਰਾਦਾ ਬਦਲ ਦਿੱਤਾ ਹੈ। ਹੁਣ ਰਾਜ਼ੀ ਹੋਣ ਨਾਲ ਕੁਝ ਵੀ ਨਹੀਂ ਹੋਏਗਾ। ਹੁਣ ਮੈਨੂੰ ਉਸ ਫ਼ਿਲਮ ਵਿਚ ਜਾਣਾ ਹੀ ਨਹੀਂ ਹੈ।

ਝਗੜਾ ਹੀ ਜੇਕਰ ਮੁੱਦਾ ਹੈ ਤਾਂ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਇਹ ਤਾਂ ਨਿਮਿਤ ਹੈ। ਪਰ ਪ੍ਰੇਮੀ ਝਗੜਦੇ ਹਨ, ਮਨੋਵਿਗਿਆਨਿਕ ਕਹਿੰਦੇ ਹਨ, ਉਸ ਦਾ ਮੌਲਿਕ ਕਾਰਣ ਇਹ ਹੈ ਕਿ ਜਿਵੇਂ ਹੀ ਤੁਸੀਂ ਕਿਸੇ ਦੇ ਪ੍ਰੇਮ ਵਿਚ ਪਏ, ਤੁਹਾਨੂੰ ਇੱਕ ਗੱਲ ਸਮਝ ਵਿਚ ਆਉਣੀ ਸ਼ੁਰੂ ਹੋ ਗਈ ਕਿ ਤੁਹਾਡਾ ਸੁਖ ਦੂਜੇ ਉੱਤੇ ਨਿਰਭਰ ਹੈ।

ਤਾਂ ਦੂਜਾ ਜਦ ਦੇਵੇਗਾ ਤਦ ਦੇਵੇਗਾ। ਦੂਜਾ ਖੋਹ ਲਵੇ ਤਾਂ ਖੋਹ ਲਵੇ। ਤੁਸੀਂ ਆਪਣੇ ਮਾਲਿਕ ਨ ਰਹੇ। ਤੁਸੀਂ ਗੁਲਾਮ ਹੋ ਗਏ। ਗੁਲਾਮੀ ਨਾਲ ਪੀੜ ਹੁੰਦੀ ਹੈ। ਪੀੜ ਨਾਲ ਕ੍ਰੋਧ ਪੈਦਾ ਹੁੰਦਾ ਹੈ। ਕ੍ਰੋਧ ਨਾਲ ਸੰਘਰਸ਼।

ਕਾਮ-ਕ੍ਰੋਧ ਨਾਲ-ਨਾਲ ਹਨ। ਅਤੇ ਜਿੱਥੇ ਕਾਮ ਅਤੇ ਕ੍ਰੋਧ ਹਨ, ਉਨ੍ਹਾਂ ਦੋਹਾਂ ਦੇ ਵਿਚਕਾਰ ਅਹੰਕਾਰ ਖਲੋਤਾ ਹੁੰਦਾ ਹੈ। ਜੇਕਰ ਤੁਸੀਂ ਦੂਜੇ ਉੱਤੇ ਜਿੱਤ ਹਾਸਿਲ ਕਰ ਲਈ ਤਾਂ ਅਹੰਕਾਰ ਮਜ਼ਬੂਤ ਹੁੰਦਾ ਹੈ: ਜੇਕਰ ਦੂਜੇ ਕੋਲੋਂ ਹਾਰ ਗਏ ਤਾਂ ਅਹੰਕਾਰ ਲੁੱਕ ਜਾਂਦਾ ਹੈ, ਧਰਤੀ ਦੇ ਅੰਤਰਗਤ ਹੋ ਜਾਂਦਾ ਹੈ। ਦੂਜਾ ਰਾਹ ਲਭਦਾ ਹੈ ਕਿ ਕਿਸੇ ਹੋਰ ਪਾਸਿਓਂ ਜਿੱਤਾਂ।

ਜਿਸਦੀ ਨ ਕੋਈ ਕਾਮਨਾ ਹੈ, ਨ ਜਿਸਦਾ ਕੋਈ ਕ੍ਰੋਧ ਹੈ, ਉਸਦਾ ਅਹੰਕਾਰ ਆਪਣੇ-ਆਪ ਵਿਲੀਨ ਹੋ ਜਾਏਗਾ। ਇਹ ਕਾਮ-ਕ੍ਰੋਧ ਦੋ ਖੰਭ ਹਨ ਜਿਹੜੇ ਅਹੰਕਾਰ ਦੇ ਪੰਛੀ ਨੂੰ ਉਡਾਉਂਦੇ ਹਨ।

ਪਹਲੈ ਆਰੰਭ ਛਾਂਡੋ ਕਾਮ-ਕ੍ਰੋਧ ਅਹੰਕਾਰ।
ਮਨ ਮਾਯਾ ਵਿਸ਼ੈ ਵਿਕਾਰ।

ਛੱਡੋ ਇਹ ਸਵਾਲ ਕਿ ਬਾਹਰੋਂ ਕਦੇ ਕੁਝ ਮਿਲ ਸਕਦਾ ਹੈ। ਕਦੇ ਨ ਕਿਸੇ ਨੂੰ ਕੁਝ ਮਿਲਿਆ ਹੈ, ਨ ਮਿਲੇਗਾ। ਜਿਨਾ ਮੰਗੋਗੇ ਓਨਾ ਹੀ ਪਰੇਸ਼ਾਨ ਹੋਵੋਗੇ, ਓਨਾ ਹੀ ਦੁਖ ਹੋਏਗਾ।

ਮੈਨੇ ਚਾਂਦ ਔਰ ਸਿਤਾਰੋਂ ਕੀ ਤਮੰਨਾ ਕੀ ਥੀ
ਮੁਝ ਕੋ ਰਾਤੋਂ ਕੀ ਸਿਆਹੀ ਕੇ ਸਿਵਾ ਕੁਛ ਨਾ ਮਿਲਾ

ਮੈਂ ਵੋਹ ਨਗਮਾ ਹੂੰ ਜਿਸੇ ਪਿਆਰ ਕੀ ਮਹਫਿਲ ਨਾ ਮਿਲੀ
ਵੋਹ ਮੁਸਾਫ਼ਿਰ ਹੂੰ ਜਿਸੇ ਕੋਈ ਭੀ ਮੰਜਿਲ ਨਾ ਮਿਲੀ
ਜ਼ਖ਼ਮ ਪਾਏ ਹੈਂ ਬਾਹਰੋਂ ਕੀ ਤਮੰਨਾ ਕੀ ਥੀ
ਮੈਨੇ ਚਾਂਦ ਔਰ ਸਿਤਾਰੋਂ ਕੀ ਤਮੰਨਾ ਕੀ ਥੀ।

ਕਿਸੀ ਗੇਸੂ, ਕਿਸੀ ਆਂਚਲ ਕਾ ਸਹਾਰਾ ਭੀ ਨਹੀਂ
ਰਾਸਤੇ ਮੇਂ ਕੋਈ ਧੁੰਧਲਾ-ਸਾ ਸਿਤਾਰਾ ਭੀ ਨਹੀਂ
ਮੇਰੀ ਨਜ਼ਰੋਂ ਨੇ ਨਜ਼ਾਰੋਂ ਕੀ ਤਮੰਨਾ ਕੀ ਥੀ
ਮੈਨੇ ਚਾਂਦ ਔਰ ਸਿਤਾਰੋਂ ਕੀ ਤਮੰਨਾ ਕੀ ਥੀ।

ਦਿਲ ਮੇਂ ਨਾਕਾਮ ਉਮੀਦੋਂ ਕੇ ਬਸੇਰੇ ਪਾਏ
ਰੌਸ਼ਨੀ ਲੇਨੇ ਕੋ ਨਿਕਲਾ ਤੋ ਅੰਧੇਰੇ ਪਾਏ
ਰੰਗ ਔਰ ਨੂਰ ਕੇ ਧਾਰੋਂ ਕੀ ਤਮੰਨਾ ਕੀ ਥੀ
ਮੈਨੇ ਚਾਂਦ ਔਰ ਸਿਤਾਰੋਂ ਕੀ ਤਮੰਨਾ ਕੀ ਥੀ।
ਮੁਝ ਕੋ ਰਾਤੋਂ ਕੀ ਸਿਆਹੀ ਕੇ ਸਿਵਾ ਕੁਛ ਨਾ ਮਿਲਾ।

ਕਿਸੇ ਨੂੰ ਵੀ ਕਦੇ ਕੁਝ ਹੋਰ ਮਿਲਿਆ ਨਹੀਂ ਹੈ—ਰਾਤ ਦੀ ਸਿਆਹੀ ਮਿਲੀ ਹੈ। ਮੰਗੋ ਚੰਨ-ਤਾਰੇ ਮੰਗਣ ਲਈ ਤੁਸੀਂ ਸਵਤੰਤਰ ਹੋ, ਪਰ ਤੁਹਾਡੀ ਮੰਗ ਅਨੁਸਾਰ ਕਦੇ ਕੁਝ ਹੁੰਦਾ ਨਹੀਂ ਹੈ। ਮੰਗਣ ਦੇ ਕਾਰਣ ਤੁਸੀਂ ਭਿਖਾਰੀ ਹੋ ਜਾਂਦੇ ਹੋ। ਭਿਖਾਰੀ ਹੋਣ ਦੇ ਕਾਰਨ ਤੁਹਾਡਾ ਮੁੱਲ ਹੀ ਘੱਟ ਜਾਂਦਾ ਹੈ। ਤੁਸੀਂ ਪਰਮਾਤਮਾ ਤੋਂ ਦੂਰ ਹੋ ਜਾਂਦੇ ਹੋ। ਤੁਸੀਂ ਮਾਲਿਕ ਹੋ ਜਾਓ। ਉਸ ਮਾਲਿਕ ਨੂੰ ਮਿਲਣਾ ਹੋਵੇ ਤਾਂ ਤੁਸੀਂ ਮਾਲਿਕ ਹੋ ਜਾਓ। ਮਾਲਿਕ ਨਾਲ ਹੀ ਮਾਲਿਕ ਮਿਲ ਸਕਦਾ ਹੈ। ਸਮਾਨ ਧਰਮਾਂ ਦੀ ਮੁਲਾਕਾਤ ਹੁੰਦੀ ਹੈ। ਭਿਖ-ਮੰਗੇ ਹੋ ਕੇ ਤੁਸੀਂ ਪਰਮਾਤਮਾ ਨਾਲ ਨਹੀਂ ਮਿਲ ਸਕੋਗੇ, ਮਾਲਿਕ ਹੋ ਕੇ ਹੀ ਮਿਲ ਸਕੋਗੇ ਉਸ ਵਰਗੇ ਹੀ ਹੋ ਕੇ ਮਿਲ ਸਕੋਗੇ।

ਮਾਲਿਕ ਹੋਣ ਦਾ ਕੀ ਅਰਥ ਹੈ ? ਕੋਈ ਮੰਗ ਨ ਰਹੀ—ਨ ਮਾਇਆ ਦੀ, ਨ ਕਾਮ ਦੀ, ਨ ਲੋਭ ਦੀ, ਨ ਧਨ ਦੀ, ਨ ਪਦ ਦੀ, ਕੋਈ ਮੰਗ ਨ ਰਹੀ। ਤੁਸੀਂ ਕਿਹਾ : ਜਿਹੋ ਜਿਹਾ ਤੂੰ ਮੈਨੂੰ ਬਣਾਇਆ, ਮੈਂ ਰਾਜ਼ੀ ਹਾਂ। ਜਿਹੋ ਜਿਹਾ ਹਾਂ ਉਸੇ ਨਾਲ ਰਾਜ਼ੀ ਹਾਂ। ਬਸ ਇਹੋ ਜਿਹਾ ਹੀ ਪਰਿਪੂਰਣ ਰਾਜ਼ੀ ਹਾਂ। ਅਜਿਹੀ ਹਾਲਤ ਵਿਚ ਤੁਹਾਡੇ ਅੰਦਰ ਸਮ੍ਰਾਟ ਦਾ ਜਨਮ ਹੋ ਜਾਂਦਾ ਹੈ। ਫ਼ਿਰ ਤੁਸੀਂ ਜੇਕਰ ਭਿਖ-ਮੰਗੇ ਵੀ ਹੋ ਤਾਂ ਸਮ੍ਰਾਟ ਹੋ ਗਏ। ਅੱਜੇ ਤਾਂ ਜੇਕਰ ਤੁਸੀਂ ਸਮ੍ਰਾਟ ਵੀ ਹੋ ਤਾਂ ਬਸ ਨਾਮ ਮਾਤ੍ਰ ਦੇ ਅੰਦਰੋਂ ਤੁਸੀਂ ਭਿਖ-ਮੰਗੇ ਹੀ ਹੋ।

ਮਨ ਮਾਯਾ ਵਿਸ਼ੈ ਵਿਕਾਰ।
ਹੰਸਾ ਪਕੜਿ ਘਾਤ ਜਿਨਿ ਕਰੋ।

ਇਨ੍ਹਾਂ ਹੀ ਸਭ ਨੇ ਮਿਲ ਕੇ ਤੁਹਾਡੀ ਆਤਮਾ ਨੂੰ ਫ਼ੜ ਕੇ ਮਾਰ ਸੁਟਿਆ ਹੈ। ਇਨ੍ਹਾਂ ਨੇ ਹੀ ਤੁਹਾਡੇ ਅੰਦਰ ਦੇ ਹੰਸ ਦੀ ਗਰਦਨ ਦਬਾ ਦਿੱਤੀ ਹੈ।

ਹੰਸਾ ਪਕੜਿ ਘਾਤ ਜਿਨਿ ਕਰੋ।
ਤ੍ਰਿਸ਼ਨਾਂ ਤਜੋ ਲੋਭ ਪਰਹਰੋ॥

ਛੱਡੋ ਇਹ ਤ੍ਰਿਸ਼ਣਾ। ਛੱਡੋ ਇਹ ਲੋਭ। ਇਨ੍ਹਾਂ ਨੇ ਹੀ ਤੁਹਾਨੂੰ ਮਾਰਿਆ। ਇਨ੍ਹਾਂ ਦੇ ਜ਼ਹਿਰ ਨੇ ਤੁਹਾਨੂੰ ਸਮਾਪਤ ਕੀਤਾ ਹੋਇਆ ਹੈ।

ਛਾਂਡੋ ਦੰਦ ਰਹੋ ਨਿਰਦੰਦ।

ਇਹ ਦੋ ਦੀ ਭਾਸ਼ਾ ਛੱਡੋ। ਮੈਂ ਅਤੇ ਤੂੰ ਦੀ ਭਾਸ਼ਾ ਛੱਡੋ। ਨਿਰਦਵੰਧ ਹੋ ਜਾਓ। ਜਿੱਥੇ ਤੂੰ ਗਿਆ, ਤੂੰ ਦੀ ਇੱਛਾ ਗਈ, ਉੱਥੇ ਮੈਂ ਵੀ ਚਲਾ ਜਾਂਦਾ ਹੈ। ਤਦ ਇੱਕ ਸੰਨਾਟਾ ਰਹਿ ਜਾਂਦਾ ਹੈ। ਸੰਨਾਟਾ—ਜਿਵੇਂ ਤੂਫ਼ਾਨ ਦੇ ਬਾਅਦ ਦੇਖਿਆ ਹੋਵੇ। ਜਾਂ ਸੰਨਾਟਾ—ਜਿਹੋ ਜਿਹਾ ਤੂਫ਼ਾਨ ਤੋਂ ਪਹਿਲਾਂ ਹੁੰਦਾ ਹੈ। ਜਾਂ ਸੰਨਾਟਾ—ਜੇਕਰ ਸਮਝ ਹੋਵੇ ਤਾਂ ਤੂਫ਼ਾਨ ਦੇ ਵਿਚਕਾਰ

ਵੀ ਹੁੰਦਾ ਹੈ। ਜੇਕਰ ਬੋਧ ਹੋਵੇ ਤਾਂ ਬਾਜ਼ਾਰ ਵਿਚ ਵੀ ਸੰਨਾਟਾ ਹੁੰਦਾ ਹੈ। ਕਿਉਂਕਿ ਅੰਦਰ ਤਾਂ ਸੰਨਾਟਾ ਸਦਾ ਹੈ, ਉਥੇ ਤਾਂ ਸ਼ਾਸਵਤ ਸ਼ਾਂਤੀ ਹੈ। ਤੁਹਾਨੂੰ ਜੇਕਰ ਅੰਦਰ ਡੁਬਕੀ ਲਗਾਉਣੀ ਆ ਜਾਏ ਤਾਂ ਬਾਹਰ ਦੀ ਕੋਈ ਅਸ਼ਾਂਤੀ ਉਸਨੂੰ ਖੰਡਿਤ ਨਹੀਂ ਕਰ ਪਾਏਗੀ, ਬਾਹਰ ਦਾ ਕੋਈ ਵਿਘੰਨ, ਵਿਘੰਨ ਨਹੀਂ ਬਣੇਗਾ।

ਛਾਂਡੋ ਦੰਦ ਰਹੋ ਨਿਰਦੰਦ। ਤਜੋ ਅਲਯੰਗਨ ਰਹੋ ਅਬੰਧ।

ਇਹ ਦੂਜੇ ਦਾ ਆਲਿੰਗਨ (ਜਫੀ ਪਾਣਾ) ਛੱਡੋ, ਕਿਉਂਕਿ ਇਸੇ ਆਲਿੰਗਨ ਵਿਚ ਤੁਸੀਂ ਬੱਝ ਗਏ ਹੋ। ਦੂਜੇ ਦੇ ਕਾਰਣ ਹੀ ਤੁਹਾਡਾ ਜੀਵਨ ਕੈਦਖ਼ਾਨਾ ਹੋ ਗਿਆ। ਦੂਜੇ ਦੇ ਕਾਰਣ ਹੀ ਜੀਵਨ ਵਿਚ ਜ਼ੰਜੀਰਾਂ ਪੈ ਗਈਆਂ ਹਨ। ਦੂਜਿਆਂ ਦੀ ਹੀ ਕੰਧ ਹੈ, ਜਿਸ ਵਿਚ ਤੁਸੀਂ ਘਿਰ ਗਏ ਹੋ।

ਤਜੋ ਅਲਯੰਗਨ ਰਹੋ ਅਬੰਧ।

ਮੁਕਤ ਹੋਣਾ ਹੈ, ਸੁਤੰਤਰ ਹੋਣਾ ਹੈ, ਆਕਾਸ਼ ਵਰਗੀ ਸੁਵਤੰਤਰਤਾ ਅਤੇ ਅਸੀਮਤਾ ਚਾਹੀਦੀ ਤਾਂ ਫ਼ਿਰ ਨਿਰਦਵੰਧ ਹੋਣਾ ਸਿਖਣਾ ਪਏਗਾ।

ਸਹਜ ਜੁਗਤਿ ਲੇ ਆਸਣ ਕਰੌ।

ਸਹਿਜ ਦੀ ਸਾਧਨਾ ਸਿੱਖੋ। ਸਹਿਜ ਜੁਗਤਿ ! ਉਹ ਹੀ ਹੈ ਅਸਲੀ ਜੁਗਤ। ਕੀ ਹੈ ਸਹਿਜ ਦੀ ਸਾਧਨਾ? ਕੁਝ ਹੋਣਾ ਨ ਚਾਹੋ। ਕੁਝ ਹੋਣੇ ਦੇ ਕਾਰਣ ਹੀ, ਕੁਝ ਹੋਣ ਦੀ ਚਾਹਤ ਨਾਲ ਆਦਮੀ ਅਸਹਿਜ ਹੁੰਦਾ ਹੈ! ਜਦ ਤੁਸੀਂ ਕੁਝ ਹੋਣਾ ਚਾਹੁੰਦੇ ਹੋ ਤਾਂ ਤੁਹਾਡੇ ਸਾਹਮਣੇ ਇੱਕ ਆਦਰਸ਼ ਹੋ ਜਾਂਦਾ ਹੈ—ਇਹ ਹੋਣਾ ਹੈ ! ਜਿਵੇਂ ਸਮਝੋ ਕਿ ਤੁਸੀਂ ਬੁੱਧ ਹੋਣਾ ਚਾਹੁੰਦੇ ਹੋ, ਤਾਂ ਫ਼ਿਰ ਕੀ ਹੋਇਆ ? ਤੁਸੀਂ ਜੇਕਰ ਬੁੱਧ ਹੋਣਾ ਚਾਹੁੰਦੇ ਹੋ ਤਾਂ ਬੁੱਧ ਦਾ ਅਨੁਕਰਨ (ਨਕਲ) ਸ਼ੁਰੂ ਕਰ ਦਿਓਗੇ। ਤੁਸੀਂ ਇਹ ਭੁੱਲ ਹੀ ਜਾਓਗੇ ਕਿ ਮੈਂ ਕੌਣ ਹਾਂ; ਤੁਸੀਂ ਬੁੱਧ ਦਾ ਆਚਰਣਕਰਨ ਲਗੋਗੇ। ਜੇਕਰ ਤੁਸੀਂ ਮਹਾਵੀਰ ਹੋਣਾ ਚਾਹੁੰਦੇ ਹੋ ਤਾਂ ਤੁਸੀਂ ਮਹਾਵੀਰ ਵਰਗੇ ਨੰਗੇ ਖੜੇ ਹੋ ਜਾਓਗੇ। ਇਹ ਤੁਹਾਡੀ ਨਿਜਤਾ ਨ ਹੋਈ। ਤੁਸੀਂ ਕੁਝ ਹੋਣਾ ਚਾਹੁੰਦੇ ਹੋ, ਕੋਈ ਆਦਰਸ਼ ਤੁਹਾਡੇ ਜੀਵਨ ਵਿਚ ਆਇਆ ਕਿ ਤੁਸੀਂ ਝੂਠੇ ਹੋਏ।

ਆਦਰਸ਼ ਦੇ ਨਾਲ ਆਉਂਦਾ ਹੈ ਪਾਖੰਡ। ਆਦਰਸ਼ ਦਾ ਮਤਲਬ ਹੈ : ਭਵਿੱਖ ਵਿਚ ਕੋਈ ਇਕ ਦੂਰ ਸਿਤਾਰਾ (ਤਾਰਾ) ਹੈ, ਉਹੋ ਜਿਹਾ ਮੈਂ ਹੋਣਾ ਹੈ। ਕਿ ਮਹਾਵੀਰ ਕਿ ਕ੍ਰਿਸ਼ਨ ਕਿ ਬੁੱਧ। ਹੋਰ ਤੁਹਾਨੂੰ ਪਤਾ ਹੈ ਬੁੱਧ ਦੋਬਾਰਾ ਨਹੀਂ ਹੋਏ ? ਕੋਈ ਦੂਜਾ ਵਿਅਕਤੀ ਬੁੱਧ ਜਿਹਾ ਨਹੀਂ ਹੋ ਸਕਦਾ, ਹੋਣ ਦੀ ਜ਼ਰੂਰਤ ਵੀ ਨਹੀਂ ਹੈ। ਨ ਕੋਈ ਦੂਜਾ ਮਹਾਵੀਰ ਕਦੇ ਹੁੰਦਾ ਹੈ। ਤੁਸੀਂ ਤੁਸੀਂ ਹੀ ਹੋਣ ਲਈ ਪੈਦਾ ਹੋਏ ਹੋ।

ਕੁਝ ਹੋਰ ਹੋਣ ਲਈ ਪੈਦਾ ਨਹੀਂ ਹੋਏ। ਅਤੇ ਬੁੱਧ ਵੀ ਇਸ ਲਈ ਬੁੱਧ ਹੋ ਸਕੇ ਕਿ ਉਨ੍ਹਾਂ ਨੇ ਕ੍ਰਿਸ਼ਨ ਹੋਣ ਦੀ ਕੋਸ਼ਿਸ਼ ਨਹੀਂ ਕੀਤੀ, ਨ ਰਾਮ ਹੋਣ ਦੀ ਕੋਸ਼ਿਸ਼ ਕੀਤੀ ਸੀ। ਬੁੱਧ, ਬੁੱਧ ਹੋ ਸਕੇ, ਕਿਉਂਕਿ ਆਪਣੀ ਨਿਜਤਾ ਵਿਚ ਡੁੱਬੇ। ਤੁਸੀਂ ਵੀ ਬਸ ਤੁਸੀਂ ਹੀ ਹੋ ਸਕਦੇ ਹੋ। ਅਦਵਿਤੀਯ ਹੋ ਤੁਸੀਂ। ਤੁਹਾਡੇ ਵਰਗਾ ਨ ਕੋਈ ਵਿਅਕਤੀ ਕਦੇ ਹੋਇਆ ਹੈ ਨ ਕਦੇ ਹੋਵੇਗਾ। ਪਰਮਾਤਮਾ ਪੁਨਰੁਕਤੀ ਕਰਦਾ ਹੀ ਨਹੀਂ।

ਪਰਮਾਤਮਾ ਕੋਈ ਟੁੱਟਾ-ਫੁਟਾ ਗਰਾਮੋਫ਼ੋਨ ਰਿਕਾਰਡ ਨਹੀਂ ਹੈ ਕਿ ਉਹੀ ਗਾਣਾ, ਉਹੀ

ਗਾਣਾ, ਉਹੀ ਗਾਣਾ ਚਲਦਾ ਰਹੇ। ਪਰਮਾਤਮਾ ਨਿਤਨੂਤਨ (ਰੋਜ਼ ਨਵਾਂ) ਹੈ, ਪ੍ਰਵਾਹਮਾਨ ਹੈ, ਗਤਿਸ਼ੀਲ ਹੈ। ਕੋਈ ਗੰਦਾ ਡੱਬਰਾ ਨਹੀਂ ਹੈ ਭਰਿਆ ਹੋਇਆ ਕਿ ਸੜੇ ਅਤੇ ਕਿਚੱੜ ਪੈਦਾ ਹੋਵੇ। ਬਹਾਓ ਹੈ, ਪ੍ਰਵਾਹ ਹੈ; ਗੰਗਾ ਹੈ, ਵਗਦੀ ਜਾਂਦੀ ਹੈ।

ਅਸਹਿਜਤਾ ਪੈਦਾ ਹੁੰਦੀ ਹੈ ਆਦਰਸ਼ ਨਾਲ। ਮਨੁੱਖ ਪਾਖੰਡੀ ਹੋ ਗਿਆ ਹੈ, ਜਟਿਲ ਹੋ ਗਿਆ ਹੈ ਆਦਰਸ਼ਾਂ ਦੇ ਕਾਰਣ। ਲੋਕ ਸਿੱਖਾ ਰਹੇ ਹਨ ਇੱਕ-ਦੂਜੇ ਨੂੰ। ਮਾਂ-ਬਾਪ ਸਿਖਾਉਂਦੇ ਹਨ ਬਚਿਆਂ ਨੂੰ—ਇਹੋ ਜਿਹੇ ਹੋ ਜਾਓ ... ਵੇਖੋ ਤੁਹਾਨੂੰ ਬਨਣਾ ਹੈ ਬੁੱਧ ਵਰਗਾ, ਕਿ ਬਨਣਾ ਹੈ ਸਿਕੰਦਰ ਵਰਗਾ, ਕਿ ਬਨਣਾ ਹੈ ਇਹੋ ਜਿਹਾ। ਕੋਈ ਮਾਂ-ਪਿਓ ਆਪਣੇ ਬੱਚਿਆਂ ਨੂੰ ਨਹੀਂ ਕਹਿੰਦੇ ਕਿ ਤੁਹਾਨੂੰ ਤੁਹਾਡੇ ਜਿਹਾ ਬਨਣਾ ਹੈ। ਬਚਣਾ ਬੁੱਧਾਂ ਕੋਲੋਂ। ਬਚਣਾ ਮਹਾਵੀਰਾਂ ਤੋਂ। ਉਹ ਹੋ ਗਏ।

ਸੁੰਦਰ ਸਨ, ਮਹਿਮਾਂ-ਪੂਰਣ ਸਨ, ਪਰ ਉਨ੍ਹਾਂ ਤੋਂ ਜੇਕਰ ਇੱਕ ਗੱਲ ਸਿਖਣੀ ਹੋਵੇ ਤਾਂ ਇਹ ਹੀ ਸਿਖਣਾ ਕਿ ਉਹ ਆਪਣੀ ਨਿਜਤਾ ਵਿਚ ਜੀਵੇ, ਤੁਸੀਂ ਵੀ ਆਪਣੀ ਨਿਜਤਾ ਵਿਚ ਜੀਉਣਾ। ਆਚਰਣ ਨ ਕਰਨਾ, ਅਨੁਕਰਣ (ਨਕਲ) ਨ ਕਰਨਾ। ਅਨੁਕਰਣ ਅਤੇ ਆਚਰਣ ਆਦਮੀ ਨੂੰ ਝੂਠਾ ਕਰ ਦਿੰਦੇ ਹਨ, ਕਿਉਂਕਿ ਦਵੰਧ ਪੈਦਾ ਹੋ ਜਾਂਦਾ ਹੈ। ਤੁਸੀਂ ਕੁਝ ਹੋ, ਕੁਝ ਥੋਪਦੇ ਹੋ, ਤਾਂ ਦੋਹਰੀ ਗੱਲ ਹੋ ਜਾਂਦੀ ਹੈ। ਹੋ ਕੁਝ, ਕਰਦੇ ਕੁਝ ਹੋ। ਹੋ ਕੁਝ, ਬੋਲਦੇ ਕੁਝ ਹੋ। ਤੁਹਾਡੇ ਕਪੜੇ ਕੁਝ, ਤੁਹਾਡੀ ਆਤਮਾ ਕੁਝ।

ਤੁਹਾਡੇ ਬਾਹਰ, ਅੰਦਰ ਦੇ ਰੰਗ ਵਿਚ ਫ਼ਰਕ ਪੈ ਜਾਂਦਾ ਹੈ, ਤੁਹਾਡੇ ਅੰਦਰ ਖੰਡ, ਹਿੱਸੇ ਹੋ ਜਾਂਦੇ ਹਨ ਅਤੇ ਖੰਡਿਤ ਹੋ ਜਾਣਾ ਅਸਹਿਜ ਹੈ।

ਸਹਜ ਦਾ ਅਰਥ ਹੁੰਦਾ ਹੈ : ਅਖੰਡ ਜੀਉਣਾ। ਤੁਸੀਂ ਜਿਸ ਤਰ੍ਹਾਂ ਦੇ ਹੋ ਉਹੋ ਜਿਹੇ ਹੀ ਜੀਓ। ਜ਼ਰਾ ਸੋਚੋ ਇਸ ਗੱਲ ਨੂੰ। ਇਹ ਬਹੁਤ ਕੀਮਤੀ ਗੱਲ ਹੈ।

ਤੁਸੀਂ ਜਿਵੇਂ ਦੇ ਹੋ ਉਵੇਂ ਹੀ ਵਸ ਜੀਓ। ਬੁਰੇ ਤਾਂ ਬੁਰੇ, ਭਲੇ ਤਾਂ ਭਲੇ। ਤੁਸੀਂ ਸਾਰੀ ਦੁਨੀਆਂ ਨੂੰ ਆਪਣੀ ਅਸਲੀ ਹਾਲਤ ਨਾਲ ਵਾਕਿਫ਼ ਹੋ ਜਾਣ ਦਿਓ। ਤੁਸੀਂ ਆਪਣੇ ਆਪ ਨੂੰ ਉਘਾੜ ਦਿਓ। ਤੁਸੀਂ ਕਹਿ ਦਿਓ ਕਿ ਅਜਿਹਾ ਮੈਂ ਹਾਂ। ਇਹ ਮੇਰੀ ਨਿਯਤਿ (ਭਾਗ)। ਅਜਿਹਾ ਮੈਨੂੰ ਪਰਮਾਤਮਾ ਨੇ ਬਣਾਇਆ। ਉਸਦੀ ਅਜਿਹੀ ਹੀ ਮਰਜ਼ੀ। ਸਵੀਕਾਰ ਕਰੇ ਦੁਨੀਆਂ ਤਾਂ ਠੀਕ, ਅਸਵੀਕਾਰ ਕਰੇ ਤਾਂ ਠੀਕ।

ਜਦ ਤੁਸੀਂ ਚਾਹੋਗੇ ਕਿ ਦੁਨੀਆਂ ਸਵੀਕਾਰ ਕਰੇ ਹੀ, ਤਦ ਇਹ ਅੜਚਨ ਸ਼ੁਰੂ ਹੋਏਗੀ। ਤਦ ਇਹ ਹੋਏਗਾ ਕਿ ਦੁਨੀਆਂ ਜਿਹੋ ਜਿਹਾ ਚਾਹੇਗੀ ਉਹੋ ਜਿਹਾ ਤੁਹਾਨੂੰ ਹੋਣਾ ਪਏਗਾ। ਜਦ ਤੁਸੀਂ ਚਾਹੋਗੇ ਕਿ ਦੁਨੀਆਂ ਮੈਨੂੰ ਸਨਮਾਨ ਦੇਵੇ ਤਾਂ ਅੜਚਨ ਸ਼ੁਰੂ ਹੋਏਗੀ, ਕਿਉਂਕਿ ਦੁਨੀਆਂ ਸਨਮਾਨ ਦੇਵੇਗੀ ਆਪਣੀ ਸ਼ਰਤ ਦੇ ਆਧਾਰ ਤੇ। ਉਸਦੀਆਂ ਸ਼ਰਤਾਂ ਪੂਰੀਆਂ ਕਰੋਗੇ ਤਾਂ ਸਨਮਾਨ ਦੇਵੇਗੀ। ਉਸਦੀਆਂ ਸ਼ਰਤਾਂ ਜੇਕਰ ਪੂਰੀਆਂ ਨ ਹੋਈਆਂ ਤਾਂ ਸਨਮਾਨ ਨਹੀਂ ਦੇਵੇਗੀ। ਜਿਸ ਆਦਮੀ ਨੇ ਕੁਝ ਹੋਣਾ ਚਾਹਿਆ, ਉਹ ਭੈਅ-ਗ੍ਰਸਤ ਹੋ ਜਾਏਗਾ ਜਿਹੜਾ ਭੈਅ-ਗ੍ਰਸਤ ਹੋਇਆ,ਕਮਜ਼ੋਰ ਹੋਇਆ, ਆਤਮਾ ਗੁਆਈ ਉਸਨੇ, ਕੁਝ ਹੋਣਾ ਨ ਚਾਹੁਣਾ; ਜੋ ਤੁਸੀਂ ਹੋ ਕਾਫ਼ੀ ਹੋ। ਪਰਮਾਤਮਾ ਦੀ ਦ੍ਰਿਸ਼ਟਿ ਵਿਚ ਤੁਸੀਂ ਅੰਗੀਕਾਰ ਹੋ, ਨਹੀਂ ਤਾਂ ਤੁਸੀਂ ਹੁੰਦੇ ਹੀ ਨਹੀਂ। ਉਸਨੇ ਤੁਹਾਨੂੰ ਸਵੀਕਾਰਿਆ ਹੈ।

ਜੁਨੈਦ ਦੇ ਜੀਵਨ ਵਿਚ ਕਥਾ ਹੈ। ਇੱਕ ਨਵੇਂ ਪਿੰਡ ਵਿਚ ਆ ਕੇ ਠਹਿਰਿਆ ਜੁਨੈਦ। ਸੂਫੀ ਫ਼ਕੀਰ ਸੀ, ਵੱਡਾ ਫ਼ਕੀਰ ਸੀ। ਉਸਦੇ ਗੁਆਂਢ ਵਿਚ ਹੀ ਇੱਕ ਸ਼ਰਾਰਤੀ, ਉਪੱਦਰੀ ਆਦਮੀ ਸੀ। ਦੋ-ਚਾਰ ਦਿਨ ਤਾਂ ਉਸਨੇ ਵੇਖਿਆ, ਫ਼ਿਰ ਉਸਦੇ ਬਰਦਾਸ਼ਤ ਤੋਂ ਬਾਹਰ ਹੋ ਗਿਆ। ਇੱਕ ਸ਼ਾਮ ਪ੍ਰਾਰਥਨਾ ਕਰ ਰਿਹਾ ਸੀ, ਨਮਾਜ਼ ਵਿਚ ਸੀ, ਪ੍ਰਾਰਥਨਾ ਦੇ ਬਾਅਦ ਉਸਨੇ ਕਿਹਾ : ਹੇ ਪ੍ਰਭੂ ਇਸ ਆਦਮੀ ਨੂੰ ਖ਼ਤਮ ਕਰ। ਇਸਦੀ ਕੀ ਲੋੜ ਹੈ ਦੁਨੀਆਂ ਵਿਚ? ਇਹ ਮੇਰਾ ਗੁਆਂਢੀ। ਇਹ ਸਿਵਾਏ ਉਪੱਦਰ ਦੇ ਹੋਰ ਕੁਝ ਵੀ ਨਹੀਂ ਹੈ। ਇਹ ਤੇਰੇ ਲੋਕਾਂ ਨੂੰ ਸਤਾਉਂਦਾ ਹੈ, ਪਰੇਸ਼ਾਨ ਕਰਦਾ ਹੈ, ਦੁਸ਼ਟ ਹੈ।

ਜੁਨੈਦ ਨੂੰ ਕਦੇ ਕਿਸੇ ਪ੍ਰਾਰਥਨਾ ਵਿਚ ਪਰਮਾਤਮਾ ਦਾ ਜਵਾਬ ਨਹੀਂ ਆਇਆ ਸੀ, ਉਸ ਦਿਨ ਆਇਆ। ਪਰਮਾਤਮਾ ਨੇ ਕਿਹਾ : ਜੁਨੈਦ ਤੂੰ ਚਾਰ ਦਿਨਾਂ ਤੋਂ ਇੱਥੇ ਹੈਂ। ਮੈਂ ਇਸ ਆਦਮੀ ਦੇ ਨਾਲ ਸੱਠ ਸਾਲਾਂ ਤੋਂ ਹਾਂ। ਇਹ ਸੱਠ ਸਾਲਾਂ ਤੋਂ ਮੇਰਾ ਗੁਆਂਢੀ ਹੈ, ਕਿਉਂਕਿ ਮੇਰੇ ਤਾਂ ਸਭ ਹੀ ਗੁਆਂਢੀ ਹਨ। ਮੈਂ ਇਸ ਨੂੰ ਸੱਠਾਂ ਸਾਲਾਂ ਤੋਂ ਬਰਦਾਸ਼ਤ ਕਰ ਰਿਹਾ ਹਾਂ, ਤੂੰ ਚਾਰ ਦਿਨ ਨ ਕਰ ਸਕਿਆ? ਹੋਰ ਜਦ ਮੈਂ ਇਸ ਨੂੰ ਸੱਠਾਂ ਸਾਲਾਂ ਤੋਂ ਬਰਦਾਸ਼ਤ ਕਰ ਰਿਹਾ ਹਾਂ ਤਾਂ ਇਸ ਵਿਚ ਕੁਝ ਹੋਏਗਾ, ਇਸਦਾ ਕੁਝ ਰਾਜ਼ ਹੋਏਗਾ। ਤੈਨੂੰ ਇਹ ਤਾਂ ਸੋਚਣਾ ਸੀ, ਘਟੋ-ਘੱਟ ਪ੍ਰਾਰਥਨਾ ਕਰਨ ਤੋਂ ਪਹਿਲਾਂ, ਕਿ ਜੋ ਪਰਮਾਤਮਾ ਨੂੰ ਸਵੀਕਾਰ ਹੈ ਉਸ ਵਿਚ ਤੈਨੂੰ ਕੀ ਸ਼ਿਕਾਇਤ ਹੋ ਸਕਦੀ ਹੈ।

ਇਹ ਗੱਲ ਪ੍ਰੀਤੀਕਰ ਹੈ। ਜੁਨੈਦ ਨੇ ਉਸ ਦਿਨ ਤੋਂ ਫ਼ਿਰ ਕਿਸੇ ਆਦਮੀ ਦੇ ਸੁਧਾਰ ਦੀ ਵੀ ਪ੍ਰਾਰਥਨਾ ਨਹੀਂ ਕੀਤੀ, ਕਿਉਂਕਿ ਜਿਸ ਤਰ੍ਹਾਂ ਪਰਮਾਤਮਾ ਦੀ ਮਰਜ਼ੀ। ਜਿਹੋ ਜਿਹਾ ਹੈ ਠੀਕ ਹੈ। ਅਸੀਂ ਕੌਣ ਹਾਂ ?

ਜੀਸਸ ਦੇ ਕੋਲ ਕੁਝ ਲੋਕ ਇੱਕ ਇਸਤ੍ਰੀ ਨੂੰ ਲਿਆਏ ਅਤੇ ਉਨ੍ਹਾਂ ਨੇ ਕਿਹਾ ਕਿ ਇਸ ਨੇ ਵਿਭਚਾਰ (ਛਿਨਾਲਪਨ) ਕੀਤਾ ਹੈ। ਅਤੇ ਪੁਰਾਣੇ ਸ਼ਾਸਤ੍ਰ ਵਿਚ ਲਿਖਿਆ ਹੈ ਕਿ ਪਥੱਰ ਮਾਰ ਕੇ ਇਸਦੀ ਹਤਿਆ ਕਰ ਦੇਣੀ ਚਾਹੀਦੀ ਹੈ। ਤੁਸੀਂ ਕੀ ਕਹਿੰਦੇ ਹੋ?

ਜੀਸਸ ਨਦੀ ਦੇ ਕੰਢੇ ਬੈਠੇ ਸਨ। ਜੀਸਸ ਸੋਚ ਵਿਚ ਪਏ ਹੋਣਗੇ। ਪਥੱਰ ਮਾਰ ਕੇ ਇਸਦੀ ਹਤਿਆ ਕਰ ਦੇਣਾ, ਜੇਕਰ ਇਸ ਦੀ ਆਗਿਆ ਦੇਣ, ਤਾਂ ਹਿੰਸਾ ਹੋਏਗੀ। ਫ਼ਿਰ ਜੀਸਸ ਦੇ ਪ੍ਰੇਮ ਦੇ ਸਿੱਧਾਂਤ ਦਾ ਕੀ ਹੋਏਗਾ? ਹੋਰ ਜੇਕਰ ਕਹਿਣ ਕਿ ਛਮਾ ਕਰ ਦਿਓ, ਤਾਂ ਲੋਕ ਨਾਰਾਜ ਹੋਣਗੇ। ਲੋਕ ਕਹਿਣਗੇ ਤੂੰ ਸਾਡੇ ਪੁਰਾਣੇ ਧਰਮ ਦਾ ਖੰਡਨ ਕਰ ਰਿਹਾ ਹੈਂ, ਸਾਡੇ ਪੁਰਾਣੇ ਸ਼ਾਸਤ੍ਰਾਂ ਦਾ ਖੰਡਨ ਕਰ ਰਿਹਾ ਹੈਂ। ਲੋਕ ਇਹ ਹੀ ਚਾਹੁੰਦੇ ਸੀ ਅਸਲ ਵਿਚ। ਲੋਕ ਆਏ ਹੀ ਇਸ ਲਈ ਸਨ ਕਿ ਜੇਕਰ ਜੀਸਸ ਕਹਿਣਗੇ ਕਿ ਮਾਫ਼ ਕਰ ਦਿਓ, ਇਸ ਨੂੰ ਤਾਂ ਅਸੀਂ ਇਹ ਪਥੱਰ ਜੀਸਸ ਨੂੰ ਹੀ ਮਾਰਾਂਗੇ, ਕਿਉਂਕਿ ਇਹ ਸਾਡੇ ਪੁਰਾਣੇ ਧਰਮ ਗ੍ਰੰਥਾਂ ਦੇ ਖਿਲਾਫ਼ ਗੱਲ ਕਰ ਰਹੇ ਹਨ; ਅਤੇ ਜੇਕਰ ਉਨ੍ਹਾਂ ਨੇ ਕਿਹਾ ਕਿ ਮਾਰੋ ਇਸ ਨੂੰ ਪਥੱਰ ਤਾਂ ਅਸੀਂ ਇਸ ਇਸਤ੍ਰੀ ਦੀ ਹਤਿਆ ਵੀ ਕਰਾਂਗੇ ਅਤੇ ਜੀਸਸ ਨੂੰ ਕਹਾਂਗੇ : ਕੀ ਹੋਇਆ ਤੁਹਾਡੇ ਪ੍ਰੇਮ ਦਾ, ਤੁਹਾਡੀ ਕਰੁਣਾ ਦਾ? ਕਿੱਥੇ ਗਈ ਤੁਹਾਡੀ ਕਰੁਣਾ, ਕਿੱਥੇ ਗਿਆ ਤੁਹਾਡਾ ਪ੍ਰੇਮ? ਸਭ ਧੋਖੇਬਾਜੀ ਦੀਆਂ ਗੱਲਾਂ ਹਨ।

ਪਰ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਜੀਸਸ ਕੀ ਜਵਾਬ ਦੇਣਗੇ। ਜੀਸਸ ਨੇ ਕਿਹਾ ਕਿ

ਠੀਕ ਕਹਿੰਦੇ ਹਨ ਪੁਰਾਣੇ ਸ਼ਾਸਤ੍ਰ। ਠੀਕ ਹੀ ਕਹਿੰਦੇ ਹੋਣਗੇ। ਚੁੱਕ ਲਓ ਪਥੱਰ, ਇਸ ਇਸਤ੍ਰੀ ਦੀ ਹਤਿਆ ਕਰ ਦਿਓ। ਲੇਕਿਨ ਪਥੱਰ ਉਹ ਹੀ ਲੋਕ ਮਾਰਨ, ਜਿਨ੍ਹਾਂ ਨੇ ਕਦੇ ਦੁਸ਼ਟ ਕਰਮ ਨ ਕੀਤਾ ਹੋਵੇ ਅਤੇ ਕਦੇ ਵਿਭਚਾਰ ਦਾ ਵਿਚਾਰ ਨ ਕੀਤਾ ਹੋਵੇ।ਉਹ ਜਿਹੜੇ ਪੰਚ ਪਿੰਡ ਦੇ, ਅੱਗੇ ਖਲੋਤੇ ਸਨ, ਮੇਅਰ ਹੋਏਗਾ ਅਤੇ ਮਯੂਨਿਸਿਪਲ ਕਮੇਟੀ ਦੇ ਮੈਂਬਰ ਅਤੇ ਹੋਰ ਸਭ, ਉਹ ਛੇਤੀਂ ਦੇਣੀ ਪਿੱਛੇ ਹਟ ਗਏ ਭੀੜ ਵਿਚ, ਕਿ ਕੌਣ ਝੰਜਟ ਕਰੇ! ਪੂਰਾ ਪਿੰਡ ਜਾਣਦਾ ਹੈ। ਸਭ ਦੀਆਂ ਹਰਕਤਾਂ ਜਾਣਦਾ ਹੈ। ਹੋਰ ਜੇਕਰ ਦੁਸ਼ਕ੍ਰਮ ਨ ਵੀ ਕੀਤਾ ਹੋਵੇ ਤਾਂ ਵਿਚਾਰ ਤਾਂ ਕੀਤਾ ਹੀ ਹੈ। ਅਜਿਹਾ ਆਦਮੀ ਤਾਂ ਲਭੱਣਾ ਮੁਸ਼ਕਿਲ ਹੈ ਜਿਸਨੇ ਬੁਰੇ-ਵਿਚਾਰਾਂ ਦਾ ਵਿਚਾਰ ਨ ਕੀਤਾ ਹੋਵੇ ਜੋ ਮੋਹਿਤ ਨ ਹੋਇਆ ਹੋਵੇ, ਆਕ੍ਰਸ਼ਿਤ ਨ ਹੋਇਆ ਹੋਵੇ। ਉਹ ਚੁਪਚਾਪ ਪਿੱਛੇ ਹਟ ਗਏ। ਹੌਲੀ-ਹੌਲੀ ਉਹ ਜਿਹੜੇ ਲੋਕ ਆਏ ਸਨ, ਉਨ੍ਹਾਂ ਦੇ ਹਥਾਂ ਵਿਚ ਪਥੱਰ ਸਨ, ਪਥੱਰ ਉਨ੍ਹਾਂ ਨੇ ਉੱਥੇ ਹੀ ਸੁੱਟ ਦਿੱਤੇ ਅਤੇ ਹੌਲੀ-ਹੌਲੀ ਲੋਕ ਨਦਾਰਦ ਹੋਣ ਲਗੇ।

ਸ਼ਾਮ ਹੋ ਰਹੀ ਸੀ, ਸੂਰਜ ਢੱਲ ਰਿਹਾ ਸੀ, ਸੂਰਜ ਦੇ ਢਲਦੇ ਹੀ ਜਿਵੇਂ ਹਨੇਰਾ ਹੋਇਆ ਲੋਕ ਭੱਜ ਗਏ ਉੱਥੋਂ। ਇਸਤ੍ਰੀ ਇਕੱਲੀ ਰਹਿ ਗਈ। ਉਸ ਇਸਤ੍ਰੀ ਨੇ ਜੀਸਸ ਦੇ ਚਰਨਾਂ ਵਿਚ ਸਿਰ ਰੱਖਿਆ ਅਤੇ ਕਿਹਾ ਕਿ ਤੁਸੀਂ ਮੈਨੂੰ ਜੋ ਵੀ ਸਜ਼ਾ ਦੇਣਾ ਚਾਹੋ ਦਿਓ, ਮੈਂ ਵਿਭਚਾਰਣੀ (ਛਿਨਾਲ) ਹਾਂ। ਮੈਂ ਸਵੀਕਾਰ ਕਰਦੀ ਹਾਂ। ਮੈਂ ਪਾਪਣ ਹਾਂ। ਅਤੇ ਤੁਹਾਡੀ ਕਰੁਣਾ ਨੇ ਮੇਰੇ ਹ੍ਰਿਦੇ ਨੂੰ ਗਦ-ਗਦ ਕਰ ਦਿੱਤਾ। ਤੁਸੀਂ ਜੋ ਵੀ ਸਜ਼ਾ ਦਿਓ ...।

ਜੀਸਸ ਨੇ ਕਿਹਾ ਕਿ ਮੈਂ ਕੌਣ ਹਾਂ ਸਜ਼ਾ ਦੇਣ ਵਾਲਾ?

ਮੈਂ ਤੇਰੇ ਪਰਮਾਤਮਾ ਦੇ ਵਿਚਾਲੇ ਕੌਣ ਹਾਂ? ਤੂੰ ਜਾਣ, ਤੇਰਾ ਕੰਮ ਜਾਣੇ ਅਤੇ ਤੇਰਾ ਪਰਮਾਤਮਾ ਜਾਣੇ ਮੈਂ ਕੋਈ ਨਿਰਣੇ ਨਹੀਂ ਲੈਂਦਾ। ਜੇਕਰ ਤੈਨੂੰ ਲਗਦਾ ਹੋਵੇ ਕਿ ਤੂੰ ਕੁਝ ਗਲਤ ਕੀਤਾ ਹੈ ਤਾਂ ਹੁਣ ਨ ਕਰੀਂ ਅਤੇ ਜੇਕਰ ਤੈਨੂੰ ਲਗਦਾ ਹੋਵੇ ਕਿ ਜੋ ਹੈ ਠੀਕ ਹੈ ਉਹ, ਤਾਂ ਜਾਰੀ ਰੱਖੀਂ। ਨਿਰਣਾਇਕ (ਫ਼ੈਸਲਾ ਕਰਨ ਵਾਲਾ) ਪਰਮਾਤਮਾ ਹੋਵੇਗਾ।

ਤੇਰੇ ਅਤੇ ਪਰਮਾਤਮਾ ਦੇ ਵਿਚਕਾਰ ਅੰਤਿਮ ਫ਼ੈਸਲਾ ਹੋਣ ਵਾਲਾ ਹੈ, ਕੋਈ ਵਿਚੋਲੀਆ ਨਹੀਂ ਹੈ। ਤੂੰ ਜਾ। ਖ਼ਿਆਲ ਕਰਦੇ ਹੋ ਇਸ ਗੱਲ ਵਿਚ? ਜੀਸਸ ਦਾ ਪ੍ਰਸਿਧ ਵਚਨ ਹੈ : ਬੁਰਾਈ ਦੀ ਵੀ ਨਿੰਦਾ ਨ ਕਰਨਾ। ਬੁਰਾਈ ਦੀ ਵੀ? ਕਿਉਂ? ਇਸ ਲਈ ਕਿ ਜੇਕਰ ਪਰਮਾਤਮਾ ਚਲਾ ਰਿਹਾ ਹੈ ਤਾਂ ਕੁਝ ਕਾਰਨ ਹੋਏਗਾ। ਆਪਣੇ ਅੰਦਰ ਜਾਗਣਾ, ਜੀਉਂਣਾ; ਪਰ ਜੀਉਂਣ ਦਾ ਸੂਤਰ ਨਿਕਲਦਾ ਹੋਵੇ ਨਿਜਤਾ ਤੋਂ।

ਸਹਿਜ ਜੁਗਤਿ ਲੈ ਆਸਣੁ ਕਰੌ। ਜੇਕਰ ਤੁਹਾਡਾ ਜੀਵਨ ਸਹਜ ਹੋ ਜਾਏ ਤਾਂ ਬਸ ਠਹਿਰ ਗਏ, ਆਸਣ ਲਗ ਗਿਆ। ਇਹ ਹੀ ਅਸਲੀ ਆਸਣ ਹੈ। ਪਾਲਥੀ ਮਾਰ ਕੇ ਅਤੇ ਸਿੱਧਾਸਣ ਲਗਾਉਂਣਾ ਅਸਲੀ ਆਸਣ ਨਹੀਂ ਹੈ। ਉਹ ਤਾਂ ਕੋਈ ਵੀ ਲਾ ਲਵੇ। ਉਹ ਤਾਂ ਕਵਾਇਦ ਹੈ। ਕਸਰਤ ਹੈ, ਚੰਗੀ ਹੈ ; ਕਰੋ ਤਾਂ ਸ਼ਰੀਰ ਲਈ ਸਿਹਤਮੰਦ ਹੈ; ਪਰ ਉਸ ਨਾਲ ਕੋਈ ਆਤਮਾ ਨਹੀਂ ਮਿਲ ਜਾਏਗੀ। ਸਹਿਜਤਾ ਵਿਚ, ਨਿਜਤਾ ਵਿਚ ਜੋ ਆਸਣ ਲਗ ਜਾਂਦਾ ਹੈ, ਤਾਂ ਆਤਮਾ ਦਾ ਅਨੁਭਵ ਸ਼ੁਰੂ ਹੁੰਦਾ ਹੈ।

ਤਨ ਮਨ ਪਵਨਾ ਦਿੜ ਕਰਿ ਧਰੌ॥

ਫਿਰ ਆਪਣੇ-ਆਪ ਤਨ-ਮਨ, ਪਵਨ, ਸੁਵਾਸ ਸ਼ਾਂਤ ਹੋਣ ਲਗਦੀ ਹੈ, ਦ੍ਰਿੜ੍ਹ ਹੋਣ ਲਗਦੀ ਹੈ। ਤੁਸੀਂ ਸਹਿਜ ਜੀਓ।

ਤੁਸੀਂ ਵੇਖਿਆ, ਜਦ ਵੀ ਤੁਸੀਂ ਝੂਠ ਬੋਲਦੇ ਹੋ ਤੁਹਾਡੇ ਸੁਵਾਸ ਕੰਬ ਜਾਂਦੇ ਹਨ।

ਦੇਖਣਾ, ਜਦ ਵੀ ਤੁਸੀਂ ਝੂਠ ਬੋਲੋਗੇ ਤੁਹਾਡੇ ਸੁਵਾਸ ਡਾਵਾਂਡੋਲ ਹੋ ਜਾਣਗੇ; ਉਸਦੀ ਸਹਜਤਾ, ਉਸਦਾ ਛੰਦ ਟੁੱਟ ਜਾਏਗਾ। ਜਦ ਵੀ ਤੁਸੀਂ ਸਚ ਬੋਲੋਗੇ, ਛੰਦ ਜਾਰੀ ਰਹੇਗਾ।

ਇਸੇ ਆਧਾਰ ਤੇ ਵਿਗਿਆਨਿਕਾਂ ਨੇ ਮਸ਼ੀਨ ਬਣਾ ਲਈ ਹੈ—ਝੂਠ ਫੜਣ ਦੀ ਮਸ਼ੀਨ। ਪਛੱਮ ਦੀਆਂ ਅਦਾਲਤਾਂ ਵਿਚ ਉਸ ਦੀ ਵਰਤੋਂ ਵੀ ਸ਼ੁਰੂ ਹੋ ਗਈ ਹੈ। ਆਦਮੀ ਨੂੰ ਪਤਾ ਹੀ ਨਹੀਂ ਲਗਦਾ ਕਿ ਉਸਦੇ ਪੈਰਾਂ ਹੇਠਾਂ ਮਸ਼ੀਨ ਲਗੀ ਹੈ। ਉਸ ਨੂੰ ਜਦ ਖੜਾ ਕਰਦੇ ਹਨ ਅਦਾਲਤ ਵਿਚ ਤਾਂ ਉਸਦੇ ਹੇਠਾਂ ਮਸ਼ੀਨ ਲਗੀ ਹੈ ਅਤੇ ਮਜਿਸਟ੍ਰੇਟ ਦੇ ਸਾਹਮਣੇ ਗਰਾਫ਼ ਬਣਦਾ ਜਾਂਦਾ ਹੈ; ਉਸ ਤੋਂ ਪੁੱਛਿਆ ਜਾਂਦਾ ਹੈ, ਇਸ ਵੇਲੇ ਘੜੀ ਵਿਚ ਕਿੰਨੇ ਵਜੇ ਹਨ?

ਉਹ ਕਹਿੰਦਾ ਹੈ ਸਵਾ ਨੌਂ। ਝੂਠ ਕਿਉਂ ਬੋਲੇਗਾ? ਘੜੀ ਅਦਾਲਤ ਵਿਚ ਲਗੀ ਹੈ, ਗਰਾਫ਼ ਬਣ ਰਿਹਾ ਹੈ। ਉਸ ਤੋਂ ਪੁੱਛਿਆ ਜਾਂਦਾ ਹੈ ਕਿ ਇੱਥੇ ਕਿੰਨੇ ਲੋਕ ਹਨ ? ਉਹ ਗਿਣਤੀ ਕਰ ਦਿੰਦਾ ਹੈ, ਕਿ ਪੰਦਰਾਂ। ਝੂਠ ਕਿਉਂ ਬੋਲੇਗਾ? ਝੂਠ ਬੋਲ ਵੀ ਕਿਵੇਂ ਸਕੇਗਾ? ਗਰਾਫ਼ ਬਣ ਰਿਹਾ ਹੈ। ਅਜਿਹੀਆਂ ਦੋ-ਚਾਰ ਗੱਲਾਂ ਪੁੱਛਦੇ ਹਨ, ਜਿਨ੍ਹਾਂ ਵਿਚ ਉਹ ਝੂਠ ਬੋਲ ਹੀ ਨ ਸਕੇ। ਫਿਰ ਉਸ ਤੋਂ ਪੁੱਛਦੇ ਹਨ, ਤੂੰ ਚੋਰੀ ਕੀਤੀ ? ਹ੍ਰਿਦੇ ਤੋਂ ਕਹਿਣਾ ਚਾਹੁੰਦਾ ਹੈ ਹਾਂ, ਕਿਉਂਕਿ ਕੀਤੀ ਹੈ ਤਾਂ ਹ੍ਰਿਦੇ ਨੂੰ ਤਾਂ ਪਤਾ ਹੀ ਹੈ। ਤਾਂ ਦਿਲ ਤਾਂ ਕਹਿੰਦਾ ਹੈ, ਹਾਂ ਅਤੇ ਉਹ ਦਬਾਉਂਦਾ ਹੈ ਹਾਂ ਨੂੰ। ਅਤੇ ਖੋਪੜੀ ਨੂੰ ਕਹਿੰਦਾ ਹੈ ਕਿ ਨਹੀਂ। ਬਸ ਇਸੇ ਵਿਚ ਉਸਦੀ ਸੁਵਾਸ ਡਾਵਾਂਡੋਲ ਹੋ ਜਾਂਦੀ ਹੈ, ਗਰਾਫ਼ ਡਾਵਾਂਡੋਲ ਹੋ ਜਾਂਦਾ ਹੈ। ਫੜਿਆ ਗਿਆ। ਉਹ ਝੂਠ ਬੋਲ ਰਿਹਾ ਹੈ।

ਕੋਈ ਆਦਮੀ ਝੂਠ ਨਹੀਂ ਬੋਲ ਸਕਦਾ ਬਿਨਾਂ ਸੁਵਾਸ ਦੇ ਡਾਵਾਂਡੋਲ ਕੀਤੇ। ਤਾਂ ਜਿਹੜਾ ਆਦਮੀ ਸਚ ਨੂੰ ਜੀਉਂਦਾ ਹੈ, ਸਹਜ ਜੀਉਂਦਾ ਹੈ, ਉਸਦੀ ਸੁਵਾਸ ਆਪਣੇ ਆਪ ਥਿਰ ਹੁੰਦੀ ਜਾਂਦੀ ਹੈ। ਤੁਸੀਂ ਜਾਣ ਕੇ ਹੈਰਾਨ ਹੋਵੋਗੇ ਕਿ ਧਿਆਨ ਵਿਚ ਇੱਕ ਅਜਿਹੀ ਘੜੀ ਆਉਂਦੀ ਹੈ ਸਹਿਜਤਾ ਦੀ, ਕਿ ਜਦ ਸੁਵਾਸ ਬਿਲਕੁੱਲ ਠਹਿਰ ਜਾਂਦੀ ਹੈ।

ਬਿਲਕੁੱਲ ! ਜੇਕਰ ਤੁਸੀਂ ਧਿਆਨ ਮਗਨ ਵਿਅਕਤੀ ਦੇ ਸਾਹਮਣੇ ਸ਼ੀਸ਼ਾ ਲੈ ਜਾਓ ਤਾਂ ਸ਼ੀਸ਼ੇ ਉੱਤੇ ਵੀ ਸੁਵਾਸ ਦੀ ਕੋਈ ਛਾਂ ਨਹੀਂ ਪੈਂਦੀ, ਸ਼ੀਸ਼ੇ ਉੱਤੇ ਵੀ ਕੋਈ ਸੁਵਾਸ ਦਾ ਧੱਬਾ ਨਹੀਂ ਪੈਂਦਾ। ਸਾਧਾਰਣਤਾ : ਸ਼ੀਸ਼ੇ ਨੂੰ ਨੱਕ ਦੇ ਕੋਲ ਲਿਆਓਗੇ ਤਾਂ ਭਾਫ ਨਿਕਲ ਰਹੀ ਹੈ, ਉਹ ਸ਼ੀਸ਼ੇ ਨੂੰ ਢੱਕ ਦੇਵੇਗੀ। ਅਤੇ ਇਸ ਲਈ ਕਦੇ-ਕਦੇ ਧਿਆਨ ਵਿਚ ਜਾਂਦਾ ਹੋਇਆ ਆਦਮੀ ਘਬਰਾ ਜਾਂਦਾ ਹੈ, ਕਿ ਕਿਤੇ ਮੈਂ ਮਰ ਤਾਂ ਨਹੀਂ ਰਿਹਾ ਹਾਂ ! ਘਬਰਾਉਣ ਦੀ ਕੋਈ ਜ਼ਰੂਰਤ ਨਹੀਂ। ਮਰ ਨਹੀਂ ਰਹੇ ਹੋ, ਪਹਿਲੀ ਵਾਰ ਤੁਹਾਨੂੰ ਜੀਵਨ ਦਾ, ਪਰਮ ਜੀਵਨ ਦਾ, ਸਪ੍ਰਸ਼ ਹੋ ਰਿਹਾ ਹੈ। ਸਭ ਠਹਿਰ ਗਿਆ ਹੈ, ਸੁਵਾਸ ਤੱਕ ਠਹਿਰ ਗਈ ਹੈ। ਇੰਨੀ ਗਹਣ (ਗੂੜ੍ਹੀ) ਸ਼ਾਂਤੀ ਹੈ ਕਿ ਹਲਨ-ਚਲਨ ਬੰਦ ਹੋ ਗਿਆ।

ਸੰਜਮ ਚਿਤਓ ਜੁਗਤ ਅਹਾਰ।

ਸੰਜਮ ਦਾ ਅਰਥ : ਵਿਚਕਾਰ ਹੋਣਾ । ਨ ਇਸ ਅਤਿ ਉੱਤੇ ਜਾਣਾ ਨ ਉਸ ਅਤਿ

ਉੱਤੇ। ਨ ਤਾਂ ਜ਼ਿਆਦਾ ਖਾਣਾ ਨ ਘੱਟ ਖਾਣਾ। ਨ ਜ਼ਿਆਦਾ ਸੌਣਾ ਨ ਘੱਟ ਸੌਣਾ। ਵਿਚਕਾਰ ਰਹਿਣਾ।

ਸੰਜਮ ਚਿਤਓ ! ਅਤੇ ਜਿਸ ਦੇ ਚਿਤ ਵਿਚ ਸੰਜਮ ਆ ਗਿਆ, ਵਿਚਕਾਰ ਆ ਗਿਆ, ਸਭ ਸੁਧਰ ਗਿਆ। ਜੁਗਤ ਅਹਾਰ ! ਫ਼ਿਰ ਯੁਕਤਿ-ਪੂਰਵਕ ਆਹਾਰ ਕਰਨਾ। ਵਿਅਰਥ ਦਾ ਆਹਾਰ ਨ ਕਰਨਾ।

ਆਹਾਰ ਸ਼ਬਦ ਵੱਡਾ ਹੈ। ਉਸਦਾ ਅਰਥ ਸਿਰਫ਼ ਭੋਜਨ ਨਹੀਂ ਹੁੰਦਾ। ਆਹਾਰ ਦਾ ਅਰਥ ਹੁੰਦਾ ਹੈ : ਜੋ ਵੀ ਤੁਸੀਂ ਅੰਦਰ ਲੈਂਦੇ ਹੋ। ਕੋਈ ਆਦਮੀ ਆਇਆ ਅਤੇ ਕਰਨ ਲੱਗਾ ਗਪਸ਼ਪ। ਜਿਹੜਾ ਆਦਮੀ ਸੰਜਮੀ ਹੈ, ਉਹ ਕਹੇਗਾ : ਭਾਈ, ਇਹ ਆਹਾਰ ਮੈਨੂੰ ਨ ਕਰਾ। ਮੇਰੇ ਕੰਨਾਂ ਵਿਚ ਇਹ ਵਿਅਰਥ ਦੀ ਗਪਸ਼ਪ ਨ ਪਾਓ। ਕੀ ਮਤਲਬ? ਮੈਨੂੰ ਇਸ ਵਿਚ ਕੋਈ ਦਿਲਚਸਪੀ ਨਹੀਂ ਹੈ। ਕਿਉਂਕਿ ਇਹ ਭੋਜਨ ਹੈ ਕੰਨਾਂ ਦਾ। ਜਿਹੜਾ ਆਦਮੀ ਯੁਕਤਿਪੂਰਣ ਆਹਾਰ ਕਰਦਾ ਹੈ, ਉਹ ਕੂੜਾ-ਕਰਕਟ ਨਹੀਂ ਪੜ੍ਹੇਗਾ। ਉਹ ਵਿਅਰਥ ਦੀਆਂ ਚੀਜ਼ਾਂ ਨਹੀਂ ਪੜ੍ਹਦਾ ਰਹੇਗਾ। ਕਿਉਂ ? ਕਿਉਂਕਿ ਉਹ ਵੀ ਆਹਾਰ ਹੈ। ਉਹ ਵਿਅਰਥ ਦੇ ਦ੍ਰਿਸ਼ਯ (ਨਜ਼ਾਰੇ) ਵੀ ਨਹੀਂ ਵੇਖੇਗਾ।

ਉਹ ਟੈਲੀਵਿਜ਼ਨ ਤੇ ਬੈਠਕੇ ਮਾਰ-ਕਾਟ ਨਹੀਂ ਵੇਖਦਾ ਰਹੇਗਾ। ਉਹ ਫ਼ਿਲਮ ਵਿਚ ਜਾਕੇ ਨਹੀਂ ਬੈਠ ਜਾਏਗਾ, ਕਿ ਉਹੀ ਫ਼ਜ਼ੂਲ ਕਹਾਣੀਆਂ, ਉਹ ਹੀ ਪ੍ਰੇਮ ਉਹ ਹੀ ਤ੍ਰਿਕੋਣ ਵੇਖ ਰਿਹਾ ਹੈ, ਫ਼ਿਰ-ਫ਼ਿਰ ਉਹ ਹੀ ਵੇਖ ਰਿਹਾ ਹੈ।

ਇਸ ਕਚਰੇ ਨੂੰ ਉਹ ਨੇੜੇ ਨਹੀਂ ਲਿਆਏਗਾ। ਕਿਉਂਕਿ ਜੋ ਵੀ ਤੁਸੀਂ ਅੰਦਰ ਪਾਉਂਦੇ ਹੋ, ਉਸੇ ਨਾਲ ਤੁਸੀਂ ਨਿਰਮਿਤ ਹੋ ਰਹੇ ਹੋ। ਭੋਜਨ ਹੀ ਨਹੀਂ ਹੈ ਇਕੱਲੀ ਚੀਜ਼ ਆਹਾਰ; ਸਭ ਚੀਜ਼ਾਂ ਜੋ ਤੁਸੀਂ ਅੰਦਰ ਲੈ ਜਾਂਦੇ ਹੋ, ਆਹਾਰ ਹਨ।

ਨਸੰਦ੍ਰਾ ਤਜੈ ਜੀਵਨ ਕਾ ਕਾਲ।

ਅਤੇ ਅਜਿਹਾ ਵਿਅਕਤੀ ਮੂਰਛਾ (ਬੇਹੋਸ਼ੀ) ਛੱਡਣ ਲਗੇਗਾ। ਨੀਂਦ ਦਾ ਅਰਥ ਇਹ ਨ ਸਮਝਣਾ ਕਿ ਇਹ ਹੁਣ ਸੌਂਵੇਗਾ ਹੀ ਨਹੀਂ। ਸੌਂਵੇਂਗਾ, ਪਰ ਹੁਣ ਹਰ ਵੇਲੇ ਨਹੀਂ ਸੌਂਵੇਗਾ। ਇਹ ਜ਼ਰਾ ਸੋਚਣ ਦੀ ਗੱਲ ਹੋਵੇਗੀ। ਹੁਣ ਉਨੀਂਦਾ ਜਾਗੇਗਾ ਵੀ ਨਹੀਂ। ਤੁਸੀਂ ਤਾਂ ਜਾਗੇ ਹੋਏ ਵੀ ਸੁੱਤੇ ਹੋਏ ਹੋ। ਟੁਰਦੇ ਜਾ ਰਹੇ ਰਸਤੇ ਉੱਤੇ, ਹਜ਼ਾਰ ਵਿਚਾਰ ਚਲ ਰਹੇ ਹਨ, ਉੱਥੇ ਹੀ ਉਲਝੇ। ਨ ਤਾਂ ਰਸਤਾ ਵਿਖਾਈ ਪੈ ਰਿਹਾ ਹੈ, ਨ ਲੋਕ ਵਿਖਾਈ ਦੇ ਰਹੇ ਹਨ। ਟੁਰਦੇ ਜਾ ਰਹੇ ਹਨ। ਜੇਕਰ ਤੁਹਾਡੇ ਕੋਲੋਂ ਅਚਾਨਕ ਪੁੱਛ ਬੈਠੇ ਕਿ ਤੁਸੀਂ ਜਿਸ ਰਸਤੇ ਤੋਂ ਲੰਘ ਕੇ ਆਏ ਹੋ, ਉਸ ਰਾਹ ਦੇ ਕੰਢੇ ਜੋ ਬ੍ਰਿੱਛ ਹੈ, ਉਸ ਉੱਤੇ ਫ਼ੁੱਲ ਖਿੜੇ ਹਨ ਜਾਂ ਨਹੀਂ ? ਤੁਸੀਂ ਕਹੋਗੇ ਕਿ ਵੇਖਿਆ ਹੀ ਨਹੀਂ। ਅਤੇ ਉੱਥੋਂ ਹੀ ਲੰਘਦੇ ਹੋ ਰੋਜ਼। ਦਫ਼ਤਰ ਜਾਂਦੇ ਹੋ ਰੋਜ਼ ਉੱਥੋਂ ਹੀ, ਘਰ ਆਉਂਦੇ ਉੱਥੋਂ ਹੀ, ਰੋਜ਼..। ਫ਼ੁੱਲ ਖਿੜੇ ਹਨ, ਵੇਖਿਆ ਹੀ ਨਹੀਂ।

ਵੇਖੋਗੇ ਕਿਵੇਂ ? ਤੁਸੀਂ ਤਾਂ ਆਪਣੇ ਵਿਚਾਰਾਂ 'ਚ ਉਲਝੇ ਟੁਰੇ ਆ ਰਹੇ ਹੋ।

ਲੋਕ ਆਪਣੇ ਵਿੱਚਾਰਾਂ ਵਿਚ ਦੱਬੇ ਟੁਰ ਰਹੇ ਹਨ। ਸੁੱਤੇ ਹੋਏ ਟੁਰ ਰਹੇ ਹਨ। ਇਹ ਹੀ ਨੀਂਦ ਹੈ। ਜਿਵੇਂ-ਜਿਵੇਂ ਨਿਰਵਿਚਾਰ ਹੋਵੋਗੇ, ਜਾਗਣ ਆਏਗਾ। ਤਦ ਤੁਸੀਂ ਚਕਿਤ ਹੋ ਕੇ ਪਾਓਗੇ ਕਿ ਜਗਤ ਬਹੁਤ ਸੁੰਦਰ ਹੈ। ਅੱਖਾਂ ਤੋਂ ਧੂੜ ਹਟ ਗਈ, ਵਿਚਾਰਾਂ ਦੀ ਤਾਂ ਜਗਤ

ਦਾ ਪ੍ਰਤਿਬਿੰਬ (ਅਕਸ) ਠੀਕ-ਠੀਕ ਬਨਣ ਲਗਦਾ ਹੈ। ਵਿਚਾਰਾਂ ਦੀਆਂ ਤਰੰਗਾਂ ਅੰਦਰ ਬੰਦ ਹੋ ਗਈਆਂ ਤਾਂ ਝੀਲ ਸ਼ਾਂਤ ਹੋ ਗਈ। ਸ਼ਾਂਤ ਝੀਲ ਉੱਤੇ ਪੂਰਾ ਚੰਨ ਉਤਰ ਆਉਂਦਾ ਹੈ। ਜਗਤ ਅਪੂਰਵ ਰੰਗਾਂ ਨਾਲ ਭਰ ਜਾਂਦਾ ਹੈ। ਪਰ ਜਦ ਤੱਕ ਇਹ ਚਿੱਤ ਦੀ ਧੂੜ ਹੈ ਤਦ ਤੱਕ ਜਗਤ ਬਾਸਾ (ਬੇਹਾ) ਮਾਲੂਮ ਹੁੰਦਾ ਹੈ।

ਅਜਿਹਾ ਲਗਦਾ ਹੈ ਸਭ ਉਹ ਹੀ ਹੈ।

ਇੱਥੇ ਕੁਝ ਵੀ ਉਹ ਨਹੀਂ। ਸਭ ਰੋਜ਼ ਨਵਾਂ ਹੋ ਰਿਹਾ ਹੈ। ਜੋ ਸੂਰਜ ਕੱਲ੍ਹ ਤੁਸੀਂ ਵਿਦਾ ਕੀਤਾ ਸੀ, ਠੀਕ ਸੂਰਜ ਅੱਜ ਉਸੇ ਤਰ੍ਹਾਂ ਦਾ ਵਿਦਾ ਨਹੀਂ ਹੋਵੇਗਾ, ਅੱਜ ਦੀ ਸ਼ਾਮ ਕੁਝ ਨਵੇਂ ਰੰਗ ਖਿਲਾਏਗੀ। ਅੱਜ ਆਕਾਸ਼ ਵਿਚ ਨਵੇਂ ਬੱਦਲ ਹੋਣਗੇ, ਨਵੇਂ ਰੰਗ ਹੋਣਗੇ। ਅੱਜ ਦੇ ਸੂਰਜ ਅਸਤ ਦੀ ਆਭਾ ਕੁਝ ਹੋਰ ਹੋਵੇਗੀ। ਅੱਜ ਦੇ ਸੂਰਜ ਦਾ ਚੜ੍ਹਨਾ ਵੀ ਕੁਝ ਹੋਰ ਸੀ। ਹਰ ਪਲ ਸਭ ਬਦਲ ਰਿਹਾ ਹੈ। ਇਹ ਹੀ ਤਾਂ ਜੀਵਨ ਦਾ ਅਰਥ ਹੈ ; ਨਹੀਂ ਤਾਂ ਸਭ ਮਰ ਗਿਆ ਹੁੰਦਾ। ਮੁਰਦਾ ਨਹੀਂ ਹੈ ਅਸਤਿਤਵ, ਅਸਤਿਤਵ ਜੀਵਤ ਪ੍ਰਵਾਹ ਹੈ।

ਪਰ ਤੁਸੀਂ ਨੀਂਦ ਵਿਚ ਪਏ ਹੋ। ਤੁਹਾਨੂੰ ਪਤਾ ਹੀ ਨਹੀਂ ਲਗਦਾ ਕਿ ਤੁਸੀਂ ਟੁੱਰੇ ਜਾ ਰਹੇ ਹੋ, ਕਿਸੇ ਤਰ੍ਹਾਂ ਟੁੱਰੀ ਜਾ ਰਹੇ ਹੋ। ਅੱਜੇ ਤੁਹਾਡਾ ਜਾਗਣਾ ਵੀ ਨੀਂਦ ਹੈ, ਇੱਕ ਅਜਿਹੀ ਘੜੀ ਆਉਂਦੀ ਹੈ ਹੋਸ਼ ਦੀ, ਜਦ ਨੀਂਦ ਵੀ ਹੁੰਦੀ ਹੈ, ਸ਼ਰੀਰ ਸੁੱਤਾ ਹੁੰਦਾ ਹੈ, ਪਰ ਅੰਦਰ ਇੱਕ ਨਿੱਕਾ ਜਿਹਾ ਦੀਵਾ ਹੋਸ਼ ਦਾ ਜਗਦਾ ਰਹਿੰਦਾ ਹੈ। ਅਜਿਹਾ ਕਦੇ-ਕਦੇ ਤੁਹਾਡੀ ਜ਼ਿੰਦਗੀ ਵਿਚ ਵੀ ਹੁੰਦਾ ਹੈ।

ਜਿਵੇਂ ਕਿਸੇ ਮਾਂ ਨੂੰ ਬੱਚਾ ਪੈਦਾ ਹੁੰਦਾ ਹੈ। ਬਾਰਸ਼ ਹੈ, ਖ਼ੂਬ ਬੱਦਲ ਗੱਜ ਰਹੇ ਹਨ, ਬਿਜਲੀ ਚਮਕ ਰਹੀ ਹੈ। ਉਸ ਨੂੰ ਸੁਣਾਈ ਨਹੀਂ ਦਿੰਦਾ। ਪਰ ਬੱਚਾ ਜ਼ਰਾ ਕੁ ਕੁਨਮੁਨ ਕਰੇ ਅਤੇ ਉਸ ਨੂੰ ਸੁਣਾਈ ਪੈ ਜਾਂਦਾ ਹੈ। ਮਾਮਲਾ ਕੀ ਹੈ ? ਆਕਾਸ਼ ਵਿਚ ਬੱਦਲ ਗੱਜ ਰਹੇ ਹਨ, ਬਿਜਲੀ ਚਮਕ ਰਹੀ ਹੈ ਅਤੇ ਮਾਂ ਨੂੰ ਕੁਝ ਪਤਾ ਨਹੀਂ, ਉਹ ਮਸਤ ਘਰਾਟੇ ਲੈ ਰਹੀ ਹੈ, ਡੂੰਘੀ ਨੀਂਦ ਵਿਚ ਹੈ। ਬੱਚਾ ਜ਼ਰਾ ਕੁ ਹਿਲਦਾ ਹੈ ਤੇ ਝਟ ਜਾਗ ਜਾਂਦੀ ਹੈ। ਉਸਦੇ ਅੰਦਰ ਕੋਈ ਜਾਗਿਆ ਹੋਇਆ ਹੈ, ਥੋੜ੍ਹਾ ਜਿਹਾ ਹਿੱਸਾ ਜਾਗਿਆ ਹੋਇਆ ਰਾਹ ਵੇਖ ਰਿਹਾ ਹੈ ਕਿ ਕਿੱਤੇ ਬੱਚੇ ਨੂੰ ਕੋਈ ਤਕਲੀਫ਼ ਨ ਹੋ ਜਾਏ। ਉਸ ਦੀ ਮਮਤਾ ਜਾਗੀ ਹੋਈ ਹੈ।

ਇੱਥੇ ਤੁਸੀਂ ਸਾਰੇ ਲੋਕ ਸੌਂ ਜਾਓ, ਫ਼ਿਰ ਕੋਈ ਆ ਕੇ ਪੁਕਾਰੇ ਰਾਮ, ਤਾਂ ਬਾਕੀ ਕਿਸੇ ਨੂੰ ਸੁਣਾਈ ਨਹੀਂ ਦੇਵੇਗਾ, ਪਰ ਜਿਸ ਆਦਮੀ ਦਾ ਨਾਮ ਰਾਮ ਹੈ ਉਹ ਕਹੇਗਾ, ਭਾਈ ਕਿਉਂ ਸਤਾਉਂਦੇ ਹੋ ? ਸੌਣ ਵੀ ਨਹੀਂ ਦਿੰਦੇ ? ਕਿਸੇ ਨੂੰ ਨਹੀਂ ਸੁਣਾਈ ਦੇ ਰਿਹਾ ਹੈ। ਕੰਨਾਂ ਵਿਚ ਸਭ ਦੇ ਪਿਆ ਰਾਮ, ਪਰ ਸਭ ਨੂੰ ਇਸ ਦਾ ਪਤਾ ਹੈ, ਨੀਂਦ ਵਿਚ ਵੀ ਪਤਾ ਹੈ, ਇੰਨਾ ਪਤਾ ਹੈ ਕਿ ਇਹ ਆਪਣਾ ਨਾਮ ਨਹੀਂ ਹੈ, ਇਹ ਕਿਸੇ ਹੋਰ ਨੂੰ ਸਤਾਉਂਣ ਆਇਆ ਹੈ। ਸਵੇਰੇ ਤੁਹਾਡੇ ਕੋਲੋਂ ਕੋਈ ਪੁੱਛੇ ਤਾਂ ਦੱਸ ਵੀ ਨਹੀਂ ਸਕੋਗੇ ਕਿ ਤੁਹਾਨੂੰ ਸੁਣਾਈ ਪਿਆ ਸੀ ਰਾਮ; ਤੁਸੀਂ ਕਹੋਗੇ, ਸਾਨੂੰ ਕੁਝ ਪਤਾ ਨਹੀਂ ਹੈ। ਪਰ ਰਾਮ ਨੂੰ ਸੁਣਾਈ ਪੈ ਗਿਆ।

ਮੈਂ ਸੁਣਿਆ ਹੈ ਇੱਕ ਪਿੰਡ ਵਿਚ ਇੱਕ ਕੰਜੂਸ ਆਦਮੀ ਮਰਿਆ, ਤਾਂ ਉਸਦੀ ਪਤਨੀ ਬੈਠੀ ਰਹੀ, ਰੋਈ ਨਹੀਂ। ਭੀੜ ਇਕੱਠੀ ਹੋ ਗਈ। ਲੋਕ ਸਮਝੇ ਪਾਗਲ ਤਾਂ ਨਹੀਂ ਹੋ ਗਈ—ਸਦਮੇ ਨਾਲ। ਤਦ ਹੀ ਇੱਕ ਭਿਖਾਰੀ ਆ ਕੇ ਖਲੋ ਗਿਆ, ਉਸਨੇ ਜ਼ੋਰ ਨਾਲ

ਆਪਣਾ ਡੱਬਾ ਵਜਾਇਆ, ਉਸ ਮੁਰਦੇ ਦੇ ਸਾਹਮਣੇ, ਉਸਦੀ ਲਾਸ਼ ਰੱਖੀ ਹੈ। ਜਿਵੇਂ ਹੀ ਉਸਨੇ ਡੱਬਾ ਵਜਾਇਆ ਉਹ ਤੀਵੀਂ ਰੋਣ ਲਗੀ। ਮਹੱਲੇ ਦੇ ਲੋਕ ਬਹੁਤ ਹੈਰਾਨ ਹੋਏ, ਉਨ੍ਹਾਂ ਨੇ ਕਿਹਾ, ਗੱਲ ਕੀ ਹੈ? ਉਸਨੇ ਕਿਹਾ, ਕਿ ਹੁਣ ਮੈਨੂੰ ਪਤਾ ਲਗਿਆ ਕਿ ਉਹ ਮਰ ਗਏ। ਜੇਕਰ ਭਿਖਾਰੀ ਨੂੰ ਵੇਖਕੇ ਘਰ ਦੇ ਅੰਦਰ ਨਹੀਂ ਜਾ ਰਹੇ ਹਨ ਉਠ ਕੇ ਤਾਂ ਮਰ ਗਏ, ਨਿਸ਼ਚਿਤ ਮਰ ਗਏ। ਅੱਜੇ ਤੱਕ ਮੈਨੂੰ ਸ਼ਕ ਸੀ ਕਿ ਹੋ ਸਕਦਾ ਹੈ ਮੂਰਛਾ (ਬੇਹੋਸ਼ੀ) ਵਿਚ ਪਏ ਹੋਣ। ਪਰ ਹੁਣ ਯਕੀਨ ਹੋ ਗਿਆ ਹੈ।

ਕਿਹੋ ਜਿਹੀ ਹੀ ਬੇਹੋਸ਼ੀ ਹੋਵੇ, ਭਿਖਾਰੀ ਨੂੰ ਵੇਖਕੇ ਤਾਂ ਉਹ ਘਰ ਦੇ ਅੰਦਰ ਚਲੇ ਜਾਂਦੇ ਸੀ। ਹੁਣ ਨਿਸ਼ਚਿਤ ਹੈ (ਪੱਕਾ ਹੈ) ਕਿ ਆਤਮਾ ਦੇਹ ਛੱਡ ਗਈ ਹੈ।

ਤੁਹਾਡੇ ਸਾਧਾਰਣ ਜੀਵਨ ਵਿਚ ਵੀ ਤੁਹਾਨੂੰ ਇਸ ਗੱਲ ਦਾ ਖ਼ਿਆਲ ਰਹੇਗਾ ਕਿ ਕਦੇ-ਕਦੇ ਕਿੰਨੇ ਤਣਾਅ ਵਿਚ ਕੁਝ ਚੀਜ਼ਾਂ ਤੁਹਾਡੇ ਅੰਦਰ ਜਾਗੀਆਂ ਰਹਿ ਜਾਂਦੀਆਂ ਹਨ; ਜਿਵੇਂ ਵਿਦਿਆਰਥੀ ਇਮਤਿਹਾਨਾਂ ਦੇ ਦਿਨਾਂ ਵਿਚ ਰਾਤ ਨੂੰ ਪਾਉਂਦਾ ਹੈ ਕਿ ਥੋੜ੍ਹਾ ਜਿਹਾ ਜਾਗਣਾ ਬਣਿਆ ਹੈ, ਕਈ ਵਾਰੀ ਅੱਖਾਂ ਖੋਲ੍ਹ ਕੇ ਵੇਖ ਲੈਂਦਾ ਹੈ ਕਿ ਘੜੀ ਵਿਚ ਕਿੰਨੇ ਵਜੇ ਹਨ। ਸਵੇਰ ਤਾਂ ਨਹੀਂ ਹੋ ਗਈ। ਇਮਤਿਹਾਨ ਸਿਰ ਤੇ ਖਲੋਤਾ ਹੈ, ਕੋਈ ਇੱਕ ਸਵਰ ਜਾਗਦਾ ਰਹਿੰਦਾ ਹੈ। ਇਹ ਨਿੱਕੇ-ਨਿੱਕੇ ਅਨੁਭਵ ਹਨ।

ਯੋਗੀ ਦੇ ਅੰਦਰ ਲਗਾਤਾਰ ਇੱਕ ਦੀਵਾ ਜਗਦਾ ਰਹਿੰਦਾ ਹੈ। ਇਸ ਲਈ ਕ੍ਰਿਸ਼ਨ ਨੇ ਕਿਹਾ ਹੈ ਕਿ ਹੋਰ ਜਦ ਸਭ ਲੋਕ ਸੌਂ ਜਾਂਦੇ ਹਨ ... ਯਾ ਨਿਸ਼ਾ ਸ੍ਰਵ ਭੁਤਾਯਾਂ ਤਸਯਾਂ ਜਾਗ੍ਰਤਿ ਸਯੰਮੀ ! ਜੋ ਸਭ ਲਈ ਨੀਂਦ ਹੈ, ਗਹਿਰੀ ਰਾਤ ਹੈ, ਉਹ ਵੀ ਸੰਜਮੀ ਲਈ ਜਾਗਰਣ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਕ੍ਰਿਸ਼ਨ ਸੌਂਦੇ ਹੀ ਨਹੀਂ ਸਨ, ਕਿ ਖਲੋਤੇ ਹਨ ਸਾਰੀ ਰਾਤ। ਪਾਗਲ ਹੋ ਜਾਂਦੇ।... ਕਿ ਵਜਾ ਰਹੇ ਹਨ ਬੰਸਰੀ ਸਾਰੀ ਰਾਤ, ਚਾਹੇ ਕੋਈ ਸੁਣਨ ਵਾਲਾ ਹੋਵੇ ਜਾਂ ਨ ਹੋਵੇ। ਖ਼ੁਦ ਵੀ ਪਾਗਲ ਹੋ ਜਾਂਦੇ। ਸੌਂਦੇ ਹਨ, ਪਰ ਦੇਹ ਹੀ ਸੌਂਦੀ ਹੈ, ਚੇਤਨਾ ਜਾਗਦੀ ਰਹਿੰਦੀ ਹੈ।

ਨਯੰਦ੍ਰਾ ਤਜੌ ਜੀਵਨ ਕਾ ਕਾਲ।

ਇਸ ਮੂਰਛਾ ਨੇ ਹੀ ਤੁਹਾਨੂੰ ਵਾਂਜਿਆਂ ਰੱਖਿਆ ਹੈ ਪਰਮ ਜੀਵਨ ਤੋਂ। ਇਹ ਹੀ ਅਸਲੀ ਮੌਤ ਹੈ। ਇਸ ਨੂੰ ਛੱਡ ਦਿਓ ਤਾਂ ਤੁਹਾਨੂੰ ਸਦਾ ਰਹਿਣ ਵਾਲੇ ਜੀਵਨ ਦਾ ਅਨੁਭਵ ਹੋ ਜਾਏ।

ਛਾਂਡੌ ਤੰਤ ਮੰਤ ਬੈਦੰਤ।

ਕਹਿ ਰਹੇ ਹਨ ਆਪਣੇ ਯੋਗੀਆਂ ਨੂੰ ਆਪਣੇ ਚੇਲਿਆਂ ਨੂੰ, ਆਪਣੇ ਸੰਨਿਆਸੀਆਂ ਨੂੰ—ਕਿ ਤੰਤ੍ਰ-ਮੰਤ੍ਰ, ਇਨ੍ਹਾਂ ਸਭ ਉਪੱਦਰਾਂ ਵਿਚ ਨ ਪਓ—ਕਿ ਬੰਨ੍ਹ ਰਹੇ ਤਾਵੀਜ਼, ਕਿ ਦੇ ਰਹੇ ਮੰਤ੍ਰ ਲੋਕਾਂ ਨੂੰ, ਕਿ ਵੰਡ ਰਹੇ ਜੜ੍ਹੀਆਂ ਬੂਟੀਆਂ, ਕਿ ਰਸਾਇਨ ਤਿਆਰ ਕਰ ਰਹੇ !

ਛਾਂਡੌ ਤੰਤ ਮੰਤ ਬੈਦੰਤ।
ਜੰਤ੍ਰ ਗੁਟਿਕਾ ਘਾਤ ਪਾਸੰਡ॥

ਇਹ ਸਭ ਛੱਡੋ ਪਾਖੰਡ! ਇਨ੍ਹਾਂ ਸਭ ਵਿਚ ਨ ਉਲਝ ਜਾਓ। ਇਨ੍ਹਾਂ ਵਿਚ ਉਲਝਿਆ ਰਿਹਾ ਹੈ, ਇਸ ਦੇਸ਼ ਦਾ ਸਾਧੂ ਬਹੁਤ ਦਿਨਾਂ ਤੋਂ। ਉਹ ਸਭ ਤਰ੍ਹਾਂ ਦੇ ਕੰਮ ਕਰਦਾ ਰਿਹਾ

ਹੈ। ਬੀਮਾਰਾਂ ਨੂੰ ਦਵਾਈਆਂ ਵੀ ਵੰਡਦਾ ਹੈ, ਚਮਤਕਾਰ ਵੀ ਕਰਦਾ ਹੈ, ਖ਼ਾਲੀ ਹਥਾਂ ਵਿਚੋਂ ਵਿਭੂਤੀ ਵੀ ਕਢਦਾ ਹੈ, ਸੁਆਹ ਵੰਡਦਾ ਹੈ, ਤਾਵੀਜ਼ ਕਢਦਾ ਹੈ, ਘੜੀਆਂ ਕਢਦਾ ਹੈ। ਇਹ ਸਭ ਪਾਖੰਡ ਹੈ, ਕਿਉਂਕਿ ਇਹ ਸਭ ਹੱਥਾਂ ਦੀ ਕਲਾਬਾਜ਼ੀ, ਇਹ ਸਭ ਜਾਦੂ ਦੇ ਕੰਮ ਹਨ। ਇਹ ਸੜਕ ਉੱਤੇ ਜਾਦੂਗਰ ਕਰਦਾ ਹੈ ਤਾਂ ਤੁਸੀਂ ਇੱਕਦਮ ਉਸਦੇ ਪੈਰਾਂ ਵਿਚ ਨਹੀਂ ਡਿੱਗ ਪੈਂਦੇ ਕਿ—ਹੇ ਸਾਂਈ ਬਾਬਾ ! ਮਿਲਣਾ ਹੋ ਗਿਆ, ਤੁਹਾਡੀ ਤੁਲਾਸ਼ ਸੀ। ਤਦ ਤੁਸੀਂ ਜਾਣਦੇ ਹੋ ਕਿ ਇਹ ਜਾਦੂ ਹੈ। ਜਾਦੂ ਹੈ, ਅਜਿਹਾ ਮੰਨ ਕੇ, ਤੁਸੀਂ ਸਮਝਦੇ ਹੋ ਹੋਏਗੀ ਕੋਈ ਹਥ ਦੀ ਸਫ਼ਾਈ। ਪਰ ਇਹ ਹੀ ਕੋਈ ਆਦਮੀ ਗੇਰੂਏ ਕਪੜੇ ਪਾਕੇ ਸਾਧੂ ਭੇਸ ਵਿਚ ਖੜਾ ਹੋ ਜਾਏ ਅਤੇ ਕਰਨ ਲਗੇ, ਬਸ ਡਿੱਗੇ ਤੁਸੀਂ ਪੈਰਾਂ ਉੱਤੇ। ਉਹੀ ਦਾ ਉਹੀ ਹੈ, ਕੁਝ ਫ਼ਰਕ ਨਹੀਂ ਹੈ, ਕੁਝ ਭੇਦ ਨਹੀਂ ਹੈ।

ਗੋਰਖ ਆਪਣੇ ਚੇਲਿਆਂ ਨੂੰ ਕਹਿੰਦੇ ਹਨ :

ਛਾਂਡੋ ਤੰਤ ਮੰਤ ਬੈਦੰਤ।
ਜੰੜ੍ਹ ਗੁਟਿਕਾ ਧਾਤ ਪਾਸ਼ੰਡ॥
ਜੜ੍ਹੀ-ਬੂਟੀ ਕਾ ਨਾਓ ਜਿਨਿ ਲੇਹੂ।
ਰਾਜ ਦੁਵਾਰ ਪਾਵ ਜਿਨਿ ਦੇਹੂ॥

ਅਤੇ ਜੇਕਰ ਤੁਸੀਂ ਇਸ ਤਰ੍ਹਾਂ ਦੇ ਧੰਦਿਆਂ ਵਿਚ ਪਏ, ਜੜ੍ਹੀ-ਬੂਟੀ ਵਗੈਰਾ ਦੇ ਉਪੱਦਰ ਵਿਚ ਪਏ ਤਾਂ ਅੱਜ ਨਹੀਂ ਕੱਲ੍ਹ ਤੁਸੀਂ ਰਾਜਨੀਤੀ ਵਿਚ ਉਲਝ ਜਾਓਗੇ, ਤੁਸੀਂ ਰਾਜ-ਦੁਆਰ ਵਿਚ ਪਹੁੰਚ ਜਾਓਗੇ।

ਰਾਜਨੀਤੀ ਦਾ ਅਰਥ ਹੁੰਦਾ ਹੈ ਪਦ-ਪ੍ਰਤਿਸ਼ਠਾ, ਪਦ ਲੋਲੁਪਤਾ (ਲਾਲਚ)। ਜੇ ਇਸ ਤਰ੍ਹਾਂ ਦੇ ਧੰਦੇ ਵਿਚ ਉਲਝੇ ਤਾਂ ਤੁਸੀਂ ਅਹੁਦੇ ਦੇ ਲਾਲਚੀ ਹੋ ਜਾਓਗੇ, ਨਹੀਂ ਤਾਂ ਤੁਸੀਂ ਕਰੋਗੇ ਹੀ ਕਿਉਂ ? ਇਹ ਸਭ ਇੱਛਾਵਾਂ ਇਸ ਲਈ ਹਨ, ਤਾਂ ਕਿ ਲੋਕ ਸਮਝਣ ਕਿ ਮੈਂ ਕੁਝ ਹਾਂ—ਮਹੱਤਵਪੂਰਣ, ਮਹਾਨ। ਸਾਧੂ ਨੂੰ ਤਾਂ ਸਹਿਜ ਹੋਣਾ ਚਾਹੀਦਾ। ਕਿ ਮੈਂ ਨ ਕੁਝ ਹਾਂ, ਕਿ ਮੈਂ ਕੁਝ ਵੀ ਨਹੀਂ ਹਾਂ। ਉਸਨੂੰ ਕੋਈ ਦਾਵਾ ਨਹੀਂ ਹੋਣਾ ਚਾਹੀਦਾ। ਚਮਤਕਾਰ ਕੋਈ ਸਾਧੂ ਕਿਵੇਂ ਵਿਖਾਏਗਾ? ਚਮਤਕਾਰ ਤਾਂ ਕੇਵਲ ਅਸਾਧੂ ਹੀ ਵਿਖਾ ਸਕਦੇ ਹਨ, ਕਿਉਂਕਿ ਚਮਤਕਾਰ ਦੇ ਪਿੱਛੇ ਅਹੰਕਾਰ ਨੂੰ ਹੀ ਪੁੱਜਵਾਉਣ ਦੀ ਚਾਹਤ ਹੈ।

ਥੰਭਨ ਮੋਹਨ ਬਿਸਿਕਰਨ ਛਾਂਡੋ ਔਚਾਟ।

ਛੱਡੋ ਇਹ ਸਭ ਜਾਦੂਗਰੀਆਂ—ਥੰਭਨ, ਮੋਹਨ, ਸੰਮੋਹਨ ਦੀਆਂ ਕਲਾਵਾਂ, ਵਸ਼ ਵਿਚ ਕਰਨ ਦੀਆਂ ਕਲਾਵਾਂ, ਬਿਸਿਕਰਨ। ਛਾਂਡੋ ਔਚਾਟ। ਭੂਤ-ਪ੍ਰੇਤ ਝਾੜਨਾ, ਉਚਾਟਨ ਕਰਨਾ, ਇਹ ਸਭ ਵਿਅਰਥ ਦੀ ਬਕਵਾਸ ਛੱਡੋ।

ਸੁਣੋਂ ਹੋ ਜੋਗੇਸਰੋ ਜੋਗਾਰੰਭ ਕੀ ਬਾਟ।

ਅਤੇ ਕਹਿੰਦੇ ਹਨ : ਹੇ ਯੋਗੀਓ ! ਸੁਣੋ, ਮੈਂ ਤੁਹਾਨੂੰ ਕਹਿੰਦਾ ਹਾਂ ਕਿ ਯੋਗੀ ਦੀ ਅਸਲੀ ਰਾਹ ਕੀ ਹੈ।

ਜੋਗਾਰੰਭ ਕੀ ਬਾਟ!

ਯੋਗ ਦੇ ਅਸਲੀ ਆਰੰਭ ਦੀ ਰਾਹ ਕੀ ਹੈ, ਮੈਂ ਤੁਹਾਨੂੰ ਰਾਹ ਦੱਸਦਾ ਹਾਂ।

ਔਰ ਦਸਾ ਪਰਹਰੌ ਛਤੀਸ।

ਹੋਰ ਸਭ ਛੱਡ ਦਿਓ, ਸਿਰਫ਼ ਉਸ ਇੱਕ ਨੂੰ ਯਾਦ ਕਰੋ।

ਹਰ ਸੁਬਹ ਉਠਕੇ ਤੁਝਸੇ ਮਾਂਗੂ ਹੂੰ ਮੈਂ ਤੁਝੀ ਕੋ,

ਤੇਰੇ ਸਿਵਾਇ ਮੇਰਾ ਕੁੱਛ ਮੁੱਦਾ ਨਹੀਂ ਹੈ।

ਹੋਰ ਸਭ ਛੱਡ ਦਿਓ, ਇਹ ਸਭ ਵਕਤ ਖ਼ਰਾਬ ਕਰਨਾ ਹੈ, ਸ਼ਕਤੀ ਖ਼ਰਾਬ ਕਰਨੀ ਹੈ— ਇਸ ਸਾਰੀ ਊਰਜਾ ਨੂੰ ਇੱਕ ਹੀ ਪ੍ਰਾਰਥਨਾ ਵਿਚ ਡੁੱਬਾ ਦਿਓ। ਉਸਨੂੰ ਮੰਗ ਲਓ, ਹੋਰ ਕੁਝ ਨ ਮੰਗਣਾ।

ਹਰ ਸੁਬਹ ਉਠਕੇ ਤੁਝਸੇ ਮਾਂਗੂ ਹੂੰ ਮੈਂ ਤੁਝੀ ਕੋ,

ਤੇਰੇ ਸਿਵਾਇ ਮੇਰਾ ਕੁੱਛ ਮੁੱਦਾ ਨਹੀਂ ਹੈ।

ਪਰਮਾਤਮਾ ਤੋਂ ਇਲਾਵਾ ਹੋਰ ਤੁਹਾਡੀ ਕੋਈ ਮੰਗ ਨ ਹੋਵੇ। ਮੰਗ ਅਜਿਹੀ ਹੋਣੀ ਚਾਹੀਦੀ ਹੈ ਕਿ ਉਸ ਮੰਗ ਵਿਚ ਤੁਸੀਂ ਵੀ ਗੁੰਮ ਹੋ ਜਾਓ।

ਉਸੇ ਢੂੰਢਤੇ ਮੀਰ ਖੋਇ ਗਏ,

ਕੋਈ ਦੇਖੇ ਇਸ ਜੁਸਤਜੂ ਕੀ ਤਰਫ਼ ॥

ਇਹ ਮੇਰੀ ਖੋਜ ਤਾਂ ਵੇਖੋ, ਮੀਰ ਕਹਿੰਦੇ ਹਨ। ਉਸ ਨੂੰ ਨਿਕਲੇ ਸੀ ਲਭੱਣ ਅਤੇ ਖ਼ੁਦ ਗੁਆਚ ਗਏ

ਉਸੇ ਢੂੰਢਤੇ ਮੀਰ ਖੋਏ ਗਏ,

ਕੋਈ ਦੇਖੇ ਇਸ ਜੁਸਤਜੂ ਕੀ ਤਰਫ਼ !

ਇਹ ਮੇਰੀ ਖੋਜ ਤਾਂ ਵੇਖੋ। ਨਿਕਲੇ ਸੀ ਲਭੱਣ ਅਤੇ ਖ਼ੁਦ ਗੁਆਚ ਗਏ।

ਹੇਰਤ ਹੇਰਤ ਹੇ ਸਖੀ, ਰਿਹਾ ਕਬੀਰ ਰਿਹਾਈ।

ਬਸ ਉਹ ਹੀ ਇੱਕ ਰਹਿ ਜਾਏ, ਤੁਸੀਂ ਵੀ ਗੁਆਚ ਜਾਓ, ਤਦ ਹੀ ਉਹ ਮਿਲੇਗਾ।

ਬਹੁਤ ਢੂੰਢਾ ਉਸੇ ਫ਼ਿਰ ਭੀ ਨ ਪਾਇਆ

ਅਗਰ ਪਾਯਾ ਪਤਾ ਅਪਨਾ ਨ ਪਾਇਆ

ਬਹੁਤ ਖੋਜਤੇ ਰਹੇ, ਉਹ ਨਹੀਂ ਮਿਲਿਆ। ਤਦ ਤੱਕ ਨਹੀਂ ਮਿਲਿਆ ਜਦ ਤੱਕ ਖ਼ੁਦ ਨਹੀਂ ਗੁਮ ਗਏ। ਅਤੇ ਜਦ ਉਹ ਮਿਲ ਗਿਆ ਤਾਂ ਪਰਤ ਕੇ ਵੇਖਿਆ ਤਾਂ ਆਪਣੇ ਆਪ ਨੂੰ ਨਹੀਂ ਪਾਇਆ।

ਬਹੁਤ ਢੂੰਢਾ ਉਸੇ ਫ਼ਿਰ ਭੀ ਨ ਪਾਇਆ

ਅਗਰ ਪਾਯਾ ਪਤਾ ਅਪਨਾ ਨ ਪਾਇਆ

ਅਜਿਹੇ ਡੁੱਬੋ ਇੱਕ ਹੀ ਆਕਾਂਕਸ਼ਾ ਰਹਿ ਜਾਏ, ਇੱਕ ਹੀ ਅਭੀਪਸਾ ਰਹਿ ਜਾਏ। ਸਾਰੀਆਂ ਅਭੀਪਸਾਵਾਂ (ਇੱਛਾਵਾਂ-ਚਾਹਤਾਂ) ਨੂੰ ਉਸੇ ਉੱਤੇ ਸਮ੍ਰਪਿਤ ਕਰ ਦਿਓ। ਬਹੁਤ ਦਿਸ਼ਾਵਾਂ ਵਿਚ ਯਾਤ੍ਰਾ ਕਰੋਗੇ ਤਾਂ ਕਿੱਤੇ ਨਹੀਂ ਪ੍ਹੁੰਜ ਸਕੋਗੇ।

ਇੱਕ ਸਾਧੇ ਸਬ ਸਧੇ ਸਬ ਸਾਧੇ ਸਬ ਜਾਇ।

ਔਰ ਦਸਾ ਪਰਹਰੌ ਛਤੀਸ।

ਸਕਲ ਵਿਧਿ ਧਿਯਾਵੇ ਜਗਦੀਸ।

ਬਹੁ ਵਿਧਿ ਨਾਟਾਰੰਭ ਨਿਬਾਰਿ।
ਕਾਮ ਕ੍ਰੋਧ ਅਹੰਕਾਰਹਿ ਜਾਰਿ॥

ਹੋਰ ਸਭ ਅਭਿਨਯ ਛੱਡੋ। ਨਾਟਾਰੰਭ ! ਹੋਰ ਸਭ ਨਾਟਕ ਬੰਦ ਕਰੋ। ਇਹ ਸਭ ਕਾਮ-ਕ੍ਰੋਧ ਦੇ ਹੀ ਨਵੇਂ ਰੂਪ ਹਨ, ਇਹ ਅਹੰਕਾਰ ਦੀਆਂ ਹੀ ਨਵੀਆਂ ਕਲਾਵਾਂ ਹਨ। ਇਨ੍ਹਾਂ ਤੋਂ ਸਾਵਧਾਨ ਰਹੋ।

ਨੈਣਂ ਮਹਾ ਰਸ ਫਿਰੌ ਜਿਨਿ ਦੇਸ।

ਅੱਖਾਂ ਵਿਚ ਤਾਂ ਵਾਸਨਾ ਭਰੀ ਹੈ ਅਤੇ ਤੁਸੀਂ ਤੀਰਥ ਯਾਤ੍ਰਾ ਕਰਦੇ ਘੁੰਮ ਰਹੇ ਹੋ! ਇਸ ਨਾਲ ਕੁਝ ਵੀ ਨਹੀਂ ਹੋਏਗਾ।

ਜਟਾ ਭਾਰ ਬੰਧੌ ਜਿਨਿ ਕੇਸ।

ਅਤੇ ਕਿੰਨੀਆਂ ਹੀ ਜਟਾਵਾਂ ਵਡੀਆਂ ਕਰ ਲਓ ਅਤੇ ਕਿੰਨਾ ਹੀ ਭਾਰ ਬੰਨ੍ਹ ਲਓ ਜਟਾਵਾਂ ਦਾ, ਇਸ ਤਰ੍ਹਾਂ ਕੁਝ ਨਿਰ-ਭਾਰ ਨਹੀਂ ਹੋ ਜਾਓਗੇ।

ਰੁਸ਼ ਬਿਰਸ਼ ਬਾੜੀ ਜਿਨਿ ਕਰੌ।

ਹੋਰ ਚਾਹੇ ਕਿੰਨੇ ਹੀ ਤਥਾ-ਕਥਿਤ ਪੁੰਨ ਕਰਦੇ ਰਹੋ, ਕਿ ਦਰਖ਼ੱਤ ਲਗਵਾ ਦਿਓ ਰਸਤਿਆਂ ਦੇ ਕੰਢੇ ਬਗੀਚੇ ਲਗਵਾ ਦਿਓ ਕਿ ਰਾਹਗੀਰਾਂ ਨੂੰ ਛਾਂ ਮਿਲੇ ...।

ਕੂਵਾਂ ਨਿਵਾਂਣ ਸ਼ੋਦਿ ਜਿਨਿ ਮਰੌ।

ਕਿ ਖੂਹ ਖੁਦਵਾ ਦਿਓ ਕਿ ਲੋਕਾਂ ਨੂੰ ਪੀਣ ਲਈ ਪਾਣੀ ਮਿਲ ਜਾਏਗਾ; ਪਰ ਖ਼ਿਆਲ ਰਖਣਾ—

ਗੋਰਖ ਕਹਿੰਦੇ ਹਨ—ਕੂਵਾ ਨਿਵਾਂਣ ਖੋਦਿ ਜਿਨਿ ਮਰੌ।

ਇਨ੍ਹਾਂ ਹੀ ਖੂਹਾਂ ਵਿਚ ਡਿੱਗ ਕੇ ਮਰੋਗੇ। ਇਸ ਤਰ੍ਹਾਂ ਦੇ ਪੁੰਨ ਨਾਲ ਕੁਝ ਹੋਣ ਵਾਲਾ ਨਹੀਂ। ਧਿਆਨ ਤੋਂ ਰਹਿਤ ਜੋ ਪੁੰਨ ਹੈ ਉਹ ਦੋ ਕੌਡੀਆਂ ਦਾ ਹੈ, ਕਿਉਂਕਿ ਉਹ ਅਹੰਕਾਰ ਦਾ ਵੀ ਵਿਸਤਾਰ ਹੈ। ਸਾਧੂ ਵੀ ਅਹੰਕਾਰ ਫੜ ਲੈਂਦੇ ਹਨ। ਉਹ ਕਹਿੰਦੇ ਹਨ, ਮੰਦਰ ਬਣਵਾ ਕੇ ਰਹਾਂਗੇ, ਕਿ ਖੂਹ ਖੁਦਵਾ ਕੇ ਰਹਾਂਗੇ। ਬੈਠ ਜਾਂਦੇ ਹਨ ਜ਼ਿੱਦ ਕਰਕੇ ਅਤੇ ਜਦ ਤੱਕ ਉਨ੍ਹਾਂ ਦਾ ਮੰਦਰ ਨ ਬਣੇ, ਖੂਹ ਨ ਖੁਦ ਜਾਏ, ਤਦ ਤੱਕ ਬੈਠੇ ਹੀ ਰਹਿੰਦੇ ਹਨ।

ਆਖ਼ਰ ਲੋਕ ਪਰੇਸ਼ਾਨ ਹੋ ਜਾਂਦੇ ਹਨ, ਉਨ੍ਹਾਂ ਦੀ ਛਾਤੀ ਤੇ ਰੋਜ਼ ਖਲੋਤੇ ਹਨ, ਕਿਸੇ ਤਰ੍ਹਾਂ ਕੁਝ ਦੇ-ਦੁਆ ਕੇ ਖੂਹ ਖੁਦਵਾ ਦਿੰਦੇ ਹਨ ਕਿ ਠੀਕ ਹੈ, ਭਾਈ ਮੰਦਰ ਬਣਵਾ ਦਿੰਦੇ ਹਾਂ, ਠੀਕ ਹੈ।

ਪਰ ਇਹ ਅਹੰਕਾਰ ਦਾ ਹੀ ਵਿਸਤਾਰ ਹੈ।

ਮੈਂ ਪੁੰਨ ਕਰਾਂ, ਇਸ ਵਿਚ ਮੈਂ ਹੀ ਭਰੇਗਾ। ਇੱਕ ਹੋਰ ਪੁੰਨ ਹੈ ਜੋ ਕ੍ਰਿਤਯ (ਕਰਮ) ਨਹੀਂ ਹੈ—ਜੋ ਧਿਆਨ ਤੋਂ ਜਨਮਦਾ ਹੈ। ਮੈਂ ਧਿਆਨ ਵਿਚ ਲੀਨ ਹੋ ਜਾਵਾਂ ਪਰਮਾਤਮਾ ਵਿਚ, ਫ਼ਿਰ ਉਹ ਜੋ ਮੇਰੇ ਕੋਲੋਂ ਕਰਵਾ ਲਵੇ, ਮੈਂ ਕਰਨ ਵਾਲਾ ਨਹੀਂ ਹਾਂ। ਉਸਨੂੰ ਖੂਹ ਖ਼ੁਦਵਾਉਂਣਾ ਹੋਵੇ ਤਾਂ ਖੂਹ ਖ਼ੁਦਵਾ ਲਵੇ ਉਸਨੂੰ ਦਰਖ਼ੱਤ ਲਗਵਾਉਂਣੇ ਹੋਣ ਤਾਂ ਦਰਖ਼ੱਤ ਲਗਵਾ ਲਵੇ, ਸਕੂਲ ਚਲਵਾਉਂਣਾ ਹੋਵੇ ਤਾਂ ਸਕੂਲ ਬਣਵਾ ਲਵੇ ਹਸਪਤਾਲ ਬਨਵਾਉਂਣਾ ਹੋਵੇ ਹਸਪਤਾਲ ਬਣਵਾ ਲਵੇ; ਪਰ ਮੈਂ ਕਰਨ ਵਾਲਾ ਨਹੀਂ ਹਾਂ, ਹੁਣ ਮੈਂ ਕੇਵਲ ਉਪਕਰਣ ਮਾਤ੍ਰ ਹਾਂ। ਪਹਿਲੇ ਧਿਆਨ। ਇਹ ਨ ਸੋਚਣਾ ਕਿ ਗੋਰਖ ਕਹਿ ਰਹੇ ਹਨ ਕਿ ਪੁੰਨ ਦੇ ਕੰਮ ਬੁਰੇ

ਹਨ। ਗੋਰਖ ਇਹ ਹੀ ਕਹਿ ਰਹੇ ਹਨ ਕਿ ਅਹੰਕਾਰ ਜਦ ਤੱਕ ਹੈ, ਤਦ ਤੱਕ ਪੁੰਨ ਦੇ ਕੰਮਾਂ ਦੀ ਆੜ ਵਿਚ ਉਹ ਹੀ ਪਲੇਗਾ, ਉਹ ਹੀ ਫ਼ਸੇਗਾ, ਉਹ ਹੀ ਵੱਡਾ ਹੋਏਗਾ।

ਪਹਿਲਾਂ ਅਹੰਕਾਰ ਜਾਣ ਦਿਓ, ਫਿਰ ਪੁੰਨ ਦਾ ਕਰਮ ਆਪਣੇ-ਆਪ ਆਉਂਦਾ ਹੈ; ਤਦ ਉਸ ਵਿਚ ਬਹੁਤ ਸੁਗੰਧ ਹੈ, ਬਹੁਤ ਸੁੰਦਰਤਾ ਹੈ, ਬਹੁਤ ਸੰਗੀਤ ਹੈ !

ਜੋ ਰਹੀਮ ਮਨ ਹਾਥ ਹੈ, ਤੋ ਤਨ ਕਹੁ ਕਿਨ ਜਾਹਿ।
ਜਲ ਮੇਂ ਜੋ ਛਾਯਾ ਪਰੇ, ਛਾਯਾ ਭੀਜਤ ਨਾਂਹਿ॥

ਇੱਕ ਮਨ ਹਥ ਆ ਜਾਏ, ਫਿਰ ਸ਼ਰੀਰ ਦੀ ਕੋਈ ਫ਼ਿਕਰ ਨਹੀਂ ਹੈ। ਇੱਕ ਚੈਤਨਯ ਪਕੜ ਵਿਚ ਆ ਜਾਏ, ਫਿਰ ਸ਼ਰੀਰ ਦੀ ਕੋਈ ਫ਼ਿਕਰ ਨਹੀਂ ਹੈ।

ਜਲ ਮੇਂ ਜੋ ਛਾਯਾ ਪਰੇ ... ਜਿਵੇਂ ਕਿ ਤੁਸੀਂ ਰਸਤੇ ਤੋਂ ਲੰਘੇ ਅਤੇ ਕੰਢੇ ਉੱਤੇ ਝੀਲ ਵਿਚ ਤੁਹਾਡੀ ਛਾਂ ਪਈ, ਉਸ ਨਾਲ ਤੁਹਾਡਾ ਕੋਈ ਸ਼ਰੀਰ ਥੋੜ੍ਹੀ ਭਿੱਜ ਜਾਏਗਾ। ਜਲ ਮੇਂ ਜੋ ਛਾਯਾ ਪਰੇ, ਕਾਯਾ ਭੀਜਤ ਨਾਂਹਿ। ਹੁਣ ਤੁਹਾਡਾ ਸ਼ਰੀਰ ਥੋੜ੍ਹੇ ਹੀ ਭਿੱਜਦਾ ਹੈ। ਇਵੇਂ ਹੀ ਜਿਸਦਾ ਮਨ ਵਸ ਵਿਚ ਆ ਗਿਆ, ਮਨ ਧਿਆਨ ਬਣ ਗਿਆ ਜਿਸਦਾ, ਹੁਣ ਉਹ ਕੁਝ ਵੀ ਕਰੇ, ਕਿਹੋ ਜਿਹਾ ਵੀ ਰਹੇ, ਕਿੱਤੇ ਵੀ ਜਾਏ, ਕੋਈ ਪਰਿਣਾਮ ਬੁਰਾ ਨਹੀਂ ਹੁੰਦਾ; ਉਸ ਤੋਂ ਸ਼ੁਭ ਹੀ ਹੋਏਗਾ, ਉਸ ਤੋਂ ਅਸ਼ੁਭ ਹੋ ਹੀ ਨਹੀਂ ਸਕਦਾ।

ਟੂਟੈ ਪਵਨਾਂ ਛੀਜੈ ਕਾਯਾ।
ਆਸਣ ਦ੍ਰਿਢ ਕਰਿ ਵੈਸੋ ਰਾਯਾ।
ਇਹ ਸ਼ਰੀਰ ਤਾਂ ਟੁੱਟ ਜਾਏਗਾ,
ਛੇਤੀ ਹੀ ਸੁਵਾਸ ਉਖੱੜ ਜਾਏਗੀ।

ਟੂਟੈ ਪਵਨਾਂ! ਸੁਵਾਸ ਉਖੱੜ ਜਾਏਗੀ।

ਛੀਜੈ ਕਾਯਾ ! ਇਹ ਕਾਇਆ ਛੇਤੀ ਬੁੱਢੀ ਹੋ ਜਾਏਗੀ, ਮਰਣ ਦੇ ਨੇੜੇ ਆ ਜਾਏਗੀ।

ਇਸ ਦੇ ਪਹਿਲਾਂ ਕਿ ਇਹ ਹੋਵੇ, ਆਸਣ ਦ੍ਰਿਢ ਕਰਿ ਵੈਸੋ ਰਾਯਾ। ਹੇ ਰਾਜਾ! ਹੇ ਸਮ੍ਰਾਟ! ਸੰਭਾਲ ਲਓ। ਇਸ ਦੇ ਪਹਿਲਾਂ ਸੰਭਾਲ ਲਓ।

ਪਿੱਛੋਂ ਬਹੁਤ ਪਛਤਾਉਂਣਾ ਪਏਗਾ। ਮੌਤ ਆਉਂਦੀ ਹੈ, ਸਿਵਾਇ ਪਛਤਾਵੇ ਦੇ ਹਥ ਕੁਝ ਨਹੀਂ ਰਹਿੰਦਾ। ਕਿਉਂਕਿ ਜ਼ਿੰਦਗੀ ਅਸੀਂ ਅਜਿਹੀਆਂ ਚੀਜ਼ਾਂ ਵਿਚ ਗੁਆ ਦਿੱਤੀ, ਜਿਨ੍ਹਾਂ ਨੂੰ ਅਸੀਂ ਨਾਲ ਨਹੀਂ ਲੈ ਜਾ ਸਕਾਂਗੇ। ਮੌਤ ਸਭ ਖੋਹ ਲਵੇਗੀ। ਸਭ ਠਾਠ ਪਿਆ ਰਹਿ ਜਾਏਗਾ। ਹੋਰ ਧਿਆਨ ਤਾਂ ਕਮਾਇਆ ਨਹੀਂ, ਕਿਉਂਕਿ ਧਿਆਨ ਮੌਤ ਵਿਚ ਵੀ ਨਾਲ ਜਾ ਸਕਦਾ ਹੈ। ਧਿਆਨ ਪਰਮ ਧ਼ਨ ਹੈ। ਜਿਸਨੂੰ ਸਮਾਧੀ ਦਾ ਅਨੁਭਵ ਹੋ ਗਿਆ, ਮੌਤ ਉਸ ਕੋਲੋਂ ਕੁਝ ਵੀ ਨਹੀਂ ਖੋਹ ਸਕਦੀ, ਕਿਉਂਕਿ ਸਮਾਧੀ ਨੂੰ ਨ ਸ਼ਸਤ੍ਰ ਛੇਦ ਸਕਦੇ ਹਨ ਅਤੇ ਨ ਅੱਗ ਸਾੜ ਸਕਦੀ ਹੈ।

ਟੂਟੈ ਪਵਨਾਂ ਛੀਜੈ ਕਾਯਾ।
ਆਸਣ ਦ੍ਰਿਢ ਕਰਿ ਵੈਸੋ ਰਾਯਾ॥

ਹੁਣ ਤਾਂ ਸੰਭਲ ਜਾਓ ਹੇ ਰਾਜਾ! ਹੋ ਤਾਂ ਤੁਸੀਂ ਰਾਜੇ, ਜੇਕਰ ਸੰਭਲ ਜਾਓ ਤਾਂ ਹੁਣੇ ਤੁਹਾਨੂੰ ਰਾਜ ਮਿਲ ਜਾਏ। ਇੱਕ ਛਿਣ ਵਿਚ ਇਹ ਘਟਨਾ ਹੋ ਜਾਏਗੀ।

ਤੀਰਥ ਵ੍ਰਤ ਕਟੈ ਜਿਨਿ ਕਰੋ।

ਵਿਅਰਥ ਦੇ ਤੀਰਥ-ਵ੍ਰਤਾਂ ਵਿਚ ਨ ਉਲਝੇ ਰਹੋ। ਵਕਤ ਖ਼ਰਾਬ ਨ ਕਰੋ।

ਗਿਰ ਪਰਬਤਾਂ ਚੜ੍ਹਿ ਪ੍ਰਾਨਮਤਿ ਹਰੋ।

ਅਤੇ ਨਾਹਕ ਪਹਾੜ ਚੱੜ੍ਹ-ਚੱੜ੍ਹ ਕੇ ਆਪਣੇ ਪ੍ਰਾਣਾਂ ਨੂੰ ਨ ਸਤਾਓ, ਕਿ ਚਲੇ ਗਿਰਨਾਰ, ਚੱਲੇ ਸ਼ਿਖਰਜੀ ਕਿ ਚਲੋ ਚੱੜ੍ਹੀਏ ਹਿਮਾਲਯ, ਕਿ ਕੈਲਾਸ਼, ਕਿ ਬਦਰੀਨਾਥ, ਕਿ ਕੇਦਾਰਨਾਥ। ਕਿਉਂ ਸਤਾਉਂਦੇ ਹੋ ਪ੍ਰਾਣਾਂ ਨੂੰ ?

ਗਿਰ ਪਰਬਤਾਂ ਚੜ੍ਹਿ ਪ੍ਰਾਨਮਤਿ ਹਰੋ। ਨਾਹਕ ਨਾ ਸਤਾਓ !

ਪੂਜਾ ਪਾਤਿ ਜਪੋ ਜਿਨਿ ਜਾਪ।

ਅਤੇ ਕਿੰਨਾ ਕੁ ਤੁਸੀਂ ਪੂਜਾ-ਪਾਠ ਕਰ ਚੁੱਕੇ ਹੋ! ਕਿੰਨੀ ਪੂਜਾ, ਕਿੰਨਾਂ ਜਪ, ਕਿੰਨੇ ਜਾਪ ਕਰ ਚੁੱਕੇ ਹੋਇਆ ਕੀ ?

ਪੂਜਾ ਪਾਤਿ ਜਪੋ ਜਿਨਿ ਜਾਪ।

ਜੋਗ ਮਾਹਿ ਬਿਟੰਬੋ ਆਪ॥

ਹੋਰ ਯੋਗ ਵੀ ਤੁਸੀਂ ਖ਼ੂਬ ਕਰ ਚੁੱਕੇ। ਕੋਈ ਸਿਰ ਦੇ ਬਲ ਖਲੋਤੇ ਹਨ, ਕੋਈ ਸ਼ਰੀਰ ਨੂੰ ਉਲਟਾ ਕਰ ਰਿਹਾ ਹੈ ਕੋਈ ਤਿਰਛਾ ਕਰ ਰਿਹਾ ਹੈ।

ਇਨ੍ਹਾਂ ਸਭ ਤਰੀਕਿਆਂ ਨਾਲ ਕੀ ਹੋਏਗਾ? ਇਹ ਸਭ ਵਿਡੰਬਨਾ (ਹਸੀਂ ਉਡਾਉਣਾ) ਹੈ। ਜੋਗ ਮਾਹਿ ਬਿਟੰਬੋ ਆਪ। ਨਾਹਕ ਵਿਡੰਬਨਾਵਾਂ ਵਿਚ ਨ ਪਓ।

ਛਾਂਤੋਂ ਬੈਦ ਬਣਜ ਵਯੋਪਾਰ।

ਇਹ ਸਭ ਵਿਉਪਾਰ ਹਨ। ਇਨ੍ਹਾਂ ਵਿਉਪਾਰਾਂ ਤੋਂ ਸਾਵਧਾਨ ਹੋ ਜਾਓ।

ਪੜਿਬਾ ਗੁਨਿਬਾ ਲੋਕਾਚਾਰ ...।

ਬਹੁਤ ਕ੍ਰਾਂਤੀ ਦਾ ਸੂਤਰ ਹੈ ! ਖ਼ੂਬ ਤਾਂ ਪੜ੍ਹ ਚੁੱਕੇ, ਪੜ੍ਹ-ਪੜ੍ਹ ਕੇ ਤਾਂ ਤੋਤੇ ਹੋ ਗਏ। ਪੜ੍ਹ-ਪੜ੍ਹ ਕੇ ਤਾਂ ਪੰਡਿਤ ਹੋ ਗਏ।

ਪਢਿਬਾ ਗੁਨਿਬਾ ਲੋਕਾਚਾਰ ...।

ਅਤੇ ਖ਼ੂਬ ਤੁਸੀਂ ਆਚਰਣ ਸੰਭਾਲ ਕੇ ਆਪਣੇ-ਆਪ ਨੂੰ ਉਪੱਰੋਂ ਰੰਗ ਲਿਆ, ਵੱਡੇ ਗੁਣਵਾਨ ਹੋ ਗਏ ਅਤੇ ਲੋਕਾਚਾਰ ਵਿਚ ਵੀ ਬਹੁਤ ਕੁਸ਼ਲ ਹੋ। ਸ਼ਿਸ਼ਟਾਚਾਰ ਵਿਚ ਬਹੁਤ ਯੋਗ ਹੋ, ਬਹੁਤ ਸਭਿਅ(ਤਰੀਕੇ ਵਾਲੇ) ਹੋ ਗਏ, ਪਰ ਇਨ੍ਹਾਂ ਸਭ ਨਾਲ ਕੁਝ ਵੀ ਨਹੀਂ ਹੋਏਗਾ; ਇਹ ਸਭ ਪਿਆ ਰਹਿ ਜਾਏਗਾ। ਇਹ ਪੜ੍ਹਿਆ ਲਿਖਿਆ, ਇਹ ਗੁਣ ਜਿਹੜੇ ਤੁਸੀਂ ਉਪੱਰੋਂ ਥੋਪ ਲਏ, ਇਹ ਲੋਕਾਚਾਰ, ਸਭ ਪਿਆ ਰਹਿ ਜਾਏਗਾ।

ਜਦ ਜਾਓਗੇ ਤਾਂ ਜੋ ਜਾਏਗਾ ਪੰਛੀ, ਉਹ ਪੰਛੀ ਤਾਂ ਉਹੋ-ਜਿਹਾ ਹੀ ਰਿਹਾ, ਤੁਸੀਂ ਕਦੇ ਉਸ ਉੱਤੇ ਕੁਝ ਧਿਆਨ ਹੀ ਨਹੀਂ ਦਿੱਤਾ।

ਬਹੁਚੇਲਾ ਕਾ ਸੰਗ ਨਿਬਾਰਿ।

ਅੱਜੇ ਖ਼ੁਦ ਜਾਗੇ ਨਹੀਂ ਹੋ ਤੇ ਚੇਲੇ ਇਕੱਠੇ ਕਰ ਲਏ ! ਖ਼ੁਦ ਤਾਂ ਜਾਗੋ, ਫ਼ਿਰ ਕੋਈ ਆਏਗਾ ਤਾਂ ਵੰਡ ਦੇਣਾ। ਹੋ ਸਕੇ ਤਾਂ ਪਹਿਲਾਂ ਖ਼ੁਦ ਆਪਣੀ ਜੋਤ ਤਾਂ ਜਗਾਓ, ਫ਼ਿਰ ਕਿਸੇ ਬੁਝੇ ਦੀਵੇ ਦੀ ਜੋਤ ਜਗਾ ਦੇਣਾ।

ਮੇਰੇ ਕੋਲ ਲੋਕ ਆ ਜਾਂਦੇ ਹਨ। ਉਹ ਕਹਿੰਦੇ ਹਨ : ਅਸੀਂ ਜਨਤਾ ਦੀ ਸੇਵਾ ਕਰਨਾ ਚਾਹੁੰਦੇ ਹਾਂ। ਮੈਂ ਕਹਿੰਦਾ ਹਾਂ : ਤੁਹਾਡੀ ਕਿਰਪਾ ਹੋਏਗੀ, ਬਹੁਤ ਕਿਰਪਾ ਇਹ ਹੀ ਹੋਏਗੀ ਕਿ ਤੁਸੀਂ ਸੇਵਾ ਨ ਕਰੋ। ਅੱਜੇ ਤੁਸੀਂ ਆਪਣੀ ਸੇਵਾ ਨਹੀਂ ਕੀਤੀ।

ਨਹੀਂ, ਪਰ ਉਹ ਕਹਿੰਦੇ ਹਨ ਕਿ ਅਸੀਂ ਤਾਂ ਸੁਣਿਆ ਹੈ ਬਿਨਾਂ ਸੇਵਾ ਦੇ ਮੇਵਾ ਨਹੀਂ ਮਿਲਦਾ। ਮੇਵੇ ਉੱਤੇ ਨਜ਼ਰ ਲਗੀ ਹੈ, ਇਸ ਲਈ ਸੇਵਾ ਕਰਨਾ ਚਾਹੁੰਦੇ ਹਨ। ਸੇਵਾ ਨਾਲ ਕੋਈ ਮਲਤਬ ਨਹੀਂ ਹੈ ... ਕਿ ਸੇਵਾ ਕਰਨ ਨਾਲ ਸਵਰਗ ਮਿਲੇਗਾ। ਗੱਲ ਉਲਟੀ ਹੈ : ਜਿਸ ਨੂੰ ਸਵਰਗ ਮਿਲ ਗਿਆ, ਉਸ ਤੋਂ ਸੇਵਾ ਫ਼ਲਦੀ ਹੈ। ਜਿਸ ਦੇ ਅੰਦਰ ਸਵਰਗ ਆ ਗਿਆ, ਉਸਦਾ ਜੀਵਨ ਸੇਵਾ ਬਣ ਜਾਂਦਾ ਹੈ। ਅਤੇ ਜਿਸਦੇ ਅੰਦਰ ਮੇਵਾ ਵਰ੍ਹ ਗਿਆ, ਉਸਦੇ ਕੰਮਾਂ ਵਿਚ ਸੇਵਾ ਹੁੰਦੀ ਹੈ। ਉਲਟੀ ਹੈ ਗੱਲ।

ਆ ਗਏ ਪੁੱਛਣ ਕਿ ਜਨਤਾ ਦੀ ਸੇਵਾ ਕਰਨੀ ਹੈ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਵੇਖ ਤਾਂ ਰਹੇ ਹੋ ਜਨਤਾ ਦੇ ਕਿੰਨੇ ਸੇਵਕ ਸੇਵਾ ਕਰ ਰਹੇ ਹਨ ਪਰ ਜਨਤਾ ਮਰੀ ਜਾ ਰਹੀ ਹੈ। ਜਿੰਨੇ ਸੇਵਕ ਵਧੱਦੇ ਹਨ ਓਨੀ ਜਨਤਾ ਦੀ ਫਾਂਸੀ ਲਗੀ ਜਾ ਰਹੀ ਹੈ। ਕੋਈ ਹਥ ਖਿਚ ਰਿਹਾ ਹੈ, ਕੋਈ ਪੈਰ ਖਿਚ ਰਿਹਾ ਹੈ, ਕੋਈ ਗਲਾ। ਉਹ ਕਹਿੰਦੇ ਹਨ ਕਿ ਅਸੀਂ ਸਭ ਦਬਾ ਰਹੇ ਹਾਂ। ਪਰ ਇਸ ਦੀ ਕੋਈ ਫ਼ਿਕਰ ਨਹੀਂ ਹੈ ਕਿ ਹਥ-ਪੈਰ ਟੁੱਟਦੇ ਜਾ ਰਹੇ ਹਨ, ਕਿ ਜਨਤਾ ਦੀ ਗਰਦਨ ਕਟੱਦੀ ਜਾ ਰਹੀ ਹੈ। ਪਰ ਸੇਵਕ ਕਹਿੰਦਾ ਹੈ : ਅਸੀਂ ਤਾਂ ਸੇਵਾ ਕਰਦੇ ਰਹਾਂਗੇ।

ਇੱਕ ਇਸਾਈ ਪਾਦਰੀ ਨੇ ਆਪਣੇ ਬੱਚਿਆਂ ਨੂੰ ਸਕੂਲ ਵਿਚ ਸਮਝਾਇਆ ਕਿ ਸੇਵਾ ਕਰਨੀ ਹੀ ਚਾਹੀਦੀ ਹੈ, ਘਟੋ-ਘੱਟ ਹਫ਼ਤੇ ਵਿਚ ਇੱਕ ਵਾਰੀ ਤਾਂ ਸੇਵਾ ਕਰਨੀ ਹੀ ਚਾਹੀਦੀ ਹੈ। ਹੋਰ ਤੁਹਾਨੂੰ ਇੱਕ ਹਫ਼ਤੇ ਦਾ ਸਮਾਂ ਦਿੰਦਾ ਹਾਂ, ਸੇਵਾ ਕਰਕੇ ਆਉਂਣਾ। ਅਗਲੇ ਹਫ਼ਤੇ ਉਸਨੇ ਪੁੱਛਿਆ, ਕਿ ਸੇਵਾ ਕੀਤੀ ਸੀ ਬਚਿਓ ? ਤਿੰਨ ਬੱਚਿਆਂ ਨੇ ਹਥ ਹਿਲਾਏ। ਇੱਕ ਬੱਚੇ ਨੇ ਕਿਹਾ ਕਿ ਹਾਂ ਮੈਂ ਕੀਤੀ। ਬਹੁਤ ਪ੍ਰਸੰਨ ਹੋਇਆ ਪਾਦਰੀ।

ਉਸਨੇ ਕਿਹਾ : ਕੀ ਸੇਵਾ ਕੀਤੀ ਪੁਤੱਰ ? ਉਸਨੇ ਕਿਹਾ, ਜਿਵੇਂ ਤੁਸੀਂ ਆਖਿਆ ਸੀ ਕਿ ਕੋਈ ਬੁੱਢਾ ਆਦਮੀ ਜਾਂ ਬੁੱਢੀ ਔਰਤ ਰਸਤਾ ਪਾਰ ਕਰਦੀ ਹੋਵੇ ਤਾਂ ਕਰਵਾ ਦੇਣਾ ਹਥ ਫ਼ੜ ਕੇ, ਮੈਂ ਇੱਕ ਬੁੱਢੀ ਨੂੰ ਪਾਰ ਕਰਵਾਇਆ। ਖੁਸ਼ ਹੋ ਕੇ ਪਾਦਰੀ ਨੇ ਕਿਹਾ—ਸ਼ਾਬਾਸ਼ ! ਇਸੇ ਤਰ੍ਹਾਂ ਸਿਖਦੇ ਰਹੋਗੇ ਤਾਂ ਸਵਰਗ ਮਿਲੇਗਾ।

ਦੂਜੇ ਕੋਲੋਂ ਪੁੱਛਿਆ, ਤੂੰ ਕੀ ਸੇਵਾ ਕੀਤੀ ? ਉਸਨੇ ਕਿਹਾ : ਮੈਂ ਵੀ ਇੱਕ ਬੁੱਢੀ ਨੂੰ ਪਾਰ ਕਰਵਾਇਆ। ਤਦ ਥੋੜ੍ਹਾ ਪਾਦਰੀ ਨੂੰ ਸ਼ੱਕ ਹੋਇਆ, ਪਰ ਸੋਚਿਆ ਕਿ ਬੁੱਢੀਆਂ ਦੀ ਕੋਈ ਕਮੀ ਤਾਂ ਹੈ ਨਹੀਂ, ਮਿਲ ਗਈ ਹੋਵੇਗੀ। ਤੀਜੇ ਨੂੰ ਪੁੱਛਿਆ, ਤੂੰ ਕੀ ਕੀਤਾ? ਉਸਨੇ ਕਿਹਾ, ਮੈਂ ਵੀ ਇੱਕ ਬੁੱਢੀ ਨੂੰ ਸੜਕ ਪਾਰ ਕਰਵਾਈ। ਉਸ ਨੇ ਪੁੱਛਿਆ : ਤੁਹਾਨੂੰ ਤਿੰਨਾਂ ਨੂੰ ਤਿੰਨ ਬੁੱਢੀਆਂ ਮਿਲ ਗਈਆਂ ? ਉਨ੍ਹਾਂ ਨੇ ਕਿਹਾ, ਤਿੰਨ ਨਹੀਂ ਸਨ, ਸੀ ਤਾਂ ਇੱਕ, ਅਸੀਂ ਤਿੰਨਾਂ ਨੇ ਹੀ ਪਾਰ ਕਰਵਾਈ। ਤਾਂ ਉਸਨੇ ਪੁੱਛਿਆ ਤਿੰਨਾਂ ਦੀ ਕੀ ਲੋੜ ਸੀ ਪਾਰ ਕਰਵਾਉਣ ਦੀ ? ਉਨ੍ਹਾਂ ਨੇ ਕਿਹਾ ਕਿ ਤਿੰਨ ਤਾਂ ਕੀ, ਜੇਕਰ ਛੇ ਵੀ ਹੁੰਦੇ ਤਾਂ ਬਹੁਤ ਮੁਸ਼ਕਿਲ ਮਾਮਲਾ ਸੀ। ਬਾਮੁਸ਼ਕਿਲ ਪਾਰ ਕਰਵਾ ਪਾਏ, ਕਿਉਂਕਿ ਉਹ ਪਾਰ ਜਾਣਾ ਨਹੀਂ

ਚਾਹੁੰਦੀ ਸੀ। ਹਫ਼ ਗਏ। ਮਾਰ-ਕੁਟਾਈ ਹੋਈ, ਪਰ ਅਸੀਂ ਵੀ ਡਟੇ ਰਹੇ ਕਿ ਸੇਵਾ ਕਰਨੀ ਹੈ। ਤੁਸੀਂ ਕਿਹਾ ਸੀ ਕਿ ਕਿਸੇ ਬੁੱਢੇ ਨੂੰ ਰਸਤਾ ਪਾਰ ਕਰਵਾਉਣਾ ਹੈ ਅਤੇ ਇਸ ਤੋਂ ਬਿਨਾਂ ਸੇਵਾ ਨਹੀਂ ਹੈ। ਬੁੱਢੀ ਨੇ ਵੀ ਬਹੁਤ ਤਾਕਤ ਲਗਾਈ। ਬੁੱਢੀ ਵੀ, ਅਸੀਂ ਧੋਖੇ ਵਿਚ ਸੀ ਕਿ ਇੰਨੀ ਬੁੱਢੀ ਹੈ, ਬਹੁਤ ਤਾਕਤਵਰ ਸੀ—ਹੋਰ ਚਿਲਾਏ, ਹੋਰ ਚੀਖੇ, ਹੁਰ ਮਾਰੇ, ਪਰ ਅਸੀਂ ਕਰਵਾ ਦਿੱਤੀ। ਜਦ ਤੱਕ ਅਸੀਂ ਉਸ ਨੂੰ ਉਸ ਪਾਸੇ ਪਾਰ ਨ ਕਰਵਾ ਦਿੱਤਾ, ਅਸੀਂ ਵੀ ਗਏ ਨਹੀਂ, ਕਰਵਾ ਕੇ ਭੱਜ ਖਲੋਤੇ।

ਸੇਵਾ ! ਤੁਹਾਡੇ ਕੋਲ ਅੱਜੇ ਸੇਵਾ ਨਹੀਂ ਹੈ। ਤੁਹਾਡੇ ਕੋਲ ਅੱਜੇ ਆਤਮਾ ਹੀ ਨਹੀਂ ਹੈ, ਤੁਸੀਂ ਸੇਵਾ ਦੇ ਨਾਮ ਉੱਤੇ ਕੁਝ ਨ ਕੁਝ ਗਲਤ ਕਰੋਗੇ।

ਅਜਿਹੀ ਹੀ ਤੁਹਾਡੀ ਹਾਲਤ ਜਿਵੇਂ ਕਿ ਤੁਸੀਂ ਕਦੇ ਡਾਕਟਰੀ ਦੀਆਂ ਕਿਤਾਬਾਂ ਤਾਂ ਪੜ੍ਹੀਆਂ ਨਹੀਂ ਤੇ ਚਲੇ ਮਰੀਜ਼ਾਂ ਦੀ ਸੇਵਾ ਕਰਨ। ਤਾਂ ਉਹ ਹੀ ਹਾਲਤ ਹੋਏਗੀ ਨ, ਮਰੀਜ਼ ਮਰਨਗੇ ! ਤੁਸੀਂ ਨ ਜਾਂਦੇ ਤਾਂ ਸ਼ਾਇਦ ਬਚ ਵੀ ਜਾਂਦੇ। ਬੀਮਾਰੀ ਨਾਲ ਹੀ ਸਭ ਨਹੀਂ ਮਰ ਜਾਂਦੇ, ਪਰ ਜੇਕਰ ਕੋਈ ਡਾਕਟਰ ਜਿਸ ਨੂੰ ਕਿਸੇ ਡਾਕਟਰੀ ਕਿਤਾਬਾਂ ਦਾ ਕੋਈ ਅਨੁਭਵ ਨਹੀਂ ਹੈ, ਮਰੀਜ਼ਾਂ ਦੀ ਸੇਵਾ ਕਰਨ ਚਲਾ ਜਾਏ ਅਤੇ ਦੇਣ ਲਗੇ ਨੁਸਖੇ ਅਤੇ ਦਵਾਈਆਂ, ਤਾਂ ਮਾਰੇਗਾ। ਬੀਮਾਰੀ ਤੋਂ ਤਾਂ ਬਚ ਜਾਂਦੇ, ਪਰ ਵੈਦ ਤੋਂ ਬਚਣਾ ਮੁਸ਼ਕਿਲ ਹੋ ਜਾਏਗਾ।

ਦੁਨੀਆਂ ਸੇਵਕਾਂ ਤੋਂ ਬਹੁਤ ਪਰੇਸ਼ਾਨ ਹੋ ਗਈ ਹੈ। ਸੇਵਕਾਂ ਨੇ ਬਹੁਤ ਤੰਗ ਕਰ ਦਿੱਤਾ ਹੈ। ਖ਼ਿਆਲ ਰਖੱਣਾ, ਅਸਲੀ ਘਟਨਾ ਪਹਿਲਾਂ ਸ੍ਵੈ ਉੱਤੇ ਘਟੱਣੀ ਚਾਹੀਦੀ ਹੈ।

ਬਹੁਚੇਲਾ ਕਾ ਸੰਗ ਨਿਬਾਰਿ।
ਉਪਾਧਿ ਮਸਾਂਣ ਬਾਦ ਵਿਸ਼ ਟਾਰਿ॥

ਹੋਰ ਉਪਾਧੀਆਂ ਦੇ ਚੱਕਰ ਵਿਚ ਨ ਪਾਓ । ਸੰਸਾਰ ਵਿਚ ਉਪਾਧੀਆਂ ਹਨ, ਕੋਈ ਐਮ. ਏ. ਹੈ, ਕੋਈ ਬੀ.ਏ. ਹੈ, ਕੋਈ ਬੀ.ਐਸ.ਸੀ. ਹੈ, ਕੋਈ ਐਲ.ਐਲ.ਬੀ. ਹੈ, ਕੋਈ ਐਮ.ਡੀ. ਹੈ, ਕੋਈ ਪੀ.ਐਚ.ਡੀ. ਕੋਈ ਡੀ.ਲਿਟ, ਕੋਈ ਡੀ.ਫਿਲ। ਇਹ ਸੰਸਾਰਿਕ ਉਪਾਧੀਆਂ ਹਨ। ਫ਼ਿਰ ਸਾਧੂਆਂ ਦੇ ਜਗਤ ਵਿਚ ਵੀ ਉਪਾਧੀਆਂ ਚਲਦੀਆਂ ਹਨ—ਕੋਈ ਮਹੰਤ ਹੈ, ਕੋਈ ਮੰਡਲਾਚਾਰਯ ਹੈ, ਕੋਈ ਸੰਕਰਾਚਾਰਯ ਹੈ, ਕੋਈ ਕੁਝ, ਕੋਈ ਕੁਝ। ਕੋਈ ਲਿਖਦਾ ਹੈ ਇੱਕ ਸੌ ਪੰਜ ਸ਼੍ਰੀ-ਸ਼੍ਰੀ, ਕੋਈ ਲਿਖਦਾ ਹੈ ਇੱਕ ਸੌ ਸੱਠ। ਕਰਪਾਤ੍ਰੀ ਮਹਾਰਾਜ ਨੇ ਸਭ ਨੂੰ ਮਾਤ ਕੀਤਾ, ਉਹ ਲਿਖਦੇ ਹਨ ਅਨੰਤ ਸ਼੍ਰੀ ! ਹੁਣ ਇਸ ਤੋਂ ਅੱਗੇ ਤੁਸੀਂ ਵੱਧ ਨਹੀਂ ਸਕਦੇ । ਜਿਵੇਂ ਛੋਟੇ ਬੱਚੇ ਕਹਿੰਦੇ ਹੈ ਨ, ਕਿ ਅਸੀਂ ਤੁਹਾਡੇ ਤੋਂ ਇੱਕ ਜ਼ਿਆਦਾ, ਤੁਸੀਂ ਜੋ ਵੀ ਕਹੋਗੇ ਉਸ ਤੋਂ ਇੱਕ ਜ਼ਿਆਦਾ। ਜਿਸਨੇ ਇਹ ਕਹਿ ਦਿੱਤਾ ਉਸਨੇ ਹਰਾ ਦਿੱਤਾ। ਹੁਣ ਤੁਸੀਂ ਕੋਈ ਵੀ ਗਿਣਤੀ ਬੋਲੋ, ਉਹ ਇੱਕ ਜ਼ਿਆਦਾ। ਅਨੰਤ ਸ਼੍ਰੀ ! ਉਪਾਧੀਆਂ...।

ਤੁਸੀਂ ਪਰਮਾਤਮਾ ਹੋ, ਤੁਹਾਨੂੰ ਕਿਸੇ ਹੋਰ ਉਪਾਧੀ ਦੀ ਲੋੜ ਨਹੀਂ। ਸਭ ਉਪਾਧੀਆਂ ਛੋਟੀਆਂ ਹਨ। ਹੁਣ ਪਰਮਾਤਮਾ ਨੂੰ ਹੋਰ ਕੀ ਉਪਾਧੀ ਚਾਹੀਦੀ ? ਜਿਨ੍ਹਾਂ ਨੇ ਜਾਣਿਆ ਹੈ ਉਨ੍ਹਾਂ ਨੇ ਤੁਹਾਡੀ ਭਗਵਤਾ ਦਾ ਵੀ ਢਿੰਡੋਰਾ ਕੀਤਾ ਹੈ।

ਉਨ੍ਹਾਂ ਨੇ ਕਿਹਾ, ਤੁਸੀਂ ਭਗਵਾਨ ਹੋ ! ਤੁਸੀਂ ਪਰਮ ਹੋ ! ਤੁਹਾਡੇ ਤੋਂ ਪਾਰ ਹੋਰ ਕੁਝ

ਵੀ ਨਹੀਂ। ਹੁਣ ਤੁਸੀਂ ਕੀ ਭਗਵਾਨ ਹੋ ਬਾਅਦ ਜੋੜੋਗੇ, ਐਮ.ਏ., ਐਲ.ਐਲ.ਬੀ., ਪੀ.ਐਚ.ਡੀ.। ਬੁਧੂ ਮਾਲੂਮ ਹੋਵੋਗੇ। ਸਾਰਾ ਅਸਤਿਤਵ ਪਰਮਾਤਮਾ ਨਾਲ ਭਰਿਆ ਪਿਆ ਹੈ। ਇਸ ਲਈ ਕਹਿੰਦੇ ਹਨ ਗੋਰਖ :

ਉਪਾਧਿ ਮਸਾਂਣ ...ਉਪਾਧੀਆਂ ਨੂੰ ਤਾਂ ਤੁਸੀਂ ਸ਼ਮਸ਼ਾਨਘਾਟ ਸਮਝੋ।

ਬਾਦ ਵਿਸ਼ ਟਾਰਿ ... ਅਤੇ ਵਿਅਰਥ ਦੇ ਵਿਵਾਦ (ਜਿਰਹਾ) ਅਤੇ ਸ਼ਾਸਤ੍ਰਾਂ ਵਿਚ ਨ ਪੈਣਾ। ਉਨ੍ਹਾਂ ਨੂੰ ਜ਼ਹਿਰ ਦੀ ਤਰ੍ਹਾਂ ਤਿਆਗ ਦਿਓ।

ਯੇਤਾ ਕਹਿਯੇਂ ਪ੍ਰਤਚਿਛ ਕਾਲ ... ਜੇਕਰ ਅਜਿਹਾ ਨ ਸਮਝੇ, ਨ ਮੰਨਿਆ, ਤਾਂ ਆਖ਼ਰੀ ਸਮੇਂ ਵਿਚ ਬਹੁਤ ਪਛਤਾਓਗੇ।

ਯੇਤਾ ਕਹਿਯੇ ... ਇਸ ਲਈ ਕਹਿੰਦਾ ਹਾਂ ਤੁਹਾਨੂੰ ਵਾਰ-ਵਾਰ।

... ਪ੍ਰਤਚਿਛ ਕਾਲ। ਏਕਾ ਏਕੀ ਰਹੋ ਭੁਵਾਲ।

ਫ਼ਿਰ ਇਕੱਲੇ ਜਾਣਾ ਹੋਏਗਾ ਨ । ਨ ਚੇਲੇ ਨਾਲ ਜਾਣਗੇ, ਨ ਉਪਾਧੀਆਂ ਨਾਲ ਜਾਣਗੀਆਂ, ਨ ਧਨ, ਨ ਅਹੁਦਾ। ਇਕੱਲੇ ਜਾਓਗੇ ਨ ! ਇਸ ਲਈ ਹੁਣੇ ਤੋਂ ਜਾਣੋਂ ਕਿ ਇਕੱਲੇ ਹੋ।

ਯੇਤਾ ਕਹਿਯੇ ਪ੍ਰਤਚਿਛ ਕਾਲ। ਇਸ ਲਈ ਕਹਿੰਦਾ ਹਾਂ, ਤਾਂ ਕਿ ਤੁਹਾਨੂੰ ਯਾਦ ਦਿਲਾਉਂਦਾ ਰਹਾਂ ਵਾਰ-ਵਾਰ ਕਿ ਆਖ਼ਰੀ ਸਮੇਂ ਵਿਚ ਜਿਵੇਂ ਜਾਓਗੇ ਓਵੇਂ ਹੀ ਹੁਣ ਰਹੋ। ਹੁਣੇ ਤੋਂ ਓਵੇਂ ਦੇ ਰਹੋ। ਫ਼ਿਰ ਤੁਹਾਡੇ ਕੋਲੋਂ ਮੌਤ ਕੁਝ ਵੀ ਨਹੀਂ ਖੋਹ ਸਕੇਗੀ। ਫ਼ਿਰ ਤੁਸੀਂ ਮੌਤ ਨੂੰ ਹਰਾ ਦਿਓਗੇ, ਮੌਤ ਤੁਹਾਨੂੰ ਨਹੀਂ ਹਰਾ ਸਕੇਗੀ।

ਏਕਾ ਏਕੀ ਰਹੋ ਭੁਵਾਲ।

ਸਭਾ ਦੇਸ਼ਿ ਮਾਂਡੋ ਮਤਿ ਗਯਾਂਨ।

ਲੋਕ ਬਹੁਤ ਉਤਸੁਕ ਰਹਿੰਦੇ ਹਨ ਕਿ ਕਿਤੇ ਮੌਕਾ ਮਿਲ ਜਾਏ ਗਿਆਨ ਝਾੜਣ ਦਾ। ਕੋਈ ਜ਼ਰਾ ਕੁ ਕੁਝ ਪੁੱਛ ਲਵੇ ਸਹੀ, ਗਿਆਨ ਝਾੜਣ ਦਾ ਮੌਕਾ ਮਿਲ ਜਾਏ। ਇਹ ਅਗਿਆਨੀ ਦਾ ਲਛੱਣ ਹੈ।

ਸਭਾ ਦੇਸ਼ਿ ਮਾਂਡੋ ਮਤਿ ਗਯਾਂਨ।

ਵੇਖ ਕੇ ਕਿ ਕੋਈ ਸੁਨੱਣ ਲਈ ਉਤਸੁਕ ਹੈ ਕਿ ਕੋਈ ਕੁਝ ਪੁੱਛ ਬੈਠਾ ਹੈ, ਬਿਚਾਰਾ ਫ਼ਸ ਗਿਆ ਪੁੱਛ ਕੇ, ਇੱਕਦਮ ਉਸਦੀ ਗਰਦਨ ਨ ਫ਼ੜ ਲਓ, ਇੱਕਦਮ ਆਪਣਾ ਗਿਆਨ ਉਸ ਉੱਤੇ ਲੱਦਣ ਨ ਲਗੋ। ਜਦ ਤੱਕ ਕੋਈ ਜਗਿਆਸੂ ਨ ਹੋਵੇ, ਮੁਮੁਕਛੂ (ਮੁਕਤੀ ਪਾਉਣ ਦਾ ਇਛੁੱਕ) ਨ ਹੋਵੇ, ਚੁਪ ਹੀ ਰਹਿਣਾ।

ਗੂੰਗਾ ਗਹਿਲਾ ਹੋਇ ਰਹੌ ਅਜਾਂਣ।

ਜਦ ਤੱਕ ਕੋਈ ਮੁਮੁਕਛੂ ਨ ਮਿਲ ਜਾਏ ਤਦ ਤੱਕ ਤਾਂ ਬਿਲਕੁੱਲ ਗੂੰਗੇ ਹੋ ਜਾਓ, ਜਿਵੇਂ ਬੋਲਣਾ ਹੀ ਨਹੀਂ ਆਉਂਦਾ। ਗਹਿਲਾ ... ਪਾਗਲ ਹੋ ਜਾਓ ਕਿ ਲੋਕ ਪੁੱਛਣ ਹੀ ਨ ਆਪਣੇ-ਆਪ, ਕਿ ਉਸ ਪਾਗਲ ਕੋਲੋਂ ਕੀ ਪੁੱਛਣਾ।

ਗੁਰਜਿਏਫ ਦੇ ਕੋਲ ਇੱਕ ਪਤ੍ਰਕਾਰ ਆਇਆ। ਉਹ ਉਸਦਾ ਇੰਟਰਵੀਊ ਲੈਣ ਆਇਆ ਸੀ। ਗੁਰਜਿਏਫ ਚਾਹ ਪੀ ਰਿਹਾ ਸੀ, ਪਤ੍ਰਕਾਰ ਨੂੰ ਕੋਲ ਬਿਠਾਇਆ। ਅਤੇ

ਕੋਲ ਬੈਠੀ ਇੱਕ ਸ਼ਿਸ਼ਿਆ ਨੂੰ ਗੁਰਜਿਏਫ ਨੇ ਪੁੱਛਿਆ : ਅੱਜ ਦਿਨ ਕਿਹੜਾ ਹੈ ? ਉਸ ਸ਼ਿਸ਼ਿਆ ਨੇ ਕਿਹਾ, ਅੱਜ ਰਵੀਵਾਰ ਹੈ। ਗੁਰਜਿਏਫ ਨੇ ਜ਼ੋਰ ਨਾਲ ਟੇਬਲ ਉੱਤੇ ਮੁੱਕਾ ਮਾਰਿਆ ਅਤੇ ਕਿਹਾ, ਰਵੀਵਾਰ ਹੋ ਕਿਵੇਂ ਸਕਦਾ ਹੈ, ਕੱਲ੍ਹ ਹੀ ਤਾਂ ਸ਼ਨੀਵਾਰ ਸੀ। ਉਸ ਪੱਤ੍ਰਕਾਰ ਨੇ ਸੁਣਿਆ ਤਾਂ ਉਸਦੇ ਤਾਂ ਹੋਸ਼ ਉਡੱ ਗਏ, ਕਿ ਇਹ ਆਦਮੀ ਹੈ ਕਿਹੋ ਜਿਹਾ ਅਤੇ ਇੰਨਾ ਗੁੱਸੇ ਵਿਚ ਆ ਗਿਆ ਕਿ ਮੁੱਕਾ ਮਾਰ ਦਿੱਤਾ ਅਤੇ ਕਿਹਾ ਕਿ ਹੋ ਕਿਵੇਂ ਸਕਦਾ ਹੈ ਰਵੀਵਾਰ! ਕਿਸਨੂੰ ਤੂੰ ਧੋਖਾ ਦੇ ਰਹੀ ਹੈਂ ? ਤੂੰ ਸਮਝਿਆ ਕੀ ਹੈ ? ਕੱਲ੍ਹ ਹੀ ਸ਼ਨੀਵਾਰ ਸੀ, ਅੱਜ ਰਵੀਵਾਰ ਹੋ ਗਿਆ।

ਉਹ ਪੱਤ੍ਰਕਾਰ ਤਾਂ ਉਠ ਖਲੋਤਾ, ਉਸਨੇ ਕਿਹਾ : ਨਮਸਕਾਰ ! ਮੈਂ ਜਾਂਦਾ ਹਾਂ। ਜਦ ਉਹ ਚਲਾ ਗਿਆ ਤਾਂ ਹਾਸਾ ਵੇਖਣ ਲਾਇਕ ਸੀ। ਗੁਰਜਿਏਫ ਖ਼ੂਬ ਹਸਿਆ। ਚੇਲੇ ਵੀ ਖ਼ੂਬ ਖ਼ੁਸ਼ ਹੋਏ। ਉਨ੍ਹਾਂ ਨੇ ਕਿਹਾ, ਤੁਸੀਂ ਵੀ ਗਜ਼ਬ ਕੀਤਾ ! ਉਸਨੇ ਕਿਹਾ : ਇਸ ਮੂਰਖ ਦੇ ਸਾਹਮਣੇ ਸਮਾਂ ਖ਼ਰਾਬ ਕਰਨ ਦਾ ਫ਼ਾਇਦਾ ਕੀ !

ਗਹਿਲਾ ਹੋਇ ਰਹੌ ! ਇਹ ਕਹਿ ਰਹੇ ਹਨ ਗੋਰਖ। ਗੋਰਖ ਕਹਿੰਦੇ ਹਨ ਕਿ ਪਾਗਲ ਹੋ ਜਾਓ ਜੇਕਰ ਅਜਿਹਾ ਵਿਖਾਈ ਪਏ ਕਿ ਗੜਬੜ-ਸ਼ਰਬੜ ਫ਼ਾਲਤੂ ਆਦਮੀ ਹੈ ... ਪੱਤ੍ਰਕਾਰ ਵਗੈਰਾ... ਪਾਗਲ ਹੋ ਜਾਓ। ਉਹ ਆਪਣੇ-ਆਪ ਹੀ ਰਸਤਾ ਨਾਪ ਜਾਏਗਾ, ਫ਼ਿਰ ਦੋਬਾਰਾ ਆਏਗਾ ਹੀ ਨਹੀਂ।

ਗੂੰਗਾ ਗਹਿਲਾ ਹੋਇ ਰਹੌ ਅਜਾਂਣ।

ਅਤੇ ਬਿਲਕੁੱਲ ਅਗਿਆਨੀ ਹੋ ਜਾਓ। ਅਤੇ ਜਿਹੜੇ ਜਾਣ ਲੈਂਦੇ ਹਨ ਉਹ ਅਗਿਆਨੀ ਹੋ ਹੀ ਜਾਂਦੇ ਹਨ ਅਤੇ ਜੋ ਜਾਣ ਲੈਂਦੇ ਹਨ ਉਹ ਪਾਗਲ ਹੋ ਹੀ ਜਾਂਦੇ ਹਨ ਅਤੇ ਜੋ ਜਾਣ ਲੈਂਦੇ ਹਨ ਉਹ ਗੂੰਗੇ ਹੋ ਹੀ ਜਾਂਦੇ ਹਨ। ਕਿਉਂਕਿ ਜੋ ਜਾਣਿਆ ਜਾਂਦਾ ਹੈ, ਕਹਿਣ ਦਾ ਕੋਈ ਉਪਾਅ ਨਹੀਂ।

ਗੂੰਗੇ ਕੇਰੀ ਸਰਕਰਾ ! ਜਿਵੇਂ ਗੂੰਗੇ ਨੇ ਸ਼ਕਰ ਖਾਧੀ ਹੋਵੇ। ਜੋ ਜਾਣ ਲੈਂਦੇ ਹਨ ਉਹ ਪਾਗਲ ਹੋ ਹੀ ਜਾਂਦੇ ਹਨ। ਕਿਉਂਕਿ ਜੋ ਜਾਣਦੇ ਹਨ ਉਹ ਇੰਨਾ ਵਖੱਰਾ ਹੈ ਇਸ ਜਗਤ ਦੇ ਤਰਕ ਤੋਂ ਕਿ ਇਸ ਜਗਤ ਦਾ ਤਰਕ ਉਸ ਨੂੰ ਅੰਗੀਕਾਰ ਨਹੀਂ ਕਰ ਸਕਦਾ। ਉਹ ਬਾਵਲੇ ਹੋ ਹੀ ਜਾਂਦੇ ਹਨ। ਜੋ ਜਾਣ ਲੈਂਦੇ ਹਨ ਉਹ ਅਗਿਆਨੀ ਹੋ ਹੀ ਜਾਂਦੇ ਹਨ; ਕਿਉਂਕਿ ਉਨ੍ਹਾਂ ਨੂੰ ਪਤਾ ਲਗਦਾ ਹੈ : ਜੋ ਜਾਣਿਆ ਹੈ, ਉਹ ਅਜਿਹਾ ਹੈ ਜੋ ਜਾਣਿਆ ਜਾ ਹੀ ਨਹੀਂ ਸਕਦਾ; ਜਿਸ ਨੂੰ ਜਾਣ ਕੇ ਵੀ ਜਾਣਿਆ ਨਹੀਂ ਜਾ ਸਕਦਾ। ਅਨੁਭਵ ਹੋ ਜਾਂਦਾ ਹੈ, ਸੁਆਦ ਛੂਟ ਜਾਂਦਾ ਹੈ। ਸਿੱਧਾਂਤ ਨਹੀਂ ਬਣਦਾ।

ਤੇਰੀ ਆਹ ਕਿਸਸੇ ਖ਼ਬਰ ਪਾਇਏ
ਵਹੀ ਬੇਖ਼ਬਰ ਹੈ ਜੋ ਆਗਾਹ ਹੈ।

ਕਹਿੰਦੇ ਹਨ ਤੇਰੇ ਸੰਬੰਧ ਵਿਚ ਪੁਛਣਾ ਹੋਵੇ ਤਾਂ ਕਿਸ ਤੋਂ ਪੁਛੀਏ। ਕੁਝ ਹਨ ਜਿਨ੍ਹਾਂ ਨੂੰ ਪਤਾ ਨਹੀਂ; ਉਹ ਦਸੱਣ ਲਈ ਰਾਜ਼ੀ ਹਨ, ਪਰ ਉਨ੍ਹਾਂ ਨੂੰ ਪਤਾ ਨਹੀਂ, ਕੁਝ ਹਨ ਜਿਨ੍ਹਾਂ ਨੂੰ ਪਤਾ ਹੈ ਪਰ ਉਹ ਦਸੱਣ ਲਈ ਰਾਜ਼ੀ ਨਹੀਂ; ਉਹ ਖ਼ੁਦ ਹੀ ਬੇਖ਼ਬਰ ਹਨ ਕੀ ਕਿਸੇ ਨੂੰ ਖ਼ਬਰ ਦੇਣ !

ਤੇਰੀ ਆਹ ਕਿਸਮੇ ਖਬਰ ਪਾਇਏ, ਵਹੀ ਬੇਖਬਰ ਹੈ ਜੋ ਆਗਾਹ ਹੈ।

ਜਿਸਨੂੰ ਪਤਾ ਚਲ ਗਿਆ ਉਹ ਖ਼ੁਦ ਹੀ ਬੇਖ਼ਬਰ ਹੋ ਗਿਆ ਹੈ। ਉਹ ਬਿਲਕੁੱਲ ਅਗਿਆਨੀ ਹੋ ਗਿਆ ਹੈ।

ਸੁਕਰਾਤ ਨੇ ਮਰਨ ਵੇਲੇ ਕਿਹਾ ਹੈ ਕਿ ਮੈਂ ਇੱਕ ਹੀ ਗੱਲ ਜਾਣਦਾ ਹਾਂ ਕਿ ਮੈਂ ਕੁਝ ਵੀ ਨਹੀਂ ਜਾਣਦਾ। ਇਹ ਗਿਆਨੀ ਦਾ ਲਛੱਣ ਹੈ।

ਛਾਂਡਵ ਰਾਵ ਰੰਕ ਕੀ ਆਸ।

ਛੱਡੋ ਕੁਝ ਹੋਣ ਦੀ ਚਿੰਤਾ। ਇੱਥੇ ਬਹੁਤ ਅਜੀਬ ਚਿੰਤਾਵਾਂ ਚਲ ਰਹੀਆਂ ਹਨ; ਜੋ ਗਰੀਬ ਹਨ ਉਹ ਅਮੀਰ ਹੋਣਾ ਚਾਹੁੰਦੇ ਹਨ ਅਤੇ ਜੋ ਅਮੀਰ ਹਨ ਉਹ ਸੋਚਦੇ ਹਨ ਗਰੀਬ ਬਹੁਤ ਮਜ਼ੇ ਵਿਚ ਹਨ। ਇਹ ਵਚਨ ਬਹੁਤ ਅਦਭੁਤ (ਅਨੋਖਾ) ਹੈ !

ਛਾਂਡਵ ਰਾਵ ਰੰਕ ਕੀ ਆਸ।

ਜੋ ਰੰਕ ਹਨ ਉਹ ਰਾਵ ਹੋਣਾ ਚਾਹੁੰਦੇ ਹਨ, ਜੋ ਰਾਵ ਹਨ ਉਹ ਸੋਚਦੇ ਹਨ ਰੰਕ ਮਜ਼ਾ ਲੈ ਰਹੇ ਹਨ। ਜੋ ਸਮ੍ਰਾਟ ਹਨ, ਓਹ ਸੋਚਦੇ ਹਨ ; ਕਾਸ਼, ਛੱਡ-ਛੁਡਾ ਕੇ ਇਹ ਸਭ ਝੰਜਟ, ਲੈ ਕੇ ਇੱਕ ਇਕਤਾਰਾ ਅਤੇ ਨਿਕਲਦੇ ਪਿੰਡ-ਪਿੰਡ ! ਕਿਹੋ ਜਿਹਾ ਆਨੰਦ ਨਹੀਂ ਹੋਇਆ ਸਾਧੂ-ਸੰਤਾਂ ਦਾ ! ਹੁੰਦੀ ਇੱਕ ਗੋਦੜੀ ਅਤੇ ਹੁੰਦਾ ਇੱਕ ਆਕਾਸ਼, ਕਿ ਮੰਗ ਲੈਂਦੇ ਦੋ ਟੁੱਕੜੇ ਅਤੇ ਨਿਸ਼ਚਿੰਤ ਸੌਂਦੇ। ਪੀ ਲੈਂਦੇ ਪਾਣੀ ਸਰੋਵਰ ਤੋਂ, ਝਾੜ ਹੇਠਾਂ ਸੌਂ ਰਹਿੰਦੇ। ਕਿੰਨਾ ਮਜ਼ਾ ਹੁੰਦਾ ਹੈ ! ਜਿਹੜੇ ਰਾਜਾ ਹਨ ਸੋਚ ਰਹੇ ਹਨ ਭਿਖਾਰੀ ਨੂੰ ਬਹੁਤ ਮਜ਼ਾ ਹੈ। ਅਤੇ ਭਿਖਾਰੀ ਸੋਚ ਰਹੇ ਹਨ ਕਿ ਮਾਰੇ ਗਏ, ਕਿ ਕਦ ਤੱਕ ਇਸੇ ਝਾੜ ਹੇਠਾਂ ਪਏ ਰਹੀਏ, ਕਦੇ ਛੱਪੋਰ ਬਣੇਗਾ ਕਿ ਨਹੀਂ ?

ਕਦੇ ਘਿਓ ਵੀ ਚੋਪੜ ਸਕਾਂਗੇ ਰੋਟੀ ਤੇ ਕਿ ਨਹੀਂ ? ਕਦ ਗੱਦੀ ਹਾਸਿਲ ਹੋਵੇਗੀ? ਇੱਥੇ ਸਭ ਪਰੇਸ਼ਾਨ ਹਨ। ਜਿਸਦੇ ਕੋਲ ਹੈ, ਉਹ ਸੋਚਦਾ ਹੈ ਕਿ ਜਿਨ੍ਹਾਂ ਦੇ ਕੋਲ ਨਹੀਂ, ਉਹ ਆਨੰਦ ਵਿਚ ਹਨ। ਜਿਨ੍ਹਾਂ ਦੇ ਕੋਲ ਨਹੀਂ ਹੈ ਉਹ ਸੋਚਦੇ ਹਨ ਕਿ ਜਿਨ੍ਹਾਂ ਦੇ ਕੋਲ ਹੈ ਉਹ ਆਨੰਦ ਵਿਚ ਹਨ। ਗੋਰਖ ਕਹਿੰਦੇ ਹਨ : ਦੋਵੇਂ ਗੱਲਾਂ ਛੱਡ ਦਿਓ।

ਜਿੱਥੇ ਹੋ, ਜਿਸ ਤਰ੍ਹਾਂ ਹੋ, ਠੀਕ ਹੋ, ਹੋਰ ਦੀ ਆਸ ਨਾ ਕਰੋ।

ਭਿਛਯਾ ਭੋਜਨ ਪਰਮ ਉਦਾਸ।

ਜੋ ਮਿਲ ਗਿਆ, ਸੋ ਪਰਮਾਤਮਾ ਨੇ ਦੇ ਦਿੱਤਾ ਹੈ—ਭਿਕਸ਼ਾ ! ਜੋ ਪਰਮਾਤਮਾ ਨੇ ਦੇ ਦਿੱਤਾ ਹੈ ਉਸ ਵਿਚ ਪਰਮ ਸ਼ਾਂਤੀ ਰੱਖੋ। ਹੋਰ ਸਭ ਆਸਾਂ ਛੱਡ ਦਿਓ। ਉਦਾਸ ਦਾ ਅਰਥ ਤੁਸੀਂ ਇਹ ਨ ਸਮਝਣਾ, ਕਿ ਤੁਸੀਂ ਉਦਾਸ ਹੋ ਗਏ, ਬੈਠੇ ਹਨ ਰੋ ਰਹੇ ਹਨ, ਕਿ ਮੱਖੀਆਂ ਭਿਣਕ ਰਹੀਆਂ ਹਨ, ਕਿ ਮਖੀਆਂ ਮਾਰ ਰਹੇ ਹਨ।

ਇਹ ਤਾਂ ਗੋਰਖ ਕਹਿ ਹੀ ਨਹੀਂ ਸਕਦੇ।

ਕਿਉਂਕਿ ਗੋਰਖ ਕਹਿੰਦੇ ਹਨ :

ਹੰਸਿਬਾ ਖੇਲਿਬਾ ਧਰਿਬਾ ਧਿਆਨੰ!

ਹਸੈਂ ਸ਼ੇਲੈ ਕਰਿਬਾ ਰੰਗ!

ਇਹ ਤਾਂ ਕਹਿ ਹੀ ਨਹੀਂ ਸਕਦੇ ਗੋਰਖ। ਹੋਰ ਕੋਈ ਕਹੇ, ਗੋਰਖ ਦਾ ਉਦਾਸ ਕੁਝ

ਹੋਰ ਅਰਥ ਰਖੱਦਾ ਹੈ। ਉਦ+ਆਸ=ਜਿਸ ਦੀ ਆਸ ਛੱਡ ਦਿੱਤੀ ਜਿਸਨੇ, ਉਹ ਹੈ ਉਦਾਸ। ਹੁਣ ਜਿਸ ਨੂੰ ਅੱਗੇ ਦੀ ਕੋਈ ਆਸ ਨਹੀਂ। ਜੋ ਨਹੀਂ ਕਹਿੰਦਾ ਕਿ ਕੱਲ੍ਹ ਮਜ਼ਾ ਕਰਾਂਗੇ, ਜਦ ਅਜਿਹੇ ਹੋ ਜਾਵਾਂਗੇ। ਜਿਹੜਾ ਹੁਣੇ ਮਜ਼ਾ ਕਰ ਰਿਹਾ ਹੈ। ਜੋ ਕਹਿੰਦਾ ਹੈ ਕੱਲ੍ਹ ਦੀ ਕੀ ਫ਼ਿਕਰ ; ਕੱਲ੍ਹ ਆਏ ਨ ਆਏ। ਕੱਲ੍ਹ ਆਉਂਦਾ ਕਦ ! ਹੁਣੇ ਮਜ਼ਾ ਕਰ ਰਿਹਾ ਹੈ।

ਹਸੈਂ ਸ਼ੇਲੈ ਕਰਿਬਾ ਰੰਗ! ਜੋ ਹੁਣੇ ਰੰਗ ਵਿਚ ਡੁੱਬਿਆ ਹੈ।

ਜਿਸ ਦੀ ਹੋਲੀ ਹੁਣੇ ਹੈ, ਜਿਸ ਦੀ ਦੀਵਾਲੀ ਹੁਣੇ ਹੈ। ਜੋ ਉਡੀਕ ਨਹੀਂ ਕਰ ਰਿਹਾ ਹੈ ਕਿ ਕਦੇ ਫ਼ਿਰ ਆਏਗੀ ਦੀਵਾਲੀ।

ਉਦਾਸੀ ਦਾ ਅਰਥ ਹੈ : ਜਿਸਨੇ ਹੋਰ ਸਭ ਤਰ੍ਹਾਂ ਦੀਆਂ ਭਵਿੱਖ ਤੋਂ ਆਸ਼ਾਵਾਂ ਛੱਡ ਦਿੱਤੀਆਂ।

ਛਾਂਡਵ ਰਾਵ ਰੰਕ ਕੀ ਆਸ। ਭਿਛਯਾ ਭੋਜਨ ਪਰਮ ਉਦਾਸ॥
ਰਸ ਰਸਾਇਨ ਗੋਟਿਕਾ ਨਿਵਾਰਿ।

ਛੱਡੋ ਰਸ ਰਸਾਇਣ। ਲੋਕ ਸੈਂਕੜੇ ਵਰ੍ਹਿਆਂ ਤੋਂ ਇਸ ਤਰ੍ਹਾਂ ਦੇ ਧੰਦੇ ਵਿਚ ਲਗੇ ਰਹੇ ਹਨ। ਕੋਈ ਬਣਾ ਰਿਹਾ ਹੈ ਸਾਧੂ, ਰਸਾਇਣ, ਕਿ ਜੇਕਰ ਰਸਾਇਣ ਬਣ ਜਾਏ ਤਾਂ ਲੋਹਾ ਸੋਨਾ ਹੋ ਜਾਏ; ਕਿ ਰਸਾਇਣ ਬਣ ਜਾਏ ਤਾਂ ਮਰਣ ਵਾਲੇ ਆਦਮੀ ਨੂੰ ਅੰਮ੍ਰਿਤ ਪਿਲਾ ਦੇਈਏ, ਉਹ ਅਮਰ ਹੋ ਜਾਏ। ਇਹ ਸਭ ਛੱਡੋ।

ਰਸ ਰਸਾਇਨ ਗੋਟਿਕਾ ਨਿਵਾਰਿ।
ਰਿੱਧਿ ਪਰਹਰੋ ਸਿਧਿ ਲੇਹੁ ਵਿਚਾਰਿ॥

ਰਿੱਧੀ ਨੂੰ ਤਾਂ ਛੱਡੋ, ਤਾਂ ਹੀ ਸਿੱਧੀ ਮਿਲੇਗੀ। ਇਹ ਰਿੱਧੀ ਅਤੇ ਸਿੱਧੀ ਦਾ ਬਹੁਤ ਪਿਆਰਾ ਭੇਦ (ਫ਼ਰਕ) ਹੈ। ਰਿੱਧੀ ਦਾ ਅਰਥ ਹੈ : ਚਮਤਕਾਰ ਕਰ ਸਕਾਂ, ਅੰਮ੍ਰਿਤ ਮਿਲ ਜਾਏ, ਲੋਹੇ ਨੂੰ ਸੋਨਾ ਬਣਾ ਸਕਾਂ, ਆਕਾਸ਼ ਵਿਚ ਉਡ ਸਕਾਂ, ਕੰਧਾਂ ਤੋਂ ਪਾਰ ਜਾ ਸਕਾਂ। ਇਹ ਰਿੱਧੀਆਂ ਹਨ, ਇਨ੍ਹਾਂ ਸਭਨਾਂ ਨੂੰ ਛੱਡੋ ਤਾਂ ਸਿੱਧੀ ਮਿਲੇ।

ਸਿੱਧੀ ਤਾਂ ਇੱਕ ਹੈ। ਸਿੱਧੀ ਦਾ ਅਰਥ ਹੁੰਦਾ ਹੈ : ਜੋ ਅੰਦਰ ਲੁੱਕਿਆ ਹੈ। ਉਸ ਵਿਚ ਡੁਬਕੀ ਮਾਰ ਜਾਓ। ਨ ਆਕਾਸ਼ ਵਿਚ ਉਡੱਣ ਦੀ ਲੋੜ ਹੈ, ਨ ਕੰਧਾਂ ਤੋਂ ਪਾਰ ਜਾਣ ਦੀ ਲੋੜ ਹੈ। ਦਰਵਾਜ਼ੇ ਕਾਫ਼ੀ ਹਨ ਅਤੇ ਆਕਾਸ਼ ਵਿਚ ਪੰਛੀ ਉਡੱ ਹੀ ਰਹੇ ਹਨ; ਉਹ ਕੋਈ ਪਰਮਹੰਸ ਨਹੀਂ ਹੋ ਗਏ। ਹੋਰ ਜੇਕਰ ਤੁਹਾਡਾ ਬਹੁਤ ਹੀ ਦਿਲ ਕਰਦਾ ਹੈ ਤਾਂ ਹਵਾਈ ਜਹਾਜ਼ ਹਨ, ਬੈਠ ਗਏ।

ਰਾਮ ਕ੍ਰਿਸ਼ਨ ਦੇ ਕੋਲ ਇੱਕ ਆਦਮੀ ਆਇਆ ਅਤੇ ਉਸਨੇ ਕਿਹਾ, ਕਿ ਮੈਂ ਪਾਣੀ ਉੱਤੇ ਟੁਰ ਸਕਦਾ ਹਾਂ, ਤੁਸੀਂ ਕੀ ਕਰ ਸਕਦੇ ਹੋ? ਰਾਮ ਕ੍ਰਿਸ਼ਨ ਨੇ ਕਿਹਾ ਪਾਨੀ ਤੇ ਟੁਰ ਸਕਦੇ ਹੋ ! ਕਿੰਨਾ ਸਮਾਂ ਲਗਾ ਇਸ ਕਲਾ ਨੂੰ ਸਿਖਣ ਲਈ?

ਉਸਨੇ ਕਿਹਾ : ਅਠਾਰਾਂ ਸਾਲ ਲਗੇ। ਰਾਮ ਕ੍ਰਿਸ਼ਨ ਹਸਣ ਲਗੇ। ਉਨ੍ਹਾਂ ਨੇ ਕਿਹਾ: ਰਹੇ ਬੁਧੂ ਦੇ ਬੁਧੂ ! ਅਸੀਂ ਦੋ ਪੈਸੇ ਦੇ ਕੇ ਨਦੀ ਪਾਰ ਕਰ ਲੈਂਦੇ ਹਾਂ, ਤੈਨੂੰ ਅਠਾਰਾਂ ਸਾਲ ਲਗੇ ਪਾਣੀ ਤੇ ਟੁਰੇ, ਫ਼ਾਇਦਾ ਕੀ ਹੈ ? ਜਾਓ ਟੁਰੋ ਪਾਣੀ ਤੇ, ਟੁਰਦੇ ਰਹੋ। ਪਾਣੀ ਉੱਤੇ ਹੀ

ਟੁਰਦੇ ਹੋ ਨ! ਬੇੜੀ ਵਿਚ ਬੈਠ ਕੇ ਪਾਰ ਹੋ ਜਾਂਦੇ ਹਾਂ ਦੋ ਪੈਸੇ ਦੇ ਕੇ। ਇਸ ਦੇ ਲਈ ਅਠਾਰਾਂ ਸਾਲ ਗੁਆਏ !

ਗੋਰਖ ਕਹਿੰਦੇ ਹਨ : ਛੱਡੋ ਇਸ ਤਰ੍ਹਾਂ ਦੀਆਂ ਗੱਲਾਂ।

ਇਹ ਸਭ ਅਹੰਕਾਰ ਦੇ ਹੀ ਨਵੇਂ ਉਪਾਅ ਹਨ।

ਪਰਹਰੌ ਸੁਰਾਪਾਂਤ ਅਰੁਭੰਗ।

ਅਤੇ ਛੱਡੋ ਨਸ਼ੇ। ਨਸ਼ਾ ਧਿਆਨ ਦਾ ਧੋਖਾ ਦੇ ਦਿੰਦਾ ਹੈ। ਇਸ ਦੇਸ਼ ਵਿਚ ਸਾਧੂ ਨਸ਼ਾ ਕਰਦੇ ਰਹੇ ਹਨ—ਸਦੀਆਂ ਤੋਂ ਭੰਗ-ਗਾਂਜਾ। ਵੇਦ ਤੋਂ ਲੈ ਕੇ, ਸੋਮਰਸ ਤੋਂ ਲੈ ਕੇ, ਹੁਣ ਤੱਕ। ਹੁਣ ਐਲ.ਐਸ.ਡੀ. ਬਣ ਗਿਆ ਅਮਰੀਕਾ ਵਿਚ; ਉਹ ਸੋਮਰਸ ਦਾ ਨਵਾਂ ਵਿਗਿਆਨਿਕ ਰੂਪਾਂਤਰਣ ਹੈ। ਵੇਦ ਦੇ ਰਿਸ਼ੀਆਂ ਤੋਂ ਲੈ ਕੇ ਹੁਣ ਤੱਕ ਟਿਮੋਥੀ ਲੀਰੇ ਅਤੇ ਅਲਡੂਅਸ ਹਕਸਲੇ ਤੱਕ ਇਹ ਆਸ਼ਾ ਰਹੀ ਹੈ ਕਿ ਨਸ਼ਾ ਕਰਨ ਨਾਲ ਸਮਾਧੀ ਲਗ ਜਾਂਦੀ ਹੈ। ਨਸ਼ਾ ਕਰਨ ਨਾਲ ਸਮਾਧੀ ਨਹੀਂ ਲਗਦੀ, ਸਮਾਧੀ ਦਾ ਧੋਖਾ ਪੈਦਾ ਹੋ ਜਾਂਦਾ ਹੈ। ਇੰਨੀ ਸਸਤੀ ਜੇਕਰ ਗੱਲ ਹੁੰਦੀ ਕਿ ਨਸ਼ਾ ਕਰ ਲਿਆ, ਸਮਾਧੀ ਲਗ ਗਈ ...। ਹਾਂ, ਗਾਂਜਾ ਪੀ ਲਓਗੇ ਭੰਗ ਪੀ ਲਓਗੇ, ਸ਼ਰਾਬ ਪੀ ਲਓਗੇ—ਥੋੜ੍ਹੀ ਮਸਤੀ ਆ ਜਾਏਗੀ, ਕਿਉਂਕਿ ਜੀਵਨ ਦੀਆਂ ਚਿੰਤਾਵਾਂ ਥੋੜ੍ਹੀ ਦੇਰ ਲਈ ਭੁੱਲ ਜਾਣਗੀਆਂ। ਪਰ ਉਹ ਚਿੰਤਾਵਾਂ ਖਲੋਤੀਆਂ ਹਨ—ਆਪਣੀ ਥਾਂ। ਨਸ਼ਾ ਉਤਰੇਗਾ—ਵਾਪਸ ਪਰਤ ਆਉਣਗੀਆਂ—ਦੁਗਣੇ ਵੇਗ ਨਾਲ।

ਪਰਹਰੌ ਸੁਰਾਪਾਂਤ ਅਰੁਭੰਗ।
ਤਾਤੈਂ ਉਪਜੈਂ ਨਾਂਨਾਂ ਰੰਗ।

ਇਨ੍ਹਾਂ ਹੀ ਸਭ ਦੇ ਉਪੱਦਰ ਨਾਲ ਤੁਹਾਡੇ ਅੰਦਰ ਨਾਨਾ ਪ੍ਰਕਾਰ ਦੀਆਂ (ਵੱਖ-ਵੱਖ ਕਿਸਮਾਂ ਦੀਆਂ) ਕਲਪਨਾਵਾਂ, ਸੁਫ਼ਨੇ, ਪੈਦਾ ਹੁੰਦੇ ਰਹਿੰਦੇ ਹਨ।

ਨਾਰੀ, ਸਾਰੀ, ਕੀਂਗੁਰੀ !

ਕਾਮਵਾਸਨਾ ਛੱਡੋ। ਜੇਕਰ ਨਰ ਹੋ ਤਾਂ ਨਾਰੀ ਤੋਂ ਮਿਲੇਗਾ ਕੁਝ, ਇਹ ਆਕਾਂਕਸ਼ਾ ਛੱਡੋ, ਜੇਕਰ ਨਾਰੀ ਹੋ ਤਾਂ ਨਰ ਤੋਂ ਕੁਝ ਮਿਲੇਗਾ, ਇਹ ਚਾਹਤ ਛੱਡੋ। ਨਾਰੀ, ਸਾਰੀ ...। 'ਸਾਰੀ' ਕਹਿੰਦੇ ਹਨ ਮੈਨਾ ਨੂੰ। ਕਈ ਸਾਧੂ ਇਹ ਧੰਦਾ ਕਰਦੇ ਰਹਿੰਦੇ ਹਨ। ਬਿਠਾਇਆ ਹੈ ਮੈਨਾ ਨੂੰ, ਮੈਨਾ ਚੁੱਕਦੀ ਹੈ ਕਾਰਡ, ਲੋਕਾਂ ਦਾ ਜੋਤਿਸ਼ ਖੋਲ੍ਹਦੇ ਹਨ। ਹਥ ਵੇਖਦੇ ਹਨ, ਭਵਿਖ ਪੜ੍ਹਦੇ ਹਨ, ਜਨਮ ਕੁੰਡਲੀ ਜਾਂਚਦੇ ਹਨ। ਇਹ ਸਭ ਵਿਅਰਥ ਦੀ ਬਕਵਾਸ ਛੱਡੋ।

ਕੀਂਗੁਰੀ ਹੁੰਦੀ ਹੈ, ਸਾਰੰਗੀ ਦਾ ਨਾਮ ਹੈ। ਕੁਝ ਹਨ ਜੋ ਇਸੇ ਧੰਦੇ ਵਿਚ ਲਗੇ ਹਨ ਕਿ ਬਸ ਸਾਰੰਗੀ ਵਜਾ ਲਈ ਤਾਂ ਸਭ ਵਜ ਗਿਆ, ਕਿ ਸਾਰੰਗੀ ਵਜਾ ਲਈ ਤਾਂ ਸਭ ਆ ਗਿਆ। ਅੰਦਰਲੀ ਸਾਰੰਗੀ ਕਦ ਵਜਾਓਗੇ ? ਬਾਹਰ ਦੀ ਹੀ ਵਜਾਉਂਦੇ ਰਹੋਗੇ?

ਬਾਹਰ ਦੇ ਢੋਲ ਉੱਤੇ ਹੀ ਥਾਪ ਮਾਰਦੇ ਰਹੋਗੇ, ਅੰਦਰਲਾ ਨਾਚ ਕਦ ਹੋਏਗਾ? ਇਸ ਲਈ ਕਹਿੰਦੇ ਹਨ ਕਿ ਬਾਹਰ ਦੇ ਇਹ ਸਭ ਜਾਲ ਛੱਡ ਦਿਓ।

ਤੀਨਯੂੰ ਸਤਗੁਰ ਪਰਹਰੀ।

ਸਤਗੁਰੂਆਂ ਨੇ ਕਿਹਾ ਹੈ : ਇਹ ਤਿੰਨੋਂ ਛੱਡ ਦਿਓ।

ਆਰੰਭ ਘਟ ਪਰਚੈ ਨਿਸਪਤਿ।

ਫਿਰ ਕੀ ਕਰੋ ? ਆਰੰਭ ਕਰੋ ਅੰਤਰ ਯਾਤ੍ਰਾ ਨੂੰ। ਘੱਟ ! ਮੰਦਰ ਨੂੰ ਪਛਾਣੋ। ਮੰਦਰ ਨੂੰ ਸਜਾਓ, ਸਾਫ਼ ਕਰੋ। ਪਰਚੇ ! ਪਰਿਚੈ (ਵਾਕਫ਼ੀਅਤ) ਕਰੋ ਆਤਮਾ ਨਾਲ। ਕੌਣ ਤੁਹਾਡੇ ਅੰਦਰ ਬਿਰਾਜਮਾਨ ਹੈ ! ਕੌਣ ਹੈ ਇਹ ਚੇਤਨ ! ਕੌਣ ਹਾਂ ਮੈਂ ! ਮੈਂ ਕੌਣ ਹਾਂ, ਇਸ ਸੁਵਾਲ ਨੂੰ ਉਠਾਓ ਡੂੰਘੇ ਤੋਂ ਡੂੰਘੇ ਵਿਚ। ਇਹ ਹੀ ਇੱਕ ਸਾਰਥਕ ਸਵਾਲ ਹੈ। ਅਤੇ ਜਿਸ ਦਿਨ ਪਰਿਚੈ ਹੋ ਜਾਏਗਾ, ਉਸ ਦਿਨ ਤੁਸੀਂ ਨਿਸ਼ਪਤਿ (ਪੱਕਾ ਨਿਸ਼ਚਾ) ਲੈ ਸਕੋਗੇ। ਉਸ ਦਿਨ ਤੁਹਾਡੇ ਜੀਵਨ ਵਿਚ ਨਿਸ਼ਕਰਸ਼ (ਨਿਚੋੜ) ਆ ਗਿਆ। ਅਤੇ ਜਿਸਦੇ ਜੀਵਨ ਵਿਚ ਨਿਚੋੜ ਆ ਗਿਆ, ਉਸ ਦਾ ਮੋਖਸ਼ ਆ ਗਿਆ।

ਨਰਵੈ ਬੋਧ ਕਥੰਤ ਸ੍ਰੀ ਗੋਰਸ਼ਜਤੀ।

ਗੋਰਖ ਕਹਿੰਦੇ ਹਨ : ਹੇ ਸਮ੍ਰਾਟੋ ! ਇਹ ਹੀ ਇੱਕ ਬੋਧ ਮੈਂ ਤੁਹਾਨੂੰ ਦੇਣਾ ਚਾਹੁੰਦਾ ਹਾਂ। ਇਹ ਹੀ ਇੱਕ ਯਾਦ ਦੇਣਾ ਚਾਹੁੰਦਾ ਹਾਂ। ਜਾਗੋ! ਇਹ ਜਾਗਣਾ ਤੁਹਾਡੀ ਸ਼ਮਤਾ (ਤਾਕਤ) ਹੈ, ਤੁਹਾਡੀ ਸਦਭਾਵਨਾ ਹੈ। ਜਿਵੇਂ ਬੀਜ ਵਿਚ ਦਰਖ਼ੱਤ ਲੁੱਕਿਆ ਹੈ, ਇਵੇਂ ਹੀ ਤੁਹਾਡੇ ਵਿਚ ਪਰਮਾਤਮਾ ਲੁੱਕਿਆ ਹੈ।

ਜੁਜ਼ ਮਰਤਬਏ ਕੁਲ ਕੋ ਹਾਸਿਲ ਕਰੇ ਹੈ ਆਖ਼ਿਰ,
ਏਕ ਕਤਰਾ ਨ ਦੇਖਾ ਜੋ ਦਰਿਆ ਨਾ ਹੂਆ ਹੋਗਾ।


ਬੂੰਦ ਹੋ ਤੁਸੀਂ, ਸਾਗਰ ਹੋ ਸਕਦੇ ਹੋ। ਬੂੰਦ ਵਿਚ ਸਾਗਰ ਲੁੱਕਿਆ ਹੈ ਅਤੇ ਜਦ ਤੱਕ ਸਾਗਰ ਨ ਹੋ ਜਾਓ, ਤਦ ਤੱਕ ਚੈਨ ਨ ਲੈਣਾ, ਤਦ ਤੱਕ ਆਰਾਮ ਨ ਕਰਨਾ।

ਤੁਹਾਨੂੰ ਫੜੇਗੀ ਉਹ ਅਭਿਲਾਸ਼ਾ ਤੁਹਾਨੂੰ ਇੱਕ ਬਲਦੀ ਅੱਗ ਦੀ ਤਰ੍ਹਾਂ ਅਤੇ ਸਭ ਸੁਆਹ ਹੋ ਜਾਏ। ਅਤੇ ਸਭ ਸੜ ਜਾਏ, ਸਭ ਮਿੱਟ ਜਾਏ। ਤਾਂ ਪਰਮ ਜੀਵਨ ਦਾ ਅਵਿਸ਼ਕਾਰ ਹੋ ਜਾਂਦਾ ਹੈ।

ਮਰੌ ਵੇ ਜੋਗੀ ਮਰੌ, ਮਰੌ ਮਰਣ ਹੈ ਮੀਠਾ
ਤਿਸ ਮਰਣੀ ਮਰੌ, ਜਿਸ ਮਰਣੀ ਮਰਿ ਗੋਰਸ਼ ਦੀਠਾ॥


ਅੱਜ ਇਨਾ ਹੀ।





ਦਸਵਾਂ ਪ੍ਰਵਚਨ

ਧਿਆਨ ਦਾ ਸਭ ਤੋਂ ਸੌਖਾ ਉਪਾਇ : ਸੰਗੀਤ



ਭਗਵਾਨ ! ਚੇਲੇ ਗੁਰੂ ਨਾਲ ਗੱਦਾਰੀ ਕਿਉਂ ਕਰਦੇ ਹਨ ? ਵਿਜਯਾਨੰਦ ਅਤੇ ਮਹੇਸ਼ ਹੁਣ ਆਪਦੇ ਵਿਰੋਧ ਵਿਚ ਕਹਿੰਦੇ ਹਨ ਅਤੇ ਇਕ ਸੰਨਿਆਸੀ, ਸੁਆਮੀ ਚਿਨਮਯ ਨੇ ਕਰੰਟ ਵਿਚ ਲਿਖਿਆ ਹੈ ਕਿ ਜਦ ਮੇਰੇ ਗੁਰੂ ਰਾਜਨੀਤੀ ਦੇ ਵਿਰੁੱਧ ਬੋਲਦੇ ਹਨ, ਤਦ ਉਹ ਧਰਮ ਤੋਂ ਹੇਠਾਂ ਡਿਗਦੇ ਹਨ; ਅਤੇ ਨਾਲ-ਨਾਲ ਕਿ ਮੈਂ ਜੀਵਿਤ ਸ਼ਿਸ਼ ਹਾਂ, ਇਸ ਲਈ ਆਪਣੇ ਗੁਰੂ ਦੇ ਵਿਰੁੱਧ ਕਹਿ ਸਕਦਾ ਹਾਂ।

- - -

ਸ਼ਰਧਾ ਕੀ ਹੈ ?

- - -

ਪ੍ਰੇਮ ਦੀ ਅਗਨੀ ਪ੍ਰੀਖਿਆ ਕਿਉਂ ਲਈ ਜਾਂਦੀ ਹੈ ?

- - -

ਮੈਂ ਸ਼ਾਸਤ੍ਰੀ ਸੰਗੀਤ ਦਾ ਸ਼ੌਕ ਰਖੱਦਾ ਹਾਂ। ਇਹ ਨ ਤਾਂ ਮੇਰੇ ਗੁਆਂਢੀਆਂ ਨੂੰ ਪਸੰਦ ਹੈ, ਨਾ ਮੇਰੀ ਪਤਨੀ-ਬੱਚਿਆਂ ਨੂੰ, ਨ ਪਰਵਾਰ ਦੇ ਹੋਰ ਲੋਕਾਂ ਨੂੰ ਹੀ। ਮੈਂ ਕੀ ਕਰਾਂ ?

- - -

ਮੈਂ ਹਰ ਚੀਜ਼ ਤੋਂ ਅਸੰਤੁਸ਼ਟ ਹਾਂ। ਕੀ ਪਾਵਾਂ ਜਿਸ ਨਾਲ ਕਿ ਸੰਤੋਖ ਮਿਲੇ ?

ਪਹਿਲਾ ਸਵਾਲ: ਭਗਵਾਨ ! ਚੇਲੇ ਗੁਰੂ ਨਾਲ ਗੱਦਾਰੀ ਕਿਉਂ ਕਰਦੇ ਹਨ? ਵਿਜਯਾਨੰਦ ਅਤੇ ਮਹੇਸ਼ ਹੁਣ ਆਪਦੇ ਵਿਰੋਧ ਵਿਚ ਕਹਿੰਦੇ ਹਨ ਅਤੇ ਇੱਕ ਸੰਨਿਆਸੀ, ਸੁਆਮੀ ਚਿਨਮਯ ਨੇ ਕਰੰਟ ਵਿਚ ਲਿਖਿਆ ਹੈ ਕਿ ਜਦ ਮੇਰੇ ਗੁਰੂ ਰਾਜਨੀਤੀ ਦੇ ਵਿਰੁੱਧ ਬੋਲਦੇ ਹਨ, ਤਦ ਉਹ ਧਰਮ ਤੋਂ ਹੇਠਾਂ ਡਿੱਗਦੇ ਹਨ; ਅਤੇ ਨਾਲ-ਨਾਲ ਕਿ ਮੈਂ ਜੀਵਿਤ ਸ਼ਿਸ਼ ਹਾਂ, ਇਸ ਲਈ ਆਪਣੇ ਗੁਰੂ ਦੇ ਵਿਰੁੱਧ ਕਹਿ ਸਕਦਾ ਹਾਂ।

ਮੁਕੇਸ਼ ਭਾਰਤੀ ! ਜੀਸਸ ਨੂੰ ਸੂਲੀ ਲਗੀ ਚੇਲੇ ਜੁਦਾਸ ਦੇ ਕਾਰਣ। ਬੁੱਧ ਉੱਤੇ ਪਹਾੜ ਦੀ ਚੱਟਾਨ ਸਰਕਾਈ ਗਈ, ਸ਼ਿਸ਼ ਦੇਵਦਤ ਦੇ ਕਾਰਣ। ਮਹਾਵੀਰ ਨੂੰ ਬਹੁਤ ਅਪਮਾਨ, ਬਹੁਤ ਨਿੰਦਾ, ਬਹੁਤ ਪ੍ਰਤਾੜਨਾ ਸਹਿਣੀ ਪਈ, ਚੇਲੇ ਗੋਸ਼ਾਲਾ ਦੇ ਕਾਰਣ। ਇਹ ਕੁਦਰਤੀ ਹੈ। ਜੋ ਹੋਇਆ ਹੈ ਪਹਿਲਾਂ, ਉਹ ਹੀ ਫ਼ਿਰ ਵੀ ਹੋਏਗਾ। ਰਾਮਲੀਲ੍ਹਾ ਤਾਂ ਉਹ ਹੀ ਹੈ, ਅਭਿਨੇਤਾ ਬਦਲ ਜਾਂਦੇ ਹਨ। ਮੰਚ ਵੀ ਉਹੀ ਹੈ, ਖੇਡ ਵੀ ਉਹੀ ਹੈ। ਸਿਰਫ਼ ਖੇਡਣ ਵਾਲੇ ਬਦਲ ਜਾਂਦੇ ਹਨ। ਹੋਰ ਜੋ ਹੋਇਆ ਪਹਿਲਾਂ, ਹੋਰ ਜੋ ਵੀ ਹੋਏਗਾ ਤੇ ਕੱਲ੍ਹ ਵੀ ਹੁੰਦਾ ਰਹੇਗਾ, ਉਸਦੇ ਵਿਗਿਆਨ ਨੂੰ ਜ਼ਰੂਰ ਸਮਝ ਲੈਣਾ ਚਾਹੀਦਾ ਹੈ।

ਚੇਲਿਆਂ ਦੀਆਂ ਚਾਰ ਕੋਟੀਆਂ ਹਨ। ਪਹਿਲੀ ਕੋਟੀ-ਵਿਦਿਆਰਥੀ ਦੀ ਹੈ, ਜਿਹੜਾ ਕੁਤੂਹਲਵਸ਼ (ਉਤਸੁਕਤਾ ਦੀ ਇੱਛਾ) ਆ ਜਾਂਦਾ ਹੈ; ਜਿਸ ਦੇ ਆਉਂਣ ਵਿਚ ਨ ਤਾਂ ਸਾਧਨਾ ਦੀ ਕੋਈ ਦ੍ਰਿਸ਼ਟਿ ਹੈ, ਨ ਕੋਈ ਮੁਮੁਕਸ਼ਾ (ਚਾਹਤ) ਹੈ। ਨ ਪਰਮਾਤਮਾ ਨੂੰ ਪਾਉਂਣ ਦੀ ਕੋਈ ਤ੍ਰੇਹ ਹੈ—ਚੱਲੀਏ ਵੇਖੀਏ ਇੰਨੇ ਲੋਕ ਜਾਂਦੇ ਹਨ, ਸ਼ਾਇਦ ਕੁਝ ਹੋਵੇ !

ਤੁਸੀਂ ਵੀ ਰਾਹ ਵਿਚ ਭੀੜ ਖਲੋਤੀ ਵੇਖੋ ਤਾਂ ਰੁੱਕ ਜਾਂਦੇ ਹੋ, ਪੁੱਛਣ ਲਗਦੇ ਹੋ ਕੀ ਹੈ ਮਾਮਲਾ? ਅੰਦਰ ਘੁਸਣਾ ਚਾਹੁੰਦੇ ਹੋ ਭੀੜ ਦੇ, ਵੇਖਣਾ ਚਾਹੁੰਦੇ ਹੋ ਕੁਝ ਹੋਇਆ ਹੋਵੇਗਾ...। ਨਹੀਂ ਕਿ ਕੋਈ ਤੁਹਾਨੂੰ ਮਤਲਬ ਹੈ, ਆਪਣੇ ਕੰਮ ਨਾਲ ਜਾਂਦੇ ਸੀ। ਅਚਾਨਕ ਕੁਝ ਲੋਕ ਆ ਜਾਂਦੇ ਹਨ। ਕੋਈ ਆ ਰਿਹਾ ਹੈ, ਤੁਸੀਂ ਉਸ ਨੂੰ ਆਉਂਦੇ ਵੇਖਿਆ; ਉਸਨੇ ਕਿਹਾ ! ਕੀ ਕਰਦੇ ਹੋ ਬੈਠੇ-ਬੈਠੇ, ਆਓ ਮੇਰੇ ਨਾਲ ਚਲੋ, ਸਤਿਸੰਗ ਵਿਚ ਹੀ ਬੈਠਾਂਗੇ। ਖ਼ਾਲੀ ਸੀ, ਕੁਝ ਕੰਮ ਵੀ ਨਹੀਂ ਸੀ, ਟੁਰ ਪਏ। ਪਤਨੀ ਆਈ ਪਤੀ ਨਾਲ ਆ ਗਿਆ। ਪਤੀ ਆ ਗਿਆ ਪਤਨੀ ਨਾਲ ਆ ਗਈ। ਪਿਓ ਆਇਆ ਪੁੱਤਰ ਨਾਲ ਟੁਰ ਆਇਆ।

ਇਸ ਤਰ੍ਹਾਂ ਬਹੁਤ ਸਾਰੇ ਲੋਕ ਇਵੇਂ ਹੀ ਆ ਜਾਂਦੇ ਹਨ ਅਚਨਚੇਤ। ਉਨ੍ਹਾਂ ਦੀ ਸਥਿਤੀ (ਹਾਲਤ) ਵਿਦਿਆਰਥੀ ਦੀ ਹੈ। ਉਹ ਕੁਝ ਸੂਚਨਾਵਾਂ ਇੱਕਠੀਆਂ ਕਰ ਲੈਣਗੇ। ਸੁਣਣਗੇ ਤਾਂ ਕੁਝ ਸੂਚਨਾਵਾਂ ਇਕੱਠੀਆਂ ਹੋ ਜਾਣਗੀਆਂ। ਉਨ੍ਹਾਂ ਦਾ ਗਿਆਨ ਥੋੜ੍ਹਾ ਵੱਧ ਜਾਏਗਾ, ਉਨ੍ਹਾਂ ਦੀ ਸਿਮ੍ਰਿਤੀ ਥੋੜ੍ਹੀ ਸਘਨ (ਗੂੜ੍ਹੀ) ਹੋਏਗੀ। ਅਜਿਹੇ ਆਉਂਣ ਵਾਲਿਆਂ ਵਿਚ ਸੌ ਵਿਚੋਂ ਦਸ ਹੀ ਰੁਕਣਗੇ, ਨੱਬੇ ਤਾਂ ਛਿਟਕ (ਝੜ ਜਾਣਾ) ਜਾਣਗੇ। ਦਸ ਰੁੱਕ ਜਾਂਦੇ ਹਨ, ਇਹ ਵੀ ਚਮਤਕਾਰ ਹੈ, ਕਿਉਂਕਿ ਉਹ ਆਏ ਨਹੀਂ ਸਨ ਕਿਸੇ ਹੋਰ ਸੁਚੇਤ ਪ੍ਰੇਰਨਾ ਦੇ ਕਾਰਣ—ਇਵੇਂ ਹੀ ਮੂਰਛਿਤ-ਮੂਰਛਿਤ ਕਿਸੇ ਦੇ ਧੱਕੇ ਨਾਲ ਟੁਰਦੇ ਆਏ ਸਨ। ਪਾਣੀ ਵਿਚ ਵਗੱਦੀ ਹੋਈ ਲਕੜੀ ਦੀ ਤਰ੍ਹਾਂ ਕੰਢੇ ਲਗ ਗਏ ਸਨ, ਕੰਢੇ ਦੀ ਕੋਈ ਤਲਾਸ਼ ਨਹੀਂ

ਸੀ। ਕਿੰਨੀ ਦੇਰ ਲਗਾ ਰਹੇਗਾ ਲਕੜੀ ਦਾ ਟੁਕੜਾ ਕੰਢੇ ਨਾਲ ? ਹਵਾ ਦੀ ਕੋਈ ਲਹਿਰ ਆਏਗੀ ਫਿਰ ਬਹਿ ਜਾਏਗਾ। ਉਸਦਾ ਰੁਕਣਾ ਨ ਰੁਕਣਾ ਬਰਾਬਰ ਹੈ। ਪਰ ਅਜਿਹੇ ਲੋਕਾਂ ਵਿਚੋਂ ਵੀ ਦਸ ਫ਼ੀਸਦੀ ਲੋਕ ਰੁੱਕ ਜਾਂਦੇ ਹਨ। ਜਿਹੜੇ ਦਸ ਫ਼ੀਸਦੀ ਰੁੱਕ ਜਾਂਦੇ ਹਨ ਉਹ ਹੀ ਦੂਸਰੀ ਪੌੜੀ ਵਿਚ ਪ੍ਰਵੇਸ਼ ਕਰਦੇ ਹਨ।

ਦੂਜੀ ਪੌੜੀ ਸਾਧਕ ਦੀ ਹੈ। ਪਹਿਲੀ ਪੌੜੀ ਵਿਚ ਸਿਰਫ਼ ਬੌਧਿਕ ਕੁਤੂਹਲ ਹੁੰਦਾ ਹੈ— ਇੱਕ ਤਰ੍ਹਾਂ ਦੀ ਖੁਜਲਾਹਟ। ਜਿਸ ਤਰ੍ਹਾਂ ਖਾਜ ਖੁਜਲਾਉਂਣ ਵਿਚ ਚੰਗਾ ਲਗਦਾ ਹੈ, ਹਾਲਾਂ ਕਿ ਲਾਭ ਨਹੀਂ ਹੁੰਦਾ, ਨੁਕਸਾਨ ਹੁੰਦਾ ਹੈ—ਇਵੇਂ ਹੀ ਬੌਧਿਕ ਖੁਜਲਾਹਟ ਨਾਲ ਵੀ ਲਾਭ ਨਹੀਂ ਹੁੰਦਾ, ਨੁਕਸਾਨ ਹੁੰਦਾ ਹੈ, ਪਰ ਚੰਗਾ ਲਗਦਾ ਹੈ, ਮਿੱਠਾ ਲਗਦਾ ਹੈ। ਇਹ ਪੁਛੀਏ, ਉਹ ਪੁਛੀਏ, ਇਹ ਵੀ ਜਾਣ ਲਈਏ, ਉਹ ਵੀ ਜਾਣ ਲਈਏ। ਅਹੰਕਾਰ ਦੀ ਤ੍ਰਿਪਤੀ ਹੁੰਦੀ ਹੈ ਕਿ ਮੈਂ ਕੋਈ ਅਗਿਆਨੀ ਨਹੀਂ ਹਾਂ। ਬਿਨਾਂ ਗਿਆਨ ਦੇ ਗਿਆਨੀ ਹੋਣ ਦਾ ਭਰਮ ਪੈਦਾ ਹੋ ਜਾਂਦਾ ਹੈ। ਇਨ੍ਹਾਂ ਵਿਚੋਂ ਦਸ ਫ਼ੀਸਦੀ ਲੋਕ ਰੁੱਕ ਜਾਣਗੇ।

ਇਹ ਦਸ ਫ਼ੀਸਦੀ ਸਾਧਕ ਹੋ ਜਾਣਗੇ।

ਸਾਧਕ ਦਾ ਅਰਥ ਹੈ : ਜੋ ਹੁਣ ਸਿਰਫ਼ ਸੁਨਣਾ ਨਹੀਂ ਚਾਹੁੰਦਾ, ਸਮਝਣਾ ਨਹੀਂ ਚਾਹੁੰਦਾ, ਸਗੋਂ ਪ੍ਰਯੋਗ ਵੀ ਕਰਨਾ ਚਾਹੁੰਦਾ ਹੈ। ਪ੍ਰਯੋਗ ਸਾਧਕ ਦਾ ਆਧਾਰ ਹੈ। ਹੁਣ ਉਹ ਕੁਝ ਕਰਕੇ ਵੇਖਣਾ ਚਾਹੁੰਦਾ ਹੈ। ਹੁਣ ਉਸਦੀ ਉਤਸੁਕਤਾ ਇੱਕ ਨਵਾਂ ਰੂਪ ਧਾਰ ਲੈਂਦੀ ਹੈ, ਕ੍ਰਿਤ ਬਣਦੀ ਹੈ। ਹੁਣ ਉਹ ਧਿਆਨ ਦੇ ਸੰਬੰਧ ਵਿਚ ਗੱਲ ਹੀ ਨਹੀਂ ਕਰਦਾ, ਧਿਆਨ ਕਰਨਾ ਸ਼ੁਰੂ ਕਰਦਾ ਹੈ। ਕਿਉਂਕਿ ਗੱਲਾਂ ਨਾਲ ਕੀ ਹੋਏਗਾ, ਗੱਲਾਂ ਵਿਚੋਂ ਤਾਂ ਗੱਲ ਨਿਕਲਦੀ ਰਹਿੰਦੀ ਹੈ।

ਗੱਲ ਤਾਂ ਗੱਲ ਹੀ ਹੈ; ਪਾਣੀ ਦਾ ਬਬੂਲਾ (ਬੁਲਬੁਲਾ) ਹੈ, ਕੋਰੀ ਗਰਮ ਹਵਾ ਹੈ। ਕੁਝ ਕਰੀਏ ! ਜੀਵਨ ਰੂਪਾਂਤਰਿਤ (ਬਦਲਣਾ) ਹੋਵੇ ਕੁਝ। ਕੁਝ ਅਨੁਭਵ ਵਿਚ ਆਏ।

ਇਹ ਜਿਹੜਾ ਦੂਜਾ ਵਰਗ ਹੈ ਇਸ ਵਿਚ ਜਿੰਨੇ ਲੋਕ ਰਹਿ ਜਾਣਗੇ, ਉਨ੍ਹਾਂ ਵਿਚੋਂ ਪੰਜਾਹ ਫ਼ੀਸਦੀ ਰੁਕਣਗੇ, ਪੰਜਾਹ ਫ਼ੀਸਦੀ ਨੱਠ ਜਾਣਗੇ, ਕਿਉਂਕਿ ਕਰਨਾ ਕੋਈ ਆਸਾਨ ਗੱਲ ਨਹੀਂ। ਸੁਨਣਾ ਤਾਂ ਬਹੁਤ ਆਸਾਨ ਹੈ। ਤੁਸੀਂ ਕੁਝ ਕਰਨਾ ਨਹੀਂ; ਮੈਂ ਬੋਲਿਆ, ਤੁਸੀਂ ਸੁਣਿਆ, ਗੱਲ ਮੁੱਕ ਗਈ। ਕਰਨ ਵਿਚ ਤੁਹਾਨੂੰ ਕੁਝ ਕਰਨਾ ਹੋਏਗਾ। ਸਫ਼ਲਤਾ ਕੋਈ ਜ਼ਰੂਰੀ ਨਹੀਂ ਹੈ ਜਦ ਤੱਕ ਕਿ ਤਵਰਾ (ਤੇਜ਼ੀ) ਨ ਹੋਵੇ ਤੀਬਰਤਾ ਨ ਹੋਵੇ, ਦਾਅ 'ਤੇ ਲਗਾਉਂਣ ਦੀ ਹਿੰਮਤ ਨ ਹੋਵੇ, ਸਾਹਸ ਨ ਹੋਵੇ-ਸਫ਼ਲਤਾ ਆਸਾਨ ਨਹੀਂ ਹੈ। ਕੁਨਕੁਨੇ -ਕੁਨਕੁਨੇ ਕਰਨ ਨਾਲ ਤਾਂ ਸਫ਼ਲਤਾ ਨਹੀਂ ਮਿਲੇਗੀ। ਸੌ ਡਿੱਗਰੀ ਤੇ ਉਬਲਣਾ ਹੋਏਗਾ। ਓਨਾ ਸਾਹਸ ਘੱਟ ਹੀ ਲੋਕ ਜੁਟਾ ਪਾਉਂਦੇ ਹਨ। ਜੋ ਨਹੀਂ ਜੁਟਾ (ਇਕੱਠਾ) ਪਾਂਦੇ ਓਨਾ ਸਾਹਸ (ਹਿੰਮਤ) ਉਹ ਸੋਚਣ ਲਗਦੇ ਹਨ ਕੁਝ ਹੈ ਨਹੀਂ, ਕਰਨ ਵਿਚ ਵੀ ਕੁਝ ਨਹੀਂ ਰੱਖਿਆ। ਇਹ ਆਪਣੇ ਮਨ ਨੂੰ ਸਮਝਾਉਂਣਾ ਹੈ ਕਿ ਕਰਨ ਵਿਚ ਕੁਝ ਨਹੀਂ ਰੱਖਿਆ। ਕੀਤਾ ਹੈ ਹੀ ਨਹੀਂ, ਕਰਨ ਵਿਚ ਠੀਕ ਤਰ੍ਹਾਂ ਉਤਰੇ ਹੀ ਨਹੀਂ, ਉਤਰੇ ਵੀ ਤਾਂ, ਕੰਢੇ-ਕੰਢੇ ਰਹੇ। ਕਦੇ ਡੂੰਘਾਈ ਵਿਚ ਗਏ ਨਹੀਂ, ਜਿੱਥੇ ਡੁਬਕੀ ਲਗਦੀ। ਭੋਜਨ ਪਕਾਇਆ ਹੀ ਨਹੀਂ, ਇਵੇਂ ਹੀ ਚੁੱਲ੍ਹਾ ਬਾਲਦੇ ਰਹੇ। ਉਹ ਵੀ ਇੰਨੇ ਆਲਸ ਨਾਲ ਬਾਲਿਆ ਕਿ ਕਦੇ ਬਲਿਆ ਹੀ

ਨਹੀਂ। ਧੂੰਆਂ ਵਗੈਰਾ ਤਾਂ ਉਠਿਆ, ਪਰ ਅੱਗ ਕਦੇ ਚਜ ਨਾਲ ਬਲੀ ਨਹੀਂ। ਤਾਂ ਧੂੰਏਂ ਵਿਚ ਕੋਈ ਕਿੰਨੀ ਦੇਰ ਰਹੇਗਾ ? ਛੇਤੀ ਹੀ ਅੱਖਾਂ ਅੱਥਰੂਆਂ ਨਾਲ ਭਰ ਜਾਣਗੀਆਂ।

ਮਨ ਕਹੇਗਾ, ਤੁੱਰੋ ਵੀ, ਇੱਥੇ ਕੀ ਰੱਖਿਆ ਹੈ ? ਧੂੰਆਂ ਹੀ ਧੂੰਆਂ ਹੈ।

ਜਿੱਥੇ ਧੂੰਆਂ ਹੈ ਉੱਥੇ ਅੱਗ ਹੋ ਸਕਦੀ ਸੀ, ਕਿਉਂਕਿ ਜਿੱਥੇ ਧੂੰਆਂ ਹੈ ਉੱਥੇ ਅੱਗ ਹੋਏਗੀ ਹੀ। ਪਰ ਥੋੜ੍ਹਾ ਹੋਰ ਡੂੰਘਾ ਜਤਨ ਹੋਣਾ ਚਾਹੀਦਾ ਸੀ। ਥੋੜ੍ਹੀ ਹੋਰ ਤਪਸਿਆ ਕਰਨੀ ਸੀ ! ਥੋੜ੍ਹੀ ਹੋਰ ਮੇਹਨਤ, ਥੋੜ੍ਹਾ ਹੋਰ ਜਤਨ। ਜਿਹੜੇ ਨਹੀਂ ਇੰਨਾ ਪ੍ਰਯਾਸ (ਜਤਨ), ਕਰ ਪਾਉਂਦੇ, ਪੰਜਾਹ ਪਰਸੈਂਟ ਲੋਕ ਵਿਦਾ ਹੋ ਜਾਣਗੇ; ਜੋ ਪੰਜਾਹ ਪਰਸੈਂਟ ਰਹਿ ਜਾਣਗੇ ਉਹ ਤੀਜੀ ਪੌੜੀ ਵਿਚ ਪ੍ਰਵੇਸ਼ (ਦਾਖ਼ਲ) ਕਰਦੇ ਹਨ।

ਤੀਜੀ ਪੌੜੀ ਚੇਲੇ ਦੀ ਪੌੜੀ ਹੈ। ਚੇਲੇ ਦਾ ਅਰਥ ਹੁੰਦਾ ਹੈ : ਹੁਣ ਸਤਿਗੁਰੂ ਦੀ ਪਛਾਣ ਹੋਈ। ਅਨੁਭਵ ਨਾਲ ਹੀ ਹੁੰਦੀ ਹੈ, ਸੁਨਣ ਨਾਲ ਨਹੀਂ ਹੋਏਗੀ। ਸੁਨਣ ਨਾਲ ਤਾਂ ਇੰਨਾ ਹੀ ਪਤਾ ਚਲੇਗਾ—ਕੌਣ ਜਾਣੇ ਗੱਲ ਤਾਂ ਠੀਕ ਲਗਦੀ ਹੈ, ਪਰ ਇਸ ਵਿਅਕਤੀ ਦਾ ਆਪਣਾ ਅਨੁਭਵ ਹੋਵੇ ਕਿ ਨ ਹੋਵੇ, ਕਿ ਕੇਵਲ ਸ਼ਾਸਤ੍ਰਾਂ ਦੀ ਪੁੰਨਰੁਕਤੀ (ਦੋਹਰਾਅ) ਹੋਵੇ। ਕੌਣ ਜਾਣੇ ਸਤਿਗੁਰੂ ਸਤਿਗੁਰੂ ਹੈ ਵੀ ਜਾਂ ਨਹੀਂ, ਜਾਂ ਕੇਵਲ ਪਾਂਡਿਤਯ (ਪੰਡਤਾਈ) ਹੈ ? ਇਹ ਤਾਂ ਤੁਹਾਨੂੰ ਸਵਾਦ ਲਗੇਗਾ ਤਾਂ ਹੀ ਸਪਸ਼ਟ ਹੋਏਗਾ ਕਿ ਜਿਸ ਦੇ ਕੋਲ ਤੁਸੀਂ ਆਏ ਹੋ, ਉਹ ਪੰਡਿਤ ਨਹੀਂ ਹੈ, ਜਾਂ ਕਿ ਪੰਡਿਤ ਹੀ ਹੈ ? ਸਵਾਦ ਵਿਚ ਨਿਰਣੇ (ਫ਼ੈਸਲਾ) ਹੋ ਜਾਏਗਾ। ਤੁਹਾਡਾ ਸਵਾਦ ਹੀ ਤੁਹਾਨੂੰ ਕਹਿ ਦੇਵੇਗਾ। ਜੇਕਰ ਸਤਿਗੁਰੂ ਹੈ ਤਾਂ ਤੀਜੀ ਘੜੀ ਆ ਗਈ, ਤੀਜੀ ਪੌੜੀ ਆ ਗਈ; ਤੁਸੀਂ ਚੇਲੇ ਬਣੋਗੇ।

ਚੇਲੇ ਦਾ ਅਰਥ ਹੈ : ਸਮ੍ਰਪਿਤ। ਹੁਣ ਸ਼ੰਕਾਵਾਂ ਨ ਰਹੀਆਂ। ਹੁਣ ਪੁਰਾਣਾ ਊਹਾਪੋਹ (ਉਥਲ-ਪੁਥਲ) ਨ ਰਿਹਾ। ਹੁਣ ਭਟਕਣ ਨ ਰਹੀ। ਹੁਣ ਇੱਕ ਟਿਕਾਅ ਆਇਆ ਜੀਵਨ ਵਿਚ। ਹੁਣ ਬੇੜੀ ਉੱਤੇ ਸਵਾਰ ਹੋਏ।

ਜਿਹੜੇ ਲੋਕ ਚੇਲੇ ਬਣ ਜਾਂਦੇ ਹਨ, ਉਨ੍ਹਾਂ ਵਿਚੋਂ ਨੱਬੇ ਪਰਸੈਂਟ ਰੁਕ ਜਾਣਗੇ, ਦਸ ਪਰਸੈਂਟ ਉਨ੍ਹਾਂ ਵਿਚੋਂ ਵੀ ਖਿਸਕ ਜਾਣਗੇ। ਕਿਉਂਕਿ ਜਿਵੇਂ-ਜਿਵੇਂ ਡੂੰਘਾਈ ਵਧੱਦੀ ਹੈ ਸਾਧਨਾ ਦੀ ਉਵੇਂ-ਉਵੇਂ ਕਠਿਨਾਈ ਵੀ ਵਧੱਦੀ ਹੈ। ਚੇਲੇ ਨੂੰ ਅਗਨੀ ਪ੍ਰੀਖਿਆਵਾਂ ਦੇਣੀਆਂ ਹੋਣਗੀਆਂ, ਜੋ ਕਿ ਸਾਧਕ ਕੋਲੋਂ ਨਹੀਂ ਮੰਗੀਆਂ ਜਾਂਦੀਆਂ, ਵਿਦਿਆਰਥੀ ਤੋਂ ਤਾਂ ਮੰਗਣ ਦਾ ਸਵਾਲ ਹੀ ਨਹੀਂ ਹੈ।

ਅਗਨੀ ਪ੍ਰੀਖਿਆ ਤਾਂ ਸਿਰਫ਼ ਚੇਲੇ ਦੀ ਹੁੰਦੀ ਹੈ। ਜੋ ਇੰਨੀ ਦੂਰ ਤੁਰਕੇ ਆਇਆ ਹੈ, ਉਸ ਉੱਤੇ ਗੁਰੂ ਹੁਣ ਕਠੋਰ ਹੁੰਦਾ ਹੈ। ਕਠੋਰ ਹੋਣਾ ਪਏਗਾ। ਸੱਟ ਡੂੰਘੀ ਮਾਰਨੀ ਹੋਏਗੀ। ਜੇਕਰ ਕਿਸੇ ਨੇ ਪਥੱਰ ਦੀ ਮੂਰਤੀ ਬਨਾਉਣੀ ਹੋਵੇ ਤਾਂ ਛੈਣੀ ਚੁੱਕ ਕੇ ਪਥੱਰ ਨੂੰ ਤੋੜਨਾ ਹੀ ਹੋਏਗਾ। ਬਹੁਤ ਪੀੜਾ ਹੋਵੇਗੀ, ਕਿਉਂਕਿ ਤੁਹਾਡੇ ਉੱਤੇ ਜੋ ਆਵਰਣ (ਓਢਣਾ) ਹੈ, ਉਹ ਸਦੀਆਂ ਪੁਰਾਣੇ ਹਨ। ਤੁਹਾਡੇ ਉੱਤੇ ਜੋ ਅਗਿਆਨ ਦੀਆਂ ਪਰਤਾਂ ਹਨ, ਉਹ ਕਪੜਿਆਂ ਵਰਗੀਆਂ ਨਹੀਂ ਹਨ ਕਿ ਉਤਾਰ ਕੇ ਸੁੱਟ ਦਿੱਤੇ, ਨੰਗੇ ਹੋ ਗਏ ਉਹ ਚਮੜੀ ਵਰਗੀਆਂ ਹੋ ਗਈਆਂ ਹਨ। ਉਨ੍ਹਾਂ ਨੂੰ ਉਧੇੜਨਾ ਹੀ, ਸਰਜਰੀ ਹੈ।

ਤਾਂ ਦਸ ਪਰਸੈਂਟ ਤੀਜੀ ਪੌੜੀ ਤੋਂ ਵੀ ਭੱਜ ਜਾਣਗੇ, ਜਿਹੜੇ ਨੱਬੇ ਪਰਸੈਂਟ ਤੀਜੀ ਪੌੜੀ

ਉੱਤੇ ਟਿਕ ਜਾਣਗੇ, ਜਿਹੜੇ ਅਗਨੀ-ਪ੍ਰੀਖਿਆ ਚੋਂ ਲੰਘਣਗੇ, ਉਹ ਚੌਥੀ ਪੌੜੀ ਉੱਤੇ ਪ੍ਰਵੇਸ਼ ਕਰਦੇ ਹਨ, ਜੋ ਕਿ ਅੰਤਿਮ ਪੌੜੀ ਹੈ, ਉਹ ਭਗਤ ਦੀ ਹੈ। ਚੇਲੇ ਅਤੇ ਗੁਰੂ ਵਿਚ ਥੋੜ੍ਹਾ ਜਿਹਾ ਫ਼ਰਕ ਰਹਿੰਦਾ ਹੈ। ਸਮਰਪਣ ਹੁੰਦਾ ਹੈ ਚੇਲੇ ਦੇ ਵਲੋਂ, ਕਿਉਂਕਿ ਸਮਰਪਣ ਚੇਲੇ ਵਲੋਂ ਹੀ ਹੁੰਦਾ ਹੈ। ਅੱਜੇ ਸਮਰਪਣ ਵਿਚ ਵੀ ਥੋੜ੍ਹਾ-ਜਿਹਾ ਅਹੰਕਾਰ ਭਾਵ ਜੀਵਿਤ ਹੁੰਦਾ ਹੈ ਕਿ ਮੈਂ ਸਮਰਪਣ ਕੀਤਾ, ਮੇਰਾ ਸਮਰਪਣੰ। ਚੌਥੀ ਪੌੜੀ ਉੱਤੇ 'ਮੈਂ'—ਭਾਵ ਬਿਲਕੁੱਲ ਜ਼ੀਰੋ ਹੋ ਜਾਂਦਾ ਹੈ। ਹੁਣ ਭਗਤੀ ਜਾਗੀ, ਹੁਣ ਪ੍ਰੇਮ ਜਾਗਿਆ। ਹੁਣ ਗੁਰੂ ਅਤੇ ਚੇਲਾ ਵੱਖ-ਵੱਖ ਨਹੀਂ ਹਨ। ਇਸ ਪੌੜੀ ਤੋਂ ਫ਼ਿਰ ਕੋਈ ਵੀ ਪਰਤ ਨਹੀਂ ਸਕਦਾ। ਜਿਹੜਾ ਇੱਥੇ ਤੱਕ ਪਹੁੰਚ ਗਿਆ, ਉਸਦਾ ਫ਼ਿਰ ਵਾਪਸ ਪਰਤਣਾ ਨਹੀਂ ਹੁੰਦਾ।

ਇਸ ਲਈ ਬਹੁਤ ਆਉਂਣਗੇ, ਬਹੁਤ ਜਾਣਗੇ। ਜਿੰਨੇ ਲੋਕ ਆਉਂਣਗੇ ਉਸ ਤੋਂ ਵੀ ਵੱਧ ਸੰਖਿਆ ਵਿਚ ਜਾਣਗੇ। ਇਸ ਵਕਤ ਮੇਰੇ ਕੋਈ ਪਚਹੱਤਰ ਹਜ਼ਾਰ ਸੰਨਿਆਸੀ ਹਨ ਸਾਰੀ ਧਰਤੀ ਉੱਤੇ।

ਹੁਣ ਉਨ੍ਹਾਂ ਵਿਚੋਂ ਪੰਜ-ਦਸ ਭੱਜਣਗੇ ਤਾਂ ਕੁਝ ਹੈਰਾਨਗੀ ਵਾਲੀ ਤਾਂ ਗੱਲ ਨਹੀਂ ਹੈ, ਕੋਈ ਚਿੰਤਾ ਦੀ ਗੱਲ ਵੀ ਨਹੀਂ ਹੈ। ਇਹ ਪਚਹੱਤਰ ਹਜ਼ਾਰ ਕੱਲ੍ਹ ਪਚਹੱਤਰ ਲਖ ਹੋ ਜਾਣਗੇ ਤਾਂ ਹੋਰ ਵੀ ਬਹੁਤੇ ਹਟਣਗੇ, ਛਿਟਕਣਗੇ। ਇਹ ਕੰਮ ਜਿੰਨਾ ਵੱਡਾ ਹੋਏਗਾ, ਓਨੇ ਹੀ ਵੱਡੇ ਕੰਮ ਦੇ ਨਾਲ ਓਨੇ ਹੀ ਲੋਕ ਛਿਟਕਣਗੇ (ਛਟ ਜਾਣਗੇ) ਕੁਦਰਤੀ ਗੱਲ ਹੈ ਇਹ ਅਨੁਪਾਤ (ਨਾਪ-ਤੋਲ) ਚਲਦਾ ਰਹੇਗਾ। ਵਿਦਿਆਰਥੀਆਂ ਵਿਚੋਂ ਨੱਬੇ ਫ਼ੀਸਦੀ ਭੱਜ ਜਾਣਗੇ। ਸਾਧਕਾਂ ਵਿਚੋਂ ਪੰਜਾਹ ਪਰਸੈਂਟ ਭੱਜ ਜਾਣਗੇ। ਚੇਲਿਆਂ ਵਿਚੋਂ ਦਸ ਪਰਸੈਂਟ ਭੱਜ ਜਾਣਗੇ। ਸਿਰਫ਼ ਭਗਤਾਂ ਵਿਚੋਂ ਜਾਣਾ ਨਹੀਂ ਹੁੰਦਾ।

ਪਰ ਭਗਤ ਤੱਕ ਆਉਂਦੇ ਆਉਂਦੇ ਲੰਮੀ ਯਾਤ੍ਰਾ ਹੈ, ਜਿਵੇਂ ਕੋਈ ਹਿਮਾਲਾ ਚੱੜ੍ਹੇ। ਉੱਚੀ ਚੜ੍ਹਾਈ ਹੈ, ਬਹੁਤ ਪਸੀਨਾ ਆਏਗਾ, ਬਹੁਤ ਥਕਾਨ ਹੋਵੇਗੀ, ਸਾਹ ਫ਼ੁੱਲ ਜਾਏਗਾ। ਜਿਹੜਾ ਵੀ ਭੱਜੇਗਾ, ਉਸਦੀ ਵੀ ਮਜਬੂਰੀ ਹੈ। ਜਦ ਉਹ ਭਜਦਾ ਹੈ ਤਾਂ ਉਸਦੀ ਵੀ ਮਜਬੂਰੀ ਸਮਝੋ, ਮੈਂ ਉਸਦੀ ਮਜਬੂਰੀ ਸਮਝਦਾ ਹਾਂ। ਜਿਵੇਂ ਤੂੰ ਪੁੱਛਿਆ, ਕਿ ਵਿਜਯਾਨੰਦ ਅਤੇ ਮਹੇਸ਼ ਤੁਹਾਡੇ ਵਿਰੋਧ ਵਿਚ ਕਹਿੰਦੇ ਹਨ ; ਕਹਿਣਾ ਹੀ ਪਏਗਾ। ਕਿਉਂਕਿ ਜੋ ਭੱਜ ਗਿਆ ਉਹ ਇਹ ਤਾਂ ਨਹੀਂ ਕਹੇਗਾ ਕਿ ਮੈਂ ਭੱਜ ਆਇਆ ਆਪਣੀ ਕਮਜ਼ੋਰੀ ਦੇ ਕਾਰਨ; ਕਿ ਮੈਂ ਲਾਇਕ ਨਹੀਂ ਸੀ, ਕਿ ਨਾਲਾਇਕ ਸੀ, ਕਿ ਮੇਰੀ ਸ਼ਮਤਾ (ਤਾਕਤ) ਛੋਟੀ ਪੈ ਗਈ, ਕਿ ਪਹਾੜ ਉੱਚਾ ਸੀ; ਮੈਂ ਤਾਂ ਸੋਚਿਆ ਸੀਂ ਕਿ ਟਿੱਲਾ ਹੈ, ਚੱੜ੍ਹ ਜਾਵਾਂਗਾ ਅਤੇ ਨਿਕਲਿਆ ਗੋਰੀਸ਼ੰਕਰ। ਮੈਂ ਨਹੀਂ ਚੱੜ੍ਹ ਪਾਇਆ ਅਜਿਹਾ ਤਾਂ ਕੋਈ ਨਹੀਂ ਕਹੇਗਾ, ਭਜਿਆ ਹੋਇਆ। ਉਸਨੂੰ ਆਪਣੇ ਅਹੰਕਾਰ ਦੀ ਸੁਰਖਿਆ ਵੀ ਕਰਨੀ ਹੋਏਗੀ ਨ। ਤਾਂ ਕੋਈ ਇਹ ਤਾਂ ਨਹੀਂ ਕਹੇਗਾ ਕਿ ਮੈਂ ਹਾਰ ਗਿਆ ਹਾਂ, ਇਸ ਲਈ ਆ ਗਿਆ ਹਾਂ। ਉਸ ਅਹੰਕਾਰ ਦੀ ਸੁਰਖਿਆ ਲਈ ਮੇਰੇ ਵਿਰੁਧ ਬੋਲਣਾ ਸ਼ੁਰੂ ਕਰਨਾ ਹੀ ਪਏਗਾ। ਪੀੜਾ ਵੀ ਹੋਏਗੀ, ਕਿਉਂਕਿ ਝੂਠ ਵੀ ਵਿਖਾਈ ਪਏਗਾ।

ਵਿਜਯਾਨੰਦ ਲੋਕਾਂ ਰਾਹੀਂ ਮੇਰੇ ਕੋਲ ਖ਼ਬਰ ਤਾਂ ਭੇਜਦੇ ਹਨ ਕਿ ਭਗਵਾਨ ਨੂੰ ਮੇਰਾ ਪ੍ਰਣਾਮ ਕਹਿ ਦੇਣਾ, ਪਰ ਮੇਰੇ ਖ਼ਿਲਾਫ਼ ਵੀ ਬੋਲਦੇ ਰਹਿੰਦੇ ਹਨ। ਇੱਕ ਦਵੰਦ ਪੈਦਾ ਹੋ

ਗਿਆ। ਅੰਦਰੋਂ ਜਾਣਦੇ ਹਨ ਕਿ ਆਪਣੀ ਕਮਜ਼ੋਰੀ ... ਨਹੀਂ ਟੁੱਰ ਸਕੇ ਨਾਲ। ਤਾਂ ਮੈਨੂੰ ਪ੍ਰਣਾਮ ਵੀ ਭੇਜਦੇ ਰਹਿੰਦੇ ਹਨ ਅਤੇ ਮੇਰੇ ਖ਼ਿਲਾਫ਼ ਵਕਤੱਵਯ ਵੀ ਦਿੰਦੇ ਰਹਿੰਦੇ ਹਨ। ਮੇਰੇ ਖ਼ਿਲਾਫ਼ ਵਕਤਵਯ ਦੇਣੇ ਪੈਣਗੇ, ਕਿਉਂਕਿ ਲੋਕ ਪੁੱਛਦੇ ਹਨ, ਤੁਸੀਂ ਛੱਡਿਆ ਕਿਉਂ? ਹੁਣ ਦੋ ਹੀ ਉਪਾਅ ਹਨ: ਜਾਂ ਤਾਂ ਗੁਰੂ ਗਲਤ ਰਿਹਾ ਹੋਏਗਾ ਜਾਂ ਚੇਲਾ ਗਲਤ ਹੋਏਗਾ। ਕੁਦਰਤੀ ਹੈ, ਇੰਨੀ ਹਿੰਮਤ ਹੀ ਜੇਕਰ ਹੁੰਦੀ ਕਿ ਮੈਂ ਗਲਤ ਹਾਂ ਤਾਂ ਜਾਣ ਦੀ ਜ਼ਰੂਰਤ ਹੀ ਨ ਪੈਂਦੀ, ਭਜੱਣ ਦਾ ਸਵਾਲ ਹੀ ਨ ਉਠਦਾ। ਇੰਨੀ ਹਿੰਮਤ ਨਹੀਂ ਸੀ ਸੋ ਹੁਣ ਸੁਰਖਿਆ ਤਾਂ ਕਰਨੀ ਹੋਏਗੀ।

ਇਸ ਗੱਲ ਨੂੰ ਖ਼ਿਆਲ ਵਿਚ ਰਖੱਣਾ। ਜਦ ਤੁਸੀਂ ਸੰਨਿਆਸ ਲੈਂਦੇ ਹੋ ਤਾਂ ਮੇਰੇ ਪੱਖ ਵਿਚ ਬੋਲਣਾ ਸ਼ੁਰੂ ਕਰ ਦਿੰਦੇ ਹੋ। ਜ਼ਰੂਰੀ ਨਹੀਂ ਕਿ ਤੁਸੀਂ ਮੇਰੇ ਪੱਖ ਵਿਚ ਬੋਲ ਰਹੇ ਹੋ। ਸੰਭਾਵਨਾ ਇਹੀ ਹੈ ਕਿ ਹੁਣ ਤੁਸੀਂ ਸੰਨਿਆਸ ਲਿਆ ਤਾਂ ਮੇਰੇ ਪੱਖ ਵਿਚ ਬੋਲਣਾ ਪਏਗਾ, ਕਿਉਂਕਿ ਨਹੀਂ ਮੇਰੇ ਪੱਖ ਵਿਚ ਬੋਲੋਗੇ ਤਾਂ ਲੋਕ ਕਹਿਣਗੇ : ਪਾਗਲ ਹੋ, ਫ਼ਿਰ ਸੰਨਿਆਸ ਕਿਉਂ ਲਿਆ ? ਤੁਹਾਨੂੰ ਆਪਣੀ ਆਤਮ-ਰੱਖਿਆ ਲਈ ਬੋਲਣਾ ਪਏਗਾ, ਮੇਰੇ ਪੱਖ ਵਿਚ। ਤਾਂ ਤੁਸੀਂ ਜਦ ਮੇਰੇ ਪੱਖ ਵਿਚ ਬੋਲਦੇ ਹੋ ਤਾਂ ਜ਼ਰੂਰੀ ਨਹੀਂ ਹੈ ਕਿ ਮੇਰੇ ਪੱਖ ਵਿਚ ਹੀ ਬੋਲਦੇ ਹੋ, ਬਹੁਤ ਸੰਭਾਵਨਾ ਤਾਂ ਇਹੋ ਹੈ ਕਿ ਤੁਸੀਂ ਆਪਣੇ ਅਹੰਕਾਰ ਦੀ ਸੁਰਖਿਆ ਲਈ ਬੋਲਦੇ ਹੋ ਕਿ ਹਾਂ, ਮੇਰੇ ਸਤਿਗੁਰੂ ਪੂਰਣ ਸਤਿਗੁਰੂ ਹਨ। ਕਿ ਉਹ ਪਰਮਾਤਮਾ ਨੂੰ ਪ੍ਰਾਪਤ ਹਨ। ਤੁਹਾਨੂੰ ਕੁਝ ਪਤਾ ਨਹੀਂ। ਤੁਹਾਨੂੰ ਕੀ ਪਤਾ ਹੋਏਗਾ ਅੱਜੇ ? ਜਦ ਤੱਕ ਤੁਸੀਂ ਪ੍ਰਾਪਤ ਨ ਹੋ ਜਾਓ, ਤੁਹਾਨੂੰ ਕਿਵੇਂ ਪਤਾ ਹੋ ਸਕਦਾ ਹੈ ? ਪਰ ਤੁਹਾਨੂੰ ਮੇਰੇ ਪੱਖ ਵਿਚ ਬੋਲਣਾ ਹੀ ਪਏਗਾ, ਮੇਰੀ ਸਤੁਤਿ (ਉਸਤਤ) ਕਰਨੀ ਪਏਗੀ।

ਉਸੇ ਉਸਤਤ ਵਿਚ ਤੁਸੀਂ ਆਪਣੇ ਅਹੰਕਾਰ ਦੀ ਸੁਰਖਿਆ ਕਰ ਸਕਦੇ ਹੋ। ਤੁਹਾਨੂੰ ਸਾਰੇ ਸ਼ੱਕ ਆਪਣੇ ਅੰਦਰ ਹੀ ਦਬਾ ਦੇਣੇ ਹੋਣਗੇ, ਅਚੇਤਨ ਵਿਚ ਸੁੱਟ ਦੇਣੇ ਹੋਣਗੇ। ਨਹੀਂ ਤੇ ਸ਼ੱਕ ਨਹੀਂ ਹਟਣਗੇ, ਇੰਨੀ ਆਸਾਨੀ ਨਾਲ ਸ਼ੱਕ ਥੋੜ੍ਹੇ ਹੀ ਜਾਂਦੇ ਹਨ ਕਿ ਤੁਸੀਂ ਆਏ, ਸੰਨਿਆਸੀ ਹੋਏ ਅਤੇ ਸੰਦੇਹ ਮਿੱਟ ਗਏ ! ਕਾਸ਼ ਇੰਨਾ ਆਸਾਨ ਹੁੰਦਾ ! ਸੰਦੇਹ ਵਰ੍ਹਿਆਂ ਤੱਕ ਪਿੱਛਾ ਕਰਨਗੇ। ਸੰਦੇਹ (ਸ਼ੱਕ) ਪਰਤ-ਪਰਤ ਕੇ ਆ ਜਾਣਗੇ। ਪਰ ਤੁਸੀਂ ਕਿਸੇ ਨੂੰ ਕਹਿ ਨ ਸਕੋਗੇ; ਕਹੋਗੇ ਤਾਂ ਸ਼ੰਕਾ ਪੈਦਾ ਹੋਏਗੀ। ਜੇਕਰ ਕਿਸੇ ਨੂੰ ਕਹੋਗੇ ਕਿ ਮੈਨੂੰ ਸ਼ੱਕ ਹੈ ਕਿ ਮੇਰਾ ਗੁਰੂ—ਗੁਰੂ ਹੈ ਭੀ ਜਾਂ ਨਹੀਂ, ਤਾਂ ਲੋਕ ਕਹਿਣਗੇ, ਫ਼ਿਰ ਤੁਸੀਂ ਗੁਰੂ ਨੂੰ ਸਵੀਕਾਰ ਕਿਉਂ ਕੀਤਾ ਹੋਇਆ ? ਫ਼ਿਰ ਕਿਸ ਲਈ ਗੈਰਿਕ ਵਸਤ੍ਰ (ਭਗਵੇਂ ਕਪੜੇ) ਧਾਰਨ ਕੀਤੇ ਹਨ, ਫ਼ਿਰ ਕਿਉਂ ਇਹ ਮਾਲਾ, ਫ਼ਿਰ ਕਿਉਂ ਇਹ ਸਵਾਂਗ ਰਚਾਇਆ ਹੈ? ਹੁਣ ਤੁਸੀਂ ਬੜੀ ਮੁਸ਼ਕਿਲ ਵਿਚ ਪਏ, ਹੁਣ ਤੁਸੀਂ ਬਹੁਤ ਅੜਚਨ ਵਿਚ ਪਏ।

ਜੇਕਰ ਸਚੋ-ਸਚ ਆਪਣੇ ਸੰਦੇਹ ਕਹੋ ਤਾਂ ਲੋਕ ਕਹਿਣਗੇ ਤੁਸੀਂ ਮੂੜ੍ਹ ਹੋ। ਇਸ ਤੋਂ ਬਚਣ ਲਈ ਤੁਸੀਂ ਸ਼ੰਕਾਵਾਂ ਦਬਾ ਦਿਓਗੇ ਅਤੇ ਤੁਸੀਂ ਖ਼ੂਬ ਸ਼ਰਧਾ ਦੀਆਂ ਗੱਲਾਂ ਕਰੋਗੇ। ਤੁਸੀਂ ਕੋਸ਼ਿਸ਼ ਕਰੋਗੇ ਕਿ ਮੇਰੇ ਗੁਰੂ ਜਿਹਾ ਕਦੇ ਕੋਈ ਹੋਇਆ ਹੀ ਨਹੀਂ ਦੁਨੀਆਂ ਵਿਚ, ਕਿਉਂਕਿ ਤੁਹਾਡੇ ਵਰਗਾ ਚੇਲਾ ਕਿੱਤੇ ਹੋਇਆ ਹੈ ਦੁਨੀਆਂ ਵਿਚ ! ਤੁਹਾਡੇ ਅਹੰਕਾਰ ਦੀ ਤ੍ਰਿਪਤੀ ਤੁਹਾਡੇ ਗੁਰੂ ਦੀ ਉਚਾਈ ਨਾਲ ਹੋਵੇਗੀ। ਜਿੰਨਾ ਉੱਚਾ ਤੁਸੀਂ ਆਪਣੇ ਗੁਰੂ ਨੂੰ ਸਿੱਧ

ਕਰ ਸਕੋਗੇ, ਓਨੇ ਹੀ ਵੱਡੇ ਤੁਸੀਂ ਚੇਲੇ ਹੋ। ਤੁਸੀਂ ਜਿਸਨੂੰ ਗੁਰੂ ਚੁਣਿਆ ਹੈ ਓਹ ਵੱਡਾ ਹੋਣਾ ਹੀ ਚਾਹੀਦਾ ਹੈ; ਤੁਹਾਡੇ ਵਰਗਾ ਆਦਮੀ ਛੋਟੇ-ਮੋਟੇ ਨੂੰ ਚੁਣੇਗਾ !

ਇਹ ਤਾਂ ਜਦ ਤੁਸੀਂ ਦੀਕਸ਼ਾ ਲਓਗੇ ਇਹ ਘਟਨਾ ਘੱਟੇਗੀ। ਫ਼ਿਰ ਜਦ ਤੁਸੀਂ ਦੀਕਸ਼ਾ ਛੱਡੋਗੇ, ਇਸ ਤੋਂ ਉਲਟੀ ਘਟਨਾ ਘੱਟੇਗੀ। ਘਟੱਣੀ ਹੀ ਚਾਹੀਦੀ ਹੈ, ਠੀਕ ਤਰਕ ਹੈ; ਇੱਕ ਸਰਣੀ ਹੈ ਉਸਦੀ। ਹੁਣ ਤੁਹਾਨੂੰ ਬੋਲਣਾ ਪਏਗਾ ਮੇਰੇ ਖ਼ਿਲਾਫ਼। ਹੁਣ ਤੁਸੀਂ ਜੋ-ਜੋ ਸ਼ੱਕ ਦਬਾ ਲਏ ਸਨ, ਉਹ ਸਭ ਉਭਰ ਕੇ ਉਪੱਰ ਆ ਜਾਣਗੇ। ਅਤੇ ਜੋ ਵੀ ਸ਼ਰਧਾ ਤੁਸੀਂ ਆਪਣੇ ਤੇ ਥੋਪ ਲਈ ਸੀ, ਉਹ ਸਭ ਤਿਰੋਹਿਤ (ਉਡ ਜਾਣਾ) ਹੋ ਜਾਏਗੀ। ਹੁਣ ਤੁਹਾਡੇ ਸਾਰੇ ਸ਼ੱਕ ਬਹੁਤ ਜ਼ਿਆਦਤੀ ਨਾਲ ਪ੍ਰਗਟ ਹੋਣਗੇ। ਕਿਉਂਕਿ ਜਿਸ ਨੂੰ ਤੁਸੀਂ ਛੱਡਿਆ। ਉਹ ਗਲਤ ਹੋਣਾ ਹੀ ਚਾਹੀਦਾ ਹੈ; ਜਿਵੇਂ ਤੁਸੀਂ ਜਦ ਫੜਿਆ ਸੀ ਤਾਂ ਉਹ ਸਹੀ ਸੀ।

ਸੋ ਵਿਜਯਾਨੰਦ ਪੰਜ ਸਾਲ ਮੇਰੇ ਪੱਖ ਵਿਚ ਬੋਲਦੇ ਰਹੇ, ਹੁਣ ਪੰਜਾਹ ਸਾਲ ਮੇਰੇ ਖ਼ਿਲਾਫ ਬੋਲਣਾ ਪਏਗਾ। ਉਹ ਸਭ ਜੋ ਪੰਜਾਂ ਸਾਲਾਂ ਦੇ ਸ਼ੱਕ ਦਬਾਏ ਹੋਏ ਹਨ, ਉਹ ਉਭਰ ਕੇ ਆਉਣਗੇ। ਹੁਣ ਸੁਰਖਿਆ ਕਰਨੀ ਹੋਏਗੀ, ਕਿਉਂਕਿ ਉਹ ਹੀ ਲੋਕ ਜਿਹੜੇ ਕੱਲ੍ਹ ਕਹਿੰਦੇ ਸਨ ਕਿ ਕੀ ਤੁਸੀਂ ਪਾਗਲ ਹੋ ਗਏ ਹੋ ਸੰਨਿਆਸ ਲੈ ਕੇ, ਹੁਣ ਕਹਿਣਗੇ ਕਿ ਅਸੀਂ ਤਾਂ ਪਹਿਲਾਂ ਹੀ ਕਿਹਾ ਸੀ ਨ ਕਿ ਤੁਸੀਂ ਪਾਗਲ ਹੋ ਗਏ ਹੋ !

ਹੁਣ ਇਨ੍ਹਾਂ ਨੂੰ ਜੁਵਾਬ ਦੇਣਾ ਹੋਏਗਾ। ਤਾਂ ਹੁਣ ਬਹੁਤ ਅੜਚਨ ਖੜੀ ਹੋਏਗੀ। ਉਸ ਅੜਚਨ ਤੋਂ ਬਚਾਅ ਕਰਨਾ ਹੋਏਗਾ। ਬਚਾਅ ਇੱਕ ਹੀ ਹੈ ਕਿ ਅਸੀਂ ਭਰਮ ਵਿਚ ਪੈ ਗਏ ਸਾਂ। ਜਾਂ ਬਚਾਅ ਇਹ ਹੈ ਕਿ ਕੁਝ-ਕੁਝ ਗੱਲਾਂ ਠੀਕ ਸਨ, ਉਨ੍ਹਾਂ ਹੀ ਗੱਲਾਂ ਦੇ ਕਾਰਨ ਅਸੀਂ ਸੰਨਿਆਸੀ ਹੋ ਗਏ ਸਾਂ। ਫ਼ਿਰ ਜਦ ਸੰਨਿਆਸੀ ਹੋ ਗਏ ਤਦ ਹੌਲੀ-ਹੌਲੀ ਪਤਾ ਚਲਿਆ ਕਿ ਕੁਝ ਗੱਲਾਂ ਗਲਤ ਹਨ।

ਫ਼ਿਰ ਹੌਲੀ-ਹੌਲੀ ਜਿਵੇਂ-ਜਿਵੇਂ ਅਨੁਭਵ ਵੱਧਿਆ, ਪਤਾ ਲਗਾ ਕਿ ਬਿਲਕੁੱਲ ਗਲਤ ਹੈ। ਉਪਰ ਦੀਆਂ ਗੱਲਾਂ ਠੀਕ ਹਨ, ਅੰਦਰ ਬਿਲਕੁੱਲ ਗਲਤ ਹਨ। ਇਹ ਆਤਮ ਸੁਰਖਿਆ ਹੈ। ਇਹ ਬਿਲਕੁੱਲ ਕੁਦਰਤੀ ਹੈ। ਇਸ ਤੋਂ ਜ਼ਰਾ ਵੀ ਚਿੰਤਿਤ ਨ ਹੋਣਾ, ਇਸ ਨੂੰ ਸਮਝੋ ਜ਼ਰੂਰ।

ਮਹੇਸ਼ ਤਾਂ ਵਿਦਿਆਰਥੀ ਦੀ ਹੈਸੀਅਤ ਤੋਂ ਅੱਗੇ ਕਦੇ ਵੱਧੇ ਨਹੀਂ। ਇਵੇਂ ਹੀ ਕੌਤੂਹਲਵਸ਼ (ਤੂੰ ਚਲਿਆ ਮੈਂ ਵੀ ਚਲਦਾਂ) ਆ ਗਏ ਸਨ। ਵਿਜਯਾਨੰਦ ਦੇ ਨਾਲ ਹੀ ਆ ਗਏ ਸਨ, ਨਾਲ ਹੀ ਚਲੇ ਵੀ ਗਏ। ਆਉਣਾ ਇੱਕ ਸੰਜੋਗ ਮਾਤਰ ਸੀ। ਨ ਤਾਂ ਆਏ ਸੀ ਨ ਗਏ ਮੇਰੇ ਹਿਸਾਬ ਵਿਚ ਨ ਤਾਂ ਕਦੇ ਆਏ ਨ ਗਏ। ਮੈਂ ਹਿਸਾਬ ਨਹੀਂ ਰੱਖਿਆ ਮਹੇਸ਼ ਦਾ। ਅਜਿਹੇ ਲੋਕਾਂ ਦਾ ਹਿਸਾਬ ਨਹੀਂ ਰਖੱਣਾ ਪੈਂਦਾ; ਇਹ ਤਾਂ ਨਦੀ ਵਿਚ ਵਹਿੰਦੀਆਂ ਹੋਈਆਂ ਲਕੜੀਆਂ ਹਨ। ਲਗ ਗਈਆਂ ਕੰਢੇ ਤੇ ਤਾਂ ਕੋਈ ਕੰਢਾ ਸੋਚਣ ਲਗ ਪਏ ਕਿ ਮੇਰੀ ਤਲਾਸ਼ ਵਿਚ ਆ ਕੇ ਲਗ ਗਈਆਂ ਹਨ, ਤਾਂ ਗਲਤੀ ਹੋ ਜਾਏਗੀ ! ਕਿਉਂਕਿ ਹੁਣੇ ਆਏਗੀ ਹਵਾ ਤੇ ਇੱਕ ਝੌਂਕੇ ਨਾਲ ਲਕੜੀਆਂ ਵਹਿ ਜਾਣਗੀਆਂ। ਵਿਜਯਾਨੰਦ ਦੇ ਨਾਲ ਹੀ ਆ ਗਏ ਸਨ। ਜਦ ਮੈਂ ਮਹੇਸ਼ ਨੂੰ ਸੰਨਿਆਸ ਦਿੱਤਾ ਸੀ ਤਾਂ ਵਿਜਯਾਨੰਦ ਮੌਜੂਦ ਸਨ। ਮਹੇਸ਼ ਨੂੰ

ਸੰਨਿਆਸ ਦੇਣ ਤੋਂ ਪਹਿਲਾਂ ਮੈਂ ਕਿਹਾ : ਵਿਜਯਾਨੰਦ ਤੂੰ ਵੀ ਕੋਲ ਆ ਕੇ ਬੈਠ ਜਾ, ਤਾਂ ਕਿ ਸਹਾਰਾ ਰਹੇ ...। ਕੋਲ ਬਿਠਾ ਲਿਆ ਸੀ ਵਿਜਯਾਨੰਦ ਨੂੰ, ਵਿਜਯਾਨੰਦ ਨੇ ਮਹੇਸ਼ ਦੀ ਪਿੱਠ ਉੱਤੇ ਹਥ ਰੱਖ ਲਿਆ ਸੀ, ਤਦ ਮੈਂ ਉਨ੍ਹਾਂ ਨੂੰ ਸੰਨਿਆਸ ਦਿੱਤਾ ਕਿਉਂਕਿ ਮੈਂ ਮਹੇਸ਼ ਨੂੰ ਤਾਂ ਜਾਣਦਾ ਨਹੀਂ ਕਿ ਉਸਦਾ ਕੋਈ ਮੁੱਲ ਹੈ, ਕਿ ਇਹ ਕਿਸੇ ਜਿਗਿਆਸਾ ਨਾਲ ਆਏ ਹਨ। ਇਹ ਤਾਂ ਵਿਜਯਾਨੰਦ ਨੂੰ ਕੁਝ ਹੋਇਆ ਹੈ ... ਇਹ ਤਾਂ ਵਿਜਯਾਨੰਦ ਦੇ ਚੇਲੇ ਹਨ, ਮੇਰੇ ਨਹੀਂ।

ਸੋ ਕੁਦਰਤੀ ਗੱਲ ਸੀ ਕਿ ਜਦ ਵਿਜਯਾਨੰਦ ਜਾਣਗੇ ਤਾਂ ਮਹੇਸ਼ ਵੀ ਜਾਏਗਾ। ਉਸ ਦਾ ਕੋਈ ਮੁੱਲ ਨਹੀਂ। ਵਿਦਿਆਰਥੀ ਦੀ ਹੈਸੀਅਤ ਤੋਂ ਉਸ ਦਾ ਅੱਗੇ ਕਦੇ ਜਾਣਾ ਹੋਇਆ ਨਹੀਂ। ਵਿਜਯਾਨੰਦ ਨੇ ਜ਼ਰੂਰ ਕੋਸ਼ਿਸ਼ ਕੀਤੀ ਸੀ ਅਤੇ ਸਾਧਕ ਦੀ ਸਥਿਤੀ ਆ ਗਈ, ਥੋੜ੍ਹੀ ਹੋਰ ਹਿੰਮਤ ਰਖੱਦੇ ਤਾਂ ਚੇਲੇ ਦੀ ਘਟਨਾ ਵੀ ਘੱਟਦੀ। ਲੇਕਿਨ ਅੜਚਨਾਂ ਆ ਗਈਆਂ। ਅੜਚਨਾਂ ਆਉਂਦੀਆਂ ਹਨ। ਮਨੁੱਖੀ ਅੜਚਨਾਂ ਹਨ। ਸਮਝਣਾ, ਤੁਹਾਨੂੰ ਵੀ ਆ ਸਕਦੀਆਂ ਹਨ, ਇਸ ਲਈ ਜਵਾਬ ਦੇ ਰਿਹਾ ਹਾਂ। ਸਾਰਿਆਂ ਨੂੰ ਆ ਸਕਦੀਆਂ ਹਨ। ਵਿਜਯਾਨੰਦ ਪ੍ਰਸਿੱਧੀ ਨੂੰ ਪ੍ਰਾਪਤ ਹਨ, ਵੱਡੇ ਫ਼ਿਲਮ ਨਿਰਦੇਸ਼ਕ ਹਨ, ਸਾਰਾ ਦੇਸ਼ ਉਨ੍ਹਾਂ ਨੂੰ ਜਾਣਦਾ ਹੈ—ਅਹੰਕਾਰ ਅੜਚਨ ਬਣਦਾ ਰਿਹਾ।

ਇੱਛਾ ਸੀ ਕਿ ਉਨ੍ਹਾਂ ਨਾਲ ਮੈਂ ਉਸੇ ਤਰ੍ਹਾਂ ਸਹੀ ਵਿਵਹਾਰ ਕਰਾਂ—ਇੱਕ ਵਿਸ਼ਿਸ਼ਟ (ਖ਼ਾਸ) ਆਦਮੀ ਦੀ ਤਰ੍ਹਾਂ—ਵੀ.ਵੀ.ਆਈ.ਪੀ. ...। ਉਹ ਮੈਨੂੰ ਤੋੜਨਾ ਪਏਗਾ, ਨਹੀਂ ਤਾਂ ਸਾਧਕ ਕਦੇ ਚੇਲਾ ਨਹੀਂ ਬਣੇਗਾ। ਉਸ ਨੂੰ ਮੈਂ ਤੋੜਨਾ ਸ਼ੁਰੂ ਕਰ ਦਿੱਤਾ। ਰੋਜ਼-ਰੋਜ਼ ਉਨ੍ਹਾਂ ਉੱਤੇ ਸੱਟਾਂ ਪੈਣ ਲਗੀਆਂ। ਪਹਿਲਾਂ ਉਹ ਜਦ ਵੀ ਆਉਂਦੇ ਸਨ, ਜਿਸ ਛਿਣ ਚਾਹੁੰਦੇ ਸੀ ਮਿਲਣ ਲਈ ਆ ਜਾਂਦੇ ਸਨ। ਹੁਣ ਉਨ੍ਹਾਂ ਨੂੰ ਵੀ ਵਕਤ ਲੈਣਾ ਪੈਂਦਾ ਹੈ—ਦੋ ਦਿਨ ਬਾਅਦ, ਤਿੰਨ ਦਿਨ ਬਾਅਦ, ਸਤ ਦਿਨਾਂ ਬਾਅਦ ...। ਤਕਲੀਫ਼ ਹੋਣ ਲੱਗੀ, ਕਸ਼ਟ ਹੋਣ ਲਗਾ। ਅੜਚਨ ਹੋਣ ਲਗੀ ਕਿ ਉਨ੍ਹਾਂ ਦੇ ਨਾਲ ਵੀ ਹੋਰ ਦੂਜੇ ਸੰਨਿਆਸੀਆਂ ਵਰਗਾ ਹੀ ਵਿਵਹਾਰ ਹੋ ਰਿਹਾ ਹੈ, ਖ਼ਾਸ ਵਰਤਾਅ ਨਹੀਂ ਹੋ ਰਿਹਾ ਹੈ।

ਪਹਿਲਾਂ ਮੈਂ ਤੁਹਾਡੀ ਬਹੁਤ ਚਿੰਤਾ ਲੈਂਦਾ ਸਾਂ। ਉਹ ਤਾਂ ਕਾਂਟੇ ਉੱਤੇ ਆਟਾ ਹੈ। ਪਰ ਜੇਕਰ ਆਟਾ ਹੀ ਆਟਾ ਮੱਛੀ ਨੂੰ ਖੁਆਈ ਜਾਵਾਂਗੇ ਤਾਂ ਮੱਛੀ ਫਸੇਗੀ ਕਦ ? ਛੇਤੀ ਹੀ ਆਟੇ ਦੇ ਅੰਦਰ ਲੁੱਕਿਆ ਕਾਂਟਾ ਪ੍ਰਗਟ ਹੋਏਗਾ। ਜਦ ਕਾਂਟਾ ਪ੍ਰਗਟ ਹੋਏਗਾ ਤਾਂ ਅੜਚਨ ਹੁੰਦੀ ਹੈ। ਜਦ ਮੈਂ ਵਿਜਯਾਨੰਦ ਨਾਲ ਠੀਕ ਉਹੋ ਜਿਹਾ ਬਰਤਾਓ ਕਰਨ ਲਗਾ ਜਿਹੋ ਜਿਹਾ ਹੋਰਨਾ ਸੰਨਿਆਸੀਆਂ ਦੇ ਨਾਲ-ਜੋ ਕਿ ਜ਼ਰੂਰੀ ਸੀ, ਇਹ ਹੀ ਪੌੜੀ ਜੇਕਰ ਉਹ ਲੰਘ ਗਏ ਹੁੰਦੇ, ਜੇਕਰ ਉਨ੍ਹਾਂ ਨੇ ਸਵੀਕਾਰ ਕਰ ਲਿਆ ਹੁੰਦਾ ਕਿ ਸੰਨਿਆਸੀ ਜਦ ਹੋਇਆ ਤਾਂ ਖ਼ਾਸੀਅਤ ਛੱਡ ਦੇਣੀ ਹੈ, ਆਪਣੇ ਨੂੰ ਅਲੱਗ ਮੰਨਣ ਦਾ ਕੋਈ ਕਾਰਨ ਨਹੀਂ ਹੈ। ਕਿਸੇ ਦਾ ਨਾਮ ਜ਼ਾਹਿਰ ਹੈ ਕਿਸੇ ਦਾ ਜ਼ਾਹਿਰ ਨਹੀਂ ਹੈ, ਇਸ ਨਾਲ ਕੋਈ ਫ਼ਰਕ ਥੋੜ੍ਹੇ ਹੀ ਪੈਂਦਾ ਹੈ, ਇਸ ਨਾਲ ਜੀਵਨ ਦੀ ਕੋਈ ਅੰਦਰਲੀ ਦਸ਼ਾ ਥੋੜ੍ਹੇ ਹੀ ਬਦਲਦੀ ਹੈ।

ਤੁਹਾਨੂੰ ਕਿੰਨੇ ਲੋਕ ਜਾਣਦੇ ਹਨ, ਇਸ ਨਾਲ ਤੁਹਾਡੇ ਕੋਲ ਬਹੁਤੀ ਜਾਣਕਾਰੀ ਥੋੜ੍ਹੇ ਹੁੰਦੀ ਹੈ। ਨ ਜ਼ਿਆਦਾ ਧਿਆਨ ਹੁੰਦਾ ਹੈ, ਨ ਜ਼ਿਆਦਾ ਸਮਾਧੀ ਹੁੰਦੀ ਹੈ। ਇਹ ਵੀ ਹੋ ਸਕਦਾ

ਹੈ ਤੁਹਾਨੂੰ ਕੋਈ ਨ ਜਾਣਦਾ ਹੋਵੇ, ਤੁਹਾਡੇ ਅੰਦਰ ਪਰਮ ਘਟਿਆ ਹੋਵੇ। ਜਾਨਣ ਨ ਜਾਨਣ ਨਾਲ ਇਸ ਦਾ ਕੁਝ ਲੈਣਾ-ਦੇਣਾ ਨਹੀਂ ਹੈ।

ਫਿਰ ਜਿਸ ਤਰ੍ਹਾਂ ਮੈਂ ਕਿਹਾ ਕਿ ਜਿਵੇਂ-ਜਿਵੇਂ ਤੁਹਾਡੀ ਪੌੜੀ ਅੱਗੇ ਵੱਧੇਗੀ; ਉਵੇਂ-ਉਵੇਂ ਮੈਂ ਕਠੋਰ ਹੁੰਦਾ ਜਾਵਾਂਗਾ, ਉਵੇਂ ਹੀ ਤੁਹਾਨੂੰ ਅੱਗ ਵਿਚ ਪਾਇਆ ਜਾਏਗਾ, ਤਦੇ ਤਾਂ ਨਿਖਰੋਗੇ, ਤਦ ਹੀ ਤਾਂ ਕੁੰਦਨ ਬਣੋਗੇ। ਘੁਮਿਆਰ ਘੜੇ ਨੂੰ ਬਣਾਉਂਦਾ ਹੈ ਤਾਂ ਥਾਪੜਦਾ ਹੈ ਮਿੱਟੀ ਨੂੰ, ਬਹੁਤ ਸੰਭਾਲਦਾ ਹੈ। ਉਪਰੋਂ ਸੱਟ ਵੀ ਮਾਰਦਾ ਹੈ, ਅੰਦਰੋਂ ਹਥ ਦਾ ਸਹਾਰਾ ਵੀ ਦਿੰਦਾ ਹੈ। ਪਰ ਅਹੰਕਾਰੀ ਨੂੰ ਸੱਟ ਹੀ ਵਿਖਾਈ ਦਿੰਦੀ ਹੈ, ਅੰਦਰ ਹਥ ਦਾ ਸਹਾਰਾ ਨਹੀਂ ਵਿਖਾਈ ਦਿੰਦਾ। ਨਿਰ-ਅਹੰਕਾਰੀ ਨੂੰ ਅੰਦਰ ਹਥ ਦਾ ਸਹਾਰਾ ਵਿਖਾਈ ਦਿੰਦਾ ਹੈ, ਸੱਟ ਦੀ ਉਹ ਫ਼ਿਕਰ ਨਹੀਂ ਕਰਦਾ। ਉਹ ਕਹਿੰਦਾ ਹੈ ਇੱਕ ਹਥ ਸੱਟ ਮਾਰ ਰਿਹਾ ਹੈ ਘੁਮਿਆਰ ਦਾ। ਦੂਜਾ ਹਥ ਸਹਾਰਾ ਦੇ ਰਿਹਾ ਹੈ। ਇਹ ਹੀ ਤਾਂ ਰਾਹ ਹੈ ਘੜੇ ਦੇ ਬਣ ਜਾਣ ਦਾ। ਫਿਰ ਜਦ ਘੜਾ ਬਣ ਜਾਂਦਾ ਹੈ ਤਾਂ ਕੱਚੇ ਘੜੇ ਨੂੰ ਤਾਂ ਘੁਮਿਆਰ ਬਹੁਤ ਸੰਭਾਲ ਕੇ ਰਖੱਦਾ ਹੈ, ਫਿਰ ਛੇਤੀ ਹੀ ਅੱਗ ਵਿਚ ਪਾਏਗਾ। ਘੜਾ ਜੇਕਰ ਚੀਖਣ ਲਗੇ ਕਿ ਇੰਨਾ ਸੰਭਾਲਿਆ ਮੈਨੂੰ ... ਇੰਨੀ ਹੋਸ਼ਿਆਰੀ ਨਾਲ ਰਖੱਦੇ ਸੀ ਸਾਂਭ-ਸਾਂਭ ਕੇ ਕਿ ਟੁੱਟ ਨ ਜਾਵਾਂ ਅਤੇ ਹੁਣ ਅੱਗ ਵਿਚ ਪਾਉਂਦੇ ਹੋ ?

ਜੇਕਰ ਕੱਚੇ ਘੜਿਆਂ ਵਿਚ ਵੀ ਵਿਜਯਾਨੰਦ ਵਰਗੇ ਲੋਕ ਹੁੰਦੇ, ਭੱਜ ਰਹੇ ਹੁੰਦੇ, ਉਹ ਕਹਿੰਦੇ ਅਸੀਂ ਚਲੇ ...। ਪਰ ਘੜੇ ਕਿੱਤੇ ਭੱਜ ਨਹੀਂ ਸਕਦੇ, ਇਸ ਲਈ ਸੁਵਿਧਾ ਹੈ। ਮੈਂ ਜੀਉਂਦੇ ਘੜਿਆਂ ਉੱਤੇ ਕੰਮ ਕਰਦਾ ਹਾਂ, ਇਸ ਲਈ ਕਦੇ-ਕਦੇ ਭੱਜ ਵੀ ਜਾਂਦੇ ਹਨ। ਜਦ ਅੱਗ ਵਿਚ ਪਾਉਂਣ ਦੇ ਦਿਨ ਨੇੜੇ ਆਉਂਣ ਲਗੇ ਤਾਂ ਉਹ ਘਬਰਾ ਗਏ। ਸਾਧਕ ਦੀ ਹੈਸੀਅਤ ਵਿਚ ਹੀ ਭੱਜ ਗਏ।

ਕੁਝ ਲੋਕ ਚੇਲੇ ਦੀ ਹੈਸੀਅਤ ਤੱਕ ਜਾ ਕੇ ਵੀ ਭੱਜ ਜਾਂਦੇ ਹਨ, ਕਿਉਂਕਿ ਜੋ ਆਖ਼ਰੀ ਸੱਟ ਹੈ, ਉਹ ਤੁਹਾਡੇ ਅਹੰਕਾਰ ਦਾ ਪਰਿਪੂਰਨ ਵਿਸਰਜਨ ਹੈ। ਉਹ ਤੁਹਾਡੇ ਵਿਅਕਤਿਤਵ ਵਿਚ ਪੂਰੀ ਤਰ੍ਹਾਂ ਲੀਨ ਹੋ ਜਾਂਦਾ ਹੈ, ਗੁਰੂ ਵਿਚ, ਜਿਵੇਂ ਬੂੰਦ ਸਾਗਰ ਵਿਚ ਲੀਨ ਹੋ ਜਾਏ। ਓਨਾ ਦਾਅ ਜੋ ਲਗਾ ਸਕਦਾ ਹੈ—ਲਗਾ ਸਕਦਾ ਹੈ, ਨਹੀਂ ਤਾਂ ਕਠਿਨਾਈ ਹੋ ਜਾਂਦੀ ਹੈ।

ਹੋਰ, ਜੋ ਵੀ ਜਾਏਗਾ ਛੱਡ ਕੇ, ਉਹ ਵਿਰੋਧ ਵਿਚ ਗੱਲਾਂ ਕਰੇਗਾ, ਨਿੰਦਾ ਵੀ ਕਰੇਗਾ। ਇਹ ਸਭ ਕੁਦਰਤੀ ਹੈ, ਇਸ ਦੀ ਚਿੰਤਾ ਨ ਲੈਣਾ। ਜਿੱਥੇ ਲਖਾਂ ਚੇਲੇ ਹੋਣ ਵਾਲੇ ਹਨ, ਉੱਥੇ ਇਸ ਤਰ੍ਹਾਂ ਦੇ ਹਜ਼ਾਰਾਂ ਲੋਕ ਹੋਣਗੇ।

ਤੂੰ ਪੁੱਛਿਆ, ਕਿ ਤੁਹਾਡੇ ਇੱਕ ਹੋਰ ਸੰਨਿਆਸੀ ਸਵਾਮੀ ਚਿਨਮਯ ਨੇ ਕਰੰਟ ਵਿਚ ਲਿਖਿਆ ਹੈ ਕਿ ਜਦ ਮੇਰੇ ਗੁਰੂ ਰਾਜਨੀਤੀ ਦੇ ਵਿਰੁਧ ਬੋਲਦੇ ਹਨ ਤਦ ਉਹ ਧਰਮ ਤੋਂ ਹੇਠਾਂ ਡਿੱਗਦੇ ਹਨ। ਇਸ ਸੱਜਣ ਨੂੰ ਮੈਂ ਜਾਣਦਾ ਵੀ ਨਹੀਂ। ਇਹ ਮੇਰਾ ਚੇਲਾ ਹੈ ਵੀ ਨਹੀਂ। ਇਨ੍ਹਾਂ ਨੇ ਆਪਣੇ-ਆਪ ਨੂੰ ਆਪੇ ਹੀ ਚੇਲਾ ਮੰਨ ਲਿਆ ਹੈ, ਇਹ ਮੇਰੇ ਕੋਲ ਆਏ ਵੀ ਨਹੀਂ। ਇਨ੍ਹਾਂ ਨੇ ਆਪਣੇ ਆਪ ਨੂੰ ਸਮਝ ਲਿਆ ਹੈ ਕਿ ਇਹ ਏਕਲੱਵਯ ਜਿਹੇ ਸ਼ਿਸ ਹਨ। ਪਰ ਏਕਲੱਵਯ ਦ੍ਰੋਣ ਦੇ ਕੋਲ ਆਇਆ ਸੀ, ਦ੍ਰੋਣ ਨੇ ਅੰਗੀਕਾਰ ਨਹੀਂ ਕੀਤਾ ਸੀ। ਪਰ ਇਹ ਤਾਂ ਮੇਰੇ ਕੋਲ ਆਏ ਵੀ ਨਹੀਂ, ਨਾਮ ਵੀ ਇਨ੍ਹਾਂ ਨੇ ਖ਼ੁਦ ਹੀ ਰੱਖ ਲਿਆ ਹੈ। ਮੈਂ

ਇਨਕਾਰ ਕਰਦਾ ਤਦ ਵੀ ਠੀਕ ਸੀ, ਇਹ ਆਉਂਦੇ ਤਾਂ, ਇਹ ਮੇਰੀ ਅੱਖ ਨਾਲ ਅੱਖ ਤਾਂ ਮਿਲਾਉਂਦੇ। ਇਨ੍ਹਾਂ ਦਾ ਇੱਥੇ ਆਉਣਾ ਹੀ ਨਹੀਂ ਹੋਇਆ।

ਇਨ੍ਹਾਂ ਨੇ ਆਪਣੇ ਆਪ ਨੂੰ ਚੇਲਾ ਵੀ ਮੰਨ ਲਿਆ ਅਤੇ ਮੇਰੇ ਖ਼ਿਲਾਫ਼ ਲਿਖਣਾ ਵੀ ਸ਼ੁਰੂ ਕਰ ਦਿੱਤਾ! ਇਸ ਤਰ੍ਹਾਂ ਦੀਆਂ ਗੱਲਾਂ ਵੀ ਵਾਪਰਨਗੀਆਂ, ਕਿਉਂਕਿ ਇਸ ਦੇਸ਼ ਵਿਚ ਪਾਗਲ ਲੋਕ ਵੀ ਹਨ, ਸਾਰੀ ਦੁਨੀਆਂ ਵਿਚ ਹਨ। ਇਸ ਤਰ੍ਹਾਂ ਦੇ ਪਾਗਲ ਵੀ ਹਨ।

ਚੇਲਾ ਬਣਨਾ ਇੱਕਤਰਫ਼ਾ ਗੱਲ ਨਹੀਂ ਹੈ। ਦੋਤਰਫ਼ਾ ਗੱਲ ਹੈ। ਤੁਹਾਡੇ ਨਾਮ ਲੈਣ ਨਾਲ ਹੀ ਨਹੀਂ ਬਣ ਜਾਂਦਾ ਚੇਲਾ, ਮੈਂ ਦਿਆਂਗਾ ਤਦ ਹੀ ਹੋਏਗਾ ਤੁਹਾਡੇ ਮੰਨਣ ਨਾਲ ਹੋਣ ਲਗੇ ਤਾਂ ਬਹੁਤ ਮੁਸ਼ਕਿਲ ਹੋ ਜਾਏਗੀ ਅਤੇ ਤਦ ਇਸ ਤਰ੍ਹਾਂ ਦੀ ਦੁਰਘਟਨਾ ਘੱਟੇਗੀ।

ਇਹ ਸੱਜਣ ਮੈਨੂੰ ਸਮਝਦੇ ਵੀ ਨਹੀਂ। ਇਨ੍ਹਾਂ ਨੂੰ ਕੁਝ ਪਤਾ ਵੀ ਨਹੀਂ ਕਿ ਮੈਂ ਕੀ ਕਹਿ ਰਿਹਾ ਹਾਂ, ਇੱਥੇ ਕੀ ਹੋ ਰਿਹਾ ਹੈ ? ਇਨ੍ਹਾਂ ਨੇ ਤਾਂ ਬਸ ਮੰਨ ਲਿਆ। ਇਸ ਤਰ੍ਹਾਂ ਦੀ ਘਟਨਾ ਵੀ ਘੱਟੇਗੀ ਕਿਉਂਕਿ ਜਦ ਮੇਰੇ ਸੰਨਿਆਸੀ ਵੱਧਦੇ ਜਾਣਗੇ ਅਤੇ ਇੱਕ ਹਵਾ ਪੈਦਾ ਹੋਏਗੀ ਤਾਂ ਇਸ ਹਵਾ ਵਿਚ, ਇਸ ਲਹਿਰ ਵਿਚ ਕਈ ਲੋਕ ਕਪੜੇ ਰੰਗ ਲੈਣਗੇ, ਮਾਲਾਵਾਂ ਬਣਾ ਲੈਣਗੇ, ਆਪਣੇ-ਆਪ ਦਾ ਐਲਾਨ ਕਰ ਦੇਣਗੇ ਲੋਕ ਤਾਂ ਚੜ੍ਹਦੇ ਸੂਰਜ ਦੇ ਨਾਲ ਹੋ ਜਾਂਦੇ ਹਨ। ਉਸ ਵਿਚੋਂ ਵੀ ਲਾਭ ਕਢਣ ਲਗਦੇ ਹਨ।

ਤਾਂ ਇਸ ਸੱਜਣ ਦਾ ਤਾਂ ਕੋਈ ਮੁਲ ਨਹੀਂ ਅਤੇ ਇਸ ਦੇ ਵਕਤੱਵਯ ਦਾ ਤਾਂ ਬਿਲਕੁੱਲ ਹੀ ਮੁੱਲ ਨਹੀਂ। ਕਿਉਂਕਿ ਇਸ ਨੂੰ ਕੁਝ ਪਤਾ ਹੀ ਨਹੀਂ ਕਿ ਮੇਰੀ ਜੀਵਨ-ਦ੍ਰਿਸ਼ਟੀ ਕੀ ਹੈ।

ਧਰਮ ਕੋਈ ਵਿਸ਼ਾ ਥੋੜ੍ਹੇ ਹੀ ਹੈ। ਧਰਮ ਦੀ ਕੋਈ ਹੱਦ ਥੋੜ੍ਹੇ ਹੀ ਹੈ, ਧਰਮ ਤਾਂ ਸਾਰੇ ਜੀਵਨ ਦਾ ਨਾਮ ਹੈ। ਜੀਵਨ ਵਿਚ ਜੋ ਕੁਝ ਵੀ ਸਮਾਇਆ ਹੋਇਆ ਹੈ, ਧਰਮ ਉਸ ਦੇ ਸੰਬੰਧ ਵਿਚ ਵਕਤੱਵਯ (ਸਟੇਟਮੈਂਟ) ਦੇਣ ਦਾ ਹਕਦਾਰ ਹੈ। ਰਾਜਨੀਤਕ ਧਰਮ ਦੇ ਸੰਬੰਧ ਵਿਚ ਸਟੇਟਮੈਂਟ ਨਹੀਂ ਦੇ ਸਕਦਾ, ਕਿਉਂਕਿ ਰਾਜਨੀਤਕ ਦੀ ਹੱਦ ਹੈ; ਪਰ ਧਾਰਮਿਕ ਵਿਅਕਤੀ ਰਾਜਨੀਤੀ ਦੇ ਸੰਬੰਧ ਵਿਚ ਸਟੇਟਮੈਂਟ ਦੇ ਸਕਦਾ ਹੈ, ਕਿਉਂਕਿ ਧਰਮ ਦੀ ਕੋਈ ਸੀਮਾਂ ਨਹੀਂ। ਧਰਮ ਅਸੀਮ ਹੈ। ਧਰਮ ਤਾਂ ਪੂਰੇ ਜੀਵਨ ਨੂੰ ਘੇਰਦਾ ਹੈ, ਜਿਵੇਂ ਆਕਾਸ਼ ਘੇਰਦਾ ਹੈ ...। ਧਰਮ ਨਾਲੋਂ ਤਾਂ ਕੋਈ ਵੀ ਚੀਜ਼ ਛੁਡਾਈ ਨਹੀਂ ਜਾ ਸਕਦੀ। ਧਾਰਮਿਕ ਵਿਅਕਤੀ ਦੀ ਦ੍ਰਿਸ਼ਟੀ ਤਾਂ ਸਭ ਸੰਬਧਾਂ ਵਿਚ ਹੋਏਗੀ।

ਮੈਂ ਕਾਵਯ (ਕਵਿਤਾ) ਉੱਤੇ ਵੀ ਬੋਲਾਂਗਾ, ਕਿਉਂਕਿ ਧਰਮ ਦੀ ਇੱਕ ਕਵਿਤਾ ਦੀ ਦ੍ਰਿਸ਼ਟੀ ਵੀ ਹੈ। ਇਸ ਲਈ ਅਸੀਂ ਇਸ ਦੇਸ਼ ਵਿਚ ਕਵੀਆਂ ਨੂੰ ਦੋ ਨਾਮ ਦਿੱਤੇ ਹਨ—ਕਵੀ ਅਤੇ ਰਿਸ਼ੀ। ਰਿਸ਼ੀ ਅਸੀਂ ਉਸ ਕਵੀ ਨੂੰ ਕਹਿੰਦੇ ਹਾਂ ਜਿਸ ਦੀ ਕਵਿਤਾ ਵਿਚ ਧਰਮ ਬੋਲਦਾ ਹੈ; ਜਿਸ ਦੀ ਕਵਿਤਾ ਵਿਚ ਈਸ਼ਵਰ ਦਾ ਅਨੁਭਵ ਬੋਲਦਾ ਹੈ। ਜਿਸਨੇ ਕਵਿਤਾ ਨੂੰ ਧਰਮ ਵਿਚ ਰੰਗ ਦਿੱਤਾ, ਉਸਨੂੰ ਅਸੀਂ ਰਿਸ਼ੀ ਕਹਿੰਦੇ ਹਾਂ। ਜਿਵੇਂ ਰਵੀਂਦ੍ਰਨਾਥ ਨੂੰ ਰਿਸ਼ੀ ਕਹਿਣਾ ਚਾਹੀਦਾ, ਕਵੀ ਨਹੀਂ। ਉਨ੍ਹਾਂ ਦੀ ਗੀਤਾਂਜਲੀ ਦਾ ਉਹ ਹੀ ਮੁੱਲ ਹੋਣਾ ਚਾਹੀਦਾ ਜੋ ਕਿਸੇ ਵੀ ਉਪਨਿਸ਼ਦ ਦਾ ਹੈ। ਉਹ ਰਿਸ਼ੀ ਹਨ। ਉਨ੍ਹਾਂ ਨੇ ਜੋ ਕਿਹਾ ਹੈ ਉਹ ਸਿਰਫ਼ ਮਾਤ੍ਰਾ, ਛੰਦ, ਵਿਆਕਰਣ ਅਤੇ ਭਾਸ਼ਾ ਦਾ ਜੋੜ ਨਹੀਂ ਹੈ। ਉਨ੍ਹਾਂ ਨੇ ਜੋ ਕਿਹਾ ਹੈ ਉਸ ਵਿਚ ਇੱਕ ਅਨੁਭਵ ਦੀ ਧਾਰ ਹੈ, ਇੱਕ ਰਸ ਵੱਗਿਆ ਹੈ। ਰਸ-ਜੋ ਉਨ੍ਹਾਂ ਦਾ ਨਹੀਂ। ਰਸ—ਜੋ ਉਨ੍ਹਾਂ

ਦੇ ਉਪਰੋਂ ਆ ਰਿਹਾ ਹੈ ! ਉਹ ਤਾਂ ਕੇਵਲ ਜਿਵੇਂ ਮਾਧਿਅਮ ਹਨ। ਜਿਸ ਤਰ੍ਹਾਂ ਬੰਸਰੀ ਕਿਸੇ ਦੇ ਬੁਲ੍ਹਾਂ ਉੱਤੇ ਰੱਖੀ ਬਜਦੀ ਹੈ। ਬੰਸਰੀ ਨੂੰ ਇਹ ਭਰਮ ਪੈਦਾ ਹੋ ਜਾਏ ਕਿ ਇਹ ਸੁਰ ਮੇਰੇ ਹਨ, ਤਾਂ ਕਵੀ ਅਤੇ ਬੰਸਰੀ ਨੂੰ ਇਹ ਪਤਾ ਲਗਦਾ ਰਹੇ ਕਿ ਇਹ ਸੁਰ ਕਿਸੇ ਹੋਰ ਦੇ ਹਨ, ਮੈਂ ਜਿਸਦੇ ਬੁੱਲ੍ਹਾਂ ਤੇ ਰੱਖੀ ਹੈ ਉਸਦੇ ਹਨ, ਤਾਂ ਰਿਸ਼ੀ। ਰਵੀਂਦ੍ਰਨਾਥ ਨੂੰ ਇਹ ਬੋਧ ਲਗਾਤਾਰ ਰਿਹਾ ਹੈ ਕਿ ਜੋ ਮੈਂ ਗਾ ਰਿਹਾ ਹਾਂ, ਉਹ ਬੁੱਲ੍ਹਾਂ ਤੇ ਮੇਰੇ ਹੈ, ਪਰ ਗੀਤ ਕਿਸੇ ਹੋਰ ਦਾ ਹੈ। ਮੈਂ ਸਿਫ਼ਰ ਉਪਰਕਣ ਹਾਂ, ਨਿਮਿਤ ਮਾਤ੍ਰ ਹਾਂ।

ਤਾਂ ਮੈਂ ਤਾਂ ਕਾਵਯ ਉੱਤੇ ਵੀ ਬੋਲਾਂਗਾ। ਮੈਂ ਤਾਂ ਕਲਾ ਉੱਤੇ ਵੀ ਬੋਲਾਂਗਾ, ਕਿਉਂਕਿ ਕਲਾ ਦਾ ਵੀ ਇੱਕ ਧਾਰਮਿਕ ਆਯਾਮ ਹੈ। ਜਿਵੇਂ ਅਜੰਤਾ, ਏਲੋਰਾ, ਖਜੁਰਾਹੋ, ਕੋਣਾਰਕ, ਭੁਵਨੇਸ਼ਵਰ ਦੇ ਮੰਦਿਰ, ਪੁਰੀ ਦੇ ਮੰਦਿਰ। ਤੁਸੀਂ ਜਾਣ ਕੇ ਹੈਰਾਨ ਹੋਵੋਗੇ ਕਿ ਤਾਜਮਹਲ ਵੀ ਸੂਫ਼ੀ ਆਧਾਰਾਂ ਤੇ ਨਿਰਮਿਤ (ਨਿਰਮਾਣ) ਹੋਇਆ ਹੈ। ਇਤਿਹਾਸ ਵਿਚ ਉਸਦੀ ਚਰਚਾ ਨਹੀਂ ਕੀਤੀ ਜਾਂਦੀ ਕਿਉਂਕਿ ਇਤਿਹਾਸ ਜਿਹੜੇ ਲੋਕ ਲਿਖਦੇ ਹਨ ਉਨ੍ਹਾਂ ਨੂੰ ਇੰਨੀ ਗਹਿਰਾਈ ਤੱਕ ਨ ਸਮਝ ਹੁੰਦੀ ਹੈ ਨ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੇ ਤਾਂ ਸਮਝਿਆ ਕਿ ਬਸ ਹੈ ਕਿਸੇ ਸਮ੍ਰਾਟ ਦੀ ਆਪਣੀ ਪ੍ਰੇਮਿਕਾ ਲਈ ਬਣਾਈ ਗਈ ਯਾਦਗਾਰ, ਗੱਲ ਮੁੱਕ ਗਈ। ਪਰ ਇਸ ਦੀ ਖੋਜ ਵਿਚ ਕਦੇ ਗਏ ਨਹੀਂ ਕਿ ਸਮ੍ਰਾਟ ਨੇ ਬਹੁਤ ਸੂਫ਼ੀ ਸੰਤਾਂ ਨਾਲ ਸਲਾਹ-ਮਸ਼ਵਰਾ ਕੀਤਾ।

ਤਾਜਮਹਲ ਨੂੰ ਇਸ ਢੰਗ ਨਾਲ ਬਣਾਇਆ ਗਿਆ ਹੈ ਕਿ ਜੇਕਰ ਪੂਰੇ ਚੰਨ ਦੀ ਰਾਤ ਵਿਚ ਤੁਸੀਂ ਘੰਟਾ-ਭਰ ਬੈਠ ਕੇ ਉਸਨੂੰ ਸਿਰਫ਼ ਵੇਖਦੇ ਰਹੋ ਤਾਂ ਧਿਆਨ ਵਿਚ ਡੁੱਬ ਜਾਓਗੇ। ਉਹ ਅਨੋਖਾ ਧਾਰਮਿਕ ਕਲਾ ਦਾ ਨਮੂਨਾ ਹੈ। ਇੱਕ ਖ਼ਾਸ ਦਸ਼ਾ ਵਿਚ, ਇੱਕ ਖ਼ਾਸ ਭਾਵ ਨਾਲ ਅਤੇ ਇੱਕ ਖ਼ਾਸ ਕੋਣ ਤੋਂ ਜੇਕਰ ਤੁਸੀਂ ਵੇਖੋਗੇ ਤਾਂ ਤਾਜਮਹਲ ਮੰਦਿਰ ਹੈ, ਮਕਬਰਾ ਨਹੀਂ। ਵੇਖਣ-ਵੇਖਣ ਦੀ ਗੱਲ ਹੈ।

ਬੁੱਧ ਦੀਆਂ ਅਤੇ ਮਹਾਵੀਰ ਦੀਆਂ ਅਸੀਂ ਜੋ ਮੂਰਤੀਆਂ ਬਣਾਈਆਂ ਹਨ, ਉਹ ਮੂਰਤੀਆਂ ਕੇਵਲ ਮੂਰਤੀਕਲਾ ਦੇ ਸਬੂਤ ਨਹੀਂ ਹਨ। ਮੂਰਤੀ ਕਲਾ ਗੌਣ ਹੈ; ਉਨ੍ਹਾਂ ਮੂਰਤੀਆਂ ਵਿਚ ਅਸੀਂ ਬੁੱਧਤੱਵ ਨੂੰ ਸਮਾਉਣ ਦੀ ਕੋਸ਼ਿਸ਼ ਕੀਤੀ ਹੈ। ਜੇਕਰ ਤੁਸੀਂ ਬੁੱਧ ਦੀ ਮੂਰਤੀ ਦੇ ਸਾਹਮਣੇ ਬੈਠ ਕੇ ਉਸ ਨੂੰ ਇਕਟਕ ਦੇਖਦੇ ਰਹੋਗੇ ਤਾਂ ਛੇਤੀ ਹੀ ਤੁਸੀਂ ਪਾਓਗੇ ਕਿ ਤੁਹਾਡੇ ਅੰਦਰ ਵੀ ਕੋਈ ਚੀਜ਼ ਰੁੱਕ ਗਈ ਹੈ, ਠਹਿਰ ਗਈ ਹੈ। ਤੁਹਾਡੇ ਵਿਚਾਰ ਦੀ ਪ੍ਰਕ੍ਰਿਆ ਰੁੱਕ ਗਈ, ਤੁਹਾਡੇ ਅੰਦਰ ਹੌਲੀ ਜਿਹੀ ਨਿਰਵਿਚਾਰ ਆ ਗਿਆ। ਉਸ ਮੂਰਤੀ ਦੇ ਰੂਪ ਵਿਚ, ਰੰਗ ਵਿਚ, ਢੰਗ ਵਿਚ, ਤੁਹਾਡੇ ਅੰਦਰ ਧਿਆਨ ਨੂੰ ਉਪਜਾਉਣ ਦੀ ਵਿਵਸਥਾ (ਪ੍ਰਬੰਧ) ਹੈ। ਉਹ ਮੂਰਤੀ ਇੱਕ ਯੰਤਰ ਹੈ, ਜਿਸ ਨਾਲ ਤੁਹਾਡੇ ਅੰਦਰ ਧਿਆਨ ਨੂੰ ਪ੍ਰੇਰਨਾ ਦਿੱਤੀ ਜਾ ਸਕਦੀ ਹੈ।

ਮੈਂ ਤਾਂ ਮੂਰਤੀ ਕਲਾ ਉੱਤੇ ਵੀ ਬੋਲਾਂਗਾ। ਮੈਂ ਤਾਂ ਜੀਵਨ ਦੇ ਹਰ ਅੰਗ ਉੱਤੇ ਬੋਲਾਂਗਾ। ਕਿਉਂਕਿ ਮੈਂ ਧਾਰਮਿਕ ਹਾਂ, ਇਸ ਲਈ ਮੇਰੇ ਲਈ ਜੀਵਨ ਦਾ ਕੋਈ ਅੰਗ ਅਛੂਤਾ ਨਹੀਂ ਹੈ। ਅਛੂਤਾ ਨਹੀਂ ਛੁਟੇਗਾ। ਮੈਂ ਕਿਸੇ ਹਿੱਸੇ ਨੂੰ ਅਛੂਤ ਨਹੀਂ ਮੰਨਦਾ। ਮੈਂ ਰਾਜਨੀਤਕ ਨਹੀਂ ਹਾਂ, ਪਰ ਰਾਜਨੀਤੀ ਉੱਤੇ ਬੋਲਾਂਗਾ। ਮੈਂ ਧਾਰਮਿਕ ਹਾਂ, ਇਸ ਲਈ ਬੋਲਾਂਗਾ, ਕਿਉਂਕਿ ਰਾਜਨੀਤੀ

ਸਿਰਫ਼ ਰਾਜਨੀਤੀ ਹੀ ਤਾਂ ਨਹੀਂ ਹੈ, ਉਸ ਨਾਲ ਤੁਹਾਡੇ ਜੀਵਨ ਦਾ ਬਹੁਤ ਕੁਝ ਨਿਰਧਾਰਿਤ ਹੋਇਆ। ਉਸ ਨਿਰਧਾਰਨ ਵਿਚ ਤੁਹਾਡਾ ਧਰਮ ਵੀ ਪ੍ਰਭਾਵਿਤ ਹੋਏਗਾ।

ਹੁਣ ਜਿਵੇਂ ਸਮਝੋ ਕਿ ਭਾਰਤ ਨੇ ਇੱਕ ਰਾਜਨੀਤੀ ਤੈਅ ਕਰ ਲਈ—ਧਰਮ ਨਿਰਪੇਕਸ਼ਤਾ (ਲੈਣਾ-ਦੇਣਾ ਨਹੀਂ) ਦੀ। ਇਸ ਦਾ ਪਰਿਣਾਮ ਧਰਮ ਉੱਤੇ ਹੋਣ ਵਾਲਾ ਹੈ, ਇਹ ਗੱਲ ਗਲਤ ਹੈ। ਕੋਈ ਰਾਸ਼ਟ੍ਰ ਧਰਮ ਨਿਰਪੇਕਸ਼ ਨਹੀਂ ਹੋਣਾ ਚਾਹੀਦਾ। ਹਾਂ, ਕਿਸੇ ਵਿਸ਼ਿਸ਼ਟ (ਖਾਸ) ਸੰਪ੍ਰਦਾਏ ਦਾ ਪ੍ਰਭੁਤਵ ਨ ਹੋਵੇ ਇਹ ਠੀਕ ਹੈ, ਪਰ ਧਰਮ ਨਿਰਪੇਕਸ਼ ਤਾਂ ਕਿਵੇਂ ਕੋਈ ਰਾਜ ਹੋ ਸਕਦਾ ਹੈ ? ਹਿੰਦੂ ਨ ਹੋਵੇ, ਮੁਸਲਮਾਨ ਨ ਹੋਵੇ ਇਹ ਤਾਂ ਠੀਕ ਹੈ। ਹੋਣਾ ਹੀ ਨਹੀਂ ਚਾਹੀਦਾ, ਹਿੰਦੂ ਅਤੇ ਮੁਸਲਮਾਨ। ਪਰ ਇੱਕ ਅਤਿ ਹੈ ਕਿ ਰਾਸ਼ਟਰ ਹਿੰਦੂ ਹੋ ਜਾਂਦਾ ਹੈ ਕਿ ਮੁਸਲਮਾਨ ਹੋ ਜਾਂਦਾ ਹੈ; ਦੂਜੀ ਅਤਿ ਹੈ ਕਿ ਰਾਜ ਅਧਾਰਮਿਕ ਹੋ ਜਾਂਦਾ ਹੈ, ਕਿ ਸਾਨੂੰ ਧਰਮ ਤੋਂ ਕੁਝ ਲੈਣਾ-ਦੇਣਾ ਨਹੀਂ।

ਆਦਮੀ ਦੇ ਪ੍ਰਾਣ ਦਾ ਇੰਨਾਂ ਕੀਮਤੀ ਹਿੱਸਾ—ਅਤੇ ਤੁਸੀਂ ਕਹੋਗੇ ਸਾਨੂੰ ਉਸ ਤੋਂ ਕੁਝ ਲੈਣਾ-ਦੇਣਾ ਨਹੀਂ ! ਉਸਦੇ ਘਾਤਕ ਪਰਿਣਾਮ (ਨਤੀਜੇ) ਹੋਣਗੇ। ਰਾਜ ਨੂੰ ਧਰਮ ਵਲ ਸੁਵਿਧਾ ਬਣਾਉਣੀ ਹੀ ਹੋਵੇਗੀ। ਰਾਜ ਨੂੰ ਧਾਰਮਿਕ ਹੋਣ ਦੀ ਜ਼ਰੂਰਤ ਨਹੀਂ ਹੈ, ਹਿੰਦੂ-ਮੁਸਲਮਾਨ ਦੇ ਅਰਥ ਵਿਚ; ਪਰ ਧਾਰਮਿਕ ਹੋਣ ਦੀ ਲੋੜ ਹੈ ਇਸ ਅਰਥ ਵਿਚ ਕਿ ਦੇਸ਼ ਵਿਚ ਧਿਆਨ ਵੱਧੇ, ਪ੍ਰੇਮ ਵੱਧੇ, ਸ਼ਾਂਤੀ ਵੱਧੇ। ਲੋਕਾਂ ਦੇ ਜੀਵਨ ਵਿਚ ਯੋਗ ਉਤਰੇ। ਲੋਕਾਂ ਦੇ ਜੀਵਨ ਵਿਚ ਇੱਕ ਅੰਤਰੰਗ ਅਨੁਸ਼ਾਸਨ ਜਨਮੇਂ।

ਲੋਕਾਂ ਦੇ ਅੰਦਰ ਆਤਮਾ ਪੈਦਾ ਹੋਵੇ।

ਤਾਂ ਮੈਂ ਤਾਂ ਵਿਰੋਧ ਕਰਾਂਗਾ ਧਰਮ ਨਿਰਪੇਖਸ਼ (ਧਰਮ ਤੋਂ ਰਹਿਤ) ਰਾਜ ਦਾ। ਰਾਜ ਨੂੰ ਤਾਂ ਧਰਮ ਨੂੰ ਉਵੇਂ ਹੀ ਗਤਿ ਦੇਣੀ ਚਾਹੀਦੀ ਹੈ ਜਿਵੇਂ ਮਾਲੀ ਪਾਣੀ ਸਿੰਜਦਾ ਹੈ ਦਰਖ਼ਤਾਂ ਵਿਚ, ਤਾਂਕਿ ਫ਼ੁੱਲ ਖਿੜਣ; ਚੇਤਨਾ ਦੇ ਫ਼ੁੱਲ ਖਿੜਣਗੇ ਹੀ ਨਹੀਂ। ਫ਼ਿਰ ਲਖ ਤੁਸੀਂ ਉਪਾਅ ਕਰਦੇ ਰਹੋ ਕਿ ਲੋਕ ਨੈਤਿਕ ਹੋ ਜਾਣ, ਲੋਕ ਸਦਾਚਾਰੀ ਹੋ ਜਾਣ, ਸਚਰਿਤ੍ਰ ਹੋ ਜਾਣ; ਉਹ ਸਭ ਉਪਾਅ ਅਸਫ਼ਲ ਜਾਣਗੇ ਕਿਉਂਕਿ ਫ਼ੁੱਲ ਖਿੜਣਗੇ ਹੀ ਨਹੀਂ, ਤੁਸੀਂ ਜੜ੍ਹਾਂ ਨੂੰ ਪਾਣੀ ਹੀ ਨਹੀਂ ਦਿੱਤਾ। ਧਰਮ ਜੜ੍ਹ ਹੈ, ਜੀਵਨ ਦੀ ਸਾਰੀ ਨੀਤੀ ਦੀ ਅਤੇ ਜੇਕਰ ਰਾਜ ਧਰਮ ਨਿਰਪੇਖਸ਼ ਹੈ ਤਾਂ ਰਾਜਨੀਤੀ ਨੀਤੀ ਤਾਂ ਬਿਲਕੁੱਲ ਨਹੀਂ ਹੋਵੇਗੀ, ਅਨੀਤਿ ਹੋ ਜਾਏਗੀ। ਉਹ ਹੀ ਹੋਇਆ ਹੈ।

ਮੈਂ ਤਾਂ ਰਾਜਨੀਤੀ ਦੀ ਆਲੋਚਨਾ ਕਰਾਂਗਾ। ਸਮਸੱਤ (ਸਾਰੇ) ਬੁੱਧਾਂ ਨੇ ਕੀਤੀ ਹੈ। ਸਾਰੇ ਬੁੱਧਾਂ ਦੇ ਸਟੇਟਮੈਂਟ ਹਨ। ਜੀਸਸ ਨੂੰ ਸੂਲੀ ਨ ਚੜ੍ਹਾਇਆ ਹੁੰਦਾ, ਜੇਕਰ ਉਨ੍ਹਾਂ ਨੇ ਉਸ ਸਮੇਂ ਦੀ ਰਾਜਨੀਤੀ ਦਾ ਵਿਰੋਧ ਨ ਕੀਤਾ ਹੁੰਦਾ। ਰਾਜਨੀਤੀ ਮਹੱਤਵ-ਆਕਾਂਕਸ਼ਾ ਨਾਲ ਚਲਦੀ ਹੈ। ਰਾਜਨੀਤੀ ਇੱਕ ਰੋਗ ਹੈ, ਦੁਨੀਆਂ ਨੂੰ ਰਾਜਨੀਤੀ ਤੋਂ ਹੌਲੀ-ਹੌਲੀ ਮੁਕਤ ਕਰਨਾ ਹੈ। ਕਿਉਂਕਿ ਜਿੰਨੀ ਸ਼ਕਤੀ ਰਾਜਨੀਤੀ ਵਿਚ ਲਗ ਜਾਂਦੀ ਹੈ, ਓਨੀਂ ਸ਼ਕਤੀ ਧਰਮ ਵਿਚ ਲਗੇ ਤਾਂ ਲੋਕਾਂ ਦੇ ਜੀਵਨ ਵਿਚ ਬਹੁਤ ਆਨੰਦ ਬਹੁਤ ਉਤਸਵ ਫ਼ਲੇ।

ਤਾਂ ਜੋ ਵਿਅਕਤੀ ਕਹਿੰਦਾ ਹੈ ਕਿ ਮੈਂ ਰਾਜਨੀਤੀ ਦੇ ਵਿਰੋਧ ਵਿਚ ਕੁਝ ਕਹਿ ਦਿੱਤਾ, ਇਸ ਲਈ ਧਰਮ ਤੋਂ ਹੇਠਾਂ ਡਿਗ ਗਿਆ, ਉਸ ਨੂੰ ਨ ਤਾਂ ਧਰਮ ਦਾ ਪਤਾ ਹੈ, ਨ

ਰਾਜਨੀਤੀ ਦਾ ਪਤਾ ਹੈ ਅਤੇ ਮੇਰਾ ਤਾਂ ਉਸ ਨੂੰ ਬਿਲਕੁੱਲ ਪਤਾ ਨਹੀਂ। ਧਰਮ ਵਿਚ ਪਹੁੰਚ ਕੇ ਕੋਈ ਡਿੱਗਦਾ ਥੋੜ੍ਹੇ ਹੀ ਹੈ ਅਤੇ ਜੋ ਡਿੱਗ ਪਏ ਉਹ ਪਹੁੰਚਿਆ ਹੀ ਨਹੀਂ। ਜਿਹੜਾ ਪੁੱਜ ਗਿਆ—ਪੁੱਜ ਗਿਆ, ਡਿੱਗਣ ਦਾ ਕੋਈ ਉਪਾਅ ਹੀ ਨਹੀਂ ਹੈ। ਮੈਂ ਨਰਕ ਵਿਚ ਵੀ ਚਲਾ ਜਾਵਾਂ ਤਾਂ ਵੀ ਜੋ ਮੈਂ ਹਾਂ ਉਹ ਹੀ ਰਹਾਂਗਾ, ਡਿੱਗਣ ਦਾ ਕੋਈ ਉਪਾਅ ਨਹੀਂ ਹੈ।

ਇੱਕ ਪੰਡਿਤ ਰਮਣ ਦੇ ਕੋਲ ਆਇਆ ਅਤੇ ਬਹੁਤ ਸਿਰ ਖਾਣ ਲਗਾ, ਸ਼ਾਸਤ੍ਰਾਂ ਦੀਆਂ ਗੱਲਾਂ ਕਰਨ ਲਗਾ। ਰਮਣ ਨੇ ਉਸਨੂੰ ਵਾਰ-ਵਾਰ ਕਿਹਾ ਕਿ ਭਾਈ ਮੇਰੇ, ਧਿਆਨ ਕਰੋ। ਇਨ੍ਹਾਂ ਸਭ ਨਾਲ ਕੁਝ ਵੀ ਨਹੀਂ ਹੋਏਗਾ, ਇਹ ਸਭ ਗੱਲਾਂ ਬਾਤਾਂ ਹਨ ਅਤੇ ਬੇਕਾਰ ਹਨ। ਸਮਾਂ ਖ਼ਰਾਬ ਨ ਕਰੋ, ਇਵੇਂ ਹੀ ਤੁਹਾਡੀ ਜ਼ਿੰਦਗੀ ਬੀਤ ਗਈ।

ਪਰ ਉਹ ਵੀ ਸ਼ਾਸਤ੍ਰੀ ਸੀ ਉਸਨੇ ਕਿਹਾ, ਤੁਸੀਂ ਕੀ ਕਹਿ ਰਹੇ ਹੋ, ਬੇਕਾਰ ? ਇਹ ਵੇਦ ਦਾ ਵਚਨ ਹੈ। ਅਤੇ ਪ੍ਰਮਾਣ ਦੇਣ ਲਗਾ। ਰਮਣ ਨੇ ਕਿਹਾ ਕਿ ਚੰਗਾ ਹੈ ਸਭ ਠੀਕ ਹੈ, ਪਰ ਤੂੰ ਧਿਆਨ ਤਾਂ ਕਰ। ਉਸਨੇ ਕਿਹਾ ਕਿ ਪਹਿਲਾਂ ਇਸ ਸੰਬੰਧ ਵਿਚ ਗੱਲਬਾਤ ਹੋਏਗੀ ਤਦ ਹੀ ਧਿਆਨ ਕਰਾਂਗਾ। ਉਹ ਜ਼ਿਦ ਫੜੀ ਹੀ ਰਿਹਾ, ਰਮਣ ਉਸਨੂੰ ਕਹਿੰਦੇ ਰਹੇ ਕਿ ਧਿਆਨ ਕਰ। ਉਹ ਇੱਕ ਹੀ ਗੱਲ ਕਹਿੰਦੇ ਸਨ ਕਿ ਧਿਆਨ ਕਰੋ, ਹੋਰ ਕੁਝ ਕਹਿਣ ਲਈ ਹੈ ਵੀ ਨਹੀਂ। ਜਦ ਉਹ ਨਹੀਂ ਮੰਨਿਆ ਤਾਂ ਉਨ੍ਹਾਂ ਨੇ ਚੁੱਕ ਲਿਆ ਆਪਣਾ ਡੰਡਾ...। ਉਹ ਆਦਮੀ ਘਬਰਾਇਆ। ਉਸਨੇ ਕਦੇ ਸੋਚਿਆ ਨਹੀਂ ਸੀ ਕਿ ਰਮਣ ਅਤੇ ਉਹ ਡੰਡਾ ਚੁਕਣਗੇ ਅਤੇ ਰਮਣ ਉਸਦੇ ਪਿੱਛੇ ਭੱਜੇ ...। ਜ਼ਰਾ ਸੋਚੋ ਮਹਾਰਿਸ਼ੀ ਰਮਣ ਨੂੰ ਡੰਡਾ ਲਈ, ਇੱਕ ਪੰਡਿਤ ਦੇ ਪਿੱਛੇ ਭਜਦੇ ... ਅਨੇਕ ਰਮਣ ਦੇ ਪੈਰੋਕਾਰਾਂ ਵਿਚ ਬਹੁਤ ਸ਼ੱਕ ਪੈਦਾ ਹੋ ਗਿਆ ਕਿ ਰਮਣ ਅਤੇ ਡੰਡਾ ਚੁਕਣ 'ਤੇ ਕ੍ਰੋਧਿਤ ਹੋ ਜਾਣ ! ਇਹ ਤਾਂ ਪਤਨ ਹੋ ਗਿਆ ! ਕਿੱਤੇ ਅਜਿਹਾ ਹੁੰਦਾ ਹੈ ?

ਕਿਉਂਕਿ ਅਸੀਂ ਧਾਰਨਾਵਾਂ ਬਣਾ ਲਈਆਂ ਹਨ ਕਿ ਜੋ ਆਦਮੀ ਬੁੱਧੱਤਵ ਨੂੰ ਉਪਲਬੱਧ ਹੋ ਗਿਆ ਹੈ ਉਹ ਡੰਡਾ ਥੋੜ੍ਹੇ ਹੀ ਚੁਕੇਗਾ ! ਸਾਨੂੰ ਕੁਝ ਪਤਾ ਹੀ ਨਹੀਂ ਹੈ। ਬੁੱਧੱਤਵ ਨੂੰ ਉਪਲਬੱਧ ਵਿਅਕਤੀ ਵੀ ਡੰਡਾ ਚੁਕਦਾ ਹੈ, ਹਾਲਾਂਕਿ ਉਸਦਾ ਡੰਡਾ ਚੁਕਣਾ ਤੁਹਾਡੇ ਡੰਡਾ ਚੁਕਣ ਤੋਂ ਵਖੱਰਾ ਹੁੰਦਾ ਹੈ ... ਚੁੱਕ ਸਕਦਾ ਹੈ। ਰਮਣ ਉਸ ਨੂੰ ਭਜਾ ਕੇ ਅੰਦਰ ਆ ਗਏ ਖ਼ੂਬ ਖਿੜ-ਖਿੜਾ ਕੇ ਹਸੱਣ ਲਗੇ ...। ਕਿਸੇ ਨੇ ਪੁੱਛਿਆ ਇਹ ਤੁਸੀਂ ਕੀ ਕੀਤਾ ? ਉਨ੍ਹਾਂ ਨੇ ਕਿਹਾ : ਮੈਂ ਹੋਰ ਕੀ ਕਰਦਾ ? ਲੱਤਾਂ ਦੀ ਦੇਵੀ ਗੱਲਾਂ ਨਾਲ ਮੰਨਦੀ ਨਹੀਂ ਤੇ ਉਹ ਸਿਰ ਖਾਈ ਹੀ ਜਾਂਦਾ। ਉਹ ਹਟਣ ਵਾਲਾ ਸੀ ਹੀ ਨਹੀਂ ; ਉਹ ਡੰਡੇ ਦੀ ਹੀ ਭਾਸ਼ਾ ਸਮਝ ਸਕਦਾ ਸੀ। ਰਮਣ ਗੁੱਸੇ ਨਹੀਂ ਹੋਏ, ਰਮਣ ਅਤੇ ਗੁੱਸੇ ਹੋਣ, ਇਹ ਉਮੀਦ ਹੀ ਨਹੀਂ ਹੈ। ਅਤੇ ਜੇਕਰ ਗੁੱਸੇ ਹੋ ਵੀ ਜਾਣ, ਤੁਹਾਨੂੰ ਵਿਖਾਈ ਪਏ ਗੁੱਸੇ ਹੁੰਦੇ, ਤਾਂ ਵੀ ਗੁੱਸੇ ਨਹੀਂ ਹੁੰਦੇ।

ਤੁਸੀਂ ਜੀਸਸ ਦੀ ਕਹਾਣੀ ਸੁਣੀ ਹੈ ਨ! ਉਨ੍ਹਾਂ ਨੇ ਚੁੱਕ ਲਿਆ ਸੀ ਕੋੜਾ, ਅਤੇ ਚਲੇ ਗਏ ਸਨ ਮੰਦਰ ਵਿਚ, ਮੰਦਰ ਵਿਚ ਜਿਨ੍ਹਾਂ ਨੇ ਬਿਆਜ ਦੀਆਂ ਦੁਕਾਨਾਂ ਖੋਲ੍ਹ ਰੱਖੀਆਂ ਸਨ, ਉਨ੍ਹਾਂ ਦੇ ਤਖਤੇ ਉਲਟ ਦਿੱਤੇ ਸਨ। ਕੋੜੇ ਮਾਰ ਕੇ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ ਸੀ ...। ਹੁਣ ਜ਼ਰਾ ਸੋਚੋ ਕਿ ਜੀਸਸ, ਤੇ ਕੋੜੇ ਚੁੱਕ ਕੇ ਲੋਕਾਂ ਨੂੰ ਬਾਹਰ ਕੱਢ ਦੇਣ ਇਹ ਗੱਲ ਤਾਂ ਜਚਦੀ ਨਹੀਂ, ਫਿਰ ਇਹ ਕਿਹੋ ਜਿਹਾ ਪਹੁੰਚਿਆ ਹੋਇਆ

ਸਿੱਧ ਪੁਰਸ਼ ਹੋਇਆ! ਤਾਂ ਇਹ ਵੀ ਗੁੱਸੇ ਹੋ ਗਿਆ ਤਾਂ ਧਰਮ ਤਾਂ ਪਤਨ ਹੋ ਗਿਆ।

ਮੈਂ ਤੁਹਾਨੂੰ ਕਹਿੰਦਾ ਹਾਂ ਕਿ ਜਿਸ ਨੂੰ ਡੱਰ ਹੈ ਧਰਮ ਤੋਂ ਪਤਿਤ ਹੋਣੇ ਦਾ, ਉਸ ਨੂੰ ਤਾਂ ਧਰਮ ਦਾ ਪਤਾ ਹੀ ਨਹੀਂ। ਉੱਥੋਂ ਕੋਈ ਪਤਿਤ ਥੋੜ੍ਹੇ ਹੀ ਹੁੰਦਾ ਹੈ। ਉਹ ਤਾਂ ਪਰਮ ਜਾਗਰਣ ਹੈ, ਆਤਯੰਤਿਕ (ਆਖ਼ਰੀ) ਦਸ਼ਾ ਹੈ। ਉੱਥੇ ਤਾਂ ਜਿਹੜਾ ਇੱਕ ਬਾਰ ਪਹੁੰਚ ਗਿਆ, ਮਿੱਟ ਹੀ ਗਿਆ। ਰਮਣ ਨੇ ਹਥ ਵਿਚ ਡੰਡਾ ਚੁਕਿਆ ਇਹ ਗੱਲ ਵੀ ਕਹਿਣਾ ਗਲਤ ਹੈ—ਪਰਮਾਤਮਾ ਨੇ ਹੀ ਡੰਡਾ ਹਥ ਵਿਚ ਚੁਕਿਆ। ਰਮਣ ਹੁਣ ਤਾਂ ਹੈ ਨਹੀਂ ਅਤੇ ਜੀਸਸ ਨੇ ਕੋੜੇ ਮਾਰੇ ਇਹ ਗੱਲ ਵੀ ਗਲਤ ਹੈ। ਜੀਸਸ ਤਾਂ ਹੁਣ ਹੈ ਹੀ ਨਹੀਂ। ਪਰਮਾਤਮਾ ਨੇ ਹੀ ਕੋੜਾ ਚੁਕਿਆ, ਜੀਸਸ ਦੇ ਹੱਥਾਂ ਦੀ ਵਰਤੋਂ ਕੀਤੀ।

ਤਾਂ ਮੈਂ ਜੇਕਰ ਕਦੇ ਕੋਈ ਕਠੋਰ ਸਟੇਟਮੈਂਟ ਦੇ ਦਿੰਦਾ ਹਾਂ ਤਾਂ ਜੋ ਨਹੀਂ ਸਮਝਦੇ ਉਹ ਕਹਿਣਗੇ : ਓਏ, ਇੰਨੀ ਕਠੋਰ ਗੱਲ ਕਹਿ ਦਿੱਤੀ। ਅਜਿਹੀ ਗੱਲ ਕਿਸੇ ਮਹਾਂਪੁਰਸ਼ ਨੂੰ ਕਹਿਣੀ ਚਾਹੀਦੀ ਹੈ ? ਉਨ੍ਹਾਂ ਦੀਆਂ ਧਾਰਨਾਵਾਂ ਹਨ ਅਤੇ ਇਸ ਦੇਸ਼ ਵਿਚ ਤਾਂ ਬਹੁਤ ਧਾਰਨਾਵਾਂ ਹਨ। ਤੁਸੀਂ ਤਾਂ ਅਜਿਹੀਆਂ ਧਾਰਨਾਵਾਂ ਬਣਾ ਲਈਆਂ ਹਨ ਕਿ ਜੇਕਰ ਤੁਹਾਡੀ ਧਾਰਨਾ ਨੂੰ ਮੰਨ ਕੇ ਕੋਈ ਚਲੇ ਤਾਂ ਉਹ ਹੋਰ ਕੁਝ ਹੋ ਸਕਦਾ ਹੈ, ਉਹ ਮਹਾਂਪੁਰਸ਼ ਤਾਂ ਨਹੀਂ ਹੋ ਸਕਦਾ। ਉਸ ਵਿਚ ਤਾਂ ਤੁਸੀਂ ਇੰਨੀਆਂ ਜ਼ੰਜੀਰਾਂ ਪਾ ਦਿਓਗੇ ਉਸਦਾ ਜੀਉਂਣ ਹੀ ਮੁਸ਼ਕਿਲ ਕਰ ਦਿਓਗੇ।

ਹੁਣ ਥੋੜ੍ਹਾ ਸੋਚੋ, ਰਮਣ ਜੇਕਰ ਧੋਖੇਬਾਜ਼ ਹੁੰਦੇ ਤਾਂ ਸੋਚਦੇ, ਉਹ, ਥੋੜ੍ਹੀ ਕੂਟਨੀਤੀ ਕਰਦੇ ਕਿ ਡੰਡਾ ਚੁਕਣਾ ਕਿ ਨਹੀਂ ਚੁਕਣਾ? ਸੋਚਦੇ ਕਿ ਡੰਡਾ ਚੁਕਾਂਗਾ ਤਾਂ ਲੋਕ ਕੀ ਕਹਿਣਗੇ। ਅਜਿਹਾ ਸੋਚ ਕੇ ਡੰਡਾ ਨ ਚੁਕਦੇ ਤਾਂ ਮੈਂ ਕਹਿੰਦਾ ਮਹਾਂਪੁਰਸ਼ ਨਹੀਂ ਸਨ। ਪਰ ਸਹਿਜ ਹੀ ਨਿੱਕੇ ਬੱਚੇ ਦੇ ਵਾਂਗ ਡੰਡਾ ਚੁੱਕ ਲਿਆ। ਜੋ ਜਦ ਜਿਹੋ ਜਿਹਾ ਜ਼ਰੂਰੀ ਸੀ, ਜਿਸ ਹਾਲਾਤ ਵਿਚ ਉਨ੍ਹਾਂ ਦੇ ਚੈਤੰਨ ਵਿਚ ਜੋ ਭਾਵ ਪ੍ਰਕਾਸ਼ਮਾਨ ਹੋਇਆ, ਉਸਦੇ ਅਨੁਕੂਲ (ਮੁਤਾਬਿਕ) ਜੀਏ—ਨ ਚਿੰਤਾ ਕੀਤੀ ਕਿ ਤੁਸੀਂ ਕੀ ਸੋਚੋਗੇ, ਕਿ ਤੁਸੀਂ ਕੀ ਕਹੋਗੇ।

ਮੈਂ ਤੁਹਾਡੀ ਚਿੰਤਾ ਨਹੀਂ ਕਰਦਾ—ਤੁਸੀਂ ਕੀ ਸੋਚੋਗੇ, ਤੁਸੀਂ ਕੀ ਕਹੋਗੇ। ਮੈਨੂੰ ਜੋ ਸਹਿਜ ਹੈ ਓਸ ਢੰਗ ਨਾਲ ਜੀਉਂਦਾ ਹਾਂ, ਜੋ ਮੈਨੂੰ ਸਹਿਜ ਕਹਿਣਾ ਹੈ ਕਹਿੰਦਾ ਹਾਂ ਜੋ ਕਿਹਾ ਜਾਂਦਾ ਹੈ ਕਹਿੰਦਾ ਹਾਂ। ਜੋ ਹੁੰਦਾ ਹੈ ਹੋਣ ਦਿੰਦਾ ਹਾਂ। ਤੁਹਾਡੀਆਂ ਧਾਰਨਾਵਾਂ ਤੁਸੀਂ ਸਮਝੋ। ਤੁਹਾਨੂੰ ਠੀਕ ਲਗੇ ਠੀਕ, ਤੁਹਾਨੂੰ ਗਲਤ ਲਗੇ ਗਲਤ ; ਮੇਰੇ ਵੱਲੋਂ ਨ ਹੁਣ ਕੁਝ ਗਲਤ ਹੈ, ਨ ਕੁਝ ਹੁਣ ਠੀਕ ਹੈ। ਇਹ ਸੱਜਣ ਜਿਨ੍ਹਾਂ ਨੇ ਆਪਣਾ ਨਾਮ ਸਵਾਮੀ ਚਿਨਮਯ ਰੱਖ ਲਿਆ ਹੈ, ਮੇਰੇ ਚੇਲੇ ਨਹੀਂ, ਨ ਉਨ੍ਹਾਂ ਨੂੰ ਮੈਂ ਜੋ ਕਹਿ ਰਿਹਾ ਹਾਂ ਇਸ ਦਾ ਕੋਈ ਅਨੁਭਵ ਹੈ। ਪਰ ਇਸ ਤਰ੍ਹਾਂ ਦੀਆਂ ਗੱਲਾਂ ਹੋਣਗੀਆਂ। ਝੂਠੇ ਚੇਲੇ ਵੀ ਪੈਦਾ ਹੋ ਜਾਣਗੇ, ਝੂਠੇ ਦਾਵੇਦਾਰ ਵੀ ਪੈਦਾ ਹੋ ਜਾਣਗੇ। ਇੱਥੋਂ ਸੰਨਿਆਸੀਆਂ ਦੀਆਂ ਮਾਲਾਵਾਂ ਚੋਰੀ ਹੋ ਜਾਂਦੀਆਂ ਹਨ। ਮਾਲਾਵਾਂ ਕੌਣ ਚੁਰਾ ਕੇ ਲੈ ਜਾਂਦਾ ਹੈ! ਬਹੁਤ ਹੈਰਾਨੀ ਦੀ ਗੱਲ ਹੈ! ਮਾਲਾਵਾਂ ਚੁਰਾ ਕੇ ਕਰੋਗੇ ਕੀ? ਪਰ ਮਾਲਾਵਾਂ ਚੁਰਾ ਕੇ ਚੱਲੇ ਗਏ ਤਾਂ ਉਹ ਮੇਰੇ ਸੰਨਿਆਸੀ ਹੋ ਗਏ, ਮੈਂ ਉਨ੍ਹਾਂ ਨੂੰ ਸੰਨਿਆਸ ਦਿੱਤਾ ਨਹੀਂ। ਭਗਵੇਂ ਵਸਤਰ ਤਾਂ ਉਹ ਬਣਾ ਲੈਣਗੇ, ਮਾਲਾ ਦੀ ਦਿੱਕਤ ਸੀ ਸੋ ਉਨ੍ਹਾਂ ਨੇ ਚੁਰਾ ਲਈ।

ਹੁਣ ਉਹ ਟੁਰੇ ਪਿੰਡ-ਪਿੰਡ ... ਇੱਥੇ ਰੋਜ਼ ਖ਼ਬਰਾਂ ਆਉਂਦੀਆਂ ਹਨ ਕਿ ਤੁਹਾਡਾ ਸੰਨਿਆਸੀ ਇਸ ਪਿੰਡ ਵਿਚ ਆਇਆ ਅਤੇ ਚੰਦਾ ਲੈ ਗਿਆ। ਉਸ ਨੇ ਕਿਹਾ ਕਿ ਆਸ਼ਰਮ ਨੂੰ ਬਹੁਤ ਲੋੜ ਹੈ। ਇਹ ਵੀ ਹੋਏਗਾ।

ਹੁਣ ਉਸਦੇ ਕੋਲ ਮਾਲਾ ਹੁੰਦੀ ਹੈ ਤਾਂ ਲੋਕ ਮੰਨ ਲੈਂਦੇ ਹਨ ਕਿ ਠੀਕ ਹੈ ਆਸ਼ਰਮ ਵਲੋਂ ਆਇਆ ਹੋਏਗਾ, ਸੰਨਿਆਸੀ ਉਨ੍ਹਾਂ ਦਾ ਹੈ। ਤਾਂ ਇਸ ਤਰ੍ਹਾਂ ਕੋਈ ਦਸ ਸੰਨਿਆਸੀਆਂ ਦੀਆਂ ਖ਼ਬਰਾਂ ਆਈਆਂ ਹਨ, ਜਿਹੜੇ ਪੈਸੇ ਇਕੱਠੇ ਕਰ ਰਹੇ ਹਨ। ਇੱਕ ਨੇ ਤਾਂ ਹਜ਼ਾਰਾਂ ਰੁਪਏ ਇਕੱਠੇ ਕਰ ਲਏ ਹਨ—ਕੋਈ ਚਾਲ੍ਹੀ ਹਜ਼ਾਰ ਰੁਪਏ—ਤਦ ਪਕੜ ਵਿਚ ਆਇਆ ਉਹ, ਕਿ ਉਹ ਮੇਰਾ ਸੰਨਿਆਸੀ ਨਹੀਂ ਹੈ।

ਸਾਵਧਾਨ ਰਹਿਣਾ ਇਸ ਤਰ੍ਹਾਂ ਦੀਆਂ ਘਟਨਾ ਸੁਭਾਵਿਕ ਹਨ। ਜਿੱਥੇ ਇੰਨਾ ਵੱਡਾ ਅੰਦੋਲਨ ਉਠੇਗਾ, ਉੱਥੇ ਇਹ ਨਿੱਕੀਆਂ-ਮੋਟੀਆਂ ਚੀਜ਼ਾਂ ਵੀ ਪੈਦਾ ਹੁੰਦੀਆਂ ਹਨ। ਜਿਵੇਂ ਫ਼ੁੱਲ ਖਿੜਦੇ ਹਨ ਤਾਂ ਥੋੜ੍ਹੇ ਕੰਡੇ ਵੀ, ਉਨ੍ਹਾਂ ਨੂੰ ਅੰਗੀਕਾਰ ਕਰਨਾ ਹੁੰਦਾ ਹੈ।

ਸਜਗ ਰਹਿਣਾ, ਸਾਵਧਾਨ ਰਹਿਣਾ, ਗੱਦਾਰ ਵੀ ਹੋਣਗੇ। ਧੋਖਾ ਵੀ ਦੇਣ ਵਾਲੇ ਲੋਕ ਆਉਣਗੇ। ਝੂਠਾ ਪ੍ਰਚਾਰ ਵੀ ਕਰਨਗੇ। ਇੰਨਾ ਝੂਠਾ ਪ੍ਰਚਾਰ ਕਰ ਸਕਦੇ ਹਨ ਕਿ ਅਸ਼ਚਰਜ ਮਾਲੂਮ ਹੋਏਗਾ।

ਹੁਣ ਜਰਮਨੀ ਦੇ ਅਖ਼ਬਾਰਾਂ ਵਿਚ ਮੇਰੇ ਸੰਬੰਧ ਵਿਚ ਤੂਫ਼ਾਨ ਉਠਿਆ ਹੋਇਆ ਹੈ। ਕੋਈ ਮਹੀਨੇ ਭਰ ਤੋਂ ਤੂਫ਼ਾਨ ਚਲ ਰਿਹਾ ਹੈ। ਕਰੀਬ-ਕਰੀਬ ਜਰਮਨੀ ਦੇ ਸਾਰੇ ਅਖ਼ਬਾਰ ਉਸ ਵਿਚ ਸ਼ਾਮਿਲ ਹੋ ਗਏ ਹਨ। ਅਜਿਹਾ ਸ਼ਾਇਦ ਹੀ ਕੋਈ ਅਖ਼ਬਾਰ ਹੋਵੇਗਾ ਜਰਮਨੀ ਦਾ, ਜਿਸ ਨੇ ਮੇਰੇ ਪੱਖ ਜਾਂ ਵਿਪੱਖ ਵਿਚ ਸਟੇਟਮੈਂਟ ਨਹੀਂ ਛਾਪੇ ਹਨ। ਜ਼ੋਰ ਦਾ ਘਮਾਸਾਨ ਹੈ...। ਅਤੇ ਜਿਸ ਆਦਮੀ ਨੇ ਸ਼ੁਰੂ ਕੀਤਾ, ਉਸ ਆਦਮੀ ਦਾ ਜੋ ਪਹਿਲਾ ਸਟੇਟਮੈਂਟ ਸੀ, ਮੈਂ ਵੀ ਪੜ੍ਹਿਆ ਤਾਂ ਮੈਂ ਵੀ ਆਨੰਦਿਤ ਹੋਇਆ। ਉਸਨੇ ਸਟੇਟਮੈਂਟ ਦਿੱਤਾ ਕਿ 'ਸਾਢੇ ਪੰਜ ਵਜੇ ਮੈਂ ਆਸ਼ਰਮ ਦੇ ਦਰਵਾਜ਼ੇ ਉੱਤੇ ਪਹੁੰਚਿਆ'—ਜਰਮਨ ਪੱਤ੍ਰਕਾਰ—'ਦਰਵਾਜ਼ਾ ਖੜਕਾਇਆ। ਨਗਨ (ਨੰਗੀ) ਇੱਕ ਸੁੰਦਰ ਯੁਵਕਤੀ ਨੇ ਦਰਵਾਜ਼ਾ ਖੋਲ੍ਹਿਆ। ਸਾਢੇ ਪੰਜ ਵਜੇ ਸਵੇਰੇ...। ਹੋਰ ਇੰਨਾ ਹੀ ਨਹੀਂ ਨੇੜੇ ਦੇ ਇੱਕ ਬ੍ਰਿਛ ਤੋਂ ਇੱਕ ਫ਼ਲ ਤੋੜ ਕੇ, ਜਿਹੜਾ ਸੇਬ ਜਿਹਾ ਮਾਲੂਮ ਹੁੰਦਾ ਸੀ ਉਸਨੇ ਮੈਨੂੰ ਦਿੱਤਾ ਅਤੇ ਕਿਹਾ : ਇਸਨੂੰ ਤੁਸੀਂ ਭਗਵਾਨ ਦਾ ਪ੍ਰਸ਼ਾਦ ਮੰਨ ਕੇ ਅੰਗੀਕਾਰ ਕਰੋ। ਮੈਂ ਉਸ ਤੋਂ ਪੁੱਛਿਆ ਕਿ ਇਸ ਨਾਲ ਕੀ ਹੋਏਗਾ? ਉਸਨੇ ਕਿਹਾ ਕਿ ਇਸ ਨਾਲ ਮਨੁੱਖ ਵਿਚ ਬਹੁਤ ਕਾਮ-ਊਰਜਾ ਪੈਦਾ ਹੁੰਦੀ ਹੈ।

ਹੁਣ ਤੁਸੀਂ ਹੈਰਾਨ ਹੋਵੋਗੇ ਜਾਣ ਕੇ ਕਿ ਖ਼ਤ ਆਉਣੇ ਸ਼ੁਰੂ ਹੋ ਗਏ। ਆਸਟ੍ਰੇਲੀਆ ਤੋਂ ਇੱਕ ਖ਼ਤ ਆਇਆ ਹੋਇਆ ਹੈ। ਇੱਕ ਬੁੱਢੇ ਆਦਮੀ ਨੇ ਖ਼ਤ ਲਿਖਿਆ ਹੈ ਕਿ ਮੇਰੀ ਸੱਤਰ ਸਾਲ ਦੀ ਉਮਰ ਹੈ ਅਤੇ ਮੇਰੀ ਪਤਨੀ ਜਵਾਨ ਹੈ ਅਤੇ ਆਪ ਦੇ ਆਸ਼ਰਮ ਵਿਚ ਅਜਿਹਾ ਫ਼ਲ ਹੈ ਤਾਂ ਮੈਂ ਆ ਜਾਵਾਂ ? ਮੇਰੇ ਉੱਤੇ ਕਿਰਪਾ ਕਰੋ। ਇਹ ਸਭ ਵੀ ਹੋਏਗਾ।

ਮੈਂ ਉਨ੍ਹਾਂ ਨੂੰ ਲਿਖਵਾਇਆ ਹੈ ਕਿ ਤੁਸੀਂ ਆਓ ਤਾਂ ! ਫ਼ਲ ਵਗੈਰਾ ਦੀ ਪਿੱਛੋਂ ਸੋਚਾਂਗੇ। ਚਲੋ ਇਸ ਬਹਾਨੇ ਆ ਤਾਂ ਜਾਓ। ਆ ਜਾਣਗੇ ਤਾਂ ਸਮਝਾ-ਬੁਝਾ ਲਵਾਂਗਾ ਕਿ ਚਲੋ ਧਿਆਨ ਤਾਂ ਕਰੋ। ਜਰਮਨੀ ਤੋਂ ਹੀ ਮੇਰੇ ਮਿੱਤਰਾਂ ਨੇ ਲਿਖਿਆ ਹੈ ਕਿ ਤੁਸੀਂ ਸਾਵਧਾਨ ਰਹਿਣਾ,

ਕਿਉਂਕਿ ਇੱਥੇ ਇਸ ਤਰ੍ਹਾਂ ਦਾ ਜੋ ਝੂਠਾ ਪ੍ਰਚਾਰ ਚਲ ਰਿਹਾ ਹੈ, ਇਸ ਦਾ ਪਰਿਣਾਮ (ਨਤੀਜਾ) ਇਹ ਹੋਏਗਾ ਕਿ ਸਭ ਤਰ੍ਹਾਂ ਦੇ ਰੋਗੀ ਚਿੱਤ ਲੋਕ, ਮਾਨਸਿਕ ਰੂਪ ਨਾਲ ਵਿਕ੍ਰਤ (ਖ਼ਰਾਬ) ਲੋਕ ਆਸ਼੍ਰਮ ਪਹੁੰਚਣਾ ਸ਼ੁਰੂ ਹੋ ਜਾਣਗੇ।

ਇੱਕ ਸਜੱਣ ਆ ਗਏ ਹਨ। ਆ ਹੀ ਗਏ। ਸੱਠ ਵਰ੍ਹਿਆਂ ਦੇ ਹਨ, ਉਨ੍ਹਾਂ ਨੇ ਆਉਂਦੇ ਸਾਰ ਖ਼ਬਰ ਭੇਜੀ ਕਿ ਉਹ ਹੋਮੋਸੈਕਸੁਏਲਿਟੀ ਨਾਲ ਪੀੜਤ ਹਨ, ਤਾਂ ਕੋਈ ਉਪਾਅ ਹੈ ਮੇਰੇ ਲਈ ? ਇਹ ਦੁਨੀਆਂ ਬਹੁਤ ਅਜੀਬ ਹੈ, ਇਸਦੇ ਰਸਤੇ ਬੜੇ ਅਜੀਬ ਹਨ। ਤਰ੍ਹਾਂ-ਤਰ੍ਹਾਂ ਦੇ ਲੋਕ, ਇੱਥੇ ਸਭ ਤਰ੍ਹਾਂ ਦੇ ਪਾਗਲਪਨ ਹਨ ਧਰਤੀ ਉੱਤੇ ...। ਇਨ੍ਹਾਂ ਪਾਗਲਾਂ ਦੇ ਵਿਚਕਾਰ ਜੀਉਂਣਾ ਅਤੇ ਹੋਸ਼ ਪੂਰਵਕ ਜੀਉਂਣਾ ਅਤੇ ਪਾਗਲਪਨ ਤੋਂ ਮੁਕਤ ਹੋ ਕੇ ਜੀਉਂਣਾ ਬਹੁਤ ਔਖੀ ਗੱਲ ਹੈ। ਉਹ ਹੀ ਔਖਿਆਈ ਸਾਰੇ ਬੁੱਧਾਂ ਦੀ ਰਹੀ ਹੈ, ਕਿਉਂਕਿ ਪਾਗਲ ਆਪਣੀਆਂ ਚੀਜ਼ਾਂ ਉਨ੍ਹਾਂ ਉੱਤੇ ਥੋਪ ਦਿੰਦੇ ਹਨ। ਉਨ੍ਹਾਂ ਦਾ, ਪਾਗਲਾਂ ਦਾ ਵੀ ਕੋਈ ਕਸੂਰ ਨਹੀਂ, ਉਹ ਵੀ ਕੀ ਕਰਨ?

ਉਨ੍ਹਾਂ ਦੇ ਕੋਲ ਜਿਸ ਤਰ੍ਹਾਂ ਦਾ ਚਿੱਤ ਹੈ ਉਹ ਹੀ ਥੋਪ ਦਿੰਦੇ ਹਨ।

ਹੁਣ ਜੇਕਰ ਇਨ੍ਹਾਂ ਸੱਜਣ ਨੂੰ ਕਿਹਾ ਜਾਏ ਕਿ ਤੁਸੀਂ ਪਾਗਲ ਹੋ, ਤੁਸੀਂ ਕਿਹੜੀਆਂ ਅਖ਼ਬਾਰਾਂ ਦੀਆਂ ਗੱਲਾਂ ਸੁਣ ਕੇ ਆ ਗਏ ਹੋ, ਤਾਂ ਉਹ ਮੰਨਣਗੇ ਨਹੀਂ, ਉਹ ਸਮਝਣਗੇ ਕਿ ਉਨ੍ਹਾਂ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੂੰ ਕਿਹਾ ਹੈ ਕਿ ਤੁਸੀਂ ਫ਼ਿਜੂਲ ਗੱਲ ਪੜ੍ਹਕੇ ਆ ਗਏ, ਤੁਸੀਂ ਇੱਥੇ ਵੇਖੋ, ਸਾਨੂੰ ਇੱਥੇ ਕੋਈ ਇਸ ਤਰ੍ਹਾਂ ਦੇ ਲੋਕਾਂ ਦਾ ਇਲਾਜ ਕਰਨ ਦੀ ਉਤਸੁਕਤਾ ਨਹੀਂ ਹੈ।

ਇਹ ਕੋਈ ਹਸਪਤਾਲ ਨਹੀਂ ਹੈ, ਇਸਤਰ੍ਹਾਂ ਦੇ ਲੋਕਾਂ ਲਈ।

ਤਾਂ ਉਨ੍ਹਾਂ ਨੇ ਖ਼ਬਰ ਭੇਜੀ ਕਿ ਜੇਕਰ ਸੰਨਿਆਸ ਲੈਣਾ ਜ਼ਰੂਰੀ ਹੈ ਤਾਂ ਮੈਂ ਸੰਨਿਆਸ ਵੀ ਲੈ ਸਕਦਾ ਹਾਂ ਪਰ ਹੁਣ ਜਾਵਾਂਗਾ ਨਹੀਂ। ਹੁਣ ਤਾਂ ਕੁਝ ਹੋ ਹੀ ਜਾਏ ਤਦ ਜਾਵਾਂਗਾ।

ਇਹ ਸਭ ਹੋਏਗਾ। ਜਿਹੜੇ ਮੇਰੇ ਨਾਲ ਹਨ ਉਨ੍ਹਾਂ ਸਭ ਨੂੰ ਹੋਸ਼ਿਆਰ ਹੋਕੇ ਇਨ੍ਹਾਂ ਸਭ ਗੱਲਾਂ ਦਾ ਧਿਆਨ ਰੱਖਣਾ ਹੋਇਗਾ : ਨ ਤਾਂ ਵਿਚਲਿਤ ਹੋਣ ਦੀ ਲੋੜ ਹੈ ਨ ਪਰੇਸ਼ਾਨ ਹੋਣ ਦੀ ਲੋੜ ਹੈ। ਝੂਠੀਆਂ ਗੱਲਾਂ ਕਹੀਆਂ ਜਾਣਗੀਆਂ, ਝੂਠੀਆਂ ਗੱਲਾਂ ਫ਼ੈਲਾਈਆਂ ਜਾਣਗੀਆਂ, ਉਨ੍ਹਾਂ ਤੇ ਭਰੋਸਾ ਕਰਨ ਵਾਲੇ ਲੋਕ ਮਿਲ ਜਾਣਗੇ।

ਹੋਰ ਭੀੜ ਉਨ੍ਹਾਂ ਤੇ ਭਰੋਸਾ ਕਰ ਲਵੇਗੀ, ਕਿਉਂਕਿ ਮੈਂ ਜੋ ਕਹਿ ਰਿਹਾ ਹਾਂ ਉਹ ਭੀੜ ਦੀਆਂ ਮਾਨਤਾਵਾਂ ਦੇ ਵਿਪਰੀਤ (ਉਲਟ) ਹੈ।

ਇਸ ਲਈ ਮੇਰੇ ਖ਼ਿਲਾਫ਼ ਜੋ ਵੀ ਕਿਹਾ ਜਾਏਗਾ ਭੀੜ ਉਸ ਉੱਤੇ ਰਾਜ਼ੀ ਹੋ ਜਾਏਗੀ। ਹੋਰ ਮੇਰੇ ਖ਼ਿਲਾਫ਼ ਬੋਲਣ ਵਾਲੇ ਲੋਕ ਵਧੱਣਗੇ, ਕਿਉਂਕਿ ਉਸ ਤੋਂ ਉਨ੍ਹਾਂ ਨੂੰ ਲਾਭ ਹੋਏਗਾ। ਲੋਕ ਉਨ੍ਹਾਂ ਦੀ ਮੰਨਣਗੇ, ਸੁਨਣਗੇ, ਸਮਝਣਗੇ। ਲੋਕ ਸਮਝਣਗੇ ਕਿ ਇਹ ਬਹੁਤ ਗਿਆਨੀ ਹਨ। ਪਰ ਇਹ ਨਾਟਕ ਸਦਾ ਤੋਂ ਇਸੇ ਤਰ੍ਹਾਂ ਚਲਦਾ ਰਿਹਾ ਹੈ।

ਕਦੇ ਜੀਸਸ ਹੁੰਦੇ ਤਾਂ ਜੁਦਾਸ ਹੋ ਜਾਂਦੇ। ਕਦੇ ਬੁੱਧ ਹੁੰਦੇ ਤਾਂ ਦੇਵਦਤ ਹੋ ਜਾਂਦਾ ਅਤੇ ਕਦੇ ਮਹਾਵੀਰ ਹੋ ਜਾਂਦੇ ਤਾਂ ਗੋਸ਼ਾਲ ਹੋ ਜਾਂਦਾ। ਕਿਸੇ ਨ ਕਿਸੇ ਨੂੰ ਮੇਰੇ ਨਾਲ ਜੁਦਾਸ ਤਾਂ ਹੋਣਾ ਹੀ ਪਏਗਾ।

ਦੂਜਾ ਸਵਾਲ : ਸ਼ਰਧਾ ਕੀ ਹੈ ?

ਸ਼ਰਧਾ ਹੈ ਅੰਦਰੂਨੀ ਅੱਖ। ਜਿਵੇਂ ਇਹ ਦੋ ਅੱਖਾਂ ਹਨ ਜਗਤ ਨੂੰ ਵੇਖਣ ਲਈ, ਅਜਿਹੀ ਇੱਕ ਤੀਸਰੀ ਅੱਖ ਹੈ ਤੁਹਾਡੇ ਅੰਦਰ, ਜਿਸ ਦਾ ਨਾਮ ਸ਼ਰਧਾ ਹੈ। ਸ਼ਰਧਾ ਦੀ ਅੱਖ ਨਾਲ ਪਰਮਾਤਮਾ ਵੇਖਿਆ ਜਾਂਦਾ ਹੈ। ਸ਼ਰਧਾ ਦੀ ਅੱਖ ਦਾ ਅਰਥ ਹੈ ਪ੍ਰੇਮ ਦੀ ਅੱਖ। ਕੁਝ ਗੱਲਾਂ ਹਨ ਜੋ ਪ੍ਰੇਮ ਹੀ ਜਾਣ ਸਕਦਾ ਹੈ। ਹੋਰ ਕੋਈ ਉਪਾਅ ਜਾਨਣ ਦਾ ਨਹੀਂ ਹੈ।

ਤੁਸੀਂ ਜੇਕਰ ਕਿਸੇ ਵਿਅਕਤੀ ਨੂੰ ਪਿਆਰ ਕਰਦੇ ਹੋ ਤਾਂ ਤੁਹਾਨੂੰ ਉਸ ਵਿਚ ਕੁਝ ਗੱਲਾਂ ਵਿਖਾਈ ਦੇਣਗੀਆਂ, ਜਿਹੜੀਆਂ ਕਿਸੇ ਹੋਰ ਨੂੰ ਵਿਖਾਈ ਨਹੀਂ ਦੇਣਗੀਆਂ। ਤੁਹਾਨੂੰ ਉਸ ਵਿਚ ਕੁਝ ਮਿੱਠਾਪਨ ਵਿਖਾਈ ਪਏਗਾ, ਜੋ ਹੋਰ ਕਿਸੇ ਨੂੰ ਵਿਖਾਈ ਨਹੀਂ ਪਏਗਾ। ਉਹ ਮਿੱਠਾਪਨ ਨਾਜ਼ੁਕ ਹੈ; ਉਸਦੇ ਲਈ ਪ੍ਰੇਮ ਦਾ ਸਪਰਸ਼ (ਛੋਹ) ਚਾਹੀਦਾ ਹੈ, ਤਾਂ ਹੀ ਪ੍ਰਗਟ ਹੁੰਦਾ ਹੈ। ਤੁਹਾਨੂੰ ਉਸ ਵਿਅਕਤੀ ਵਿਚ ਇੱਕ ਗੀਤ ਦੀ ਅਨੁਗੂੰਜ (ਇੱਕ ਤਰ੍ਹਾਂ ਦੀ ਗੂੰਜ) ਸੁਣਾਈ ਪਏਗੀ, ਜੋ ਕਿਸੇ ਹੋਰ ਨੂੰ ਸੁਣਾਈ ਨਹੀਂ ਪਏਗੀ। ਉਸ ਲਈ ਜਿੰਨੇ ਨੇੜੇ ਆਉਂਣਾ ਜ਼ਰੂਰੀ ਹੈ, ਓਨਾ ਕੋਈ ਨੇੜੇ ਨਹੀਂ ਹੈ; ਤੁਸੀਂ, ਓਨੇ ਨੇੜੇ ਹੋ।

ਇਸ ਲਈ ਜਿਸ ਨੂੰ ਅਸੀਂ ਪ੍ਰੇਮ ਕਰਦੇ ਹਾਂ ਉਸ ਵਿਚ ਸੁੰਦਰਤਾ ਪ੍ਰਗਟ ਹੋਣ ਲਗਦੀ ਹੈ। ਲੋਕ ਸੋਚਦੇ ਹਨ ਜਿਸ ਵਿਚ ਸੁੰਦਰਤਾ ਹੁੰਦੀ ਹੈ ਅਸੀਂ ਉਸਦੇ ਪ੍ਰੇਮ ਵਿਚ ਡਿੱਗਦੇ ਹਾਂ, ਉਹ ਗਲਤ ਸੋਚਦੇ ਹਨ। ਤੁਸੀਂ ਜਿਸਦੇ ਪ੍ਰੇਮ ਵਿਚ ਪੈ ਜਾਂਦੇ ਹੋ ਉਸ ਵਿਚ ਸੁੰਦਰਤਾ ਵਿਖਾਈ ਪੈਂਦੀ ਹੈ। ਉਸ ਵਿਚ ਜੀਵਨ ਦੀ ਸਾਰੀ ਖੁਸ਼ੀ, ਸਾਰੀ ਗਰਿਮਾ ਪ੍ਰਗਟ ਹੋਣ ਲਗਦੀ ਹੈ। ਅਤੇ ਅਜਿਹਾ ਨਹੀਂ ਹੈ ਕਿ ਤੁਸੀਂ ਕਲਪਨਾ ਕਰ ਰਹੇ ਹੋ; ਪ੍ਰੇਮ ਦੀ ਅੱਖ ਖੁਲ੍ਹਦੇ ਹੀ ਤੁਹਾਨੂੰ ਅਦ੍ਰਿਸ਼ ਦ੍ਰਿਸ਼ ਹੋਣ ਲਗਦਾ ਹੈ, ਅਗੋਚਰ ਗੋਚਰ ਹੋਣ ਲਗਦਾ ਹੈ। ਜੋ ਲੁੱਕਿਆ ਹੈ ਉਸ ਦੀ ਉਪਸਥਿਤੀ (ਮੌਜੂਦਗੀ) ਅਨੁਭਵ (ਮਹਿਸੂਸ) ਹੋਣ ਲਗਦੀ ਹੈ। ਬਿਨਾਂ ਦਰਵਾਜ਼ਾ ਖੋਲ੍ਹੇ ਕੋਈ ਤੁਹਾਡੇ ਅੰਦਰ ਆ ਜਾਂਦਾ ਹੈ।

ਖੁਲ੍ਹਤਾ ਨਹੀਂ ਦਿਲ ਬੰਦ ਹੀ ਰਹਤਾ ਹੈ ਹਮੇਸ਼ਾ ।
ਕਿਯਾ ਜਾਨੇ ਕਿ ਆ ਜਾਤਾ ਹੈ ਤੂ ਇਸ ਮੇਂ ਕਿਧਰ ਸੇ ॥

ਸ਼ਰਧਾਵਾਨ ਨੂੰ ਪਤਾ ਲਗਦਾ ਕਿ ਬਹੁਤ ਹੈਰਾਨਗੀ ਦੀ ਗੱਲ ਹੈ ਕਿ ਕਿਧਰੋਂ, ਕਿਸ ਅਨਜਾਣ ਦਰਵਾਜ਼ੇ ਤੋਂ ਪਰਮਾਤਮਾ ਅੰਦਰ ਪ੍ਰਵੇਸ਼ ਕਰ ਜਾਂਦਾ ਹੈ !

ਦੇਖਿਯੌ ਜਾਗਤ ਵੈਸਿਯੇ, ਸਾਂਕਰਿ ਲਗੀ ਕਪਾਟ ।
ਕਿਤ ਹੈ ਆਵਤ ਜਾਤ ਭਜਿ, ਕੋ ਜਾਨੇ ਕਿਹਿ ਬਾਟ ॥

ਬਿਹਾਰੀ ਦਾ ਇਹ ਦੋਹਾ ਹੈ, ਬਹੁਤ ਪਿਆਰਾ ਹੈ ! ਚੌਹਾਂ ਪਾਸਿਆਂ ਤੋਂ ਦਰਵਾਜ਼ਾ ਬੰਦ ਕਰਕੇ ਪ੍ਰੇਮਿਕਾ ਸੌਂ ਰਹੀ ਹੈ। ਸੁਫ਼ਨੇ ਵਿਚ ਉਸਦੇ ਪ੍ਰੇਮੀ ਆ ਜਾਂਦੇ ਹਨ, ਇੰਨੇ ਵਿਚ ਉਹ ਜਾਗ ਪੈਂਦੀ ਹੈ। ਜਾਗ ਕੇ ਵੇਖਦੀ ਹੈ ਕਿ ਕਿਵਾੜ (ਦਰਵਾਜ਼ਾ) ਤਾਂ ਉਵੇਂ ਹੀ ਬੰਦ ਹੈ, ਉਸ ਵਿਚ ਕੁੰਡੀ ਵੀ ਉਸੇ ਤਰ੍ਹਾਂ ਲਗੀ ਹੋਈ ਹੈ। ਪਤਾ ਨਹੀਂ ਉਹ ਕਿਧਰੋਂ ਆਉਂਦੇ ਹਨ ਅਤੇ ਕਿਹੜੇ ਰਾਹੋਂ ਭੱਜ ਜਾਂਦੇ ਹਨ।

ਦੇਖਿਯੋ ਜਾਗਤ ਵੈਸਿਜੇ, ਸਾਂਕਰਿ ਲਗੀ ਕਪਾਟ ।
ਕਿਤ ਹੈ ਆਵਤ ਜਾਤ ਭਜਿ, ਕੋ ਜਾਨੇ ਕਿਹਿ ਬਾਟ ॥

ਕਿਧਰੋਂ ਤੁਸੀਂ ਆ ਜਾਂਦੇ ਹੋ, ਕਿਸ ਪਾਸਿਓਂ ਤੁਸੀਂ ਵਿਦਾ ਹੋ ਜਾਂਦੇ ਹੋ ! ਕਿਹੜੇ ਝਰੋਖੇ ਵਿਚੋਂ ਝਾਤੀ ਮਾਰ ਜਾਂਦੇ ਹੋ ! ਉਸ ਝਰੋਖੇ ਦਾ ਨਾਮ ਸ਼ਰਧਾ ਹੈ।

ਜਿਹੜਾ ਤਰਕ ਵਿਚ ਹੀ ਜੀਉਂਦਾ ਹੈ ਉਹ ਪਦਾਰਥ ਤੋਂ ਜਿਆਦਾ ਡੂੰਘਾ ਕੁਝ ਵੀ ਨਹੀਂ ਜਾਣ ਪਾਏਗਾ। ਉਸਦਾ ਜੀਵਨ ਵਿਅਰਥ ਹੀ ਹੋਏਗਾ। ਧਨ ਕਿੰਨਾ ਹੀ ਇਕੱਠਾ ਕਰ ਲਵੇ, ਪਰ ਸਾਰਾ ਧਨ ਪਿਆ ਰਹਿ ਜਾਏਗਾ। ਧਿਆਨ ਤੋਂ ਵਾਂਜਿਆ ਰਹਿ ਜਾਏਗਾ।

ਅਤੇ ਧਿਆਨ ਹੀ ਮੌਤ ਵਿਚ ਵੀ ਨਾਲ ਜਾਂਦਾ ਹੈ। ਪਰਮ ਧਨ ਉਸਨੂੰ ਨਹੀਂ ਮਿਲੇਗਾ। ਪਰਮ ਧਨ ਤਾਂ ਉਸੇ ਨੂੰ ਮਿਲਦਾ ਹੈ, ਜਿਸਦੇ ਅੰਦਰ ਸ਼ਰਧਾ ਦੀ ਅੱਖ ਹੈ।

ਮੈਂ ਤੁਹਾਨੂੰ ਕਿਹਾ, ਕਿ ਚਾਰ ਅਵਸਥਾਵਾਂ ਹਨ ਜਗਿਆਸੂਆਂ ਦੀਆਂ। ਵਿਦਿਆਰਥੀ, ਉਹ ਤਰਕ ਨਾਲ ਚਲਦਾ ਹੈ। ਸਾਧਕ, ਉਹ ਕ੍ਰਤਯ (ਕਰਮ) ਨਾਲ ਚਲਦਾ ਹੈ, ਚੇਲਾ, ਪ੍ਰੇਮ ਨਾਲ ਚਲਦਾ ਹੈ ਅਤੇ ਭਗਤ, ਸ਼ਰਧਾ ਨਾਲ। ਪ੍ਰੇਮ ਦੀ ਪਰਾਕਾਸ਼ਠਾ (ਪਰਮ ਸੀਮਾਂ) ਹੈ ਸ਼ਰਧਾ। ਸ਼ਰਧਾ ਦਾ ਅਰਥ ਹੈ : ਜੋ ਹੁਣ ਤੱਕ ਨਹੀਂ ਹੋਇਆ ਹੈ ਉਹ ਵੀ ਹੋਏਗਾ, ਉਸ ਉੱਤੇ ਭਰੋਸਾ ਹੈ। ਕਿਉਂਕਿ ਜੋ ਹੋਇਆ, ਉਸ ਤੋਂ ਭਰੋਸਾ ਜਗਦਾ ਹੈ। ਇਸ ਜਗਤ ਵਿਚ ਇੰਨੀ ਸੁੰਦਰਤਾ ਹੈ, ਇਸ ਜਗਤ ਵਿਚ ਇੰਨੀ ਰੋਸ਼ਨੀ ਹੈ, ਇੰਨਾ ਸੰਗੀਤ ਹੈ ... ਪੰਛੀਆਂ ਦੇ ਗਲੇ ਵਿਚ ਵੀ ਸੰਗੀਤ ਭਰਿਆ ਹੈ ! ਪੱਤੇ-ਪੱਤੇ ਵਿਚ ਸੁੰਦਰਤਾ ਹੈ, ਤਾਰਿਆਂ ਵਿਚ ਰੋਸ਼ਨੀ ਹੈ। ਇਹ ਜਗਤ ਇੰਨਾਂ ਮਹਿਮਾਂ-ਪੂਰਣ ਹੈ, ਇਸਦੇ ਪਿੱਛੇ ਕੋਈ ਨ ਕੋਈ ਚਿਤੇਰਾ ਹੋਣਾ ਹੀ ਚਾਹੀਦਾ ਹੈ।

ਸ਼ਰਧਾ ਦਾ ਅਰਥ ਹੈ : ਇੰਨੇ ਰੰਗਾਂ ਦੇ ਪਿੱਛੇ ਕੋਈ ਚਿਤੇਰਾ ਹੋਣਾ ਹੀ ਚਾਹੀਦਾ ਹੈ।

ਸ਼ਰਧਾ ਦਾ ਅਰਥ ਹੈ, ਇੰਨੀ ਸੁੰਦਰਤਾ ਦੀ ਜਿੱਥੇ ਬਾਰਸ਼ ਹੋ ਰਹੀ ਹੈ, ਉੱਥੇ ਇਸ ਸੁੰਦਰਤਾ ਦਾ ਕੋਈ ਮੂਲ ਸ਼ਰੋਤ ਵੀ ਹੋਣਾ ਚਾਹੀਦਾ ਹੈ।

ਇਹ ਤਰਕ ਨਹੀਂ ਹੈ। ਇਹ ਕੋਈ ਕੰਮ ਕਰਨ ਦਾ ਸਿੱਧਾਂਤ ਨਹੀਂ—ਇਹ ਪ੍ਰਤੀਤਿ ਹੈ। ਜਿਸ ਤਰ੍ਹਾਂ ਤੁਸੀਂ ਜਦ ਬਗੀਚੇ ਦੇ ਨੇੜੇ ਆਉਂਣ ਲਗਦੇ ਹੋ ਤਾਂ ਹਵਾਵਾਂ ਵਿਚ ਥੋੜ੍ਹੀ-ਜਿਹੀ ਸੀਤਲਤਾ ਮਾਲੂਮ ਹੋਣ ਲਗਦੀ ਹੈ। ਅੱਜੇ ਬਗੀਚਾ ਵਿਖਾਈ ਨਹੀਂ ਦਿੰਦਾ ਪਰ ਹਵਾ ਸੀਤਲ ਹੋਣ ਲਗੀ। ਤਾਂ ਇੱਕ ਗੱਲ ਤੈਅ ਹੈ ਕਿ ਤੁਸੀਂ ਬਗੀਚੇ ਦੇ ਨੇੜੇ ਆ ਰਹੇ ਹੋ।

ਜਾਣੇ-ਅਨਜਾਣੇ ਤੁਹਾਡੇ ਪੈਰ ਠੀਕ ਰਸਤੇ ਤੇ ਪੈ ਰਹੇ ਹਨ, ਕਿ ਦੂਰੀ ਘੱਟ ਹੋ ਰਹੀ ਹੈ, ਕਿ ਨੇੜਤਾ ਵੱਧ ਰਹੀ ਹੈ। ਫ਼ਿਰ ਹੌਲੀ-ਹੌਲੀ ਹਵਾਵਾਂ ਤੇ ਸਵਾਰ ਫ਼ੁੱਲਾਂ ਦੀ ਸੁਗੰਧ ਵੀ ਆਉਂਣ ਲਗੀ ... ਇਹ ਬੇਲੇ ਦੀ ਸੁਗੰਧ, ਇਹ ਰਾਤ ਦੀ ਰਾਣੀ ਦੀ ਸੁਗੰਧ, ਇਹ ਗੁਲਾਬ ਦੀ ਸੁਗੰਧ ...। ਹੁਣ ਤੁਸੀਂ ਜਾਣਦੇ ਹੋ ਕਿ ਨੇੜੇ, ਹੋਰ ਵੀ ਨੇੜੇ ਆਉਂਣ ਲਗੇ! ਅੱਜੇ ਵੀ ਬਗੀਚਾ ਵਿਖਾਈ ਨਹੀਂ ਪਿਆ, ਪਰ ਹੁਣ ਤੁਹਾਨੂੰ ਯਕੀਨ ਹੈ ਕਿ ਬਗੀਚਾ ਹੈ, ਨਹੀਂ ਤਾਂ ਇਹ ਸੁਗੰਧ ਕਿੱਥੋਂ ? ਸੁਗੰਧ ਦਾ ਸਰੋਤ (ਝਰਨਾ) ਕਿੱਤੇ ਹੋਏਗਾ, ਫ਼ੁੱਲ ਕਿੱਤੇ ਖਿੜੇ ਹੋਣਗੇ। ਫ਼ਿਰ ਤੁਸੀਂ ਹੋਰ ਨੇੜੇ ਆਉਂਦੇ ਹੋ, ਪੰਛੀਆਂ ਦੇ ਗੀਤ ਵੀ ਸੁਣਾਈ ਦੇਣ ਲਗੇ। ਹੁਣ ਤੁਸੀਂ ਜਾਣਦੇ ਹੋ ਕਿ ਸੰਘਣੀ ਛਾਂ ਹੋਵੇਗੀ, ਘਣੇ ਦਰਖ਼ੱਤ ਹੋਣਗੇ ਨਹੀਂ

ਤਾਂ ਇੰਨੇ ਪੰਛੀਆਂ ਦੇ ਗੀਤ ... ਇਹ ਕੋਇਲ ਪੁਕਾਰਨ ਲਗੀ ਤਾਂ ਅਮਰਾਈ (ਅੰਬਾਂ ਦਾ ਬਾਗ) ਹੋਵੇਗੀ।

ਸ਼ਰਧਾ ਦਾ ਅਰਥ ਹੈ : ਜੋ ਸੂਖਮ ਸੰਕੇਤ ਮਿਲਦੇ ਹਨ ਉਨ੍ਹਾਂ ਦੇ ਰਾਹੀਂ ਸਰੋਤ ਨੂੰ ਸਵੀਕਾਰ ਕਰ ਲੈਣਾ। ਗੁਰੂ ਦੇ ਕੋਲ ਬੈਠੇ ਅਤੇ ਚਿੱਤ ਮਗਨ ਹੋਣ ਲਗਾ, ਕੁਝ ਬੂੰਦਾਂ-ਬਾਂਦੀ ਹੋਣ ਲਗੀ। ਹ੍ਰਿਦੇ ਵਿਚ ਕੋਈ ਕਮਲ ਖਿੜਣ ਲਗਾ, ਤਾਂ ਤੁਸੀਂ ਜਾਣਦੇ ਹੋ ਕਿ ਜਿਸਦੇ ਕੋਲ ਬੈਠਣ ਨਾਲ ਅਜਿਹਾ ਹੋ ਰਿਹਾ ਹੈ, ਹੁਣ ਕੁਝ ਹੋਰ ਵੀ ਹੋਵੇਗਾ; ਭਰੋਸਾ ਵੱਧਿਆ।

ਤੁਮ ਮਿਲੋਗੇ ਹੀ ਕਭੀ ਸੁਧਿ ਕੀ ਡਗਰ ਮੇਂ,
ਮੈਂ ਤੁਮਹਾਰੀ ਯਾਦ ਕੋ ਅਪਨਾ ਬਨਾ ਲੂੰ !

ਤੁਸੀਂ ਮਿਲੋਗੇ ਹੀ ਕਦੇ ... ਅਜਿਹੀ ਭਾਵ ਦਸ਼ਾ ਦਾ ਨਾਮ ਸ਼ਰਧਾ ਹੈ।

ਤੁਮ ਮਿਲੋਗੇ ਹੀ ਕਭੀ ਸੁਧਿ ਕੀ ਡਗਰ ਮੇਂ,
ਮੈਂ ਤੁਮਹਾਰੀ ਯਾਦ ਕੋ ਅਪਨਾ ਬਨਾ ਲੂੰ !
ਤੁਮ ਮਿਟਾ ਦੋਗੇ ਕਭੀ ਮਨ ਕੀ ਘੁਟਨ ਕੋ,
ਮੈਂ ਤੁਮਹਾਰੀ ਜਯੋਤਿ ਕੋ ਅਪਨਾ ਬਨਾ ਲੂੰ !

ਸੁਬਹ-ਸੀ-ਮੁਸਕਾਨ, ਚੰਦਨ-ਸਾ ਹ੍ਰਿਦਯ-ਧਨ,
ਔਸ-ਸਾ ਪਾਵਨ ਨਯਨ ਕਾ ਨੀਰ ਢਾਲਾ;
ਸੁਮਨ ਕੋ ਸੌਰਭ, ਭ੍ਰਮਰ ਕੋ ਗੂੰਜ ਦੇਕਰ,
ਸਵਪਂ ਕੋ ਛਲਤੀ ਰਹੀ, ਪੀ ਮਦਿਰ ਹਾਲਾ,
ਤੁਮ ਸਜਾ ਦੋਗੇ ਕਭੀ ਬਿਖਰੇ ਸਪਨ ਕੋ,
ਮੈਂ ਤੁਮਹਾਰੀ ਨੀਂਦ ਕੋ ਅਪਨਾ ਬਨਾ ਲੂੰ !
ਤੁਮ ਮਿਲੋਗੇ ਹੀ ਕਭੀ ਸੁਧਿ ਕੀ ਡਗਰ ਮੇਂ,
ਮੈਂ ਤੁਮਹਾਰੀ ਯਾਦ ਕੋ ਅਪਨਾ ਬਨਾ ਲੂੰ !

ਮੈਂ ਅਕਿੰਚਨ-ਸੀ ਕਿਨਾਰੇ ਪਰ ਖੜੀ ਹੂੰ,
ਔਰ ਉਫਨਾਤਾ ਜਲਧਿ ਲਲਕਾਰਤਾ ਹੈ;
ਸਾਥ ਦੇਨੇ ਕੋ ਲਹਿਰ ਬੇਕਲ ਬੜੀ ਹੈ,
ਔਰ ਤਟ ਕਾ ਧੈਰਜ ਭੀ ਹੁੰਕਾਰਤਾ ਹੈ;
ਤੁਮ ਮਿਲੋਗੇ ਹੀ ਕਭੀ ਸਨੇਹਿਲ ਲਹਿਰ ਮੇਂ,
ਮੈਂ ਵਿਕਲ ਮੰਝਧਾਰ ਕੋ ਅਪਨਾ ਬਨਾ ਲੂੰ।
ਤੁਮ ਮਿੱਟਾ ਦੋਗੇ ਕਭੀ ਮਨ ਕੀ ਘੁਟਨ ਕੋ,
ਮੈਂ ਤੁਮਹਾਰੀ ਜਯੋਤਿ ਕੋ ਅਪਨਾ ਬਨਾ ਲੂੰ !

ਰਾਤ ਲੰਬੀ ਹੈ ਮਗਰ ਤਾਰੋਂ-ਭਰੀ ਹੈ,
ਹਰ ਦਿਸ਼ਾ ਕਾ ਦੀਪ ਪਲਕੋਂ ਨੇ ਜਲਾਯਾ;
ਸਾਂਸ ਛੋਟੀ ਹੈ, ਮਗਰ ਆਸ਼ਾ ਬੜੀ ਹੈ,
ਜਿੰਦਗੀ ਨੇ ਮੌਤ ਪਰ ਪਹਰਾ ਲਗਾਯਾ;
ਤੁਮ ਮਿਲੋਗੇ ਹੀ ਕਭੀ ਪਿਛਲੇ ਪਹਰ ਮੇਂ,
ਮੈਂ ਸਿਸਕਤੀ ਮਾਂਗ ਸ਼ਬਨਮ ਸੇ ਸਜਾ ਲੂੰ !
ਤੁਮ ਮਿਲੋਗੇ ਹੀ ਕਭੀ ਸੁਧਿ ਕੀ ਡਗਰ ਮੇਂ,
ਮੈਂ ਤੁਮਹਾਰੀ ਯਾਦ ਕੋ ਅਪਨਾ ਬਨਾ ਲੂੰ !

ਇਸ਼ਾਰੇ ਹਨ ਚਾਰੇ ਪਾਸੇ, ਸੰਕੇਤ ਹਨ ਚੌਹੀਂ ਪਾਸੀਂ। ਸ਼ਰਧਾ ਉਨ੍ਹਾਂ ਸੰਕੇਤਾਂ ਨੂੰ ਸਮਝਣ ਦਾ ਨਾਮ ਹੈ। ਤਰਕ ਅੰਨ੍ਹਾਂ ਹੈ, ਕਿਉਂਕਿ ਤਰਕ ਸਥੂਲ (ਠੋਸ ਸਬੂਤ) ਮੰਗਦਾ ਹੈ। ਜਿਵੇਂ ਗੁਲਾਬ ਖਿੜਿਆ ਅਤੇ ਜੇਕਰ ਤੁਸੀਂ ਤਾਰਕਿਕ ਨੂੰ ਕਹੋ ਕਿ ਵੇਖੋ ਕਿੰਨਾ ਸੁੰਦਰ, ਕਿੰਨਾ ਪਿਆਰਾ। ਤਾਂ ਤਰਕ ਕਰਨ ਵਾਲਾ ਕਹੇਗਾ ਕਿ ਕਿੱਥੇ ਹੈ ਸੁੰਦਰਤਾ, ਦਿਖਾਓ ਮੈਨੂੰ। ਮੈਂ ਸੁੰਦਰਤਾ ਨੂੰ ਹਥ ਵਿਚ ਲੈ ਕੇ ਵੇਖਣਾ ਚਾਹੁੰਦਾ ਹਾਂ, ਮੈਂ ਉਸਨੂੰ ਛੂਹਣਾ ਚਾਹੁੰਦਾ ਹਾਂ, ਮੈਂ ਉਸਨੂੰ ਤੋਲਣਾ ਚਾਹੁੰਦਾ ਹਾਂ। ਮੈਂ ਵਿਗਿਆਨ ਦੀ ਤਕੜੀ ਉੱਤੇ ਉਸਨੂੰ ਤੋਲਣਾ ਚਾਹੁੰਦਾ ਹਾਂ। ਮੈਂ ਹਿਸਾਬ ਦੀ ਕਸੌਟੀ ਤੇ ਉਸ ਨੂੰ ਕਸਣਾ ਚਾਹੁੰਦਾ ਹਾਂ। ਮੈਂ ਤਰਕ ਦੇ ਹਿਸਾਬ ਵਿਚ ਉਸ ਨੂੰ ਲਿਆਉਣਾ ਚਾਹੁੰਦਾ ਹਾਂ। ਤਦ ਹੀ ਸਵੀਕਾਰ ਕਰਾਂਗਾ। ਹੁਣ ਤੁਸੀਂ ਕੀ ਕਰੋਗੇ? ਹੋਰ ਅਜਿਹਾ ਨਹੀਂ ਹੈ ਕਿ ਫ਼ੁੱਲ ਸੁੰਦਰ ਨਹੀਂ ਹੈ। ਫ਼ੁੱਲ ਸੁੰਦਰ ਹੈ। ਪਰ ਸੁੰਦਰਤਾ ਕੋਈ ਸਥੂਲ (ਠੋਸ) ਵਸਤੂ ਨਹੀਂ ਹੈ ਕਿ ਤੁਸੀਂ ਚੁੱਕ ਕੇ ਦੇ ਦਿਓ, ਇਸ ਤਾਰਕਿਕ ਨੂੰ, ਕਿ ਲੈ ਜਾ, ਨਾਪ ਲੈ; ਲੈ ਜਾ, ਜਾਂਚ ਲੈ।

ਮੈਂ ਸੁਣਿਆ ਹੈ ਬਾਉਲਾਂ ਦਾ ਇੱਕ ਪਿਆਰਾ ਗੀਤ ਹੈ। ਕਿਸੇ ਬਾਉਲ ਨੂੰ ਪੁੱਛਿਆ ਕਿਸੇ ਦਾਰਸ਼ਨਿਕ ਨੇ ਕਿ ਤੂੰ ਬਹੁਤ ਪਰਮਾਤਮਾ ਦੇ ਗੀਤ ਗਾਉਂਦਾ ਹੈਂ, ਦੀਵਾਨਾ ਹੋਇਆ ਘੁੰਮਦਾ ਹੈਂ; ਮੈਨੂੰ ਤਾਂ ਕੁਝ ਦਿਖਾਈ ਨਹੀਂ ਦਿੰਦਾ। ਤੂੰ ਕਿਸ ਲਈ ਇੱਕ ਤਾਰਾ ਅਤੇ ਡੁੱਗੀ ਲਈ ਘੁੰਮਦਾ ਹੈਂ। ਕਿਸ ਲਈ ਵਜਾਉਂਦਾ ਹੈਂ ਇਹ ਗੀਤ, ਕਿਸ ਲਈ ਨੱਚਦਾ ਹੈਂ ? ਮੈਨੂੰ ਸਭ ਕੋਰਾ-ਕੋਰਾ ਮਾਲੂਮ ਪੈਂਦਾ ਹੈ।

ਮੈਨੂੰ ਤਾਂ ਕਿਤੇ ਕੋਈ ਪਰਮਾਤਮਾ ਵਿਖਾਈ ਨਹੀਂ ਪੈਂਦਾ। ਪਰ ਤੇਰੀਆਂ ਅੱਖਾਂ 'ਚੋਂ ਅਥਰੂ ਵਗਦੇ ਹਨ ਤੇ ਤੂੰ ਮਗਨ ਹੋ ਜਾਂਦਾ ਹੈਂ। ਤੂੰ ਪਾਗਲ ਹੈਂ ?

ਇਸੇ ਲਈ ਤਾਂ ਉਨ੍ਹਾਂ ਦਾ ਨਾਮ ਬਾਉਲ ਪੈ ਗਿਆ—ਬਾਉਲ ਦਾ ਅਰਥ ਹੁੰਦਾ ਹੈ ਪਾਗਲ, ਬਾਵਲਾ। ਉਹ ਫ਼ਕੀਰ ਇੱਕ ਤਾਰਾ ਵਜਾਉਂਣ ਲਗਾ ਅਤੇ ਉਸਨੇ ਇੱਕ ਗੀਤ ਗਾਇਆ। ਗੀਤ ਬਹੁਤ ਅਨੋਖਾ ਹੈ। ਗੀਤ ਦਾ ਅਰਥ ਹੈ ਕਿ ਅਜਿਹਾ ਹੋਇਆ, ਇੱਕ ਵਾਰ ਇੱਕ ਸੁਨਿਆਰ ਬਗੀਚੇ ਵਿਚ ਪਹੁੰਚ ਗਿਆ ਅਤੇ ਮਾਲੀ ਨੂੰ ਕਹਿਣ ਲਗਾ ਕਿ ਮੈਂ ਬਹੁਤ ਚਰਚਾ ਸੁਣੀ ਹੈ ਤੇਰੇ ਫ਼ੁੱਲਾਂ ਦੀ, ਕਿ ਬਹੁਤ ਸੁੰਦਰ ਤੂੰ ਫ਼ੁੱਲ ਉਗਾਉਂਦਾ ਹੈਂ।

ਤਾਂ ਅੱਜ ਮੈਂ ਆਪਣੀ ਕਸੌਟੀ (ਸੋਨਾ ਘਿਸਣ ਦਾ ਪਥੱਰ) ਲੈ ਕੇ ਆ ਗਿਆ ਹਾਂ। ਅੱਜ ਜਾਂਚ ਕੇ ਵੇਖਾਂਗਾ ਕਿ ਕਿਹੜੇ ਫ਼ੁੱਲ ਅਸਲੀ, ਕਿਹੜੇ ਨਕਲੀ ਹਨ ?

ਤਾਂ ਬਾਉਲ ਕਹਿਣ ਲਗਾ : ਸੋਚਕੇ ਵੇਖੋ ਕੀ ਦਸ਼ਾ ਹੋ ਗਈ ਹੋਏਗੀ ਉਸ ਮਾਲੀ ਦੀ ! ਉਸਦੇ ਫੁੱਲਾਂ ਨੂੰ ਜੇਕਰ ਪਥੱਰ ਉੱਤੇ ਘਿਸੋਗੇ ...। ਸੋਨੇ ਨੂੰ ਪਰਖਣ ਵਾਲਾ ਪਥੱਰ ਫੁੱਲਾਂ ਦੀ ਸੁੰਦਰਤਾ ਨੂੰ ਨਹੀਂ ਪਰਖ ਸਕੇਗਾ। ਸੋਨਾ ਸਥੂਲ (ਠੋਸ) ਹੈ ਅਤੇ ਸੋਨਾ ਸਥੂਲ ਲੋਕਾਂ ਦੀ ਬੁੱਧੀ ਨੂੰ ਹੀ ਪ੍ਰਭਾਵਿਤ ਕਰਦਾ ਹੈ। ਜੱੜ੍ਹਤਾ ਜਿਨ੍ਹਾਂ ਵਿਚ ਬਹੁਤ ਹੈ, ਉਨ੍ਹਾਂ ਲਈ ਸੋਨਾ ਸਭ ਤੋਂ ਕੀਮਤੀ ਹੈ। ਪਰ ਹੋਰ ਵੀ ਕਈ ਹਨ ਜਿਨ੍ਹਾਂ ਦੀ ਸੰਵੇਦਨਸ਼ੀਲਤਾ ਬੜੀ ਗਹਿਨ ਹੈ। ਉਨ੍ਹਾਂ ਲਈ ਫੁੱਲ, ਸਾਰੇ ਜਗਤ ਦਾ ਸੋਨਾ ਵੀ ਦੇ ਦਿੱਤਾ ਜਾਏ ਤਾਂ ਵੀ ਇੱਕ ਫੁੱਲ ਦੀ ਕੀਮਤ ਨਹੀਂ ਚੁਕਾਈ ਜਾ ਸਕਦੀ। ਕਿਉਂਕਿ ਫੁੱਲ ਜੀਵੰਤ ਸੁੰਦਰਤਾ ਹੈ।

ਤਾਂ ਫ਼ਕੀਰ ਕਹਿਣ ਲੱਗਾ : ਜੋ ਦਸ਼ਾ ਉਸ ਮਾਲੀ ਦੀ ਹੋ ਗਈ ਸੀ, ਉਹ ਹੀ ਦਸ਼ਾ ਤੂੰ ਮੇਰੀ ਕਰ ਦਿੱਤੀ। ਤੂੰ ਕਹਿੰਦਾ ਹੈਂ : 'ਪਰਮਾਤਮਾ ਕਿੱਥੇ ਹੈ ?

ਤਰਕ ਨਾਲ ਸਿੱਧ ਕਰੋ।' ਨ ਤਾਂ ਫੁੱਲ ਘੱਸੇ ਜਾ ਸਕਦੇ ਹਨ ਸੋਨੇ ਦੀ ਕਸੌਟੀ ਉੱਤੇ, 'ਤੇ ਨ ਤਰਕ ਦੀ ਕਸੌਟੀ ਉੱਤੇ ਪਰਮਾਤਮਾ ਕਸਿਆ ਜਾ ਸਕਦਾ ਹੈ।

ਜੀਵਨ ਸਥੂਲ ਨਹੀਂ ਹੈ; ਤਰਕ ਸਥੂਲ (ਠੋਸ) ਨੂੰ ਹੀ ਪਕੜਦਾ ਹੈ। ਸੂਖਮ ਨੂੰ ਜੋ ਫੜ ਲੈਂਦਾ ਹੈ ਉਸਦਾ ਨਾਮ ਸ਼ਰਧਾ ਹੈ। ਸ਼ਰਧਾ ਇੱਕ ਅਨੂਠਾ ਆਯਾਮ ਹੈ।

ਤੁਮ ਮਿਲੋਗੇ ਹੀ ਕਭੀ ਸੁਧਿ ਕੀ ਡਗਰ ਮੇਂ !

ਇਹ ਜਿਹੜਾ ਬੋਧ ਦਾ ਰਸਤਾ ਹੈ, ਇਸ ਉੱਤੇ ਕਦੇ ਨ ਕਦੇ ਤੁਸੀਂ ਮਿਲ ਜਾਓਗੇ— ਇਹ ਭਰੋਸਾ ਹੈ ! ਕਿਉਂਕਿ ਤੁਸੀਂ ਹੋ ! ਕਿਉਂਕਿ ਫੁੱਲਾਂ ਨੇ ਖ਼ਬਰ ਦਿੱਤੀ ਕਿ ਤੁਸੀਂ ਹੋ। ਕਿਉਂਕਿ ਦਰਖ਼ੱਤਾਂ ਵਿਚੋਂ ਛਣਦੀ ਹੋਈ ਸੂਰਜ ਦੀ ਰੌਸ਼ਨੀ ਨੇ ਖ਼ਬਰ ਦਿੱਤੀ ਕਿ ਤੁਸੀਂ ਹੋ। ਕਿਉਂਕਿ ਰਾਤ ਤਾਰੇ ਨਚੱਣ ਲਗੇ ਅਤੇ ਖ਼ਬਰ ਮਿਲੀ ਕਿ ਤੁਸੀਂ ਹੋ। ਕਿ ਇਹ ਜੋ ਜੀਵਨ ਅਤੇ ਅਸਤਿਤਵ ਵਿਚ ਇੰਨੀ ਰੰਗੀਲੀ-ਗੁਲਾਲ ਉੱਡੀ ਹੈ, ਇਹ ਜੋ ਹੋਲੀ ਮਚੀ ਹੈ, ਇਹ ਜੋ ਦਿਵਾਲੀ ਸਜੀ ਹੈ—ਇਸ ਸਭ ਨੇ ਖ਼ਬਰ ਦਿੱਤੀ ਕਿ ਤੁਸੀਂ ਹੋ। ਇੰਨਾ ਜਿੱਥੇ ਉਤਸਵ ਹੋ ਰਿਹਾ ਹੈ ਉੱਥੇ ਮਾਲਿਕ ਕਿੱਤੇ ਲੁੱਕਿਆ ਹੋਏਗਾ, ਨਹੀਂ ਤਾਂ ਇਹ ਉਤਸਵ ਕਦੋਂ ਦਾ ਬੰਦ ਹੋ ਜਾਂਦਾ। ਜਿੱਥੇ ਇੰਨਾ ਨਾਚ ਚੱਲ ਰਿਹਾ ਹੈ, ਇਸ ਨਾਚ ਦੇ ਕੇਂਦਰ ਵਿਚ ਕੋਈ ਹੋਏਗਾ।

ਤੁਮ ਮਿਲੋਗੇ ਹੀ ਕਭੀ ਸੁਧਿ ਕੀ ਡਗਰ ਮੇਂ,
ਮੈਂ ਤੁਮਹਾਰੀ ਯਾਦ ਕੋ ਅਪਨਾ ਬਨਾ ਲੂੰ !

ਸ਼ਰਧਾ ਮਨੁੱਖ ਦੇ ਜੀਵਨ ਦੀ ਸਭ ਤੋਂ ਵੱਧ ਕੀਮਤੀ ਚੀਜ਼ ਹੈ। ਜਿਸਦੇ ਜੀਵਨ ਵਿਚ ਸ਼ਰਧਾ, ਉਸਦੇ ਜੀਵਨ ਵਿਚ ਸਭ ਕੁਝ ਹੈ। ਕਿਉਂਕਿ ਉਸਦੇ ਜੀਵਨ ਵਿਚ ਪਰਮਾਤਮਾ ਦੀ ਛਾਂ ਪਵੇਗੀ। ਉਸ ਨੂੰ ਅਦ੍ਰਿਸ਼ (ਨ ਵਿਖਾਈ ਦੇਣ ਵਾਲਾ) ਅੰਦੋਲਿਤ (ਅਨੰਦਮਈ) ਕਰੇਗਾ। ਉਸਦੇ ਹ੍ਰਿਦੇ ਵਿਚ ਕਵਿਤਾ ਉਠੇਗੀ। ਉਸਦੇ ਪ੍ਰਾਣਾਂ ਵਿਚ ਬੰਸਰੀ ਵਜੇਗੀ। ਉਸਨੂੰ ਧਿਆਨ ਵੀ ਫ਼ਲੇਗਾ, ਉਸ ਨੂੰ ਸਮਾਧੀ ਵੀ ਮਿਲੇਗੀ। ਉਸਦਾ ਜੀਵਨ ਸਾਰਥਕ ਹੋਏਗਾ। ਜਿਸ ਦੇ ਜੀਵਨ ਵਿਚ ਸ਼ਰਧਾ ਨਹੀਂ, ਉਸਦਾ ਜੀਵਨ ਵਿਅਰਥ ਹੋਏਗਾ।

ਤਰਕ ਦੇ ਸਹਾਰੇ ਜੇਕਰ ਤੁਰੇ ਤਾਂ ਅੱਜ ਨਹੀਂ ਕੱਲ੍ਹ ਸਿਵਾਏ ਆਤਮ ਹੱਤਿਆ ਕਰਨ ਦੇ ਹੋਰ ਕੁਝ ਬਚਦਾ ਨਹੀਂ ਹੈ। ਇਸ ਲਈ ਪੱਛਮ ਦੇ ਵਿਚਾਰਕ ਜੋ ਤਿੰਨ ਸੌ ਸਾਲ ਤੋਂ ਤਰਕ

ਦੇ ਸਹਾਰੇ ਚਲ ਰਹੇ ਹਨ, ਆਤਮ-ਹਤਿਆ ਉੱਤੇ ਪਹੁੰਚ ਗਏ ਹਨ। ਪੱਛਮ ਦੇ ਬਹੁਤ ਵੱਡੇ ਵਿਚਾਰਕ ਅਲਬਰਟ ਕਾਮੂ ਨੇ ਲਿਖਿਆ ਹੈ ਕਿ ਮੈਨੂੰ ਤਾਂ ਆਤਮ-ਹਤਿਆ ਹੀ ਸਭ ਤੋਂ ਮਹਤੱਵਪੂਰਣ ਦਾਰਸ਼ਨਿਕ ਸਮੱਸਿਆ ਲਗਦੀ ਹੈ ਕਿ ਆਦਮੀ ਆਪਣੇ ਆਪ ਨੂੰ ਮਿੱਟਾ ਕਿਉਂ ਨ ਲਵੇ, ਹੋਣ ਵਿਚ ਸਾਰ ਕੀ ਹੈ ? ਉਠੇ ਰੋਜ਼, ਨਾਸ਼ਤਾ ਕੀਤਾ, ਗਏ ਦੁਕਾਨ ਜਾਂ ਦਫ਼ਤਰ ਤੇ ਦਿਨ ਭਰ ਮਿਹਨਤ ਕੀਤੀ, ਸ਼ਾਮ ਨੂੰ ਫ਼ਿਰ ਆ ਗਏ, ਥਕੇ-ਟੁੱਟੇ। ਫ਼ਿਰ ਭੋਜਨ ਕਰ ਲਿਆ, ਫ਼ਿਰ ਸੌਂ ਗਏ। ਫ਼ਿਰ ਸਵੇਰੇ ਉਠੇ। ਜੇਕਰ ਇਹ ਹੀ—ਇਹ ਹੀ ਹੈ ਤਾਂ ਵੇਖ ਲਿਆ ਬਹੁਤ, ਤਾਂ ਹੋ ਗਿਆ ਬਹੁਤ। ਇੱਕ ਹੱਦ ਹੁੰਦੀ ਹੈ, ਹੁਣ ਇਸੇ ਨੂੰ ਦੁਬਾਰਾ ਕਿਉਂ ਦੋਹਰਾਈ ਜਾਣਾ ? ਇਸ ਵਿਚ ਸਾਰ ਕੀ ਹੈ ? ਜੇਕਰ ਇਹੀ ਹੀ ਹੈ ਤਾਂ ਇਸ ਵਿਚ ਸਾਰ ਬਿਲਕੁੱਲ ਨਹੀਂ ਹੈ। ਤਰਕ ਕਹਿੰਦਾ ਹੈ ਕਿ ਬ੍ਰਸ ਇਹ ਹੀ ਹੈ।

ਤਰਕ ਦੀ ਅੰਤਿਮ ਨਿਸ਼ਪਤੀ (ਸਮਾਪਤੀ) ਆਤਮਘਾਤ ਹੈ ਅਤੇ ਸ਼ਰਧਾ ਦੀ ਅੰਤਿਮ ਸਮਾਪਤੀ ਅੰਮ੍ਰਿਤ ਜੀਵਨ ਹੈ। ਚੁਣ ਲਓ, ਜੋ ਰੁਚੇ ਚੁਣ ਲਓ। ਤੁਸੀਂ ਆਪਣੇ ਮਾਲਿਕ ਹੋ। ਜਦ ਤੁਸੀਂ ਸ਼ਰਧਾ ਛੱਡ ਕੇ ਤਰਕ ਚੁਣਦੇ ਹੋ ਤਾਂ ਤੁਸੀਂ ਇਹ ਨ ਸੋਚਣਾ ਕਿ ਤੁਸੀਂ ਪਰਮਾਤਮਾ ਦਾ ਵਿਰੋਧ ਕਰ ਰਹੇ ਹੋ; ਤੁਸੀਂ ਆਪਣਾ ਆਤਮ-ਘਾਤ ਕਰ ਰਹੇ ਹੋ।

ਜਿਸ ਦਿਨ ਫ੍ਰੈਡਰਿਕ ਨੀਤਸੇ ਨੇ ਇਹ ਐਲਾਨ ਕੀਤਾ ਕਿ ਈਸ਼ਵਰ ਮਰ ਗਿਆ ਹੈ, ਉਸ ਦਿਨ ਈਸ਼ਵਰ ਨਹੀਂ ਮਰਿਆ, ਪਰ ਉਸੇ ਦਿਨ ਫ੍ਰੈਡਰਿਕ ਨੀਤਸੇ ਪਾਗਲ ਹੋ ਗਿਆ। ਈਸ਼ਵਰ ਕਿੱਤੇ ਮਰਦਾ ਹੈ ਕਿਸੇ ਦੇ ਐਲਾਨ ਕਰਨ ਨਾਲ? ਪਰ ਇੱਕ ਘਟਨਾ ਜ਼ਰੂਰ ਘੱਟਦੀ ਹੈ : ਜੇਕਰ ਈਸ਼ਵਰ ਮਰ ਗਿਆ ਤਾਂ ਜੀਵਨ ਵਿਚ ਅਰਥ ਕੀ ਰਹਿ ਗਿਆ?

ਜ਼ਰਾ ਸੋਚੋ, ਈਸ਼ਵਰ ਨੂੰ ਹਟਾ ਦਿਓ, ਤਾਂ ਉਸੇ ਦੇ ਨਾਲ ਸਾਰੀ ਸੁੰਦਰਤਾ ਹਟ ਗਈ (ਮੁੱਕ ਗਈ) ਸਾਰਾ ਪ੍ਰੇਮ ਖ਼ਤਮ ਹੋ ਗਿਆ, ਸਾਰੀ ਪ੍ਰਾਰਥਨਾ ਮੁੱਕ ਗਈ। ਮੰਦਰਾਂ ਦੀਆਂ ਘੰਟੀਆਂ ਫ਼ਿਰ ਨਹੀਂ ਵਜਣਗੀਆਂ, ਪੂਜਾ ਦੇ ਥਾਲ ਫ਼ਿਰ ਨਹੀਂ ਸਜੱਣਗੇ, ਅਰਚਨਾ ਫ਼ਿਰ ਨਹੀਂ ਹੋ ਸਕੇਗੀ—ਸਭ ਮੁੱਕ ਗਿਆ ਫ਼ਿਰ ਬਚਿਆ ਕੀ ? ਕੂੜਾ-ਕਰਕਟ ! ਫ਼ਿਰ ਬੈਠੇ ਹੋ ਤੁਸੀਂ ਰੱਦੀ ਦੇ ਢੇਰ ਉੱਤੇ।

ਫ਼ਿਰ ਸਾਰ ਕਿੱਥੇ ਹੈ ? ਫ਼ਿਰ ਤੁਹਾਡਾ ਜੀਵਨ ਇੱਕ ਦੁਰਘਟਨਾ ਮਾਤ੍ਰ ਹੈ। ਫ਼ਿਰ ਹੁਣੇ ਮਰੇ ਕਿ ਕੱਲ੍ਹ ਮਰੇ, ਕੀ ਫ਼ਰਕ ਪੈਂਦਾ ਹੈ ? ਫ਼ਿਰ ਜੀਉਂਣਾ ਕਾਇਰਤਾ ਹੈ।

ਫ਼ਿਰ ਕੋਈ ਸਾਰ ਨਹੀਂ। ਫ਼ਿਰ ਕਿਉਂ ਜੀਉਂਦੇ ਰਹਿਣਾ, ਫ਼ਿਰ ਕਿਉਂ ਦੁਖ ਝਲਣੇ? ਫ਼ਿਰ ਆਪਣੇ ਨੂੰ ਆਪਣੇ ਹਥਾਂ ਨਾਲ ਹੀ ਸਮਾਪਤ ਕਿਉਂ ਨ ਕਰ ਲਈਏ?

ਨੀਤਸ਼ੇ ਪਾਗਲ ਹੋਇਆ ਅਤੇ ਇਹ ਪੂਰੀ ਸਦੀ ਪਾਗਲ ਹੁੰਦੀ ਜਾ ਰਹੀ ਹੈ। ਕਿਉਂਕਿ ਇਸ ਪੂਰੀ ਸਦੀ ਨੇ ਨੀਤਸ਼ੇ ਉਪੱਰ ਭਰੋਸਾ ਕਰ ਲਿਆ ਹੈ। ਇਹ ਪਹਿਲੀ ਵਾਰ ਮਨੁੱਖ-ਜਾਤਿ ਦੇ ਇਤਿਹਾਸ ਵਿਚ ਘਟਨਾ ਘੱਟੀ ਹੈ ਕਿ ਲੋਕ ਸ਼ਰਧਾ ਦਾ ਅਰਥ ਪੁੱਛਣ ਲਗੇ ਹਨ। ਸ਼ਰਧਾ ਦਾ ਅਨੁਭਵ ਨਹੀਂ ਰਿਹਾ, ਇਸ ਲਈ ਅਰਥ ਪੁੱਛਣਾ ਪੈਂਦਾ ਹੈ।

ਲੋਕ ਪੁੱਛਣ ਲਗੇ ਹਨ, ਪ੍ਰੇਮ ਕੀ ਹੈ ? ਕਿਉਂਕਿ ਪ੍ਰੇਮ ਦਾ ਅਨੁਭਵ ਨਹੀਂ ਰਿਹਾ।

ਜਿਸ ਦਿਨ ਲੋਕ ਪੁੱਛਣ ਲਗੇ ਕਿ ਪ੍ਰਕਾਸ਼ ਕੀ ਹੈ, ਸਮਝ ਲੈਣਾ ਕਿ ਲੋਕ ਅੰਨ੍ਹੇ ਹੋ ਗਏ ਹਨ। ਜਿਸ ਦਿਨ ਲੋਕ ਪੁੱਛਣ ਲਗਣ ਕਿ ਸੰਗੀਤ ਕੀ ਹੈ, ਸਮਝ ਲੈਣਾ, ਕਿ ਬੋਲ਼ੇ ਹੋ ਗਏ

ਹੋਰ ਕੀ ਹੋਏਗਾ ਇਸ ਦਾ ਅਰਥ? ਸ਼ਰਧਾ ਸਾਡੀ ਸੁੱਕ ਗਈ ਹੈ। ਅਸੀਂ ਬਿਲਕੁੱਲ ਬਿਨਾਂ ਸ਼ਰਧਾ ਦੇ ਜੀ ਰਹੇ ਹਾਂ।

ਹੋਰ ਮੈਂ ਤੁਹਾਨੂੰ ਕਹਿੰਦਾ ਹਾਂ : ਤੁਸੀਂ ਮੰਦਰ ਵੀ ਜਾਂਦੇ ਹੋ, ਮਸਜਿਦ ਵੀ, ਗੁਰਦੁਆਰੇ ਵੀ ਤੇ ਬਿਨਾਂ ਸ਼ਰਧਾ ਦੇ ਜਾਂਦੇ ਹੋ; ਇਸ ਲਈ ਤੁਹਾਡੇ ਜਾਣ ਦਾ ਕੁਝ ਅਰਥ ਨਹੀਂ ਹੈ। ਤੁਸੀਂ ਜਾਂਦੇ ਹੋ, ਉਹ ਵੀ ਇੱਕ ਆਦਤ ਹੋ ਗਈ ਹੈ ਜੀਵਨ ਦੀ ਵਿਵਸਥਾ ਦੀ। ਹੋਰ ਸਭ ਜਾਂਦੇ ਹਨ, ਤੁਸੀਂ ਵੀ ਜਾਂਦੇ ਹੋ, ਨ ਜਾਓ ਤਾਂ ਅੜਚਨ ਆਉਂਦੀ ਹੈ, ਜਾਂਦੇ ਰਹੋ ਤਾਂ ਸੁਵਿਧਾ (ਸੌਖ) ਰਹਿੰਦੀ ਹੈ, ਸਮਾਜ ਵਿਚ ਪ੍ਰਤਿਸ਼ਠਾ ਰਹਿੰਦੀ ਹੈ ਕਿ ਬਹੁਤ ਧਾਰਮਿਕ ਹੋ। ਧਾਰਮਿਕਤਾ ਦਾ ਅਹਿਸਾਸ ਬਣਿਆ ਰਹੇ ਤਾਂ ਕਈ ਤਰ੍ਹਾਂ ਦੀ ਸੁਵਿਧਾਵਾਂ ਬਣੀਆਂ ਰਹਿੰਦੀਆਂ ਹਨ; ਧਾਰਮਿਕਤਾ ਦਾ ਅਹਿਸਾਸ ਟੁੱਟ ਜਾਏ ਤਾਂ ਲੋਕ ਨਾਰਾਜ਼ ਹੋਣ ਲਗਦੇ ਹਨ, ਲੋਕ ਅੜਚਨਾਂ ਪਾਉਣ ਲਗਦੇ ਹਨ। ਚੱਲੋ ਇੱਕ ਨਾਟਕ ਹੈ, ਕਰਦੇ ਰਹੋ; ਪਰ ਸ਼ਰਧਾ ਨਹੀਂ ਹੈ। ਕਿਉਂਕਿ ਜਦ ਤੁਸੀਂ ਮੰਦਰ ਵਲ ਜਾਂਦੇ ਹੋ ਤਾਂ ਮੈਂ ਤੁਹਾਡੇ ਪੈਰਾਂ ਵਿਚ ਨਾਚ ਨਹੀਂ ਵੇਖਦਾ। ਜਦ ਤੁਸੀਂ ਮੰਦਰੋਂ ਪਰਤਦੇ ਹੋ ਤਾਂ ਤੁਹਾਡੀਆਂ ਅੱਖਾਂ ਵਿਚ ਆਨੰਦ ਦੇ ਝਲਕਦੇ ਅਥਰੂ ਨਹੀਂ ਵੇਖਦਾ। ਜਦ ਤੁਸੀਂ ਮੰਦਰ ਵਿਚ ਹਥ ਜੋੜਦੇ ਹੋ ਤਾਂ ਮੈਂ ਤੁਹਾਡਾ ਹ੍ਰਿਦਾ ਜੁੜਿਆ ਹੋਇਆ ਨਹੀਂ ਵੇਖਦਾ।

ਸ਼ਰਧਾ ਗੁਆਚ ਗਈ ਹੈ ਅਤੇ ਸ਼ਰਧਾ ਗੁਆਚ ਗਈ ਤਾਂ ਅੱਖਾਂ ਗੁਆਚ ਗਈਆਂ—ਪਰਮਾਤਮਾ ਨੂੰ ਵੇਖਣ ਵਾਲੀਆਂ ਅੱਖਾਂ ਗੁਆਚ ਗਈਆਂ। ਪਰ ਜੋ ਗੁੰਮ ਹੋ ਗਿਆ ਹੈ ਉਹ ਹੁਣ ਵੀ ਤੁਹਾਡੇ ਅੰਦਰ ਮੌਜੂਦ ਹੈ। ਬੰਦ ਪਿਆ ਹੈ, ਉਸ ਨੂੰ ਖੋਲ੍ਹਿਆ ਜਾ ਸਕਦਾ ਹੈ। ਜਿੱਥੇ ਸ਼ਰਧਾ ਖੁੱਲ੍ਹ ਜਾਏ, ਜਿਸ ਆਘਾਤ ਨਾਲ, ਉਸਦਾ ਨਾਮ ਹੀ ਸਤਸੰਗ ਹੈ। ਜਿਸਦੀ ਮੌਜੂਦਗੀ ਵਿਚ ਸ਼ਰਧਾ ਦੀ ਕਲਾ ਖਿੜੇ ਅਤੇ ਫ਼ੁੱਲ ਬਣ ਜਾਏ ਉਸੇ ਦਾ ਨਾਮ ਸਤਿਗੁਰੂ ਹੈ।

ਤੀਜਾ ਸਵਾਲ : ਪ੍ਰੇਮ ਦੀ ਅਗਨੀ ਪ੍ਰੀਖਿਆ ਕਿਉਂ ਲਈ ਜਾਂਦੀ ਹੈ ?

ਪ੍ਰੇਮ ਦੀ ਹੀ ਲਈ ਜਾ ਸਕਦੀ ਹੈ। ਸੋਨੇ ਨੂੰ ਹੀ ਅੱਗ ਵਿਚ ਪਾਇਆ ਜਾਂਦਾ ਹੈ, ਕਿਉਂਕਿ ਕੂੜਾ ਸੜੇਗਾ, ਸੋਨਾ ਬਚਿਆ ਰਹੇਗਾ; ਕੁੰਦਨ ਬਣੇਗਾ। ਪ੍ਰੇਮ ਦੀ ਅਗਨੀ ਪ੍ਰੀਖਿਆ ਲਈ ਜਾਂਦੀ ਹੈ, ਕਿਉਂਕਿ ਪ੍ਰੇਮ ਅਗਨੀ ਵਿਚ ਸੜਦਾ ਨਹੀਂ; ਜੋ ਸੜ ਜਾਵੇ ਉਹ ਪ੍ਰੇਮ ਨਹੀਂ। ਜੋ ਅਗਨੀ ਤੋਂ ਪਾਰ ਬਚਿਆ ਰਹਿੰਦਾ ਹੈ ਉਹੀ ਪ੍ਰੇਮ ਹੈ। ਫ਼ਿਰ ਸ਼ੁੱਧ ਹੋ ਕੇ ਬਚਦਾ ਹੈ; ਉਸ ਵਿਚ ਜੋ ਵੀ ਕੂੜਾ-ਕਰਕਟ ਸੀ ...। ਹੋਰ ਤੁਹਾਡੇ ਪ੍ਰੇਮ ਵਿਚ ਬਹੁਤ ਕੂੜਾ-ਕਰਕਟ ਹੈ। ਅਕਸਰ ਤਾਂ ਅਜਿਹਾ ਹੀ ਹੈ, ਪ੍ਰੇਮ ਤਾਂ ਨਾ-ਮਾਤ੍ਰ ਨੂੰ, ਕੂੜਾ-ਕਬਾੜਾ ਜ਼ਿਆਦਾ ਹੈ। ਤੁਹਾਡੇ ਪ੍ਰੇਮ ਵਿਚ ਨਫ਼ਰਤ ਵੀ ਮਿਲੀ ਹੋਈ ਹੈ। ਇਸ ਲਈ ਤੁਹਾਡਾ ਪ੍ਰੇਮ ਛਿਣ ਵਿਚ ਨਫ਼ਰਤ ਹੋ ਜਾਂਦਾ ਹੈ, ਹੁਣੇ ਪ੍ਰੇਮ ਸੀ ਹੁਣੇ ਨਫ਼ਰਤ ਹੋ ਜਾਂਦਾ ਹੈ। ਤੁਸੀਂ ਜਿਸ ਪਤਨੀ ਲਈ ਜਾਨ ਦੇਣ ਲਈ ਤਿਆਰ ਸੀ, ਉਸੇ ਪਤਨੀ ਦੀ ਜਾਨ ਲੈ ਸਕਦੇ ਹੋ ਪਲ-ਭਰ ਵਿਚ।

ਸਮਝ ਲਓ ਕਿ ਪਲ-ਕੁ ਪਹਿਲਾਂ ਤੁਸੀਂ ਬਿਲਕੁੱਲ ਮਰਨ ਨੂੰ ਤਿਆਰ ਸੀ ਅਤੇ ਪਤਨੀ ਨੂੰ ਕਹਿ ਰਹੇ ਸੀ। 'ਤੇਰੇ ਬਿਨਾਂ ਮੈਂ ਜੀ ਨਹੀਂ ਸਕਾਂਗਾ ! ਤੂੰ ਮਰ ਗਈ ਤਾਂ ਮੈਂ ਮਰ

ਜਾਵਾਂਗਾ ! ਤੂੰ ਮੇਰਾ ਪ੍ਰਾਣ ਹੈਂ !' ਅਤੇ ਤੁਸੀਂ ਉਠੇ ਅਤੇ ਆਪਣੇ ਪੁਰਾਣੇ ਕਾਗਜ਼-ਪਤਰਾਂ ਨੂੰ ਫ਼ੋਲਦੇ ਸੀ ਕਿ ਕੋਈ ਪੁਰਾਣਾ ਖ਼ਤ ਮਿਲ ਗਿਆ, ਕਿਸੇ ਦਾ, ਤੁਹਾਡੀ ਪਤਨੀ ਨੂੰ ਲਿਖਿਆ ਹੋਇਆ। ਉਸ ਵਿਚ ਝਲਕ ਮਿਲ ਗਈ ਕਿ ਕੁਝ ਪ੍ਰੇਮ ਦਾ ਮਾਮਲਾ ਹੈ। ਭੁੱਲ ਗਏ ਸਭ ਪ੍ਰੇਮ-ਭ੍ਰੇਮ, ਚੁੱਕ ਕੇ ਬੰਦੂਕ ਪਤਨੀ ਨੂੰ ਮਾਰ ਸੁਟੋਗੇ। ਇਸੇ ਲਈ ਮਰਦੇ ਸੀ, ਇਸੇ ਨੂੰ ਮਾਰ ਸੁਟਿਆ। ਪ੍ਰੇਮ ਨੂੰ ਨਫ਼ਰਤ ਬਣਨ ਵਿਚ ਕਿੰਨੀ ਦੇਰ ਲਗੀ? ਇੱਕ ਜ਼ਰਾ ਜਿੰਨਾ ਖ਼ਤ, ਕੁਝ ਅਖੱਰ, ਕਾਗਜ਼ ਉੱਤੇ ਖਿਚੀਆਂ ਕੁਝ ਲਕੀਰਾਂ—ਬਸ ਇੰਨਾ ਕਾਫ਼ੀ ਹੋ ਗਿਆ ਅਤੇ ਗਿਆ ਪ੍ਰੇਮ ! ਤੁਹਾਡਾ ਪ੍ਰੇਮ ਕਿੰਨੀ ਛੇਤੀ ਈਰਖਾ ਬਣ ਜਾਂਦਾ ਹੈ ! ਤੁਹਾਡੀ ਪਤਨੀ ਕਿਸੇ ਨਾਲ ਹੱਸ ਕੇ ਗੱਲ ਕਰਦੀ ਸੀ, ਬਸ ਅੱਗ ਲਗ ਗਈ। ਤੁਹਾਡਾ ਪ੍ਰੇਮ ਨਾ-ਮਾਤ੍ਰ ਦਾ ਹੀ ਪ੍ਰੇਮ ਹੈ। ਪ੍ਰੇਮ ਦੇ ਨਾਮ ਉੱਤੇ ਵੀ ਤੁਸੀਂ ਦੂਜੇ ਤੇ ਮਾਲਕੀਅਤ ਸਿੱਧ ਕਰਨ ਦੀ ਕੋਸ਼ਿਸ਼ ਵਿਚ ਲਗੇ ਰਹਿੰਦੇ ਹੋ। ਪਤੀ ਚਾਹੁੰਦਾ ਹੈ ਕਿ ਪਤਨੀ ਬਿਲਕੁੱਲ ਮੇਰੇ ਕਬਜ਼ੇ ਵਿਚ ਹੋਵੇ। ਸਦੀਆਂ ਤੋਂ ਕੋਸ਼ਿਸ਼ ਕਰ ਰਿਹਾ ਹੈ, ਸਮਝਾਉਂਦਾ ਹੈ ਕਿ ਪਤੀ ਪਰਮਾਤਮਾ ਹੈ। ਹੁਣ ਇਹ ਮੂੜ੍ਹਤਾ ਵੇਖਦੇ ਹੋ?

ਮੁੱਲਾ ਨਸਰੁਦੀਨ ਨੇ ਇੱਕ ਦਿਨ ਬਾਜ਼ਾਰ ਵਿਚ ਜਾ ਕੇ ਕਿਹਾ ਕਿ ਮੇਰੀ ਵਹੁਟੀ ਤੋਂ ਬਹੁਤੀ ਸੋਹਣੀ ਇਸ ਦੁਨੀਆਂ ਵਿਚ ਕੋਈ ਵੀ ਇਸਤ੍ਰੀ ਨਹੀਂ ਹੈ। ਲੋਕ ਥੋੜ੍ਹੇ ਚੌਂਕੇ। ਲੋਕਾਂ ਨੇ ਕਿਹਾ, ਤੈਨੂੰ ਇਹ ਦੱਸਿਆ ਕਿਸ ਨੇ ? ਉਸਨੇ ਕਿਹਾ, ਮੇਰੀ ਵਹੁਟੀ ਨੇ ਹੀ ਦੱਸਿਆ।

ਹੁਣ ਇਸ ਦਾ ਕੀ ਮੁੱਲ ਹੈ ? ਪਤੀ ਹੀ ਸਮਝਾ ਰਹੇ ਹਨ। ਕਿਉਂਕਿ ਇਸਤ੍ਰੀ ਸ਼ਰੀਰਕ ਰੂਪ ਨਾਲ ਕੋਮਲ ਹੈ ਤਾਂ ਪਤੀਆਂ ਨੇ ਥੋਪ ਦਿੱਤਾ ਉਸ ਦੇ ਉਪੱਰ। ਡੰਡੇ ਦੇ ਬਲ ਤੇ ਥੋਪੀ ਗਈ ਹੈ ਇਹ ਗੱਲ।

ਇਸਤ੍ਰੀਆਂ ਖ਼ਤ ਵਿਚ ਲਿਖਦੀਆਂ ਹਨ—ਤੁਹਾਡੀ ਦਾਸੀ ! ਬਸ ਖਤਾਂ ਵਿਚ ਹੀ ਲਿਖਦੀਆਂ ਹਨ ਪਰ ਮਜ਼ਾ ਚਖਾਉਂਦੀਆਂ ਰਹਿੰਦੀਆਂ ਹਨ ਚੌਵੀ ਘੰਟੇ। ਅਸਲੀਅਤ ਵਿਚ ਮਾਮਲਾ ਕੁਝ ਹੋਰ ਹੀ ਹੈ ! ਕਿਉਂਕਿ ਇਸਤ੍ਰੀਆਂ ਸ਼ਰੀਰਕ ਰੂਪ ਨਾਲ ਮਲ-ਯੁੱਧ ਨਹੀਂ ਕਰ ਸਕਦੀਆਂ ਪੁਰਸ਼ਾਂ ਨਾਲ, ਤਾਂ ਉਨ੍ਹਾਂ ਨੇ ਸੂਖਮ ਰਸਤੇ ਲੱਭੇ ਹਨ ਯੁੱਧ ਕਰਨ ਦੇ। ਬਹੁਤ ਮਹੀਨ ਰਸਤੇ, ਲਭਣੇ ਹੀ ਪਏ।

ਤੁਸੀਂ ਵੇਖਦੇ ਹੋ ਆਦਮੀ ਨੇ ਬਹੁਤ ਸਾਰੇ ਰਸਤੇ ਲੱਭੇ ਹਨ। ਤਲਵਾਰ ਲੱਭੀ, ਬੰਦੂਕ ਲੱਭੀ, ਬੰਬ ਲਭਿਆ, ਭਾਲੇ ਲੱਭੇ, ਕਿਉਂ ? ਵਿਗਿਆਨਿਕ ਕਹਿੰਦੇ ਹਨ : ਕਿਉਂਕਿ ਆਦਮੀ ਦੇ ਕੋਲ ਪਸ਼ੂਆਂ ਵਰਗੀ ਸ਼ਰੀਰਕ ਸ਼ਕਤੀ ਨਹੀਂ। ਜੇਕਰ ਸ਼ੇਰ ਤੁਹਾਡੇ ਨਾਲ ਸਿੱਧਾ ਜੂਝ ਜਾਏ ਤਾਂ ਸਾਰੀ ਰਾਜਪੂਤੀ ਧਰੀ ਰਹਿ ਜਾਏਗੀ।

ਸ਼ੇਰ ਨੂੰ ਛੱਡ ਦਿਓ, ਜ਼ਰਾ ਇੱਕ ਅਲਸ਼ੇਸ਼ੀਅਨ ਕੁੱਤਾ ਹੀ ਪਿੱਛੇ ਪੈ ਜਾਏ ਤਾਂ ਸਭ ਚੌਕੜੀ ਭੁੱਲ ਜਾਏਗੀ। ਛੱਠੀ ਦਾ ਦੁੱਧ ਚੇਤੇ ਕਰਾ ਦੇਵੇਗਾ।

ਆਦਮੀ ਤਾਂ ਅਸਹਾਏ ਹੈ ਪਸ਼ੂਆਂ ਦੇ ਮੁਕਾਬਲੇ ਵਿਚ। ਨ ਤਾਂ ਉਹੋ ਜਿਹੇ ਨਾਖ਼ੂਨ ਹਨ ਕਿ ਚੀਰ-ਫਾੜ ਕਰ ਦੇਵੇ, ਨ ਉਹੋ ਜਿਹੇ ਦੰਦ ਹਨ ਕਿ ਕੱਚਾ ਮਾਂਸ ਚਬਾ ਜਾਣ, ਹੱਡੀਆਂ ਦਾ ਕਚੂਮਰ ਕਰ ਦੇਣ। ਸੋ ਇਸ ਮਜਬੂਰੀ ਦੇ ਕਾਰਨ ਆਦਮੀ ਨੇ ਅਸਤ੍ਰ-ਸ਼ਸਤ੍ਰ ਲੱਭੇ ਹਨ। ਉਹ ਪੂਰੇ ਹਨ। ਪਸ਼ੂਆਂ ਦੇ ਕੋਲ ਨਾਖ਼ੂਨ ਹਨ; ਅਸੀਂ ਵੱਡੇ ਭਾਲੇ ਲੱਭੇ ਹਨ। ਅਸੀਂ

ਵੱਡੀਆਂ ਛੁਰੀਆਂ ਲਭੀਆਂ ਹਨ, ਤਲਵਾਰਾਂ ਲੱਭੀਆਂ ਹਨ। ਫਿਰ ਵੀ ਅਸੀਂ ਡੱਰੇ ਰਹੇ ਕਿਉਂਕਿ ਤਲਵਾਰ ਲੈ ਕੇ ਵੀ ਸ਼ੇਰ ਦੇ ਸਾਹਮਣੇ ਖੜੇ ਹੋਵੋ ਤਾਂ ਵੀ ਕੰਬਣੀ ਛਿੜੇਗੀ। ਉਸ ਕੰਬਣੀ ਵਿਚ ਤਲਵਾਰ ਡਿੱਗ ਪਏ ...।

ਮੁੱਲਾ ਨਸਰੁਦੀਨ ਸ਼ਿਕਾਰ ਕਰਨ ਗਿਆ ਸੀ। ਦਰਖ਼ੱਤ ਉੱਤੇ ਬੈਠਾ ਹੈ ਮਚਾਨ ਬੰਨ੍ਹ ਕੇ। ਤੇ ਜਦ ਸ਼ੇਰ ਆਇਆ ਤਾਂ ਹੋਸ਼ ਉਡ ਗਏ। ਸੀ ਤਾਂ ਦਰਖ਼ੱਤ ਉੱਤੇ, ਪਰ ਹੋਸ਼ ਉਡ ਗਏ। ਇੱਕਦਮ ਬੇਹੋਸ਼ ਹੋ ਗਿਆ। ਦੋਸਤਾਂ ਨੇ ਬੜੀ ਮੁਸ਼ਕਿਲ ਨਾਲ ਮਚਾਨ ਤੋਂ ਉਤਾਰਿਆ, ਪਾਣੀ ਛਿੜਕਿਆ, ਸ਼ਰਾਬ ਪਿਲਾਈ, ਤਦ ਕਿੱਤੇ ਥੋੜ੍ਹਾ-ਬਹੁਤ ਹੋਸ਼ ਆਇਆ। ਪੁੱਛਿਆ ਕਿ ਨਸਰੁਦੀਨ ਤੂੰ ਇੰਨਾ ਘਾਬਰ ਕਿਉਂ ਗਿਆ ? ਓਏ, ਤੇਰੇ ਕੋਲ ਤਾਂ ਬੰਦੂਕ ਸੀ !

ਉਸਨੇ ਕਿਹਾ : ਬੰਦੂਕ ਕੀ ਕਰੇਗੀ। ਘਬਰਾਹਟ ਪਹਿਲਾਂ ਆਈ। ਬੰਦੂਕ ਤਾਂ ਹਥੋਂ ਛੁਟ ਗਈ। ਜਦ ਬੰਦੂਕ ਛੁਟ ਗਈ ਤਦ ਹੀ ਤਾਂ ਮੈਂ ਬੇਹੋਸ਼ ਹੋਇਆ।

ਤਾਂ ਆਦਮੀ ਨੇ ਤੀਰ ਲੱਭੇ, ਦੂਰੋਂ ...। ਫਿਰ ਬੰਦੂਕ ਲੱਭੀ, ਗੋਲੀ ਮਾਰ ਦੇਣ ਦੂਰੋਂ ਹੀ, ਨੇੜੇ ਜਾਣ ਦੀ ਨੌਬਤ ਹੀ ਨਾ ਰਹੇ ਅਤੇ ਇਸ ਨੂੰ ਲੋਕ ਸ਼ਿਕਾਰ ਕਰਨਾ ਕਹਿੰਦੇ ਹਨ, ਆਖੇਟ (ਸ਼ਿਕਾਰ) ਕਰਨ ਜਾਂਦੇ ਹਨ। ਬੈਠ ਜਾਂਦੇ ਹਨ ਦਰਖ਼ੱਤ ਉੱਤੇ ਮਚਾਨ ਬੰਨ੍ਹ ਕੇ। ਉੱਥੋਂ ਗੋਲੀ ਮਾਰ ਦਿੰਦੇ ਹਨ ਇੱਕ ਨਿਹੱਥੇ ਜੋਨਵਰ ਉੱਤੇ। ਸ਼ਰਮ ਵੀ ਨਹੀਂ ਖਾਂਦੇ ਅਤੇ ਇਸ ਨੂੰ ਕਹਿੰਦੇ ਹਨ--ਸ਼ਿਕਾਰ ਦੀ ਖੇਡ। ਅਤੇ ਜੇਕਰ ਕਦੇ ਸ਼ੇਰ ਧਾਰ ਦਬੋਚੇ ਤਾਂ ਉਸਨੂੰ ਨਹੀਂ ਕਹਿੰਦੇ ਕਿ ਸ਼ੇਰ ਨੇ ਸ਼ਿਕਾਰ ਕੀਤਾ।

ਆਦਮੀ ਕਮਜ਼ੋਰ ਸੀ ਤਾਂ ਉਸਨੇ ਸ਼ਸਤ੍ਰ ਲੱਭੇ। ਠੀਕ ਉਹੋ ਜਿਹੀ ਹਾਲਤ ਇਸਤ੍ਰੀ ਅਤੇ ਪੁਰਸ਼ ਦੇ ਵਿਚਕਾਰ ਹੋਈ। ਪੁਰਸ਼ ਮਜਬੂਤ ਹੈ। ਉਚਾਈ ਉਸਦੀ ਥੋੜ੍ਹੀ ਜ਼ਿਆਦਾ ਹੈ। ਸ਼ਰੀਰ ਵਿਚ ਉਸਦੇ ਜ਼ਿਆਦਾ ਮਸਲ ਹਨ, ਮਜ਼ਬੂਤ ਹੈ, ਹੱਡੀ ਉਸਦੀ ਮੋਟੀ ਹੈ, ਇਸਤ੍ਰੀਆਂ ਨੂੰ ਸਤਾ ਸਕਦਾ ਹੈ। ਸੋ ਇਸਤ੍ਰੀਆਂ ਨੂੰ ਸੂਖਮ ਉਪਾਅ ਲਭੱਣੇ ਪਏ, ਅਜਿਹੇ ਉਪਾਅ ਲੱਭੇ ਜਿਨ੍ਹਾਂ ਨਾਲ ਪੁਰਸ਼ ਲੜ ਨ ਸਕੇ। ਜਿਵੇਂ ਕਿ ਤੁਸੀਂ ਘਰ ਆਏ ਕਿ ਇਸਤ੍ਰੀ ਨੇ ਇੱਕਦਮ ਵਾਲ ਖਲੇਰ ਲਏ ਤੇ ਰੋਣ ਲਗੀ. ਹੁਣ ਕੀ ਕਰੋਗੇ? ਹੁਣ ਰੋਂਦੀ ਇਸਤ੍ਰੀ ਨੂੰ ਮਾਰੋ ਤਾਂ ਵੀ ਠੀਕ ਨਹੀਂ। ਉਸ ਦਾ ਰੋਣਾ ਉਪਾਅ ਹੈ, ਸੂਖਮ ਉਪਾਅ ਹੈ ਕਿ ਹੁਣ ਵੇਖੀਏ ਕੀ ਕਰਦੇ ਹੋ, ਹੁਣ ਝੁਕਣਾ ਪਏਗਾ ! ਹੁਣ ਟੁੱਰੇ ਆਈਸਕ੍ਰੀਮ ਖ਼ਰੀਦਣ। ਕਿ ਕੁਝ ਲੋਕ ਤਾਂ ਪਹਿਲਾਂ ਤੋਂ ਹੀ ਲੈ ਕੇ ਆਉਂਦੇ ਹਨ ਆਈਸਕ੍ਰੀਮ, ਗੁਲਦਸਤਾ, ਫੁੱਲ।

ਪਹਿਲਾਂ ਹੀ ਇੰਤਜ਼ਾਮ ਕਰਕੇ ਆਉਂਦੇ ਹਨ।

ਇੱਕ ਸਮ੍ਰਾਟ ਨੇ ਐਲਾਨ ਕੀਤਾ, ਅਤੇ ਦਰਬਾਰੀਆਂ ਤੋਂ ਉਸਨੇ ਪੁੱਛਿਆ ਕਿ ਅਜਿਹਾ ਵੀ ਕੋਈ ਦਰਬਾਰੀ ਹੈ ਤੁਹਾਡੇ ਵਿਚ ਜਿਹੜਾ ਇਸ ਗੱਲ ਦਾ ਜਵਾਬ ਦੇ ਸਕੇ; ਪਰ ਇਮਾਨਦਾਰੀ ਨਾਲ ਜਵਾਬ ਦੇਣਾ। ਮੈਂ ਚਾਹੁੰਦਾ ਹਾਂ ਕਿ ਜਿਹੜੇ ਆਪਣੀ ਪਤਨੀ ਤੋਂ ਡੱਰਦੇ ਹਨ, ਇੱਕ ਪਾਸੇ ਖੜੇ ਹੋ ਜਾਣ; ਅਤੇ ਜਿਹੜੇ ਆਪਣੀਆਂ ਪਤਨੀਆਂ ਤੋਂ ਨਹੀਂ ਡੱਰਦੇ ਉਹ ਦੂਜੇ ਪਾਸੇ ਖੜੇ ਹੋ ਜਾਣ।

ਸਾਰੇ ਦਰਬਾਰੀ ਖੜੇ ਹੋ ਗਏ; ਸਿਰਫ਼ ਇੱਕ ਆਦਮੀ ਨੂੰ ਛੱਡ ਕੇ। ਉਸ ਆਦਮੀ ਨੂੰ ਤਾਂ ਸਮ੍ਰਾਟ ਨੇ ਕਦੇ ਸੋਚਿਆ ਹੀ ਨਹੀਂ ਸੀ, ਉਹ ਤਾਂ ਬਿਲਕੁੱਲ ਸੁੱਕਾ-ਸੜਿਆ,

ਗਿਆ-ਬੀਤਿਆ ਆਦਮੀ ਸੀ, ਸਭ ਤੋਂ ਆਖ਼ਰੀ ਸੀ। ਉਹ ਇੱਕ ਪਾਸੇ ਖੜਾ ਹੋ ਗਿਆ। ਸਮ੍ਰਾਟ ਨੇ ਪੁੱਛਿਆ ਮੈਨੂੰ ਬਹੁਤ ਹੈਰਾਨੀ ਹੁੰਦੀ ਹੈ, ਪਰ ਫ਼ਿਰ ਵੀ ਕੋਈ ਗੱਲ ਨਹੀਂ, ਘੱਟੋ-ਘੱਟ ਮੇਰੇ ਦਰਬਾਰ ਵਿਚ ਇੱਕ ਆਦਮੀ ਤਾਂ ਹੈ ਜਿਹੜਾ ਪਤਨੀ ਤੋਂ ਨਹੀਂ ਡੱਰਦਾ।

ਉਸ ਆਦਮੀ ਨੇ ਕਿਹਾ : ਮਾਫ਼ ਕਰਨਾ, ਤੁਸੀਂ ਗਲਤ ਸਮਝ ਰਹੇ ਹੋ। ਅਸਲ ਵਿਚ ਜਦ ਮੈਂ ਘਰੋਂ ਟੁਰਨ ਲਗਾ ਤਾਂ ਪਤਨੀ ਨੇ ਕਿਹਾ : ਵੇਖੋ, ਭੀੜ-ਭਾੜ ਵਿਚ ਖੜੇ ਨ ਹੋਣਾ। ਸਭ ਲੋਕ ਉਸ ਪਾਸੇ ਖਲੋਤੇ ਹਨ, ਜੇਕਰ ਮੈਂ ਉਸ ਪਾਸੇ ਖਲੋਤਾ ਹੋਵਾਂ ਤੇ ਪਤਨੀ ਨੂੰ ਪਤਾ ਲਗ ਜਾਏ ਤਾਂ ਝੰਜਟ ਹੋਏਗਾ, ਇਸ ਲਈ ਇਸ ਪਾਸੇ ਖਲੋਤਾ ਹਾਂ। ਤਾਂ ਸਮ੍ਰਾਟ ਨੇ ਆਪਣੇ ਇੱਕ ਆਦਮੀ ਨੂੰ ਕਿਹਾ ਕਿ ਹੁਣ ਸਾਨੂੰ ਪਤਾ ਲਗਾਉਣਾ ਹੋਏਗਾ ਕਿ ਪੂਰੇ ਰਾਜ ਦੀ ਕੀ ਹਾਲਤ ਹੈ; ਜਦ ਦਰਬਾਰੀ ਦੀ ਇਹ ਹਾਲਤ ਹੈ ਤਾਂ ਪੂਰੇ ਰਾਜਯ ਦੀ ਕੀ ਹਾਲਤ ਹੋਇਗੀ?

ਤਾਂ ਉਸਨੇ ਇੱਕ ਆਦਮੀ ਨੂੰ ਭੇਜਿਆ ਕਿ ਤੂੰ ਜਾ ਅਤੇ ਹਰ ਘਰ ਵਿਚ ਪੁੱਛੀਂ ਰਾਜਧਾਨੀ ਵਿਚ ਕਿ ਕੌਣ ਆਪਣੀ ਪਤਨੀ ਤੋਂ ਡੱਰਦਾ ਹੈ ਅਤੇ ਕਹਿਣਾ ਕਿ ਜੇਕਰ ਝੂਠ ਬੋਲੇ ਤਾਂ ਬਹੁਤ ਸਜ਼ਾ ਮਿਲੇਗੀ। ਸੱਚ ਬੋਲੇ ਤਾਂ ਠੀਕ। ਜਦ ਤੈਨੂੰ ਪੱਕਾ ਭਰੋਸਾ ਹੋ ਜਾਏ ਕਿ ਕੋਈ ਆਦਮੀ ਅਜਿਹਾ ਹੈ ਜਿਹੜਾ ਆਪਣੀ ਪਤਨੀ ਤੋਂ ਨਹੀਂ ਡੱਰਦਾ, ਤਾਂ ਇਹ ਸੁੰਦਰ ਘੋੜਾ ਲੈ ਜਾ। ਇੱਕ ਸਫ਼ੈਦ ਕਾਬਲੀ ਘੋੜਾ—ਬਹੁਤ ਹੀ ਕੀਮਤੀ, ਸਭ ਤੋਂ ਮਹਿੰਗਾ ਰਾਜੇ ਦੇ ਦਰਬਾਰ ਵਿਚ ਜੋ ਘੋੜਾ ਸੀ—ਇਹ ਲੈ ਜਾ, ਇਹ ਉਸ ਨੂੰ ਭੇਂਟ ਦੇ ਦੇਵੀਂ। ਇਹ ਮੇਰੀ ਵਲੋਂ ਭੇਂਟ (ਇਨਾਮ)।

ਉਹ ਆਦਮੀ ਗਿਆ, ਉਸਨੇ ਜਿਸ ਕੋਲੋਂ ਵੀ ਪੁੱਛਿਆ ਉਸੇ ਨੇ ਕਿਹਾ ਕਿ ਭਾਈ, ਹੁਣ ਅਸੀਂ ਝੂਠ-ਸਚ ਵਿਚ ਤਾਂ ਪੈਣਾ ਨਹੀਂ ਚਾਹੁੰਦੇ, ਕਿਉਂਕਿ ਝੰਜਟ ਵਿਚ ਕੌਣ ਪਵੇ, ਸੱਚ ਗੱਲ ਇਹ ਹੈ ਕਿ ਅਸੀਂ ਡੱਰਦੇ ਹਾਂ। ਪਰ ਕਿਸੇ ਨੂੰ ਕਹਿਣਾ ਨ ਭਰਾਵਾ ! ਰਾਜੇ ਨੇ ਪੁੱਛਿਆ ਹੈ ਤਾਂ ਸੱਚ ਹੀ ਕਹਿ ਦਿੰਦੇ ਹਾਂ, ਅਸੀਂ ਡੱਰਦੇ ਹਾਂ।

ਥਕ ਗਿਆ ਉਹ ਵਜ਼ੀਰ ਲਭਦੇ-ਲਭਦੇ ਕਿ ਇੱਕ-ਅੱਧ ਆਦਮੀ ਵੀ ਨ ਮਿਲੇਗਾ ਜਿਹੜਾ ਇਹ ਘੋੜਾ ਲੈ ਸਕੇ ! ਪਰ ਉਸ ਨੂੰ ਵੀ ਇਹ ਗੱਲ ਸੋਚ ਵਿਚ ਤਾਂ ਆਈ ਕਿ ਮੈਂ ਖ਼ੁਦ ਹੀ ਨਹੀਂ ਲੈ ਸਕਦਾ ਇਹ ਘੋੜਾ, ਤਾਂ ਆਦਮੀ ਹੋਰ ਕਿਹੜਾ ਮਿਲੇਗਾ? ਤੇ ਫ਼ਿਰ ਉਸਨੇ ਸੋਚਿਆ ਕਿ ਖ਼ੁਦ ਸਮ੍ਰਾਟ ਵੀ ਨਹੀਂ ਲੈ ਸਕਦਾ ਇਹ ਘੋੜਾ, ਕਿਉਂਕਿ ਸਭ ਨੂੰ ਪਤਾ ਹੈ ਕਿ ਉਹ ਖ਼ੁਦ ਵੀ ਡੱਰਦਾ ਹੈ। ਅਸਲੀ ਰਾਜ ਤਾਂ ਰਾਣੀ ਕਰ ਰਹੀ ਹੈ, ਰਾਜਾ ਤਾਂ ਬਸ ਉਸਦੇ ਹਥ ਦੀ ਕਠਪੁਤਲੀ ਹੈ। ਰਾਣੀ ਨੂੰ ਰਾਜ਼ੀ ਕਰ ਲਓ, ਰਾਜਾ ਰਾਜ਼ੀ ਹੋ ਜਾਂਦਾ ਹੈ। ਕਿ ਇੱਕ ਵੀ ਆਦਮੀ ਨਹੀਂ ਮਿਲੇਗਾ, ਕੀ ਇਹ ਮਨੁੱਖ ਜਾਤੀ ਇੰਨੀ ਪਤਿਤ ਹੋ ਗਈ ਹੈ? ਕਿ ਇੱਕ ਵੀ ਮਨੁੱਖ ਨਹੀਂ ਹੈ।

ਆਖ਼ਰ ਉਸਨੇ ਇੱਕ ਝੋਂਪੜੇ ਵਿਚ ਜਾ ਕੇ ਇੱਕ ਆਦਮੀ ਵੇਖਿਆ, ਜਿਹੜਾ ਬਿਲਕੁੱਲ ਮੁਹੰਮਦ ਅਲੀ ਵਰਗਾ ਮਾਲੂਮ ਹੁੰਦਾ ਸੀ, ਮੋਟੇ-ਮੋਟੇ ਮਸਲ ਸਨ ਉਸਦੇ, ਵੱਡੇ-ਵੱਡੇ ਪੰਜੇ ਸਨ। ਕੋਈ ਸਤ ਫੁਟ ਉਚਾਈ ਸੀ ਉਸਦੀ। ਉਸਦੀ ਇੱਕ ਬਿਲਕੁੱਲ ਦੁਬਲੀ-ਪਤਲੀ ਪਤਨੀ ਸੀ। ਉਸਨੇ ਕਿਹਾ ਇਹ ਆਦਮੀ ਹੈ ਉਸਨੇ ਕਿਹਾ : ਭਾਈ ਤੂੰ ਮਾਰ ਲਿਆ ਹਥ, ਤੂੰ ਆਪਣੀ ਪਤਨੀ ਤੋਂ ਡੱਰਦਾ ਤਾਂ ਨਹੀਂ?

ਉਸਨੇ ਆਪਣੇ ਮਸਲ ਵਿਖਾਏ। ਉਸਨੇ ਕਿਹਾ : ਇਹ ਵੇਖੋ !

ਉਸਨੇ ਕਿਹਾ : ਮਸਲ ਤਾਂ ਅਜਿਹੇ ਹਨ ਕਿ ਮੈਨੂੰ ਡਰ ਲਗ ਰਿਹਾ ਹੈ ਵੇਖਕੇ।

ਉਸਨੇ ਆਪਣਾ ਪੰਜਾ ਖੋਲ ਕੇ ਦੱਸਿਆ ਅਤੇ ਬੰਦ ਕਰਕੇ ਦੱਸਿਆ। ਉਸ ਨੇ ਕਿਹਾ ਕਿ ਜਿਸਦੀ ਗਰਦਨ ਉੱਤੇ ਕੱਸ ਜਾਏ—ਖ਼ਤਮ ! ਤਾਂ ਉਸਨੇ ਕਿਹਾ, ਭਾਈ ਠੀਕ।

ਤਾਂ ਰਾਜੇ ਨੇ ਆਖਿਆ ਹੈ ਕਿ ਜਿਹੜਾ ਅਜਿਹਾ ਆਦਮੀ ਮਿਲ ਜਾਏ, ਉਸਨੂੰ ਇਹ ਘੋੜਾ ਭੇਟ ਕਰ ਦੇਣਾ। ਦੋ ਘੋੜੇ ਹਨ ਰਾਜੇ ਦੇ ਕੋਲ, ਇੱਕ ਕਾਲਾ, ਇੱਕ ਚਿੱਟਾ। ਦੋਵੇਂ ਉੱਤਮ ਘੋੜੇ ਹਨ, ਇੱਕ ਹੀ ਕੀਮਤ ਦੇ ਘੋੜੇ ਹਨ। ਤਾਂ ਤੂੰ ਚਿੱਟਾ ਘੋੜਾ ਚਾਹੁੰਦਾ ਹੈਂ ਜਾਂ ਕਾਲਾ ? ਤਾਂ ਉਸਨੇ ਕਿਹਾ ਲੱਲੂ ਦੀ ਮਾਂ ਚਿੱਟਾ ਕਿ ਕਾਲਾ ? ਤਾਂ ਲੱਲੂ ਦੀ ਮਾਂ ਨੇ ਕਿਹਾ। ਕਾਲਾ। ਤਾਂ ਉਸ ਵਜ਼ੀਰ ਨੇ ਕਿਹਾ : ਹੁਣ ਨਹੀਂ ਮਿਲਦਾ।

ਲੱਲੂ ਦੀ ਮਾਂ ਨੇ ਤੈਅ ਕੀਤਾ ! ਉਹ ਮਸਲ ਵਗੈਰਾ, ਉਹ ਪੰਜਾ ਸਭ ਧਰਿਆ ਰਹਿ ਗਿਆ। ਇਸਤ੍ਰੀਆਂ ਨੇ ਕੁਝ ਸੂਖਮ ਉਪਾਅ ਲੱਭੇ ਹਨ ਆਦਮੀਆਂ ਨਾਲ ਲੜਨ ਦੇ। ਪੁਰਸ਼ ਨੂੰ ਗੁੱਸਾ ਆ ਜਾਏ ਇਸਤ੍ਰੀ ਨੂੰ ਮਾਰਦਾ ਹੈ; ਇਸਤ੍ਰੀ ਨੂੰ ਗੁੱਸਾ ਆ ਜਾਏ, ਖ਼ੁਦ ਨੂੰ ਮਾਰ ਲੈਂਦੀ ਹੈ, ਖ਼ੁਦ ਕੰਧਾਂ ਨਾਲ ਸਿਰ ਮਾਰ ਲੈਂਦੀ ਹੈ। ਉਸਦਾ ਉਪਾਅ ਬਹੁਤ ਗਾਂਧੀਵਾਦੀ ਹੈ, ਅਹਿੰਸਾਤਮਕ। ਬੱਚੇ ਦੀ ਕੁਟਾਈ ਕਰ ਦਿੰਦੀ ਹੈ, ਲੱਲੂ ਪਿੱਟ ਜਾਂਦੇ ਹਨ। ਲੱਲੂ ਦਾ ਪਿਓ ਸੋਚਣ ਲਗਦਾ ਹੈ ਕਿ ਹੁਣ ਸਾਰ ਕੀ ਹੈ, ਬੱਚਾ ਨਾਹਕ ਪਿੱਟ ਰਿਹਾ ਹੈ, ਪਹਿਲਾਂ ਹੀ ਚੁੱਪ ਰਹੇ ਹੁੰਦੇ ਤਾਂ ਚੰਗਾ ਸੀ।

ਤੁਹਾਡਾ ਪ੍ਰੇਮ ਸਤਤ (ਲਗਾਤਾਰ) ਕਲਹ (ਕਲੇਸ਼) ਹੈ; ਉਸ ਵਿਚ ਇਸਤ੍ਰੀ ਕੋਸ਼ਿਸ਼ ਕਰ ਰਹੀ ਹੈ ਪੁਰਸ਼ ਉੱਤੇ ਹਾਵੀ ਹੋ ਜਾਣ ਲਈ, ਪੁਰਸ਼ ਕੋਸ਼ਿਸ਼ ਕਰ ਰਿਹਾ ਹੈ ਇਸਤ੍ਰੀ ਉੱਤੇ ਹਾਵੀ ਹੋ ਜਾਣ ਲਈ। ਇਸ ਲਈ ਪ੍ਰੇਮ ਦੀ ਬਗੀਆ ਵੱਸ ਹੀ ਨਹੀਂ ਪਾਉਂਦੀ। ਪ੍ਰੇਮ ਨੂੰ ਅਗਨੀ 'ਚੋਂ ਲੰਘਣਾ ਹੀ ਹੋਏਗਾ। ਅਤੇ ਜਦ ਪ੍ਰੇਮ ਸ਼ੁੱਧ ਹੁੰਦਾ ਹੈ ਤਾਂ ਉਹ ਹੀ ਸ਼ਰਧਾ ਬਣਦਾ ਹੈ। ਇਸ ਲਈ ਜਦ ਤੁਸੀਂ ਸਤਿਗੁਰੂ ਦੇ ਕੋਲ ਜਾਓਗੇ ਤਾਂ ਉਹ ਤੁਹਾਡੇ ਪ੍ਰੇਮ ਦੀਆਂ ਬਹੁਤ ਪਰੀਕਸ਼ਾਵਾਂ ਲਵੇਗਾ। ਹੋਰ ਜਿਵੇਂ ਮੈਂ ਕਿਹਾ, ਇਨ੍ਹਾਂ ਪਰੀਕਸ਼ਾਵਾਂ ਵਿਚੋਂ ਬਹੁਤ ਲੋਕ ਭੱਜ ਜਾਣਗੇ। ਇੰਨੀਆਂ ਪਰੀਕਸ਼ਾਵਾਂ ਦੇਣ ਦੀ ਉਨ੍ਹਾਂ ਦੀ ਤਿਆਰੀ ਨਹੀਂ ਹੋਏਗੀ। ਇੰਨੀ ਅੱਗ ਵਿਚੋਂ ਲੰਘਣ ਦਾ ਸਾਹਸ ਥੋੜ੍ਹੇ ਹੀ ਲੋਕਾਂ ਵਿਚ ਹੁੰਦਾ ਹੈ ਅਤੇ ਜਿਹੜੇ ਅੱਗ 'ਚੋਂ ਨਹੀਂ ਲੰਘ ਸਕਦੇ, ਉਹ ਨਿਖਰ ਵੀ ਨਹੀਂ ਸਕਦੇ, ਸ਼ੁੱਧ ਵੀ ਨਹੀਂ ਹੋ ਸਕਦੇ। ਉਹ ਪਰਮਾਤਮਾ ਦੇ ਪਾਤਰ ਵੀ ਨਹੀਂ ਹੋ ਸਕਦੇ।

ਨਹੀਂ ਨਿਰਦਯੀ ਤੁਮ, ਨਹੀਂ ਬੇਰਹਮ ਤੁਮ !
ਤੁਮਹਾਰੀ ਹੰਸੀ, ਔਰ ਮੇਰੇ ਰੁਦਨ ਕੋ,
ਨ ਜਾਨੇ ਨਿਯਤਿ ਆਜ ਕਿਉਂ ਤੋਲਤੀ ਹੈ ?

ਉਧਰ ਝਿਲਮਿਲਾਤੇ ਹੈਂ ਤਾਰੇ ਗਗਨ ਮੇਂ,
ਇਧਰ ਓਸ ਕੇ ਬਿੰਦੂ, ਭੂ ਪਰ ਬਰਸਤੇ ;
ਉਧਰ ਕੇਲਿ ਕਰਤੇ ਵਿਹਰਤੇ ਹੈਂ ਬਾਦਲ,

ਇਧਰ ਬੂੰਦ ਕੋ ਭੀ ਹੈਂ ਚਾਤਕ ਤਰਸਤੇ;
ਤੁਮਹਾਰਾ ਪਰਸ ਪ੍ਰਾਪਤ ਕਰਨੇ ਵਿਕਲ-ਸੀ,
ਹਵਾ ਕੁੰਜ ਮੇਂ ਕਾਂਪਤੀ-ਡੋਲਤੀ ਹੈ !
ਤੁਮਹਾਰੀ ਹੰਸੀ, ਔਰ ਮੇਰੇ ਰੁਦਨ ਕੋ,
ਨ ਜਾਨੇ ਨਿਯਤਿ ਆਜ ਕਿਉਂ ਤੋਲਤੀ ਹੈ ?

ਤਿਮਰ-ਆਵਰਨ ਕੋ ਜ਼ਰਾ ਚੀਰ ਕਰ ਤੁਮ,
ਕਭੀ ਮਨ-ਹਰਨ ਨਿਜ ਝਲਕ ਤੋ ਦਿਖਾਓ;
ਕੁਸੁਮ ਕੀ ਜੋ ਭੀਗੀ ਹੁਈ ਪਤੀਯਾਂ ਹੈਂ,
ਉਨ੍ਹੇ ਅਪਨੇ ਹਾਥੋਂ ਸੇ ਪੋਂਛੋ, ਸਜਾਓ;
ਯੇ ਮੋਤੀ ਕੇ ਦਾਨੇ ਤੁਮਹਾਰੇ ਲਿਏ ਹੈਂ,
ਸਦਾ ਜਗ ਕੀ ਆਖੇਂ ਜਿਨ੍ਹੇਂ ਰੋਲਤੀ ਹੈਂ।
ਤੁਮਹਾਰੀ ਹੰਸੀ ਔਰ ਮੇਰੇ ਰੁਦਨ ਕੋ,
ਨ ਜਾਨੇ ਨਿਯਤਿ ਆਜ ਕਿਉਂ ਤੋਲਤੀ ਹੈਂ ?

ਨ ਜਾਨੇ ਤੁਮਹਾਰੇ ਸ਼ਰਵਣ ਕੇ ਪੁਟੋਂ ਤੱਕ,
ਪਹੁੰਚ ਪਾਏਗੀ ਕਬ ਦਬੀ ਆਹ ਮੇਰੀ;
ਨ ਜਾਨੇ ਕਿ ਕਿਸ ਦਿਨ ਤੁਮਹਾਰੇ ਨਗਰ ਤਕ,
ਮੁਝੇ ਪ੍ਰਾਣ ! ਪਹੁੰਚਾਏਗੀ ਰਾਹ ਮੇਰੀ;
ਨਹੀਂ ਨਿਰਦਯੀ, ਤੁਮ, ਨਹੀਂ ਬੇਰਹਮ ਤੁਮ,
ਛਿਤਿਜ ਪਰ ਸੇ ਕੋਈ ਕਿਰਣ ਬੋਲਤੀ ਹੈ !
ਤੁਮਹਾਰੀ ਹੰਸੀ, ਔਰ ਮੇਰੇ ਰੁਦਨ ਕੋ,
ਨ ਜਾਨੇ ਨਿਯਤਿ ਆਜ ਕਿਉਂ ਤੋਲਤੀ ਹੈ ?

ਭਰੋਸਾ ਰੱਖੋਗੇ, ਸ਼ਰਧਾ ਨਾਲ ਵਧਦੇ ਰਹੋਗੇ, ਤਾਂ ਕੋਈ ਕਿਰਣ ਆਕਾਸ਼ ਤੋਂ ਕਹਿੰਦੀ ਹੀ ਰਹੇਗੀ ਕਿ ਘਬਰਾਓ ਨ, ਟੁਰੇ ਚਲੋ। ਇਹ ਜ਼ਰੂਰੀ ਹੈ ਪ੍ਰਕ੍ਰਿਆ ਸ਼ੁੱਧ ਹੋਣ ਦੀ, ਪੂਰੀ ਤਰ੍ਹਾਂ ਸ਼ੁੱਧ ਹੋਣ ਦੀ।

ਨਹੀਂ ਨਿਰਦਯੀ, ਤੁਮ, ਨਹੀਂ ਬੇਰਹਮ ਤੁਮ !

ਪਰਮਾਤਮਾ ਨ ਤਾਂ ਨਿਰਦਈ ਹੈ ਅਤੇ ਨ ਬੇਰਹਮ ਹੈ। ਪਰ ਪ੍ਰੇਮ ਦੀ ਅਗਨਿ ਪ੍ਰੀਖਿਆ ਲੈਣੀ ਹੀ ਹੋਏਗੀ। ਕਿਉਂਕਿ ਅਗਨਿ ਪ੍ਰੀਖਿਆ ਤੋਂ ਹੀ ਪ੍ਰੇਮ ਸ਼ਰਧਾ ਬਣੇਗਾ।

ਪ੍ਰੇਮ ਇਵੇਂ ਹੀ ਹੈ ਜਿਵੇਂ ਫ਼ੁੱਲ, ਅਤੇ ਸ਼ਰਧਾ ਜਿਵੇਂ ਫ਼ੁੱਲ ਦੀ ਸੁਵਾਸ।

ਜਿਵੇਂ ਸੁਵਾਸ ਉਪੱਰ ਵਲ ਉਠਦੀ ਹੈ, ਆਕਾਸ਼ ਦੇ ਵਲ ...। ਜਿਵੇਂ ਧੂੱਪ ਦਾ ਧੂੰਆਂ ਆਕਾਸ਼ ਵਲ ਉਠਦਾ ਹੈ, ਫ਼ੁੱਲ ਦੀ ਸੁਵਾਸ ਆਕਾਸ਼ ਵਲ ਉਠਦੀ ਹੈ।

ਫ਼ੁੱਲ ਡਿਗੇਗਾ ਤਾਂ ਜ਼ਮੀਨ ਵਲ ਡਿਗੇਗਾ, ਸੁਵਾਸ ਉਪੱਰ ਵਲ ਜਾਂਦੀ ਹੈ। ਧੂੱਪ ਪਏਗੀ

ਤਾਂ ਧਰਤੀ ਉੱਤੇ ਪਵੇਗੀ। ਪਰ ਧੂੱਪ ਦਾ ਸੁਗੰਧਿਤ ਧੂਆਂ ਆਕਾਸ਼ ਵਲ ਜਾਂਦਾ ਹੈ।

ਪ੍ਰੇਮ ਤਾਂ ਡਿੱਗ ਪੈਂਦਾ ਹੈ ਜ਼ਮੀਨ ਵਲ; ਸ਼ਰਧਾ ਆਕਾਸ਼ ਵਲ ਉਠਦੀ ਹੈ। ਇਸ ਲਈ ਅਸੀਂ ਕਹਿੰਦੇ ਹਾਂ : ਫ਼ਲਾਂ ਆਦਮੀ ਪ੍ਰੇਮ ਵਿਚ ਢਹਿ ਪਿਆ, ਸਾਰੀ ਦੁਨੀਆਂ ਦੀਆਂ ਭਾਸ਼ਾਵਾਂ ਵਿਚ ਫ਼ਾਲਿੰਗ ਇਨ ਲਵ। ਪ੍ਰੇਮ ਵਿਚ ਅਸੀਂ ਡਿੱਗ ਪੈਂਦੇ ਹਾਂ ਜ਼ਮੀਨ ਵਲ। ਪ੍ਰੇਮ ਦਾ ਪ੍ਰਵਾਹ ਉਧੋਗਾਮੀ ਹੈ, ਹੇਠਾਂ ਵਲ ਹੈ।

ਪ੍ਰੇਮ ਇਵੇਂ ਹੈ ਜਿਵੇਂ ਜਲਧਾਰ, ਟੋਏ ਤੋਂ ਹੋਰ ਡੂੰਘੇ ਟੋਏ ਵਲ ਜਾਂਦਾ ਹੈ ਜਲ, ਹੇਠਾਂ ਤੋਂ ਹੇਠਾਂ, ਹੇਠਾਂ ਤੋਂ ਹੇਠਾਂ...। ਸ਼ਰਧਾ ਇਵੇਂ ਹੈ ਜਿਵੇਂ ਵਾਸ਼ਪੀਭੂਤ (ਏਵੈਪੋਰੇਸ਼ਨ) ਹੋ ਗਿਆ ਜਲ ... ਉਠਣ ਲਗਾ ਉਪੱਰ, ਘਿਰਨ ਲਗੇ ਮੇਘ ਆਕਾਸ਼ ਵਿਚ।

ਜਿਵੇਂ ਹੀ ਭਾਫ਼ ਪਾਣੀ ਬਣੇਗੀ ਧਰਤੀ ਉੱਤੇ ਉਤਰ ਆਏਗੀ, ਜਿਵੇਂ ਹੀ ਪਾਣੀ ਭਾਫ਼ ਬਣੇਗਾ, ਆਕਾਸ਼ ਵਿਚ ਉਡੱ ਜਾਏਗਾ।

ਪ੍ਰੇਮ ਅੱਗ ਵਿਚੋਂ ਲੰਘੇ ਤਾਂ ਭਾਫ਼ ਬਣਦਾ ਹੈ। ਜਿਵੇਂ ਪਾਣੀ ਅੱਗ ਵਿਚੋਂ ਲੰਘਦਾ ਹੈ ਤਾਂ ਭਾਪ ਬਣ ਜਾਂਦਾ ਹੈ। ਠੀਕ ਇਵੇਂ ਹੀ ਪ੍ਰੇਮ ਦੀ ਅਗਨੀ ਪ੍ਰੀਖਿਆ ਹੈ।

ਆਗਾਜ਼ੇ-ਮੁਹੱਬਤ ਸੇ ਅੰਜਾਮੇ-ਮੁਹੱਬਤ ਤਕ
ਗੁਜ਼ਰਾ ਹੈ ਜੋ ਕੁਛ ਹਮ ਪਰ ਤੁਮਨੇ ਭੀ ਸੁਨਾ ਹੋਗਾ।

ਬਹੁਤ ਕੁਝ ਲੰਘਦਾ ਹੈ।

ਆਗਾਜ਼ੇ-ਮੁਹੱਬਤ ਸੇ ਅੰਜਾਮੇ-ਮੁਹੱਬਤ ਤਕ !

ਪ੍ਰੇਮ ਦੀ ਸ਼ੁਰੂਆਤ ਤੋਂ ਪ੍ਰੇਮ ਦੀ ਪੂਰਣਤਾ ਤੱਕ ਬਹੁਤ ਕੁਝ ਲੰਘਦਾ ਹੈ।

ਆਗਾਜ਼ੇ-ਮੁਹੱਬਤ ਸੇ ਅੰਜਾਮੇ-ਮੁਹੱਬਤ ਤਕ
ਗੁਜ਼ਰਾ ਹੈ ਜੋ ਕੁਛ ਹਮ ਪਰ ਤੁਮਨੇ ਭੀ ਸੁਨਾ ਹੋਗਾ।

ਸੋ ਭਗਤਾਂ ਦੀਆਂ ਕਥਾਵਾਂ ਪੜ੍ਹੋ, ਭਗਤਾਂ ਦੀਆਂ ਗਾਥਾਵਾਂ ਪੜ੍ਹੋ, ਤਾਂ ਤੁਸੀਂ ਸਮਝੋਗੇ—ਕਿਹੋ-ਜਿਹੀ ਪੀੜ ਹੈ, ਕਿੰਨੇ ਅਥਰੂ, ਕਿੰਨਾ ਰੋਣਾ, ਕਿੰਨਾਂ ਵੈਰਾਗ ਹੈ, ਕਿੰਨੀ ਅੱਗ ... ਪਰ ਉਨ੍ਹਾਂ ਹੀ ਅੰਗਾਰਿਆਂ ਦੇ ਵਿਚਾਲਿਓਂ ਲੰਘ ਕੇ ਕੋਈ ਪਰਮਾਤਮਾ ਦੇ ਮੰਦਰ ਤੱਕ ਪੁੱਜਦਾ ਹੈ। ਉਹ ਸ਼ਰਤ ਪੂਰੀ ਕਰਨੀ ਹੀ ਹੁੰਦੀ ਹੈ।

ਧਿਆਨ ਰਖੱਣਾ, ਪਰਮਾਤਮਾ ਨ ਤਾਂ ਨਿਰਦਈ ਹੈ, ਨ ਬੇਰਹਮ ਹੈ। ਸੱਚ ਤਾਂ ਇਹ ਹੈ ਕਿ, ਉਸਦੀ ਅਨੁਕੰਪਾ (ਆਸ਼ੀਰਵਾਦ) ਹੈ ਜੋ ਤੁਹਾਡੀ ਪ੍ਰੀਖਿਆ ਲੈਂਦੀ ਹੈ। ਹੋਰ ਤੁਹਾਡੀ ਜਿੰਨੀ ਕਰੜੀ ਪ੍ਰੀਖਿਆ ਲਈ ਜਾਏ ਓਨਾ ਹੀ ਖੁਸ਼ ਹੋਣਾ, ਧੰਨਵਾਦ ਦੇਣਾ, ਕਿਉਂਕਿ ਤੁਹਾਡੇ ਉੱਤੇ ਬਹੁਤ ਭਰੋਸਾ ਕੀਤਾ ਜਾ ਰਿਹਾ ਹੈ।

ਸਤਿਗੁਰੂ ਉਸੇ ਚੇਲੇ ਦੀ ਸਭ ਤੋਂ ਵੱਧ ਪ੍ਰੀਖਿਆ ਲਵੇਗਾ, ਜਿਸ ਚੇਲੇ ਉੱਤੇ ਭਰੋਸਾ ਹੈ ਕਿ ਉਸਦੇ ਅੰਦਰ ਕੁਝ ਹੋ ਸਕਦਾ ਹੈ ; ਜਿਸ ਉੱਤੇ ਭਰੋਸਾ ਨਹੀਂ ਹੈ ਉਸਦੀ ਕੋਈ ਪ੍ਰੀਖਿਆ ਨਹੀਂ ਲਈ ਜਾਂਦੀ। ਇਸ ਲਈ ਧੰਨਭਾਗੀ ਹਨ ਉਹ ਜਿਨ੍ਹਾਂ ਦੇ ਪ੍ਰੇਮ ਦੀ ਪ੍ਰੀਖਿਆ ਲਈ ਜਾਂਦੀ ਹੈ।

ਨਹੀਂ ਨਿਰਦਈ, ਤੁਮ, ਨਹੀਂ ਬੇਰਹਮ ਤੁਮ
ਛਿਤਿਜ ਪਰ ਸੇ ਕੋਈ ਕਿਰਣ ਬੋਲਤੀ ਹੈ !

ਤੁਮਹਾਰੀ ਹੰਸੀ ਔਰ ਮੇਰੇ ਰੁਦਨ ਕੋ
ਨ ਜਾਨੇ ਨਿਯਤਿ ਆਜ ਕਿਉਂ ਤੋਲਤੀ ਹੈ ?

ਨਿਯਤਿ ਨੂੰ ਤੋਲਣਾ ਹੀ ਹੋਏਗਾ। ਪ੍ਰੇਮ ਦੇ ਅਥਰੂ ਵੀ ਤੋਲੇ ਜਾਣਗੇ, ਪ੍ਰੇਮ ਦਾ ਹਾਸਾ ਵੀ ਤੋਲਿਆ ਜਾਏਗਾ, ਪ੍ਰੇਮ ਤੋਲਿਆ ਜਾਏਗਾ।

ਹੋਰ ਹਜ਼ਾਰ ਕਠਿਨਾਈਆਂ ਪ੍ਰੇਮ ਦੇ ਰਸਤੇ 'ਤੇ ਹਨ, ਹਜ਼ਾਰਾਂ ਚੱਟਾਨਾਂ ਹਨ; ਪਰ ਉਨ੍ਹਾਂ ਨੂੰ ਹੀ ਚੜ੍ਹੋਗੇ ਤਾਂ ਇੱਕ ਦਿਨ ਹਿਮਾਲਿਆ ਦੇ ਸ਼ਿਖਰ ਉੱਤੇ ਪਹੁੰਚ ਜਾਓਗੇ, ਜੀਵਨ ਦੇ ਸ਼ਿਖਰ ਉੱਤੇ—ਜਿਥੇ ਸ਼ਿਖਰ ਚੰਨ-ਤਾਰਿਆਂ ਨਾਲ ਗੱਲਾਂ ਕਰਦਾ ਹੈ : ਜਿਥੇ ਸ਼ਿਖਰ ਬੱਦਲਾਂ ਨਾਲ ਗੁਫ਼ਤਗੂ ਕਰਦਾ ਹੈ ! ਉਨ੍ਹਾਂ ਹੀ ਸ਼ਿਖਰਾਂ ਤੇ ਉਪਨਿਸ਼ਦ ਪੈਦਾ ਹੁੰਦੇ ਹਨ।

ਉਨ੍ਹਾਂ ਹੀ ਸ਼ਿਖਰਾਂ ਤੇ ਇਹ ਗੋਰਖ ਦੇ ਸ਼ਬਦ ਪੈਦਾ ਹੋਏ ਹਨ। ਬੁੱਧ ਦੀ ਬਾਣੀ ਪੈਦਾ ਹੋਈ, ਵੇਦ ਜਨਮੇਂ ਹਨ, ਕੁਰਾਨ ਗਾਇਆ ਗਿਆ—ਉਨ੍ਹਾਂ ਹੀ ਸ਼ਿਖਰਾਂ ਉੱਤੇ ! ਉਹ ਪ੍ਰੇਮ ਦੇ ਹੀ ਸ਼ਿਖਰ ਹਨ, ਉਹ ਪ੍ਰੇਮ ਦੇ ਸ਼ੁਧ ਰੂਪ ਹਨ। ਉਨ੍ਹਾਂ ਦਾ ਨਾਮ ਹੀ ਸ਼ਰਧਾ ਹੈ। ਘਬਰਾਉਣਾ ਨਹੀਂ, ਭੈਅ-ਭੀਤ ਨ ਹੋਣਾ, ਵਧੱਦੇ ਜਾਣਾ।

ਤੁਮਹਾਰੇ ਪਯਾਰ ਕਾ ਵਰਦਾਨ ਲੇ ਕਰਕੇ ਰਹੂੰਗੀ ਹੀ !
ਅਵਗਿਆ ਤੁਮ ਕਰੋ ਮੇਰੀ, ਭੁਲਾਯਾ ਕਬ ਤੁਮਹੇਂ ਉਰ ਸੇ
ਜਲਨ ਕਾ ਛੋਰ ਹੀ ਪਕੜਾ ਸਦਾ ਹੀ ਪਯਾਸ ਕੇ ਡਰ ਸੇ
ਦੁਖੀ ਹੋ ਬੀਨ ਕੋ ਛੇੜਾ ਕਰੁਣ-ਸੀ ਰਾਗਿਨੀ ਭਰ ਕੇ
ਤੁਮਹਾਰੇ ਰਾਗ ਕਾ ਅਭਿਮਾਨ ਬਨ ਕਰਕੇ ਰਹੂੰਗੀ ਹੀ !
ਤੁਮਹਾਰੇ ਪਯਾਰ ਕਾ ਵਰਦਾਨ ਲੇ ਕਰਕੇ ਰਹੂੰਗੀ ਹੀ !

ਅਧਰ ਪਰ ਆ ਨਾ ਪਾਈ ਜੋ ਨਯਨ ਕੋ ਛੋੜ ਕਰ ਚਲ ਦੀ
ਲਹਰ ਮੰਝਧਾਰ ਮੇਂ ਪੜ੍ਹ ਕਰ ਕਿਨਾਰੇ ਤੋੜ ਕਰ ਚਲ ਦੀ
ਸ਼ਲਭ ਕੋ ਕਯਾ ਜਲਾਏਗੀ, ਤੜਪ ਕਰ ਲੌ ਸ੍ਵੈਂ ਜਲ ਕੀ
ਉਸ ਅਭਿਸ਼ਾਪ ਕਾ ਵਰਦਾਨ ਬਨ ਕਰਕੇ ਰਹੂੰਗੀ ਹੀ !
ਤੁਮਹਾਰੇ ਪਯਾਰ ਕਾ ਵਰਦਾਨ ਲੇ ਕਰਕੇ ਰਹੂੰਗੀ ਹੀ !
ਉਮੰਗ ਕਰ ਫ਼ੂਲ ਕੇ ਮਿਸ ਯੋਂ ਲਤਾ ਨੇ ਸ਼ੂਲ ਕੋ ਚੂਮਾ
ਕਸਕਤੀ ਯਾਦ ਕਾਂਟੇ-ਸੀ ਉਧਰ ਹੰਸ ਸ਼ੂਲ ਭੀ ਝੂਮਾ
ਦੁਖੋਂ ਕੇ ਸ਼ੂਲ-ਉਪਵਨ ਮੇਂ ਕਹਾਂ ਸੁੱਖ ਫ਼ੂਲ-ਸਾ-ਖਿਲਤਾ
ਉਸੀ ਤਵ ਗਿਆਨ ਕਾ ਅਨੁਮਾਨ ਬਨ ਕਰਕੇ ਰਹੂੰਗੀ ਹੀ !
ਤੁਮਹਾਰੇ ਪਯਾਰ ਕਾ ਵਰਦਾਨ ਲੇ ਕਰਕੇ ਰਹੂੰਗੀ ਹੀ !

ਵਿਯੋਗੀ ਕੀ ਵਯਥਾਓਂ ਮੇਂ ਮਿਲਨ ਚੁਪਚਾਪ ਹੀ ਜਲਤਾ
ਮੁਖਰ ਹੋ ਅਸ਼ਰੂ ਕੇ ਕਣ ਸੇ ਸੁਖਦ ਵਹ ਆਹ ਮੇਂ ਪਲਤਾ
ਕਸਕ ਬੀਤੇ ਹੁਏ ਯੁਗ ਕੀ ਮਿਟਾਏ ਸੇ ਨਹੀਂ ਮਿਟਤੀ

ਉਨ੍ਹੀ ਮਾਦਕ ਛਣੋਂ ਕਾ ਧਿਆਨ ਬਨ ਕਰਕੇ ਰਹੂੰਗੀ ਹੀ !
ਤੁਮਹਾਰੇ ਪਯਾਰ ਕਾ ਵਰਦਾਨ ਲੇ ਕਰਕੇ ਰਹੂੰਗੀ ਹੀ !

ਆਉਂਣ ਅਗਨੀ-ਪ੍ਰੀਖਿਆ, ਆਉਂਣ ਦਿਓ। ਆਉਂਣ ਚੁਣੌਤੀਆਂ ਆਉਂਣ ਦਿਓ। ਅੰਗੀਕਾਰ ਕਰਨਾ। ਉਠਣ ਤੂਫ਼ਾਨ, ਸਵੀਕਾਰ ਕਰਨਾ। ਅਤੇ ਇੱਕ ਗੱਲ ਅਡਿਗ ਅੰਦਰ ਗੂੰਜਦੀ ਰਹੇ :

ਉਨ੍ਹੀ ਮਾਦਕ ਛਣੋਂ ਕਾ ਧਿਆਨ ਬਨ ਕਰਕੇ ਰਹੂੰਗੀ ਹੀ !
ਤੁਮਹਾਰੇ ਪਯਾਰ ਕਾ ਵਰਦਾਨ ਲੇ ਕਰਕੇ ਰਹੂੰਗੀ ਹੀ !

ਚੌਥਾ ਸਵਾਲ : ਮੈਂ ਸ਼ਾਸਤ੍ਰੀ ਸੰਗੀਤ ਦਾ ਸ਼ੌਕ ਰਖੱਦਾ ਹਾਂ। ਇਹ ਨ ਤਾਂ ਮੇਰੇ ਗੁਆਂਢੀਆਂ ਨੂੰ ਪਸੰਦ ਹੈ, ਨ ਮੇਰੀ ਪਤਨੀ-ਬੱਚਿਆਂ ਨੂੰ, ਨ ਪਰਵਾਰ ਦੇ ਹੋਰ ਲੋਕਾਂ ਨੂੰ ਹੀ। ਮੈਂ ਕੀ ਕਰਾਂ?

ਸ਼ਾਸਤ੍ਰੀ ਸੰਗੀਤ ਸਭ ਦੀ ਸਮਝ ਵਿਚ ਨਹੀਂ ਪੈ ਸਕਦਾ। ਇਹੋ-ਜਿਹੀ ਉਮੀਦ ਰਖੱਣਾ ਵੀ ਗਲਤ ਹੈ। ਸ਼ਾਸਤ੍ਰੀ ਸੰਗੀਤ ਲਈ ਇੱਕ ਅਲੱਗ ਤਰ੍ਹਾਂ ਦੀ ਸੰਵੇਦਨਸ਼ੀਲਤਾ ਚਾਹੀਦੀ ਹੈ, ਇੱਕ ਅਲੱਗ ਤਰ੍ਹਾਂ ਦੀ ਗ੍ਰਾਹਕਤਾ ਚਾਹੀਦੀ ਹੈ। ਇੱਕ ਬਹੁਤ ਹੀ ਕੋਮਲ, ਸਵਰਮੰਜਾ, ਛੰਦਬੱਧ ਹ੍ਰਿਦਾ ਚਾਹੀਦਾ ਹੈ। ਸ਼ਾਸਤ੍ਰੀ ਸੰਗੀਤ ਕੋਈ ਫ਼ਿਲਮੀ ਸੰਗੀਤ ਨਹੀਂ ਹੈ ਕਿ ਤੁਸੀਂ ਜਿਵੇਂ ਦੇ ਹੋ ਉਸੇ ਤਰ੍ਹਾਂ ਹੀ ਰਹਿੰਦੇ ਸਮਝ ਵਿਚ ਆ ਜਾਏ।

ਸ਼ਾਸਤ੍ਰੀ ਸੰਗੀਤ ਤਾਂ ਇੱਕ ਸਾਧਨਾ ਹੈ। ਤੁਸੀਂ ਜਿਸ ਤਰ੍ਹਾਂ ਦੇ ਹੋ ਉਵੇਂ ਹੀ ਸਮਝ ਵਿਚ ਨਹੀਂ ਆਏਗਾ; ਤੁਹਾਨੂੰ ਆਪਣੇ-ਆਪ ਨੂੰ ਬਦਲਨਾ ਹੋਏਗਾ। ਸ਼ਾਸਤ੍ਰੀ ਸੰਗੀਤ ਤਾਂ ਇੱਕ ਚੁਣੌਤੀ ਹੈ; ਵਰ੍ਹਿਆਂ ਦੀ ਮਿਹਨਤ ਅਤੇ ਸਾਧਨਾ ਨਾਲ ਸਮਝ ਪਾਓਗੇ, ਸੁਣ ਪਾਓਗੇ। ਮੁਹੱਲੇ ਦੇ ਲੋਕਾਂ ਦਾ ਕਸੂਰ ਨਹੀਂ ਹੈ, ਨ ਪਰਵਾਰ ਦਾ ਕਸੂਰ ਹੈ, ਨ ਪਤਨੀ ਦਾ।

ਤੂੰ ਗੱਲ ਹੀ ਝੰਜਟ ਦੀ ਚੁਣ ਲਈ ਹੈ।

ਮੈਂ ਸੁਣਿਆ ਹੈ ਕਿ ਮੁੱਲਾ ਨਸਰੁਦੀਨ ਨੇ ਆਪਣੇ ਇੱਕ ਮਿਤ੍ਰ ਸੰਗੀਤਕਾਰ ਨੂੰ ਘਰ ਭੋਜਨ ਉੱਤੇ ਬੁਲਾਇਆ ਅਤੇ ਕਿਹਾ ਕਿ ਨਾਲ ਤਬਲਚੀ ਨੂੰ ਵੀ ਲੈ ਆਉਂਣਾ, ਅਤੇ ਆਪਣਾ ਸਾਜ਼-ਸਾਮਾਨ ਵੀ ਲੈ ਆਉਂਣਾ। ਕਿਉਂਕਿ ਭੋਜਨ ਵਗੈਰਾ ਤੋਂ ਪਿੱਛੋਂ ਮਹਫ਼ਿਲ ਜਮੇਗੀ।

ਸੰਗੀਤਕਾਰ ਮਿਤ੍ਰ ਹੈਰਾਨ ਸੀ, ਕਿਉਂਕਿ ਮੁੱਲਾ ਨੂੰ ਕੋਈ ਸ਼ਾਸਤ੍ਰੀਯ ਸੰਗੀਤ ਦੀ ਸਮਝ ਹੈ, ਅਜਿਹਾ ਉਸਨੂੰ ਕਦੇ ਸੁਫ਼ਨੇ ਵਿਚ ਵੀ ਆਭਾਸ ਨਹੀਂ ਮਿਲਿਆ ਸੀ। ਮੁੱਲਾ ਨੇ ਕਦੇ ਰੁਚੀ ਵੀ ਨਹੀਂ ਵਿਖਾਈ ਸੀ, ਅੱਜ ਅਚਾਨਕ ਸ਼ਾਸਤ੍ਰੀ-ਸੰਗੀਤ ਉੱਤੇ ਪ੍ਰੇਮ ਉਮੜ ਆਇਆ ਹੈ ! ਸੋ ਆਇਆ, ਬਹੁਤ ਤਿਆਰੀ ਨਾਲ ਆਇਆ। ਸਾਜ਼-ਸਮਾਨ ਲਿਆਇਆ, ਆਪਣੇ ਸਾਰੇ ਸੰਗੀ-ਸਾਥੀ ਲਿਆਇਆ। ਭੋਜਨ ਕੀਤਾ, ਸ਼ਰਾਬ ਉੱਡੀ। ਬਹੁਤ ਦੇਰ ਤੱਕ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਸੰਗੀਤਕਾਰ ਥੋੜ੍ਹਾ ਹੈਰਾਨ ਵੀ ਹੋਇਆ ਕਿ ਹੁਣ ਸੰਗੀਤ ਕਦੋਂ ਹੋਏਗਾ। ਅੱਧੀ ਰਾਤ ਹੋਣ ਲਗੀ ਅਤੇ ਮੁੱਲਾ ਹੈ ਕਿ ਇਧੱਰ-ਉਧੱਰ ਦੀਆਂ ਗੱਲਾਂ ਵਿਚ ਲਗਾਈ ਰੱਖਿਆ ਹੈ। ਉਸਨੇ ਦੋ-ਚਾਰ ਵਾਰ ਕਿਹਾ ਵੀ ਕਿ ਭਾਈ ਸੰਗੀਤ ... ਮੁੱਲਾ ਨੇ

ਕਿਹਾ ਠਹਿਰੋ ਜੀ, ਠੀਕ ਵਕਤ ਉੱਤੇ ਹੋਏਗਾ; ਹਰ ਚੀਜ਼ ਦਾ ਵਕਤ ਹੁੰਦਾ ਹੈ। ਜਦ ਅੱਧੀ ਰਾਤ ਹੋਈ ਸਭ ਸੰਨਾਟਾ ਹੋ ਗਿਆ ਅਤੇ ਸਾਰਾ ਆਂਢ-ਗੁਆਂਢ ਸੌਂ ਗਿਆ, ਰਾਹ ਤੇ ਰਾਹਗੀਰ ਚਲਣੇ ਬੰਦ ਹੋ ਗਏ, ਮੁੱਲਾ ਨੇ ਕਿਹਾ : ਹੁਣ ਆ ਗਈ ਘੜੀ, ਹੁਣ ਹੋ ਜਾਏ, ਹੁਣ ਦਿਲ ਖੋਲ੍ਹ ਕੇ ਸ਼ਾਸਤ੍ਰੀ-ਸੰਗੀਤ ਹੋ ਜਾਏ।

ਸੰਗੀਤਕਾਰ ਨੇ ਕਿਹਾ : ਪਰ ਹੁਣ ਮੁਹੱਲੇ ਦੇ ਲੋਕ ਸੌਂ ਗਏ ਹਨ, ਤੇਰੀ ਪਤਨੀ ਵੀ ਸੌਂ ਗਈ ਹੈ, ਬੱਚੇ ਵੀ ਸੌਂ ਗਏ, ਪਰਵਾਰ ਦੇ ਲੋਕ ਵੀ ਸੌਂ ਗਏ, ਹੁਣ ਸ਼ਾਸਤ੍ਰੀ-ਸੰਗੀਤ ਝੰਜਟ ਹੋਏਗੀ । ਉਸਨੇ ਕਿਹਾ ਤੂੰ ਬਿਲਕੁੱਲ ਫ਼ਿਕਰ ਨ ਕਰ। ਝੰਜਟ ਕੀ ਹੋਏਗੀ? ਉਨ੍ਹਾਂ ਦੇ ਕੁੱਤੇ ਭੌਂਕਦੇ ਰਹਿੰਦੇ ਹਨ ਤਦ ਮੈਂ ਕੁਝ ਨਹੀਂ ਬੋਲਦਾ; ਆਪਣੇ ਕੋਲ ਤਾਂ ਕੁੱਤਾ ਹੈ ਨਹੀਂ, ਇਸ ਲਈ ਤਾਂ ਤੈਨੂੰ ਬੁਲਾਇਆ ਹੈ। ਹੋ ਜਾਏ ਸੰਗੀਤ, ਦਿਲ ਖੋਲ੍ਹ ਕੇ ਹੋ ਜਾਏ। ਸ਼ਰਮ-ਸੰਕੋਚ ਨਹੀਂ ਕਰਨਾ। ਜੋ ਸਿਖਿਆ ਹੈ ਜ਼ਿੰਦਗੀ ਵਿਚ ...।

ਅੱਜ ਲਗ ਜਾਏ ਇੱਕ-ਇੱਕ ਨੂੰ ਪਤਾ ਕਿ ਕੁੱਤਾ ਨਹੀਂ ਹੈ ਤਾਂ ਕੀ ਹੋਇਆ, ਸ਼ਾਸਤ੍ਰੀ-ਸੰਗੀਤ ਨਾਲ ਦੋਸਤੀ ਤਾਂ ਹੈ।

ਇਸ ਤਰ੍ਹਾਂ ਦੇ ਲੋਕ ਵੀ ਹਨ। ਮੁੱਲਾ ਗਿਆ ਸੀ ਇੱਕ ਸੰਗੀਤ ਦੀ ਬੈਠਕ ਵਿਚ ਅਤੇ ਜਦ ਸੰਗੀਤਕਾਰ ਆ-ਆ-ਆ-ਆ ਕਰਨ ਲਗਾ ਤਾਂ ਮੁੱਲਾ ਰੋਣ ਲਗਾ, ਉਸਦੇ ਅਥਰੂ ਟਪ-ਟਪ ਡਿਗਣ ਲਗੇ। ਬਗਲ ਵਿਚ ਬੈਠੇ ਆਦਮੀ ਨੇ ਕਿਹਾ ਕਿ ਨਸਰੁਦੀਨ, ਅਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਤੇਰਾ ਅਤੇ ਸ਼ਾਸਤ੍ਰੀ-ਸੰਗੀਤ ਨਾਲ ਅਜਿਹਾ ਲਗਾਓ ! ਇੱਕ ਦਮ ਅਥਰੂ ਡਿਗਣ ਲਗੇ ...।

ਉਸਨੇ ਕਿਹਾ : ਸ਼ਾਸਤ੍ਰੀ-ਸੰਗੀਤ ਦਾ ਸਵਾਲ ਨਹੀਂ ਹੈ, ਇਵੇਂ ਹੀ ਮੇਰਾ ਬਕਰਾ ਮਰਿਆ ਸੀ। ਇਹ ਆਦਮੀ ਮਰੇਗਾ। ਇਵੇਂ ਹੀ ਬਕਰਾ ਆ... ਆ...। ਤਦ ਅਸੀਂ ਵੀ ਸਮਝੇ ਸੀ ਕਿ ਸ਼ਾਸਤ੍ਰੀ-ਸੰਗੀਤ ਕਰ ਰਿਹਾ ਹੈ। ਸਵੇਰੇ ਮਰਿਆ ਹੋਇਆ ਪਾਇਆ ਗਿਆ। ਤੂੰ ਜ਼ਰਾ ਗੱਲ ਹੀ ਝੰਜਟ ਵਾਲੀ ਚੁਣ ਲਈ ਹੈ।

ਫਾਇਰ ਬ੍ਰਿਗੇਡ ਵਾਲੋਂ ਨੇ ਪੂਛਾ
ਘਰ ਮੇਂ ਆਗ ਲਗਣੇ ਕਾ ਕਯਾ ਕਾਰਣ ਹੈ ?
ਘਰ ਕੇ ਮਾਲਿਕ ਨੇ
ਮੂੰਛੋਂ ਪਰ ਤਾਵ ਦੇਕਰ ਕਹਾ—
ਯਹ ਹਮਾਰੀ, ਦੀਪਕ ਰਾਗ ਕੀ ਗਾਯਕੀ ਕਾ
ਜਵਲੰਤ ਉਦਾਹਰਣ ਹੈ
ਉਨਹੋਂ ਨੇ ਪ੍ਰਸ਼ਨ ਕੀਯਾ—
ਯਹ ਸਿਤਾਰ ਕਿਉਂ ਟੂਟੀ ਪੜੀ ਹੈ ਨਿਗੋੜੀ ?
ਉਤਰ ਮਿਲਾ—
ਰਾਗ ਤੋੜੀ ਕੇ ਤੋੜੇ ਨੇ ਤੋੜੀ
ਇਤਨੇ ਬਿਲੌਟੇ ਯਹਾਂ ਸ਼ੋਰ ਕਿਉਂ ਮਚਾ ਰਹੇ ਹੈਂ ?

ਇਸੇ ਆਪ ਸ਼ੇਰ ਕਹਤੇ ਹੈਂ,
ਅਜੀ, ਯੇ ਰਾਗ ਬਿਲਾਵਲ ਗਾ ਰਹੇ ਹੈਂ
ਵੇ ਇਤਨੇ ਧੀਮੇ-ਧੀਮੇ ਕਿਉਂ ਚਲ ਰਹੇ ਹੈਂ,
ਕਯਾ ਬਿਚਾਰੇ ਬਹੁਤ ਵ੍ਰਿਧ ਹੈਂ ?
ਨਹੀਂ, ਉਨਕੀ ਚਾਲ ਵਿਲੰਬਤ ਖਿਆਲ ਮੇ ਨਿਬੱਧ ਹੈ
ਜਿਗਿਆਸਾ ਹੁਈ ਕਿ ਗਾਂਵ ਕੇ ਲੋਗ
ਅਪਨੇ ਘਰ ਛੋੜ ਕਰ ਕਿਉਂ ਜਾ ਰਹੇ ਹੈਂ ?
ਪਤਾ ਚਲਾ—
ਗਾਂਵ ਮੇਂ ਸੰਗੀਤ ਸਮੇਲਨ ਕੇ ਲਿਏ,
ਸੰਗੀਤਕਾਰ ਆ ਰਹੇ ਹੈਂ।

ਹੁਣ ਤਾਂ ਇੱਕ ਹੀ ਉਪਾਅ ਹੈ ਕਿ ਤੂੰ ਜ਼ਰਾ ਸਕ੍ਰਿਯ ਧਿਆਨ ਜਾਂ ਕੁੰਡਲਿਨੀ ਧਿਆਨ ਸ਼ੁਰੂ ਕਰ ਦੇ ਤਾਂ ਤੇਰੇ ਗੁਆਂਢ ਦੇ ਲੋਕ ਖ਼ੁਦ ਹੀ ਕਹਿਣਗੇ। ਭਾਈ ਸ਼ਾਸਤ੍ਰੀ-ਸੰਗੀਤ ਹੀ ਬੇਹਤਰ ਹੈ। ਤੂੰ ਉਹੀ ਕਰ; ਇਹ ਤੂੰ ਹੋਰ ਕਿੱਥੋਂ ਦਾ ਝੰਜਟ ਲੈ ਆਇਆ।

ਹੁਣ ਤੂੰ ਮੇਰੇ ਕੋਲੋਂ ਪੁੱਛ ਰਿਹਾ ਹੈਂ ਤਾਂ ਮੈਂ ਤੈਨੂੰ ਕਹਿੰਦਾ ਹਾਂ। ਇਹ ਨੁਸਖ਼ਾ ਕੰਮ ਕਰ ਚੁਕਿਆ ਹੈ ਪਹਿਲਾਂ ਵੀ, ਇਸ ਲਈ ਤੈਨੂੰ ਦਿੰਦਾ ਹਾਂ। ਤੂੰ ਇੱਕਦਮ ਹੂ-ਹੂ, ਹਾ-ਹਾ ਅਤੇ ਇੱਕਦਮ ਸਕ੍ਰਿਯ ਧਿਆਨ ਸ਼ੁਰੂ ਕਰ ਦੇ; ਨ ਤੇਰੇ ਗੁਆਂਢ ਦੇ ਲੋਕ ਹਥ ਜੋੜ ਕੇ ਕਹਿਣ ਤੈਨੂੰ ਕਿ ਭਾਈ, ਸ਼ਾਸਤ੍ਰੀ-ਸੰਗੀਤ ਹੀ ਬੇਹਤਰ ਹੈ ...। ਹੋਰ ਤਾਂ ਕੋਈ ਉਪਾਇ ਸੁਝਦਾ ਨਹੀਂ ਹੈ। ਤੂੰ ਗੱਲ ਹੀ ਝੰਜਟ ਦੀ ਲੈ ਲਈ ਹੈ।

ਇਹ ਕੋਈ ਜ਼ਮਾਨਾ ਸ਼ਾਸਤ੍ਰੀ-ਸੰਗੀਤ ਦਾ ਹੈ ? ਜਾਂ ਤਾਂ ਮੁਹੱਲਾ ਛੱਡ ਦਿਓ, ਕਿੱਤੇ ਇਕਾਂਤ ਵਿਚ ਚਲੇ ਜਾਓ। ਕਿੱਤੇ ਇਕਾਂਤ ਵਿਚ ਬੈਠੇ ਰਹੋ, ਉੱਥੇ ਸਿੱਖੋ। ਹੋਰ ਜੇਕਰ ਛਡੱਣਾ ਹੀ ਹੋਵੇ ਤਾਂ ਮੁਹੱਲਾ ਛੱਡ ਦੇਣਾ, ਕਿਉਂਕਿ ਸੰਗੀਤ ਮਹਤੱਵਪੂਰਣ ਚੀਜ਼ ਹੈ; ਉਸ ਲਈ ਕੁਝ ਦਾਅ ਉੱਤੇ ਲਾ ਦੇਣਾ ਪਏ ਤਾਂ ਲਗਾ ਦੇਣਾ। ਪਰਵਾਰ ਵੀ ਛਡੱਣਾ ਪਏ ਤਾਂ ਛੱਡ ਦੇਣਾ, ਪਰ ਸੰਗੀਤ ਨ ਛਡੱਣਾ। ਕਿਉਂਕਿ ਸੰਗੀਤ ਵਿਚ ਜੇਕਰ ਤੁਹਾਡਾ ਸੱਚ-ਮੁੱਚ ਹੀ ਰਸ ਹੈ, ਉਸ ਵਿਚ ਤਾਂ ਤੁਹਾਡੇ ਲਈ ਧਿਆਨ ਬਣੇਗਾ, ਸਮਾਧੀ ਬਣੇਗੀ।

ਸੰਗੀਤ ਧਿਆਨ ਦਾ ਸੁਗਮਤਮ (ਸੁਖਾਲਾ) ਉਪਾਅ ਹੈ। ਜੋ ਸੰਗੀਤ ਵਿਚ ਡੁੱਬ ਸਕਦੇ ਹਨ ਉਨ੍ਹਾਂ ਨੂੰ ਡੁੱਬਣ ਲਈ ਹੋਰ ਕਿਸੇ ਦੂਜੀ ਚੀਜ਼ ਨੂੰ ਲਭੱਣ ਦੀ ਕੋਈ ਜ਼ਰੂਰਤ ਨਹੀਂ ਹੈ।

ਸੰਗੀਤ ਅਦਭੁਤ (ਅਨੋਖੀ) ਮਾਦਕਤਾ (ਨਸ਼ਾ) ਹੈ। ਸੰਗੀਤ ਪਰਮ ਸੁਰਾ ਹੈ। ਉਸ ਵਿਚ ਡੁੱਬਦੇ-ਡੁੱਬਦੇ ਤੁਹਾਡੇ ਵਿਚਾਰ ਚਲੇ ਜਾਣਗੇ, ਤੁਹਾਡਾ ਅਹੰਕਾਰ ਚਲਾ ਜਾਏਗਾ। ਸੰਗੀਤ ਨੂੰ ਧਿਆਨ ਸਮਝੋ।

ਪਰ ਦੂਜਿਆਂ ਨੂੰ ਸਤਾਓ ਵੀ ਨ। ਕਿਉਂਕਿ ਤੁਹਾਡੇ ਧਿਆਨ ਲਈ ਦੂਜਿਆਂ ਦੀ ਬਲੀ ਦਿੱਤੀ ਜਾਏ ਇਹ ਵੀ ਉਚਿਤ ਨਹੀਂ। ਹਟ ਜਾਓ। ਹੋਰ ਜੇਕਰ ਪਤਨੀ ਨੂੰ ਤੁਹਾਡੇ ਨਾਲ ਪ੍ਰੇਮ ਹੈ ਅਤੇ ਬੱਚਿਆਂ ਨੂੰ ਤੁਹਾਡੇ ਨਾਲ ਪ੍ਰੇਮ ਹੈ ਤਾਂ ਹੌਲੀ-ਹੌਲੀ ਆਪਣੇ ਸੰਗੀਤ

ਦਾ ਪਾਠ ਪੜ੍ਹਾਓ। ਇੱਕਦਮ ਨਹੀਂ, ਹੌਲੀ-ਹੌਲੀ ਸੰਗੀਤ ਦੀ ਰੁਚੀ ਜਗਾਓ। ਕਿਉਂਕਿ ਸੰਗੀਤ ਦਾ ਰਸ ਜ਼ਰੂਰੀ ਹੈ। ਇਸ ਲਈ ਤਾਂ ਅਸੀਂ ਪਰਮਾਤਮਾ ਨੂੰ 'ਸ਼ਬਦ' ਕਿਹਾ ਹੈ, ਸਵਰ ਕਿਹਾ ਹੈ, '੧ਓਂਕਾਰ' ਕਿਹਾ ਹੈ : ਕਿਉਂਕਿ ਹਰ ਇੱਕ ਵਿਅਕਤੀ ਧਵਨੀ (ਧੁਨੀ) ਨਾਲ ਨਿਰਮਿਤ ਹੈ। ਸਾਡੇ ਪ੍ਰਾਣਾਂ ਦੇ ਪ੍ਰਾਣ ਵਿਚ ਧੁਨੀ ਗੂੰਜ ਰਹੀ ਹੈ। ਅਨਾਹਦ-ਨਾਦ ਗੂੰਜ ਰਿਹਾ ਹੈ, 'ਓਮ' ਦਾ ਨਾਦ ਹੋ ਰਿਹਾ ਹੈ। ਇਸ ਲਈ ਅਜਿਹਾ ਵਿਅਕਤੀ ਤਾਂ ਲੱਭਣਾ ਮੁਸ਼ਕਿਲ ਹੈ, ਬਿਲਕੁੱਲ ਕਠਿਨ ਹੈ ਜਿਸਦੇ ਅੰਦਰ ਸੰਗੀਤ ਦੀ ਕਿੱਤੇ-ਨ-ਕਿੱਤੇ ਸੰਭਾਵਨਾ (ਉਮੀਦ) ਨ ਪਈ ਹੋਵੇ। ਪਰ ਹੌਲੀ-ਹੌਲੀ ਜਗਾਓ, ਸਹਿਜੇ-ਸਹਿਜੇ ਰਾਜ਼ੀ ਕਰੋ।

ਪਰ ਸੰਗੀਤ ਛੱਡ ਨ ਦੇਣਾ।

ਸੰਗੀਤ ਵਿਚ ਰਸ ਹੋਵੇ ਤਾਂ ਸਭ ਛੱਡਿਆ ਜਾ ਸਕਦਾ ਹੈ, ਸੰਗੀਤ ਨਹੀਂ ਛੱਡਿਆ ਜਾ ਸਕਦਾ। ਜੇਕਰ ਸੰਗੀਤ ਹੀ ਤੁਹਾਡਾ ਸੰਨਿਆਸ ਬਣੇ ਤਾਂ ਬਣ ਜਾਣ ਦਿਓ। ਇੰਨਾ ਸਾਹਸ (ਹਿੰਮਤ) ਤਾਂ ਹੋਣਾ ਹੀ ਚਾਹੀਦਾ ਹੈ। ਇੰਨੀ ਦਾਅ ਉੱਤੇ ਲਗਾਉਂਣ ਦੀ ਹਿੰਮਤ ਤਾਂ ਹੋਣੀ ਹੀ ਚਾਹੀਦੀ ਹੈ। ਤਦ ਹੀ ਜੀਵਨ ਵਿਚ ਕੁਝ ਫ਼ਲਦਾ ਹੈ। ਤਦ ਹੀ ਜੀਵਨ ਵਿਚ ਕੁਝ ਉਪਲਬੱਧ ਹੁੰਦਾ ਹੈ। ਬਾਕੀ ਸਭ ਚੀਜ਼ਾਂ ਗੌਣ ਹਨ। ਤੁਹਾਡੀ ਆਤਮਾ ਦੀ ਇਹ ਹੀ ਆਵਾਜ਼ ਹੈ ਤਾਂ ਇਸੇ ਆਵਾਜ਼ ਦੇ ਨਾਲ ਟੁੱਰੋ। ਇਸ ਲਈ ਮੈਨੂੰ ਹਰ ਚੀਜ਼ ਉੱਤੇ ਬੋਲਣਾ ਪੈਂਦਾ ਹੈ। ਸੰਗੀਤ ਉੱਤੇ ਵੀ ਬੋਲਣਾ ਪਏਗਾ। ਹਾਲਾਂ ਕਿ ਮੈਂ ਕੋਈ ਸੰਗੀਤਕਾਰ ਨਹੀਂ ਹਾਂ। ਨ ਤਾਂ ਮੈਨੂੰ ਦੀਪਕ ਰਾਗ ਆਉਂਦਾ ਹੈ, ਨ ਰਾਗ ਤੋੜੀ, ਨ ਰਾਗ ਬਿਲਾਵਲ, ਨ ਵਿਲੰਮਬਿਤ, ਕੁਝ ਵੀ ਨਹੀਂ ਆਉਂਦਾ।

ਪਰ ਇੱਕ ਸੰਗੀਤ ਮੈਂ ਸੁਣਿਆ ਹੈ ਜਿਹੜਾ ਪਰਮ ਸੰਗੀਤ ਹੈ; ਜਿੱਥੇ ਸਭ ਰਾਗ ਗੁੰਮ ਹੋ ਜਾਂਦੇ ਹਨ। ਮੈਂ ਇੱਕ ਸੰਗੀਤ ਸੁਣਿਆ ਹੈ ਜਿਸ ਨੂੰ ਨਾਨਕ ਨੇ ਕਿਹਾ ਹੈ:

'੧ਓ ਸਤਿਨਾਮੁ' ਇਸ ਲਈ ਸੰਗੀਤ ਉੱਤੇ ਵੀ ਬੋਲਣਾ ਹੋਏਗਾ।

ਕੋਈ ਸੰਗੀਤ-ਪ੍ਰੇਮੀ ਆ ਜਾਏਗਾ ਤਾਂ ਮੈਨੂੰ ਉਸਦੇ ਹੀ ਪ੍ਰੇਮ ਨਾਲ ਉਸ ਨੂੰ ਪਰਮਾਤਮਾ ਵਲ ਲੈ ਚਲਣਾ ਹੋਏਗਾ।

ਮੈਂ ਤੁਹਾਨੂੰ ਤੁਹਾਡੇ ਸੁਭਾਓ ਤੋਂ ਵੱਖ ਨਹੀਂ ਕਰਨਾ ਚਾਹੁੰਦਾ ਹਾਂ। ਮੈਂ ਤੁਹਾਡੇ ਉੱਤੇ ਕੁਝ ਥੋਪਣਾ ਨਹੀਂ ਚਾਹੁੰਦਾ ਹਾਂ। ਮੈਂ ਤਾਂ ਚਾਹੁੰਦਾ ਹਾਂ ਜਿਹੜਾ ਤੁਹਾਡੇ ਅੰਦਰ ਸਹਿਜ ਸੁਭਾਵਿਕ ਹੈ, ਉਹੀ ਫੁੱਲੇ-ਫੱਲੇ, ਉਹੀ ਖਿੜੇ।

ਆਖ਼ਰੀ ਸਵਾਲ : ਮੈਂ ਹਰ ਚੀਜ਼ ਤੋਂ ਅਸੰਤੁਸ਼ਟ ਹਾਂ। ਕੀ ਪਾਵਾਂ ਜਿਸ ਨਾਲ ਕਿ ਸੰਤੋਖ ਮਿਲੇ ?

ਜਦ ਤੱਕ ਪਾਉਂਣ ਦੀ ਭਾਸ਼ਾ ਵਿਚ ਸੋਚੋਗੇ, ਤਦ ਤੱਕ ਸੰਤੋਖ ਨਹੀਂ ਮਿਲੇਗਾ। ਪਾਉਂਣ ਦੀ ਭਾਸ਼ਾ ਨਾਲ ਹੀ ਤਾਂ ਅਸੰਤੋਖ ਪੈਦਾ ਹੋ ਰਿਹਾ ਹੈ। ਜਦ ਤੱਕ ਕਹੋਗੇ ਕਿ ਪਾਵਾਂ, ਤਦ ਤੱਕ ਅਸੰਤੁਸ਼ਟ ਰਹੋਗੇ ਸੰਤੋਖ 'ਜੋ ਹੈ' ਉਸ ਦਾ ਉਤਸਵ ਮਨਾਉਂਣ ਵਿਚ ਹੈ। ਅਸੰਤੋਖ 'ਜੋ

ਨਹੀਂ ਹੈ' ਉਸਨੂੰ ਪਾਉਂਣ ਦੀ ਵਾਸਨਾ ਵਿਚ ਹੈ, ਤ੍ਰਿਸ਼ਨਾ ਵਿਚ ਹੈ। ਹੋਰ ਬਹੁਤ ਹੈ ਜੋ ਤੁਹਾਡੇ ਕੋਲ ਨਹੀਂ ਹੈ।

ਜੇਕਰ ਤੁਸੀਂ ਉਸਨੂੰ ਪਾਉਂਣ ਟੁਰੇ ਜੋ ਨਹੀਂ ਹੈ, ਤਾਂ ਤੁਸੀਂ ਟੁਰਦੇ ਹੀ ਰਹੋਗੇ, ਟੁਰਦੇ ਹੀ ਰਹੋਗੇ, ਪੂਰਾ ਤਾਂ ਤੁਸੀਂ ਕਦੇ ਨ ਪਾਓਗੇ ਸੰਤੁਸ਼ਟ ਕਦੇ ਹੋ ਨਹੀਂ ਪਾਓਗੇ। ਅਸੰਤੋਖ ਹੀ ਤੁਹਾਡੇ ਜੀਵਨ ਦੀ ਕਥਾ ਅਤੇ ਵਿਅਥਾ ਰਹੇਗੀ।

ਨਹੀਂ, ਜੋ ਹੈ ਉਹ ਘੱਟ ਨਹੀਂ ਹੈ। ਤੁਹਾਨੂੰ ਜੀਵਨ ਮਿਲਿਆ ਹੈ, ਇਸ ਜੀਵਨ ਲਈ ਧੰਨਵਾਦ ਦਿੱਤਾ ਪਰਮਾਤਮਾ ਨੂੰ ? ਅਤੇ ਇਹ ਜੀਵਨ ਜੇਕਰ ਤੁਹਾਨੂੰ ਖ਼ਰੀਦਣ ਜਾਣਾ ਪਏ ਤਾਂ ਤੁਸੀਂ ਕਿੰਨੀ ਕੀਮਤ ਚੁਕਾਉਂਣ ਨੂੰ ਰਾਜ਼ੀ ਨ ਹੋ ਜਾਓ। ਇਹ ਅੱਖਾਂ ਦਿੱਤੀਆਂ, ਇਹ ਜਗਦੇ ਹੋਏ ਦੀਵੇ ਦਿੱਤੇ ! ਇਨ੍ਹਾਂ ਅੱਖਾਂ ਨਾਲ ਤੁਸੀਂ ਇੰਨੀ ਸੁੰਦਰਤਾ ਵੇਖੀ ਜਗਤ ਦੀ।

ਸਵੇਰੇ ਦਾ ਸੂਰਜ ਵੇਖਿਆ, ਰਾਤ ਦੇ ਤਾਰੇ ਵੇਖੇ। ਕਦੇ ਪਰਮਾਤਮਾ ਨੂੰ ਧੰਨਵਾਦ ਦਿੱਤਾ ਕਿ ਕਿਹੋ-ਜਿਹੀਆਂ ਅਨੋਖੀਆਂ ਅੱਖਾਂ ਤੂੰ ਦਿੱਤੀਆਂ, ਕਿਸ ਤਰ੍ਹਾਂ ਦਾ ਚਮਤਕਾਰ—ਅੱਖਾਂ ! ਪਰ ਧੰਨਵਾਦ ਨਹੀਂ ਦਿੱਤਾ। ਕੰਨਾਂ ਨਾਲ ਕਿੰਨਾ ਸੰਗੀਤ ਸੁਣਿਆ, ਕਦੇ ਝੁਕੇ ਕ੍ਰਤਗਿਯਤਾ (ਅਹਿਸਾਨਮੰਦੀ) ਵਿਚ ? ਇਹ ਸੰਵੇਦਨਸ਼ੀਲ ਹ੍ਰਿਦਾ ਦਿੱਤਾ ਹੈ, ਇਸ ਦੇ ਲਈ ਕਦੇ ਦੋ ਅਥਰੂ ਡਿਗਾਏ ਉਸਦੇ ਚਰਨਾਂ ਵਿਚ—ਪ੍ਰਾਰਥਨਾ ਦੇ, ਪੂਜਾ ਦੇ ?

ਸੰਤੋਖ ਦਾ ਅਰਥ ਹੁੰਦਾ ਹੈ: ਜੋ ਹੈ ਉਹ ਮੇਰੀ ਪਾਤ੍ਰਤਾ ਤੋਂ ਹੁਣ ਵੀ ਜ਼ਿਆਦਾ ਹੈ, ਮੇਰੀ ਯੋਗਯਤਾ (ਕਾਬਲੀਅਤ) ਤੋਂ ਹੁਣ ਵੀ ਜ਼ਿਆਦਾ ਹੈ। ਨ ਮੇਰੀ ਕਾਬਲੀਅਤ ਹੈ ਨ ਮੇਰੀ ਪਾਤ੍ਰਤਾ ਹੈ ਅਤੇ ਪਰਮਾਤਮਾ ਵਰਸਾਉਂਦਾ ਚਲਾ ਗਿਆ ਹੈ—ਅਜਿਹੀ ਜੋ ਪ੍ਰਤੀਤ ਹੈ ਉਸਦਾ ਨਾਮ ਸੰਤੋਖ (ਸੰਤੋਸ਼) ਹੈ। ਅਤੇ ਜਿਸਦੇ ਕੋਲ ਸੰਤੋਖ ਹੈ ਉਸਨੂੰ ਹੋਰ ਮਿਲੇਗਾ।

ਜੀਸਸ ਦਾ ਇੱਕ ਬਹੁਤ ਪਿਆਰਾ ਵਚਨ ਹੈ ਜੋ ਮੈਨੂੰ ਵਾਰ-ਵਾਰ ਯਾਦ ਆਉਂਦਾ ਹੈ—ਅਤੇ ਅਨੂਠਾ ਹੈ, ਅਦ੍ਵਿਤੀਯ ਹੈ ਅਤੇ ਬਹੁਤ ਤਰਕਾਤੀਤ (ਤਰਕ ਤੋਂ ਪਰੇ) ਹੈ ! ਜੀਸਸ ਕਹਿੰਦੇ ਹਨ : ਜਿਸਦੇ ਕੋਲ ਹੈ, ਉਸਨੂੰ ਹੋਰ ਦਿੱਤਾ ਜਾਏਗਾ ਅਤੇ ਜਿਸ ਦੇ ਕੋਲ ਨਹੀਂ ਹੈ, ਉਸ ਕੋਲੋਂ ਉਹ ਵੀ ਖੋਹ ਲਿਆ ਜਾਏਗਾ, ਜੋ ਉਸਦੇ ਕੋਲ ਹੈ। ਬਹੁਤ ਉਲਟਾ ਵਚਨ ਹੈ।

ਉਲਟਬਾਂਸੀ ਹੈ। ਇਹ ਕੋਈ ਗੱਲ ਹੋਈ ? ਇਹ ਕੋਈ ਨਿਆਂ ਹੋਇਆ ਕਿ ਜਿਸਦੇ ਕੋਲ ਹੈ ਉਸਨੂੰ ਹੋਰ ਦਿੱਤਾ ਜਾਏਗਾ, ਅਤੇ ਜਿਸਦੇ ਕੋਲ ਨਹੀਂ ਹੈ ਉਸ ਕੋਲੋਂ ਹੋਰ ਖੋਹ ਲਿਆ ਜਾਏਗਾ ! ਇਹ ਤਾਂ ਬਹੁਤ ਅਨਿਆਏ ਮਾਲੂਮ ਹੁੰਦਾ ਹੈ। ਪਰ ਨਹੀਂ, ਇਹ ਅਨਿਆਏ ਨਹੀਂ ਹੈ ; ਇਹ ਜੀਵਨ ਦਾ ਪਰਮ ਨਿਯਮ ਹੈ। ਕਿਉਂਕਿ ਜਿਸਦੇ ਕੋਲ ਹੈ, ਉਸ ਦੀ ਹੀ ਤਾਕਤ ਵਧੱਦੀ ਹੈ, ਹੋਰ ਲੈਣ ਦੀ। ਉਹ ਹੋਰ ਦਰਵਾਜ਼ੇ ਖੋਲ੍ਹਦਾ ਹੈ, ਉਹ ਹੋਰ ਆਤੁਰ (ਕਾਹਲਾ ਪੈਣਾ) ਹੋ ਜਾਂਦਾ ਹੈ। ਉਹ ਹੋਰ ਉਤਸੁਕ ਹੋ ਜਾਂਦਾ ਹੈ, ਉਹ ਹੋਰ ਅਭੀਪਸੂ ਹੋ ਜਾਂਦਾ ਹੈ ਅਤੇ ਜਿਸਦੇ ਕੋਲ ਨਹੀਂ ਹੈ ਉਹ ਹੋਰ ਸੁੰਗੜ ਜਾਂਦਾ ਹੈ। ਉਹ ਇੰਨਾ ਸੁੰਗੜ ਜਾਂਦਾ ਹੈ ਕਿ ਜੋ ਹੈ ਉਹ ਵੀ ਉਸਦੇ ਅੰਦਰੋਂ ਨਿਕਲ ਜਾਣ ਲਈ ਕਾਹਲਾ ਪੈ ਜਾਂਦਾ ਹੈ।

ਤੁਹਾਡੇ ਕੋਲ ਜੇਕਰ ਸੰਤੋਖ ਹੈ ਤਾਂ ਤੁਹਾਨੂੰ ਹੋਰ-ਹੋਰ ਵਰਦਾਨ ਮਿਲਣਗੇ, ਰੋਜ਼-ਰੋਜ਼ ਵਰਦਾਨ ਮਿਲਣਗੇ ਹੋਰ ਤੁਹਾਡੇ ਕੋਲ ਜੇਕਰ ਸੰਤੋਖ ਨਹੀਂ ਹੈ, ਸਿਰਫ਼ ਅਸੰਤੋਖ ਹੈ ਸ਼ਿਕਾਇਤ

ਅਤੇ, ਰੋਣਾ ਅਤੇ ਹਮੇਸ਼ਾ ਦੁਖ ਦੀ ਕਥਾ ਹੈ ਤਾਂ ਤੁਸੀਂ ਸੁੰਗੜ ਜਾਓਗੇ, ਸੰਕੁਚਿਤ ਹੋਓਗੇ। ਤੁਹਾਡੇ ਅੰਦਰ ਜੋ ਹੈ ਉਹ ਵੀ ਗੁਆਚ ਜਾਏਗਾ।

ਤੂੰ ਪੁੱਛਦਾ ਹੈਂ : ਮੈਂ ਹਰ ਚੀਜ਼ ਤੋਂ ਅਸੰਤੁਸ਼ਟ ਹਾਂ। ਸੁਭਾਵਿਕ ਹੈ ਸਭ ਹੰਹਨ। ਅਜਿਹਾ ਹੀ ਮਨੁੱਖ ਹੈ। ਅਜਿਹਾ ਮਨੁੱਖ ਦਾ ਮਨ ਹੈ—ਹਰ ਚੀਜ਼ ਤੋਂ ਅਸੰਤੁਸ਼ਟ।

ਹੁਣ ਇਸ ਨੂੰ ਸਮਝੋ। ਇਸ ਦਾ ਅਰਥ ਇਹ ਹੋਇਆ ਕਿ ਇੰਨੇ ਦਿਨ ਤੁਸੀਂ ਅਸੰਤੁਸ਼ਟ ਰਹੇ, ਇਸ ਤੋਂ ਲਾਭ ਹੋਇਆ ਕੁਝ ?

ਅਸੰਤੋਖ ਵਧੱਦਾ ਚਲਾ ਗਿਆ। ਅੱਗੋਂ ਵੀ ਅਸੰਤੁਸ਼ਟ ਰਹੋਗੇ। ਮੌਤ ਆ ਜਾਏਗੀ ਕਿ ਦਿਨ ਅਤੇ ਅਸੰਤੁਸ਼ਟ ਹੀ ਜੀਓਗੇ ਅਤੇ ਅਸੰਤੁਸ਼ਟ ਹੀ ਮਰ ਜਾਓਗੇ। ਹੁਣ ਦੂਜੀ ਕਲਾ ਸਿੱਖੋ, ਉਸ ਕਲਾ ਦਾ ਨਾਮ ਹੀ ਸੰਤੋਖ ਹੈ ਜਾਂ ਸੰਨਿਆਸ। ਪਰਯਾਵਾਚੀ ਹਨ ਦੋਵੇਂ।

ਸੰਨਿਆਸ ਦਾ ਅਰਥ ਹੈ : ਸੰਤੋਖ। ਜੋ ਹੈ ਇੰਨਾ ਹੀ ਬਹੁਤ ਹੈ। ਇੰਨਾ ਭੀ ਕਿਉਂ ਹੈ, ਇਹ ਅਸਚਰਜ ਹੋਣਾ ਚਾਹੀਦਾ। ਜਿੰਨਾ ਮਿਲਿਆ ਹੈ ਇੰਨਾ ਮੈਨੂੰ ਕਿਉਂ ਮਿਲਿਆ, ਮੈਂ ਅਰਜਿਤ (ਇਕੱਠਾ) ਤਾਂ ਕੀਤਾ ਨਹੀਂ; ਮੇਰੀ ਕੋਈ ਯੋਗਤਾ ਨਹੀਂ, ਪਾਤ੍ਰਤਾ ਨਹੀਂ। ਤੂੰ ਦਿੱਤਾ ਹੈ, ਤੇਰੀ ਭੇਂਟ ਹੈ !

ਮੈਂ ਧੰਨਵਾਦੀ ਹਾਂ ! ਮੈਂ ਕ੍ਰਿਤਗ ਹਾਂ !

ਨੱਚੋ, ਬੰਨ੍ਹ ਲਓ ਪੈਰਾਂ ਵਿਚ ਘੁੰਗਰੂ, ਪੈਣ ਦਿਓ ਥਾਪ ਮ੍ਰਿਦੰਗ ਉੱਤੇ ! ਨੱਚੋ ਅਹੋਭਾਵ ਵਿਚ ਨੱਚੋ ਅਤੇ ਤਦ ਤੁਸੀਂ ਪਾਓਗੇ ਰੋਜ਼-ਰੋਜ਼, ਹੋਰ-ਹੋਰ ਭੇਂਟਾਂ ਆਉਂਣ ਲਗੀਆਂ। ਜਿੰਨਾ ਤੁਹਾਡਾ ਧੰਨਵਾਦ ਡੂੰਘਾ ਹੋਏਗਾ, ਉਨੀ ਹੀ ਪਰਮਾਤਮਾ ਦੀ ਅਨੁਕੰਪਾ (ਕਿਰਪਾ) ਉੱਤੇ ਵਰ੍ਹਨ ਲਗੇਗੀ। ਹੁਣੇ ਜੇਕਰ ਬੂੰਦਾਂ-ਬਾਂਦੀ ਹੋਈ ਹੈ ਤਾਂ ਫਿਰ ਮੂਸਲਾਧਾਰ ਬਾਰਸ਼ ਹੋਏਗੀ ਆਨੰਦ ਦੀ।

ਧਰਤੀ ਕਾ ਬਿਛੌਨਾ, ਨੀਲਾਂਬਰ ਕਾ ਓੜ੍ਹਣਾ,
ਔਰ ਚਾਹੀਏ ਕਯਾ ? ਓ ਬੈਰਾਗੀ ਮਨ !

ਸੂਰਜ ਸ਼ੀਸ਼ ਪਰ ਸੋਨਾ-ਛਤਰ-ਸਾ ਲਗੇ,
ਚੰਦ੍ਰਮਾ ਪਿਨਹਾ ਜਾਏ ਚਾਂਦੀ ਕੇ ਹਾਰ,
ਊਸ਼ਾ ਜਯੋਤਿ ਕਲਸ਼ ਧਰੇ ਅਗਵਾਨੀ ਮੇਂ,
ਸੰਧਯਾਂ ਕਰ ਜਾਏ ਤਾਰੋਂ ਸੇ ਸ਼ੰਗਾਰ
ਸੂਰਜ-ਚੰਦ੍ਰ ਕਾ ਗਹਨਾ, ਤਾਰੋਂ ਕਾ ਕੰਗਨਾ,
ਔਰ ਚਾਹੀਏ ਕਯਾ ? ਓ ਬੜਭਾਗੀ ਮਨ !

ਮਧੂ ਰਿਤੂ ਕੋਕਿਲ ਕੇ ਸੂਰ ਮੇਂ ਗੁਨ ਗਾਯੇ,
ਗ੍ਰੀਸ਼ਮ ਕੀ ਦੁਪਹਰੀ ਕਰ ਜਾਏ ਅਭਿਸਾਰ,
ਪਾਵਸ ਮੇਂ ਪਪੀਹਾ ਰਟੇ ਪਿਯਾ-ਪਿਯਾ,

ਸ਼ਰਦ ਜੁਨਹੈਯਾ ਬਰਸਾਯੇ ਮੀਠਾ ਪਯਾਰ।
ਰਿਤੂਓਂ ਕਾ ਝੂਲਨਾ, ਸਮਯ ਕਾ ਹਿੰਡੋਲਨਾ,
ਔਰ ਚਾਹੀਯੇ ਕਯਾ ? ੳ ਅਨੁਰਾਗੀ ਮਨ !
ਕੋਂਪਲੇਂ ਹਿਲਾਯੇਂ ਰੇਸ਼ਮ ਕਾ ਰਮਾਲ,
ਕਲਿਯਾਂ ਭਰ ਜਾਯੇਂ ਜੀਵਨ ਮੇਂ ਉਲਾਸ,
ਫ਼ੂਲੋਂ ਸੇ ਰੰਗ ਭਰੇ ਉਤੇ ਤਰਲ ਗੰਧ,
ਮਨ ਕੋ ਲਹਰਾਏ ਕੇਸਰ ਕਾ ਵਾਤਾਸ।
ਮਧੁਵਨ ਕਾ ਫ਼ੂਲਨਾ, ਦਿਗੰਤੋਂ ਕਾ ਮਹਕਨਾ,
ਔਰ ਚਾਹੀਯੇ ਕਯਾ ? ੳ ਮਧੁਰਾਗੀ ਮਨ !

ਰੰਗ ਬਿਰੰਗੇ ਪੰਖੋਂ ਵਾਲੀ ਚਿੜਿਯਾ,
ਕਾਨੋ ਮੇਂ ਕਹ ਜਾਯੇ ਭੇਦ-ਭਰੀ ਬਾਤ,
ਤਾਲ ਕਟੋਰੇ ਮੇਂ ਫ਼ੂਲਸੁੰਘੀ ਉਤਰੇ,
ਕਾਂਪ-ਕਾਂਪ ਜਾਯੇਂ ਜਲਕੁੰਭੀ ਕੇ ਪਾਤ
ਚਿੜਿਯੇ ਕਾ ਉੜਨਾ, ਜਲਕੁੰਭੀ ਕਾ ਕਾਂਪਨਾ,
ਔਰ ਚਾਹੀਯੇ ਕਯਾ ? ੳ ਰੇ ਬੈਰਾਗੀ ਮਨ !

ਧਰਤੀ ਕਾ ਬਿਛੋਨਾ ਨੀਲਾਂਬਰ ਕਾ ਓੜ੍ਹਨਾ,
ਔਰ ਚਾਹੀਯੇ ਕਯਾ ? ੳ ਬੈਰਾਗੀ ਮਨ !

ਬੜਭਾਗੀ ਹੋ ਤੁਮ, ਔਰ ਚਾਹੀਯੇ ਕਯਾ ?
ਸੂਰਯ-ਚੰਦ੍ਰ ਕਾ ਗਹਿਨਾ, ਤਾਰੋਂ ਕਾ ਕੰਗਨਾ,
ਔਰ ਚਾਹੀਯੇ ਕਯਾ ? ੳ ਬੜਭਾਗੀ ਮਨ !

ਇੰਨਾ ਮਿਲਿਆ ਹੈ ਪਰ ਅਹੰਕਾਰ ਦੇ ਕਾਰਣ ਵਿਖਾਈ ਨਹੀਂ ਦਿੰਦਾ, ਅਹੰਕਾਰ ਨੂੰ ਜਾਣ ਦਿਓ ਹੁਣ।

ਤੂੰ ਪੁੱਛਦਾ ਹੈਂ; ਮੈਂ ਕੀ ਕਰਾਂ ?

ਅਹੰਕਾਰ ਨੂੰ ਮਰ ਜਾਣ ਦੇ।

ਮਰੋ ਵੇ ਜੋਗੀ ਮਰੋ, ਮਰੋ ਮਰਨ ਹੈ ਮੀਠਾ ।
ਤਿਸ ਮਰਨੀ ਮਰੋ, ਜਿਸ ਮਰਣੀ ਮਰਿ ਗੋਰਖ਼ ਦੀਠਾ ॥

ਅੱਜ ਇੰਨਾ ਹੀ।